3471G

913

Original with:
Language Department Punjab
Digitized by:
Panjab Digital Library

262—3-4-61—30,000—C. P. and S. Pb. Patiala.

Accn. No. _____

Class No. _____ **Book No.** _____

Author _____

LANGUAGE DEPARTMENT LIBRARY, PUNJAB.

1. Books are issued for.....days only.
2. Books may be renewed on request at the discretion of the Librarian.
3. Dog-earing the pages of a book, marking or writing therein with ink or pencil, tearing or taking out its pages or otherwise damaging it will constitute an injury to a book.
4. *Any such injury to a book is a serious offence. Unless a borrower points out the injury at the time of borrowing the book, he shall be required to replace the book or pay its price.*

Help to keep the book fresh and clean.

Digitized with:
Language Department Punjab
Digitized by:
Panjab Digital Library

Original with:
Language Department Punjab
Digitized by:
Punjab Digital Library

262—3-4-61—30,000—C.P. and S. Pb. Patiala.

LANGUAGE DEPARTMENT
LIBRARY ACC.No._____PUNJAB.

Date Due

Date of Issue	Date of Return	Date of Issue	Date of Return

Digitized with:
Language Department Punjab
Digitized by:
Panjab Digital Library

ਸ਼੍ਰੀਮਾਨ

ਹਨੂਮਾਨਜੀ

ਦਾ

ਜੀਵਨ ਚਰਿਤ੍ਰ

ਕ੍ਰਿਤ

ਠਾਕੁਰ ਸੁਖਰਾਮ ਦਾਸ, ਰੌਹਾਨ

ਭਾਈ ਅਰੂੜ ਸਿੰਘ ਹਾਈ
ਪ੍ਰੋਫੀਸ਼ੈਂਸੀ ਪੰਜਾਬੀ
ਨੇ ਉਰਦੂ ਵਿਚੋਂ ਉਲਥਾ ਕੀਤਾ ।

ਗ੍ਰੰਥ ਕਾਰ ਪਾਸੋਂ ਇਕ ਵੇਰ ਲਈ ਆਗਯਾ
ਲੈਕੇ ਮੈਨੇਜਰ ਭਾਰਤ ਲਿਟਰੇਚਰ ਪਬਲਿਸ਼ਿੰਗ
ਤੇ ਫਿਜ਼ਿਕ ਟ੍ਰੇਡਿੰਗ ਕੰਪਨੀ ਲਿਮੇਟਿਡ ਲਾਹੌਰ ਨੇ
ਅਰੋੜਬੰਸ ਪ੍ਰੇਸ, ਲਾਹੌਰ ਵਿਚ ਲਾ० ਸਾਲਿਗਰਾਮ
ਮੈਨੇਜਰ ਦੇ ਅਧਿਕਾਰ ਨਾਲ ਛਪਾਯਾ

੧੯੧੩

LANGUAGE DEPARTMENT PUNJAB LIBRARY No. 34716 Class No.

Original with
Language Department Punjab
Digitized by:
Panjab Digital Library

3471.G

Original Uploaded by
Language Department Punjab
Digitized by
Panjab Digital Library

੧੬

ਭੂਮਿਕਾ

ਰਾਮਾਇਣ ਜਿਹੇ ਗ੍ਰੰਥ ਨੂੰ ਪੜ੍ਹਕੇ ਕੇਹੜਾ ਅਜਿਹਾ ਹਿੰਦੂ ਹੋਵੇਗਾ ਜਿਸਦਾ ਦਿਲ ਪ੍ਰਸੰਨ ਨਾ ਹੁੰਦਾ ਹੋਵੇ ਅਰ ਮਹਾਰਾਜਾ **ਰਾਮਚੰਦ੍ਰ** ਜੀ ਦੀ ਉਸਤਤੀ ਕੀਤੇ ਬਿਨਾ ਚੁਪ ਰਹਿ ਸਕਦਾ ਹੋਵੇ ਵੈਦਿਕ ਧਰਮ ਦੇ ਸੱਚੇ ਉਤਸਾਹੀ ।ਏਹੋ ਹੀ ਮਹਾਰਾਜ ਹੋਏ ਹਨ ਜਿਨਾਂ ਨੇ ਸਾਰੀ ਦੁਨੀਆਂ ਦੀਆਂ ਖ੍ਵਾਹਸ਼ਾਂ ਨੂੰ ਤਿਆਗ ਅਰ ਪਿਤਾ ਦੀ ਆਗਿਆ ਪਾਲਨ ਕਰਨ ਲਈ ਚੌਦਾਂ ੧੪ ਵਰਿਆਂ ਦਾ ਬਨੋ-ਬਾਸ ਇਖਤਿਆਰ ਕੀਤਾ ਅਰ ਬਾਪ ਦਾ ਬਚਨ ਪੂਰਾ ਕਰਕੇ ਸੰਸਾਰ ਵਿੱਚ ਜਸ ਦਾ ਟਿੱਕਾ ਲਗਾਇਆ ਪ੍ਰੰਤੂ ਜਦ ਇਸ ਸੁਰਬੀਰ ਰਾਜਾ ਦੇ ਸੈਨਾਪਤਿ ਦਾ ਹਾਲ ਪੜਨੇ ਹਾਂ ਤਾਂ ਇੱਕ ਬੜਾ ਅਸਚਰਜ ਦਾਇਕ ਦ੍ਰਿਸ਼ਯ ਦਿਖਾਈ ਦੇਂਦਾ ਹੈ ਕਿ ਕਿੱਥੇ ਅਜਿਹਾ ਬਹਾਦੁਰ ਗਿਆਨਵਾਨ ਸੁਰਬੀਰ ਮਹਾਰਾਜਾ **ਰਾਮਚੰਦ੍ਰ** ਅਰ ਕਿੱਥੇ ਇਨਾਂ ਦਾ ਸੈਨਾਪਤਿ **ਹਨੂਮਾਨ** ਜੋ ਬਾਂਦਰ ਜ਼ਾਤੀ ਦਾ ਜਾਨਿਆ ਅਰ ਮੰਨਿਆ ਗਿਆ ਹੈ ॥

ਪਿਆਰੇ ਸੱਜਨੋਂ ! ਕੀ ਇਹ ਅਸ਼ਚਰਯ ਦਾਇਕ ਦ੍ਰਿਸ਼ਯ ਨਹੀਂ ਹੈ ? ਕੀ, **ਹਨੂਮਾਨ** ਜੀ ਦੇ ਕੰਮ ਜੋ ਉਨ੍ਹਾਂ ਨੇ ਅਪਨੇ ਜੀਵਨ ਵਿੱਚ ਕੀਤੇ ਸਿੱਧ ਕਰਦੇ ਹਨ ਕਿ ਓਹ ਪਸ਼ੂ ਸਨ ? ਕਦਾਚਿਤ ਨਹੀਂ !! ਉਨ੍ਹਾਂ ਤੋਂ ਤਾਂ ਸਾਫ਼ ਮਾਲੂਮ ਹੁੰਦਾ ਹੈ ਕਿ ਓਹ ਇੱਕ ਸੁਰਬੀਰ ,ਵਿਦ੍ਵਾਨ ਅਰ ਗੁਣੀ ਪੁਰਖ ਸਨ ਨਾ ਕਿ ਬਾਂਦਰ । ਫੇਰ ਇਹ ਕਲੰਕ ਉਨ੍ਹਾਂ ਨੂੰ ਕਿਉਂ ਲਾਇਆ ਜਾਂਦਾ ਹੈ ? ਕ

Original with:
Language Department Punjab
Digitized by:
Panjab Digital Library

ਓਹ ਬਾਂਦਰ ਸਨ ! ਕਦੀ ਨਹੀਂ !! ਆਓ ਪਹਿਲਾਂ ਉਨ੍ਹਾਂ ਦੇ ਜਨਮ ਦਾ ਹਾਲ, ਜੀਵਨ ਬ੍ਰਿਤਾਂਤ ਅਰ ਸਹਾਰਾਜਾ **ਰਾਮਚੰਦ੍ਰ** ਜੀ ਦੀ ਸਮਤੀ ਮਲੂਮ ਕਰੀਏ ਕਿ ਉਨ੍ਹਾਂ ਤੋਂ ਕੀ ਮਲੂਮ ਹੁੰਦਾ ਹੈ ॥

ਪਹਿਲਾ—ਯਦਪਿ ਬਾਲਮੀਕੀ ਅਰ ਤੁਲਸੀ ਰਾਮਾਇਣ ਕਈ ਇੱਕ ਗੱਲਾਂ ਵਿੱਚ ਨਹੀਂ ਮਿਲਦੀ ਜੁਲਦੀ ਹੈ ਪੰਤੂ ਦੋਹਾਂ ਵਿੱਚ **ਹਨਮਾਨ** ਜੀ ਦੇ ਪਿਤਾ ਦਾ ਨਾਮ **ਪਵਨ** ਅਰ ਮਾਤਾ ਦਾ ਨਾਮ **ਅੰਜਨਾ** ਦਸਿਆ ਹੈ । ਅੰਜਨਾ ਦਾ ਅਪਛਰਾ ਹੋਕੇ * **ਕੇਸਰੀ** ਬਾਨਰ ਦੀ ਇਸਤ੍ਰੀ ਹੋਨਾ (ਦੇਖੋ ਤੁਲਸੀ ਕ੍ਰਿਤ ਰਾਮਾਇਣ ਸਟੀਕ ੬੫੯ ਕਿਸ਼ਕਿੰਧਾ ਕਾਂਡ ਟੀਕਾ ਮਿਸ਼ਰ ਜੁਆਲਾ ਪ੍ਰਸਾਦ ਛਾਪਾ ਬੰਬਈ) ਸਾਬਤ ਕਰਦਾ ਹੈ ਕਿ **ਕੇਸਰੀ** ਮਨੁੱਖ ਸੀ ਕਿਉਂਕਿ ਇਹ ਕੁਦਰਤੀ ਗੱਲ ਹੈ ਕਿ ਜਿਸਦੀ ਨਸਲ ਵਿਚੋਂ ਕੋਈ ਹੁੰਦਾ ਹੈ ਓਹ ਉਸੇ ਨੂੰ ਹੀ ਪਸੰਦ ਕਰਦਾ ਹੈ ਨਾਂ ਕਿ ਕਿਸੇ ਹੋਰ ਦੂਸਰੇ ਨੂੰ । ਸ਼ਬਦ ਅਪੱਛਰਾ ਤੋਂ ਜ਼ਾਹਰ ਹੁੰਦਾ ਹੈ ਕਿ ਓਹ ਇੱਕ ਅਤਿ ਸੁਸ਼ੀਲਾ ਸ੍ਰੀਦ੍ ਇਸਤ੍ਰੀ ਸੀ ਤਾਂ ਕਿਸ ਪ੍ਰਕਾਰ ਨਿਸ਼ਚਯ ਹੋ ਸਕਦਾ ਹੈ ਕਿ ਉਸਨੇ ਪਸ਼ੂ ਨੂੰ ਅਪਨਾ ਪਤਿ ਬਨਾਇਆ ਹੋਵੇ, ਅਰ ਫੇਰ ਇਸੇ ਜਗਾ **ਕਸ਼ਪ** ਰਿਖੀ ਨੇ ਭੀ ਸਾਫ਼ ਜ਼ਾਹਰ ਕਰ ਦਿੱਤਾ ਹੈ ਕਿ ਅੰਜਨਾ ਅਰ ਕੇਸਰੀ ਪੁਰਖ ਸਨ ਕਿਉਂਕਿ ਉਸਨੇ ਲਿਖਿਆ ਹੈ ਕਿ ਕੇਸਰੀ ਇਸ ਬਨ ਦਾ ਰਾਜਾ ਸੀ ਅੌਰ ਜਦ ਉਸਨੇ ਹਾਥੀ ਨੂੰ ਮਾਰ ਕੇ ਪ੍ਰਿਥਵੀ ਤੇ ਡੇਗ ਦਿੱਤਾ ਤਾਂ ਕਸ਼ਪ ਰਿਖੀ ਨੇ ਉਸਨੂੰ ਬ੍ਰਾਹਮਨ ਪਾਲਕ ਕਿਹਾ ਇਹ ਸ਼ਬਦ ਕੇਵਲ ਮਨੁੱਖ ਤੇ ਹੀ ਲਗ ਸਕਦਾ ਹੈ ਨਾਂ ਕਿ ਪਸ਼ੂਆਂ ਤੇ ਕਿਉਂਕਿ ਪਸ਼ੂ ਨੂੰ ਤਾਂ ਅਪਨੀ ਹੀ ਸਹਾਇਤਾ ਕਰਨੀ ਕਠਿਨ ਹੈ ਮਨੁੱਖ ਦੀ ਪਾਲਨਾ ਕਿਸ ਤਰਾਂ ਕਰ ਸਕਦਾ ਹੈ ? ਅੱਗੇ ਚਲਕੇ ਗ੍ਰੰਥਕਾਰ ਨੇ

---

* ਆਮ ਲੋਕਾਂ ਦੇ ਖਯਾਲ ਮੁਜਬ ਇਹ ਇਕ ਬਾਂਦਰ ਨਾਮ ਸੀ

Original with:
Language Department Punjab
Digitized by:
Panjab Digital Library

ਬਿਲਕੁਲ ਸ਼ੀਸ਼ਾ ਦਿਖਾ ਦਿੱਤਾ ਹੈ ਓਹ ਕਹਿੰਦਾ ਹੈ ਕਿ **ਹਨੂਮਾਨ** ਦੇ ਜਨਮ ਲੈਨ ਤੋਂ ਦੇਂਵੇ ਇਸਤ੍ਰੀ ਪੁਰਖ ਸੁਖ ਮੱਨ ਕੇ ਬਹਾਰ ਕਰਨ ਲੱਗੇ। ਇਹ ਸ਼ਬਦ ਇਸਤ੍ਰੀ ਪੁਰਖ ਦਾ ਸਾਡੇ ਰਹੇ ਸਹੇ ਸ਼ੰਕਾ ਨੂੰ ਭੀ ਇਸ ਪ੍ਰਕਾਰ ਸਾਫ਼ ਕਰ ਦੇਂਦਾ ਹੈ ਜਿਸ ਤਰਾਂ ਸੁਹਾਗਾ ਸੋਨੇ ਨੂੰ। **ਦੂਜੇ** ਬਾਲਮੀਕੀ ਰਾਮਾਇਣ ਦਿੱਚ ਲਿਜਯਾ ਹੈ (ਦੇਖੋ ਰਾਮਾਇਣ ਬਾਲਮੀਕੀ ਕਿਸਕੰਧਾ ਕਾਂਡ ਪੜ੍ਹਾ ੭੫ ਸਰਗ ੧੬ ਟੀਕਾ ਪ੍ਰਮੇਸ਼੍ਰੀ ਦਿਆਲ) ਕਿ ਜਦ **ਅੰਜਨਾ** ਰਿਸ਼ੀ ਦੇ ਸ਼੍ਰਾਪ ਨਾਲ ਬਾਂਦਰੀ ਹੋਗਈ ਸੀ ਤੇ ਓਸੇ ਵੇਲੇ ਹੀ ਰਿਸ਼ੀ ਨੇ ਉਸਨੂੰ ਇੱਛਿਆ ਸਰੂਪ ਧਾਰਨ ਕਰਨੇ ਦਾ ਵਰ ਭੀ ਦੇਦਿੱਤਾ ਸੀ ਇਸਤੋਂ ਵਿਦਿਤ ਹੁੰਦਾ ਹੈ ਕਿ ਅੰਜਨਾ ਨੇ ਇੱਕ ਘੜੀ ਭੀ ਬਾਂਦਰੀ ਦਾ ਸਰੂਪ ਨ ਦਹਨਦਿੱਤਾ ਹੋਵੇਗਾ ਅਰ ਉਸੇ ਵਰ ਦੀ ਸਾਮਰਥ ਨਾਲ ਝੱਟ ਪੱਟ ਇਸਤ੍ਰੀ ਬਨ ਗਈ ਹੋਵੇਗੀ ਕਿਉਂਕਿ ਕੋਈ ਪੁਰਸ਼ ਪ੍ਰਸੰਨਤਾ ਨਾਲ ਪਸ਼ੂ ਦੀ ਦੇਹੀ ਪਸਿੰਦ ਨਹੀਂ ਕਰਦਾ, ਅੱਗੇ ਚਲਕੇ ਲਿਖਿਆ ਹੈ ਕਿ **ਅੰਜਨਾ** ਹਾਰ ਸਿੰਘਾਰ ਕਰ ਸੁੰਦਰ ਬਸਤ੍ਰ ਪਹਿਨ ਪਰਬਤ ਦੀ ਚੋਟੀ ਤੇ ਬੈਠੀ ਸੀ ਅਰ ਇਥੇ ਉਸਦਾ ਪਵਨ ਦੇਵਤੇ ਨਾਲ ਮਿਲਾਪ ਹੋਇਆ ॥

ਹੁਨ ਸੋਚਨ ਦੀ ਗੱਲ ਹੈ ਕਿ ਪਸ਼ੂਆਂ ਨੂੰ ਭੀ ਹਾਰ ਸਿੰਘਾਰ ਪਾ ਸੇਜਾ ਬਿਸਤ੍ਰਿਆਂ ਆਦਿਕਾਂ ਦੀ ਲਾਲਸਾ ਹੁੰਦੀ ਹੈ ਯਾ ਨਹੀਂ ? ਉੱਤ੍ਰ ਹੋਵੇਗਾ ਕਦਾਚਿਤ ਨਹੀਂ !! ਭਲਾ ਇੱਕ ਬਾਂਦਰ ਦੀ ਇਸਤ੍ਰੀ ਅਰਥਾਤ ਬਾਂਦਰੀ ਨੂੰ ਸੁਰਮਾ, ਕੰਘੀ ਅਰ ਦਾਤਨ ਇਤਆਦਿਕ ਸੋਲਾਂ ਸਿੰਘਾਰਾਂ ਦੀ ਕੀ ਸਮਝ ਹੋ ਸਕਦੀ ਹੈ ।

ਤੀਜਾ—ਜੇਕਰ ਇਹ ਕਿਹਾ ਜਾਵੇ ਕਿ **ਹਨੂਮਾਨ** ਜੀ ਇਨ੍ਹਾਂ ਦੇਵਾਂ ਰਾਮਾਸਿਆ ਮੁਜਬ ਪਵਨ ਦੇਵਤਾ ਦੇ ਵੀਰਜ ਤੋਂ ਉਤਪੰਨ ਹੋਏ ਹਨ **ਕੇਸਰੀ** ਦੇ ਵੀਰਜ ਤੋਂ ਨਹੀਂ ਤਾਂ ਅਸੀਂ ਬੜੀ ਖੁਸ਼ੀ ਨਾਲ ਮੰਨ ਲਾਂਗੇ ਕਿਉਂਕਿ ਪੁਰਾਨਾਂ ਦੇ ਮਤ ਅਨੁਸਾਰ **ਪਵਨ** ਨੂੰ ਦੇਵਤ

Original with:
Language Department Punjab
Digitized by:
Panjab Digital Library

ਮੰਨਿਆ ਗਿਆ ਹੈ ਤਾਂ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਉਨ੍ਹਾਂ ਦੇ ਵੀਰਜ ਤੋਂ ਪਸ਼ੂ ਪੈਦਾ ਹੋਇਆ ਹੋਵੇ ? ਇਸੇ ਪ੍ਰਕਾਰ ਸ਼ਿਵਪੁਰਾਨ ਵਿੱਚ **ਹਨੂਮਾਨ** ਜੀ ਦਾ ਜਨਮ ਬ੍ਰਿੱਤਾਂਤ ਸ਼ਿਵਜੀ ਦੇ ਵੀਰਜ ਤੋਂ ਲਿਖਿਆ ਹੈ ਜਿਸ ਨੂੰ ਮੰਨਕੇ ਉਨ੍ਹਾਂ ਦਾ ਪੁਤ੍ਰ ਹੋਨਾ ਕਦੀ ਭੀ ਸਿੱਧ ਨਹੀਂ ਹੋ ਸਕਦਾ ॥

ਨੋਟ–ਮਹਾਰਾਜ ਅਗਸਤ ਰਿਸ਼ੀ ਜੀ ਮਹਾਰਾਜਾ **ਰਾਮਚੰਦ੍ਰ** ਅਤ ਲਛਮਨ ਜੀ ਦੇ ਪਾਸ ਹਨੂਮਾਨ ਜੀ ਦੀ ਸੇਭਾ ਕਰਦੇ ਹੋਏ ਕਥਨ ਕਰਦੇ ਹਨ ਕਿ **(ਹਨੂਮਾਨ)** ਬਾਲ ਅਵਸਥਾ ਤੋਂ ਹੀ ਅਜਿਹਾ ਚਤੁਰ ਅਰ ਹੁਸ਼ਿਆਰ ਸੀ ਕਿ ਇੱਕ ਥੋੜੇ ਚਿਰ ਵਿੱਚ ਹੀ ਉਨ੍ਹਾਂ ਨੇ ਬ੍ਰਹਮਾ ਪਾਸੋਂ ਵੇਦ ਸ਼ਾਸਤ੍ਰਾਂ ਨੂੰ ਪੜ੍ਹ ਲਿਆ ਇਥੋਂ ਤੀਕ ਕਿ ਉਨ੍ਹਾਂ ਦੀ ਤੀਖਣ ਬੁਧਿ ਨੂੰ ਦੇਖਕੇ ਬ੍ਰਹਮਾ (ਉਸਤਾਦ) ਭੀ ਚਕਿਤ ਹੋਗਿਆ ਅਗਸਤ ਮੁਨੀ ਜੀ ਦੇ ਇਸ ਬਚਨ ਨੂੰ ਸੁਨਕੇ **ਸ੍ਰੀਰਾਮਚੰਦ੍ਰ** ਅਰ ਲਛਮਨ ਆਦਿਕ ਬਿਸਮਿਤ ਹੋਗਏ ਕਿ ਅਸੀਂ ਲੋਕ ਭੀ ਹਨੂਮਾਨ ਜੀ ਦੇ ਅੱਗੇ ਤੁਛ ਹਾਂ । (ਦੇਖੋ ਉੱਤ੍ਰ ਕਾਂਡ ਪਤ੍ਰ ੩੯ ਸਰਗ ੪੦)

ਪਯਾਰੇ ਪਾਠਕ ! ਧਿਆਨ ਕਰਕੇ ਸੋਚੋ ਕਿ ਅਜਿਹੇ ਮਹਾਤਮਾ ਰਿਸ਼ੀਆਂ ਮੁਨੀਆਂ ਦੇ ਬਚਨਾਂ ਨੂੰ ਝੂਠਾ ਜਾਨਕੇ ਹਨੂਮਾਨ ਨੂੰ ਪਸ਼ੂ ਮੰਨ ਸਕਨੇ ਹਾਂ ? ਨਹੀਂ ! ਕਦਾਚਿਤ ਨਹੀਂ!!! ਇਹ ਸਾਡੀ ਹੀ ਭੁਲ ਹੈ

ਪੰਜਵੀਂ–ਮਹਾਰਾਜ **ਰਾਮਚੰਦ੍ਰ** ਜੀਨੇ ਸਾਫ ਤਰ੍ਹਾਂ ਦੱਸ ਦਿੱਤਾ ਹੈ ਕਿ **ਹਨੂਮਾਨ** ਜੀ ਰਿਗਵੇਦ, ਯਜੁਰਵੇਦ ਅਰ ਸਾਮਵੇਦ ਇਤ੍ਯਾਦਿਕਾਂ ਦੇ ਜਾਨਨ ਵਾਲੇ ਸਨ ਅਰ ਵ੍ਯਾਕਰਣ ਭੀ ਅੱਛੀ ਪ੍ਰਕਾਰ ਜਾਨਦੇ ਸਨ (ਦੇਖੋ ਉਤਰ ਬਾਲਮੀਕੀ ਰਾਮਾਇਣ ਸਰ ਪ ਕਿਸਕਿੰਧਾ ਕਾਂਡ ਮੁਨ੍ਯਸਮਾ ਪ੍ਰਭੂ ਦਿਆਲ) ਔਰ ਇਹ ਭੀ ਦਸਿਆ ਹੈ ਕਿ ਹਨੂਮਾਨ ਜੀ **ਰਾਵਨ** ਅਰ **ਬਾਲੀ** ਤੋਂ ਅਧਿਕ ਬਲਵਾਨ ਅਰ **ਵਰੁਣ**

Original with:
Language Department Punjab
Digitized by:
Panjab Digital Library

ਤੋਂ ਜ਼ਿਆਦਾ ਸੂਰਮੇ, ਜਮਰਾਜ ਅਰ ਵਿਸ਼ਨੂ ਦੇ ਬਹੁਤ ਹੀ ਵਧੀਕ ਬਹਾਦੁਰ ਸਨ ਜੋ ਨਿਸ਼ਾਨੀਆਂ ਪੰਡਿਤਾਂ ਬ੍ਰੱਧਮਾਨਾਂ ਅਤ ਵਿਦ੍ਵਾਨ ਦੀਆਂ ਸ਼ਾਸਤ੍ਰਾਂ ਵਿੱਚ ਲਿਖਿਆਂ ਹਨ **ਰਾਮਚੰਦ੍ਰ** ਜੀ ਨੇ ਓਹ ਸਭ ਹਨੁਮਾਨ ਵਿੱਚ ਦਸੀਆਂ ਹਨ ਤਾਂ ਬੜੇ ਸ਼ੋਕ ਦੀ ਗੱਲ ਹੈ ਕਿ ਮਹਾਰਾਜ **ਰਾਮਚੰਦ੍ਰ** ਜੀ ਦੇ ਕਥਨ ਤੇ ਨਾਂ ਇਤਬਾਰ ਕਰਕੇ ਹਨੁਮਾਨ ਜੀ ਨੂੰ ਬਾਂਦਰ ਮੰਨਿਆ ਜਾਵੇ। ਸਾਰੀਆਂ ਗੱਲਾਂ ਨੂੰ ਛਡ ਕੇਵਲ ਇਸੇ ਗੱਲ ਨੂੰ ਮੰਨ ਲਿਆ ਜਾਏ ਤਾਂ ਆਪ ਮੰਨ ਲੌਗੇ ਕਿ ਪਸ਼ੂ ਵਿੱਚ ਹੇਰ ਸਭ ਗੱਲਾਂ ਤੋ ਸਰਨ ਭਾਂ ਹੋ ਸਕਨ ਪ੍ਰੰਤੂ ਵੇਦ ਸ਼ਾਸਤ੍ਰਾਂ ਦਾ ਪੜ੍ਹਨਾਂ ਕਠਿਨ ਹੈ ਅਰ ਕੋਈ ਭੀ ਇਸ ਗੱਲ ਨੂੰ ਨਹੀਂ ਮੰਨੇਗਾ ਕਿ ਪਸ਼ੂ ਭੀ ਇਸ ਵਿਦਿਆ ਨੂੰ ਹਾਸਲ ਕਰ ਸਕਦਾ ਹੈ ਇਸਥੋਂ ਸਾਫ਼ ਮਲੂਮ ਹੁੰਦਾ ਹੈ ਕਿ ਹਨੁਮਾਨ ਜੀ ਪੁਰਖ਼ ਸਨ ਨਾਂ ਕਿ ਬਾਂਦਰ। ਇਸ ਕਰਕੇ ਕਿ ਸਾਡੇ ਬਹਾਦੁਰ ਜਨਰੈਲ **ਹਨੁਮਾਨ** ਜੀ ਦਾ ਸੁਗ੍ਰੀਵ ਨਾਲ ਭੀ ਸੰਬੰਧ ਹੈ ਅਰ ਇਨ੍ਹਾਂ ਨੂੰ ਭੀ ਬਾਂਦਰ ਜਾਨਿਆ ਗਿਆ ਹੈ ਸੋ ਅੱਛੀ ਗੱਲ ਭਾਂ ਇਹੋ ਹੈ ਕਿ ਇਨ੍ਹਾਂ ਦੇ ਹਾਲ ਦੀ ਭੀ ਖੋਜਨਾ ਕੀਤੀ ਜਾਏ ਕਿ ਸਚਮੁਚ ਓਹ ਭੀ ਪਸ਼ੂ ਹੀ ਸਨ ਯਾ ਇਕ ਮਨੁੱਖ ? ਇਸ ਸ਼ੰਕਾ ਨੂੰ ਨਿਵਰਤ ਕਰਨ ਲਈ ਰਾਮਾਇਨ ਤੋਂ ਵਧਕੇ ਹੋਰ ਕੋਈ ਭਰੋਸਾ ਦਾਇਕ ਰੱਥ ਨਹੀਂ ਹੋ ਸਕਦਾ ਜੇ ਕਰ **ਹਨੁਮਾਨ** ਜੀ ਦੇ ਜਨਮ ਦੀ ਨਿਆਈਂ ਬਾਲੀ ਅਰ **ਸੁਗ੍ਰੀਵ** ਦੇ ਜਨਮ ਦਾ ਭੀ ਹਾਲ ਅਨੋਖਾ ਜਿਹਾ ਦਿਖਾਈ ਦੇਂਦਾ ਹੈ ਜੋ ਕੁਦਰਤੀ ਕਾਨੂਨ ਦੇ ਵਿਰੁਧ ਹੈ ਅਰ ਪਤਾ ਨਹੀਂ ਕਿ ਕ੍ਰਿਥਕਾਰ ਨੇ ਕਿਸ ਤਰੰਗ ਵਿੱਚ ਆਨਕੇ ਅਜਿਹਾ ਲਿਖਿਆ ਹੈ ਅੱਛਾ ! ਭਾਵੇਂ ਕੁਝ ਭੀ ਹੋਵੇ ਪਰ ਇਹ ਦੋਵੇਂ ਦੇਵਤਾ ਦੇ ਵੀਰਜ ਤੋਂ ਉਤਪੰਨ ਹੋਏ ਹਨ (ਦੇਖੋ ਰਾਮਾਇਣ ਬਾਲਮੀਕੀ ਉਤ੍ਰ-ਕਾਂਡ ਸਫ਼ਾ ੬੮) ਇਸ ਲਈ ਕੋਈ ਕਾਰਣ ਨਹੀਂ ਕਿ ਇਨ੍ਹਾਂ ਨੂੰ ਬਾਂਦਰ ਮੰਨਿਆ ਜਾਵੇ ਅਰ ਇਸ ਗੱਲ ਦੀ ਸ਼ੰਕਾ ਨਿਵਰਤ ਕਰਨ ਲਈ ਅਗੇ ਲਿਖੇ ਹੋਏ ਨੋਟਾਂ ਨੂੰ ਧਿਆਨ ਲਾਕੇ ਪੜ੍ਹੋ ॥

Original with:
Language Department Punjab
Digitized by:
Panjab Digital Library

(੧)–ਜਦ ਰਾਵਨ ਬਾਲੀ ਨ ਲ ਯੁੱਧ ਕਰਨ ਆਇਆ ਤਾਂ ਉਸ ਵੇਲੇ ਬਾਲੀ ਸੰਧਯਾ ਕਰ ਰਿਹਾ ਸੀ (ਦੇਖੋ ਬਾਲਮੀਕੀ ਰਾਮਾਇਣ ਉਤ੍ਰਾ ਕਾਂਡ ਪਤ੍ਰਾ ੩੫) ਕੀ ! ਇੱਕ ਪਸ਼ੂ ਨੂੰ ਸੰਧਿਆ ਆਦਿਕ ਕਰਨ ਦਾ ਗਿਆਨ ਹੋ ਸਕਦਾ ਹੈ । ਕਦਾਪੀ ਓਹੀਂ !!

(੨)–(ਦੇਖੋ ਬਾਲਮੀਕੀ ਰਾਮਾਇਣ ਕਿਸਕੰਧਾ ਕਾਂਡ ਪਤ੍ਰਾ ੨੪ ਸਰਗ ੧੭) ਜਦ ਰਾਮਚੰਦ੍ਰ ਜੀ ਨੇ ਬਾਲੀ ਨੂੰ ਤੀਰ ਮਾਰਿਆ, ਤਾਂ ਉਸਨੇ ਆਪਨੇ ਮਾਰੇ ਜਾਨੇ ਦਾ ਕਾਰਣ ਪੁਛਿਆ ਜਿਸਦਾ ਉਨ੍ਹਾਂ ਨੇ ਜੁਆਬ ਦਿੱਤਾ ਕਿ ਤੂੰ ਸੁਗ੍ਰੀਵ ਦੀ ਇਸਤ੍ਰੀ ਗ੍ਰਹਣ ਕੀਤੀ ਹੈ ਜੋ ਧਰਮ ਸ਼ਾਸਤ੍ਰ ਤੇ ਵਿਰਧ ਹੈ ਇਸੇ ਲਈ ਤੇਰੇ ਮਾਰਨੇ ਦਾ ਕੋਈ ਦੋਸ਼ ਨਹੀਂ (ਦੇਖੋ ਬਾਲਮੀਕੀ ਰਾਮਾਇਣ ਕਿਸਕੰਧਾ ਕਾਂਡ ਪਤ੍ਰਾ ੨੫) ਪਾਠਕ ਗਣ! ਪਸ਼ੂਆਂ ਨੂੰ ਇਹ ਸਮਝ ਕਿਥੇ ? ਇਨ੍ਹਾਂ ਵਿੱਚ ਤਾਂ ਇਸਤ੍ਰੀ ਪੁਰਸ਼ ਦਾ ਕੋਈ ਸੰਬੰਧ ਅਤੇ ਭੇਦ ਨਹੀਂ ਹੁੰਦਾ ਅਰ ਧਰਮ ਸ਼ਾਸਤ੍ਰ ਦਾ ਭਨ ਕੇਵਲ ਮਨੁੱਖਾਂ ਲਈ ਹੈ ਨਾਂ ਕਿ ਪਸ਼ੂਆਂ ਲਈ ਜੇਕਰ ਇਹ ਮਨੁੱਖ ਦੀ ਔਲਾਦ ਨਾ ਹੁੰਦੇ ਤਾਂ ਮਹਾਰਾਜਾ **ਰਾਮਚੰਦ੍** ਜੀ ਨੇ ਪਸ਼ੂ ਜਾਨਕੇ ਏਹਨਾਂ ਨੂੰ ਕਿੰਉ ਮਾਰਨਾ ਸੀ ਅਤੇ ਜੇ ਕਰ ਪਸ਼ੂ ਜਾਨਕੇ ਮਾਰਿਆ ਸੀ ਤਾਂ ਅਜ ਸੰਸਾਰ ਦੇ ਸਾਰੇ ਪਸ਼ੂ ਮਾਰੇ ਜਾਨ ਦੇ ਯੋਗ ਹਨ ਜੋ ਮਾਂ, ਭੈਨ ਯਾ ਲੜਕੀ ਨੂੰ ਗ੍ਰਹਣ ਕਰ ਲੈਂਦੇ ਹਨ ॥

(੩) ਜਦ ਬਾਲੀ ਰਾਮਚੰਦ੍ਰ ਦੇ ਹੱਥੋਂ ਮਾਰਿਆ ਗਿਆ ਤਾਂ ਅੰਗਦ ਨੇ ਸ਼ਾਸਤ੍ਰ ਮ੍ਰਿਯਾਦਾ ਨਾਲ ਓਸਦਾ ਸੰਸਕਾਰ ਕੀਤਾ (ਦੇਖੋ ਬਾਲੀਮੀਕੀ ਰਾਮਾਇਣ ਕਿਸਕੰਧਾ ਕਾਂਡ ਪਤ੍ਰਾ ੨੭)॥

ਪਾਠਕ ਗਣ ! ਕੀ ਅਜੇ ਭੀ ਬਾਲੀ ਅਰ ਸੁਗ੍ਰੀਵ ਨੂੰ ਬਾਂਦਰ ਸਮਝਦੇ ਹੋ ਜੇਕਰ ਇਹੋ ਹੀ ਗੱਲ ਹੈ ਤਾਂ ਅੱਜ ਕੱਲ ਕਿਸੇ ਬਾਂਦਰ ਯਾ ਪਸ਼ੂ ਦੀ ਕ੍ਰਿਆ ਕਰਮ ਆਦਿਕ ਹੁੰਦੇ ਦਿਖਾਓ , ਇਸਦਾ ਹੋਨਾ ਤਾਂ ਕਠਿਨ ਹੈ ਕਿਸੇ ਪਸ਼ੂ ਨੂੰ ਅਪਨੇ ਸੰਬੰਧੀ ਦਾ ਮੁਰਦਾ ਸਾੜਦਿਆਂ ਯਾ ਦਬਦਿਆਂ ਭੀ ਦਿਖਾ ਦੇਨਾ ਕਾਫ਼ੀ ਹੈ ਪਰ ਨਹੀਂ ਇਨ੍ਹਾਂ ਵਿਚਾਰਿਆਂ ਨੂੰ ਏਨੀ ਸਮਝ ਕਿੱਥੇ ? ਜਿੱਥੇ ਕੋਈ ਮਰਯਾ ਓਥੇਹੀ ਪਿਆ ਸੜਦਾ ਗਲਦਾ ਰਿਹਾ ਕਿਸਦਾ ਸੜਨਾ ਅਰ ਕਿਸਦਾ ਦਬਨਾ ?ਅਰ ਕ੍ਰਿਆ

Original with:
Language Department Punjab
Digitized by:
Panjab Digital Library

ਕਰਮ ਆਦਿਕ ਦਾ ਭਾਂ ਨਾਂ ਹੀ ਨਾ ਲਓ ॥

(੪)-ਜਦ ਰਾਮਚੰਦ੍ਰ ਜੀ ਨੇ ਲੰਕਾ ਤੇ ਚੜਾਈ ਕੀਤੀ ਤਾਂ ਪਹਿਲਾਂ **ਅੰਗਦ** ਨੂੰ ਜੋ **ਬਾਲੀ** ਦਾ ਪੁਤ੍ਰ ਸੀ ਸਿਆਣਾ ਜਾਨ ਕੇ ਰਾਵਨ ਕੋਲ ਭੇਜਿਆ ਸੀ ਕਿ ਉਸਨੂੰ ਸਮਝਾਕੇ ਸੁਲਾਹ ਕਰਾਦੇ ਅਰ ਯੁਧ ਤੀਕ ਗਲ ਨਾਂ ਪੁਹੁਚੇ ਹੁਨ ਸੋਚਨਾ ਚਾਹੀਦਾ ਹੈ ਕਿ ਕਿੱਥੇ ਇੱਕ ਪਸ਼ੂ ਜੋ ਬੋਲਨ ਦੀ ਭੀ ਸਮਰਥ ਨਹੀਂ ਰਖਦਾ ਤੇ ਕਿੱਥੇ ਇਕ ਅਜੇਹਾ ਨਾਜ਼ਕ ਕਮ ? ਅਕਲ ਦੱਕਰ ਖਾਂਦੀ ਹੈ ਕਿ ਕਿਸ ਪ੍ਰਕਾਰ ਅੰਗਦ ਨੂੰ ਪਸ਼ੂ ਮੰਨਿਆ ਜਾਵੇ ਜਦ ਕਿ ਵਰਤਮਾਨ ਸਮੇਂ ਵਿੱਚ ਜਿਸ ਕੰਮ ਲਈ ਅਛੇ ਤੋਂ ਅੱਛੇ ਤਜਰਬਾਕਾਰ ਪੁਰਸ ਦੀ ਢੂੰਢ ਕੀਤੀ ਜਾਂਦੀ ਹੈ **ਰਾਮਚੰਦ੍ਰ** ਜੀ ਨੇ ਇੱਕ ਪਸ਼ੂ ਨੂੰ ਭੇਜਿਆ ਹੋਵੇ ॥

(੫)-ਜਦ ਰਾਮਚੰਦ੍ਰ ਜੀ ਲੰਕਾਂ ਨੂੰ ਜਿਤ ਕਰਕੇ ਅਜੁਧਿਆ ਵਿੱਚ ਆਏ ਤਾਂ ਆਮ ਦਰਬਾਰ ਕੀਤਾ ਇਸ ਵੇਲੇ ਹਰ ਜਗਾਂ ਦੇ ਰਾਜੇ ਅਰ ਬੜੇ ੨ ਪੰਡਿਤ ਅਰ **ਹਨੂਮਾਨ, ਭਭੀਖਣ, ਜਾਮਵੰਤ, ਅੰਗਦ** ਆਦਿਕ ਉਸ ਸਭਾ ਵਿੱਚ ਬੈਠੇ ਹੋਏ ਸਨ ਅਰ ਧਰਮ ਚਰਚਾ ਹੁੰਦਾ ਰਿਹਾ (ਦੇਖੋ ਬਾਲਮੀਕੀ ਰਾਮਾਇਣ ਉਤ੍ਰਕਾਂਡ ਪਤ੍ਰਾ ੨੯ ਸਰਗ ੪)

ਪਾਠਕ ਗਣ। ਇਸਦਾ ਫ਼ੈਸਲਾ ਤਾਂ ਆਪਦੇ ਹੀ ਜ਼ਿੱਮੇ ਹੈ ਜੋਕਰ ਕਦੀ ਆਪਨੇ ਅਪਨੀਆਂ ਮਹਿਫਲਾਂ, ਦਿਵਾਨਾ ਅਰ ਸਭਾਂ ਵਿੱਚ ਯਾ ਧਰਮ ਚਰਚਾ ਦੇ ਜਲਸਿਆਂ ਵਿੱਚ ਪਸ਼ੂਆਂ ਨੂੰ ਬਿਠਾਇਆ ਹੈ ਤਾਂ ਇਹ ਭੀ ਹੋਇਆ ਹੋਵੇਗਾ, ਨਹੀਂ ਤਾਂ ਇਹ ਕਦ ਹੋ ਸਕਦਾ ਹੈ ਕਿ ਮਹਾਰਾਜਾ **ਰਾਮਚੰਦ੍ਰ** ਜੀ ਦਾ ਦਰਬਾਰ ਅਤ ਪਸ਼ੂ ਮੁਸਾਹਿਬ। ਅਕਲ ਭੀ ਕਦੇ ਕਹ ਸਕਦੀ ਹੈ ਅਰ ਨਾ ਹੀ ਅਜਿਹਾ ਹੋਆ ਹੋਵੇਗਾ ॥

(੬)-ਜਿਸ ਵੇਲੇ ਮਹਾਰਾਜਾ ਰਾਮਚੰਦ੍ਰ ਲੰਕਾ ਜਿਤ ਕਰਕੇ ਅਜੁਧਿਆ ਆਏ ਤਾਂ **ਹਨੂਮਾਨ, ਸੁਗ੍ਰੀਵ** ਆਦਿਕ ਦੀ

Original with:
Language Department Punjab
Digitized by:
Panjab Digital Library

ਵਡਿਆਈ ਮਾਨ ਕਰਕੇ ਰਾਮਚੰਦ੍ਰ ਜੀ ਭਰਤ ਨੂੰ ਕਹਨ ਲੱਗੇ ਇਹ ਲੋਗ ਬੜੇ ਧਾਰਮਿਕ ਅਰ ਸਾਡੇ ਭਗਤ ਹਨ ਇਨਾਂਨੂੰ ਰਾਜ ਮਹਿਲਾਂ ਦੀ ਸੈਲ ਕਰਾਓ ਜਿਸ ਤੋਂ ਸਾਡੇ ਗ੍ਰਹ ਪਵਿਤ੍ਰ ਹੋ ਜਾਨ ਤਦ ਭਰਤ ਜੀ ਨੇ ਇਸੇ ਪ੍ਰਕਾਰ ਹੀ ਕੀਤਾ ਇਸਦੇ ਪਿਛੋਂ ਓਹ ਮਹਿਲ ਜਿਸਦੇ ਅੱਗੇ ਇਕ ਬੜਾ ਸੁੰਦ੍ਰ ਅਭਿਮਨੋਹਰ ਬਾਗ ਸੀ **ਸੁਗ੍ਰੀਵ** ਦੇ ਰਹਿਨ ਨੂੰ ਦਿੱਤਾ ਅਰ ਹਨੁਮਾਨ ਨੂੰ ਖਾਸ ਰਾਜ ਮਹਲ ਵਿੱਚ ਅਪਨੇ ਕੋਲ ਰਹਨ ਦਾ ਹੁਕਮ ਦਿੱਤਾ (ਦਖੋ ਲੰਕਾ ਕਾਂਡ ਸਫਾ ੧੪੯ ਸਰਗ ੧੩੦) ॥

ਕਿਉਂ ਮਿਤ੍ਰਾਣ ! ਆਪ ਹੀ ਬਤਾ ਇਨਸਾਫ ਨਾਲ ਕਵੋ ਕਿ ਆਪਨੇ ਕਦੀ ਪਸ਼ੁਆ ਦੀ ਵਡਿਆਈ ਵਿੱਚ ਇਹ ਸ਼ਬਦ ਕਹੇ ਹੋਨ ਯਾ ਕਦੀ ਕਿਸੇ ਨੇ ਕਿਹਾ ਹੋਵੇ ਕਿ ਓਹ ਜਨਵਰ ਬੜਾ ਧਾਰਮਿਕ ਅਰ ਬੜਾ ਭਗਤ ਹੈ ਅਰ ਉਸਦੇ ਚਰਣ ਪਾਨ ਨਾਲ ਸਾਡੇ ਘਰ ਸ਼ੁਧ ਹੋ ਜਾਨਗੇ ਸ਼ੇਖ ! ਅਸੀ ਕੁਝ ਨਹੀ ਸੋਚਦੇ ਅਰ ਅਜਿਹੇ ਸ਼ੁਦਬੋਦਾਂ ਨੂੰ ਪਸ਼ੂ ਖਿਆਲ ਕਰਨੇ ਹਾਂ ॥

( )–ਜਦ ਰਾਮਚੰਦ੍ਰ ਜੀ ਨੂੰ ਰਾਜ ਤਿਲਕ ਹੋਗਿਆ ਤਾਂ ਸਾਰਿਆਂ ਬਾਨਰਾਂ ਨੂੰ ਅਪਨੇ ਨਵੇਂ ਘਰ ਨੂੰ ਤੋਰ ਦਿੱਤਾ ਅਰ ਹਰ ਇਕ ਨੂੰ ਦਾਜੇ ਬ ਦਾਜੇ ਖਿਲਤ ਅਤੇ ਇਨਾਮ ਬਖਸ਼ੇ, ਸੋਹਨੇ ੨ ਕਪੜੇ ਗਹਿਨੇ ਅਰ ਜਵਾਹਰਾਤਾਂ ਇਨਾਮ ਦਿੱਤਾਮਾਂ **ਸੀਤਾ** ਜੀ ਨੇ ਅਪਨੇ ਗਲ ਦੀ ਮਾਲਾ ਲਾਹਕੇ **ਹਨੁਮਾਨ** ਨੂੰ ਦਿੱਤੀ (ਦੇਖੋ ਲੰਕਾ ਕਾਂਡ ਸਫਾ ੧੪੬ ਸਃ ੨੯)

ਮੈਂ-ਨਿਮਾ ਕਿ ਓਹ ਬਾਂਦਰ ਸਨ ਪਰ ਉਨ੍ਹਾਂ ਨੂੰ ਗਹਿਨੇ ਕਪੜੇ ਆਦਿਕਾਂ ਨਾਲ ਕੀ ਕੰਮ ? ਵੈਲੜ ਜੁਆਹਰਾਤ ਦੀ ਕੀ ਸਾਰ ! ਜੇਕਰ ਏ ਭਾਂ ਅੱਜ ਕੱਲ ਭੀ ਲੱਖਾਂ ਬਾਂਦਰ ਹਨ ਕਿਸੇ ਇੱਕ ਨੂੰ ਭੀ ਗਹਿਨਾ ਯਾ ਕਪੜਾ ਪਾਂਦੇ ਹੋਏ ਅਰ ਵੈਲੜ ਹੀਰੇ ਪੰਨੇ ਰਖਦੇ ਹੋਏ ਦਿਖਾ ਦਿਓ ! ਪਿਆਰੇ ਪਾਠਕ ਗਣ ! ਇਹ ਸਾਡੀ ਸਮਝ ਦੀ ਭੁਲ ਹੈ ਅਸਲ ਵਿੱਚ ਓਹ ਬਾਨਰ ਸਨ ਨਾਂ ਬਾਂਦਰ। ਜੋ ਇੱਕ ਜੰਗਲੀ ਕੌਮ

Original with:
Language Department Punjab
Digitized by:
Panjab Digital Library

ਸੀ ਅਰ ਉਨ੍ਹਾਂ ਦਿਨਾਂ ਵਿੱਚ ਮਹਾਰਾਜਾ **ਰਾਮਚੰਦ੍ਰ** ਜੀ ਦੇ ਨਾਲ ਸੰਗ ਵਿੱਚ ਸ਼ਾਮਲ ਸੀ ਕੇਵਲ ਏਹ ਇਸ ਦੇ ਉਲਟੇ ਅਰਥ ਲੀਤੇ ਗਏ ਹਨ ਇਸ ਲਈ ਅੱਗੇ ਚਲ ਕੇ ਆਪ ਦੇ ਅੱਛੀ ਤਰਹ ਸਮਝਾਨੇ ਲਈ ਉਸਦਾ ਭਾਵ ਅਰਥ ਕੀਤਾ ਜਾਂਦਾ ਹੈ (ਦੇਖੋ ਟਾਡਸ ਰਾਜਸਤਾਨ ਪ੍ਰਤਾ ੬੦੫) ॥

ਭਾਵ ਅਰਥ

ਜਦ ਅਸੀ ਰਾਮਾਇਣ ਨੂੰ ਪੜ੍ਹਦੇ ਹਾਂ ਤਾਂ ਵਿਚਾਰ ਕਰਨੇ ਹਾਂ ਕਿ ਵਿਦ੍ਵਾਨ ਕਵਿ ਬਾਲਮੀਕ ਜੀ ਨੇ ਹਨੂਮਾਨ ਆਦਿਕ ਨੂੰ ਬਾਨਰ ਕਿਉਂਕਿਹਾ ? ਕੀ ਇਨਾਂਨੇ ਏਨਾਂ ਸਭਨਾਂਨੂੰ ਪਸ਼ੂ ਮਨਿਆਹੈ ? ਕਦਾਚਿਤ ਨਹੀਂ ! ਪਿਆਰੇ ਸਜਨੋਂ ਰਾਮਾਇਣ ਤੋਂ ਤਾਂ ਸਾਫ ਮਲੂਮ ਹੁੰਦਾਹੈ ਕਿ ਬਾਲਮੀਕ ਜੀ ਨੇ ਉਨਾਂਨੂੰ ਪਸ਼ੂ ਨਿਹੀਂ ਮਨਿਆ ਅਤੇ ਜੇ ਕਰ ਓਹ ਪਸ਼ੂ ਮਨਦੇ ਤਾਂ ਸਾਨੂੰ ਇਹ ਵੇਲਾ ਕਦੀਨਾ ਮਿਲਦਾਕਿਅਸੀ ਉਨਾਂ ਦੇ ਕਥਨ ਤੋਂ ਹੀ ਮਨੁਖ ਸਿਧ ਕਰਦੇ,ਮਲੂਮ ਹੁੰਦਾ ਹੈ ਕਿਮਾਮਲਾ ਕੁਝਹੋਰ ਹੈ ਹੀਸੰਸਕ੍ਰਿਤ ਦੇਕੋਸ਼ ਵਿੱਚਉਸਨੂੰ ਬਾਨਰ ਲਿਖਿਆਹੈ ਜੋ ਬਨ ਵਿੱਚ ਰਹੇ ਇਹ ਲੋਕ ਕਿਸ ਸਮੇਂ ਜੰਗਲਾਂ ਵਿੱਚ ਰਹਿੰਦੇ ਸਨ ਅਤੇ ਭੀਲ ਅਰ ਗੋਂਡਾਂ ਦੀ ਤਰਾਂ ਸਨ ਦੇਖੋ ਪਿਕਚਰ ਆਫ਼ ਇੰਡੀਆ ਕ੍ਰਿਤ ਮਿਸਟ੍ ਆਰ ਕਸਟ ਪੜ੍ਹਾ ੧੬੮ ਤੇ ੨੮੧) ਅਰ ਵਿਚਘਾਰ ਕਾਵੇਰੀ ਨਦੀ ਅਰ ਰਾਮ ਨਾਥ ਦੇ ਯਾ ਹਿੰਦਸੁਤਾਨ ਦੇ ਓਨਾਂ ਪਹਾੜਾਂ ਵਿੱਚ ਜੋ ਨਾਸਕ ਤੋਂ ਬੰਬਈ ਦੀ ਵਲ ਜਾਂਦੇ ਹੋਏ ਸਤਾਰੇ ਦੀ ਹਦ ਤੋਂ ਲੰਘ ਕੇ ਜੋ ਦਖੱਨ ਦੀ ਵਲ ਚਲੇ ਗਏ ਹਨ ਵਸਦੇ ਸਨ ਅਰ ਬਾਨਰ ਦੇ ਖਿਤਾਬ ਤੋਂ ਮਸ਼ਹੂਰ ਸਨਕਿਉਂਕਿ ਉਸ ਸਮੇਂ ਵਿੱਚ ਇਹ ਆਮ ਮਸ਼ਹੂਰ ਸੀ ਜਿਸ ਤਰਾਂ ਕਿ ਸ਼ਬਦ ਪਠਾਨ ਨੂੰ ਲਓ ਵਰਤਮਾਨ ਕਾਲ ਵਿੱਚ ਜੇਕਰ ਕਿਸੇ ਦੇ ਮੂੰਹੋਂ ਪਠਾਨ ਨਿਕਲ ਜਾਵੇ ਤਾਂ ਅਸੀ ਝਟਪਟ ਸਮਝ ਜਾਵਾਂਗੇ ਕਿ ਕੋਈ ਅਫ਼ਗਾਨਸਤਾਨ ਦਾ ਵਸਨੀਕ ਹੈ ਇਸਦੀ ਟੀਕਾ ਕਰਨ ਦੀ ਕੋਈ ਲੋੜ ਨਹੀਂ ਇਸੇ ਤਰਾਂ ਬਾਲਮੀਕਜੀ ਨੇ ਉਸਦੀ ਟੀਕਾ ਕਰਨੀ ਅਛੀ ਨਾ ਸਮਝੀ ਦੇਖੋ ਜਦ ਸੀਤਾ ਜੀ ਨੇ ਹਨੂਮਾਨ ਤੋਂ ਪੁਛਿਆ ਕਿ ਕੌਨ ਹੈ ਤਾਂ ਉਸਨੇ ਜੁਵਾਬ ਦਿੱਤਾ ਕਿ ਮੈਂ ਜ਼ਾਤ ਦਾ ਬਾਨਰ ਹਾਂ

Original with:
Language Department Punjab
Digitized by:
Panjab Digital Library

ਸੋ ਸਾਫ ਜ਼ਾਹਰ ਕਰਦਾ ਹੈ ਕਿ ਉਸ ਸਮੇਂ ਵਿੱਚ ਇਕ ਮਸ਼ਹੂਰ ਕੌਮ ਸੀ ਅਰ ਇਹ ਪ੍ਰਸ਼ਨ ਕੇਵਲ ਪੁਰਖ ਤੇ ਕੀਤਾ ਜਾਂਦਾ ਹੈ ਨਾ ਕਿ ਪਸ਼ੂ ਏ ਕਿਉਂਕਿ ਉਸਦੀ ਸੂਰਤ ਦੇਖਨੇ ਤੋਂ ਹੀ ਸਮਝ ਸਕਨੇ ਹਾਂ ਕਿ ਫਲਾਨੀ ਤਰਾਂ ਦਾ ਪਸ਼ੂ ਹੈ (ਦੇਖੋ ਬਾਲਮੀਕੀ ਰਾਮਾਇਣ ਮੂੰਦ ਕਾਂਡ ਪੜੂ ੪ ਸਰਗ ੩੪ ਸਦ ਅਵਿਦਜਾ ਦਾ ਸਮਾ ਆਇਆ ਅਰ ਬੁਧਾਰ ਕੰਮ ਕਾਜ ਅਰ ਦੂਸਰੇ ਸ਼ਹਿਰਾਂ ਵਿੱਚ ਔਨਾਂ ਜਾਨਾ ਬੰਦ ਹੋਗਿਆ ਅਰ ਨਾਹੀ ਕੋਈ ਤਵਾਰੀਖ ਸਾਡੇ ਹਿੱਸੇ ਵਿਚ ਆਈ ਤਾਂ ਅਸਲੀ ਹਾਲ ਤੋਂ ਨਾਵਾਕਿਫ ਹੋਕੇ ਬਾਨਰ ਦੇ ਅਖੱਰਾਂ ਨੂੰ ਬਾਂਦਰ ਪ੍ਰਗਟ ਕੀਤਾ ਅਰ ਜੋ ਮਨ ਵਿਚ ਆਇਆ ਧਰ ਦਬਿਆ ਉਨਾਂ ਦੇ ਕਾਰਨਾਮਿਆਂ ਨੂੰ ਵਿਚਾਰ ਕਰਨਾ ।

ਪਹਿਲਾ ਅਧਜ਼ਾਯ ॥

ਮਹੇਂਦਰਪੁਰ

ਸਾਡੇ ਨਾਵਲ ਦਾ ਸਿਲਸਲਾ ਓਸ ਸਮਯ ਤੋਂ ਅਰੰਭ ਹੁੰਦਾ ਹੈ ਜਿਸਨੂੰ ਅਜ ਲੱਗਭੱਗ *ਅੱਠ ਲੱਖ ਵਰ੍ਹੇ ਗੁਜ਼ਰ ਚੁੱਕੇ ਹਨ, ਅਤੇ ਰਾਮਾਯਣ ਦਾ ਸਮਯ ਕਹਾਂਉਦਾ ਹੈ, ਇਸ ਸਮਯ ਛੋਟੇ ਜਹੇ ਦੇਸ਼ ਦਾ ਰਾਜਾ ਮਹੇਂਦਰਰਾਯ † ਰਾਜ ਕਰਦਾ ਸੀ ਇਸਦੀ ਰਾਜਧਾਨੀ‡ ਮਹੇਂਦਰ ਪੁਰ ਸੀ ।।

---

* ਦੇਖੋ ਦੁਨੀਆਂ ਦੀ ਤਾਰੀਖ ਦੇ ਦੂਜੇ ਹਿੱਸੇ ਦਾ ੭੪ ਪੜ੍ਹਾ ਪੰਡਿਤ ਲਖਰਾਮਜੀ ਦੀ ਬਨਾਈ ਹੋਈ ।।

† ਵੇਖੋ ਅੰਜਨਾ ਸਤੀ ਨੋਰਾਸ ਗੁਜਰਾਤੀ ਭਾਖਾ ਦੀ ।।

‡ ਇਹ ਸ਼ਹਿਰ ਹਿੰਦੁਸਤਾਨ ਦੇ ਉਸ ਦਖਨੀਭਾਗ ਵਿੱਚ ਸੀ ਜੋਹੜਾ ਬਾਨਰਦੀਪ ਦੇ ਨਾਂ ਤੇ ਪ੍ਰਸਿੱਧ ਸੀ (ਦੇਖੋ ਏਸ ਪੁਸਤਕ ਦਾ ਪਿਛਲਾ ਨਕਸ਼ਾ) ਤੁੰਗਭਦ੍ਰਾ ਅਰ ਕਾਵੇਰੀ ਨਦੀ ਦੇ ਮੱਧ ਵਿੱਚ ਵਸਦਾ ਸੀ, ਏਥੋਂ ਦੇ ਵਸਨੀਕ ਭੀਲਾਂ ਗੋਂਡਾਂ ਅਤੇ ਕੌਲਾਂ ਵਾਂਗੂ ਸਨ (ਵੇਖੋ ਪਿਚਰ ਆਫ ਇੰਡਯਨ ਲਾਈਫ ਮਿਸਟ੍ ਆਰਕਸ੍ ਸਾਹਿਬ ਦੀ ਬਨਾਈ ਹੋਈ ਦਾ ੧੬੯ ਤੇ ੧੭੦ ਸਫਾ ।।

Original with:
Language Department Punjab
Digitized by:
Panjab Digital Library

ਇਕ ਦਿਨ ਪ੍ਰਾਤਾਕਾਲ ਜਦੋਂ ਸੂਰਜ ਭਗਵਾਨ ਉਦੇ ਹੋਨ ਵਾਲਾ ਹੀ ਸੀ ਅਤੇ ਸ਼ੀਤਲ ਪਵਨ ਚਲਰਹੀ ਸੀ ਰਾਜਾ ਮਹੇਂਦ੍ਰ ਰਾਯ ਦੀ ਪੁਤ੍ਰੀ ਅੰਸਨਾ ਦੇਵੀ ਸਖੀ ਸਹੇਲੀਆਂ ਨੂੰ ਸਾਥ ਲੈ ਅਪਨੇ ਪਰਮ ਸੁੰਦਰ ਮਨੋਹਰ ਬਾਗ ਦੀ ਸੈਰ ਕਰ ਰਹੀਸੀ ਅਤੇ ਫੁੱਲਾਂਦੀ ਸੁਭਾਵਕ ਸੁੰਦਰਤਾ ਦੇਖਦੀ ਹੋਈ ਜਾਰਹੀਸੀ ਕਿ ਅਚੱਨਚੇਤ ਉਸਦੀ ਨਜ਼ਰ ਉਸ ਸੁੰਦਰ ਫੁਲਾਂਦੇ ਟੂਟੇ ਤੇ ਪਈ ਜਿਸਦੇ ਸੁਹਾਵਨੇ ਫੁਲ ਦਿਸਰਹੇ ਸਨ, ਰਾਮ ਜਾਨੇ ਇਸਦੇ ਮਨ ਵਿੱਚ ਕੀ ਆਗਿਆ ਹੈ ਕਿ ਚਿਰ ਤੋਂ ਟਿਕਟਿਕੀ ਬਾਂਧੇ ਉਸਨੂੰ ਦੇਖ ਰਹੀ ਹੈ ਅਤੇ ਹੁਨ ਕੁੱਝ ਸੋਚ ਕੇ ਬਸੰਤਮਾਲਾ ਸਹੇਲੀਨੂੰ ਆਖਨ ਲੱਗੀ ਹੈ ॥

ਅੰਸਨਾਦੇਵੀ– ਭੈਨ ! ਵੇਖ ਇਹ ਕਹੇ ਸੁੰਦਰ ਮਨੋਹਰ ਫੁਲ ਖਿਲੇ ਹੋਏ ਹਨ, ਅਤੇ ਕਈ ਕਲਿਆਂ ਉਸ ਇਸਤ੍ਰੀ ਵਾਂਗਨ ਜੋ ਅਪਨੇ ਲਾਲ ਹੋਠਾਂ ਵਿੱਚ ਮੁਸਕ੍ਰਾਉਂਦੀ ਹੋਵੇ, ਹਰਿਆਂ ਪਤ੍ਰਾਂ ਵਿਚੋਂ ਦਿਖਾਈ ਦੇਰਹਿਆਂ ਹਨ, ਜਿਨ੍ਹਾਂ ਨੂੰ ਵੇਖਕੇ ਮਨ ਭਰਨ ਵਿੱਚ ਨਹੀਂ ਆਉਂਦਾ, ਅਤੇ ਈਸ਼ੁਰ ਦੀ ਕੁਦਰਤ ਨਜ਼ਰ ਆਉਂਦੀ ਹੈ, ਪਰ ਓਨ੍ਹਾਂ ਫੁੱਲਾਂ ਨੂੰ ਭੀ ਵੇਖ ਜੋਹੜੇ ਆਛ ਵਿੱਚ ਪਏ ਹੋਏ ਗਲੇ ਸੜੇ ਦਿਸ ਰਹੇ ਹੈਨ, ਇਕ ਓਹ ਭੀ ਸਮਾਂਸੀ ਕਿ ਏਹ ਭੀ ਏਸੇ ਤਰਾਂ ਸੁੰਦਰ ਮਨੋਹਰ ਡਾਲੀ ਨਾਲ ਲਗੇ ਹੋਏ ਸਨ, ਪਰ ਹੁਨ ਤਾਂ ਓਨ੍ਹਾਂ ਨੂੰ ਵੇਖਕੇ ਸੀ ਬੁਰਾ ਹੋਸਾਂਦਾ ਹੈ, ਸਖੀ ! ਏਸੇ ਤਰ੍ਹਾਂ ਮਨੁੱਖਾਂ ਦੀ ਉਮਰ ਭੀ ਤਿੰਨਾਂ ਹਿੱਸਿਆਂ ਵਿੱਚ ਵੰਡੀ ਹੋਈਹੈ, ਅਰਥਾਤ ਬਾਲ ਅਵਸਥਾ, ਜਵਾਨੀ ਅਤੇ ਬੁਢਾਪਾ, ਪਰ ਭੈਨਜੀ, ਸਬਤੋਂ ਚੰਗੀ ਜੁਵਾਨੀ ਹੈ ਜਿਸ ਵਿੱਚ ਮਨੁਖ ਲੋਕ ਪਰਲੋਕ ਦੇ ਸਾਮਾਨ ਇੱਕਠੇ ਕਰ ਸਕਦਾ ਹੈ, ਇਸ ਵਿੱਚ ਕੁਝ ਸੰਦੇਹ ਨਹੀਂ ਕਿ ਜੁਵਾਨੀ ਦੇ ਵੇਲੇ ਦੁਨਿਆਂ ਦੇ ਧੰਦੇ ਅਤੇ ਹਿਰਸਾਂ ਬੜੀਆਂ ਵੱਧ ਜਾਂਦੀਆਂ ਹਨ, ਪਰ ਬਹਾਦੁਰ ਓਹੋ ਹੈ ਜੋ ਇਨ੍ਹਾਂ ਨੂੰ ਜਿਤ ਲੈਂਦਾ ਹੈ, ਨਹੀਂ ਤਾਂ ਪਸ਼ੂ ਅਤੇ ਮਨੁੱਖ ਵਿੱਚ ਕੀ ਭੇਦ ਹੈ ? ਮਨੁੱਖ ਨੂੰ ਚਾਹੀਦਾ ਹੈ ਕਿ ਜੁਵਾਨੀ ਦੀ ਅਵਸਥਾ ਨੂੰ ਦੁਰਲਭ ਜਾਨ ਪਰਲੋਕ ਦਾ ਖਜ਼ਾਨਾ ਤੇ ਬੁਢਾਪੇ ਦੀ ਸਮਗ੍ਰੀ ਇਕੱਠੀ ਕਰੇ ਜਿਥੋਂ ਤੀਕ ਹੋ ਸਕੇ ਨੇਕੀ ਕਰੇ। ਦੂਜੇ ਨੂੰ ਦੁਖ ਨ ਦੇ ਨਹੀਂ ਤਾਂ ਯਾਦ ਰਖੇ ਕਿ ਏਨ੍ਹਾਂ ਗਲੇ ਸੜੇ ਫੁੱਲਾਂ ਵਾਙ ਨਿਕੱਮਾਂ ਹੋ ਬੁਢਾਪੇ ਵਿੱਚ ਪਛੁਤਾਨਾ ਪਵੇਗਾ, ਦੁਖ ਸੁਖ ਨੂੰ ਸ਼ਰੀਰ ਦਾ ਭੋਗ ਜਾਨ ਜੋ

Original with:
Language Department Punjab
Digitized by:
Panjab Digital Library

ਈਸ਼ੁਰ ਉਤੇ ਭਰੋਸਾ ਰਖਦਾ ਹੈ ਓਹ ਇਸ ਸੰਸਾਰ ਵਿਚ ਖੁਸ਼ ਅਤੇ ਪ੍ਰਸੰਨ ਰਹੰਦਾ ਹੈ ॥

ਬਸੰਤਮਾਲਾ ਕੁਝ ਕਹਨਹੀ ਲੱਗੀ ਸੀ ਕਿ ਇੰਦ੍ਰਮੁਨੀ ਬੋਲਓਠੀ॥

ਇੰਦਰਮੁਨੀ-ਰਾਜਦੁਲਾਰੀ! ਤੂੰਭਾਂ ਬੜੀ ਗਜਾਨਵਾਨ ਹੈਂ? ਹਾਂ ਠੀਕ ਹੈ ਪੇਕਾਘਰ ਹੈ ਪਿਤਾਜੀਦਾ ਰਾਜ ਹੈ ਪਰ ਜਦ ਸੌਹਰੇ ਘਰ ਜਾਏਂ ਗੀ ਏਸ ਵੇਲੇ ਦੀ ਕਦਰ ਕਰੇਂਗੀ ਓਥੇ ਤਾਂ ਅਪਨੀ ਮਰਜ਼ੀ ਨਾਲ ਚਲਨਾ ਫਿਰਨਾ ਭੀ ਮੁਸ਼ਕਲ ਹੋਜਾਵੇਗਾ, ਬਾਗਾਂ ਦੀ ਸੈਲ ਤੇ ਗਜਾਨ ਦੀਆਂ ਗੱਲਾਂ ਤਦੋਂ ਯਾਦ ਆਉਨਗੀਆਂ ਜਦੋਂ ਸੱਸ ਨਿਣਾਨ ਦੀਆਂ ਬੋਲੀਆਂ ਤੇ ਝਿੜਕਾਂ ਮਿਲਨਗੀਆਂ, ਪਿਆਰੀ! ਇਸਤ੍ਰੀ ਦਾ ਵੱਡਾ ਮਾਨ ਤਾਂ ਅਪਨੇ ਸੁਆਮੀ ਉਤੇ ਹੁੰਦ ਹੈ ਸੋ ਵੇਖੀਏ ਕਿਹੋ ਜਿਹਾ ਮਿਲਦਾ ਹੈ ਸੁਖੀ ਰਖਨਵਾਲਾ ਯਾਂ ਦੁਖੀ ॥

ਅੰਜਨਾਦੇਵੀ-ਜਦ ਓਹ ਦਿਨ ਆਵੇਗਾ ਦੇਖਿਆ ਜਾਏਗਾ, ਭਾਗਾਂ ਦੇ ਲਿਖੇ ਨੂੰ ਕੌਣ ਮੇਟ ਸਕਦਾ ਹੈ, ਜੇ ਭਾਗਾਂ ਵਿੱਚ ਸੁਖ ਲਿਖਿਆ ਹੈ ਤਾਂ ਦੁਖ ਨਹੀਂ। ਈਸ਼ੁਰ ਪ੍ਰਮਾਤਮਾ ਤੇ ਭਰੋਸਾ ਹੈ ਹੋਰ ਕਿਸੇ ਦੀ ਆਸ ਨਹੀਂ, ਏਸੇ ਤਰਾਂ ਦੀਆਂ ਗੱਲਾਂ ਬਾਤਾਂ ਕਰ ਹੀ ਰਹੀਆਂ ਸਨ ਕਿ ਰਾਜਾਜੀ ਅਪਨੇ ਪ੍ਰਧਨ ਆਦਿਕਾਂ ਸਮੇਤ ਬਾਗ ਵਲ ਆਉਂਦੇ ਨਜ਼ਰ ਪਏ । ਅੰਜਨਾਦੇਵੀ ਓਸੇ ਵੇਲੇ ਸਹੇਲੀਆਂ ਨੂੰ ਸਾਥ ਲੈਕੇ ਮਹਲਾਂ ਨੂੰ ਚਲੀ ਗਈ ॥

ਰਾਜਾ-(ਕੁੜੀਆਂ ਨੂੰ ਜਾਂਦਿਆਂ ਵੇਖਕੇ) ਪ੍ਰਧਾਨਜੀ ! ਏਹ ਕੌਨ ਹਨ ॥

ਪ੍ਰਧਾਨ-ਮਹਾਰਾਜ ! ਓਹ ਅੱਗੇ ੨ ਰਾਜਦੁਲਾਰੀ ਸਖੀ ਸਹੇਲੀਆਂ ਸਮੇਤ ਜਾਰਹੀ ਹੈ ॥

ਰਾਜਾ-ਹੈਂ ! ਓਹ ਰਾਜਦੁਲਾਰੀ ਹੈ ? ਏਹ ਕਹਕਰ ਸਿਰ ਨੀਵਾਂ ਕਰਕੇ ਸੋਚ ਵਿੱਚ ਪੈਗਿਆ ਅਤੇ ਘੜੀਭਰ ਚੁੱਪ ਕਰਕੇ ਇਹ ਕਹਨ ਲੱਗਾ ।

ਵਰ ਪ੍ਰਾਪਤ ਹੁਈ ਅੰਜਨਾ ਸੁਨੋ ਮਿਤ੍ਰ ਪ੍ਰਧਾਨ,
ਬੈਠ ਵਿਚਾਰੋ ਵਰ ਭਲਾ ਜੋ ਰਾਖੇ ਕੁਲ ਕੀ ਆਨ ।

Original with:
Language Department Punjab
Digitized by:
Panjab Digital Library

ਧਰਮ ਕਰਮ ਮੇਂ ਹੋ ਜਤੀ ਔਰ ਉੱਤਮ ਵਿਦ੍ਵਾਨ,
ਵਰ ਘਰ ਐਸਾ ਤਬ ਮਿਲੇ ਜੇ ਹੋ ਕ੍ਰਿਪਾ ਭਗਵਾਨ ॥

ਦੂਜਾ ਅਧਜਾਯ ॥

—:—

ਵਰ ਦੀ ਢੂੰਡ



ਸੂਰਜ ਭਗਵਾਨ ਤਾਂ ਉਦਾਸ ਹੋ ਦੁਨਿਆਂ ਨੂੰ ਉਦਾਸੀ ਦ ਨਜ਼ਰ ਨਾਲ ਵੇਖਦਾ ਹੋਇਆ ਪਛੱਮ ਦਿਸ਼ਾ ਨੂੰ ਜਾ ਰਿਹਾ ਹੈ ਅਤੇ ਅਸੀ ਅਪਨੇ ਵਿਚਾਰ ਨੂੰ ਲੈਕੇ ਗੋਦਾਵਰੀਨਦੀ ਦੇ ਦਖੱਨ ਵਲ ਜੋ ਪਰਬੱਤ ਧਾਰਾ ਹੈ ਅਤੇ ਜਿਸਨੂੰ ਰਾਮਾਯਣ ਵਿੱਚ ਰ੍ਰਿਸ਼ਾਮੂ ਪਰਬਤ ਲਿਖਯਾ ਹੈ ਆ ਰਹੇ ਹਾਂ ॥

ਅਜੇ ਅਸੀ ਏਸ ਪਰਬੱਤ ਧਾਰਾ ਦੀ ਸ਼ੋਭਾ ਨੂੰ ਵੇਖਦੇ ਸਾ ਹੀ ਰਹੇ ਸਾਂ ਕਿ ਕੁਝ ਬੜੀਆਂ ਸੋਹਨੀਆਂ ਅਮਾਰਤਾਂ ਖੱਬੇ ਪਾਸੇ ਨਜ਼ਰ ਪਈਆਂ। ਜਿਸ ਦੇ ਵੇਖਨਦੀ ਲਾਲਸਾ ਨੇ ਸਾਨੂੰ ਵੀ ਓਥੇ ਪੁਚਾਹੀ ਦਿੱਤਾ। ਮਾਨੋ ਇਕ ਛੋਟਾ ਜਿਹਾ ਨਗਰ ਹੈ ਪਰ ਆਬਾਦੀ ਕਰਕੇ ਏਨ੍ਹਾਂ ਪਹਾੜੀ ਸ਼ਹਿਰਾਂ ਨਾਲੋਂ ਵੱਧਕੇ ਹੈ ਗਲੀ ਕੂਚੇ ਸਾਫ਼ ਸੁਥਰੇ ਅਤੇ ਓਨ੍ਹਾਂ ਮਹਿਲਾਂ ਨੂੰ ਛੱਡ ਜੇਹੜੇ ਦੂਰੋਂ ਵਖਾਈ ਦਿੱਤੇ ਸਨ ਸਭ ਇੱਕ ਛੱਤੇ ਘਰ ਹਨ, ਜੇਕਰ ਏਸ ਵੇਲੇ ਰਾਤ ਦੇ ਅੰਧੇਰੇ ਕਰਕੇ ਓਹ ਉਚੇ ਮਹਿਲ ਚੰਗੀ ਤਰ੍ਹਾਂ ਮਨੋਹਰ ਦਿਖਾਈ ਨਹੀਂ ਦੇਂਦੇ ਪਰ ਤਾਂਵੀ ਬਨਾਓਟੀ ਚਾਨਨੀ ਜੋ ਲਾਲ ਤੇ ਸਾਵੇ ਸ਼ੀਸ਼ਿਆਂ ਦੇ ਵਿੱਚੋਂਦੀ ਪ੍ਰਗਟ ਹੋ ਰਹੀ ਹੈ, ਦੱਸ ਰਹੀ ਹੈ ਕਿ ਇਹ ਸ਼ਤ੍ਰੁਰ ਰਾਜਾ ਦੇ ਮਹਲ ਹਨ। ਜਿਨ੍ਹਾਂ ਨੂੰ ਵੇਖਨ ਲਈ ਅਸੀ ਉਸੇ ਪਾਸੇ ਚਲ ਪਏ ॥

ਇਸ ਵੇਲੇ ਬਾਜਾਰ ਵਿੱਚ ਏਡੀ ਭੀੜ ਹੈ ਕਿ ਤਿਲ ਮਾਰਿਆਂ ਵੀ ਭੁੰਏਂ ਨਹੀਂ ਡਿਗਦਾ ਪਿੰਡਾਂਦੇ ਲੋਕ ਬਹੁਤ ਹਨ ਕੋਈ ਆਟਾ ਲੈ ਰਿਹਾਹੈ ਕੋਈ ਦਾਲ ਦਾ ਭਾ ਪੁਛ ਰਿਹਾ ਹੈ। ਪਰ ਜਿਵੇਂ ਕਿਵੇਂ ਕਰ ਅਸੀ ਭੀ ਚੌਂਕ ਤੀਕਰ ਪਹੁੰਚੇ, ਏਥੋਂ ਦੀ ਸ਼ੋਭਾ ਇਹ ਹੈ ਕਿ ਏਥੇ ਖਲੋਕੇ ਵੇਖਨ ਵਾਲੇ ਦੀ ਨਜ਼ਰ ਪੂਰਬ ਤੋਂ ਪਛੱਮ ਅਤੇ ਪਹਾੜ ਤੋਂ

Original with:
Language Department Punjab
Digitized by:
Panjab Digital Library

ਦਖੱਨ ਨੂੰ ਬਿਨਾ ਟੋਕ ਟੋਕਦੇ ਸਾਡ ਚਲੀ ਜਾਂਦੀ ਹੈ। ਅੱਗੇ ਕਦੇ ਅਜੇਹਾ ਚੌਕ ਅਸਾਂ ਨਹੀਂ ਵੇਖਿਆ ਸੀ ਏਸ ਕਰਕੇ ਬੜਪ੍ਰੇਮ ਨਾਲ ਖਲੋਕੇ ਅਸੀ ਵੇਖਨ ਹੀ ਲੱਗੇ ਸਾਂ ਕਿ ਏਤਨੇ ਵਿੱਚ ਪੋਸ਼ ਪੋਸ਼ ਦੀ ਅਵਾਜ਼ ਸੁਨਾਈ ਦਿੱਤੀ ਅਸੀ ਭੀ ਇਕ ਪਾਸੇ ਹੋਗਏ । ਪੁਛੇਨ ਤੇ ਮਲੂਮ ਹੋਇਆ ਕਿ ਬੁਧ ਪ੍ਰਕਾਸ਼ ਪ੍ਰਧਾਨ ਸੀ ਦੀ ਸਵਾਰੀ ਆਰਹੀ ਹੈ ਜੋ ਮਹਾਰਾਜ ਮਹੇਂਦਰਰਾਯ ਜੀ ਦੇ ਮੈਹਲਾਂ ਨੂੰ ਜਾ ਰਿਹਾ ਹੈ, ਆਹਾ ! ਏਹ ਭਾਂ ਮਹੇਂਦਰ ਪੁਰ ਹੈ ਜਿਸਦੇ ਨਾਂ ਤੋਂ ਸਾਡੇ ਪਾਠਕਗਣ ਚੰਗੀ ਤਰ੍ਹਾਂ ਵਾਕਫ਼ ਹਨ ॥

ਰਾਜਾਮਹੇਂਦਰਰਾਯ ਦਾ ਨਾਂ ਸੁਨਦਿਆਂ ਸਾਰ ਸਾਡੀ ਲਾਲਸਾ ਹੋਰ ਵੱਧ ਗਈ, ਅਤੇ ਅਸੀ ਓਸ ਸਵਾਰੀ ਦੇ ਪਿੱਛੇ ੨ ਲੱਗ ਪਏ, ਥੋੜੀ ਦੂਰ ਗਏ ਹੋਵਾਂਗੇ ਕਿ ਇੱਕ ਵੱਡਾ ਸਾਰਾ ਲੋਹੇ ਦਾ ਦਰਵੱਜਾ ਦਿਸ ਪਿਆ, ਜਿਦੇ ਦੁਹੀਂ ਪਾਂਸੀ ਦੋ ਸਿਪਾਹੀ ਨੰਗੀਆਂ ਤਲਵਾਰਾਂ ਲੈਕੇ ਪੈਹਰਾ ਦੇ ਰਹੇ ਸਨ, ਪ੍ਰਧਾਨ ਜੀ ਨੂੰ ਦੇਖਦਿਆਂ ਹੀ ਦਰਵਾਜਾ ਖੋਲਿਆ ਗਿਆ ਅਤੇ ਉਸਦੀ ਸਵਾਰੀ ਅੰਦਰ ਚਲੀ ਗਈ, ਅਸੀ ਭੀ ਪਰਛਾਵੇਂ ਵਾਂਗੂੰ ਨਾਲ੨ ਹੀ ਸਿਪਾਹਿਆਂ ਦੀ ਨਜ਼ਰ ਬਚਾਕੇ ਨਿਕਲ ਗਏ ॥

ਅੰਦਰ ਵੜਦਿਆਂ ਈ ਬੜੀਆਂ ਸੋਹਨੀਆਂ ਅਮਾਰਤਾਂ ਨਜ਼ਰ ਪਈਆਂ ਪਰ ਓਨ੍ਹਾਂ ਨੂੰ ਚੰਗੀ ਤਰ੍ਹਾਂ ਵੇਖਹੀ ਨ ਸਕੇ ਕਿਉਂਕਿ ਪ੍ਰਧਾਨ ਜੀ ਦੇ ਨਾਲ ਹੀ ਖੱਬੇ ਪਾਸੇ ਦੇ ਦਲਾਨ ਵਿੱਚ ਜਿਸ ਦੀਆਂ ਕੰਧਾਂ ਸੰਖਮਰਮਰ ਦੀਆਂ ਡਾਢੀਆਂ ਸਾਫ਼ ਸੁਥਰੀਆਂ ਬਨੀਆਂ ਹੋਈਆਂ ਹਨ ਅਤੇ ਜਿਸਦੇ ਵਿੱਚ ਬੜਾ ਕੀਮਤੀ ਗਲੀਚਾ ਵਿਛਿਆ ਹੋਇਆ ਸੀ ਚਲੇ ਗਏ, ਇਸ ਦਲਾਨ ਵਿੱਚ ਇੱਕ ਝਾੜ ਲਟਕ ਰਿਹਾ ਹੈ ਜਿਸਦਾ ਉਜਾਲਾ ਦਿਨ ਦੇ ਪ੍ਰਕਾਸ਼ ਨੂੰ ਭੀ ਸ਼ਰਮਿੰਦੇਆਂ ਕਰ ਰਿਹਾ ਹੈ ਅਤੇ ਲਾਲ ਗ਼ਲੀਚੇ ਉੱਤੇ ਹਰੀ ਮਖ਼ ਮੱਲ ਦਾ ਗਦੇਲਾ ਵਿਛਿਆ ਹੋਇਆ ਹੈ, ਜਿਸਦੇ ਉਤੇ ਮਹਾਰਾਜਾ ਮਹੇਂਦਰ ਰਾਯ ਬੈਠਾ ਹੈ ਅਤੇ ਮੰਤ੍ਰੀ ਜੀ ਦੇ ਨਾਲ ਗੱਲਾਂ ਕਰ ਰਿਹਾ ਹੈ, ਪ੍ਰਧਾਨ ਵੱਲ ਵੇਖਕੇ ਕਹਨ ਲੱਗਾ ॥

ਰਾਜਾ—ਆਓ ਪ੍ਰਧਾਨ ਜੀ ਤੁਸੇ ਤੁਹਾਨੂੰ ਯਾਦ ਕੀਤਾ ਸੀ ॥

Original with:
Language Department Punjab
Digitized by:
Panjab Digital Library

ਪ੍ਰਧਾਨ–(ਹੱਥ ਜੋੜਕੇ) ਮਹਾਰਾਜ ਦਾਸ ਭੀ ਹਾਜਰ ਹੋਗਿਆਹੈ ॥

ਇਹ ਕਹਕੇ ਕੁਝ ਮੂਰਤਾਂ ਕੱਢਕੇ ਅੱਗੇ ਰਖੀਆਂ ਅਤੇ ਓਨ੍ਹਾਂ ਵਿੱਚੋ ਦੋ ਚੁਕਕੇ ਰਾਜਾ ਜੀ ਦੇ ਹੱਥ ਵਿੱਚ ਦੇ ਕੇ ਕਹਨ ਲੱਗਾ ॥

ਪ੍ਰਧਾਨ–ਮਹਾਰਾਜ ਜੀ ! ਅਸਾਂ ਕਈਆਂ ਰਾਜਕੁਮਾਰਾਂ ਦੀਆਂ ਮੂਰਤਾਂ ਮੰਗਵਾਈਆਂ ਹਨ ਪਰ ਮੇਰੀ ਨਜ਼ਰ ਤਾਂ ਇਨ੍ਹਾਂ ਦੁਹਾਂ ਪੁਰ ਟਿਕਦੀ ਹੈ, ਅੱਗੇ ਆਪ ਮਾਲਕ ਹੋ (ਬਾਕੀ ਦੀਆਂ ਸਰਾਕੁ ਅੱਗੇ ਦੱਖਕੇ; ਇਨ੍ਹਾਂ ਨੂੰ ਭੀ ਦੇਖ ਲਵੋ ।

ਰਾਜਾ–(ਮਮੂਲੀ ਨਜ਼ਰ ਨਾਲ ਦੇਖਕੇ)ਏਨ੍ਹਾਂ ਨੂੰ ਰਹਿਨ ਦੇਓ ॥

ਇਹ ਕਹਕੇਅਤੇ ਫੇਰ ਓਨ੍ਹਾਂ ਦੁਹਾਂ ਮੂਰਤਾਂ ਨੂੰ ਹੱਥ ਵਿੱਚ ਲੈਕੇ ਦੇਖਨ ਲੱਗਾ ਬਹੁਤ ਸਾਰੀ ਸੋਚ ਵਿਚਾਰ ਤੇ ਦੇਖ ਭਾਲ ਦੇ ਪਿਛੋਂ ਉੱਥੋਂ ਉਠਕੇ ਰਾਨੀ ਵੇਗਮੋਹਿਨੀ ਦੇ ਪਾਸ ਦੋਵੇਂ ਮੂਰਤਾਂ ਲੈਕੇ ਚਲਿਆ ਗਿਆ ॥

ਰਾਜਾ–ਪ੍ਰਿਯਾ ਜੀ ! ਤੁਸੀ ਇਨ੍ਹਾਂ ਦੁਹਾਂ ਵਿਚੋਂ ਅੰਸਨਾਦੇਵੀ ਦੇ ਜੋਗ ਕਿਸ ਨੂੰ ਪਸੰਦ ਕਰਦੇ ਹੋ ? ਇਹ ਜਿਸਨੇ ਪੀਤਾਂਬਰੀ ਧੋਤੀ ਬੱਧੀ ਹੋਈ ਹੈ ਹਰਨਿਆਤ ਵਿਦਿਆਧਰ ਦੇ ਪੁਤ੍ਰ ਦੁਧ ਪਰਬ ਦੀ ਮੂਰਤ ਹੈ, ਅਤੇ ਇਹ ਦੂਜੀ ਪ੍ਰਹਿਲਾਦ ਵਿਦਿਆਧਰ ਦੇ ਪੁਤ੍ਰ ਪਵਨ ਦੀ ਹੈ ॥ ਰਾਨੀ ਵੇਗਮੋਹਿਨੀ ਪਹਿਲੋਂ ਤਾਂ ਕੁਝ ਕਾਲ ਦੇਖਦੀ ਰਹੀ ਅਤੇ ਫੇਰ ਆਖਨ ਲੱਗੀ ॥

ਵੇਗਮੋਹਿਨੀ–ਸ੍ਵਾਮੀ ਜੀ ! ਮੇਰੇ ਲਈ ਤੇ ਦੋਵੇਂ ਚੰਗੇ ਹਨ ਪਰ ਜਿਸ ਨੂੰ ਆਪ ਦੁਧ ਪਰਬ ਕਹਿੰਦੇ ਹੋ ਇਹ ਬੜਾ ਨਿਰਬਲ ਪ੍ਰਤੀਤ ਹੁੰਦਾ ਹੈ ਪਰ ਇਸਦੇ ਚੇਹਨਚਕ੍ਰਾਂ ਤੋਂ ਮਲੂਮ ਹੁੰਦਾ ਹੈ ਕਿ ਇਹ ਬੜਾ ਭਾਗਵਾਨ ਅਤੇ ਵਿਦ੍ਯਾਵਾਨ ਹੋਵੇਗਾ । ਅਤੇ ਦੂਜਾ ਇੱਕ ਸ਼ੂਰਬੀਰ ਵਿਦ੍ਯਾਵਾਨ ਪ੍ਰਤੀਤ ਹੁੰਦਾ ਹੈ ॥

ਰਾਜਾ–ਹਾਂ ਸੱਚ ਹੈ ! ਪ੍ਰਿਯਾ ਜੀ ਇੱਕ ਹੋਰ ਗੱਲ ਹੈ ਜਿਸਨੂੰ ਮੈਂ ਦੱਸਨੀ ਭੁੱਲ ਗਿਆ ਹਾਂ ਓਹ ਇਹ ਗੱਲ ਹੈ ਕਿ ਦੁਧਪਰਬ ਦੀ ਥਾਖਤ ਮੰਤ੍ਰੀ ਅਦਿਕਾਂ ਦਾ ਖਿਆਲ ਹੈ ਕਿ ਭਾਂਵੇ ਏਹ ਬੜਾ ਵਿਦਿਆਵਾਨ ਅਤੇ ਸੁੰਦਰ ਹੈ ਪਰ * ਜੋਤਸ਼ਵਿਦ੍ਯਾ ਦੁਆਰਾ ਮਲੂਮ ਹੁੰਦਾ ਹੈ

* ਦੇਖੋ ਦਾਮਾਯਣ ਗੁਜਰਾਤੀ ਭਾਸ਼ਾ ॥

Original with:
Language Department Punjab
Digitized by:
Panjab Digital Library

ਕਿ ਇਸਦੀ ਉਮਰ ਘੱਟ ਹੈ ਇਸ ਕਰਕੇ ਮੈਂਨੂੰ ਸ਼ੱਕ ਹੋ ਗਿਆ ਹੈ ਨਹੀਂ ਤਾਂ ਮੈਂ ਏਸੇ ਨੂੰ ਪਸੰਦ ਕੀਤਾ ਸੀ ॥

ਰਾਨੀ—ਮਹਾਰਾਜ ! ਜੇ ਇਹ ਗੱਲਹੈ ਤਦ ਤਾਂ ਇਸਦਾ ਨਾਂਹੀ ਨ ਲਵੋ ਸ੍ਵਾਮੀ ਜੀ ! ਜਿਸ ਗੱਲ ਵਿੱਚ ਸ਼ੱਕ ਪੈਜਾਏ ਉਸਦਾ ਫਲ ਚੰਗਾ ਨਹੀਂ ਹੁੰਦਾ ॥

ਰਾਜਾ--ਪ੍ਰਿਆ ਜੀ ! ਮੈਂ ਅਜੇਹਾ ਮੂਰਖ ਹਾਂ ? ਮੇਰੀ ਇੱਕੋ ਹੀ ਤਾਂ ਪੁਤ੍ਰੀ ਹੈ ਜਦ ਤਕ ਮੈਂ ਚੰਗੀ ਤਰਾਂ ਦੇਖ ਭਾਲ ਨ ਕਰ ਲਾਂਗਾ ਇਸਦਾ ਨਾਂ ਨ ਲਵਾਂਗਾ ॥

ਰਾਨੀ--ਮਹਾਰਾਜ ! ਬੇਸ਼ੱਕ ਇਹ ਮਾਮਲਾ ਬੜਾ ਮੁਸ਼ਕਲ ਹੈ। ਅੰਜਨਾ ਦੇਵੀ ਦੀ ਸਾਰੀ ਉਮਰ ਦੇ ਸੁਖ ਦੇ ਵਿਚਾਰਨੇ ਦਾ ਇਹੋ ਸਮ ਹੈ, ਸਾਡੀ ਤਾਂ ਕੁਝ ਦਿਨਾਂ ਦੀ ਪ੍ਰਸੰਨਤਾ ਹੈ ਪਰ ਉਸਦੀ ਸਾਰੀ ਉਮਰੋ ਬੀਤਨੀ ਹੈ ॥

ਰਾਜਾ—ਪ੍ਰਿਆਜੀ ! ਠੀਕ ਹੈ ਆਪਨੇ ਸੱਚ ਕਿਹਾ ਹੈ । ਇਹ ਕੰਮ ਸੌਖਾ ਨਹੀਂ, ਭਲਾ ਪਵਨ ਦੇ ਬਾਰੇ ਵਿੱਚ ਤੁਹਾਡੀ ਕੀ ਸਲਾਹ ਹੈ ? ਮੇਰੀ ਸਮਝ ਵਿੱਚ ਤਾਂ ਇਸ ਨਾਲ ਅੰਜਨਾ ਦੇਵੀ ਦੀ ਕੁੜਮਾਈ ਕੀਤੀ ਜਾਵੇ ਤਾਂ ਬੜੀ ਚੰਗੀ ਰੱਲ ਹੈ ॥

ਰਾਨੀ—ਮਹਾਰਾਜ ! ਦੇਖਨ ਵਿੱਚ ਤਾਂ ਚੰਗੀ ਗੱਲ ਜਾਪਦੀ ਹੈ ਜੇ ਆਪਨੂੰ ਨਿਸਚਾ ਹੈ ਤਾਂ ਸ਼ਗਨ ਭੇਜ ਦੇਵੋ। ਪਰ ਮੰਤ੍ਰੀ ਜੀ ਨੂੰ ਫੇਰ ਭੀ ਆਖ ਦੇਨਾ ਕਿ ਪਹਿਲੋਂ ਚੰਗੀ ਤਰ੍ਹਾਂ ਅੰਦਰੋਂ ਬਾਹਰੋਂ ਮਲੂਮ ਕਰਲਵੇ ਅਤ ਫੇਰ ਸ਼ਗਨ ਦੇਵੇ ॥

ਰਾਜਾ--ਪ੍ਰਿਯਾ ਜੀ ! ਇਸੇ ਤਰ੍ਹਾਂ ਕਰਾਂਗੇ ਤੁਸੀਂ ਤਸੱਲੀ ਰੱਖੋ ॥

ਏਹ ਕਹਕੇ ਪ੍ਰਧਾਨ ਜੀ ਦੇ ਪਾਸ ਆਇਆ, ਅਤੇ ਕਹਿਨ ਲੱਗਾ ਕਿ ਕੱਲ ਸਵੇਰੇ ਇੱਕ ਮੰਤ੍ਰੀ ਨੂੰ ਅੰਜਨਾਦੇਵੀ ਦ ਮੂਰਤ ਦੇਕੇ ਰਤਨਪੁਰ ਭੇਜ ਦੇਵੋ ਅਤੇ ਉਸਨੂੰ ਤਕੀਦ ਕਰ ਦੇਵੋ ਕਿ ਪਹਿਲੋਂ ਸਭਨਾਂ ਗੱਲਾਂ ਦੀ ਤਸੱਲੀ ਕਰ ਲਵੇ ਅਤੇ ਫੇਰ ਸ਼ਗੁਨ ਦੇਵੇ ॥

Original with:
Language Department Punjab
Digitized by:
Panjab Digital Library

ਤੀਜਾ ਅਧਜਾਯ ॥

ਪਵਨ ਭੀ ਇੱਕ ਹੋਨਹਾਰ ਸੂਰਮਾ ਹੈ ॥

"ਮੀਂਹ ਪੈਕੇ ਅਜੇ ਹਟਿਆ ਹੀ ਸੀ ਕਿ ਇੱਕ ਮੁਸਾਫ਼ਰ ਰਤਨਪੁਰ ਦੇ ਬਾਜ਼ਾਰ ਵਿੱਚ ਨਜ਼ਰ ਪਿਆ"

ਪਾਠਕ ਗਣ ! ਮੁਸਾਫ਼ਰੀ ਨੂੰ ਜੋ ਬਿਪਤਾ ਕਹਿੰਦੇ ਹਨ ਸੱਚ ', ਵੇਖੋ ਭਾਂ ਓਹ ਘੋੜੇ ਤੇ ਇਕ ਬੁਢਾ ਸਵਾਰ ਸਫ਼ੈਦਪੋਸ਼ ਕਿਸਤ੍ਹਾਂ ਨਾਲ ਪਾਲੇ ਦਾ ਫੰਡਿਆ ਹੋਇਆ ਸੁਕੜਿਆ ਬੈਠਾ ਹੈ ਮਲੂਮ ਹੁੰਦਾ ਹੈ ਕਿ ਕਿਤੋਂ ਦੂਰੋਂ ਆਇ ਰਿਹਾ ਹੈ ਚਾਹੈ ਗਰਮ ਕਪੜੇ ਬਹੁਤੇ ਪਾਏ ਹੋਏ ਹਨ ਅਤੇ ਦੁਸ਼ਾਲਾ ਉੱਪਰ ਲਿਆ ਹੋਇਆ ਹੈ ਪਰ ਪਾਲਾ ਫੇਰ ਭੀ ਲੱਗਦਾ ਹੀਜਾਪਦਾ ਹੈ, ਓਹੋ ਠੰਡ ਭੀ ਬੜੀ ਹਨੇਰ ਦੀ ਹੈ, ਪੋਹ ਮਾਘ ਦੇ ਦਿਨ ਹਨ ਤਿਸ ਪੁਰ ਵਰਖਾ ਨੇ ਹੋਰ ਭੀ ਪਾਲੇ ਦਾ ਜੋਰ ਪਾਇ ਦਿੱਤਾ ਹੈ, ਠੰਡੀ ਹਵਾ ਨੇ ਇਸਦੇ ਜੋਰ ਨੂੰ ਹੋਰ ਭੀ ਦੂਨਾ ਕਰ ਦਿੱਤਾ ਹੈ ਏਸ ਬੁੱਢੇ ਦੀ ਕੀ ਗੱਲ ਹੈ ਜਵਾਨ ਭੀ ਅਜੇ ਤੀਕ ਥਿਸ-ਤ੍ਰਿਆਂ ਤੇ ਲੇਫ਼ਾਂ ਵਿੱਚ ਪਏ ਹੋਏ ਹਨ ॥

ਓਹੋ ਫੇਰ ਮੀਂਹ ਵੱਸਨ ਲੱਗ ਪਿਆ ਪਰ ਬੁੱਢੇ ਨੇ ਭੀ ਘੋੜੇ ਨੂੰ ਅੱਡੀ ਲਾ ਦਿੱਤੀ ਹੈ, ਘੋੜਾ ਅਜੇ ਦੋ ਚਾਰ ਕਦਮ ਹੀ ਗਿਆ ਹੋਵੇਗਾ ਕਿ ਇੱਕ ਕਾਲਾ ਕੁੱਤਾ ਜੋ ਠੰਡ ਦੇ ਮਾਰੇ ਰਾਹ ਵਿੱਚ ਹੀ ਆਕੜਿਆ ਪਿਆ ਸੀ ਘੋੜੇ ਦੇ ਪੈਰਾਂ ਦੀ ਅਵਾਜ ਸੁਨਕੇ ਉਠ ਕੇ ਭੌਕਨ ਲੱਗ ਪਿਆ ਏਹ ਵੇਖਕੇ ਘੋੜਾ ਡਰਕੇ ਬੇਬਸ ਹੋਗਿਆ, ਸਵਾਰ ਵਚਾਰਾ ਡਿੱਗ ਪਿਆ ਕਪੜੇ ਚਿੱਕੜ ਰੂਪੀ ਮਹਿੰਦੀ ਨਾਲ ਰੰਗੇ ਗਏ ਬੁਢਾ ਭਾਂ ਬਹੁਤੇਰੇ ਹੱਥ ਪੈਰ ਮਾਰਦਾ ਹੈ ਪਰ ਸਰਦੀ ਤੋਂ ਬਚਾਉਨ ਵਾਲਾ ਦੁਸ਼ਾਲਾ ਅਜੇਹਾ ਪਿੰਡੇਨਾਲ ਚੰਮੜਿਆ ਹੈ ਕਿ ਏਸ ਬੁੱਢੇਨੂੰ ਉੱਠਨ ਦੀ ਆਗਿਆ ਹੀ ਨਹੀਂ ਦੇਂਦਾ ॥

ਇਹ ਹਾਲ ਵੇਖਕੇ ਬਹੁਤ ਸਾਰੇ ਆਦਮੀ ਇੱਕਠੇ ਹੋਕੇ ਉਸਦੀ ਵੱਡੀ ਉਮਰ ਅਤੇ ਸਫ਼ੈਦਪੋਸ਼ੀ ਅਰ ਪਾਲੇ ਪੁਰ ਸ਼ੋਕਵਾਨ ਹੋ ਰਹੇ ਸਨ ਕਿ ਇੱਕ ਆਦਮੀ ਨੇ ਅੱਗੇ ਵੱਧਕੇ (ਖ਼ਬਰ ਨਹੀਂ ਕੌਨ ਹੈ)

Original with:
Language Department Punjab
Digitized by:
Panjab Digital Library

ਸਮਨਾਂ ਨੂੰ ਪਿੱਛੇ ਹਟਾ ਦਿੱਤਾ ਅਤੇ ਜਲਦੀ ਨਾਲ ਉਸ ਬੁੱਢੇ ਨੂੰ ਉਠਾਕੇ ਕਹਿਨ ਲੱਗਾ ॥

ਓਹੀ ਆਦਮੀ–ਓਹੋ ! ਮੰਤ੍ਰੀ ਜੀ ਕਿਤੇ ਸੱਟ ਤੇ ਨਹੀਂ ਲੱਗੀ ॥

ਆਹਾ ! ਇਹ ਤਾਂ ਓਹੀ ਮੰਤ੍ਰੀ ਹੈ ਜੇਹੜਾ ਮਹੇਂਦਰਪੁਰ ਅੰਸਨਾ-ਦੇਵੀ ਦੀ ਕੁੜਮਾਈ ਨੂੰ ਆਇਆ ਸੀ, ਜਦ ਉਸਨੇ ਇਹ ਸੁਨਿਆ ਤਾਂ ਕਹਨ ਲੱਗਾ ॥

ਮੰਤ੍ਰੀ–(ਸਿਰ ਉਠਾਕੇ)ਆਹਾ ਹਰੀਜਸ! ਬੜਾ ਦੁਖ ਪਾਇਆ ਹੈ॥

ਹਰੀਜਸ–ਮਹਾਰਾਜ ਹੁਨ ਤੁਹਾਡੀ ਓਹ ਉਮਰ ਨਹੀਂ ਕਿ ਪੈਂਡਾ ਕਰੋ, ਇਹ ਤਾਂ ਮੀਂਹ ਦਾ ਸਮਾ ਹੈ ਅਤੇ ਠੰਡ ਦਾ ਬੜਾ ਜੋਰ ਹੈ । ਏਸ ਵੇਲੇ ਤੇ ਸਵਾਨ ਭੀ ਬੇਹਾਲ ਹੋ ਰਹੇ ਹਨ ਫਿਰ ਤੁਹਾਡੀ ਕੀ ਗਲ ਹੈ।

ਪਠਕ ਗਣ ! ਹਰਿਜਸ ਮੰਤ੍ਰੀ ਜੀ ਨੂੰ ਅਪਨੇ ਘਰ ਲੇ ਆਇਆ ਅਤੇ ਦੋ ਤਿੰਨਾਂ ਪਹਿਰਾਂ ਪਿੱਛੋਂ ਜਦ ਓਹ ਅਮਨ ਚੈਨ ਨਾਲ ਬੈਠਾ ਤਾਂ ਹਰੀਜਸ ਬੋਲਿਆ ॥

ਹਰਿਜਸ–ਮੰਤ੍ਰੀ ਜੀ ਓਹ ਅਜੇਹਿਆ ਕੀ ਕੰਮ ਸੀ ਜਿਸ ਕਰਕੇ ਤੁਹਾਨੂੰ ਏਸ ਵੇਲੇ ਆਓਨਾ ਪਿਆ ॥

ਮੰਤ੍ਰੀ–ਮਿਤ੍ਰਾ ! ਕੀ ਦੱਸਾਂ ਓਹ ਕੰਮ ਹੀ ਬੜਾ ਬਤੁਰੀ ਹੈ ।

ਹਰੀਜਸ–ਓਹ ਅਜੇਹਾ ਕੀ ਕੰਮਹੈ ਜੇਹੜਾ ਮੈਂਨੂੰ ਥੀ ਨਹੀਂ ਦਸਦੇ ।

ਮੰਤ੍ਰੀ–ਨਹੀਂ ਤੁਹਾਥੋਂ ਕੀ ਲਕਾ ਹੈ, ਸਾਡੇ ਰਾਜਾ ਦੀ ਪੁਤ੍ਰੀ ਸਵਾਨ ਹੋ ਗਈ ਹੈ, ਅਤੇ ਪਵਨ ਜੀ ਨੂੰ ਸਬਨੇ ਪਸੰਦ ਕੀਤਾ ਹੈ ਸੋ ਮੈਂ ਓਸੇ ਦੀ ਬਾਬਤ ਕੁਛ ਮਲੂਮ ਕਰਨ ਆਇਆ ਹਾਂ ॥

ਹਰਿਜਸ–(ਪ੍ਰਸੰਨ ਹੋਕੇ) ਆਹਾ ! ਪਵਨ, ਓਹ ਤਾਂ ਇੱਕ ਹੋਨਹਾਰ ਸੂਰਮਾਂ ਹੈ ! ਜੋ ਸੱਚਮੁੱਚ ਪਵਨ ਦੇ ਸਮਾਨ ਹੈ ਜਿਸ ਪ੍ਰਕਾਰ ਹਵਾ ਮਨੁੱਖਾਂ ਦੇ ਪ੍ਰਾਨਾਂ ਦਾ ਆਧਾਰ ਹੈ ਓਸੇ ਤਰਾਂ ਪ੍ਰਜਾ ਲਈ ਪਵਨ ਕੁਮਾਰ ਹੈ, ਗਰੀਬਾਂ ਦਾ ਤਾਂ ਮਾਈ ਬਾਪ ਹੈ, ਪਰਦੇਸੀਆਂ ਲਈ ਅੰਨਦਾਤਾ ਅਤੇ ਸਹਾਇਕ ਹੈ, ਘੋੜੇ ਦੀ ਸਵਾਰੀ ਦਾ ਪੂਰਾ ਸ਼ਾਹ

Original with:
Language Department Punjab
Digitized by:
Panjab Digital Library

ਸਵਾਰ ਹੈ, ਲੜਾਈ ਵਿੱਚ ਦੁਸ਼ਮਨਦਾ ਸਿਰ ਤੇ ਓਸਦੀ ਤਲਵਾਰ ਹੈ, ਜਿਸਪ੍ਰਕਾਰ ਤਾਰਿਆਂ ਵਿੱਚ ਦੌਨ ਮਨੋਹਰ ਹੈ ਇਸ ਪ੍ਰਕਰ ਸਭਾ ਦਾ ਸਿੰਗਾਰ ਪਵਨ ਮਨੋਹਰ ਹੈ, ਮਹਾਰਾਜ ! ਮੇਰੀ ਸਮਰਥ ਨਹੀਂ ਜੋ ਉਸਦੇ ਗੁਣ ਵਰਣਨ ਕਰ ਸਕਾਂ ਪ੍ਰਮਾਤਮਾ ਉਸ ਦੀ ਵੱਡੀ ਉਮਰ ਕਰੇ ॥

ਹਰਸਸ ਦੀਆਂ ਗੱਲਾਂ ਸੁਨ ਮੰਤ੍ਰੀ ਜੀ ਦਾ ਮਨ ਪ੍ਰਸੰਨ ਹੋਗਿਆ, ਅਤੇ ਅਪਨੀ ਮਨੋਕਾਮਨਾਂ ਦੇ ਪੂਰਣ ਹੋਨ ਕਰਕੇ ਸਾਰੇ ਦੁਖ ਭੁੱਲ ਗਏ ॥ ਅਤੇ ਸਵੇਰ ਹੁੰਦਿਆਂ ਹੀ ਰਾਜਾ ਪ੍ਰਹਿਲਾਦ ਵਿਦਜ਼ਾਧਰ ਦੇ ਪਾਸ ਗਿਆ। ਇਤਫ਼ਾਕ ਨਾਲ ਰਾਜਾ ਜੀ ਓਸ ਵੇਲੇ ਇੱਕਲੇ ਹੀ ਬੈਠੇ ਸਨ ॥

ਰਾਜਾ—ਆਓ ਮੰਤ੍ਰੀ ਜੀ ਬੜੀ ਮੁਦੱਤ ਪਿਛੋ ਤੁਹਾਡੇ ਦਰਸ਼ਨ ਹੋਏ ਹਨ, ਸੁਨਾਓ ਰਾਜਾ ਮਹੇਂਦਰਾਧ ਜੀ ਤਾਂ ਪ੍ਰਸੰਨ ਹਨ ॥

ਮੰਤ੍ਰੀ—ਮਹਾਰਾਜ ਸਭ ਤੁਹਾਡੀ ਦਯਾ ਹੈ ॥

ਇਨੇਵਿੱਚ ਪਵਨਕੁਮਾਰ ਭੀ ਆਯਾ ਤੇ ਪ੍ਰਨਾਮ ਕਰਕੇ ਬੈਠ ਗਿਆ ॥

ਰਾਜਾ—ਮੰਤ੍ਰੀ ਜੀ ਕੁਝ ਦਿਨ ਬੀਤੇ ਹਨ ਕਿ ਤੁਹਾਡੇ ਰਾਜਾ ਨੇ ਇਸਦੀ (ਪਵਨ ਵੱਲ ਵੇਖਕੇ) ਮੂਰਤ ਮੰਗਵਾਈ ਸੀ ਓਸਦੀ ਕੀ ਗਲ ਹੋਈ ॥

ਮੰਤ੍ਰੀ—ਮਹਾਰਾਜ! ਵਧਾਈਓਂ ਮੈਂ ਓਸੇ ਕੰਮ ਵਾਸਤੇ ਆਇਆ ਹਾਂ (ਇਹ ਕਹਕਰ ਅੰਜਨਾ ਦੇਵੀ ਦੀ ਮੂਰਤੀ ਪਵਨ ਦੇ ਹੱਥ ਵਿੱਚ ਦਿੱਤੀ)

ਪਵਨ ਨੇ ਮੂਰਤ ਨੂੰ ਵੇਖਦਿਆਂ ਹੀ ਹੱਥੋਂ ਰਖ ਦਿੱਤੀ ਤੇ ਸ਼ਰਮਾਕੇ ਮੂੰਹ ਨੀਵੇਂ ਪਾਲਿਆ । ਬਸ ਫੇਰ ਕੀ ਸੀ ਸਭ ਪਾਸਿਓਂ ਵਧਾਈਆਂ ਦੇ ਜੈਕਾਰੇ ਬੋਲਨ ਲੱਗ ਪਏ ਅਤੇ ਮੰਤ੍ਰੀ ਜੀਨੇ ਸੋਨ ਦਾ ਥਾਲ ਮੋਤੀ ਜਵਾਹਰਾਤ ਨਾਲ ਭਰਕੇ ਉਸ ਵੇਲ ਦਾ ਰਸਮ ਮੁਤਬ ਪਵਨ ਜੀ ਦੀ ਭੇਟਾ ਕੀਤੀ, ਜਿਸਨੂੰ ਉਸਨੇ ਬੜੀ ਖੁਸ਼ੀ ਨਾਲ ਮਨਜ਼ੂਰ ਕੀਤਾ ॥

Original with:
Language Department, Punjab
Digitized by
Panjab Digital Library

ਓਸੇ ਵੇਲੇ ਸ਼ਾਦਿਆਨੇ ਵੱਜਨ ਲਗੇ ਘਰ ਮੰਗਲਾਚਾਰ ਹੋਨ ਲੱਗਾ ਤਿਨ ਚਾਰ ਦਿਨ ਤੀਕ ਬੜੀ ਖੁਸ਼ੀ ਮਨੀਂਦੀ ਰਹੀ, ਬਹੁਤ ਸਾਰਾ ਦਾਨ ਗਰੀਬਾਂ ਨੂੰ ਦਿੱਤਾ ਗਿਆ ਅਤੇ ਵਿਵਾਹ ਦਾ ਦਿਨ ਸੋਧ ਕਰਕੇ ਮੰਤ੍ਰੀ ਜੀ ਨੂੰ ਵਿਦਿਆ ਕੀਤਾ ।

ਚੌਥਾ ਅਧਜਾਯ॥

ਕਿਉਂ ਜੀ ਏਹ ਸੱਚਮੁਚ ਓਹੀ ਹੈ ॥

ਸੰਧਿਆ ਦਾ ਸਮਾਂ ਹੈ ਚੁਬਾਰੇ ਵਿੱਚ ਦੀਵਾ ਜਗ ਰਿਹਾ ਹੈ ਅਤੇ ਓਸਦੇ ਪਾਸ ਹੀ ਪਵਨ ਜੀ ਇਕ ਮੂਰਤ ਹੱਥ ਵਿੱਚ ਲੈਕੇ ਅਤੇ ਸਿਰ ਝੁਕਾ ਕੇ ਵੱਡੀ ਸੋਚ ਵਿੱਚ ਬੈਠੇ ਹਨ ਅਤੇ ਘੜੀ ਮੁੜੀ ਦੀਵੇ ਦੇ ਕੋਲ ਕਰਕੇ ਧਿਆਨ ਨਾਲ ਦੇਖਨ ਲੱਗ ਜਾਂਦੇ ਹਨ, ਫੇਰ ਮੂਰਤ ਨੂੰ ਨੀਵੇਂ ਰਖਕੇ ਸਿਰਨੂੰ ਥਮਕੇ ਕੁਝ ਸੋਚਨ ਲੱਗ ਜਾਂਦੇ ਹਨ, ਅਤੇ ਕਈ ਪ੍ਰਕਾਰ ਦੇ ਵਿਚਾਰ ਪੈਦਾ ਹੋਕੇ ਉਸਦੀ ਕਲਪਨਾ ਨੂੰ ਵਧਾਓਨ ਲੱਗ ਜਾਂਦੇ ਹਨ, ਅਤੇ ਮਨਹੀ ਮਨ ਵਿੱਚ ਏਹ ਕਹਨ ਲੱਗ ਜਾਂਦਾ ਕਿ ਭਲਾ ਏਹ ਓਸੇਦੀ ਮੂਰਤ ਹੈ! ਅਜੇਹੀ ਰੂਪਵਤੀ ਇਸਤ੍ਰੀ ਤਾਂ ਏਸ ਦੇਸ਼ ਵਿੱਚ ਕਦੇ ਅੱਗੇ ਦੇਖਨ ਵਿੱਚ ਨਹੀਂ ਆਈ, ਜੇ ਮੇਰਾ ਇਸ ਨਾਲ ਵਿਆਹ ਹੋਜਾਵੇ ਤਦਤਾਂ ਮੈਂ ਬੜਾ ਬੜਭਾਗੀ ਹਾਂ। ਪਰ ਜਦ ਮੂਰਤ ਵੱਲ ਵੇਖਦਾ ਹੈ ਤਾਂ ਏਸੇ ਸੋਚ ਵਿੱਚ ਡੁਬ ਜਾਂਦਾ ਕਿ "ਅੱਗੇ ਤਾਂ ਕਦੀ ਅਜੇਹੀ ਰੂਪਵਤੀ ਇਸਤ੍ਰੀ ਦਾ ਹਾਲ ਨਹੀਂ ਸੁਨਿਆ ਅਤੇ ਨਾ ਕਦੇ ਵੇਖਨ ਵਿੱਚ ਹੀ ਆਈ ਹੈ ਏਹ ਤਾਂ ਜਰੂਰ ਕਿਸੇ ਅਪਛਰਾ ਨੇ ਹੀ ਜਨਮ ਲਿਆ ਹੈ, ਜਾਂ ਚਿਤ੍ਰਕਾਰ ਦਾ ਧਿਆਨ ਓਸ ਵੇਲੇ ਕਿਸੇ ਹੋਰ ਪਾਸੇ ਹੋ ਗਿਆ ਹੈ,, ਫੇਰ ਕਹਿੰਦਾ, ਨਹੀਂ ! ਨਹੀਂ ! ਏਹ ਗੱਲ ਭੀ ਕਦੇ ਨਹੀਂ ਹੋ ਸਕਦੀ, ਕਿਉਂ ਜੋ ਮਹੇਂਦ੍ਰਪੁਰ ਦਾ ਨਕੱਾਸ਼ ਬੜਾ ਚਤੁਰ ਹੈ ਓਸ ਤੋਂ ਏਡੀ ਭੁੱਲ ਕਦੇ ਨਹੀਂ ਹੋ ਕਸਦੀ, ਅੱਛੇ ਜੇ ਹੋ ਭੀ ਜਾਂਦੀ ਤਾਂ ਓਸੇ ਵੇਲੇ ਠੀਕ ਕਰ ਲੈਂਦਾ। ਗੱਲ ਕੀ ਕਿ ਇਸ ਤਰ੍ਹਾਂ ਦੇ ਕਈ ਵਿਚਾਰ ਉਠ ੨ ਕੇ ਉਸਦੇ ਮਨ ਨੂੰ ਬਹਾਲ ਕਰ ਰਹੇ ਸਨ, ਜਿਸਦਾ ਫਲ ਏਹ ਹੋਇਆ ਕਿ ਮਹੇਂਦ੍ਰਪੁਰ ਆਪ

Original with:
Language Department Punjab
Digitized by:
Panjab Digital Library

ਜਾਨਾ ਨਿਸਚਯ ਕਰ ਪਲੰਗ ਉਤੇ ਲੇਟ ਗਿਆ, ਅਤੇ ਬੜੀ ਮੁਸ਼ਕਲ ਨਾਲ ਰਾਤ ਬਿਤਾਈ ਅਤੇ ਪੌਹ ਫੁਟਦੇ ਹੀ ਮੰਤ੍ਰੀ ਨੂੰ ਸਦਾਕੇ ਕਹਨ ਲੱਗਾ ॥

ਪਵਨ—ਮੰਤ੍ਰੀ ਜੀ ! ਇਕ ਜਰੂਰੀ ਕੰਮ ਹੈ ਇਸ ਕਰਕੇ ਮੈਂ ਅੱਜਹੀ ਮਹੇਂਦ੍ਰਪੁਰ ਜਾਨਾ ਚਾਹੁਨਾ ਹਾਂ, ਅਤੇ ਤੁਸੀ ਭੀ ਮੇਰੇ ਨਾਲ ਹੀ ਚੱਲੋ ॥

ਮੰਤ੍ਰੀ—ਸਤ ਬਚਨ ਮਹਾਰਾਜ ।

ਇਹ ਕਹਕਰ ਯਾਤ੍ਰਾ ਦਾ ਸਮਾਨ ਠੀਕ ਕਰਕੇ ਦੋਨੋਂ ਟੁਰ ਪਏ। ਦੂਜੇ ਦਿਨ ਸੰਧਯਾਂ ਵੇਲੇ ਮਹੇਂਦ੍ਰਪੁਰ ਪੁਹੁੰਚ ਗਏ ਅਤੇ ਬੜੀ ਸਾਵਧਾਨੀ ਨਾਲ ਨਗਰ ਦਾ ਸੈਰ ਕਰਨ ਲੱਗੇ ਕਿਉਂ ਜੋ ਕੋਈ ਪਛਾਨ ਨ ਲੈ ਅਤੇ ਬੜਾ ਯਤਨ ਕੀਤਾ ਕਿ ਅੰਜਨਾਦੇਵੀ ਨੂੰ ਵੇਖਕੇ ਅਪਨੇ ਵਿਆਕੁਲ ਮਨ ਨੂੰ ਧੀਰਜ ਦੇ ਪਰ ਬਿਨਾ ਤਕਲੀਫ ਦੇ ਕੁਝ ਹੱਥ ਨ ਆਯਾ ।

ਜਦ ਪਵਨ ਜੀ ਨੂੰ ਤਿੱਨ ਦਿਨ ਏਸੇ ਯਤਨ ਅਤੇ ਬੇਚੈਨੀ ਵਿੱਚ ਗੁਜ਼ਰ ਗਏ ਅਤੇ ਅੰਜਨਾ ਦੇਵੀ ਦੇ ਦੇਖਨ ਦਾ ਕਾਰਣ ਨ ਬਨਯਾ ਤਾਂ ਮੰਤ੍ਰੀ ਜੀ ਨੂੰ ਕਹਰ ਲੱਗੇ ॥

ਪਵਨ—ਮੰਤ੍ਰੀ, ਮਨਦਾ ਅਰਮਾਨ ਮਨ ਵਿੱਚ ਹੀ ਰਿਹਾ, ਸਿਧੇ ਢਾਸਤੇ ਐਡਾ ਔਖ ਝਲਿਆ ਅਤੇ ਏਡੀਆਂ ਵਾਟਾਂ ਢਾਹਿਆਂ ਪਰ ਓਸਦੇ ਵੇਖਨ ਦੀ ਕੋਈ ਡੌਲ ਹੁਨਤਕ ਨ ਬਨੀ, ਰਬ ਜਾਨੇ ਮੇਰੇ ਮਨ ਨੂੰ ਕੀ ਹੋਗਿਆ, ਜੋ ਓਸ ਮੂਰਤ ਨੂੰ ਵੇਖਕੇ ਮੈਂ ਪਾਗਲਾਂ ਹਾਰ ਹੋ ਗਿਆਹਾਂ ਮੈਨੂੰ ਤੇ ਭੀਮੀਆਂ ਤੋਂ ਬੜੀ ਘਿਨ ਸੀ, ਪਰ ਓਸ ਸੁੰਦਰੀ ਦੀ ਮੂਰਤ ਨੂੰ ਵੇਖ ਕੇ ਮੇਰੀ ਸਾਰੀ ਘਿਨ ਦੂਰ ਹੋਗਈ ਹੈ ਅਤੇ ਝਲਿਆਂ ਹਾਰ ਦਰਬਦਰ ਫਿਰ ਰਿਹਾਹਾਂ । ਓਹ ! ਕੋਈ ਵੇਖ ਲੈਗਾ ਤਾਂ ਕੀ ਕਹੇਗਾ, ਹਾਏ ਸ਼ਰਮ ਹਯਾ ਭੀ ਤਾਂ ਉਡਗਈ, ਮੰਤ੍ਰੀ ਜੀ ਤੁਹਾਡੇ ਕੋਲੋਂ ਤਾਂ ਕੋਈ ਚੋਰੀ ਨਹੀਂ, (ਮੂਰਤ ਵੇਖਾਕੇ) ਸ਼ਰਮ ਤੁਸਾਂਹੀ ਦਸਨਾ, ਭਲਾ ਅੱਜ ਤੀਕ ਕਦੇ ਅੱਗੇਵੀ ਤੁਸਾਂ ਅਜੇਹੀ ਸੁੰਦਰ ਇਸਤ੍ਰੀ ਬਾਨਰਦੀਪ ਵਿੱਚ ਡਿੱਠੀ ਹੈ ॥

ਇਹ ਕਹਕਰ ਓਸਦੇ ਮੁੰਹ ਵਲ ਵੇਖਨ ਲੱਗਾ, (ਕੁਝ ਕਾਲ

Original with:
Language Department Punjab
Digitized by:
Panjab Digital Library

ਚੁਪ ਰਹਨ ਦੇ ਪਿਛੋਂ ਆਪੇਹੀ)"ਮੇਰੀ ਬਿਆਕਲਤਾ ਤਾਂ ਐਵੇਂ,ਨਹੀਂ ਓਹ ਕੌਨ ਹੈ ਜੋਹੜਾ ਇਸਦੀ ਸੁੰਦਰਤਾ ਨੂੰ ਨ ਸਲਾਹੇਗਾ ਮੈਨੂੰ ਤਾਂ ਕੁਝ ਨਹੀਂ ਸੁਜਦਾ ਜੀ ਵਿਚ ਏਹੋ ਆਉਂਦਾ ਹੈ ਕਿ ਜਿਸਭਰਹ ਬਨੇ ਉਸ ਨੂੰ ਵੇਖਾਂ ॥

ਮੰਡ੍ਰੀ–ਜੋ ਕੁਝ ਆਪਨੇ ਕਿਹਾ ਹੈ ਸੱਚ ਹੈ, ਜੇ ਸੰਸਾਰ ਵਿੱਚ ਕੋਈ ਚੀਜ਼ ਅਨਡਿਠ (ਲਾਸਾਨੀ) ਹੈ ਤਾਂ ਏਹੀ ਹੈ, ਨਹੀਂ ਤਾਂ ਪੂਰੀ ਰੂਪਵਤੀ ਹੋਨ ਵਿੱਚ ਤਾਂ ਕੋਈ ਸ਼ਕ ਨਹੀਂ, ਪਰ ਤੁਹਾਡਾ ਏਥੇ ਬਹੁਤ ਚਿਰ ਠਹਰਨਾ ਭੀ ਚੰਗਾ ਨਹੀਂ ਏਹ ਨਾ ਹੋਵੇ ਕਿ ਭੇਤ ਖੁਲ ਜਾਏ, ਤੁਹਾਡੀ ਚਾਹ ਉਲਟਾ ਫਲ ਕਰੇ, ਅਤੇ ਸਾਰੀਆਂ ਚਾਹਨਾਂ ਮਿੱਟੀ ਵਿੱਚ ਮਿਲ ਜਾਨ ॥

ਪਵਨ–(ਕੁਝ ਕਾਲ ਸੋਚਕਰ) ਜੋ ਕੁਝ ਆਪਨੇ ਕਿਹਾ ਠੀਕ ਹੈ, (ਠੰਡੀ ਸਾਹ ਭਰਕੇ) ਹੱਛਾ ਏਵੇਂਹੀ ਜਾਨਾ ਪਿਆ ਕਲ ਟੂਰ ਚੱਲਾਂਗੇ ॥

ਪਾਠਕਗਣ ! ਸੰਧਿਆ ਵੇਲੇ ਜਦ ਪਵਨ ਮੰਡ੍ਰੀ ਨੂੰ ਸਾਥ ਲੈਕੇ ਸੈਰ ਕਰਨ ਨਿਕਲਿਆ ਤਾਂ ਅਚਨਚੈਤ ਫਿਰਦਾ ੨ ਉਸ ਮਹਿਲ ਵਲ ਚਲਯਾ ਗਯਾ ਜੋਹੜਾ ਰਾਜੇਦੇ ਮਹਿਲਾਂਤੋਂ ਪੂਰਬ ਵਲਸੀ, ਅਤੇ ਜਿਸਦੀਆਂ ਕੰਧਾਂ ਓਤੇਕਾਰੀਗਰਾਂਨੇ ਪੁਰਾਨੇ ਬਹਾਦਰਾਂ ਦੀਆਂ ਮੂਰਤਾਂ ਲਿਖਿਆਂ ਹੋਈਆਂ ਸਨ, ਅਤੇ ਵੇਲਬੂਟੇ ਅਜੇਹੇ ਖਿਚੇ ਹੋਏ ਸਨ ਕਿ ਵੇਖਨ ਵਾਲੇਦਾ ਮਨ ਚਾਹੇ ਜਿਨੀ ਦੇਰ ਵੇਖਦਾ ਰਹੇ ਨਹੀਂ ਰਜਦਾ ਸੀ। ਜਦ ਪਵਨ ਨੇ ਇਨ੍ਹਾਂ ਮੂਰਤਾਂ ਨੂੰ ਡਿੱਠਾ ਓਥੇ ਹੀ ਖਲੋ ਗਿਆ। ਅਤੇ ਬੜੀ ਦੇਰ ਤੀਕ ਦੇਖਦਾ ਰਹਿਆ, ਮੰਤ੍ਰ ਨੂੰ ਪੁਛਨ ਤੋਂ ਮਲੂਮ ਹੋਇਆ ਕਿ ਅੰਜਨਾਦੇਵੀ ਦਾ ਮਹਲ ਹੈ ॥

ਬਸ ਏਸ ਵੇਲੇ ਜੋ ਪ੍ਰਸੰਨਤਾ ਪਵਨਨੂੰ ਪ੍ਰਾਪਤਹੋਈ ਲਿਖਨੇ ਵਿੱਚ ਨਹੀਂ ਆਸਕਦੀ। ਝਟ ਖ਼ੁਸ਼ੀ ਨਾਲ ਮੁੰਹ ਦਾ ਰੰਗ ਬਦਲ ਗਿਆ ਅਤੇ ਮਨ ਵਿੱਦ ਠਾਨਲਿਆ ਕਿ ਅਜ ਕਿਸੇ ਨ ਕਿਸੇ ਤਰਾਂ ਇਸਨੂੰ ਜ਼ਰੂਰ ਵੇਖਾਂਗਾ ਅਤੇ ਅਜੇ ਏਸੇ ਵਿਚਾਰ ਵਿੱਚ ਕੰਧਾਂ ਨੂੰ ਵੇਖ ਰਿਹਾਸੀ, ਕਿ ਕੁਝ ਕੁੜੀਆਂ ਦੇ ਬੋਲਨੇ ਦੀ ਅਵਾਜ਼ ਸੁਨਾਈ ਦਿੱਤੀ, ਜਦ ਕੰਨ ਦੇਕੇ ਸੁਨਿਆਂ ਤਾਂ ਸਮਝ ਵਿੱਚ ਏਹ ਆਯਾ ਕਿ

Original with:
Language Department Punjab
Digitized by:
Panjab Digital Library

ਕੋਈ ਕਹ ਰਹੀ ਹੈ "ਕਿ ਦੁਦਪਰਬ ਬੜਾ ਵਿਦਜਾਵਾਨ ਸੁਰਬੀਰ ਪੁਰਖ ਹੈ, ਓਹ ਤੀਮੀ ਬੜੀ ਭਾਗਵਤੀ ਹੋਵੇਗੀ ਜੋਹੜੀ ਓਸਦੇ ਲੜ ਲੱਗੇਗੀ" ਦੂਜੀ ਨੇ ਕਿਹਾ 'ਭੈਨ ਉਮਰ ਦਾ ਭੀ ਤਾਂ ਵਿਚਾਰ ਹੈ ਕਿਆ ਪਵਨ ਓਸਦੇ ਤੁਲ ਨਹੀਂ" ਤੀਜੀ ਜੋ ਵੱਡੀ ਹਸਮੁਖ ਸੀ, ਮੁਸਕਰਾ ਕੇ ਬੋਲੀ, ਅੰਮ੍ਰਿਤ ਦਾ ਇੱਕ ਹੀ ਘੁਟ ਜ਼ਹਰ ਦੇ ਸਮੁੰਦਰ ਨਾਲੋਂ ਹੱਛਾ ਹੈ ॥

ਹਾਹਾ! ਪਿਛਲੀ ਕੁੜੀ ਦੀ ਗੱਲ ਸੁਨਦਿਆਂ ਸਾਰ ਹੀ ਪਵਨ ਦਾ ਸਾਰਾ ਸ਼ਰੀਰ ਕੰਮ ਉਠਿਆ ਜਿੰਨੇ ਖੁਸ਼ੀ ਦੇ ਖਿਆਲ ਸਨ ਗਮੀ ਵਿੱਚ ਫੈਲਗਏ। ਓਹਨਾਂ ਅੱਖਾਂ ਦੀਆਂ ਪੁਤਲੀਆਂ ਵਿਚੋਂ ਜੋਹੜੀਆਂ ਕਿਸੇਦੀ ਤਲਾਸ਼ ਵਿਚ ਏਧਰ ਓਧਰ ਫਿਰ ਰਹਿਆਂ ਸਨ ਗੁਸੇਦੇ ਮਾਰੇ ਚਿੰਗਾੜੇ ਨਿਕਲਨ ਲੱਗੇ ਅਤੇ ਜੁੱਸਾ ਕੰਮਨ ਲੱਗਾ, ਤਲਵਾਰ ਮਿਆਨੋ ਕਢਕੇ ਮੰਤ੍ਰੀ ਨੂੰ ਕਿਹੋ ਸੁ ॥

ਪਵਨ--ਮੰਤ੍ਰੀ! ਕੁਝ ਸੁਨਿਆ ਰਾਜ ਦੁਲਾਰੀ ਨੇ ਕੀ ਕਿਹਾ ਹੇ ॥

ਮੰਤ੍ਰੀ--ਮਹਾਰਜ! ਹਾਂ! ਕਿਸੇਨੇ ਕਹਿਆ ਹੈ, ਕਿ ਅੰਮ੍ਰਿਤ ਦਾ ਇਕ ਘੁਟ ਹੀ ਅੱਛਾ ਹੈ ਅਤੇ ਜੈਹਰ ਦਾ ਸਮੁੰਦਰ ਅੱਛਾ ਨਹੀਂ ਅਰ ਮੈਂ ਨਹੀਂ ਕੈਹ ਸੱਕਦਾ ਕਿ ਇਹ ਕਿਸ ਆਖਿਆ ਹੈ ਅਤੇ ਓਹ ਕੌਨ ਸੀ ॥

ਪਵਨ--ਕਿਆ ਤੁਸੀ ਪਛਾਨ ਨਹੀਂ ਸਕਦੇ, ਕਿ ਜੋ ਪਹਿਲਾਂ ਭਾਂਤ ੨ ਦੀਆਂ ਗੱਲਾਂ ਸੁਨਾਈ ਦਿਤੀਆਂ ਸਨ, ਓਹ ਅਜੇਹੀਆਂ ਨਹੀਂ ਸਨ ਜਿਸ ਰੂਹਾਂ ਦੀ ਪਿਛਲੀ ਅਵਾਜ ਕੋਮਲ ਏ ਮਨੋਹਰ ਹੈ, ਦਜੇ ਨੂੰ ਕੀ ਮਤਲਬ ਜੋ ਅਜੇਹੀ ਗਲ ਕਹੇ, ਇਸ ਤੋਂ ਸਾਫਸਿਧ ਹੁੰਦਾ ਹੈ ਕਿ ਓਹ ਅਵਾਜ਼ ਰਾਜਦੁਲਾਰੀ ਦੀ ਹੀ ਸੀ ਜਿਸਨੇ ਅਪਨੀ ਸੁੰਦਰਤਾਈ ਦੀ ਮਗਰੂਰੀ ਵਿੱਚ ਆਕੇ ਮੈਨੂੰ ਜ਼ਹਰ ਦੇ ਸਮੁੰਦਰ ਵਾਙਨ ਕਿਹਾ ਹੈ, (ਤਲਵਾਰ ਨੂੰ ਦਿਖਾਕਰ) ਇਸ ਨਾਲ ਮੈਂ ਅਜ ਉਸਦਾ ਫੈਸਲਾ ਹੀ ਕਰ ਜਾਵਾਂਗਾ, ਓਹ ਕੀ ਯਾਦ ਕਰੇਗੀ ਕਿ ਮੈਂ ਇਸਤਨਾਂ ਇਕ ਬਹਾਦੁਰ ਦੀ ਨਿੰਦਾ ਕੀਤੀ ਸੀ ਤੇ ਉਸਦਾ ਮੈਨੂੰ ਕੁਝ ਫਲ ਨ ਮਿਲਿਆ ।

ਮੰਤ੍ਰੀ (ਹਥ ਪਗੜਕੇ) ਹਾ! ਅਜੇਹਾ ਅਨਰਥ ਨ ਕਰੋ,

Original with:
Language Department Punjab
Digitized by:
Panjab Digital Library

ਸ਼ਾਂਤਿ ਅਰੋ ਧੀਰਜ ਨਾਲ ਕੰਮ ਲਵੋ । ਜਲਦੀ ਦਾ ਫਲ ਖਰਾਬ ਹੁੰਦਾ ਹੈ ਮੇਰੀ ਸਮਝ ਵਿਚ ਇਹ ਨਹੀਂ ਆਉਂਦਾ ਕਿ ਤੁਸਾਂ ਇਹ ਕਿਸ ਤਰਾਂ ਨਿਸਚਾਕਰ ਲਿਆ ਹੈ ਕਿ ਓਹ ਅੰਜਨਾ ਦੇਵੀ ਦੀ ਹੀ ਅਵਾਜ਼ ਸੀ, ਜਾਂ ਕਿਸੇ ਹੋਰਦੀ, ਕਿਉਂ ਜੋ ਆਪ ਓਸਦੇ ਅਵਾਜ਼ ਦੀ ਪਛਾਨ ਹੀ ਨਹੀਂ ਕਰ ਸਕਦੇ, ਐਵੇਂ ਇਕ ਬੇ ਗੁਨਾਹ ਦੇ ਲਹੂ ਨਾਲ ਅਪਨਾ ਹਥ ਨ ਰੰਗੋ ॥

ਪਵਨ--(ਕੰਬਕੇ) ਮੰਤ੍ਰੀ ! ਤੁਸੀ ਕੀ ਸਮਝਦੇ ਹੋ ਕਿ ਮੈਂ ਮੂਰਖ ਹਾਂ । ਨਹੀਂ ਮੈਂ ਅਪਨੀ ਤਮੱਲੀ ਚੰਗੀਤ੍ਰਾਂ ਕਰਲੀਤੀ ਹੈ ਕਿ ਇਹ ਅੰਜਨਾਂਨੇ ਹੀ ਕਿਹਾ ਹੈ, ਭਲਾ ਜਰਾ ਸੋਚੋ ਤਾਂ ਸਹੀ ਜੇ ਓਸਦੇ ਤੁਨੇ ਇਹ ਖਿਆਲ ਹਨ ਤਾਂ ਪਿਛੇ ਫੇਰ ਕਦੋਂ ਭਲਾਈ ਦੀ ਉਮੈਦ ਕਰ ਸਕਨੇ ਹਾਂ । ਇਸ ਵਿਚ ਕੁਝ ਸੰਦੇਹ ਨਹੀਂ ਕਿ ਓਹ ਅਵੱਲ ਦਰਜੇ ਦੀ ਸੁੰਦਰੀ ਹੈ, ਪਰ ਏੱਨਾਂ ਭੀ ਗਰੂਰ ਹੀ ਕਿ ਦੂਜਿਆਂ ਨੂੰ ਬੁਰੀ ਨਜ਼ਰ ਨਾਲ ਵੇਖੇ ॥

ਮੰਤ੍ਰੀ--(ਕੁਝ ਸੋਚਕੇ) ਪਹਿਲੋਂ ਤਾਂ ਨਿਸਚਯ ਪੂਰਬਕ ਕਹ ਨਹੀਂ ਸਕਦੇ ਕਿ ਕਿਸਦੀ ਅਵਾਜਸੀ, ਅਤੇ ਭਲਾ ਏਹ ਭੀ ਮਨ ਲਿਯਾ ਜਾਵੇ ਕਿ ਜਿਸਤਰਾਂ ਆਪ ਕਹੰਦੇਹੋ ਫੇਰਭੀ ਓਸਦੀ ਜਾਨ ਮਾਰਨੀ ਤੁਹਾਡੇ ਜਹੇ ਬਹਾਦਰ ਨੂੰ ਨਹੀਂ ਚਾਹੀਦਾ ਅਤੇ ਮਨੁਖ ਪਨ ਤੋਂ ਭੀ ਬਾਹਰ ਹੈ, ਕਿ ਤੁਸੀ ਏਸ ਪਾਪ ਦੇ ਭਾਗੀ ਬਨੋ ॥

ਪਵਨ--ਸਿਰ ਨੀਵਾਂ ਪਾਕੇ ਕੁਝ ਸੋਚ ਦਾ ਰਿਹਾ ਅਤੇ ਫਿਰ ਮਨ ਵਿਚ ਪਰਤਿਗਯਾ ਕੀਤੀ ਕਿ ਵਿਆਹ ਤੋਂ ੧੨ ਵਰੇ ਪਿਛੋਂ ਭੀਕ ਇਸ ਨਾਲ ਨ ਬੋਲਾਂਗਾ । ਮਨ ਵਿਚ ਏਹ ਪਰਤਿਗਯਾ ਕਰਕੇ ਮੰਤ੍ਰੀ ਨੂੰ ਕਹਨ ਲੱਗਾ ਅਛਾ ! ਠੰਡੀ ਸਾਹ ਭਰੀ ਅਰ ਮਹੇਂਦ੍ਰਪੁਰ ਨੂੰ ਚਲ ਪਿਆ ॥

ਗ੍ਰੰਥ ਕਰਤਾ--ਕਰਮ ਬੜੇ ਬਲਵਾਨ ਹੈਂ ਕਿਏ ਨ ਬਿਰਥਾ ਜਾਏ ।
ਬੋਏ ਪੇੜ ਜੋ ਅਕਦੇ ਆਮ ਕਹਾਂ ਸੇ ਖਾਏਂ ॥

ਕਈ ਕਹਨ ਗੇ ਕਿ ਪਵਨ ਨੇ ਏਡਾ ਸਿਆਨਾ ਅਤ ਵਿਦਵਾਨ ਹੋਨ ਨਾਲ ਭੀ ਬਿਨਾ ਸੋਚੇ ਸਮਝੇ ਅਰ ਮਲੂਮ ਕੀਤੇ ਕਿਉਂ ਏਡ ਵੱਡੀ ਪ੍ਰਤਿਗਿਆ ਕਰ ਲਈ ॥

Original with
Language Department Punjab
Digitized by:
Panjab Digital Library

ਪਾਠਕ ਗਣ ! ਏਹ ਕਿਸੇ ਦੇ ਇਖਤਿਆਰ ਨਹੀਂ, ਇਹ ਅਪਨੇ ਹੀ ਕਰਮਾਂ ਦਾ ਫਲ ਹੈ। ਜਦ ਦੁਖਦੇ ਦਿਨ ਆਉਂਦੇ ਹਨ, ਚੰਗੀ ਗਲ ਭੀ ਬੁਰੀ ਭਾਸਦੀ ਹੈ । ਵਡੇ ੨ ਚਾਤੁਰ ਭੀ ਚਾਤੁਰਾਈ ਭੁਲ ਜਾਂਦੇ ਹਨ, ਇਕ ਕੀ ਹਜ਼ਾਰਾਂ ਮਸਾਲਾਂ ਮਜੂਦ ਹਨ। ਥੋੜੀ ਜਹੀ ਵਿਚਾਰ ਕਰਨ ਨਾਲ ਤੁਹਾਨੂੰ ਮਲੂਮ ਹੋ ਜਾਏਗਾ ਕਿ ਵਡੇ ੨ ਸਿਆਨਿਆਂ ਤੇ ਪੜ੍ਹਿਆਂ ਲਿਖਿਆਂ ਪੰਡਿਤਾਂ ਨੇ ਵੀ ਭਾਗਾਂ ਅੱਗੇ ਸਿਰ ਨਿਵਾਇਆ ਅਤੇ ਅੰਤ ਨੂੰ ਕੁਝ ਪੇਸ਼ ਨ ਗਈ ਇਸ ਪੁਰ ਇਕ ਕਵੀ ਨੇ ਕਿਹਾ ਹੈ ॥

ਸਮਾ ਕਰੇ ਨਰ ਕਿਆ ਕਰੇ ਸਮਾ ਬੜਾ ਬਲਵਾਨ ।
ਭੀਲਾਂ ਡੋਲਾ ਲੁਟਿਆ ਓਹੀ ਅਰਜਨ ਓਹੀ ਬਾਨ ॥

੫ ਅਧਜਧਾ ॥

ਵਿਵਾਹ ॥

ਮੰਧਿਆਂ ਦਾ ਵੇਲਾ ਹੈ ਸੂਰਜ ਭਗਵਾਨ ਦੇ ਅਸਤ ਹੋਨ ਕਰਕੇ ਸਾਰੇ ਸੰਸਾਰ ਵਿਚ ਹਨੇਰਾ ਹੀ ਹਨੇਰਾ ਹੋ ਗਿਆ ਹੈ ਓਹੀ ਬੇਲ ਬੂਟੇ ਜਿਸਦੇ ਦੇਖਨ ਨਾਲ ਮਨ ਪ੍ਰਸੰਨ ਹੁੰਦਾ ਸੀ ਅਤੇ ਈਸ਼ੂਰ ਦੀ ਕੁਦਰਤ ਨਜ਼ਰਆਉਂਦੀ ਸੀ, ਕਿ ਕਿਸ ਪ੍ਰਕਾਰ ਉਸਨੇ ਇੱਕ ਸਾਦੇਬੂਟੇ ਤੋਂ ਮਨੋਹਰ ਸੁੰਦਰ ਰੰਗ ਬਰੰਗੀ ਫੁਲ ਪੈਦਾ ਕਰਕੇ ਅਪਨੀ ਮਹਿਮਾ ਦਿਖਾਈਹੈ : ਏਸ ਵੇਲੇ ਓਹਭੀ ਭਰਾਉਨੇ ਮਲੂਮ ਹੁੰਦੇ ਹਨ, ਕੋਈ ਅਜੇਹਾ ਥਾਂ ਨਜ਼ਰ ਨਹੀਂ ਆਉਂਦੀ ਜਿਥੇ ਹਨੇਰੇ ਨੇ ਅਪਨਾ ਦਖ਼ਲ ਨ ਕੀਤਾ ਹੋਵੇ । ਹਾਂ ਵਸਤੀ ਵਿਚ ਬਨਾਉਟੀ ਚਾਨਨੀ ਹੋ ਰਹੀ ਹੈ ਓਹਭੀ ਕਿਤੇ ਥੋੜੀ ਕਿਤੇ ਬਹੁਤੀ,, ਪਰ ਮਹੇਂਦਰਪੁਰ ਦੀ ਸੋਭਾ ਜੋ ਇਸ ਵੇਲੇ ਜਾਪਦੀ ਹੈ ਅਜਬ ਹੈ, ਜਿਧਰ ਵੇਖੀਏ ਦੀਵੇ ਹੀ ਦੀਵੇ ਦਿਸਦੇ ਹਨ ਥਾਂ ਥਾਂ ਝਾੜ ਫਨੂਸ ਲਟਕਦੇ ਹਨ, ਰਾਜਾ ਦੇ ਮੈਹਲਾਂ ਵਲ ਤਾਂ ਦੇਖੋ ਵਡੇ ੨ ਝਾੜ ਭਾਂਤ ਦੇ ਅਕਾਰ ਅਤੇ ਸ਼ਕਲਾਂ ਦੇ ਜਿਨ੍ਹਾਂ ਉਤੇ ਦੇਖੋ ਕਾਰੀਗਰਾਂ ਨੇ ਬਰੀਕ ਕੰਮ ਕੀਤਾ ਹੋਇਆ ਹੈ, ਜਗ ਰਹੇ ਹਨ ਇਨ੍ਹਾਂ ਦੀ ਚਾਨਨੀ ਵੇਖਕੇ ਸੂਰਜ ਦੀ ਰੋਸ਼ਨੀ ਭੀ ਸ਼ਰਮਾਉਂਦੀ ਹੈ

Original from
Language Department Punjab
Digitized by:
Panjab Digital Library

ਘਰ ਘਰ ਮੰਗਲਾ ਚਾਰ ਹੋ ਰਹੇ ਹਨ ਖੁਸ਼ੀ ਦੇ ਵਾਜੇ ਵਜ ਰਹੇ ਹਨ ਛੋਟਾ ਵੱਡਾ ਖੁਸ਼ੀ ਵਿਚ ਨਹੀਂ ਸਮਾਂਉਦਾ, ਵਜੀਰ ਅਮੀਰ ਸੋਹਨੀਆਂ ਸੋਹਨੀਆਂ ਪੁਸ਼ਾਕਾਂ ਪਾਕੇ ਅਗੇ ਅਤੇ ਹੋਰ ਤਮਾਸ਼ਬੀਨ ਲੋਕਾਂ ਦਾ ਝੁੰਡ ਓਹਨਾਂ ਦੇ ਪਿਛੇ ੨ ਸ਼ਹਰ ਦੇ ਦਖਨੀ ਦਰਵਾਜੇ ਨੂੰ ਜਾ ਰਿਹਾ ਹੈ ॥

ਆਹਾ ! ਅੱਜ ਕੀ ਹੈ ? ਅੰਜਨਾ ਦੇਵੀ ਦਾ ਵਿਆਹ ਹੈ ਅਤੇ ਜੰਞਦੀ ਆਗਤ ਭਾਗਤ ਲਈ ਏਹ ਲੋਗ ਜਾ ਰਹੇ ਹਨ ॥

ਓਹ ਵੇਖੋ ਜੰਞ ਆੱਗਈ,ਅਗੇ ੨ ਸਵਾਰ ਘੋੜੇ ਦੌੜਾਂਦੇ ਰਾਹ ਬਨਾਉ'ਦੇ ਆਰਹੇ ਹਨ, ਇਨ੍ਹਾਂ ਦੇ ਪਿੱਛੇ ਪਾਲਕੀ ਵਿਚ ਪਵਨ ਜੀ ਕੇਸ੍ਰੀ ਕਪੜ ਪਾਇ ਸਿਰਪੁਰ ਜੜਾਉ ਮੁਕਟ (ਜਿਸਪੁਰ ਬਹੁਮੁਲ ਹੀਰੇ ਜੜੇਹਨ ਅਤੇ ਜਗਮਗਾ ਰਹੇ ਹਨ) ਰਖਿਆ ਹੈ, ਪ੍ਰਹਲਾਦ ਵਿਦਿਆ ਧਰ ਅਤੇ ਓਸਦੇ ਅਹਲਕਾਰ ਦਰਬਾਰੀ ਬੜੀ ਸਜਧਜ ਨਾਲ ਘੋੜਿਆਂ ਅਤੇ ਹਾਥੀਆਂ ਪੁਰ ਚੜ੍ਹੇ ਹਨ, ਅਤੇ ਇਹਨਾਂ ਦੇ ਪਿੱਛੇ ਅਨੇਕ ਪਕਾਰੇ ਚੰਗੀਆਂ ਚੰਗੀਆਂ ਪੁਸ਼ਾਕਾਂ ਲਾਏ ਜੰਞ ਦੀ ਸੋਭਾ ਵਧਾਉ'ਦੇ ਹੋਏ ਆ ਰਹੇ ਹਨ, ਤਮਾਸ਼ਬੀਨਾਂ ਦਾ ਝੁੰਡ ਇਕਤ੍ਰ ਹੈ ਸਭ ਦੀ ਏਹੀ ਲਾਲਸਾ ਹੈ ਕਿ ਸਭ ਤੋਂ ਅਗੇ ਵਧਕੇ ਲਾੜੇ ਨੂੰ ਵੇਖੀਏ ਚੌਪਾਸਿਉਂ ਵਾਹ ਵਾਹ ਅਤੇ ਵਧਾਇਉਂ ੨ ਦੀ ਅਵਾਜ ਆਰਹੀ ਹੈ, ਸ਼ਾਦੀ ਦੇ ਵਾਜਿਆਂ, ਡਫਾਂ ਅਤੇ ਨੌਬਤ ਆਦਿ ਵਾਜਿਆਂ ਦੀ ਅਵਾਜ ਨਾਲ ਅਸਮਾਂਨ ਗੂੰਜ ਉਠਿਆ ਹੈ, ਕੰਨਾਂ ਦੇ ਪੜਦੇ ਫੁਟਦੇ ਜਾਂਦੇ ਹਨ, ਹੁਨ ਵੇਖੋ ਇਹ ਲੋਕ ਸੈਨਤਾਂ ਨਾਲ ਗੱਲਾਂ ਕਰ ਦੇ ਹਨ ॥

ਜਦ ਜੰਞ ਏਸ ਸਜ ਧਜ ਨਾਲ ਸ਼ਹਰ ਦੇ ਚੌਂਕ ਵਿਚ ਪਹੁੰਚੀ ਤਾਂ ਰਾਜਾ ਮਹੇਂਦਰ ਰਾਯ ਜੋ ਪਹਿਲੋਂ ਤੋ ਹੀ ਵਜ਼ੀਰਾਂ ਮੁਸਦੀਆਂ ਸਮੇਤ ਇਨ੍ਹਾਂ ਦੀ ਉਡੀਕ ਵਿਚ ਸੀ ਮਿਲਨੀ ਕਰਨ ਲਈ ਅਗਾਂ ਨੂੰ ਵਧਿਆ ਨੂੰ ॥

ਆਹਾ ! ਇਹ ਕੈਸਾ ਸੁੰਦਰ ਸਮਾ ਹੈ, ਵੇਖੋ ਦੋਵੇਂ ਰਾਜੇ ਕਹੇ ਪ੍ਰੇਮ ਨਾਲ ਇਕ ਦੂਜੇ ਨੂੰ ਮਿਲਕੇ ਆਪਸ ਵਿਚ ਖੈਰਕੁਸ਼ਲ ਪੁਛ ਰਹੇ ਹਨ, ਜਦ ਇਸ ਰੀਤ ਨੂੰ ਪੂਰਾ ਕਰ ਚੁੱਕੇ ਤਾਂ ਬੜੇ ਮਾਨ ਨਾਲ ਜਨੇਤ ਘਰ ਵਿਚ ਉਤਾਰਾ ਦਿੱਤਾ ਅਤੇ ਕੁਛ ਕਾਲ ਦੇ ਅਨੰਤਰ ਸਬਨੂੰ

Original with:
Language Department Punjab
Digitized by:
Panjab Digital Library

ਬਰਬਤ ਪਿਲਾਇਆ ਬੇੜਾ ਚਬ ਪਿਛੋਂ ਕੜ੍ਹਾ ਪੂਰੀ ਕਚੌਰੀ ਅਤੇ ਬੜ੍ਹੀਆਂ ਸਵਾਦੀ ਮਿਠਾਈਆਂ ਦੇ ਥਾਲ ਹਰ ਇਕ ਜਾਂਞੀ ਦੇ ਅਗੇ ਰਖ ਗਏ ॥

ਜਦ ਸਭ ਭੋਜਨ ਪਾਚੁਕੇ ਤਾਂ ਪਾਨ ਲਾਚੀਆਂ ਵੰਡੀਆਂ ਗਈਆਂ ਇਸਤੋ ਪਿਛ ਸਭ ਅਪਨੇ ੨ ਵਛੌਨਿਆਂ ਤੇ ਲੇਟ ਗਏ ॥

ਜਦ ਲਗਨ ਦਾ ਵੇਲਾ ਹੋਇਆ ਤਾਂ ਪਵਨ ਜੀ ਨੂੰ ਲਿਜਾਕਰ ਵੇਦੀ ਵਿਚ ਬੜ ਸੁੰਦਰ ਥਾਰੇ ਪਰ ਬੈਠਾਇਆ, ਅਤੇ ਪੰਡਿਤਾਂਨੇ ਵੇਦ ਮੰਤ੍ਰ ਪੜ੍ਹ ਕੇ ਹਵਨ ਕਰਾਨਾ ਅਰੰਭਕੀਤਾ। ਅਤੇ ਸਖੀ ਸਹੇਲੀਆਂ ਨੇ ਅੰਜਨਾ ਦੇਵੀ ਨੂੰ ਨੁਹਾ ਧੁਹਾ ਸੁੰਦਰ ੨ ਪੁਸ਼ਾਕਾਂ ਪਾਕੇ ਡਾਹਢੇ ਸੋਹਨੇ ਜੜਾਉ ਗਹਿਨੇ ਪੁਵਾਕ ਪਵਨ ਜੀਦੇ ਖੱਬੇ ਪਾਸੇ ਲਿਆਬਿਠਾਇਆ ਅਤੇ ਗੰਢਚਤੜਾ ਕੀਤਾ ॥

ਅਹੋ ! ਜਿਸ ਵੇਲੇ ਅੰਜਨਾਂ ਦੇਵੀ ਨੇ ਜੈਮਾਲਾ ਪਵਨ ਜੀਦੇ ਗਲ ਵਿਚ ਪਾਈ ਓਸ ਵੇਲੇ ਉਨਾਂਦਾ ਚੇਹਰਾ ਮਾਰੇ ਗੁਸੇ ਦੇ ਲਾਲੋ ਲਾਲ ਹੋਗਿਆ, ਮਨ ਵਿਚ ਪ੍ਰਭਗਿਆ ਦਾ ਖਿਆਲ ਉਠ ਪਿਆ, ਅਤੇ ਕੰਨਾਂ ਵਿਚ ਓਹੋ ਧਜਾਨ ਆਗਯਾ, ਮਨ ਵਿਚ ਕਹਿਨ ਲਗਾ, "ਤੀਮੀਂ ਦੇ ਚਲਿਤਰ ਨੇਖੋ ਦਿਖਲਾਵੇ ਦੇ ਕੁਝ ਅਤੇ ਅੰਦਰੋਂ ਕੁਝ ਹਨ ਵੇਖੋ ਅੰਦਰੋਂ ਤੇ ਇਹ ਅਪਨੇ ਸੁੰਦਰਵਤੀ ਦੇ ਘੁਮੰਡ ਵਿਚ ਮੈਨੂੰ ਜਹਿਰਦਾ ਸਮੁਦਰ ਜਾਨਦੀ ਹੈ ਅਤੇ ਉਪਰੋਂ ਜੈਮਾਲਾ ਪਾਕੇ ਪ੍ਰਾਣ-ਪਤਿ ਬਨਾਉਂਦੀ ਹੈ ਮੈਂ ਤਾਂ ਅਜੇਹੀ ਅੰਦਰੋ ਕਾਲੀ ਜਨਾਨੀ ਨਾਲ ਵਿਆਹ ਕਰਣ ਤੋ ਬਸ ਹਾਂ ॥

ਪਾਠਕ ਗਣ ! ਇਸ ਪ੍ਰਕਾਰ ਦੇ ਖਿਆਲ ਪਵਨ ਜੀ ਦੇ ਮਨ ਵਿਚ ਗੁਜਰ ਰਹੇ ਸਨ ਕਿ ਪੰਡਤਾਂ ਨੇ ਵੇਦ ਦਾ ਇਹ ਮੰਤ੍ਰ ਪੜਿਆ ਜਿਸਦਾ ਅਰਥ ਇਹ ਸੀ, ਕਿ ਜਦ ਠੀਕ ਮੈਂ ਅਪਨੀ ਤੀਮੀਂ ਦਾ ਕਿਸੇ ਇੱਕ ਦੇਸ ਨੂੰ ਚੰਗੀ ਤ੍ਰਹਾਂ ਤਸੱਲੀ ਕਰਕੇ ਮਲੂਮ ਨ ਕਰਲਵਾਂ ਨ ਮੰਨਾਂਗਾ ਅਤੇ ਇਸ ਤਰਹਾਂ ਤਿਮੀ ਲਈ ਭੀ ਆਗਯਾ ਸੀ ॥

ਇਸ ਮੰਤਰ ਨੂੰ ਸੁਨਕੇ ਪਵਨ ਜੀਦੇ ਵਿਚਾਰਾਂ ਨੇ ਝਤਕਾਲ ਪਲਟਾ ਖਾਦਾ ਅਤੇ ਓਧਰੋਂ ਜਨਾਨੀਆਂ ਦੇ ਸੁਹਾਉਨੇ ਰਾਗ ਅਤੇ

Original with:
Language Department Punjab
Digitized by:
Panjab Digital Library

ਪੰਛਤਾਂ ਦੇ ਇਕ ਸੁਰ ਹੋ ਅੰਤਵਿਚ "ਸੁਵਾਹਾ" ਸ਼ਬਦ ਦਾ ਉੱਚਾਰਣ ਕਰਕੇ ਹਵਨ ਕੁੰਡ ਵਿਚ *ਚਰੂ ਦਾਪਾਨਾ ਅਤੇ ਅੰਜਨਾਂ ਦੇਵੀ ਦੀਆਂ ਸਹੇਲੀਆਂ ਦਾ ਫੁੱਲਾਂਦੀ ਵਰਖਾ ਕਰਕੇ ਲਾੜੇ ਨੂੰ ਮੁਸਕ੍ਰਾਂਦੀ ਨਜਰ ਨਾਲ ਵੇਖਨਾਂ ਮੋਨੇ ਤੇ ਸੁਹਾਗੇ ਦਾਕੰਮ ਦ ਗਿਆ ਏਸ ਵੇਲੇ ਭਾਂਵੇ ਪਵਨਜੀ ਦੇ ਮਨਵਿੱਚ ਬੇਹੱਦ ਦਰਜੇ ਦਾ ਗੁਸਾ ਅਰ ਵਹਮੀ ਖਿਆਲ ਉਨ ੨ ਕੇ ਉਸਨੂੰ ਬੇਚੈਨ ਕਰ ਰਹੇ ਹੋਨ ਪਰ ਹੁਨ ਭਾਂ ਸੱਬੋ ਦਏ ਘੱਟੇ ਹੋਏ ਨਜ਼ਰ ਆਂਉਦੇ ਹਨ ॥

ਵੇਖੋ ਕੇਜੀ ਪ੍ਰਸੱਨਤਾ ਨਾਲ ਹਵਨ ਕੁੰਡ ਵਿਚ ਸੁਰੀਧਿਤ ਸਾਮਿਗਰੀ ਪਾ ਰਹੇ ਹਨ । ਅਤੇ ਵੇਦ ਮੰਤਰਾਂ ਨੂੰ ਪੜ੍ਹ ਇਸਤ੍ਰੀ ਭਰਤਾ ਦੇ ਹੱਕਾਂ ਨੂੰ ਮਨਾ ਰਹੇ ਹਨ ।

ਜਦ ਪੰਡਤਾਂ ਨੇ ਵਿਵਾਹ ਕਰਮ ਨੂੰ ਸਮਾਪਤ ਕਰਕੇ ਸ਼ਾਂਤ ਪਾਠ ਪੜ੍ਹਿਆ ਤਾਂ ਚੁਪਾਮਿਓਂ ਬਾਧਇਓਂ ੨ ਦੀ ਅਵਾਜ ਆਉਨ ਲੱਗੀ॥

ਸਖੀ ਸਹੇਲੀਆਂ ਅੰਜਨਾਂ ਦੇਵੀ ਨੂੰ ਮੇਹਲ ਵਿਚ ਲੈ ਗਈਆਂ ਅਤੇ ਪਵਨ ਜੀ ਜੰਜ ਵਿਚ ਆਗਏ ॥

ਰਾਜਾ ਮਹੇਂਦਰ ਰਾਯ ਦਾ ਇੰਤਜ਼ਾਮ ਭੀ ਚੰਗਾ ਸੀ ਕਿਸੇ ਨੂੰ ਕੋਈ ਸ਼ਕਾਇਤ ਕਰਨ ਦਾ ਮੌਕਾ ਨਾ ਮਿਲਿਯਾ, ਜਿਸ ਚੀਜ਼ ਨੂੰ ਜਿਸਨੇ ਚਾਹਿਆ ਤਾਤ ਕਾਲ ਮਿਲ ਗਈ ॥

ਤਿੰਨ ਦਿਨ ਠੀਕ ਜੰਜ ਓਥੇ ਰਹੀ, ਚੌਥੇ ਦਿਨ ਅਮੁਲ ਦਾਜ ਦੇਕੇ ਵਿਦਿਆ ਕਰਨ ਲੱਗੇ, ਅਤੇ ਡੋਲੀ ਟੋਰਨ ਵੇਲੇ ਰਾਜਾ ਮਹੇਂਦਰ ਰਾਯ ਅਤੇ ਰਾਨੀ ਵੇਗ ਮੋਹਿਨੀ ਦੇ ਚੇਹਰਿਆਂ ਉਪਰ ਉਦਾਸੀ ਛਾਗਈ, ਓਧਰੋਂ ਭੀਮਿਆ ਦੇ ਵਿਦਿਆ ਕਰਨ ਦੇ ਗੀਤਾਂ ਨੇ ਸਬ ਦੇ ਮਨਾਂ ਨੂੰ ਹਿਲਾ ਦਿੱਤਾ, ਰਾਜਾ ਮਹੇਂਦਰ ਰਾਯ ਅਥਰੂ ਭਰ ਹਥ ਜੋੜ ਪ੍ਰਹਲਾਦ ਵਿਦਯਾ ਧਰ ਨੂੰ ਕਹਿਨ ਲੱਗਾ ॥

ਰਾਜਾ ਮਮੇਂਦਰ ਰਾਯ—ਦੋਹਰਾ। ਧਨ ਦਿਵਸ ਮਮ ਆਜਕੋ ਪੂਰਨ ਭਈ ਮੁਰਾਦ । ਕਰ ਜੋੜ ਕਰੂੰ ਬੇਨਤੀ ਸੁਨ ਵਿਦਜਾ ਧਰ

---

* ਚਰੂ ਓਹ ਹੈ ਜਿਸ ਨਾਲ ਹਵਨ ਵਿਚ ਸਾਮਗ੍ਰੀ ਪਾਂਦੇ ਹਨ ॥

Original with:
Language Department Punjab
Digitized by:
Panjab Digital Library

ਪ੍ਰਹਲਾਦ ।। ਹੈ ਅੰਜਨਾਂ ਦੇਵੀ ਬਾਲਕਾ ਨ ਜਾਨੇ ਜਗ ਮਰਯਾਦ ।
ਦਯਾ ਦਰਿਸ਼ੀ ਰਾਖਿਓ ਕਰੀਓ ਖਿਮਾ ਅਪਰਾਧ ।।

ਪਾਠਕਗਣ ! ਜਦ ਰਾਜਾ ਮਹੇਂਦ੍ਰ ਰਾਯ ਨੇ ਝਿੜਝਿੜਾਈ ਅਵਾਜ ਨਾਲ ਏਹ ਦੋਹਾ ਪੜ੍ਹਿਆ ਸਭਨਾ ਖਲੋਤਿਆਂ ਹੋਇਆਂ ਮਨੁਖਾ ਦੇ ਅਥਰੂ ਨਿਕਲ ਪਏ। ਤੇ ਇਸਦੀ ਦੀਨਤਾ ਪਰ ਹਰਾਨ ਹੋਗਏ । ਰਾਜਾ ਪ੍ਰਹਲਾਦ ਵਿਦਿਆ ਧਰ (ਮਹੇਂਦ੍ਰ ਰਾਯ ਦਾ ਹਥ ਫੜਕੇ)

ਈਸ਼ੁਰ ਦਾ ਧਨਵਾਦ ਹੋ ਸੁਨੋ ਮਹੇਂਦ੍ਰ ਰਾਯ । ਕਰੂੰ ਅਧਿਕ ਪਵਨ ਸੇ ਪਿਆਰ ਮੈਂ ਮਤ ਬ੍ਰਿਥਾ ਘਬਰਾ । ਅਨੰਦ ਮੰਗਲ ਚਾਰ ਸੇ ਰਹੇਂ ਦੁਲਹਨ ਦੁਲਹਾ । ਆਯੁ ਕਟੇਂ ਵਤੀਤ ਏਹ ਗੁਣ ਈਸ਼ੁਰ ਕਾ ਗਾ ।।

ਜਦੋਂ ਸ਼ੈਜ ਓਥੋਂ ਵਿਦਿਆ ਹੋਈ ਹਰ ਇਕ ਦੇ ਮੁੰਹ ਤੇ ਉਦਾਸੀ ਛਾਗਈ। ਸਖੀ ਸਹੇਲੀਆਂ ਸਾਉਨ ਦੇ ਬਦਲਾਂ ਵਾਂਗੂ ਓਥਰੂ ਵਹਾਕਰ ਅੰਜਨਾ ਦੇਵੀ ਦੇ ਡੋਲੇ ਵੱਲ ਟਿਕਟਿਕੀ ਲਗਾ ਵੇਖ ਦੀਆਂ ਰਹੀਆਂ ਉਸਦੀ ਬਚਪਨ ਦੀਆਂ ਗੱਲਾਂ ਯਾਦ ਕਰ। ਰੋਨ ਲਗੀਯਾਂ ਜਦ ਨਜਰ ਤੋਂ ਡੋਲੀ ਦੂਰ ਚਲੀ ਗਈ ਤਾਂ ਸਭ ਉਦਾਸ ਹੋ ਘਰਾਂ ਨੂੰ ਮੁੜ ਪਈਆਂ ।।

ਜਦ ਸੈਜ ਦੂਜੇ ਦਿਨ ਰਤਨਪੁਰ ਪਹੁੰਚੀ ਤਾਂ ਸਾਰੇ ਸ਼ਹਰ ਵਿਚ ਧੁਮ ਮਚ ਗਈ ਨਰ ਨਾਰੀਆਂ ਉਡੀਕਨ ਦੀ ਸਮਰਥ ਨ ਰਖਕੇ ਕੁੜੀ ਮੁੰਡੇ ਨੂੰ ਵੇਖਨ ਲਈ ਦੌੜੀਯਾਂ। ਤੇ ਵਰ ਕੰਨਿਆਂ ਨੂੰ ਵੇਖਕੇ ਬੜੀਯਾਂ ਪ੍ਰਸੰਨ ਹੋਈਆਂ ।।

ਓਹੋ ਛੋਟੇ ਛੋਟੇ ਮੁੰਡੇ ਕੁੜੀਆਂ ਵੇਖਨ ਲਈ ਕਿਸ ਤ੍ਰਾਂਹ ਭੱਜੇ ਜਾਂਦੇ ਹਨ ਕਿ ਡਿਗਨਿ ਢੈਹਨ ਤੋਂ ਭੀ ਨਹੀਂ ਡਰਦੇ ।।

ਬੜੀ ਸਜ ਧਜ ਨਾਲ ਸੈਜ ਸ਼ਹਿਰ ਵਿਚ ਆਈ ਚੁਪਾਸਿਉਂ ਵਧਾਈ ਵਧਾਈ ਦੀ ਅਵਾਜ ਆਉਨ ਲੱਗੀ ।।

ਜਦ ਪਾਦਸ਼ਾਹੀ ਮਹਲ ਦੇ ਦਰਵਾਜੇ ਤੇ ਪਹੁੰਚੇ ਤਾਂ ਰਾਨੀ

Original with:
Language Department Punjab
Digitized by:
Panjab Digital Library

ਕੇਤੁਮਤੀ ਨੇ ਪਰਮੇਸ਼ਰ ਦਾ ਧਨਵਾਦ ਵਤ ਕੰਨਿਆਂ ਨੂੰ ਵੇਖਕੇ ਕੀਤਾ।

ਪਾਠਕਗਣ ! ਰਾਨੀ ਕੇਤੂ ਮਤੀ ਅੰਜਨਾਂ ਦੇਵੀ ਦੀ ਸੁੰਦਰਤਾ ਵੇਖਕੇ ਅਜੇਹੀ ਮੋਹੀ ਗਈ ਕਿ ਬਾਰ ੨ ਉਸਦੇ ਮੁਖਨੂੰ ਦੇਖਕਰ ਨ ਰਜਦੀ। ਸਾਰ ਇਹਹੈ ਕਿ ਐਸੀ ਖਾਤਰਦਾਰੀ ਕੀਤੀ ਕਿ ਅੰਜਨਾ ਦੇਵੀ ਨੇ ਇਨ੍ਹਾਂ ਗੱਲਾਂ ਨੂੰ ਦੁਰਲਭ ਜਾਨਕੇ ਅਕਾਲ ਪੁਰਖ ਦਾ ਧੰਨਵਾਦ ਕੀਤਾ।

—:o:—

੬ ਆਧਜ਼ਾਯ

ਮਨਦਾ ਅਰਮਾਨ ਮਨ ਵਿੱਚ ਹੀ ਰਿਹਾ ॥

ਪ੍ਰਾਤਾ ਕਾਲ ਦਾ ਸੁਹਾਉਨਾ ਸਮਾ ਹੈ, ਅਸਮਾਨ ਪਰ ਤਾਰੇ ਚਮਕਦੇ ਹੋਏ ਦਿਖਾਈ ਦੇ'ਦੇ ਹਨ, ਕਿ ਅੰਜਨਾਂ ਦੇਵੀ ਪਲੰਘ ਤੋਂ ਉਠੀ ਤੇ ਦਿਸ਼ਾ ਪਾਨੀ ਹੋਕੇ ਨਹਾ ਧੋਕੇ ਪੂਜਾ ਪਾਠ ਵਿਚ ਬੈਠ ਗਈ ॥

ਜਦ ਸੰਧਿਯਾ ਉਪਾਸ ਚੁੱਕੀ ਤਾਂ ਅਪਨੇ ਦਲਾਨ ਵਿੱਚ ਜਾਕੇ ਬਸੰਤ ਮਾਲਾ ਨਾਲ ਇਧਰ ਉਧਰ ਦਿਯਾਂ ਗੱਲਾਂ ਕਰਕੇ ਹੱਸ ਰਹੀ ਸੀ ਕਿ ਕਿਸੇ ਦੇ ਆਉਨ ਦੀ ਆਹਟ ਮਲੂਮ ਹੋਈ, ਮਨ ਵਿਚ ਖਿਯਾਲ ਆਇਯਾ ਕਿ ਪਵਨ ਜੀ ਆਏ ਹੋਨਗੇ, ਏਹ ਸੋਚ ਦੋਵੇਂ ਚੁਪ ਹੋ ਗਈਆਂ ॥

ਏੱਨੇ ਵਿੱਚ ਇੱਕ ਮਧਰੇ ਕਦ ਮੋਟੀ ਧੌਨ ਗੋਲ ਮੂੰਹ ਸਾਂਵਲੇ ਰੰਗ ਵਾਲੀ ਅਤੇ ਜਿਹਦੇ ਵਾਲ ਖੁਲ੍ਹੇ ਹੋਏ ਸਨ ਅਤੇ ਬਸੰਤੀ ਦੁਪੱਟਾ ਲਿਯਾ ਹੋਯਾ ਸੀ, ਆਉ'ਦੀ ਨਜ਼ਰ ਪਈ ਅਤੇ ਪ੍ਰਣਾਮ ਕਰਕੇ ਸਾਮਨੇ ਹੀ ਖੜੀ ਹੋ ਗਈ ॥

ਬਸੰਤ ਮਾਲਾ—(ਬੜੀ ਨਰਮ ਜ਼ੁਬਾਨ ਨਾਲ) ਭੈਂਨ ਬੈਹ ਜਾ ॥
ਮਧਰੇ ਕਦ ਵਾਲੀ ਤੀਮੀ—ਮੈਂ ਕੁਝ ਬਹੁ ਜੀ ਨੂੰ ਆਖਨਾ ਹੈ ॥
ਅੰਜਨਾਂ ਦੇਵੀ—ਭੈਨ ਬੈਹ ਜੇ ਜਾਹ ॥
ਮਧਰੇ ਕੱਦ ਵਾਲੀ ਤੀਮੀ—ਸਤ ਬਚਨ, ਇਹ ਕੈਹਕੇ ਬੈਹ ਗਈ ॥

Original with:
Language Department Punjab
Digitized by:
Panjab Digital Library

ਅੰਜਨਾ ਦੇਵੀ –ਦਮੋ ਕੀ ਆਗਿਯਾ ਲਿਯਾਈ ਹੋ ॥

ਮਧਰੇ ਕੱਦ ਵਾਲੀ–ਕੰਵਰ ਜੀ ਨੇ ਤੁਹਾਡੇ ਲਈ ਪਾਲਕੀ ਭੇਜਕੇ ਆਗਿਆ ਕੀਤੀ ਹੈ ਕਿ ਤੁਸੀ ਦੂਸੇ ਮੈਹਲ ਵਿੱਚ ਜੋ ਏਥੋਂ ਨੇੜੇ ਹੀ ਹੈ ਜਾ ਰਹੋ ॥

ਇਸ ਗਲ ਨੂੰ ਸੁਨਕੇ ਅੰਜਨਾਂ ਦੇਵੀ ਝਾਂ ਹੈਰਾਂਨ ਹੋ ਚੁਪ ਕਰ ਗਈ ਪਰ ਬਸੰਤ ਮਾਲਾ ਚੁਟਕੀ ਮਾਰ ਮੁਸਕਰਾਕ ਬੋਲੀ ॥

ਬਸੰਤ ਮਾਲਾ–ਅੰਜਨਾ ਦੇਵੀ ਜੀ ਮੇਰੀ ਵਲ ਧਿਆਨ ਰਖਨਾ ਕਿਤੇ ਪਵਨ ਜੀਦੇ ਪ੍ਰੇਮ ਵਿਚ ਆਕੇ ਮੈਨੂੰ ਭੁਲ ਨ ਜਾਨਾਂ । ਮੈਂ ਤਾਂ ਤੁਹੇ ਪਿੱਛੇ ਮਾਂ ਪਿਉ ਨੂੰ ਭੀ ਛਡਕੇ ਪਰਦਸ ਵਿਚ ਆਈ ਹਾਂ ॥

ਅੰਜਨਾਂ ਦੇਵੀ–ਕੀ ਭਲਾ ਤੂੰ ਮੇਰੇ ਨਾਲ ਓਥੇ ਨ ਚਲੇਂਗੀ ! ਅਤੇ ਅਪਨੇ ਕੌਲ ਕਰਾਰ ਨੂੰ ਪੂਰਾ ਨ ਰੇਂਗੀ ! ਤੂੰ ਤਾਂ ਕਹਿੰਦੀ ਸੀ ਕਿ ਜਦ ਭੀਕ ਦੇਹ ਵਿਚ ਜਾਨ ਹੈ ਤੇਰਾ ਸਾਥ ਨ ਛਡਾਂਗੀ, ਭਾਂਵੇਂ ਕੁਝ ਹੀ ਕਯੋਂ ਨ ਹੋਵੇ ਤੈਥੋਂ ਮੂੰਹ ਨ ਮੋੜਾਂਗੀ, ਭੈਨ ਹੁਨ ਤੋਂਹੀ ਅਜੇਹੀਆਂ ਗੱਲਾਂ ਸੁਨਾਕੇ ਕਿਉਂ ਡਰਾਉਨੀ ਹੈ,, ਭਲਾ ਏਹ ਕਦੇ ਹੋ ਸਕਦਾ ਨੈ ਕਿ ਤੈਨੂੰ ਛਡਕੇ ਮੈਂ ਅਕੱਲੀ ਚਲੀ ਜਾਵਾਂ, ਇਹ ਕਹਕਰ ਦੋਵੇਂ ਪਾਲਕੀ ਵਿਚ ਚੜ੍ਹ ਬੈਠੀਆਂ ।

ਗ੍ਰੰਥ ਕਰਤਾ–ਵਿਚਾਰੀ ਅੰਜਨਾਂ ਦੇਵੀ ਨੂੰ ਏਹ ਮਲੂਮ ਨਹੀਂ ਸੀ ਕਿ ਖੁਸ਼ੀ ਦੇ ਦਿਨ ਚਲੇ ਗਏ ਹਨ ਅਤੇ ਹੁਨ ਕੁਝ ਕਾਲ ਫਿਕਰ ਚਿੰਤਾ ਅਤੇ ਕਈ ਪ੍ਰਕਾਰ ਦੇ ਦੁਖ ਮੇਰੀ ਸੇਵਾ ਕਰਨ ਨੂੰ ਆਏ ਹਨ ॥

ਪਯਾਰੇ ਪਾਠਕਗਣ ! ਤੁਹਾਨੂੰ ਯਾਦ ਹੋਵੇਗਾ ਕਿ ਜੋੜ੍ਹੀ ਪ੍ਰਤਿਗਯਾ ਪਵਨ ਜੀਨ ਕੀਤੀ ਹੋਈ ਸੀ ਹੁਨ ਉਸਨੂੰ ਓਹ ਪੂਰ ਕਰਨ ਲੱਗੇ ਹਨ ॥

ਜਦ ਅੰਜਨਾਂ ਦੇਵੀ ਦੂਸਰੇ ਮੈਂਹਲ ਵਿਚ ਪਹੁੰਚੀ ਤਾਂ ਦਰਬਾਨਾਂ ਤੋਂ ਸਿਵਾ ਓਥੇ ਕਿਸੇ ਨੂੰ ਨ ਵੇਖਿਆ ਮਨ ਵਿਚ ਇਹ ਖਿਆਲ ਕੀਤਾ ਕਿ ਸ਼ਾਇਦ ਸਵਾਮੀ ਜੀ ਥੜੀ ਦੇਰ ਨੂੰ ਆਜਾਨਗੇ ਪਰ ਏਸੇ ਧੁਨ ਵਿੱਚ ਰਾਤ ਪੈਗਈ ਤੇ ਓਹ ਨ ਆਏ ਬਸੰਤ ਮਾਲਾ ਨੇ ਸ਼ਮਾ-ਦਾਨ ਜਗਾ ਦਯਾ, ਤੇ ਅੰਜਨਾਂ ਦੇਵੀ ਨਿਤਨੇਮ ਕਰਨ ਲੱਗੀ,

Original with:
Language Department Punjab
Digitized by:
Panjab Digital Library

ਜਦ ਇਸਤੋਂ ਵੇਹਲੀ ਹੋਈ ਤਦ ਵੀ ਬਸੰਤਮਾਲਾ ਦੇ ਸਿਵਾ ਓਥ ਕਸੇ ਨੂੰ ਨ ਵੇਖਿਆ ਤਾਂ ਮਨ ਵਿੱਚ ਕੋਈ ਵਿਚਾਰ ਆਉਨ ਲੱਗੇ ਕਈਂਹ ਦੇ ਖਿਆਲੀ ਘੋੜੇ, ਇਸ ਗਲ ਦਾ ਕਾਰਣ ਮਲੂਮ ਕਰਨ ਲਈ ਕਿ ਪਵਨ ਜੀ ਇਥੇ ਕਿਉਂ ਨਹੀਂ ਆਏ ਦੁੜਾਉਨ ਲੱਗੀ ਪਰ ਕੁਝ ਸਮਝ ਵਿਚ ਨ ਆਯਾ, ਅੰਤ ਨੂੰ ਜਦ ਅੱਧੀ ਰਾਤ ਬੀਤ ਗਈ ਤਾਂ ਬਸੰਤਮਾਲਾ ਨੂੰ ਕਹਨ ਲੱਗੀ ।

ਅੰਜਨਾਂ ਦੇਵੀ—ਸਖੀ ਭਲਾ ਤੂੰ ਦਸਸਕਨੀ ਹੈਂ ? ਕਿ ਸਵਾਮੀ ਜੀ ਕਿਉਂ ਨਹੀਂ ਆਏ ! ਅਤੇ ਮੈਨੂੰ ਏਸ ਮਹਲ ਵਿਚ ਕਿਉਂ ਰਖਿਆ ਹੈ ।

ਬਸੰਤ ਮਾਲਾ—ਅੰਜਨਾਂ ਦੇਵੀ ! ਕਿਉਂ ਘਬਰਾਨੀ ਹੈਂ ਓਹਨਾਂ ਨੂੰ ਕੁਝ ਕੰਮ ਬਨ ਗਯਾ ਹੋਵੇਗਾ ਏਸ ਕਰਕੇ ਨਹੀਂ ਆਸਕੇ ਅਤੇ ਇਹ ਬਹੁਤਿਆਂ ਰਾਜ ਕੁਮਾਰਾਂ ਦਾ ਨੇਮ ਹੈ ਕਿ ਵਿਵਾਹ ਤੋਂ ਪਿਛੋਂ ਮਾਂ ਪਿਉ ਤੋਂ ਅਲਗ ਰਹਿਨਾ ਚਾਹੁੰਦੇ ਹਨ ਕੀ ਜਾਨੀਏ ਓਹਨਾਂ ਨੇ ਭੀ ਏਸੇ ਕਰਕੇ ਤੁਹਾਨੂੰ ਏਸ ਮੇਹਲ ਵਿਚ ਭੇਜ ਦਿੱਤਾ ਹੋਵੇ ॥

ਅੰਜਨਾਂ ਦੇਵੀ—ਮੇਰਾ ਵਿਚਾਰ ਸੀ ਕਿ ਮੈਂ ਬੜੀ ਭਾਗਵਾਨ ਹਾਂ ਜੋ ਅਜੇਹੀ ਸੱਸ ਮਿਲੀ ਹੈ ਜਿਸਦੇ ਮਿਲਨ ਨਾਲ ਇੱਕ ਹੀ ਦਿਨ ਵਿੱਚ ਮੈਨੂੰ ਅਪਨੀ ਮਾਂ ਭੁਲ ਗਈ, ਜੇ ਮੈਂ ਓਹਦੇ ਪਾਸ ਹੀ ਰਹਿੰਦੀ ਤਾਂ ਕਹੀ ਚੰਗੀ ਗਲ ਸੀ । ਪਿਆਰੀ ! ਇਸ ਗੱਲ ਨੂੰ ਸੋਚਕੇ ਕਿ ਜਦਤੋਂ ਮੈਂ ਆਈਹਾਂ ਸਵਾਮੀ ਜੀਨੇ ਤਾ ਮੇਰੇ ਨਾਲ ਗੱਲਭੀ ਨਹੀਂ ਕੀਤੀ ਅਤੇ ਨਾਂਹੀਂ ਤੁਨ ਠੀਕ ਏਥੇ ਆਏ ਹਾ ਹਨ ਮੈਂ ਏਹੇ ਖਿਆਲ ਨੂੰ ਕਿਸਤਰਾਂ ਠੀਕ ਸਮਝਾਂ, ਕਿ ਓਹਨਾਂ ਨੇ ਅਪਨੇ ਰਹਿਨ ਲਈ ਏਹ ਮੇਹਲ ਪਸੰਦ ਕੀਤਾ ਹੈ, ਭੈਨ ਇਸ ਵਿਚ ਜਰੂਰ ਕੁਝ ਨਾ ਕੁਝ ਭੇਦ ਹੈ ॥

ਇਹ ਕਹਕਰ ਕਰਤਾਰ ਜਾਨੇ ਕੀ ਮਨ ਵਿਚ ਆਇਆ ਕਿ ਅੱਖਾਂ ਤੋਂ ਅਥਰੂ ਨਿਕਲ ਪਏ ਅਤੇ ਬੜੀ ਬੇਚੈਨ ਹੋ ਗਈ ॥

ਬਸੰਤ ਮਾਲਾ ਨੇ ਬਹੁਤੇਰਾ ਜਤਨ ਕੀਤਾ ਕਿ ਕਿਸੇ ਤਰਹ

Original with:
Language Department Punjab
Digitized by:
Panjab Digital Library

ਥੋੜੀ ਦੇਰ ਅਰਾਮ ਕਰ ਪਰ ਅਰਾਮ ਕਿਸਨੂੰ ਆਉਨਾ ਸੀ, ਮਨ ਝਾਂ ਓਸਦਾ ਜਲ ਬਿਨ ਮਛਲੀ ਵਾਂਗੂ ਤੜਫ ,ਹਿਹਾਸੀ, ਅਖਾਂ ਬੋਹਾਲ ਹ ਉਛੀਕ ਰਹਿਆਂ ਹਨ ਭੈੜੇ ਭੈੜੇ ਖਿਆਲ ਉਠਕੇ ਮਨ ਨੂੰ ਘਬਰਾ ਰਹੇ ਨਹ ਅਤੇ ਸੁੰਞਾਂ ਘਰ ਡਰਾ ਰਿਹਾ ਹੈ ਨੀਂਦਰ ਕਿਸਤਰਾਂ ਪਵੇ, ਅੰਜਨਾਂ ਦੇਵੀ ਕਦੇ ਪਲੰਗ ਤੇ ਲੇਟਕੇ ਸੋਚਨ ਲਗ ਜਾਂਦੀ ਜਦ ਪਿਆਂ ਪਿਆਂ ਦਿਲ ਘਬਰਾ ਜਾਂਦਾ ਤਾਂ ਉਠਕੇ ਝਰੋਖੇ ਵਿਚ ਜਾ ਬੈਂਹਦੀ ਅਤੇ ਓਂਥੋਂ ਉਦਾਸ ਹੋਕੇ ਕਦੇ ਬਸੰਤ ਮਾਲਾ ਨੂੰ ਜਾ ਕੈਂਹਦੀ, ਪਿਆਰੀ ਜੀ ! ਪਤੀ ਮਹਾਰਾਜ ਤਾਂ ਹੁਨ ਤੀਕਰ ਨਹੀਂ ਆਏ । ਹਏ ! ਕਿਸਨੂੰ ਪੁੱਛਾਂ ॥

ਸਾਰ ਇਹ ਹੈ ਕਿ ਏਸੇ ਤਰਹਾਂ ਸਾਰੀ ਰਾਤ ਬੀਤ ਗਈ, ਜਦ ਦਿਨ ਚੜ੍ਹਿਆ ਅਰਥਾਤ ਭੋਰ ਹੋਈ ਤਾਂ ਅੰਜਨਾ ਦੇਵੀ ਨੇ ਇਸ਼ਨਾਨ ਕਰਕੇ ਨਿਤ ਨੇਮ ਸੰਧਿਆ ਕੀਤੀ ਏਨੇ ਵਿਚ ਓਹੋ ਮਧਰੇ ਕਦ ਵਾਲੀ ਭੀਮੀ ਜਿਸਦਾ ਨਾਮ ਰਾਮ ਜਾਨੇ ਲਲਿਤਾ ਸੀ ਆਈ ਜਿਸਨੂੰ ਵੇਖ ਕੇ ਅੰਜਨਾਂ ਦੇਵੀ ਬੋਲੀ, ਭੈਨ ਅੱਜ ਕੀ ਹੁਕਮ ਲਿਆਈ ਹੈਂ ॥

ਲਲਿਤਾ—ਬਹੂ ਜੀ ਬਾਗ ਨੂੰ ਜਾ ਰਹੀ ਸਾਂ ਤੁਹਾਡੇ ਦਰਸ਼ਨ ਕਰਨ ਲਈ ਆਗਈ ਹਾਂ ।

ਬਸੰਤ ਮਾਲਾ—ਭੈਨ ! ਪਵਨ ਜੀ ਕਿੱਥੇ ਹਨ ॥

ਲਲਿਤਾ—ਸੰਧਿਆ ਕਰਕੇ ਹੁਨੇ ਬਾਹਰ ਨੂੰ ਗਏ ਹਨ ॥

ਬਸੰਤ ਮਾਲਾ—(ਬੜੀ ਮਿੱਠੀ ਅਵਾਜ ਨਾਲ) ਭਲਾ ਭੈਨ ! ਤੈਨੂੰ ਮਲੂਮ ਹੈ ਕਿ ਕੰਵਰ ਜੀ ਨੇ ਅੰਜਨਾਂ ਦੇਵੀ ਨੂੰ ਏਸ ਮੈਹਲ ਵਿੱਚ ਵਖਰਿਆਂ ਕਿਉਂ ਰਖਿਆ ਹੈ ! ਅਤੇ ਆਪ ਕਿਉਂ ਨਹੀਂ ਆਏ ਅਤੇ ਨ ਹੀ ਮਾਤਾ (ਰਾਨੀ) ਜੀ ਨੇ ਹੁਨ ਤਕ ਖਬਰ ਲਈ ਹੈ ਅੰਜਨਾ ਦੇਵੀ ਤਾਂ ਕੱਲ ਤੋਂ ਰੋਰੋ ਕੇ ਬੇਹਾਲ ਹੋ ਰਹੀ ਹੈ ॥

ਲਲਿਤਾ ਨੇ ਠੰਡੀ ਸਾਹ ਭਰੀ ਅਤੇ ਕੁਝ ਉੱਤਰ ਨਾ ਦੱਤਾ॥

ਲਲਿਤਾ ਦੀ ਇਹ ਗਲ ਵੇਖਕੇ, ਅੰਜਨਾਂ ਦੇਵੀ ਦਾ ਸਿਰ ਚੱਕਰ ਖਾਗਿਆ ਬਸੰਤ ਮਾਲਾ ਦੀ ਹੋਸ਼ ਉਡ ਗਈ, ਅਤੇ ਆਖਨ ਲੱਗੀ ਹਾਏ ! ਅਜੇਹੀ ਕੀ ਗੱਲ ਹੋਗਈਹੈ ॥

Original with:
Language Department Punjab
Digitized by:
Panjab Digital Library

ਬਸੰਤ ਮਾਲਾ—(ਲਲਿਤਾ ਦਾ ਹੱਥ ਫੜਕੇ) ਭੈਨ ਸੱਚ ਸੱਚ ਦਸ ਕੀ ਗੱਲ ਹੈ ॥

ਲਲਿਤਾ—ਕੀ ਦੱਸਾਂ ! (ਮੱਥੇ ਤੇ ਹੱਥ ਮਾਰਕੇ) ਅੰਜਨਾਦੇਵੀ ਦੇ ਭਾਗ ਫੁਟ ਗਏ ਕੰਵਰ ਜੀ ਨੇ ਕਿਸੇ ਗੱਲ ਤੋਂ ਜਿਸਨੂੰ ਓਹ ਦੱਸਨਾ ਨਹੀਂ' ਚਹੁਦੇ ਪ੍ਰਤਿਗਜਾ ਕੀਤੀ ਹੋਈ ਹੈ ਕਿ ਵਿਆਹ ਤੋਂ ੧੨ ਵਰ੍ਹਿਆਂ ਤੀਕਰ ਅੰਜਨਾਂ ਦੇਵੀ ਨਾਲ ਗੱਲ ਨ ਕਰਾਂਗਾ, ਅਤੇ ਮੂੰਹ ਤਕ ਭੀ ਨ ਦੇਖਾਂਗਾ, ਅਤੇ ਅਪਨੀ ਮਾਂ ਨੂੰ ਭੀ ਗੱਲ ਕਰਨ ਤੋਂ ਰੋਕ ਦਿੱਤਾ ਹੈ ॥

ਏਹ ਕਹਕਰ ਲਲਿਤਾ ਤਾਂ ਚਲੀ ਗਈ ਅਤੇ ਅੰਜਨਾਂ ਦੇਵੀ ਦੇ ਹੱਥ ਪੈਰ ਫੁਲ ਗਏ ਅੱਖਾਂ ਅੱਗੇ ਹਨੇਰਾ ਛਾਗਿਆ, ਬੋਲਨ ਦੀ ਸਮਰਥ ਨ ਰਹੀ ਅਤੇ ਬੇਸੁਧ ਹੋਕੇ ਭੁਏਂ ਤੇ ਡਿੱਗ ਪਈ, ਬਸੰਤ ਮਾਲਾ ਨੇ ਏਹ ਹਾਲ ਵੇਖਕੇ ਅਤੇ ਦਿਲ ਡਾਢਾ ਕਰਕੇ ਅੰਜਨਾਂ ਦੇਵੀ ਦਾ ਸਿਰ ਅਪਨੇ ਪੱਟਾਂ ਪੁਰ ਰਖ ਲਿਆ ਅਤੇ ਕਹਨ ਲੱਗੀ ॥

ਬਸੰਤ ਮਾਲਾ—(ਅੰਜਨਾਂ ਦੇਵੀ ਦੇ ਸਿਰ ਨੂੰ ਹਲਾਕੇ) ਅੰਜਨਾਂ ਦੇਵੀ ! ਅੰਜਨਾਂ ਦੇਵੀ ! ਪਿਆਰੀ ਬੋਲਦੀ ਕਿਉਂ ਨਹੀਂ !

ਜਦ ਓਸਨੇ ਕੁਝ ਉੱਤਰ ਨਾ ਦਿੱਤਾ ਤਾਂ ਚੀਕ ਮਾਰਕੇ ਬੋਲੀ ਹਾਏ ! ਅੰਜਨਾਂ ਦੇਵੀ ਨੂੰ ਕੀ ਹੋਗਿਆ ਹੁਨ ਮੈਂ ਕੀ ਕਰਾਂ ? ਕਿਸਨੂੰ ਪੁੱਛਾਂ, ਏਹ ਕਿਹਾ ਅਤੇ ਥੋੜਾ ਜਿਹਾ ਪਾਨੀ ਲਿਆ ਕੇ ਓਸਦੇ ਮੂੰਹ ਤੇ ਛੱਟੇ ਦਿੱਤੇ ਜਿਸ ਨਾਲ ਓਸ ਨੂੰ ਕੁਝ ਸੁਧ ਆਈ ਤਾਂ ਉਸਨੇ ਅੱਖਾਂ ਖੋਲੀਆਂ ਤੇ ਇਹ ਕਿਹਾ, "ਹਾਏ ਮਨ ਦੀਆਂ ਗਲਾਂ ਮਨ ਵਿਚ ਰਹੀਆਂ" ਅਤੇ ਫੇਰ ਅੱਖਾਂ ਬੰਦ ਕਰਕੇ ਚੁੱਪ ਹੋ ਗਈ ॥

ਤਦ ਫੇਰ ਬਸੰਤ ਮਾਲਾ ਨੇ ਓਸਦੇ ਸਿਰ ਨੂੰ ਹਲਾਕੇ ਆਖਿਆ, ਭੈਨ ! ਏਡੀ ਬੇਚੈਨ ਕਿਉਂ ਹੋ ਰਹੀਂ ? ਤੇਰਾ ਇਹ ਹਾਲ ਵੇਖਕੇ ਮੇਰਾ ਮਨ ਘਬਰਾਉਂਦਾ ਹੈ ਛਾਤੀ ਫਟਦੀ ਜਾਂਦੀ ਹੈ, ਏਥੇ ਸਾਡਾ ਕੌਨ ਦਰਦੀ ਹੈ, ਜੋਹੜਾ ਪਵਨ ਜੀ ਨੂੰ ਜਾਕੇ ਸਮਝਾਵੇਗਾ ? ਜਾਂ ਸਾਡੇ ਹਾਲ ਤੇ ਈ ਤਰਸ ਕਰਕੇ ਸਾਨੂੰ ਹੌਸਲਾ ਦੇਵੇਗਾ, ਮੈਂਨੂੰ

Digitized by:
Panjab Digital Library

ਚੰਗੀ ਤਰ੍ਹਾਂ ਮਲੂਮ ਹੈ ਕਿ ਤੇਰਾ ਕੋਈ ਦੋਸ਼ ਨਹੀਂ ਪਰ ਕੀ ਕਰਾਂ ਮੇਰੀ ਗੱਲ ਕੌਨ ਸਨਦਾ ਹੈ ਹੁਨ ਤਾਂ ਈਸ਼ੂਰ ਦੇ ਬਿਨਾਂ ਕੋਈ ਆਸਰਾ ਨਹੀਂ ਇਸਤ੍ਰਾਂ ਬੇਹਾਲ ਹੋਨ ਨਾਲ ਤਾਂ ਕੁਝ ਨਹੀਂ ਬਨਨਾ। ਪਿਆਰੀ! ਤੂੰ ਆਪ ਸਿਆਨੀ ਹੈਂ ਬਹੁਤੇ ਕਹਨ ਦੀ ਕੋਈ ਲੋੜ ਨਹੀਂ, ਜਾ ਸੋਚੋ ਤਾਂ ਸਹੀ ਮੈਂ ਕੀ ਕਰ ਸਕਨੀ ਹਾਂ ਇਸਤੋਂ ਸਿਵਾ ਕਿ ਤੈਂਨੂੰ ਵੇਖਕੇ ਰੋ ਰੋਕੇ ਬੇਹਾਲ ਹੋਵਾਂ। ਇਹ ਕਹਕੇ ਮੂੰਹ ਵਿੱਚ ਪਾਨੀ ਪਾਇਆ ਸਿਰ ਨੂੰ ਹਿਲਾਇਆ ਤਾਂ ਅੰਜਨਾਂ ਦੇਵੀ ਨੇ ਅੱਖਾਂ ਖੋਲੀਆਂ ਅਤੇ ਓਸ ਵਲ ਵੇਖਿਆ ਤਾਂ ਬਸੰਤ ਮਾਲਾ ਨੇ ਕਹਿਆ ਛਾਤੀ ਤੇ ਪੱਥਰ ਦੇ ਅਤੇ ਈਸ਼ੂਰ ਦਾ ਭਰੋਸਾ ਰੱਖ, ਵੇਖ ਗਿਆਨੀ ਓਹ ਹੀ ਹੈ ਜੋਹੜਾ ਦੁਖ ਵੇਲੇ ਧੀਰਜ ਰਖੇ ਕੀ ਤੈਨੂੰ ਮਹੇਂਦਰ ਪੁਰ ਅਪਨੇ ਬਾਗ ਦੀ ਓਹ ਗਲ ਜੋਹੜੀ ਤੂੰ ਸਰ ਕਰਨ ਦੇ ਵੇਲੇ ਆਖਦੀ ਹੁੰਦੀ ਸੈਂ ਭੁੱਲ ਗਈ ਹੈ, 'ਜੋ ਸਖ ਦੁਖ ਨੂੰ ਸ਼ਰੀਰ ਦਾ ਭੋਗ ਜਾਨਕੇ ਈਸ਼ੂਰ ਪੁਰ ਭਰੋਸਾ ਰਖਦਾ ਹੈ ਓਹੋ ਸੁਖ ਪਾਉਂਦਾ ਹੈ" ਇਹ ਸੁਨਕੇ ਅੰਜਨਾ ਦੇਵੀ ਨੇ ਡਾਢੀ ਧੀਮੀ ਆਵਾਜ ਨਾਲ ਆਖਿਆ ਮੈਂ ਸਭ ਕੁਝ ਜਾਨਨੀ ਹਾਂ ਪਰ ਕੀ ਕਰਾਂ ਮਨ ਨਹੀਂ ਮਨਦਾ ਮੈਂ ਤਾਂ ਮਨ ਨੂੰ ਬਤੇਰਾ ਸਮਝਾਨੀ ਹਾਂ ਕਿ ਏਹ ਕਿਸੇ ਦਾ ਦੋਸ਼ ਨਹੀਂ ਅਪਨੇ ਹੀ ਕਰਮਾਂ ਦਾ ਫਲ ਹੈ ਪਰ ਜਦ ਓਸ ਦਾਸੀ ਦੀ ਗੱਲ ਯਾਦ ਆਉਂਦੀ ਹੈ ਮਨ ਘਬਰਾ ਜਾਂਦਾ ਹੈ ਅਤੇ ਮੈਂ ਬੇਵਸ ਹੋ ਜਾਨੀ ਹਾਂ। ਹੋਰ ਤਾਂ ਕੁਝ ਨਹੀਂ ਪਰ ਏਸ ਗੱਲ ਦੀਆਂ ਚੁੱਬਾਂ ਉਠਦੀਆਂ ਹਨ ਕਿ ਓਹ ਕੀ ਅਜੇਹੀ ਗੱਲ ਸੀ ਜਿਸਨੇ ਪ੍ਰਾਣਪਤਿ ਸ੍ਵਾਮੀ ਜੀ ਤੋਂ ਅਜੇਹੀ ਪ੍ਰਤਿਗਜਾ ਕਰਾਈ ਅਤੇ ਮੈਂਨੂੰ ਓਨ੍ਹਾਂ ਨੇ ਪਾਪਨ ਸਮਝਿਆ ਜਿੱਥੋਂ ਠੀਕ ਮੈਂ ਸੋਚਨੀ ਹਾਂ ਏਥੇ ਕੀ ਪੋਕੇ ਵੀ ਕਦੇ ਅਜੇਹੀ ਗੱਲ ਜੁਬਾਨੋਂ ਨਹੀਂ ਕੱਢੀ ਜੋ ਦੂਜੇਨੂੰ ਗੁੱਸੇ ਕਰਨਵਾਲੀ ਹੋਵੇ, ਅਤੇ ਸ੍ਵਾਮੀ ਜੀ ਦੇ ਨਾਲ ਜਾਂ ਓਨ੍ਹਾਂ ਦੇ ਬਾਰੇ ਵਿੱਚ ਤਾਂ ਕਿਸੇ ਨਾਲ ਗੱਲ ਕਰਨ ਦਾ ਭੀ ਸਮਾ ਅਜੇ ਨਹੀਂ ਮਿਲਿਆ ਓਹ ਗੁੱਸੇ ਕਿਉਂ ਹੋ ਗਏ! ਹਾਯ! ਕੁਝ ਸਮਝ ਵਿੱਚ ਨਹੀਂ ਆਂਉਦਾ ਕਿ ਏਸ ਗੁੱਸੇ ਦਾ ਸਬੱਬ ਕੀ ਹੈ॥

ਬਸੰਤ ਮਾਲਾ—ਜੋ ਕੁਝਤੂੰ ਆਖਨੀ ਹੈਂ ਸਭ ਠੀਕ ਹੈ ਅਤੇ ਏਥੇ ਵਿੱਚ ਵੀ ਜਰਾ ਝੂਠ ਨਹੀਂ ਕਿ ਤੂੰ ਬੇਕਸੂਰ ਹੈਂ ਪਰ ਘਬਰਾਇਆਂ ਕੀ ਬਨਦਾ ਹੈ॥

Original with:
Language Department Punjab
Digitized by:
Panjab Digital Library

ਅੰਜਨਾਂ ਦੇਵੀ—(ਠੰਡੀ ਸਾਹ ਭਰਕੇ) ਘਬਰਾਉਨਾ ਕੀ ਹੈ ! ਇਹ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ ਹੈ ਇਸ ਵਿੱਚ ਕਿਸੇਦਾ ਕੁਝ ਦੋਸ਼ ਨਹੀਂ ॥

ਇਹ ਕਿਹਾ ਅਤੇ ਅੱਖਾਂ ਤੋਂ ਛਮਾਛਮ ਅਥਰੂ ਵਿੱਗਨ ਲੱਗ ਪਏ । ਜਦ ਏਸੇ ਤਰ੍ਹਾਂ ਰੋਂਦਿਆਂ ਕੁਰਲਾਂਦਿਆਂ ਅਤੇ ਦਿਨ ਰਾਤ ਕਲਪਦਿਆ ਕੁਝ ਸਮਾ ਬੀਤ ਗਿਆ ਤਾਂ ਇੱਕ ਦਿਨ ਸੰਧਿਆ ਕਰਕੇ ਈਸ਼ੁਰ ਅੱਗੇ ਬੇਨਤੀ ਕਰ ਰਹੀ ਸੀ ਕਿ ਰੋ ਕੇ ਇਸ ਪ੍ਰਕਾਰ ਪ੍ਰਾਰਥਨਾਂ ਕਰਨ ਲੱਗੀ ॥

ਕੌਨ ਅਵਿਗਜਾ ਮੈਂ ਕਰੀ ਦੀਨ ਬੰਧੂ ਭਗਵਾਨ।
ਨ ਮੇਰੀ ਓਰ ਨਿਹਾਰਤੇ ਮੇਰੇ ਪ੍ਰੀਤਮ ਪ੍ਰਾਨ ।
ਵਿਧਨਾਕਜਾਤੇਹੈ ਵੈਰਲਿਖਾ ਥਾ ਮੰਦ ਮੋਰਾਭਾਗ,
ਐਸੇ ਪ੍ਰੀਤਮ ਚਤ੍ਰ ਨੇ ਦਿਆ ਮੋਹੇ ਬੈਰਾਗ।
ਪ੍ਰੀਤਮ ਮੇਰੇ ਪਿਆਰੜੇ ਖਿਮਾ ਕਰੋ ਅਪਰਾਧ,
ਤੁਹੇ ਦਰਸ ਕੋ ਤਰਸਤੇ ਮੋਰੇ ਨੈਨ ਅਸਾਧ।
ਬਸੰਮਾਲਾਮੇਰੀਪਿਆਰੜੀਤੁਮਕੁਝਕਰੋਉਪਾਓ
ਜਾਵਿਧਰੀਝੈਂ ਕੰਵਰ ਜੀਕਰਿਓ ਓਹੀ ਬਨਾਓ।
ਕਹੇ ਦਾਸ ਸੁਨਅੰਜਨਾਂ ਮਤ ਥਿਰਥਾ ਘਬਰਾ,
ਨਹੀਂ ਦੋਸ਼ਕਿਸੀ ਕੋ ਪਿਆਰੜੀ ਕਰਮ ਲਿਖਾ
ਲਿਯਾਪਾ ॥

ਇਹ ਕਹਿਆ ਤੇ ਚੁਪ ਹੋ ਗਈ ਫੇਰ ਕੁਝ ਸੋਚ ਕੇ ਕਹਨ ਲਗੀ, ਹੇ ਪ੍ਰਾਣਪਤਿ ਮੇਰੇ ਹਾਲਤੇ ਦਯਾ ਕਰੋ, ਤੁਹਾਡੇ ਬਿਨਾ ਮੇਰਾ

Original with:
Language Department Punjab
Digitized by:
Panjab Digital Library

ਹੈ, ਆਪ ਇਸ ਦਾਸੀ ਤੇ ਕਿਉਂ ਅਜੇਹੇ ਖੜ੍ਹ [redacted] ਗਏ ਹੋ ਜੋ ਏਡੀ ਸਖ ਤਪ੍ਰਤਿਗਯਾ ਕੀਤੀ ਹੈ ? ਮੈਂ ਤਾਂ ਅਜ ਚੀਰ ਤੁਹਾਡੇ ਚੰਗੀ ਭਰ੍ਹਾਂ ਦਰਸ਼ਨ ਭੀ ਨਹੀਂ, ਕੀਤੇ ਮੇਰੇ ਨੈਨ ਤਾਂ ਚਕੋਰ ਦੀ ਸਮਾਨ ਤੁਹਾਡੇ ਚੰਦ੍ਰ ਮੁਖੀ ਮੁਖ ਨੂੰ ਵੇਖਨ ਲਈ ਭਰਸ ਰਹੇ ਹਨ, ਅਤੇ ਨ ਹੀ ਅੱਜ ਤੀਕ ਆਪਦੀ ਸਵਾ ਹੀ ਕਰ ਸੱਕੀ ਹਾਂ ਜੋ ਓਸ ਵਿੱਚ ਕੁਝ ਵਿਘਨ ਹੋਇਆ ਹੋਵੇ ਹਾਯ ! ਕੁਝ ਸਮਝ ਵਿੱਚ ਨਹੀਂ ਅਉਂਦਾ ਕਿ ਤੁਸੀ ਮੇਰੇ ਤੇ ਰੁੱਸੇ ਕਿਉਂ ਹੋਗਏ ਹੋ ।

ਖਿਮਾ ਕਰੋ ਅਪਰਾਧ ਨਾਥ, ਮੈਂ ਦੁਖੀਆ ਭਾਰੀ, ਮਾਤ ਪਿਤਾ ਕੋ ਛੋੜ ਆਈ ਮੈਂ ਸ਼ਰਣ ਤੁਮ੍ਹਾਰੀ । ਬਿਨਾ ਆਪ ਮਹਾਰਾਜ ਕੌਨ ਮੇਰਾ ਹਿਤਕਾਰੀ, ਦਜਾ ਕਾ ਹੀ ਬੈਰਾਗ ਪਤਿ ਮੈਂ ਦਾਸ ਤੁਮਹਾਰੀ ॥

ਪਾਠਕ ਗਣ ! ਅੰਜਨਾਂ ਦੇਵੀ ਨੇ ਏਨ੍ਹਾਂ ਉੱਪਰ ਲਿਖਆਂ ਵਾਕਾਂ ਨੂੰ ਐਡੀ ਦੀਨਤਾ ਨਾਲ ਰੋ ਰੋ ਕੇ ਕਹਿਆ ਕਿ ਜਿਨ੍ਹਾਂ ਨੂੰ ਸੁਨਕੇ ਪਵਨ ਜੀ ਦਾ ਮਨ ਜੋ ਓਸ ਵੇਲੇ ਇਤਫਾਕ ਨਾਲ ਓਸ ਸੈਹਲ ਦੇ ਹੇਠੋਂ ਦੀ ਜਾ ਰਹੇ ਸਨ ਹਿੱਲ ਗਿਆ ॥

ਜੇ ਏਨ੍ਹਾਂ ਬਚਨਾਂ ਨੂੰ ਛਾਤੀ ਚੀਰਨ ਵਾਲੇ ਬਾਨ ਆਖੀਏ ਤਾਂ ਕੁਝ ਝੂਠ ਨਹੀਂ ਜਿਨ੍ਹਾਂ ਨੇ ਚਲਦੇ ਹੋਏ ਪਵਨ ਜੀਦੇ ਕੰਨਾਂ ਵਿੱਚ ਪਹੁੰਚਦਿਆਂ ਓਨ੍ਹਾਂ ਨੂੰ ਓਥੇ ਹੀ ਖੜਾ ਕਰ ਲਿਆ ਅਤੇ ਅੰਜਨਾਂ ਦੇਵੀ ਦੇ ਪਾਸ ਜਾਨ ਲਈ ਤਿਆਰ ਕਰ ਦਿੱਤਾ ਹੈ ॥

ਆਹਾ ! ਜਦ ਪਵਨ ਜੀ ਨੇ ਪਿਛਲਾ ਦੋਹਾ ਸੁਨਿਆ ਤਾਂ ਮੁੜ ਹੀ ਪਿਆ ਪਰ ਇੱਕ ਦੇ ਉਲਾਘਾਂ ਭਰਕੇ ਫੇਰ ਠਠੰਬਰ ਗਿਆ ਅਤੇ ਓਥੇ ਹੀ ਖਲੋਕੇ ਅਪਨੇ ਮਨ ਵਿਚ ਸੋਚਨ ਲੱਗ ਪਏ "ਓਹੋ ! ਮੈਂ ਤਾਂ ਬਾਰਾਂ ਵਰ੍ਹਿਆਂ ਦੀ ਪ੍ਰਤਿਗਯਾ ਕੀਤੀ ਹੋਈਹੈ ਅਜੇ ਤਾਂ ੧੧ ਵਾਂ ਵਰ੍ਹਾ

Original with:
Language Department Punjab
Digitized by:
Panjab Digital Library

ਬੀਤਿਆ ਹੈ ਪਰ ਜੇ ਮੇਰੀ ਪ੍ਰਤਿਗਜਾ ਝੂਠੀ ਨਿਕਲੀ ਤਾਂ ਮੈਥੋਂ ਵੱਧਕੇ ਮੂਰਖ ਅੱਕਲ ਦਾ ਅੰਨ੍ਹਾਂ ਹੋਰ ਕੌਨ ਹੋਵੇਗਾ ? ਜਿਸਨੇ ਬਿਨਾ ਸੋਚੇ ਸਮਝੇ ਇੱਕ ਅਵਾਜ਼ ਦੇ ਸੁਨਨ ਨਾਲ ਅਜੇਹੀ ਪ੍ਰਤਿਗਜਾ ਕਰ ਲਈ, ਅਫਸੋਸ ਮੈਥੋਂ ਬੜੀ ਮੂਰਖਤਾ ਹੋਈ! ਬੇਸ਼ਕ ਬੜੀ ਮੂਰਖਤਾ ਹੋਈ !! ਕੋਈ ਵੀ ਸਿਆਨਾ ਇਸ ਤਰ੍ਹਾਂ ਨਹੀਂ ਕਰਦਾ ਜਿਸ ਤਰ੍ਹਾਂ ਮੈਨੇ ਕੀਤਾ ਹੈ ॥

ਹਾ ! ਜੇ ਏਸੇ ਤਰ੍ਹਾਂ ਰੋਂਦਿਆ ਅਤੇ ਕੁਰਲਾਂਦਿਆਂ ਏਹ ਮਰ ਗਈ ਤਾਂ ਬੜਾ ਹੀ ਹਨੇਰ ਹੋਜਾਵੇਗਾ, ਮੈਂ ਤਾਂ ਨ ਦੀਨ ਦਾ ਰਿਹਾ ਨ ਦੁਨੀਯਾ ਦਾ (ਕੁਝ ਸੋਚਕੇ) ਭਾਂਵੇਂ ਕੀ ਹੋਵੇ ਹੁਨ ਤਾਂ ਜਰੂਰ ਅਪਨੀ ਪਿਆਰੀ ਨੂੰ ਮਿਲਕੇ ਓਸਦਾ ਹਾਲ ਪੁੱਛਾਂਗਾ, ਨਹੀਂ ਤਾਂ ਓਸਦੀ ਹਤਜਾ ਮੇਰੇ ਸਿਰ ਪੁਰ ਚੜ੍ਹੇਗੀ" ਏਹ ਸੋਚਕੇ ਪੈਰ ਅੱਗੇ ਸਟਿਆ ਪਰ ਫੇਰ ਠਠੰਬਰ ਕੇ ਖਲੋ ਗਿਆ ਅਤੇ ਆਖਨ ਲੱਗਾ "ਦੇਖੋ ਮੈਂ ਕੇਡਾ ਮੂਰਖ ਹਾਂ ਕਿ ਬਿਨਾ ਸੋਚੇ ਸਮਝੇ ਪ੍ਰਤਿਗਿਆ ਕਰਨ ਪਿੱਛੇ ਤਾਂ ਹੁਨ ਠੀਕ ਅਫਸੋਸ ਕਰਰਿਹਾ ਹਾਂ ਦੂਜਾਇੱਕ ਹੋਰ ਹੁਨ ਅਪਨੇ ਜੀਵਨ ਉਤੇ ਧੱਬਾ ਲਾਨ ਲੱਗਾਹਾਂ,ਇਸਤੋਂ ਤਾਂ ਕਦੀ ਵੀ ਛੁਟਕਾਰਾ ਨਹੀਂ ਹੋਵੇਗਾ, ਕਿਉਂ ਜੋ ਏਹ ਲੋਕਾਂ ਨੂੰ ਮਲੂਮ ਹੋਜਾਏਗਾ ਕਿ ਪਵਨ ਨੇ ਪ੍ਰਤਿਗਜਾ ਕਰਕੇ ਨਹੀਂ ਪਾਲੀ ਤਾਂ ਸਾਰੇ ਜੱਗ ਵਿੱਚ ਮੇਰੀ ਨਿੰਦਯਾ ਹੋਵੇਗੀ ਹਰ ਇੱਕ ਤੋਂ ਮੂੰਹ ਛਪਾਨਾ ਪਵੇਗਾ ਅਤੇ ਜੋ ਪ੍ਰਤਿਗਜਾ ਕਰਕੇ ਉਸਨੂੰ ਤੋੜ ਦੇਵੇਗਾ ਓਹ ਝਟ ਮੇਰੀ ਮਸਾਲ ਦੇਗਾ ਹਾ ! ਅਜੇਹਾ ਕੰਮ ਤਾਂ ਮੈਂ ਕਦੀ ਭੀ ਨ ਕਰਾਂਗਾ" ਏਹ ਕਹਕਰ ਨੀਵਾਂ ਸਿਰ ਸੱਟਕੇ ਕੁਝ ਸੋਚਦਾ ਹੋਇਆ ਓਥੋਂ ਚਲਾ ਗਿਆ ॥

ਸਤਵਾਂ ਅਧਜਾਯ ॥

ਦਿਲ ਦੀ ਖਿੱਚ

ਦਿਨ ਦਾ ਤੀਜਾ ਪਹਿਰ ਹੈ ਜਦ ਰਾਜਾ ਪਹਿਲਾਦ ਵਿਦਜਾਧਰ

Original with:
Language Department Punjab
Digitized by:
Panjab Digital Library

ਦੇ ਦਰਬਾਰ ਵਿੱਚ ਕਿਸੇ ਦੀ ਅਵਾਜ਼ ਤਕ ਨਹੀਂ ਸੁਨਈ ਦੰਦੀ ! ਕੜਾ ਏਥੇ ਰਾਜਾ ਜੀ ਨਹੀਂ ਹਨ ਅਤੇ ਅਹਲਕਾਰ ਭੀ ਚਲੇ ਗਯੇ ਹਨ ਜੋ ਅਜੇਹੀ ਸੁੰਞਮਸਾਨ ਪਈ ਹੋਈ ਹੈ ? ਨਹੀਂ ਮਹਾਰਾਜ ! ਓਹ ਵੇਖੋ ਮਹਾਰਾਜਾ ਪ੍ਰਹਲਾਦ ਵਿਦਜਾਧਰ ਅਤੇ ਪਵਨ ਜੀ ਦੋਵੇਂ ਟੁਰਨ ਨੂੰ ਤਿਆਰ ਖੜੇ ਹਨ ਅਤੇ ਸਾਰੇ ਮੁਨਸ਼ੀ ਮੁਸੱਦੀ ਅਪਨੇ ੨ ਕਾਰਜ਼ ਸੰਭਾਲ ਕੇ ਦੋਹਾਂ ਵੱਲ ਵੇਖ ਰਹੇ ਹਨ ਕਿ ਏਹ ਕਦੋਂ ਜਾਉਨ ਤੇ ਅਸੀ ਵੀ ਚਲਦੇ ਨਜ਼ਰ ਆਵੀਏ। ਰਾਜਾ ਓਥੋਂ ਚਲਨ ਹੀਲੱਗਾ ਸੀ ਕਿ ਇੱਕਡੈਂਸੀ ਸਿਪਾਹੀ ਦਰਵਾਜ਼ੇ ਵਿੱਚ ਆਉਂਦਾ ਨਜ਼ਰ ਪਿਆ, ਜਿਸਨੇ ਝੁਕਕੇ ਅਤੇ ਪ੍ਰਨਾਮ ਕਰਕੇ ਇੱਕ ਖ਼ਤ ਥੋਝੇ ਵਿੱਚੋਂ ਕਢਕੇ ਦਿੱਤਾ ਅਤੇ ਆਪ ਇੱਕਪਾਸੇ ਹਟਕੇ ਖਲੋਗਿਆ, ਰਾਜਾਜੀਨੇ ਪਹਲੋਂ ਭੀ ਖਲੋਤਿਆਂ ੨ ਓਸ ਖ਼ਤ ਨੂੰ ਪੜ੍ਹਯਾ ਪਰ ਫੇਰ ਹੈਰਾਨ ਜਿਹਾ ਹੋਕੇ ਅਪਨੀ ਗੱਦੀ ਪੁਰ ਜਾ ਬੈਠਾ, ਅਤੇ ਕਦੇ ਭੀ ਖ਼ਤ ਨੂੰ ਪੜ੍ਹਦਾ ਅਤੇ ਕਦੇ ਸਿਰ ਨੀਵਾਂ ਕਰਕੇ ਹਰਾਨੀ ਨਾਲ ਕੁਝ ਸੋਚਨ ਲੱਗ ਜਾਂਦਾ ਕਰਤਾਰ ਜਾਨੇ ਇਸ ਖ਼ਤ ਵਿੱਚ ਕੀ ਲਿਖਿਆ ਹੈ, ਹਾਂ ਕਦੇ ੨ ਪਵਨ ਵੱਲ ਭੀ ਵੇਖ ਲੈਂਦਾ ਹੈ, ਰਾਜਾ ਜੀ ਦਾ ਏਹ ਹਾਲ ਵੇਖਕੇ ਦਰਬਾਰੀ ਲੋਗ ਬੜੇ ਹੈਰਾਨ ਹੋਕੇ ਰਾਜਾਜੀ ਦੇ ਮੁੰਹ ਵੱਲ ਵੇਖਨ ਲਗ ਪਏ, ਪਰ ਕਿਸੇ ਨੂੰ ਏਹ ਹੌਸਲਾ ਨ ਹੋਇਆ ਕਿ ਮੁੰਹੋਂ ਕੁਝ ਬਿਰਕੇ ਅੰਤ ਨੂੰ ਰਾਜਾ ਨੇ ਆਪ ਪ੍ਰਧਾਨ ਵੱਲ ਧਿਆਨ ਕਰਕੇ ਆਖਿਆ ॥

ਰਾਜਾ—"ਮਹਾਰਾਜਾ ਰਾਵਨ ਲਿਖਦਾ ਹੈ ਕਿ ਦੁਰਮਤੀ ਨਗਰ ਦੇ ਰਾਜਾ ਵਰਨ ਨਾਲ ਕੁਝ ਦਿਨ ਹੋਏ ਹਨ ਕਿ ਲੜਾਈ ਹੋਈ ਸੀ ਜਿਸ ਵਿੱਚ ਓਹ ਜਿੱਤਕੇ ਖਰਦੂਖਨ ਨੂੰ ਕੈਦ ਕਰਕੇ ਲੈ ਗਿਆ ਹੈ ਹੁਨ ਓਨ੍ਹਾਂ ਨੂੰ ਛੁਡਾਓਨ ਲਈ ਲੜਾਈ ਕਰਨ ਦੀ ਸਲਾਹ ਹੈ ਇਸ ਕਰਕੇ ਸਭਨਾਂ ਰਾਜਿਆਂ ਨੂੰ ਜੇਹੜੇ ਲੰਕਾ ਦੇ ਆਧੀਨ ਹਨ ਸੱਦ ਭੇਜਿਆ ਹੈ ਸੋ ਸਾਨੂੰ ਭੀ ਲਿਖਿਆ" ਹੁੰਨ ਮੈਂ ਸੋਚਨਾਂ ਹਾਂ ਕਿ ਆਪ ਜਾਵਾਂ ਯਾ ਪਵਨ ਨੂੰ ਭੇਜ ਦੇਵਾਂ, ਪ੍ਰਧਾਨ ਕੁਝ ਆਖਨ ਈ ਲੱਗਾ ਸੀ ਕਿ ਪਵਨਜੀ ਨੇ ਅੱਗੇ ਵਧਕੇ ਕਿਹਾ ॥

ਪਵਨ—ਮਹਾਰਾਜ ! ਭਾਵੇਂ ਤੁਹਾਡੇ ਲਈ ਏਹ ਕੋਈ ਮੁਸ਼ਕਲ ਕੰਮ ਨਹੀਂ ਪਰ ਮੇਰੇ ਹੁੰਦਿਆਂ ਤੁਹਾਡੇ ਜਾਨ ਨਾਲ ਮੇਰੀ ਬਹਾਦਰੀ

Original with:
Language Department Punjab
Digitized by:
Panjab Digital Library

ਨੂੰ ਵੱਟਾ ਲਗਦਾ ਹੈ। ਇਸ ਕਰਕੇ ਹੱਥ ਜੋੜਕ ਮੇਰੀ ਬੇਨਤੀ ਹੈ ਕਿ ਮੈਂਨੂੰ ਜਾਨ ਦੀ ਆਗਿਆ ਦਿੱਤੀ ਜਾਵੇ।

ਜਦ ਪਵਨਜੀ ਨੇ ਇਹ ਕਿਹਾ ਤਾਂ ਪ੍ਰਧਾਨ ਜੀ ਨੇ ਭੀ ਏਨ੍ਹਾਂਦੇ ਕਹਨੇ ਨੂੰ ਮਨਨ ਲਈ ਰਾਜੇਨੂੰ ਸਲਾਹ ਦਿੱਤੀ ਮੰਤ੍ਰੀ ਆਦਿਕਾਂ ਨੇਵੀ ਜੋਰ ਦਿੱਤਾ ਤਾਂ ਇਨ੍ਹਾਂ ਦੀਆਂਗੱਲਾਂ ਨੂੰ ਸੁਨਕੇ ਪਹਿਲੋਂ ਤਾਂ ਰਾਜਾ ਜੀ ਸਿਰ ਨੀਵਾਂ ਪਾਕੇ ਕੁਝ ਕਾਲ ਸੋਚਦੇ ਰਹੇ ਫੇਰ ਪ੍ਰਧਾਨ ਨੂੰ ਆਖਨ ਲੱਗੇ॥

ਰਾਜਾ—ਚੱਛਾ ਫੌਜ ਨੂੰ ਤਿਆਰੀ ਦੀ ਆਗਜਾ ਦੇ ਦਿਓ ਜਿਸਤੋਂ ਪਵਨ ਕੱਲਹੀ ਏਥੋਂ ਟੁਰ ਪਵੇ, ਪ੍ਰਧਾਨ ਨੇ ਏਹ ਆਗਜਾ ਸੁਨ ਦੇ ਸਾਰ ਸਾਰੇ ਫ਼ੌਜੀ ਅਫ਼ਸਰਾਂ ਨੂੰ ਸੱਦਕੇ ਲੜਾਈ ਦਾ ਸਮਾਨ ਠੀਕ ਕਰਨ ਦੀ ਤਕੀਦ ਕੀਤੀ॥

ਸਵੇਰ ਸਾਰ ਹੁੰਦਿਆਂਈ ਪੰਜਸੌ ਜੰਗੀ ਸਿਪਾਹੀ ਨੰਗੀਆਂ ਭਲਵਾਰਾਂ ਸੂਤਕੇ ਤਰਕਸ਼ਾਂ ਨੂੰ ਬਾਨਾਂ ਨਾਲ ਭਰਕੇ ਰਤਨਪੁਰ ਦੇ ਦੱਖਨੀ ਦਰਵਾਜਿਓਂ ਬਾਹਰ ਕਿਸੇ ਦੀ ਉਡੀਕ ਵਿੱਚ ਖਲੋਤੇ ਦਿਖਾਈ ਦਿੱਤੇ॥

ਆਹਾ—ਜਦੋਂ ਪਵਨ ਜੀ ਸਿਰਤੇ ਮੁਕਟ ਰੱਖੇ ਫ਼ੌਜੀ ਵਰਦੀ ਪਹਿਨੇ ਘੋੜੇ ਨੂੰ ਦੁੜਾਂਦੇ ਹੋਏ ਆਉਂਦੇ ਨਜ਼ਰ ਪਏ ਤਾਂ ਸਭਨ੍ਹਾਂ ਨੇ ਅਪਨਾ ਸਿਰ ਝੁਕਾ ਓਨ੍ਹਾਂ ਨੂੰ ਪ੍ਰਨਾਮ ਕੀਤਾ।

ਥੋੜ੍ਹੀ ਦੇਰ ਪਿੱਛੋਂ ਸੰਖ ਵੱਜਿਆ ਤੇ ਕੂਚ ਦਾ ਹੁਕਮ ਹੋਯਾ ਤਾਂ ਸਾਰੀ ਫੌਜ ਓਥੋਂ ਚਲ ਪਈ ਜਿਨ੍ਹਾਂਦੇ ਪੈਰਾਂ ਦੀ ਥਪਾਥਪ ਦੀ ਅਵਾਜ਼ ਕਹੀ ਸੁਹਾਓਨੀ ਮਲੂਮ ਹੋਰਹੀ ਹੈ।

ਸਭਤੋਂ ਅੱਗੇ ਪੰਵਨਜੀ ਮੰਤ੍ਰੀ ਨਾਲ ਗੱਲਾਂ ਕਰਦੇ ਜਾ ਰਹੇ ਹਨ ਅਤੇ ਸਭਤੋਂ ਪਿੱਛੇ ਸੈਨਾਪਤਿ ਪ੍ਰੰਦਬੀਚ ਘੋੜੇ ਨੂੰ ਅੱਡੀ ਲਾਂਦਾ ਕਦੀ ਖੱਬੇ ਕਦੇ ਸੱਜੇ ਪਾਸੇ ਫਜ ਦੇ ਨਿਕਲ ਜਾਂਦਾ ਹੈ ਜ਼ਰਾ ਕਿਸੇ ਦਾ ਪੈਰ ਏਧਰ ਓਧਰ ਹੋਇਆ ਝੱਟ ਸੈਨਾਪਤਿ ਜੀ ਨੇ ਉਸਨੂੰ ਜਾ ਝਾਂਟਿਆ॥

ਇਸ ਤਰ੍ਹਾਂ ਏਹ ਬੜੀ ਸਜ ਧਜ ਨਾਲ ਜਾਹੀ ਰਹੇ ਸਨ ਕਿ

Original with:
Language Department Punjab
Digitized by:
Panjab Digital Library

ਸੂਰਸ ਭਗਵਾਨ ਨੇ ਅਪਨੀਆ ਤੀਖਨ ਕਿਰਨਾਂ ਸੰਧਿਆ ਦੇਵੀ ਦੇ ਭੈ ਨਾਲ ਛਿਪਾ ਲਈਆਂ ਅਤੇ ਰਾਤ ਦਾ ਨਗਾਰਾ ਵਜੱਨ ਲੱਗਾ ਤਾਂ ਏਹਨਾਂ ਬਹਾਦੁਰਾਂ ਨੇ ਇੱਕ ਚੰਗੀ ਜਹੀ ਥਾਂ ਵੇਖਕੇ ਨਦੀ ਦੇ ਕਨਾਰੇ ਡੇਰਾ ਲਾਦਿੱਤਾ ॥

ਪਾਠਕ ! ਓਹਨਾਂ ਸਿਪਾਹੀਆਂ ਤੋਂ ਸਿਵਾ ਜੇਹੜੇ ਰਾਤ ਨੂੰ ਪਹਿਰਾ ਦੇ ਰਹੇ ਸਨ ਏਸ ਵੇਲੇ ਸੱਭੇ ਸੌਂ ਗਏ ਹਨ ਪਰ ਪਵਨ ਜੀ ਅਤੇ ਇਨ੍ਹਾਂ ਦਾ ਮੰਤ੍ਰੀ ਅਜੇ ਤੀਕ ਗੱਲਾ ਕਰਦੇ ਸੁਨਾਈ ਦੇ ਰਹੇ ਹਨ। ਅਜੇ ਗੱਲਾਂ ਕਰ ਹੀ ਰਹੇ ਸਨ ਕਿ ਕਿਸੇ ਜਨਾਉਰ ਦੀ ਬੜੀ ਕਾਹਲੀ ਨਾਲ ਬੋਲਨ ਦੀ ਆਵਾਜ਼ ਆਈ, ਪਵਨ ਜੀ ਨੇ ਹਰਾਨ ਹੋਕੇ ਮੰਤ੍ਰੀ ਨੂੰ ਪੁਛਿਆ "ਏਹ ਕੌਨ ਜਨੌਰ ਹੈ ਜੋ ਏਸ ਵੇਲੇ ਬੋਲ ਰਿਹਾ ਹੈ ਅੱਗੇ ਤਾਂ ਕਦੇ ਅਜੇਹੀ ਆਵਾਜ਼ ਸੁਨਨ ਵਿੱਚ ਨਹੀਂ ਆਈ"॥

ਮੰਤ੍ਰੀ—ਮਹਾਰਾਜ ! ਏਹ ਚਕਵੀ ਦਾ ਅਵਾਜ਼ ਹੈ ਏਹ ਪਾਨੀ ਵਿੱਚ ਰਹਿੰਦੀ ਹੈ ਸਾਰਾ ਦਿਨ ਭਾਂ ਅਪਨੇ ਚੱਕਵੇ ਨਾਲ ਕਲੋਲ ਕਦੀ ਰੈਂਹਦੀ ਹੈ ਪਰ ਰਾਤ ਨੂੰ ਰਬ ਵੱਲੋਂ ਹੀ ਏਹਨਾਂ ਦਾ ਵਿਛੋੜਾ ਹੋ ਜਾਂਦਾ ਹੈ ਇਹ ਚਕਵੀ ਹੈ ਜੋ ਅਪਨੇ ਚਕਵੇ ਦੇ ਵਿਯੋਗ ਵਿੱਚ ਬੋਲ ਰਹੀ ਹੈ ਮਾਨੋ ਉਸਨੂੰ ਸਦ ਰਹੀ ਹੈ ॥

ਪਵਨ ਜੀ—(ਬੜੀ ਹਰਾਨੀ ਨਾਲ) ਕੀ ! ਇਹ ਰਾਤ ਨੂੰ ਇਕੱਠੇ ਨਹੀਂ ਰਹ ਸਕਦੇ ॥

ਮੰਤ੍ਰੀ—ਜੀ ਨਹੀਂ ਏਹ ਰਬ ਵੱਲੋਂ ਹੀ ਹੈ ਕਿ ਰਾਤ ਨੂੰ ਇਕ ਦੂਜੇ ਨੂੰ ਨਹੀਂ ਮਿਲ ਸਕਦੇ ॥

ਪਵਨ ਜੀ—ਹੈਂ ! ਕੀ ਇਕਰਾਤ ਦੇ ਵਿਯੋਗ ਨਾਲ ਏਸ ਭਾਂਤ ਵਿਰਲਾਪ ਕਰ ਰਹੀ ਹੈ ॥

ਮੰਤ੍ਰੀ—ਤੁਸੀ ਏਡੇ ਹਰਾਨ ਕਿਓਂ ਹੋ ਗਏ ਏਹ ਕਈ ਨਵੀਂ ਗਲ ਨਹੀਂ ॥

ਪਵਨ ਜੀ--ਇਸਦੀ ਅਵਾਜ਼ ਸਨਕੇ ਮੈਨੂੰ ਹੋਰ ਹੀ ਖਿਆਲ ਉਤਪੱਨ ਹੋ ਗਿਆ ਹੈ ਅਤੇ ਓਹ ਏਹ ਹੈ ਕਿ ਅਸਾਂ ਨੇ ਵਿਆਹ

Original with:
Language Department Punjab
Digitized by:
Punjab Digital Library

ਕਰਦਿਆਂ ਹੀ ਅੰਜਨਾਂ ਦੇਵੀ ਨੂੰ ਵਖਰੇ ਮਹਿਲ ਵਿੱਚ ਰਖਿਆ ਹੋਇਆ ਹੈ ਅਸਤੀਕ ਉਸਦਾ ਮੂੰਹ ਨਹੀਂ ਡਿੱਠਾ ਅਤੇ ਨਾ ਹੀ ਉਸ ਨਾਲ ਕੋਈ ਗਲ ਕੀਤੀ ਹੈ ਜੇ ਏਸ ਜਨਾਵਰ ਦਾ ਇਹ ਹਾਲ ਹੈ ਤਾਂ ਓਹ ਵਿਚਾਰੀ ਮਨ ਵਿੱਚ ਕੀ ਕਹੰਦੀ ਹੋਵੇਗੀ ॥

ਮੰਤ੍ਰੀ—(ਬੜੀ ਹੈਰਾਨੀ ਨਾਲ) ਹਾਏ ! ਇਹ ਕਿਉਂ ? ਤੁਸਾਂ ਏਹ ਕਜੋਂ ਕੀਤਾ ?

ਪਵਨ ਜੀ— ਕੀ ਭਲਾ ਤੁਸਾਂ ਨੂੰ ਓਹ ਮਹੇਂਦ੍ਰਪੁਰ ਵਾਲੀ ਗਲ ਯਾਦ ਨਹੀਂ ਜਦ ਮੇਰੇ ਨਾਲ ਤੁਸੀਂ ਵਿਆਹ ਕਰਨ ਤੋਂ ਪਹਿਲਾਂ ਗਏ ਸੀ ਤਾਂ ਅੰਜਨਾਂ ਦੇਵੀ ਨੇ ਕੀਹ ਆਖਿਆ ਸੀ ? ਸੋ ਓਸੇ ਗੱਲ ਤੋਂ ਪ੍ਰਤਿਗਿਆ ਕੀਤੀ ਹੋਈ ਹੈ ਕਿ ਵਿਆਹ ਤੋਂ ਪਿਛੋਂ ੧੨ ਵਰ੍ਹਿਆਂ ਤੀਕ ਮੈਂ ਓਸਦੇ ਨਾਲ ਨਾਂ ਬੋਲਾਂਗਾ ॥

ਮੰਤ੍ਰੀ—(ਬੜੀ ਹਲੀਮੀ ਨਾਲ) ਜੇ ਤੁਸਾਂ ਓਸੇ ਗਲ ਪਿਛੇ ਏਡੀ ਕੜੀ ਪ੍ਰਤਿਗਿਆ ਕੀਤੀ ਹੋਈ ਹੈ ਤਾਂ ਬੜਾ ਹਨੇਰ ਮਾਰਿਆ ਹੈ, ਕਿਉਂ ਜੋ ਓਹ ਗਰੀਬ ਨਿਰਦੋਸ ਹੈ ਇਸ ਜੋਗ ਨਹੀਂ ਸੀ ਅਤੇ ਮੈਂ ਓਸ ਵੇਲੇ ਭੀ ਆਖਿਆ ਸੀ, ਪਰ ਅਫਸੋਸ ਕਿ ਤੁਸਾਂ ਮੇਰੀ ਗੱਲ ਵਲ ਜ਼ਰਾ ਭੀ ਧਿਆਨ ਨ ਦਿੱਤਾ ਅਤੇ ਐਵੇਂ ਤੁਨ ਤਕ ਉਸ ਨੂੰ ਏਹ ਸਜ਼ਾ ਦਿੱਤੀ । ਅੰਜਨਾਂ ਦੇਵੀ ਨੇ ਜੇ ਮੇਰੀ ਭੀਂਮੀ ਨਾਲ ਜੇਹੜੀ ਕਈ ਵਾਰ ਓਸਦੇ ਪਾਸ ਜਾਂਦੀ ਆਉਂਦੀ ਹੈ ਕਦੇ ਏਸ ਗੱਲ ਦਾ ਭੋਰਾ ਭੀ ਨਹੀਂ ਪਾਇਆ, ਉਸਦੀ ਤਾਂ ਸਾਰੀਆਂ ਭੀਮੀਂਆਂ ਵਡਿਆਈ ਕਰਦੀਆਂ ਹਨ, ਅਫਸੋਸ ਬਾਰਾਂ ਵਰ੍ਹੇ ਬੀਤ ਗਏ ਪਰ ਅਜ ਤੋਂ ਪਹਿਲੇ ਤੁਸਾਂ ਭੀ ਕਦੇ ਇਸ ਗੱਲ ਦਾ ਭੋਰਾ ਨਹੀਂ ਪਾਇਆ ! ਜੇ ਮੈਂ ਸੁਨ ਲੈਂਦਾ ਤਾਂ ਏਹ ਕਦੇ ਭੀ ਨ ਹੋਨ ਦੇਂਦਾ ਓਸ ਦੇਵ ਪਵਿਤ੍ਰ ਵਿਚਾਰਾਂ ਵਾਲੀ ਨੂੰ ਤੁਸਾਂ ਏਡਾ ਦੁਖ ਦਿੱਤਾ ਹਾਏ ! ਓਸ ਨਿਰਦੋਸ ਨੂੰ ਤੁਸਾਂ ਏਹ ਸਜ਼ਾ ਦੇਕੇ ਬੜਾ ਪਾਪ ਕੀਤਾ ਹੈ ਮੇਰੇ ਤਾਂ ਏਹ ਸੁਣਕ ਲੂੰ ਖੜੇ ਹੋ ਗਏ ਹਨ ਤੁਸਾਂ ਬੜਾ ਅਨਰਥ ਕੀਤਾ ਹੈ ਹਾਏ ! ਐਡਾ ਅਨਰਥ ਹਾਏ ! ਹਾਏ ਤੁਸੀ ਬੜੇ ਨਿਰਦਈ ਹੋ ॥

ਪਠਕ ਗਣ ! ਮੰਤ੍ਰੀ ਦੀਆਂ ਗੱਲਾਂ ਪਵਨ ਜੀ ਦੇ ਮਨ ਨੂੰ

Original with:
Language Department Punjab
Digitized by:
Panjab Digital Library

ਬਸਲੀ ਵਾਂਗੂੰ ਚੀਰ ਗਈਆਂ ਸਚ ਹੈ, ਜਾਦੂ ਓਹ ਜੋਹੜਾ ਸਿਰ ਚੜ੍ਹ ਬੋਲੇ ਪਵਨ ਜੀ ਨੇ ਬਿਨਾ ਕੁਝ ਜਬਾਬ ਕਰਨ ਦੇ ਏਹ ਕਿਹਾ:-

ਦੋਹਾ—ਦੁਖ ਕਾਰਣ ਮੈਂ ਭਯੋ, ਸੰਤਾਪ ਨਿਜ ਨਾਰ। ਸ਼ੀਲਵਤੀ ਪਯਾਰੀ ਅੰਜਨਾਂ ਕੁਝ ਨ ਕਿਆ ਵਿਚਾਰ॥

ਜਦ ਪਵਨ ਜੀਨੈ ਏਹ ਕਿਹਾ ਭਾਂ ਮੰਤ੍ਰੀ ਨੇ ਉੱਤਰ ਦਿੱਤਾ।

ਮੰਤ੍ਰੀ—ਮਹ ਰਾਜ ? ਜੋਹੜਾ ਸਮਾਂ ਬੀਤ ਗਿਆ ਓਹ ਭਾਂ ਹਥ ਨਹੀਂ ਆਉਨਾ ਪਰ ਅਜੇ ਬੀ ਰਤਨਪੁਰ ਨੇੜੇ ਹੀ ਹੈ ਹੁਨ ਭੀ ਜਾਕੇ ਓਸਦੀ ਤਸੱਲੀ ਕਰ ਆਉ ਅਤੇ ਮਾਂ ਫ਼ੈਜ ਲੈਕੇ ਰਾਮਨਾਥ ਪੁਰ ਤੁਹਾਨੂੰ ਉਡੀਕਾਂਗ॥

ਪਵਨ ਜੀ—(ਕਝ ਕਾਲ ਸੋਚਨ ਦੇ ਪਿਛੋਂ) ਆਹਾ ! ਮੰਤ੍ਰੀ ਬੜੀ ਖੁਸ਼ੀ ਦੀ ਗਲ ਹੈ ਕਿ ਅਸ ਪ੍ਰਤਿਗਆ ਦ ਭੀ ੧੨ ਵਰ੍ਹੇ ਬੀਤ ਚੁੱਕੇ ਹਨ॥

ਮੰਤ੍ਰੀ—ਹੁਨ ਤੁਸੀ ਦੇਰ ਨਾ ਕਰੋ ਕਿਓਂ ਜੋ ਰਾਤ ਪਹਿਲੇ ਹੀ ਬਹੁਤ ਬੀਤ ਗਈ ਹੈ॥

ਪਵਨ ਜੀ—ਇਸ ਗਲ ਦੀ ਭਾਂ ਕੁਝ ਪਰਵਾਹ ਨਹੀਂ ਪਰ ਮੈਂ ਏਹ ਸੋਚਨਾ ਹਾਂ ਕਿ ਪਿਤਾ ਜੀ ਮੈਂਨੂੰ ਵੇਖਕੇ ਦਿਲ ਵਿੱਚ ਖ਼ਿਆਲੀ ਕਰਨਗੇ ਕਿ ਮੈਂ ਲੜਾਈ ਤੋਂ ਡਰਦਾ ਮੁੜ ਆਯਾ ਹਾਂ॥

ਮੰਤ੍ਰੀ--ਤੁਹਾਨੂੰ ਕਿਸੇ ਦੇ ਮਿਲਨ ਦੀ ਕੀ ਲੋੜ ਹੈ ਸਿਰਫ ਅੰਜਨਾਂ ਦੇਵੀ ਨੂੰ ਮਿਲਕੇ ਚਲੇ ਆਓ॥

ਪਵਨ ਜੀ ਨੂੰ ਮੰਤ੍ਰੀ ਦੀ ਸਲਾਹ ਪਸੰਦ ਆਈ ਅਤੇ ਤਤਕਾਲ ਘੋੜੇ ਤੇ ਚੜ੍ਹਕੇ ਓਥੋਂ ਚਲ ਪਏ॥

—ਓ—

Original with:
Language Department Punjab
Digitized by:
Panjab Digital Library

ਅਠਵਾਂ ਅਧਜਾਯ ॥

ਦਿਲ ਦੀ ਮੁਰਾਦ ਪੂਰੀ ਹੋਈ ॥

ਇਕ ਪਹਰ ਨਾਲੋਂ ਰਾਤ ਕੁਝ ਜ਼ਿਯਾਦਹ ਰਹਿੰਦੀ ਸੀ ਜਦ ਅੰਜਨਾਂ ਦੇਵੀ ਜੋ ਏਸਤੋਂ ਪਹਿਲੋਂ ਪਵਨ ਜੀ ਦੇ ਵੈਰਾਗ ਵਿੱਚ ਕਈ ਤਰਾਂ ਦੀਆਂ ਸੋਚਾਂ ਸੋਚਦੀ ਹੋਈ ਜਾਗ ਰਹੀ ਸੀ ਬੇਹੋਸ਼ ਹੋਕੇ ਸੌਂਗਈ ਅਤੇ ਸੁੱਤੀ ਵੀ ਅਜੇਹੀ ਮਿੱਠੀ ਨੀਂਦ ਵਿੱਚ ਕਿ ਜਿਸਨੂੰ ਬੇਹੋਸ਼ੀ ਦੀ ਨੀਂਦ ਆਖੀਏ ਤਾਂ ਝੂਠ ਨਹੀਂ। ਪਾਠਕ ! ਅੱਗੇ ਤਾਂ ਕਦੀ ਏਹਨੂੰ ਅਸਾਂ ਏਸ ਤਰਾਂ ਸੁੱਤਿਆਂ ਨਹੀਂ ਵੇਖਿਆਂ ਹਾਂ ਸਾਰੀ ਰਾਤ ਹਾਉਕੇ ਭਰਦੀ ਤੇ ਮੱਛੀ ਵਾਕੂ ਤੜਫਦੀ ਰਹਿੰਦੀ ਸੀ ਤੇ ਅਜ ਸੰਧਿਆਂ ਦਾ ਵੇਲਾ ਵੀ ਹੋਗਿਆ ਹੈ ਪਰ ਅਜੇ ਏਹ ਸੁੱਤੀ ਹੋਈ ਹੈ ॥

ਜਦ ਮਮੂਲੀ ਉਠੱਣ ਦਾ ਵੇਲਾ ਹੋਗਿਆ ਤਾਂ ਅੰਜਨਾਂ ਦੇਵੀ ਨੇ ਅਜੇ ਪਾਸਾ ਭੀ ਨ ਪਰਤਿਆ ਤਾਂ ਬਸੰਤ ਮਾਲਾ ਹੈਰਾਨ ਹੋ ਕੁਝ ਕਾਲ ਸੋਚਦੀ ਰਹੀ ਫਿਰ ਦਬੇ ਪੈਰ ਅੰਜਨਾਂ ਦੇਵੀ ਦੇ ਕਮਰੇ ਵਿੱਚ ਗਈ ਤਾਂ ਵੇਖਿਆ ਕਿ ਅੰਜਨਾਂ ਦੇਵੀ ਬਿਹੋਸ਼ ਸੁੱਤੀ ਹੋਈ ਹੈ ਤੇ ਬਮਾ ਦਾਨ ਜਗ ਰਿਹਾ ਹੈ, ਬਸੰਤ ਮਾਲਾ ਨੇ ਅੱਗੇ ਤਾਂ ਕਦੇ ਇਸ ਨੂੰ ਇਸ ਤਰ੍ਹਾਂ ਬੇ ਸੁਧੀ ਦੀ ਨੀਂਦਰ ਸੁਤਿਆਂ [illegible]ਆਂ ਨਹੀਂ ਡਿੱਠਾ ਸੀ ਏਸ ਕਰਕੇ ਘਬਰਾ ਗਈ ਜਲਦੀ ਨਾਲ ਓਸਨੂੰ ਜਗਾਉਨ ਲਈ ਹਥ ਵਧਾਇਆ ਪਰ ਏਹ ਸੋਚ ਕੇ ਕਿ ਚਿਰਾਂ ਪਿਛੋਂ ਏਹਨੂੰ ਅਜੇਹੀ ਨੀਂਦਰ ਆਈ ਹੈ ਝਿਜਕ ਗਈ ॥

ਆਹਾ ! ਪਾਠਕ ! ਜੇਕਰ ਅੰਜਨਾਂ ਦੇਵੀ ਅਜੇਹੀ ਬੇਸੁਧ ਸੁੱਤੀ ਹੋਈ ਹੈ ਪਰ ਉਸਦੇ ਹੋਠ ਕੁਝ ੨ ਹਿਲ ਰਹੇ ਹਨ ਜਿਸਤੋਂ ਮਲੂਮ ਹੁੰਦਾ ਹੈ ਕਿ ਸੁਪਨੇ ਵਿੱਚ ਕਿਸੇ ਨਾਲ ਗੱਲਾਂ ਕਰ ਰਹੀ ਹੈ ॥

ਬਸੰਤ ਮਾਲਾ ਦੇਰ ਤੀਕਰ ਬੜੀ ਹਰਾਨੀ ਨਾਲ ਇਸਦੀ ਪਿਆਰੀ ਪਿਆਰੀ ਸੂਰਤ ਨੂੰ ਵੇਖਦੀ ਰਹੀ, ਅਤੇ ਕੋਈ ਤਰ੍ਹਾਂ ਦੇ ਖਿਆਲ ਮਨਵਿੱਚ ਲਿਆਕੇ ਹਰਾਨ ਹੁੰਦੀ ਰਹੀ। ਜਦ ਸੰਧਿਆਂ ਦਾ ਵੇਲਾ ਬੀਤਨ ਲੱਗਾ ਤਾਂ ਬਸੰਤ ਮਾਲਾ ਬੜੀ ਘਬਰਾ ਗਈ, ਰਹ ਨ

Original with:
Language Department Punjab
Digitized by:
Panjab Digital Library

ਮੱਕੀ ਅਤੇ ਬੋਲੀ ।।

ਬਸੰਤਮਾਲਾ– ਪਿਆਰੀ ਸਖੀ ਸੰਧਿਆਂ ਦਾ ਵੇਲਾ ਲੰਘ ਚਲਿਆ ਹੈ ਤੇ ਤੂੰ ਹੁਨ ਤੀਕ ਸੁੱਤੀ ਪਈ ਹੈਂ ਕੀ .ਅਜ ਉਠੱਨ ਨੂੰ ਜੀ ਨਹੀਂ' ਚਾਹੁੰਦਾ ਇਹ ਕਹਕੇ ਹੱਥ ਨਾਲ ਹਲਾਇਆ ਤਾਂ ਅੰਜਨਾਂ ਦੇਵੀ ਨੇ ਅੱਖਾਂ ਖੋਲਕੇ ਵੇਖਿਆ ਪਰ ਜਲਦੀ ਨਾਲ ਉਸ ਵਲ ਵੇਖਕੇ ਫੇਰ ਬੰਦ ਕਰ ਲਈਆਂ, ਬਸੰਤ ਮਾਲਾ ਅੰਜਨਾਂ ਦੇਵੀ ਦਾ ਏਹ ਹਾਲ ਵੇਖਕੇ ਹੋਰਵੀ ਹੈਰਾਨ ਹੋਗਈ ਤੇ ਕਹਨ ਲੱਗੀ ॥

ਬਸੰਤ ਮਾਲਾ– ਭੈਂਨ ਅੱਜ ਏਹ ਕੀਹ ਗੱਲ ਹੈ ! ਕਿ ਤੂੰ ਮੇਰਾ ਮੂੰਹ ਵੇਖਨਾ ਨਹੀਂ' ਕਾਹੁੰਦੀ, ਕੀ ਮੈਂ' ਕਮਰਿਉਂ' ਬਾਹਰ ਨਕਲ ਜਾਵਾਂ ।।

ਅੰਜਨਾਂ ਦੇਵੀ–ਮੁਸਕਰਾਂਦੀ ਹੋਈ ਉੱਠੀ ਤੇ ਬੋਲੀ ।

ਬਸੰਤ ਮਾਲਾ ਮੈਂ ਸੁਪਨ ਮੇਂ ਦੇਖੇ ਹੈਂ ਭਰਤਾਰ,
ਅਤਿਅਨੰਦ ਮੈਂ ਮਨ ਵਿਖੇ ਰਹੀ ਘੜੀ ਦੋ ਚਾਰ ॥
ਧੰਨ ਦਿਨ ਪਜ਼ਾਰੀ ਆਜ ਕਾ, ਜੋ ਦੇਖਾ ਸੁਪ੍ਨ ਅਪਾਰ,
ਤਬਸੇ ਮਗਨ ਹੈ ਮਨ ਮੇਰਾ ਜੋ ਰਾਖੇਂ ਕਰਤਾਰ ॥

ਬਸੰਤਮਾਲਾ ਕੁਝ ਕਹਨ ਹੀ ਲੱਗੀ ਸੀ ਕਿ ਦਰਵਾਜ਼ੇ ਦੇ ਖਟਖਟਾਨੇ ਦੀ ਅਵਾਜ਼ ਆਈ ਜਲਦੀ ਨਾਲ ਜਾਕੇ ਬਾਰੀ ਵਿਚੋਂ ਡਿੱਠਾ ਤਾਂ ਪਵਨ ਜੀ ਨੂੰ ਵੇਖਿਆ ਹਸਦੀ ੨ ਆਕੇ ਕਹਨ ਲਗੀ:-

ਉਠ ਵੇਖ ਪਿਆਰੀ ਅੰਜਨਾਂ ਕਿਉਂ ਹੋਵੇਂ ਬੇਚੈਨ,
ਸ੍ਵਾਮੀ ਖੜੇ ਦੁਵਾਰ ਪੁਰ ਸੀਤਲ ਕਰ ਉਠ ਨੈਂਨ ॥

ਅੰਜਨਾਂ ਦੇਵੀ–ਸਖੀ ਕਿਉਂ ਦਿਲ ਲਗੀ ਕਰਨੀ ਹੈਂ ਕਦੇ ਤੂੰ ਵਾਹਗੁਰੂ ਕਿਰਪਾ ਕਰਨਗੇ ਤੇ ਭਲੇਦਿਨ ਆਉਨਗੇ ਅੰਜਨਾਂ

Original with:
Language Department Punjab
Digitized by:
Panjab Digital Library

ਦੇਵੀ ਤੇ ਏਹ ਕੈਂਹਦੀ ਰਹੀ ਬਸੰਤ ਮਾਲਾ ਨੇ ਜਾਕੇ ਬੂਹਾ ਖੋਲ੍ਹਿਆ ਅਤੇ ਪਵਨ ਜੀ ਨੂੰ ਨਾਲ ਲੈਆਈ ॥

ਪਵਨ ਜੀ ਨੇ ਦਲਾਨ ਵਿੱਚ ਪੈਰ ਰਖਿਆਹੀ ਸੀ ਕਿ ਅੰਜਨਾਂ ਦੇਵੀ ਓਹਨਾਂ ਦੇ ਪੈਰਾਂ ਤੇ ਡਿੱਗ ਪਈ ਤੇ ਕਹਨ ਲਗੀ, ਧੰਨ ਹੈ ਅਜ ਦਾ ਦਿਨ ਜੋ ਤੁਹਾਡੇ ਦਰਸਨ ਹੋਏ ॥ ਮਹਾਰਾਜ ! ਮੇਰੇ ਨੈਨ ਤਾਂ ਚਕੋਰ ਵਾਂਗੂੰ ਤੁਹਾਡ ਦਰਸ਼ਨ ਨੂੰ ਤਰਸ ਰਹੇ ਸਨ ਮੈਂ ਨਹੀਂ ਜਾਨਦੀ ਕਿ ਤੁਸਾਂ ਮੇਰੇ ਵਲੋਂ ਕਿਉਂ ਚਿੱਤ ਫੇਰ ਲਿਆ ਹੈ ਜੋ ਅਜ ਭੀਕਰ ਸੁਧ ਨਹੀਂ ਲਈ ॥

ਸ੍ਵਾਮੀ ਜੀ ਤੁਹਾਥੋਂ ਬਿਨਾਂ ਮੇਰਾ ਕੋਈ ਆਸਰਾ ਨਹੀਂ, ਮੇਰੇ ਹਾਲ ਤੇ ਦਯਾ ਕਰੋ ਮੈਂ ਬੇ ਕਸੂਰ ਹਾਂ ਮਾਂ ਪਿਉ ਨੂੰ ਛੱਡਕੇ ਤੁਹਾਡੀ ਸ਼ਰਣ ਆਈ ਸਾਂ ਤੁਸਾਂ ਮੈਨੂੰ ਏਸ ਤਰ੍ਹਾਂ ਤ੍ਰਾਹ ਛਡਿਆ ਹੈ ਜਿਵੇਂ ਸਿਧ ਧਨ ਧਾਮ ਨੂੰ ਅਤੇ ਮਨੁਖ ਮਲ ਮੂਤ੍ਰ ਨੂੰ, ਏਹ ਕਹਕੇ ਛਮਾਂ-ਛਮ ਰੋਨ ਲਗ ਪਈ ॥

ਪਵਨ–ਪ੍ਰਿਯਾਜੀ-ਇਸ ਵਿੱਚ ਮੇਰਾ ਦੋਸ਼ ਨਹੀਂ ਏਹ ਤੁਹਾਡੇ ਅਭਮਾਨ ਦਾ ਫਲ ਹੈ ਕੀ ਤੁਹਾਨੂੰ ਯਾਦ ਨਹੀਂ ਜੋ ਵਿਆਹ ਤੋਂ ਕੁਝ ਦਿਨ ਪਹਿਲੇ ਸੰਧਿਆਂ ਵੇਲੇ ਜਦ ਤੁਸੀ ਅਪਨੇ ਮੈਹਲਾਂ ਵਿੱਚ ਸਖੀ ਸਹੇਲੀਆਂ ਨਾਲ ਬੈਠੇ ਹੋਏ ਅਪਨੀ ਸੁੰਦ੍ਰਤਾ ਦੇ ਘੁਮੰਡ ਵਿੱਚ ਆਕੇ ਮੈਨੂੰ ਸ਼ਹਰ ਦਾ ਸਮੁੰਦਰ ਅਤੇ ਦੁਧਪਰਥ ਦੀ ਵਡਿਆਈ ਕਰ ਰਹੇ ਸਾਓ ॥

ਇਹ ਗੱਲ ਸੁਨਕੇ ਅੰਜਨਾਂ ਦੇਵੀ ਤਾਂ ਹਰਾਨ ਹੋਕੇ ਪਵਨ ਜੀਦੇ ਮੂੰਹ ਵਲ ਵੇਖਨ ਲੱਗੀ ਪਰ ਬਸੰਤ ਮਾਲਾ ਨੇ ਏਹ ਉੱਤਰ ਦਿੱਤਾ ॥

ਬਸੰਤ ਮਾਲਾ--ਮਹਾਰਾਜ ਜੋ ਕੁਝ ਆਪ ਆਖਦੇ ਹੋ ਠੀਕ ਹੈ, ਪਰ ਏਸ ਵਿਚਾਰੀ ਨੂੰ ਤਾਂ ਕੁਝ ਖਬਰ ਵੀ ਨਹੀਂ, ਓਹ ਤਾਂ ਚੰਦਰਮੁਖੀ ਇਕ ਵਜ਼ੀਰ ਦੀ ਕੰਨਿਆਂ ਸੀ ਜੋ ਦਿਲਲਗੀ ਦੀਆਂ ਗੱਲਾਂ ਕਰਕੇ ਹਸਰਹੀ ਸੀ ਓਸਤੋਂ ਸਿਵਾ ਹੋਰ ਭੀ ਬਤੇਰੀਆਂ ਕੁੜੀਆ ਉਥ ਬੈਠੀਆਂ ਸਨ ਜੋ ਕੋਈ ਤਰ੍ਹਾਂ ਦੀਆਂ ਗੱਲਾਂ ਕਰਕੇ ਹਸ ਰਹੀਆਂ ਸਨ । ਤੇ ਕੀ

Original with:
Language Department Punjab
Digitized by:
Panjab Digital Library

ਏਹੋ ਗੱਲ ਸੀ ਜਿਸ ਕਰਕੇ ਤੁਸਾਂ ਏਡੀ ਸਖ਼ਤ ਪ੍ਰਤਿਗਆ ਕੀਤੀ ।

ਪਵਨ ਜੀ--(ਸਿਰ ਝੁਕਾਕੇ) ਹਾਂ ਗੱਲ ਤਾਂ ਏਹੋ ਸੀ ।।

ਬਸੰਤ ਮਾਲਾ--ਅਫ਼ਸੋਸ ਤੁਸਾਂ ਕੁਝ ਵੀ ਨ ਵਿਚਾਰਿਆ ਭਲਾ ਏਹ ਤਾਂ ਦੱਸੋ ਤੁਹਾਨੂੰ ਏਹ ਕਿਸਤਰਾਂ ਨਿਸਚਾ ਹੋਇਆ ਕਿ ਉਹ ਅੰਜਨਾਂ ਦੇਵੀ ਦੀ ਹੀ ਅਵਾਜ਼ ਸੀ, ਜਾਂ ਕਿ ਮੈ ਹੋਰਦੀ ਤੁਸਾਂ ਪਹਿਲੋਂ ਤਾਂ ਇਸਦੀ ਕਦੀ ਅਵਾਜ਼ ਨਹੀਂ ਸੁਨੀ ਸੀ, ਤਾਂ ਪਛਾਨ ਕਿਸ ਤਰਾਂ ਲਿਯਾ ਕਿ ਏਸੇ ਦੀ ਹੈ ਮੰਨ ਵੀ ਲਿਆਜਾਵੇ ਕਿ ਤੁਹਾਨੂੰ ਉਸਵੇਲੇ ਧੋਖਾ ਹੀ ਲਗਗਿਆ ਸੀ ਪਰ ਏਹ ਤਾਂ ਬੜੀ ਅਸਾਨ ਗਲ ਸੀ ਕਿ ਵਿਵਾਹ ਤੋਂ ਪਿਛੋਂ ਇਸ ਦਾ ਨਿਰਨਾ ਕਰ ਲੈਂਦ ਪਰ ਹਾਏ ਅਫਸੋਸ! ਤੁਸਾਂ ਏਸ ਗਲ ਨੂੰ ਜ਼ਰਾ ਵੀ ਨ ਸੋਚਿਆ । ਏਹ ਰਾਜ ਦੁਲਾਰੀ ਦੇ ਅਪਨੇ ਪੂਰਬਲੇ ਕਰਮਾਂ ਦਾ ਫਲ ਹੈ ਇਸ ਵਿੱਚ ਤੁਹਾਡਾ ਕੁਝ ਦੋਸ਼ ਨਹੀਂ ਏਹ ਕੈਹਕੇ ਦੋਵੇਂ ਰੋਨ ਲੱਗ ਪਈਆਂ ॥

ਪਵਨ ਜੀ (ਕੁਝ ਕਾਲ ਸੋਚਕੇ) ਪ੍ਰਿਯ ਜੀ ! ਬੇਸ਼ਕ ਮੈਥੋਂ ਭੁੱਲ ਹੋਈ ਹੈ ਤੇ ਭੁਲ ਵੀ ਬੜੀ ਭਾਰੀ ! ਮਲੂਮ ਨਹੀਂ ਓਸ ਵੇਲੇ ਮੈਂਨੂੰ ਕੀਹ ਹੋਗਿਆ ! ਕਿ ਬਿਨਾਂ ਸੋਚਿਆਂ ਸਮਝਿਆਂ ਮੈਂ ਏਹ ਪ੍ਰਤਿਗਯਾ ਕਰ ਲਈ ਹਾਯ ! ਪਿਆਰੀ ਤੈਂਨੂੰ ਬੜਾ ਦੁਖ ਹੋਇਆ ਮੈਂਨੂੰ ਛਿਮਾਂ ਕਰੋ ਮੈਂ ਤੁਹਡਾ ਕਸੂਰਵਾਰ ਹਾਂ ॥

ਅੰਜਨਾ ਦੇਵੀ--(ਹਥ ਜੋੜ ਕੇ) ਸ੍ਵਾਮੀ ਜੀ ਅਜੇਹੀਆਂ ਗੱਲਾਂ ਕਰਕੇ ਮੈਂਨੂੰ ਸ਼ਰਮਿੰਦਿਆਂ ਨ ਕਰੋ ਏਸ ਵਿੱਚ ਤੁਹਾਨੂੰ ਦੋਸ਼ ਨਹੀਂ ਮੇਰ ਅਪਨੇ ਹੀ ਕਰਮਾਂ ਦਾ ਫਲ ਹੈ, ਤੁਸੀ ਕੁਝ ਫਿਕਰ ਨ ਕਰੋ ਮੈਂ ਅੱਜ ਦੇ ਦਿਨ ਨੂੰ ਉੱਤਮ ਸਮਝਨੀ ਹਾਂ ਜੋ ਤੁਹਾਡੇ ਦਰਸ਼ਨ ਹੋਏ, ਬਸੰਤ ਮਾਲਾ ਨੇ ਮੂਰਖਤਾ ਨਾਲ ਜੋ ਦੋ ਤਿੰਨ ਗੱਲਾਂ ਵੱਧਕੇ ਕੀਤੀਆਂ ਹਨ ਸੋ ਉਨ੍ਹਾਂ ਲਈ ਮੈਂ ਤੁਹਾਥੋਂ ਖਿਮਾਂ ਮੰਗਨੀ ਹਾਂ, ਏਨੇ ਵਿੱਚ ਬਸੰਤ ਮਾਲਾ ਨੇ ਮੁਸਕਰਾਕੇ ਆਖਿਆ ।

ਬਸੰਤ ਮਾਲਾ--ਸਖੀ ਕੀ ਭਲਾ ਅੱਜ ਸੰਧਿਆਂ ਨਹੀਂ ਕਰੇਗੀ ?

ਏਹ ਸੁਨਦਿਆਂ ਅੰਜਨਾਂ ਦੇਵੀ ਅਤੇ ਪਵਨ ਜੀ ਨੇ ਸ਼ਨਾਨ ਕਰਕੇ ਸੰਧਿਆ ਕੀਤੀ ਅਤੇ ਫੇਰ ਏਧਰ ਓਧਰ ਦੀਆਂ ਗੱਲਾਂ ਬਾਤਾਂ

Original with:
Language Department Punjab
Digitized by:
Panjab Digital Library

ਕਰਕੇ ਮਨਦਾ ਗੁਮਰ ਕੱਢਨ ਲਗੇ ॥

ਆਹਾ ! ਏ ਸ ਵੇਲੇ ਅੰਜਨਾਂ ਦੇਵੀ ਦਾ ਓਹ ਮੁਖੜਾ ਜੋਹੜਾ ਚਿੰਤਾਤੇ ਫਿਕਰ ਵਿੱਚ ਡੁਬਿਆ ਰਹਿਨ ਕਰਕੇ ਪੀਲਾ ਅਤੇ ਡਰਾਓਨਾ ਹੋ ਰਹਜਾਸੀ ਮਾਰੇ ਖ਼ੁਸ਼ੀਦੇ ਕਯਾ ਸੁੰਦ੍ ਮਲੂਮ ਹੋਰਿਹਾ ਹੈ। ਪਵਨ ਜੀ ਦੇ ਨ ਵੇਖਨ ਕਰਕੇ ਓਹ ਲਹੁ ਜੋੜਾ ਗਮਦੀ ਬਰਫ ਨਾਲ ਜਮ ਗਿਆ ਹੋਯਾ ਸੀ ਹਨ ਨਾੜੀ ੨ ਵਿੱਚ ਜੋਸ਼ ਮਾਰ ਰਿਹਾ ਹੈ, ਗੱਲ ਗੱਲ ਵਿੱਚ ਹਸ ਰਹੀ ਹੈ ਅਤੇ ਖ਼ੁਸ਼ੀ ਨਾਲ ਮੁਖੜਾ ਚਮਕ ਦਮਕ ਰਿਹਾ ਹੈ, ਅੱਜ ਓਹੀ ਮੈਹਲ ਜੋਹੜਾ ਸੁੰਞਾ ਤੇ ਡਰਾਵਨਾ ਮਲੂਮ ਹੁੰਦਾ ਸੀ ਪਵਨ ਦੇ ਆਓਨ ਕਰਕੇ ਹੰਸੀ ਤੇ ਖ਼ੁਸ਼ੀ ਦੀਆਂ ਗੱਲਾਂ ਨਾਲ ਗੂੰਜ ਰਿਹਾ ਹੈ, ਵੇਖੋ ਓਹੋ ਪੰਛੀ ਜੋ ਮੌਲਸਰੀ ਦੇ ਦਰਖ਼ਤ ਤੇ ਬੈਠੇ ਹੋਏ ਅੰਜਨਾਂ ਦੇਵੀ ਦੀ ਮੁਸੀਬਤ ਨੂੰ ਵੇਖਕੇ ਟੱਦੇ ਹੁੰਦੇਸਨ ਏਸ ਵੇਲੇ ਖ਼ੁਸ਼ੀ ਨਾਲ ਚੇਚਿਹਾ ਰਹੇ ਹਨ। ਤੇ ਉਸੇ ਫੁਲਵਾੜੀ ਵਿਚੋਂ ਜਿਸ ਦੇ ਫੁੱਲਾਂ ਨੂੰ ਵੇਖਕੇ ਅੰਜਨਾਂ ਦੇਵੀ ਠੰਡੇ ਸਾਹ ਭਰਿਆ ਕਰਦੀ ਸੀ ਅੱਜ ਬਸੰਤ ਮਾਲਾ ਫੁੱਲਾਂ ਦੇ ਹਾਰ ਪਰੋਕੇ ਅੰਜਨਾਂ ਦੇਵੀ ਅਤੇ ਪਵਨ ਜੀ ਦੇ ਗੱਲ ਵਿੱਚ ਪਾ ਰਹੀ ਹੈ। ਅਤੇ ਇਕ ਗ਼ਲਦਸਤਾ ਭੀ ਅੱਗੇ ਰਖਿਯਾ ਹੈ, " ਸੱਚ ਹੈ ਜਾਨ ਨਾਲ ਜਹਾਨ ਹੈ " ਜੇ ਮਨ ਪ੍ਰਸੰਨ ਹੋਈਆ ਤਾਂ ਸਭੋ ਚੀਜ਼ਾਂ ਚੰਗੀਆਂ ਲਗੀਆਂ, ਨਹੀਂ ਭਾਂ ਚੰਗੀਆਂ ਵੀ ਡਰਾਓਨੀਆਂ ਹਨ ।

ਪਠਾਕ ! ਜਦ ਏਸੇ ਤਰਾਂ ਖ਼ੁਸ਼ੀ ਨਾਲ ਰਹਿੰਦਿਆਂ ਤਿੰਨ ਦਿਨ ਬੀਤ ਗਏ ਅਤੇ ਪਵਨ ਜੀ ਚਲਨੇ ਨੂੰ ਤਿਆਰ ਹੋ ਗਏ ਤਾਂ ਅੰਜਨਾਂ ਦੇਵੀ ਨੇ ਹੱਥ ਜੋੜਕੇ ਆਖਿਆ ॥

ਸ੍ਵਾਮੀ ਜੀ ! ਕੀ ਤੁਸੀ ਅਪਨੇ ਮਾਤਾ ਪਿਤਾ ਨੂੰ ਨਾ ਮਿਲੋਗੇ ॥

ਪਵਨ ਜੀ—ਪ੍ਰਿਯਾ ਜੀ ? ਏਸ ਵੇਲੇ ਤਾਂ ਮੈਂ ਜਾ ਨਹੀਂ ਸਕਦਾ ਮਿੱਥਾ ਰਾਮਨਾਥ ਨੂੰ ਜਾਂਵਾਗਾ ॥

ਅੰਜਨਾਂ ਦੇਵੀ—ਮਹਾਰਾਜ ਜਿਸ ਵੇਲੇ ਓਨ੍ਹਾਂ ਨੂੰ ਤੁਹਾਡੇ ਆਉਨ ਦੀ ਖ਼ਬਰ ਹੋਈ ਓਹ ਏਹੀ ਵਿਚਾਰ ਕਰਨਗੇ ਕਿ ਮੈਂ ਤੁਹਾਨੂੰ ਮਿਲਨ ਨਹੀਂ ਦਿੱਤਾ ਏਸ ਲਈ ਤੁਸੀ ਜ਼ਰੂਰ ਓਨ੍ਹਾਂ ਨੂੰ

Original with:
Language Department Punjab
Digitized by:
Panjab Digital Library

ਮਿਲਕੇ ਜਾਓ ॥

ਪਵਨ—ਪ੍ਰਿਯਾਜੀ ! ਏਸ ਵੇਲੇ ਓਨ੍ਹਾਂਦੇ ਪਾਸ ਜਾਨ ਨਾਲ ਮੇਰੀ ਹਾਂਮੀ ਹੋਵੇਗੀ ਕਿਉਂ ਜੋ ਓਹ ਏਹੀ ਜਾਨਨ ਗੇ ਕਿ ਮੈਂ ਲੜਾਈ ਤੋਂ ਡਰਦਾ ਮੁੜ ਆਯਾ ਹਾਂ ਨਹੀਂ ਤਾਂ ਮੈਂਨੂੰ ਜਾਨ ਵਿੱਚ ਕੋਈ ਉਜ਼ਰ ਨਹੀਂ ਸੀ ॥

ਅੰਜਨਾਂ ਦੇਵੀ—ਮਹਾਰਾਜ ! ਜੇ ਤੁਸੀ ਆਪ ਨਹੀਂ ਜਾ ਸਕਦੇ ਤਾਂ ਕਿਸੇ ਨੂੰ ਭੇਜਕੇ ਹੀ ਓਨ੍ਹਾਂ ਨੂੰ ਖਬਰ ਤਾਂ ਕਰ ਦੇਓ ਨਹੀਂ ਤਾਂ ਮੇਰੇ ਲਈ ਏਹ ਮੁਸ਼ਕਲ ਹੋ ਜਾਵੇਗਾ, ਕਿਉਂ ਜੋ ਰਿਤੁਕਾਲ ਵਿੱਚ ਆਪਦਾ ਦਰਸ਼ਨ ਹੋਈਆ ਹੈ ਅਤੇ ਉਮੈਦ ਹੈ ਕਿ ਪਰਮੇਸ਼ਰ ਸਾਡੀ ਮਨੋ ਕਾਮਨਾ ਸਿੱਧ ਕਰੇਗਾ ਜਿਸਦੇ ਲਈ ਅਮੀਰ ਤੇ ਗਰੀਬ ਵਿਆਹ ਦੀ ਇੱਛਾ ਕਰਦ ਹਨ ॥

ਪਵਨ ਜੀ—(ਹੱਥੋਂ ਅੰਗੂਠੀ ਉਤਾਰਕੇ) ਪ੍ਰਿਯਾ ਜੀ ! ਏਹ ਅੰਗੂਠੀ ਅਪਨੇ ਪਾਸ ਰਖੋ ਮਾਤਾ ਜੀ ਨੂੰ ਵੇਖਾ ਦੇਨੀ, ਓਹ ਤੁਹਾਡੀ ਗੱਲ ਤੇ ਕਦੇ ਭੀ ਸ਼ੱਕ ਨ ਕਰਨਗੇ ਅਤੇ ਮੇਰੇ ਆਓਨ ਦਾ ਨਿਸਚਯ ਕਰ ਲੈਨਗੇ ॥

ਪਾਠਕ ਭਾਵੇਂ ਇਸ ਵੇਲੇ ਪਵਨ ਜੀ ਦਾ ਮਨ ਅੰਜਨਾਂ ਦੇਵੀ ਦੀਆਂ ਗੱਲਾਂ ਸੁਨਕੇ ਇੱਕ ਮਿਨਟ ਭੀ ਉਸਤੋਂ ਜੁਦਾ ਹੋਨ ਨੂੰ ਨਹੀਂ ਚਾਹੁੰਦਾ ਸੀ ਪਰ ਜਾਨਾ ਜਰੂਰੀ ਸਮਝਕੇ ਘੋੜੇ ਨੂੰ ਸਰਪਟ ਭਾਲਕੇ ਦੇਖੋ ਜਾ ਹੀ ਰਿਹਾ ਹੈ, ਰਾਮਨਾਥ ਤੋਂ ਅਪਨੀ ਫੌਜ ਨੂੰ ਨਾਲ ਲੈਕੇ ਲੰਕਾ ਵਿੱਚ ਪਹੁੰਚਿਆ, ਜਦ ਸਾਰੇ ਰਾਜੇ ਜਿਨ੍ਹਾਂ ਨੂੰ ਰਾਵਣ ਨੇ ਸੱਦ ਭੇਜੀਆ ਸੀ ਆ ਗਏ ਤਾਂ ਰਾਜਾ ਵਰੁਣ ਤੇ ਚੜਾਈ ਕੀਤੀ ਗਈ । ਵਰੁਣ ਭੀ ਸਾਹਮਨੇ ਆਯਾ ਪੰਜਾਂ ਦਿਨਾਂ ਤੀਕ ਲੜਾਈ ਹੁੰਦੀ ਰਹੀ ਅੰਤ ਨੂੰ ਵਰੁਣ ਮੈਦਾਨ ਛਡ ਗਯਾ ਅਤੇ ਰਾਵਣ ਖਰਦੂਖਣ ਨੂੰ ਛੁਡਾਕੇ ਲੈ ਆਯਾ । ਪਵਨ ਜੀਨੇ ਰਤਨਪੁਰ ਵਾਪਸ ਜਾਨ ਦਾ ਬਤੇਰਾ ਜਤਨ ਕੀਤਾ ਪਰ ਅਜੇਹੇ ਜਰੂਰੀ ਕੰਮ ਬਨ ਗਏ ਕਿ ਮਹਾਰਾਜਾ ਰਾਵਣ ਨ ਓਨ੍ਹੂੰ ਜਾਨਦੀ ਆਗਜਾ ਹੀ ਨ ਦਿੱਤੀ ॥

Original with:
Language Department Punjab
Digitized by:
Panjab Digital Library

ਨਾਵਾਂ ਅਧਜਾਯ ॥

—:ॐ:—

ਮਾਤਾ ਜੀ ਮੈਂ ਬੇਕਸੂਰ ਹਾਂ ॥

ਜਦ ਪਵਨ ਲੰਕਾਂ ਨੂੰ ਚਲਯਾ ਗਯਾ ਤਾਂ ਅੰਜਨਾਂ ਦੇ ਵੀ ਮੈਹਲ ਪੁਰ ਚੜ੍ਹੀ ਅਤ ਜਿਥੋਂ ਤੀਕ ਨਜ਼ਰ ਗਈ ਅਪਨ ਸ੍ਵਾਮੀ (ਪਵਨ) ਨੂੰ ਵੇਖਦੀ ਰਹੀ ਜਦ ਦਿੱਸਨੋਂ ਰਿਹਾ ਤਾਂ ਨਿਰਾਸ ਹੋਕੇ ਹੇਠਾਂ ਉਤਰ ਆਈ ਤੇ ਆਕੇ ਬਸੰਤ ਮਾਲਾ ਨੂੰ ਆਖਨ ਲੱਗੀ ।

ਅੰਜਨਾਂ ਦੇਵੀ—ਵੇਖੀਏ ਸ੍ਵਾਮੀ ਜੀ ਕਦੋਂ ਆਂਵਦੇ ਹਨ ? ਮੇਰੀਆਂ ਅੱਖਾਂ ਵਿੱਚ ਤਾਂ ਓਨ੍ਹਾਂ ਦੀ ਮੋਹਨੀ ਮੂਰਤ ਸਮਾ ਰਹੀ ਹੈ ਜਿਧਰ ਵਖਨੀ ਹਾਂ ਓਹੀ ਨਜ਼ਰ ਆਉਂਦੇ ਹਨ ਤੇ ਕੰਨਾਂ ਵਿੱਚ ਭੀ ਓਨ੍ਹਾਂ ਦੀ ਸੁਹਾਵਨੀ ਆਵਾਜ ਗੂੰਜ ਰਹੀ ਹੈ ਛੇਜ ਵੱਲ ਦੇਖਨੀ ਹਾਂ ਤਾਂ ਭੀ ਓਹੀ ਬੈਠੇ ਜਾਪਦੇ ਹਨ ।

ਬਸੰਤ ਮਾਲਾ-(ਮੁਸਕਰਾਕੇ) ਸਖੀ ਤਿੰਨਾਂ ਦਿਨਾਂ ਵਿੱਚ ਹੀ ਏਹ ਹਾਲ ! ਰਾਮ ਜਾਨੇ ਜੇ ਓਹ ਬਹੁਤ ਦਿਨ ਰਹਿੰਦੇ ਤਾਂ ਕੀ ਹੁੰਦਾ । ਭੈਨ ਜੀ ਸਬਰ ਕਰੋ ਥੋੜੇ ਦਿਨਾਂ ਨੂੰ ਆਜਾਨਗੇ ।

ਅੰਜਨਾਂ ਦੇਵੀ--(ਸ਼ਰਮਾਕੇ) ਭੈਨ ਕੀ ਕਰਾਂ ਮੇਰਾ ਮਨ ਮੇਰੇ ਵਸ ਵਿੱਚ ਨਹੀਂ ॥

ਏਹ ਕਹਿਯਾ ਤੇ ਹਾਉਕਾ ਭਰਕੇ ਦਿਲ ਵਿੱਚ ਆਖਨ ਲੱਗੀ । ਕਰਤਾਰ ਜਾਨੇ ਮਹਾਰਾਜ ਦੀ ਪ੍ਰੇਮ ਭਰੀ ਨਜ਼ਰ ਨੇ ਮੇਰੇ ਤੇ ਕੀ ਜਾਦੂ ਕਰ ਦਿੱਤਾ ਹੈ ਕਿ ਮੈਂਨੂੰ ਜਰਾ ਧੀਰਜ ਨਹੀਂ ਆਉਂਦੀ, ਦਿਲ ਨੂੰ ਬਹੁਤਾ ਸੰਭਾਲਦੀ ਹਾਂ ਪਰ ਜ਼ਰਾ ਨਹੀਂ ਸੰਭਲਦਾ ਖਬਰ ਨਹੀਂ ਏਨੂੰ ਕੀ ਹੋਗਿਆ ਹੈ, ਏਹ ਕਹਿਯਾ ਤੇ ਪਲੰਗ ਤੇ ਜਾਕੇ ਲੇਟ ਗਈ ।

ਜਦ ਏਸੇ ਤਰ੍ਹਾਂ ਪਵਨ ਜ ਦੇ ਵਿਯੋਗ ਵਿੱਚ ਪੰਜ ਮਹੀਨੇ ਬੀਤ ਗਏ ਤਾਂ ਇੱਕ ਦਿਨ ਗੱਲਾਂ ਬਾਤਾਂ ਕਰਦਿਆਂ ੨ ਬਸੰਤ ਮਾਲਾ ਨੇ ਕਹਿਆ, ਪਿਆਰੀ ਸਖੀ ! ਭਾਵੇਂ ਦੱਸ ਨਾ ਦੱਸ ਤੂੰ ਤਾਂ ਪੈਰ ਭਾਰੇ

Digitized by Panjab Digital Library

ਸਾਨ ਪੜਨੀ ਹੈਂ ।।

ਅੰਜਨਾਂ ਦੇਵੀ–(ਸਿਰ ਨੀਵਾਂ ਪਾਕੇ) ਅੱਜ ਤੈਂਨੂੰ ਕੀ ਹੋਗਿਆ ਹੈ ਜੋ ਅਜੇਹੀਆਂ ਗੱਲਾਂ ਕਰ ਰਹੀ ਹੈਂ ।।

ਬਸੰਤ ਮਾਲਾ–ਨਹੀਂ ਮੈਂ ਹਸਦੀ ਨਹੀਂ ਮੇਰਾ ਪੁਛਨ ਦ ਕੇਵਲ ਇਹ ਮਤਲਬ ਹੈ ਕਿ ਜੇ ਮੇਰੀ ਗੱਲ ਸੱਚੀ ਹੋਵੇ ਅਤੇ ਵਾਹਿਗੁਰੂ ਕਰੇ ਕਿ ਏਹ ਏਸੇ ਤਰ੍ਹਾਂ ਹੋਵੇ ਤਾਂ ਤੈ ਨੂੰ ਕੁਝ ਚਿੰਤਾ ਫਿਕਰ ਨਹੀ ਕਰਨਾ ਚਾਹੀਦਾ, ਕਿਉਂ ਜੋ ਏਹਦਾ ਅਸਰ ਸੰਤਾਨ ਤੇ ਚੰਗਾ ਨਹੀਂ ਪੈਂਦਾ ।

ਅੰਜਨਾਂ ਦੇਵੀ–ਨਹੀਂ ਭੈਨ ! ਮੈਂ ਨੂੰ ਤਾਂ ਕੋਈ ਹੋਰ ਚਿੰਤਾ ਨਹੀਂ ਪਰ ਏਹ ਵਿਚਾਰ ਜਰੂਰ ਹੈ ਕਿ ਜਕਰ ਰਾਨੀ ਨੇ (ਸਾਸ) ਸ੍ਵਾਮੀ ਜੀ ਦੇ ਏਥੇ ਆਉਨ ਦਾ ਅੰਗੂਠੀ ਵੇਖਕੇ ਭੀ ਇਤਬਾਰ ਨਾ ਕੀਤਾ ਤਾਂ ਕੀ ਕਰਾਂਗੀ ਹਾਏ ਫਿਰ ਤਾਂ ਬੜੀ ਮੁਸੀਬਤ ਦਾ ਸਾਮਨਾ ਨਜ਼ਰ ਆਉਂਦਾ ਹੈ ।।

ਬਸੰਤ ਮਾਲਾ–ਏਸ ਗੱਲ ਦੀ ਐਂਵੇ ਚਿੰਤਾ ਕਰਦੇ ਹੋ, ਅੰਗੂਠੀ ਤੋਂ ਵਧਕੇ ਅਸੀ ਹੋਰ ਇਸ ਦਾ ਕੀ ਸਬੂਤ ਦੇ ਸਕਨੇ ਹਾਂ ਕਿ ਪਵਨ ਜੀ ਆਏ ਸਨ, ਜੇਕਰ ਸਾਡੀ ਗੱਲ ਤੇ ਯਕੀਨ ਨ ਕਰਨ ਤਾਂ ਉਨ੍ਹਾਂ ਪਾਸੋਂ ਪੁਛ ਮੰਗਾਉਨ ਭੁਸੀ ਕਿਉਂ ਡਰਦੀ ਹੋ ।

ਅੰਜਨਾ ਦੇਵੀ–ਅੱਛਾ ਜੋ ਪਰਮੇਸ਼ਰ ਨੂੰ ਭਾਵੇ ॥

ਪਾਠਕ ਗਣ ! ਇਥੇ ਇਹ ਦਸਨਾ ਜਰੂਰੀ ਹੈ ਕਿ ਅੰਜਨਾਂ ਦੇਵੀ ਬੜੀ ਪੁੰਨ ਆਤਮਾ ਤੇ ਦਯਾਲੂ ਹੈ ਏਥੇ ਦਿਨ ਚੜ੍ਹਦਿਆਂ ਹੀ ਕਿੰਨੇਅਰਥੀ ਇਸਦੇ ਦੁਆਰੇ ਖਲੋਤੇ ਹੋਏ ਹਨ ਅਤੇ ਏਹ ਕੁਝ ਨ ਕੁ ਦਾਨ ਦੇ ਰਹੀ ਹੈ ਕੋਈ ਰੋਟੀ ਲੈਕੇ ਪ੍ਰਸੰਨ ਹੋ ਰਿਹਾ ਹੈ ਕੋਈ ਪੈਸਾ ਮੰਗ ਰਿਹਾ ਹੈ ਅਤੇ ਕੋਈ ਕਪੜੇ ਦਾ ਮੁਆਲ ਕਰ ਰਿਹਾ ਹੈ ।

ਅੰਜਨਾਂ ਦੇਵੀ ਤਾਂ ਇਸ ਵੇਲੇ ਫਕੀਰ ਦੁਕਰਿਆਂ ਦੀ ਰਛਿਆ ਕਰਨ ਵਿੱਚ ਲਗ ਰਹੀ ਹੈ ਆਓ ! ਅਸੀ ਜ਼ਰਾ ਰਾਨੀ ਕੇਤੁਮੱਤੀ ਦੇ ਮੈਹਲਾਂ ਨੂੰ ਚਲੀਏ ਇਕ ਤਾਂ ਕਿਤਨੇ ਚਿਰ ਤੋਂ ਅਸਾਂ ਓਸਦੇ ਦਰਸ਼ਨ ਨਹੀਂ ਕੀਤੇ ਦੂਜਾ ਮਲੂਮ ਕਰੀਏ ਕਿ ਅੰਜਨਾਂ ਦੇਵੀ ਦੀ ਬਾਬਤ ਉਸਦਾ ਕੀ ਖਿਆਲ ਹੈ ਆਹਾ ! ਰਾਨੀ ਕੇਤੁਮਤੀ ਦਾ ਮੈਹਲ ਭੀ ਤਾਂ

Original with:
Language Department Punjab
Digitized by:
Panjab Digital Library

ਬੜਾ ਸੁੰਦ੍ਰ ਹੈ, ਕਹੀਆਂ ਅੱਛੀਆਂ ਅਮਾਰਤਾਂ ਹਨ ਤੇ ਦਲਾਨ ਵਿੱਚ ਕਿਹਾ ਸੁੰਦ੍ਰ ਫ਼ਰਸ਼ ਹੋਇਆ ਹੋਯਾ ਹੈ ਅਰ ਬੜਾ ਸੋਹਨਾ ਗਲੀਚਾ ਵਿਛਿਆ ਹੋਇਆ ਹੈ, ਜਿਸ ਉੱਤੇ ਬੜੀ ਸੋਹਨੀ ਲਾਲ ਮਖ਼ਮਲ ਦਾ ਗਦੇਲਾ ਪਿਆ ਹੈ ਜਿਸ ਉੱਤੇ ਰਾਨੀ ਕੇਤੁਮਤੀ ਤਕੀਯਾ ਲਾਏ ਬੈਠੀ ਹੈ ਅਤੇ ਇੱਕ ਟੈਹਲਨ ਭੀ ਹਥ ਜੋੜੇ ਅੱਗੇ ਖਲੋਤੀ ਹੋਈ ਹੈ। ਇਹਨੂੰ ਤੇ ਅਸੀ ਪਛਾਨਨੇ ਭੀ ਹਾਂ ਅੱਗੇ ਕਦੀ ਜਰੂਰ ਦੇਖੀ ਹੋਈ ਹੈ ਓਹੋ ! ਇਹ ਤਾਂ ਲਲਿਤਾ ਹੈ ਜਿਸਨੂੰ ਪਹਿਲੇ ਅਸਾਂ ਅੰਜਨਾਂ ਦੇਵੀ ਕੋਲ ਡਿੱਠਾ ਸੀ, ਠੀਕ ! ਇਹ ਓਹੋ ਹੀ ਹੈ, ਓਹ ਵੇਖੋ ! ਰਾਨੀ ਕੇਤੁਮਤੀ ਭੀ ਬੜੀ ਸਜ ਧਜ ਨਾਲ ਸੁੰਦਰ ਕਪੜੇ ਪਾਏ ਬੈਠੀ ਹੈ ਅਤੇ ਲਲਿਤਾ ਦੇ ਮੁੰਹ ਵੱਲੋਂ ਵੇਖਕੇ ਤਿਉੜੀ ਚੜ੍ਹਾਕੇ ਆਖ ਰਹੀ ਹੈ ॥

ਰਾਨੀ—ਕੀ ਇਹ ਸੱਚੀ ਗੱਲ ਹੈ ਕਿ ਅੰਜਨਾਂ ਨਿਕਲ ਜਾਨ ਦੀ ਦਲੀਲ ਕਰ ਰਹੀ ਹੈ ਅਤੇ ਸਾਰਾ ਧਨ ਪਦਾਰਥ ਬੇਅਰਥ ਲੁਟਾ ਰਹੀਹੈ ॥

ਲਲਿਤਾ—ਹਾਂਜੀ ! ਮੈਂ ਭੀ ਤਾਂ ਇਸ ਪ੍ਰਕਾਰ ਹੀ ਸੁਨਿਆ ਹੈ ॥

ਇਹ ਸੁਨਦਿਆਂ ਹੀ ਰਾਨੀ ਦਾ ਮੁੰਹ ਰੁੱਸੇ ਨਾਲ ਲਾਲ ਹੋ ਗਿਆ ਅਤੇ ਸਿਰ ਚਕਰਾ ਗਿਆ ਤਾਂ ਸਿਰ ਨੂੰ ਨੀਵੇਂ ਕਰ ਉੱਧੀ ਪਾਕੇ ਚਿਰ ਤਕ ਕੁਝ ਸੋਚਦੀ ਰਹੀ ਫੇਰ ਰੁੱਸੇ ਦੀ ਆਵਾਜ਼ ਨਾਲ ਲਲਿਤਾ ਵਲ ਵੇਖਕੇ ਕਹਨ ਲੱਗੀ ॥

ਰਾਨੀ—ਜਾਓ ਸਾਡੀ ਪਾਲਕੀ ਲਿਆਓਨ ਲਈ ਹੁਕਮ ਦਿਓ ।

ਲਲਿਤਾ—ਸਤ ਬਚਨ ।

ਇਹ ਕਹਕੇ ਦੌੜੀ ਗਈ ਅਰ ਥੋੜੇ ਚਿਰ ਪਿਛੋਂ ਆਕੇ ਕਹਿਨ ਲੱਗੀ ॥

ਲਲਿਤਾ—ਮਾਤਾ ਜੀ ਪਾਲਕੀ ਆਗਈ ਹੈ ॥

ਰਾਨੀ ਓਸੇ ਵੇਲੇ ਪਾਲਕੀ ਵਿੱਚ ਬੈਠ ਅੰਜਨਾਂ ਦੇ ਮੈਹਲ ਨੂੰ ਗਈ ਜਿਉਂ ਇਸਨ ਦਲਾਨ ਵਿੱਚ ਪੈਰ ਪਾਇਆ ਅੰਜਨਾਂ ਦੂਰੋਂ ਹੀ ਵੇਖਕੇ ਦੌੜੀ ਅਰ ਅਪਨਾ ਸਿਰ ਸੱਸ ਦੇ ਚਰਣਾਂ ਪਰ ਧਰਿਆ, ਅਤੇ

Original with:
Language Department Punjab
Digitized by:
Panjab Digital Library

ਕਹਿਨ ਲੱਗੀ ॥

ਅੰਜਨਾ–ਸ਼ੁਕਰ ਹੈ ਕਿ ਐਂਨੇ ਚਿਰ ਪਿਛੋਂ ਆਪਨੇ ਦਰਸ਼ਨ ਦੇਕੇ ਨਿਹਾਲ ਕੀਤਾ ਅੱਜ ਤਾਂ ਮੇਰੇ ਲਈ ਵਧਾਈ ਦਾ ਦਿਨ ਚੜ੍ਹਿਆ ਏ ਜੋ ਤੁਸਾਂ ਭੀ ਇਧਰ ਧਯਾਨ ਕੀਤਾ ॥

ਰਾਨੀ ਇਸਦੇ ਬਦਲੇ ਕਿ ਇਸਦੀ ਹਲੀਮੀ ਦੀ ਗੱਲ ਬਾਤ ਦਾ ਕੁਝ ਅੱਛਾ ਉੱਤਰ ਦੇਵੇ ਸਗੋਂ ਨਕ ਮੂੰਹ ਚਾੜ੍ਹ ਤਿਉੜੀ ਪਾਕੇ ਬੜੀ ਕ੍ਰੋਧਵਾਨ ਹੋ ਇਹਦੀ ਵੱਲ ਦੇਖਨ ਲੱਗੀ, ਜਾਂ ਉਸਦੇ ਬਦਨ ਤੇ ਨਜ਼ਰ ਪਈ ਤੇ ਗਰਭ ਹੋਨ ਦੇ ਨਿਸ਼ਾਨ ਦੇਖੇ ਸੜ ਬਲਕੇ ਕੋਇਲਾ ਹੋ ਕਹਿਨ ਲੱਗੀ "ਕੀ ਤੂੰ ਗਰਭਵਤੀ ਹੈਂ ਯਾ ਕੋਈ ਹੋਰ ਦੋਗ ਉਤਪੰਨ ਹੋਗਯਾ ਹੈ" ॥

ਅੰਜਨਾਂ ਨੇ ਸ਼ਰਮ ਦੇ ਮਾਰੇ ਮੂੰਹ ਨੀਵਾਂ ਕਰਲਿਯਾ ਤੇ ਕੁਝ ਜਵਾਬ ਨ ਦਿੱਤਾ ॥

ਰਾਨੀ–(ਪੇਟ ਵੱਲ ਧਿਆਨ ਕਰਕੇ) ਹੈਂ ਨੀ ਇਹ ਕੀ ਹੋਇਆ ਹੈ ? ਤੇਰਾ ਭਰਤਾ ਤਾਂ ਲੜਾਈ ਵਿੱਚ ਗਿਆ ਹੋਇਆ ਹੈ ਏਹ ਤੂੰ ਕੀ .....ਤੂੰ ਤਾਂ ਬੜੀ ਬੇਸ਼ਰਮ ਨਿਕਲੀ ਹੈਂ ॥

ਇਸ ਗੱਲ ਨੂੰ ਸੁਨਦਿਆਂਈਂ ਅੰਜਨਾ ਹੈਰਾਨ ਹੋ ਗਈ, ਮੂੰਹ ਪੀਲਾ ਹੋ ਗਿਆ ਨਰਮ ਦਿਲ ਤੇ ਝਾਂਡੀ ਸਟ ਲੱਗੀ ਸਿਰ ਤੇ ਚਿੰਤਾ ਦਾ ਪਰਬਤ ਆ ਡਿੱਗਾ। ਅੱਖਾਂ ਵਿੱਚ ਅਥਰੂ ਭਰ ਆਏ ਦਿਲ ਧੜਕਨ ਲੱਗ ਪਿਆ ਪਰ ਫੇਰ ਭੀ ਅਪਨੇ ਆਪ ਨੂੰ ਸੰਭਾਲ ਕੇ ਕਹਿਨ ਲੱਗੀ ॥

ਮਾਤਾ ਸੁਨੋ ਮੇਰੀ ਬੇਨਤੀ ਮੈਂ ਨਿਰਦੋਸਨ ਨਾਰ,
ਨਹੀਂ ਔਰ ਕਿਸੇ ਕੋ ਜਾਨਤੀ ਬਿਨਾ ਇੱਕ ਭ੍ਰਤਾਰ।
ਕ੍ਰਿਪਾ ਕੀ ਜਗਦੀਸ ਨੇ ਜਾਮਹਿਮਾਂ ਅਪਰੰਪਾਰ,
ਸ੍ਵਾਮੀ ਆਏ ਗ੍ਰਿਹ ਮੇਰੇ ਕਰ ਕੁਛ ਸੋਚ ਵਿਚਾਰ॥

Original with:
Language Department Punjab
Digitized by:
Panjab Digital Library

ਤਿੰਨ ਦਿਨ ਵੋ ਯਹਾਂ ਰਹੇ ਕਰਤੇ ਹਿਤ ਸੇ ਪਿਆਰ
ਗਏ ਰਿਤੂ ਦਾਨ ਦੇ ਯੁਧ ਵਿਖੇ ਪ੍ਰੀਤਮ ਪ੍ਰਾਨ ਅਧਾਰ।

ਮਾਤਾ ਜੀ ਜਿਸ ਵੇਲੇ ਓਹ ਜਾਨ ਲੱਗੇ ਸਨ ਤਾਂ ਮੈਂ ਥਤੇਰੇ ਤਰਲੇ ਮਿਨਤਾਂ ਕੀਤੀਆਂ ਕਿ ਤੁਸੀ ਮਾਤਾ ਪਿਤਾ ਜੀ ਦੇ ਦਰਸ਼ਨ ਕਰਕੇ ਜਾਓ ਜਿਸ ਤੋਂ ਓਹ ਤੁਹਾਡੇ ਆਉਨ ਦੇ ਹਾਲ ਨੂੰ ਮਲੂਮ ਕਰ ਲੈਨ ਨਹੀਂ ਤਾਂ ਓਹ ਮੇਰੇ ਹਾਲ ਤੇ ਯਕੀਨ ਨਹੀਂ ਕਰਨਗੇ ਪਰ ਓਨ੍ਹਾਂ ਨੇ ਇਹੋ ਕਹਕੇ ਟਾਲ ਛਡਿਆ ਕਿ ਜੇ ਹੁਨ ਮੈਂ ਗਿਆ ਤਾਂ ਓਹ (ਮਤਾ ਪਿਤਾ) ਇਹੋ ਸਮਝਨਗੇ ਕਿ ਮੈਂ ਲੜਾਈ ਤੋਂ ਡਰਦਾ ਘਰ ਨੂੰ ਆਗਇਆ ਹਾਂ ਇਸ ਕਰਕੇ ਸਾਡਾ ਹੁਣ ਜਾਨਾ ਚੰਗਾ ਨਹੀਂ ਇਹ ਕਿਹਾ ਅਰ (ਮੁੰਦਰੀ ਵਖ ਕੇ) ਏਹ ਮੁੰਦਰੀ ਅਪਨੇ ਹੱਥੋਂ ਲਾਹਕੇ ਮੈਂਨੂੰ ਦਿੱਤੀ ਜਿਸਨੂੰ ਵਖਾਕੇ ਓਨ੍ਹਾਂ ਦੇ ਆਉਂਨ ਦਾ ਤੁਹਾਨੂੰ ਨਿਸਚੈ ਕਰਾਵਾਂ ॥

ਅੰਜਨਾਂ ਅਜੇ ਕਹਹੀ ਰਹੀਸੀ ਕਿ ਰਨੀ ਫੇਰ ਕ੍ਰੋਧਵਾਨ ਹੋਕੇ ਬੋਲੀ ॥

ਦੋਹਾ-ਝੂਠ ਨ ਬੋਲਹੀ ਪਾਪਨੀ ਐਸਾ ਨਹੀਂ ਕੁਮਾਰ
ਯੁੱਧ ਵਿਖੇ ਮੇਰਾ ਸੂਰਮਾ ਹੈ ਜਿਸਕੀ ਤੂੰ ਨਾਰ।
ਯਹ ਅਨਰਥ ਹੈ ਤੈਂ ਕੀਯਾ ਹੋ ਤੁਝਕੋ ਧਿੱਕਾਰ,
ਕਾਹੇ ਮਰੇ ਨ ਨੀਚਨੀ ਧ੍ਰਿਗ ਜੀਵਨ ਸੰਸਾਰ ॥
ਖੋਟਾ ਕਰਮ ਹੈ ਤੈਂ ਕਿਆ ਕੁਛ ਨ ਕਰੇਵਿਚਾਰ,
ਹੂੰ ਕਿਸਕੀ ਮੈਂ ਪੁਤਰੀ ਕਿਸ ਸ੍ਵਾਮੀਕੀ ਨਾਰ।
ਗਰਭ ਭਯੋ ਕਾਹੂ ਔਰ ਸੇ ਧਰਿਓ ਨਾਮ ਕੁਮਾਰ,
ਜਾ ਦੂਰ ਹੋ ਮੇਰੀ ਨਜ਼ਰ ਸੇ ਚੰਚਲ ਚਤ੍ਰ ਤੂੰ ਨਾਰ ॥

Original with:
Language Department Punj...
Digitized by:
Panjab Digital Library

ਚੰਦ੍ਰੀਏ ! ਜਦ ਤੋਂ ਤੇਰਾ ਵਿਆਹ ਹੋਇਆ ਓਸ (ਪਵਨ) ਨੇ ਤਾਂ ਤੇਰਾ ਮੂੰਹ ਭੀ ਨ ਵੇਖਿਆ। ਗੱਲ ਬਾਤ ਤਾਂ ਇੱਕ ਪਾਸੇ ਰਹੀ ! ਹੁਨ ਰਹ ਵਿੱਚ ਪਰਤ ਕੇ ਤੈ ਨੂੰ ਮਿਲਨ ਲਈ ਆਇਆ ਅਤੇ ਫੇਰ ਘੜੀ ਨਹੀਂ ! ਦੋ ਘੜੀ ਨਹੀਂ ! ਤਿੰਨ ਦਿਨ ਏਥੇ ਰਿਹਾ!!! ਅਤੇ ਸਾਡੇ ਬਿਨਾਂ ਮਿਲਿਆਂ ਹੀ ਚਲਾ ਗਿਆ ? ਭਲਾ ਕੋਈ ਭੀ ਸਿਆਨਾਂ ਤੇਰੀ ਏਸ ਗੱਲ ਨੂੰ ਮੰਨਦਾ ਹੈ ? ਕਿ ਪਵਨ ਨੇ ਏਹ ਕੀਤਾ ਹੋਵੇ, ਏਨੇ ਤੂੰ ਤਾਂ ਡਾਢੀ ਛਿਨਾਰ ਹੈਂ ! ਇਹ ਗੱਲ ਕਹਿੰਦਿਆਂ ਤੈ ਨੂੰ ਸ਼ਰਮ ਨਹੀ ਆਂਦੀ ॥ ਮੁੰਦਰੀ ਵਖਾਕੇ ਏਗੁਨਾਹ ਬਨਨੀ ਹੈਂ, ਪਤਿਬਤਾ ਹੋਨ ਦਾ ਹੌਸਲਾ ਕਰਨੀ ਹੈਂ। ਜਾ ਮੇਰੀਆਂ ਅੱਖਾਂ ਤੋਂ ਦੂਰ ਹੋ ਜਾ ਤੇਰੀ ਸਭ ਭਲਮ ਨਸੀ ਜ਼ਾਹਰ ਹੋਗਈ ਹੈ ! ਤੇਰੇ ਜੇਹੀ ਚੁਬਰੀ ਨੂੰ ਤਾਂ ਮੌਤ ਭੀ ਨਹੀਂ ਆਉਂਦੀ ॥

ਪਾਠਕ ਗਣ ! ਰਾਨੀ ਦੇ ਇਡੇ ਕਰੜੇ ਸ਼ਬਦ ਤੀਰ ਦੇ ਸਮਾਨ ਨਿਕਲ ਨਿਕਲ ਕੇ ਤਿਬ੍ਤਾ ਅੰਜਨਾਂ ਦੇਵੀ ਦੇ ਹਿਰਦੇ ਨੂੰ ਜੇਹੜੀ ਬਿਚਾਰੀ ਸਾਹਮਣੇ ਸਿਰ ਨੀਵਾਂ ਪਾਕੇ ਬੈਠੀ ਹੈ ਚੀਰਦੇ ਜਾਂਦੇ ਹਨ ਅਤੇ ਉਸਦੀਆਂ ਅੱਖੀਆਂ ਅੱਗੇ ਅੰਨੇਰਾ ਹੁੰਦਾ ਜਾਂਦਾ ਹੈ, ਕੌਨ ਜਿਨ੍ਹਾਂ ਕਦੇ ਇਹੋ ਜਹੇ ਕੌੜੇ ਬਚਨ ਨਹੀਂ ਸੁਨੇ ਸਨ ਸੁਨਨ ਦੀ ਸ਼ਕਤੀ ਨੂੰ ਦੂਰ ਕਰ ਰਹੇ ਹਨ ਅਰ ਦਿਲ ਵਿੱਚ ਸੜ ਸੜਕੇ ਅਰ ਰੋ ਰੋਕੇ ਲੇਖ ਲਿਖਨ ਵਾਲੇ ਨੂੰ ਕਹ ਰਹੀ ਹੈ ਹਾਏ ! ਹੁਨ ਕੀ ਕਰਾਂ ! ਕਿਧਰ ਜਾਵਾਂ ! ਹੁਨ ਕੀ ਹੋਵੇਗਾ" ॥

ਜਦ ਰਾਨੀ ਏਹ ਕਹਿਕੇ ਚੁਪ ਹੋਗਈ ਤਾਂ ਅੰਜਨਾਂ ਦੇਵੀ ਨੇ ਨਜ਼ਰ ਚੁਰਾਕੇ ਏਧਓਧਰ ਵੇਖਿਆ ਤਾਂ ਅਪਨੇ ਸੱਜੇ ਹੱਥ ਬਸੰਤ ਮਾਲਾ ਨੂੰ ਪਾਯਾ, ਆਹਾ ! ਇਸਵੇਲੇ ਸਿਸਦਾ ਪਤਿਵ੍ਤਾ ਧਰਮ ਅਤੇ ਇਸਦੀ ਲੱਜਾ ਇਥਨੂੰ ਕਹ ਰਹੀ ਹੈ ਬਸ ਹੁਨ ਸੰਸਾਰ ਵਿੱਚ ਨਹਕਰ ਮੂੰਹ ਵਖਾਨਾ ਨਹੀਂ ਲੋਕ ਕੀ ਆਖਨਗੇ, ਓਹੋ! ਇਸ ਧਿਆਨ ਦੇ ਉਠਦਿਆਂਈ ਥੋੜੇ ਚਿਰ ਲਈ ਸ਼ਰੀਰ ਦੀਆਂ ਸਾਰੀਆਂ ਸਮਰਥਾਂ ਨੇ ਅਪਨਾ ੨ ਕੰਮ ਛਡ ਦਿੱਤਾ ਅਰ ਇਹ ਮੁਰਦਾ ਜੇਹੀ ਹੋ ਗਈ ਅਤੇ ਜਦੋਂ ਕੁਝ ਹੋਸ਼ ਆਈ ਤਾਂ ਰੱਬ ਜੋੜਕੇ ਬੋਲੀ ॥

ਅੰਜਨਾਂ—ਮਾਤਾ ਜੀ ਮੈਂ ਏਕਸੂਰ ਹਾਂ ਸ੍ਵਾਮੀ ਜੀ ਦੇ ਆਉਨ

Original with:
Language Department Punjab
Digitized by:
Panjab Digital Library

ਭੇ ਤੁਹਾਨੂੰ ਸਾਰਾ ਹਾਲ ਮਲੂਮ ਹੋਜਾਊਗਾ ਹੁਨ ਖਿਮਾ ਕਰੋ ॥

ਚਾਹੀਦਾ ਭੁ ਏਹ ਸੀ ਕਿ ਅੰਜਨਾਂ ਦੇਵੀ ਦੀ ਹਲੀਮੀ ਰਾਨੀ ਦੇ ਗੁੱਸੇਨੂੰ ਟਾਲ ਦੇਂਦੀ ਪਰ ਏਸ ਵੇਲੇ ਓਹ ਓਲਟਾ ਗੁੱਸੇ ਦੀ ਅਗ ਉਂਤੇ ਤੇਲ ਦਾ ਕੰਮ ਦੇ ਗਈ ਅਰ ਲਾਲ ਅੱਖਾਂ ਕੱਢਕੇ ਰਾਨੀ ਆਖਨ ਲੱਗੀ॥

ਰਾਨੀ—ਤੇਰੇ ਮਨ ਵਿੱਚ ਏਹ ਹੋਵੇਗਾ ਕਿਏਥੇ ਰਹਕੇ ਏਹਨਾਂ ਦੇ ਖਾਨਦਾਨ ਨੂੰ ਕਲੰਕ ਲਾਵਾਂ ਤੇ ਪਵਨ ਦਾ ਨਾਂ ਬਦਨਾਮ ਕਰਾਂ) ਭੁਲਾ ਮੈਂ ਏਹ ਕਦ ਕਰਨ ਦੇਨ ਲੱਗੀ ਹਾਂ(ਟੈਹਲਨ ਵੱਲ ਵੇਖਕੇ ਸਾ ਸ ਕੇ *ਪਾਤਕੀ ਰਥ ਲੈਆ ਮੈਂ ਹੁਨੇ ਏਸ ਦਾ ਝਗੜਾ ਚੁੱਕਾ ਦਿਨਾਂ॥

ਅੰਜਨਾਂ ਦੇਵੀ (ਕੰਮਦੀ ਹੋਈ) ਮਾਤਾ ਜੀ ਜਦ ਤੀਕ ਸੁਆਮੀ ਜੀ ਯੁੱਧ ਤੋਂ ਮੁੜਕੇ ਨਹੀਂ ਆਉਂਦੇ ਮੈਂਨੂੰ ਏਥੇ ਹੀ ਰਹਿਨ ਦੀ ਆਗਜਾ ਦਿਓ ਮੈਂ ਟਹਿਲਨਾਂ ਵਾਂਗੂੰ ਆਪ ਦੀ ਟਹਲ ਕਰਾਂਗੀ, ਪੇਕੇ ਜਾਨ ਤੋਂ ਮੇਰੀ ਛੁਟੀ ਬਿਇਜ਼ਤੀ ਹੋਵਗੀ ॥

ਰਾਨੀ— ਚੰਗੀ ਕਹੀ ! ਬੜੀ ਚਤੁਰ ਹੈਂ ਪੇਕੇ ਜਾਨ ਨਾਲ ਤਾਂ ਤੇਰੀ ਬਿਇਜ਼ਤੀ ਹੁੰਦੀ ਹੈ ! ਬੇਸ਼ਰਮੇਂ ! ਓਸ ਵੇਲੇ ਸੋਚਦੀਓਂ ਤੇਰੇ ਏਥੇ ਰਹਿਨ ਵਿਚ ਜੇਹੜੀ ਸਾਡੀ ਬਦਨਾਮੀ ਹੋਵੇਗੀ ਉਸਦਾਂ ਖ਼ਿਆਲਾ ਤੇ ਨਹੀਂ ਆਉਂਦਾ ! ਜਾ ਦੂਰ ਹੋ ਬਕਵਾਸ ਨ ਚਰ ॥

ਏਨੇ ਵਿੱਚ ਲੌਂਡੀ ਨੇ ਆਕੇ ਕਿਹਾ 'ਮਾਤਾ ਜੀ ਪਤੀ ਰਥ ਦਰਵਾਜੇ ਅੱਗੇ ਆ ਖਲੋਤਾ ਹੈ ਅਤੇ ਏਹ ਕਪੜੇ (ਅੰਜਨਾਂ ਵਲ ਵੇਖਕੇ) ਇਸਦੇ ਲਈ ਲਿਆਈ ਹਾਂ" ਇਹ ਕਿਹਾ ਅਰ ਅੰਜਨਾਂ ਦੇ ਅੱਗੇ ਰਖਕੇ ਪਹਿਨਨ ਲਈ ਸੈਨਤ ਕੀਤੀ ॥

ਜਿਸ ਵੇਲੇ ਲੌਂਡੀ ਨੇ ਕਾਲੇ ਕਪੜੇ ਅੰਜਨਾਂ ਦੇ ਅੱਗੇ ਪਾਉਨ ਲਈ ਰਖੇ ਤਾਂ ਅੰਜਨਾ ਬਹੁਤ ਘਬਰਾਗਈ ਮੂੰਹੋਂ ਤਾਂ ਕੁਝ ਨਾਂ ਬੋਲੀ ਪਰ ਅੱਖਾਂ ਤੋਂ ਛਮ ਛਮ ਕਰਦੇ ਅਥਰੂ ਡਿਗਨ ਲਗ

---

*ਇਹ ਇਕ ਤਰਾਂ ਦਾ ਰਥ ਸੀ ਜਿਸ ਦਾ ਸਾਰਾ ਸਮਯਾਨ ਕਾਲਾ ਹੁੰਦਾ ਸੀ ਬਦਚਲਨ ਰਾਨੀ ਨੂੰ ਇਸ ਵਿੱਚ ਬਠਾਕੇ ਦੇਸ ਨਿਕਾਲਾ ਦਿੱਤਾ ਜਾਂਦਾ ਸੀ ॥

Original with:
Language Department Punjab
Digitized by:
Panjab Digital Library

ਪਏ ਅਤੇ ਏਹ ਨੀਵੇਂ ਨਜ਼ਰ ਕਰਕੇ ਏਧਰ ਓਧਰ ਬੜੀ ਘਬਰਾਹਟ ਨਾਲ ਦੇਖ ਰਹੀ ਹੈ ਮਾਨੋ ਇਹ ਚਾਹੁੰਦੀ ਹੈ ਕਿ ਕੋਈ ਇਸ ਵੇਲੇ ਮੇਰੀ ਇਸ ਮੁਸੀਬਤ ਨੂੰ ਆਨ ਕੇ ਕਟਾਵੇ ਅਰਥਾਤ ਰਾਨੀਦੇ ਗੁੱਸੇ ਨੂੰ ਟਾਲੇ ਅਰ ਇਹ ਕਹੇ ਕਿ ਅੰਜਨਾਂ ਪਤਿਬ੍ਰਤਾ ਅਰ ਬੇਕਸੂਰ ਹੈ ॥

ਪਰ ਹਾਏ ਸ਼ੋਕ ! ਕਿ ਏਥੇ ਕੋਈ ਭੀ ਅਜੇਹਾ ਨਹੀਂ ਜੇਹੜਾ ਰਾਨੀ ਨੂੰ ਏਸ ਵੇਲੇ ਸਮਝਾਕੇ ਓਹਨਾਂ ਦੇ ਗੁੱਸੇ ਨੂੰ ਠੰਡਾ ਕਰੇ ਅਤੇ ਏਸ ਗੱਲ ਤੋਂ ਮੋੜੇ, ਜਾਂ ਏਨਾਂ ਭੀ ਆਖ ਸਕੇ ਕਿ ਪਹਿਲੋਂ ਪਵਨ ਜੀ ਨੂੰ ਤਾਂ ਪੁੱਛ ਲਵੇ ਫੇਰ ਏਸ ਨੂੰ ਡੰਡ ਦਿਓ ॥

ਪਾਠਕ ਗਣ ! ਏਸ ਵੇਲੇ ਉਥੇ ਸਿਵਾ ਓਸ ਪਾਪਨ ਲੌਂਡੀ ਦੇ ਜਾਂ ਬਿਚਾਰੀ ਬਸੰਤ ਮਾਲਾ ਦੇ ਹੋਰ ਕੋਈ ਨਹੀਂ ਸੀ ॥

ਆਹ ! ਬਸੰਤ ਮਾਲਾ ਕਾਲੇ ਕਪੜੇ ਵੇਖਕੇ ਬੜੀ ਘਬਰਾ ਗਈ ਅਰ ਜਲਦੀ ਨਾਲ ਉਠ ਕੇ ਰਾਨੀ ਦੇ ਪੈਰਾਂ ਤੇ ਸਿਰ ਨੰਗਾ ਕਰਕੇ ਜਾ ਡਿੱਗੀ ਅਤੇ ਆਖਨ ਲੱਗੀ ॥

ਬਸੰਤ ਮਾਲਾ—ਮਾਂ ਜੀ ਏਡਾ ਅਨਰਥ ਨ ਕਰੋ ! ਅੰਜਨਾਂ ਵਿੱਚ ਜ਼ਰਾ ਕਸੂਰ ਨਹੀਂ, ਜਦ ਤੀਕ ਪਵਨ ਜੀ ਨਹੀਂ ਆ ਲੈ'ਦੇ ਤਦ ਤਕ ਮੱਚ ਝੂਠ ਦਾ ਨਤਾਰਾ ਨਹੀਂ ਹੋ ਸਕਦਾ ਤੁਸੀ ਇਸ ਨੂੰ ਏਥੇ ਰਹਿਨ ਦਿਓ, ਬਾਹਰ ਜਾਨ ਨਾਲ ਨਿਰੀ ਏਸੇ ਦੀ ਬੇਇਜ਼ਤੀ ਨਹੀਂ ਤੁਹਾਡੀ ਭੀ ਇਜ਼ਤ ਵਿੱਚ ਫਰਕ ਆਵੇਗਾ । ਅਤੇ ਪਵਨ ਜੀ ਭੀ ਸੁਨਕੇ ਗੁੱਸਾ ਕਰਨਗੇ ਫੇਰ ਪਛੋਤਾਉਨ ਤੋਂ ਬਿਨਾਂ ਕੁਝ ਨਹੀਂ ਹੋਵੇ ਗਾ ॥

ਬਸੰਤ ਮਾਲਾ ਦੀਆਂ ਗੱਲਾਂ ਸੁਨ ਕੇ ਰਾਨੀ ਦਾ ਗੁੱਸਾ ਹੋਰ ਭੀ ਵਧ ਗਿਆ ਅਤੇ ਗੁੱਸੇ ਹੋਕੇ ਬੋਲੀ ॥

ਰਾਨੀ—ਚਲ ਦੂਰ ਹੋ ਔਤ੍ਰੀਏ ਦੱਲਨੇ ॥

ਇਹ ਕਿਹਾ ਅਰ ਪੈਰ ਨਾਲ ਪਰੇ ਧੱਕਾ ਦੇ ਪਾਲਕੀ ਵਿਚ ਬੈਠਕੇ ਅਪਨੇ ਮਹਿਲਾਂ ਨੂੰ ਆਈ ਅਰ ਰਾਜਾ ਤੋਂ ਇਕ ਚਿੱਠੀ ਲਿਖਵਾਕੇ ਮਹੇਂਦ੍ਰਗਿਰ ਨੂੰ ਉਸੇ ਵੇਲੇ ਚਿੱਠੀ ਭੇਜ ਦਿੱਤੀ ਕਿ ਓਹ

Original with:
Language Department Punjab
Digitized by:
Panjab Digital Library

ਅਪਨੀ ਨਿਰਦੋਖ ਪੁਤ੍ਰੀ ਤੇ ਦਯਾ ਕਰਨ ਦੇ ਬਦਲੇ ਉਸਦੇ ਲਹੁ ਦਾ ਤਿਹਾਇਆ ਹੋਜਾਵੇ ॥

+ ੴ +

ਦਸਵਾਂ ਅਧਜਾਯ ॥

ਦੇਸ ਨਿਕਾਲਾ

ਮਾਮੁਖ ਠਾਨੇ ਅਵਰ ਕੁਛ ਵਿਧਨਾ ਠਾਨੇ ਔਰ ।
ਵਿਧੀ ਕ੍ਰਾਮ ਦੇ ਬੀਚ ਮੇਂ ਮਨਸ ਦੀ ਨਹੀਂ ਠੌਰ॥

ਗਰਮੀ-ਦੀ ਰੁਤ ਅਤੇ ਪਿਛਲੇ ਪਹਿਰ ਦਾ ਵੇਲਾ ਹੈ ਜਦ ਬਿਚਾਰੀ ਅੰਜਨਾਂ ਦੇਵੀ ਦੋਂਦੀ ਅਤੇ ਕੁਨਲਾਂਦੀ ਨੋਈ ਪਾਭਕੀ ਰਥ ਵਿੱਚ ਬੈਠ ਬਸੰਤ ਮਾਲਾ ਨੂੰ ਨਾਲ ਲੈਕੇ ਰਤਨਪੁਰੋਂ ਦੂਰ ਪਈ।।

ਜੋਕਰ ਇਹ ਅਨਰਥਦੀ ਗਲ ਸੁਨਕੇ ਬਹੁ ਸਾਰੇ ਨਢੀਆਂ ਮਰਦ ਇਕੱਠੇ ਹੋ ਗਏ ਹਨ ਪਰ ਇਹਨਾਂ ਵਿੱਚੋਂ ਅਜੇਹਾ ਇਕ ਭੀ ਨਹੀਂ ਜਿਸਨੇ ਅੱਖਾਂ ਤੋਂ ਜਲ ਵਗਾ ਅੰਜਨਾਂ ਦੇਵੀ ਤੇ ਜ਼ੁਲਮ ਹੋਨ ਦੀ ਗਲ ਨਾਂ ਕੀਤੀ ਹੋਵੇ ! ਭਾਵੇਂ ਰਾਨੀ ਦੇ ਸਾਮਨੇ ਭਾਂ ਡਰ ਦੇ ਮਾਰੇ ਕਿਸੇ ਨੂੰ ਬਰਿਕਨ ਦੀ ਸਮਰਥ ਨਹੀਂ ਪਈ ਪਰ ਹੁਨ ਭਾਂ ਰਾਨੀ ਦੇ ਇਸ ਅਨਜਾਇ ਦੀ ਸ਼ਕਾਇਤ ਈਸ਼ੂਰ ਅੱਗੇ ਕਰ ਰਹੇ ਹਨ ॥

ਅੰਜਨਾਂ ਏਹਨਾਂ ਲੋਕਾਂ ਵੱਲਡਾਢੀ ਦੀਨਤਾਈ ਦੀ ਨਜ਼ਰ ਨਾਲ ਅਤੇ ਸਿਰ ਨੀਵਾਂ ਪਾਕੇ ਵੇਖਦੀ ਹੋਈ ਜਾ ਰਹੀ ਹੈ ਅਤੇ ਕਈ ਭਰਾਂ ਦੇ ਦਿਲ ਦੇ ਉਬਾਲ ਨਦੀ ਲੈਂਹਦੇ ਹਨ ਕਦੀ ਚੜ੍ਹਦੇ ਹਨ ਕਦੀ ਭਾਂ ਆਪੇ ਹੀ ਠੰਡੀ ਹੋਜਾਂਦੀ ਹੈ ਕਦੀ ਫੇਰ ਰੋਨਾ ਸ਼ੁਰੂ ਕਰ ਦੇਂਦੀ ਹੈ ਕਦੇ ਸੋਚਦੀ ਕਿ ਕਿਸੇ ਥਾਂ ਜਾਨ ਨਾਲੋਂ ਪੈਕੇ ਹੀ ਜਾਨਾ ਚੰਗਾ ਹੈ, ਕਿਉਂਕਿ ਉਹ ਭਾਂ ਜ਼ਰੂਰ ਹੀ ਮੇਰੇ ਹਾਲ ਤੇ ਦਯਾ ਕਰਕੇ ਮੇਰੇ ਦੁਖ ਨਾਲ ਦੁਖ ਵੰਡਨਗੇ, ਪਰ ਜਦ ਉਹ ਮੈਂਨੂੰ ਕਾਲੇ ਕਪੜਿਆਂ

Original with:
Language Department Punjab
Digitized by:
Panjab Digital Library

ਦਾ ਕਾਰਣ ਪੁਛਨਗੇ ਤਾਂ ਕੀ ਦਸਾਂਗੀ। ਫੇਰ ਆਪੇ ਆਪ ਹੀ ਅਪਨੇ ਜ਼ੁੱਸੇ ਵਲੋਂ ਤੱਕਕੇ ਹਾਏ ਮੈਂ ਤਾਂ ਓਨ੍ਹਾਂ ਦੇ ਪਾਸ ਜਾਨ ਦੇ ਜੋਗ ਹੀ ਨਹੀ ਹਾਂ। ਹਾਏ ਦੋਸ਼ ਭੀ ਤਾਂ ਮੈਨੂੰ ਓਹ ਲਾਇਆ ਹੈ ਜਿਸਨੂੰ ਵਰਣਨ ਓਰਦਿਆਂ ਭੀ ਲੱਜਾ ਆਉਂਦੀ ਹੈ ਅਜੇਹੇ ਜੀਉਨ ਤੋ ਤਾਂ ਮਰਨਾ ਚੰਗਾ ਹੈ, ਕਿਉਂ ਜੋ ਸੰਸਾਰ ਵਿੱਚ ਓਹੋ ਇਸਤ੍ਰੀ ਚੰਗੀ ਹੈ ਜਿਸਦੀ ਇਜ਼ੱਤ ਅਰ ਆਬਰੂ ਕੱਜੀ ਰਹੇ ਨਹੀਂ ਤਾਂ ਐਸੀ ਬਿਇਜ਼ਤੀ ਕਰਕੇ ਇਸਤ੍ਰੀ ਦਾ ਜੀਉਨਾ ਮੌਤਦੇ ਬਰਾਬਰ ਹੇ ਸੋ ਹੁਨ ਤਾਂ ਮੇਰਾ ਮਰਨਾ ਹੀ ਚੰਗਾ ਹੈ, (ਮੁੰਦਰੀ ਵੱਲੋਂ ਵੇਖਕੇ) ਕਿ ਇਹੋ ਹੀਰਾ ਮੇਰਾ ਕੰਮ ਪੂਰਾ ਕਰਨ ਲਈ ਬਹੁਤ ਹੈ (ਅਪਨੇ ਆਪ) ਨਹੀਂ ਮੇਰਾ ਏਹ ਖਿਆਲ ਭੀ ਠੀਕ ਨਹੀਂ ਐਸਾ ਕਰਨ ਕਰਕ ਹੋਰ ਵੱਧ ਬਦਨਾਮ ਹੋਵਾਂਗੀ ਚਾਹੇ ਸ੍ਵਾਮੀ ਜੀ ਮਾਤਾ ਦੀ ਗੱਲ ਤੇ ਇਤਬਾਰ ਨ ਕਰਨਗੇ ਪਰ ਦੁਨਿਆਂ ਨੂੰ ਕੌਨ ਸਮਝ ਇਗਾ। ਅਤੇ ਏਹ ਕਲੰਕ ਜੋਹੜਾ ਮੇਰੇ ਜੀਵਨ ਤੇ ਲਾਇਆ ਗਿਆ ਹੇ ਸਦਾ ਲਈ ਲੱਗਾ ਰਹੇਗਾ। ਆਹਾ ! ਮੈਂ ਪਿਛਲੇ ਜਨਮ ਵਿੱਚ ਕਏ ਖੋਟੇ ਕਰਮ ਕੀਤੇ ਸਨ ਜਿਨ੍ਹਾਂ ਕਰਕੇ ਮੈਨੂੰ ਅੱਜ ਏਹ ਦਿਨ ਵੇਖਨਾ ਪਿਆ। ਚੰਗਾ ! ਪੇਕੇ ਜਾਕੇ ਕੀ ਕਰਨਾ ਹੈ ਕਿਤੇ ਹੋਰ ਥਾਂ ਅਪਨੀ ਮੌਤ ਦੇ ਦਿਨ ਪੂਰੇ ਕਰਲਾਂਗੀ (ਥੋੜਾ ਚਿਰ ਸੋਚਕੇ) ਹਾਂ ਠੀਕ ਹੈ ਇਹੋ ਗੱਲ ਚੰਗੀ ਹੈ ਹੁਨ ਓਨ੍ਹਾਂ ਦੇ ਪਾਸ ਨਾਂ ਜਾਵਾਂਗੀ, (ਫੇਰ ਭੀ ਅਪਨੇ ਆਪਹੀ ਨਹੀਂ! ਨਹੀਂ !! ਏਹ ਭੀ ਠੀਕ ਨਹੀਂ ਏਹ ਗੱਲ ਕਰਨ ਤੋਂ ਝੂਠ ਸੱਚਦਾ ਨ ਥੇੜਾ ਕਿਸ ਪ੍ਰਕਾਰ ਹੋਵੇਗਾ, ਪੇਕੇ ਜਾਨਾਈ ਚੰਗਾ ਹੈ ਕਿਉਂ ਜੋ ਮੈਂ ਤਾ ਬੇਕਸੂਰ ਹਾਂ (ਆਪਹੀ) ਪਰ ਇਸਦਾ ਮੇਰੇ ਕੋਲ ਕੀ ਸਬੂਤ ਹੈ ਇਹੋ ਇੱਕ ਅੰਗੂਠੀ ਦਾ ਜਿਸਨੂੰ ਵੇਖਦਿਆਂ ਹੀ ਰਾਨੀ ਜੀ ਨੇ ਦੁਰਕਾ ਦਿੱਤਾ ਹੈ ਕਿਇਹ ਉਸ ਦੀ ਮੁੰਦਰੀ ਹੀ ਨਹੀਂ ਅਤੇ ਮੈਂ ਛਲ ਕਰਨੀ ਹਾਂ ਹਾਏ! ਮੈਂ ਭਾਵੇਂ ਲੱਖਾਂ ਗੱਲਾਂਕਰਾਂ ਹਜ਼ਾਰਾਂ ਕਸਮਾਂ ਖਾਵਾਂ ਪਰ ਫੇਰ ਭੀ ਮੇਰੀ ਗੱਲਦਾ ਇਸ ਦਿਸ਼ਾ ਵਿੱਚ ਕੌਨ ਯਕੀਨ ਕਰੇਗਾ॥

ਇਹ ਕਿਹਾ ਅਰ ਫਰਨ ਫਰਨ ਅਬਰੂ ਅੱਖਾਂ ਤੋਂ ਡਿੱਗਨ ਲਗ ਪਏ ਬਸੰਤ ਮਾਲਾ ਜੋ ਸਿਰ ਨੀਵਾਂ ਕਰਕੇ ਉਸਦੀ ਕਸ਼ਟਤਾ ਨੂੰ ਦੇਖ ਰਹੀ ਸੀ ਇਹ ਦਸ਼ਾ ਦੇਖਕੇ ਕਹਿਨ ਲੱਗੀ ॥

Original with
Language Department Punjab
Digitized by
Panjab Digital Library

ਬਸੰਤ ਮਾਲਾ– ਅੰਜਨਾਂ! ਤੂੰ ਕਿਉਂ ਰੋਂਨੀ ਹੈਂ ਦੋਇਆਂ ਤਾਂ ਕੁਝ ਭੀ ਨਹੀਂ ਬਣਨਾ ਧੀਰਜ ਕਰ ਅਰ ਪ੍ਰਮੇਸ਼ਰ ਤੇ ਭਰੋਸਾ ਰਖ ਓਹੋ ਸਭਦੇ ਦੁਖ ਦੂਰ ਕਰਕੇ ਸੁਖ ਨੂੰ ਦੇਨ ਵਾਲਾ ਹੈ ॥

ਅੰਜਨਾਂ ਦੇਵੀ–ਭੈਨ ਤੂੰ ਮੇਰੇ ਦੋਨ ਵੱਲ ਨ ਵੇਖ ਅਜੇ ਹੁਨ ਤਾਂ ਮੇਰੇ ਸਿਰ ਤੇ ਚਿੰਤਾ ਅਤੇ ਫਿਕਰ ਦਾ ਕਟਕ ਚੜ੍ਹਿਆ ਹੈ ਏਡੀ ਛੇਤੀ ਨਾਂ ਮੈਥੋਂ ਛਾਤੀ ਤੇ ਪੱਥਰ ਦਿੱਤਾ ਨਹੀਂ ਜਾਂਦਾ, ਆਪਨੇ ਆਪਹੀ ਹੌਲੀ ੨ ਧੀਰਜ ਆ ਜਾਵੇਗਾ। ਜੋ ਭਾਗਾਂ ਵਿੱਚ ਲਿਖਿਆ ਹੈ ਹਰ ਹੀਲੇ ਓਹੋ ਹੀ ਭੋਗਨਾ ਪਵੇਗਾ ॥

ਬਸੰਤ ਮਾਲਾ–ਕਿੱਥੇ ਦਿਲ ਵਿੱਚ ਏਹ ਖਿਆਲ ਸੀ ਕਿ ਜਦ ਸ੍ਵਾਮੀ ਜੀ ਆਉਨਗੇ ਤਾਂ ਮੈਂ ਓਨ੍ਹਾਂ ਨੂੰ ਇਹ ਵਧਾਈ ਦੀ ਗੱਲ ਸੁਨਾਵਾਂਗੀ ਅਤੇ ਕਿੱਥੇ ਅੱਜ ਅਪਨੀ ਇਹ ਦੁਰਦਸ਼ਾ ਵੇਖ ਰਹੀ ਹਾਂ। ਦੱਸ ਹੋਵਾਂ ਨਾਂ ਤੇ ਕੀ ਕਰਾਂ! ਰੱਬ ਜਾਨੇ ਅਜੇ ਕੀ ਕੀ ਦੁਖ ਤੇ ਮੁਸੀਬਤਾਂ ਵੇਖਨੀਆਂ ਹਨ। ਰਾਮ ਜਾਨੇ ਅਜੇ ਮਾਤਾ ਪਿਤਾ ਮੇਰੇ ਨਾਲ ਕਿਸ ਤਰਾਂ ਪੇਸ਼ ਆਓਨਗੇ ? ਹਾਏ ! ਮਹੇਂਦ੍ਰਪੁਰ ਦਾ ਨਾਂ ਲੈ ਦਿਆਂਈ ਕਲੇਜਾ ਨਿਕਲ ਜਾਂਦਾ ਹੈ ॥

ਬਸੰਤ ਮਾਲਾ–ਹੌਸਲਾ ਕਰ ਘਬਰਨਾ ਚੰਗਾ ਨਹੀਂ ਤੂੰ ਤ ਆਪ ਸਿਆਨੀ ਹੈਂ, ਪੇਕੇ ਜਾਨ ਦਾ ਕੋਈ ਦੋਸ਼ ਨਹੀਂ, ਓਹ ਤੇਰੇ ਹਾਲ ਤੇ ਜਰੂਰ ਦਇਆ ਕਰਨਗੇ ਤੇ ਕੋਈ ਐਸੀ ਵੈਸੀ ਗੱਲ ਭੀ ਨਹੀਂ ਕਰ ਸਕੇਗਾ ॥

ਪਾਠਕ ਗਣ ! ਅੰਜਨਾਂ ਦੇਵੀ ਤਾਂ ਅਪਨੇ ਦੁਖੜੇ ਰੋਂਦੀ ਮਹੇਂਦ੍ਰਪੁਰ ਦੇ ਕੋਲ ਆ ਪਹੁੰਚੀ ਹੈ ਜਿਨ੍ਹਾਂ ਨੂੰ ਸੁਨਦਿਆਂ ੨ ਸਾਡਾ ਮਨ ਭੀ ਭਰ ਆਇਆ ਹੈ ਇਸ ਕਰਕੇ ਇਸ ਨੂੰ ਏਥੇ ਹੀ ਛੱਡ ਦਈਏ ਅਰ ਅੱਗੇਂ ਵਾਲੀ ਚਲਕੇ ਵੇਖੀਏ ਕਿ ਰਾਜੇ ਪ੍ਰਹਿਲਾਦ ਵਿਦਜਾਧਰ ਦਾ ਕੋਈ ਖਤ ਪਤ੍ਰ ਆਇਆ ਹੈ ਯਾਂ ਨਹੀਂ। ਅਤੇ ਇਸਦੀ ਮਾਂ ਦਾ ਕੀ ਖਿਆਲ ਹੈ ॥

ਆ ਹਾ ! ਰਾਨੀ ਵੇਗ ਮੋਹਿਨੀ ਤਾਂ ਅੰਜਨਾਂ ਤੋਂ ਬੀ ਵਧਕ

Original with:
Language Department Punjab
Digitized by:
Panjab Digital Library

ਹਰਾਨ ਪਰੇਸ਼ਾਨ ਹੋ ਰਹੀ ਹੈ ਓਹ ਵੇਖੋ ਰਾਜਾ ਮਹੇਂਦ੍ਰਾਏ ਚੌਕੀ ਤੇ ਗਮਗੀਨ ਬੈਠਾ ਹੋਯਾ ਹੱਥ ਵਿੱਚ ਇਕ ਕਾਗਤ ਲੈਕੇ ਸ਼ਾਯਦ ਪੜ੍ਹ ਰਿਹਾ ਹੈ ਅਰ ਰਾਨੀ ਚਿੰਤਾ ਵਿੱਚ ਡੁੱਬੀ ਹੋਈ ਰਾਜਾ ਦੇ ਮੁੰਹ ਵੱਲ ਦੇਖ ਰਹੀ ਹੈ ਅਤੇ ਕਈ ਪ੍ਰਕਾਰਦੇ ਵਿਚਾਰ ਇਸਦੇ ਮਨ ਵਿੱਚ ਆਰਹੇ ਹਨ, ਅੱਖਾਂ ਅੱਗੇ ਸਰੋਂ ਫੁਲਦੀ ਜਾਂਦੀ ਹੈ ਅਰ ਇਹਭੀ ਡਰ ਹੈ ਕਿ ਰਾਨੀ ਕਿਤੇ ਪਾਗਲ ਨ ਹੋ ਜਾਵੇ ॥

ਰਾਨੀ-(ਘਬਰਾਕੇ) ਮਹਾਰਾਜ ! ਹਾਏ ! ਅੰਗਨਾਂ ਨੂੰ ਕੀ ਵਗ ਗਈ ਓਹ ਤਾਂ ਬੜੀ ਸਿਆਨੀ ਸੀ ॥

ਰਾਜਾ-ਪ੍ਰਿਯਾ ਜੀ ! ਮੇਰੀ ਸਮਝ ਵਿੱਚ ਤਾਂ ਕੁਝ ਨਹੀ ਅਉਂਦਾ, ਪ੍ਰਮੇਸ਼ੁਰ ਜਾਨੇ ਕੀ ਗੱਲ ਹੈ ਜੋ ਰਜਾ ਪ੍ਰਹਿਲਾਦ ਵਿਦਿਆਧਰ ਅੰਜਨਾਂ ਦੇ ਬਾਹੇ ਵਿੱਚ ਏਡਾ ਸਖ਼ਤ ਖਿਲਦਾ ਹੈ ॥

ਰ ਨੀ-ਜ਼ਰਾ ਫੇਰ ਤਾਂ ਏਸ ਪਤ੍ਰਿਕਾ ਨੂੰ ਵੇਖੋ ਅਰ ਰਾਜਾ ਦੇ ਦਸਤਖਤ ਪਛਾਨੋ ਕਿ ਕਿਸੇ ਦੁਸ਼ਮਨ ਨੇ ਤੇ ਨਹੀ ਲਿਖ ਦਿੱਤਾ ਅੰਜਨਾਂ ਤਾ ਇਸ ਕਲੰਕ ਦੇ ਯੋਗ ਨਹੀਂ ਸੀ ॥

ਰਾਜਾ-(ਪਤ੍ਰਿਕਾ ਨੂੰ ਫੇਰ ਪੜ੍ਹਕੇ) ਪ੍ਰਿਯਾ ਜੀ ! ਏਹ ਵੇਖੋ (ਖਤ ਨੂੰ ਅੱਗੇ ਕਰਕੇ) ਓਹੋ ਦੇ ਹੱਥ ਦਾ ਤਾਂ ਲਿਖਿਆ ਹੋਯਾ ਹੈ ਰਜਾ ਪ੍ਰਹਿਲਾਦ ਕੋਈ ਐਸਾ ਵੈਸਾ ਮਨੁੱਖ ਨਹੀ, ਓਸਨੇ ਭੀ ਤਾਂ ਚੰਗੀ ਤਰ੍ਹਾਂ ਦੇਖ ਭਾਲ ਕੇ ਹੀ ਅਜੇਹਾ ਖ਼ਤ ਲਿਖਨ ਦਾ ਜਤਨ ਹੋਵੇਗਾ ਨਹੀਂ ਤਾਂ ਓਹ ਕਦੇ ਭੀ ਅਜੇਹਾ ਨ ਲਿਖਦਾ, ਕਿ ਭਲਾ ਓਸਨੂੰ ਅਪਨੀ ਇੱਜ਼ਤ ਦਾ ਖਿਅਲ ਨਹੀਂ ਸੀ ? ਹਾਏ ਹੁਨ ਤਾਂ ਮੈਂ ਅੰਜਨਾਂ ਦਾ ਕਦੇ ਭੀ ਮੁੰਹ ਨਹੀਂ ਵੇਖਾਂਗਾ ਅਤੇ ਨਾਂਹੀ ਓਹ ਨੂੰ ਏਥੇ ਵੜਨ ਦੇਵਾਂਗਾ । (ਅੱਖਾਂ ਤੋਂ ਅਥਰੂ ਵਹਾਕੇ) ਅਤੇ ਤੈ ਨੂੰ ਭੀ ਤਕੀਦ ਕਰਨਾ ਹਾਂ ਕਿ ਕਦਾਚਿਤ ਓਸ ਨੂੰ ਏਥੇ ਨਾ ਵੜਨ ਦੇਨਾ ਅਤੇ ਨ ਉਸ ਨਾਲ ਕੋਈ ਗੱਲ ਕਰਨੀ, ਓਸਨੇ ਸਾਡੀ ਇੱਜ਼ਤ ਮਿੱਟੀ ਵਿੱਚ ਰੁਲਾ ਦਿੱਤੀ ਹੈ ! ਏਹ ਕਹਕੇ ਰੁਮਾਲ ਨਾਲ ਅਥਰੂ ਪੁੰਜਦਾ ਅਰ ਉੱਚੇ ਸਾਹ ਲੈਂਦਾ ੨ ਬਾਹਰ ਨੂੰ ਚਲਯਾ ਗਿਆ, ਏਹ ਗੱਲ ਸੁਨਕੇ ਰਾਨੀ ਦੀਆਂ ਹਵਾਈਆਂ ਉੱਡ ਗਈਆਂ, ਅਰ ਮਨ ਬੁਝ

Original with:
Language Department Punjab
Digitized by:
Panjab Digital Library

ਗਆ, ਸਿਰ ਨੀਵਾਂ ਪਾਲਿਆ ਚਿੰਤ ਤੇ ਫਿਕਰ ਦੇ ਸਮੁੰਦ੍ ਵਿੱਚ ਡੁੱਬ ਗਈ, ਅੱਖਾਂ ਤੋਂ ਮੀਂਹ ਵਾਂਙੂ ਅਥਰੂ ਵੱਸਨ ਲਗੇ, ਅਤੇ ਅੰਜਨਾਂ ਦੇ ਬ ਲਪਨ ਦੀਆਂ ਗੱਲਾਂ ਯਾਦ ਆ ਰ ਕੇ ਓਸਦੇ ਦਿਲ ਨੂੰ ਬੇਚੈਨ ਕਰਨ ਲੱਗਾ ਪਈਆਂ ॥

ਓਹ ! ਅੰਜਨਾਂ ਦੀਆਂ ਮਿੱਠੀਆਂ ਰ ਗੱਲਾਂ ਅਤੇ ਸਖੀਆਂ ਸਹੇਲੀਆਂ ਨਾਲ ਹੱਸ ਹੱਸ ਕੇ ਖੇਡਨਾਂ ਇਹ ਸਾਰੀਆਂ ਬਾਲ ਅਵਸਥਾ ਦੀਆਂ ਗੱਲਾਂ ਅਰ ਖੇਡਾਂ ਰਾਨੀ ਦਿਆਂ ਕੰਨਾਂ ਵਿੱਚ ਗੂੰਜ ਰਹੀਆਂ ਅਤੇ ਅੱਖਾਂ ਅੱਗੇ ਫਿਰ ਰਹੀਆਂ ਸਨ ਕਿ ਝਟ ਏਹ ਗੱਲ ਮੁਹੋਂ ਨਿਕਲੀ ਕਿ " ਹਾਯ ! ਓਸੇ ਪਿਆਰੀ ਅੰਜਨਾਂ ਨੂੰ ਜਿਸ ਨੂੰ ਇਕ ਪਲ ਭਰ ਨ ਵੇਖਨ ਨਾਲ ਰਾਜਾ ਓਦਰ ਜਾਂਦਾ ਸੀ ਅੱਜ ਉਸਦਾ ਮੂੰਹ ਨਹੀਂ ਵੇਖਨਾ ਚਾਂਹਦਾ " ਇਹ ਆਖਿਆ ਤਾਂ ਸਿਰ ਚੱਕਰਾ ਗਿਆ ਅੱਖਾਂ ਅੱਗੇ ਹਨੇਰਾ ਆਗਿਆ, ਅਤੇ ਬੇਹੋਸ਼ ਹੋਕੇ ਡਿੱਗ ਪਈ ॥

ਦੈਹਲਨ ਨੇ ਦੌੜ ਕੇ ਅਪਨੇ ਦੁਪੱਟੇ ਦੇ ਪੱਲੇ ਨਾਲ ਹਵਾ ਕੀਤੀ, ਤੇ ਮੁੰਹ ਤੇ ਗੁਲਾਬ ਅਰ ਕੇਓੜੇ ਦੇ ਛੱਟੇ ਦਿੱਤੇ ਤਾਂ ਅੱਖਾਂ ਖੁਲਿਆਂ ਅਤੇ ਲੇਟੇ ਲੇਟੇ ਮਨ ਵਿੱਚ ਆਖਨ ਲੱਗੀ। ਹੈਂ ! "ਕੀ ਏਹ ਸੱਚ ਹੈ ਕਿ ਅੰਜਨਾਂ ਬਿਭਚਾਰਨ ਹੋ ਗਈ ਹੈ" ਹਾਯ ! ਮੈਂ ਅਪਨੀ ਪਿਆਰੀ ਪੁਤ੍ਰੀ ਦੇ ਬਾਰੇ ਵਿੱਚ ਕਿਉਂ ਅਜੇਹੀ ਬੁਰੀ ਗੱਲ ਮੁੰਹੋਂ ਕੱਢੀ ਮੈਂ ਤਾਂ ਓਸਨੂੰ ਅਪਨੇ ਪ੍ਰਾਣਾਂ ਤੋਂ ਭੀ ਵਧੀਕ ਪਿਆਰੀ ਜਾਨਦੀ ਹਾਂ, ਹਾਯ ! ਮੇਰੀ ਏਹ ਜਬਾਨ ਸੜ ਜਾਏ ਜਿਸਤੋਂ ਏਹ ਗੱਲ ਨਿਕਲੀ ਹੈ ਓਹ ਤਾਂ ਏਸ ਜੋਗ ਨਹੀਂ ਓਹ ਤਾਂ ਸੱਚ੍ਚ ਦੀ ਦੇਵੀ ਅਤੇ ਪਤਿਬ੍ਰਤਾ ਪੁਤ੍ਰੀ ਹੈ, ਓਹ ਤਾਂ ਬਾਲ ਅਵਸਥਾ ਵਿੱਚ ਭੀ ਈਸ੍ਵਰ ਦੀ ਭਗਤੀ ਕਰਦੀ ਹੁੰਦੀ ਸੀ ਲੋਕ ਓਸਨੂੰ ਲੱਜਾ ਤੇ ਸ਼ਰਮ ਦੀ ਦਵੀ ਆਖਦੇ ਸਨ, ਹਾਯ ਹੁਨ ਓਸਨੂੰ ਕੀ ਹੋਗਿਆ.....ਏਨੇ ਵਿੱਚ ਇੱਕ ਦੈਹਲਨ ਨੇ ਆਕੇ ਪੋਲੀ ਜਹੀ ਜੁਬਾਨ ਨਾਲ ਆਖਿਆ "ਅੰਜਨਾਂ ਦੇਵੀ ਆਈ ਹੈ" ॥

ਰਾਨੀ–(ਹਰਾਨ ਹੋਕੇ) ਹੈਂ ! ਕੀ ਆਖਿਆਈ ! ਅੰਜਨਾ ਆਈ। ਕਿਥੇ ਵੇ ? ਇਤਨਾ ਕਿਹਾ ਅਤੇ ਉੱਠਕੇ ਬੈਠ ਗਈ ਅਤੇ

Original with: Language Department Punjab
Digitized by Panjab Digital Library

ਦੈਹਲਨ ਭੋਂ ਕੁਝ ਪੁਛੱਨ ਹੀ ਲੱਗੀ ਸੀ ਕਿ ਅੰਜਨਾਂ ਦੌੜਕੇ ਰਾਨੀ ਦੇ ਗਲ ਨਾਲ ਲੱਗ ਗਈ, ਅਤੇ ਜ਼ਾਰ ਜ਼ਾਰ ਰੋਨ ਲੱਗ ਪਈ, ਪਹਿਲੋਂ ਤਾਂ ਰਾਨੀ ਨੇ ਭੀ ਰੋਕੇ ਉਸਦੇ ਦੁਖ ਵੰਡੇ ਫਿਰ ਕੁਝ ਖ਼ਿਆਲ ਆਇਆ ਤਾਂ ਕਹਿਨ ਲੱਗੀ ॥

ਰਾਨੀ–ਅੰਜਨਾਂ ! (ਓਸਦੀ ਪੁਸ਼ਾਕ ਵੱਲ ਸੈਨਤ ਕਰਕੇ) ਏਹ ਕੀ ! ਤੇਥੋਂ ਭਾਂ ਏਹ ਓਮੇਦ ਨਹੀਂ ਸੀ ਤੂੰ ਕਿਉਂ ਐਡੀ ਨਿਰਲੱਜ ਹੋਗਈਓਂ ! ਧ੍ਰਿਕਾਰ ਹੈ ਤੇਰੇ ਜੀਉਂਨ ਨੂੰ ਤੈਨੂੰ ਮੌਤ ਭੀ ਨ ਆਈ ਏਥੇ ਆਉਨਾ ਨਾਲੋਂ ਜ਼ੈਹ ਖਾ ਮਰਦਿਓਂ ਭਾਂ ਕਿਹਾ ਚੰਗਾ ਹੁੰਦਾ । ਹਾਯ ਮੈਂ ਅਜੇਹੀ ਉਲਾਦ ਹੋਨ ਨਾਲੋਂ ਬਾਂਝ ਹੀ ਕਿਉਂ ਨ ਹੋਈ, ਜਿਤੋਂ ਅੱਜ ਦਾ ਦਿਨ ਭਾਂ ਨਾ ਵੇਖਨਾਂ ਪੈਂਦਾ, ਚੰਦਰੀਏ ਤੂੰ ਕੁਝ ਨਾ ਸੋਚਿਆ ਕਿ ਪਿਓ ਭਰਾ ਦੀ ਇੱਜ਼ਤ ਨੂੰ ਖੋਹ ਵਿੱਚ ਰੁਲਾ ਦਿੱਤਾ, ਚਲ ! ਦੂਰਹੋ !! ਜਿੱਥੇ ਤੇਰਾ ਜੀ ਚਾਹੇ ਚਲੀ ਜਾ ਪਰ ਸਾਡੇ ਦੇਸ਼ ਵਿੱਚ ਨਾ ਰਹੀਂ ।

ਇਹ ਗੱਲਾਂ ਸੁਨਕੇ ਅੰਜਨਾਂ ਦਾ ਸ਼ਰੀਰ ਕੰਮ ਗਿਆ ਲਹੂ ਸੁਕ ਗਿਆ ਅੱਖਾਂ ਅੱਗੇ ਹਨੇਰਾ ਆਗਿਆ, ਚੇਹਰਾ ਭਾਂ ਪੈਹਲੋਂਈ ਪੀਲਾ ਪਿਆ ਹੋਇਆ ਸੀ ਧਰ ਇਕ ਇਥੋਂ ਦੀ ਹੀ ਉਮੇਦ ਸੀ, ਜਿਸਨੇ ਕਿ ਅਜੇਹਾ ਭੁਗਾਵਨਾ ਨਹੀਂ ਸੀ ਬਨਾਯਾ ਹੁਨ ਓਹ ਆਸ ਭੀ ਟੁੱਟ ਗਈ । ਓਹ ਮੋਟੀਆਂ ੨ ਅੱਖਾਂ ਜਿਨਾਂਨੂੰ ਹਰਨ ਭੀ ਵੇਖਕੇ ਲਜਿਆਵਾਨ ਹੁੰਦੇ ਸਨ ਅੰਦਰ ਵੜ ਗਈਆਂ ਹਨ ਅਤੇ ਉਨਹਾਂ ਗੱਲਾਂ ਤੇ ਜੋਹੜੀਆਂ ਵਲਾਇਤੀ ਸੇਓ ਨੂੰ ਭੀ ਪਿੱਛੇ ਪਾਂਦਿਆਂ ਸਨ ਇਸ ਵੇਲੇ ਮਾਸ ਦਾ ਨਾਂ ਨਹੀਂ ਹੁਨ ਭਾਂ ਇਸਦਾ ਉਚੀ ੨ ਰੋਨਾ ਅਰ ਕੁਰਲੌਨਾਂ ਭੀ ਬੰਦ ਹੋ ਗਿਆ ਹੈ ਭਾਵੇਂ ਓਸਦਾ ਇਹੋ ਕਾਰਣ ਹੋਵੇ ਕਿ ਹੁਨ ਓਸ ਨੂੰ ਆਪਨਾ ਕੋਈ ਭੀ ਸਹਾਯਿਕ ਨਹੀਂ ਦਿਸਦਾ ਜੋ ਉਸ ਦੇ ਵਿਰਲਾਪ ਨੂੰ ਸੁਨਕੇ ਉਸ ਤੇ ਦਯਾਲੂ ਹੋਵੇ ਇਸ ਲਈ ਉਨਾਂ ਹੀ ਭੁਭਾਂ ਨੇ ਅੰਦਰੋਂ ਅੰਦਰ ਆਤਮਾ ਨੂੰ ਜਗਾਕੇ ਪਰਮੇਸ਼ੁਰ ਦੇ ਹਜ਼ੂਰ ਵਿੱਚ ਜੋਹੜਾ ਸਬਦੇ ਅੰਦਰ ਵਿਆਪ ਰਿਹਾ ਹੈ ਅੰਜਨਾਂ ਦੀ ਫਰਯਾਦ ਕਰਨੀ ਸ਼ੁਰੂ ਕਰ ਦਿੱਤੀ ਹੈਜਾਂ ਏਹ ਗੱਲ ਹੈ ਕਿ ਅਜੇਹੀਆਂ ਬੇਸ਼ਰਮੀ ਦੀਆਂ ਗੱਲਾਂ ਜਿਨਹਾਂਦਾ ਉਸਨੂੰ ਸੁਪਨੇ ਵਿੱਚ ਭੀ ਖ਼ਿਆਲ

Original with:
Language Department Punjab
Digitized by:
Panjab Digital Library

ਨਹੀਂ ਸੀ ਸੁਨਕੇ ਇਸਦੇ ਦਿਲ ਨੂੰ ਸਖਤ ਚੋਟ ਲੱਗੀ ਹੈ ਅਰ ਵਿਚੇ ਵਿੱਚ ਪੀ ਗਈ ਹੈ ਅੱਛਾ ਭਾਵੇਂ ਕੁਝ ਹੋਵ ਚਿਰ ਤੀਕਰ ਇਸੇ ਹੈਰਾਨਗੀ ਨਾਲ ਅੰਜਨਾਂ ਮਾਤਾ ਦੇ ਵੱਲ ਵੇਖਦੀ ਰਹੀ ਅਤੇ ਅੱਖਾਂ ਵਿੱਚੋਂ ਗ਼ਰਮ ੨ ਅਥਰੂ ਭਿਗ ੨ ਕ ਓਸਦੀ ਬੇਸੁੱਧੀ ਨੂੰ ਦੂਰ ਕਰਦੇ ਰਹੇ ਅੰਤ ਵਿੱਚ ਸਿਉਂ ਤਿਉਂ ਕਰਕੇ ਬੜੀ ਅਧੀਨਤਾ ਨਾਲ ਬੋਲੀ।

ਅੰਜਨਾਂ—ਮਾਂ ਜੀ ਮੈਂ ਨਿਰਦੋਸ਼ ਹਾਂ, ਭਲਾ ! ਮੈਂ ਤੁਹਾਨੂੰ ਛਡਕੇ ਕਿੱਥੇ ਜਾ ਸਕਨੀ ਹਾਂ। ਮੇਰਾ ਹੋਰ ਕਿੱਥੇ ਠਿਕਾਨਾ ਹੈ, ਜਿੱਥੇ ਬਿਪਤਾ ਦੇ ਦਿਨ ਕੱਟਾਂ ਤੀਮੀਂ ਦਾ ਬਾਹਲਾ ਜੋਰ ਤਾਂ ਅਪਨੇ ਭਰਤਾ ਪੁਰ ਅਤੇ ਫੇਰ ਮਾਪਿਆਂ ਅਤੇ ਮੱਸ ਸੌਹਰੇ ਤੇ ਹੁੰਦਾ ਹੈ ਇੱਕ ਮੈਂ ਅਜੇਹੀ ਅਭਾਗਨ ਹਾਂ ਕਿ ਭਰਤਾ ਦੇ ਪਰਦੇਸ ਜਾਨ ਨਾਲ ਮੇਰੇ ਸਭੋ ਵੈਰੀ ਬਨ ਗਏ ਮਾਂਜੀ ਮੈਂ ਸੱਚ ਆਖਨੀ ਹਾਂ ਕਿ ਮੈਂ ਸੱਸ ਦੀਆਂ ਗੱਲਾਂ ਤੋਂ ਏਡੀ ਨਹੀਂ ਘਬਰਾਈ ਸਾਂ ਜਿੱਨੀ ਕ ਹੁਨ ਘਬਰਾਈ ਹਾਂ। ਮੈਂਨੂੰ ਬੜੀ ਆਸ਼ਾ ਸੀ ਕਿ ਤੁਸੀ ਸੱਚ ਝੂਠ ਨਤਾਰਕੇ ਜਰੂਰ ਮੇਰਾ ਨਿਸਤਾਰਾ ਕਰੋਗੇ, ਪਰ ਹਾਯ ਮੇਰੇ ਹੀ ਮੰਦੇ ਭਾਗਾਂ ਨੇ ਤੁਹਾਡੇ ਕੋਮਲ ਮਨ ਨੂੰ ਭੀ ਪੱਥਰ ਕਰ ਦਿੱਤਾ ॥

ਇਹ ਕਹਕੇ ਰੋਏ ਤੇ ਬੇਸੁਧ ਹੋਕੇ ਡਿੱਗ ਪਈ। ਰਾਨੀ ਨੇ ਝਟ ਓਸਨੂੰ ਹੋਸ਼ ਵਿੱਚ ਲਿਆਓਨ ਦਾ ਉਪਾ ਕੀਤਾ ਤੇ ਆਪ ਭੀ ਰੋ ਰੋਕ ਹੇਹਾਲ ਹੋਗਈ ।

ਜਦ ਅੰਜਨਾਂ ਨੂੰ ਜ਼ਰਾ ਸੁਧ ਆਈ ਤਾਂ ਬੋਲੀ ॥

ਅੰਜਨਾਂ—ਮਾਂ ਜੀ ! ਜਦ ਵੀਰ ਸ੍ਵਾਮੀ ਜੀ ਨਹੀਂ ਆਉਂਦੇ ਤਦ ਠੀਕ ਦਇਆ ਕਰਕੇ ਮੈਨੂੰ ਏਥੇ ਰਹਿਨ ਦੀ ਆਗਿਆ ਦਿਓ ਓਨ੍ਹਾਂਦੇ ਅਉਨ ਤੇ ਤੁਹ ਨੂੰ ਸਾਰਾ ਹਾਲ ਮਲੂਮ ਹੋ ਜਾਵੇਗਾ ਫੇਰ ਜੋ ਚਾਹੋ ਸੋ ਕਰਨਾਂ ॥

ਰਾਨੀ—ਮੇਰੇ ਕੁਝ ਵੱਸ ਨਹੀਂ, ਮੈਂ ਪ੍ਰਾਧੀਨ ਹਾਂ, ਜੇ ਕੋਈ ਹੋਰ ਗੱਲ ਹੁੰਦੀ ਤਾਂ ਮੈਂ ਅਪਨੇ ਪ੍ਰਾਣ ਭੀ ਵਾਰ ਸੁਟਦੀ, ਪਰ ਤੈਂਨੂੰ ਅਜੇਹੇ ਹਾਲ ਵਿੱਚ ਕਦੇ ਬਾਹਰ ਨ ਜਾਨ ਦੇਂਦੀ, ਪਰ ਹਾਯ ! ਉਹ ਕਾਲਾ ਕੀੜਾ ਜਿਸਨੂੰ ਮੂੰਹੋਂ ਕਢਦਿਆਂ ਭੀ ਸ਼ਰਮ ਆਉਂਦੀ ਹੈ, ਓਹੋ

Original with:
Language Department Punjab
Digitized by:
Panjab Digital Library

ਓਹੋ ਤੇਰਾ ਪਿਤਾ ਜੋਹੜਾ ਤੇਰੇ ਤੋਂ ਜਾਨ ਵਾਰਦਾ ਸੀ ਅੱਜ ਤੇਰੇ ਨਾਂ ਸੁਨਣ ਤੋਂ ਘਬਰਾਉਂਦਾ ਹੈ, ਜੇ ਤੈਨੂੰ ਏਥੇ ਰਹਿਨਦੀ ਲੋੜ ਹੁੰਦੀ ਤਾਂ ਏਹ ਕਾਰਾ ਨ ਕਰਦਿਓਂ ਜਾ ਏਥੋਂ ਝਤਾਬੀ ਨਿਕਲ ਜਾ ਕਿਤੇ ਮੇਰੀ ਭੀ ਦੁਰਦਸ਼ਾ ਨਾ ਕਰਾਈਂ ॥

ਅੰਜਨਾਂ—ਹਾਏ ! ਏਹ ਮੇਰੇ ਹੀ ਕਰਮਾਂ ਦਾ ਫਲ ਹੈ ਜੋ ਤੇਰੇ ਜੇਹੀ ਸ਼ੀਤਲ ਛਾ ਦਾ ਭੀ ਦਿਲ ਪੱਥਰ ਹੋਗਿਆ ਹੈ ਹੋਰਨਾਂ ਦਾ ਕੀ ਕਹਨਾ ਹੈ ॥

ਰਾਨੀ(ਬਾਹਰ ਵੱਲੋਂ ਵੇਖਕੇ) ਬਸ ਬਹੁਤੀਆਂ ਗੱਲਾਂ ਨ ਬਨੀ ਸ਼ਤਾਬੀ ਨਿਕਲ ਜਾ ਜੇ ਕਿਧਰੇ ਰਾਜਾ ਜੀ ਆਭੀ ਗਏ ਤਾਂ ਮੇਰੀ ਭੀ ਸ਼ਾਮਤ ਆ ਜ ਏਗੀ ॥

ਰਾਨੀਦੇ ਮੂੰਹੋਂ ਇਹ ਗੱਲ ਨਿਕਲਨ ਦੀ ਹੀ ਦੇਰ ਸੀ ਕਿ ਦੋ ਤਿੰਨਾਂ ਟਹਿਲਨਾਂ ਨੇ ਰੋਂਦੀ ਅੰਜਨਾਂ ਨੂੰ ਘਰੋਂ ਬਾਹਰ ਕੱਡ ਦਿੱਤਾ ਭਾਵੇਂ ਇਸਨੇ ਬਤੇਰਾ ਜਤਨ ਕੀਤਾ ਕਿ ਇੱਕ ਵਾਰੀ ਫੇਰ ਅਪਨੇ ਕਰਮਾਂ ਦੀ ਪਤੀਛਿਆ ਕਰ ਲਵਾਂ ਪਰ ਹਾਏ ਸ਼ੋਕ ! ਕਿ ਟਹਿਲਨਾਂ ਨੇ ਕੁਝ ਭੀ ਨ ਕਰਨ ਦਿੱਤਾ ਅਤੇ ਇੱਕ ਟੈਹਿਲਨ ਨੇ ਆਖਿਆ ॥

ਕਹੇ ਦਾਸੀ ਸੁਨ ਅੰਜਨਾ ਯਹਾਂ ਤੇਰਾ ਕਿਆ ਕਾਮ,
ਕੀਆ ਸਾਸ ਸਸਰ ਮਾਂ ਬਾਪਕੋ ਜਗ ਮੇਂ ਤੈਂ
ਬਦਨਾਮ । ਉੱਤਮ ਕੁਲ ਮਹਾਰਾਜ ਕੀ ਧੂਲ
ਮਿਲਾਇਆ ਨਾਮ, ਦੂਰ ਹੋ ਜਾ ਦੁਰਾਚਾਰਨੀ
ਔਰ ਨ ਕਰ ਬਦਨਾਮ ॥

ਟੈਹਿਲਨ ਦੀ ਏਹ ਗੱਲ ਅੰਜਨਾਂ ਦੇਵੀ ਦੇ ਮਨ ਵਿੱਚ ਤੀਰ ਵਾਂਗਨ ਲੱਗੀ ਹੋਰ ਤਾਂ ਕੁਝ ਪੇਸ਼ ਨ ਚੱਲੀ ਪਰ ਟੋਕੇ ਇੱਨਾਂ ਕਿਹਾ:-

Original with:
Language Department Punjab
Digitized by:
Panjab Digital Library

ਬੋਲ ਕਬੋਲ ਨ ਬੋਲਰੀ ਪਤਿਬ੍ਰਤਾ ਮੈਂ ਨਾਰ,
ਕਠੋਰ ਬਚਨ ਕਿਉਂ ਬੋਲਤੀ ਦਾਸੀ ਜੀਭ ਸੰਭਾਰ।
ਬਿਪਤ ਵਹੁਨੀ ਮੈਂ ਫਿਰੂੰ ਨਿਰ ਦੋਸ਼ਨ ਹੂੰ ਨਾਰ,
ਕਰਮਰੇਖ ਪਿਆਰੀ ਨਮੁੜੇ ਜੋ ਲਿਖਿਆ ਕਰਤਾਰ॥

ਮਾਤਾ ਦਾ ਅੰਤਮ ਵਚਨ ਸੁਨਕਰ ਅੰਜਨਾ ਹੋਂਦੀ ਹੋਈ ਬੂਹਿਓਂ ਬਾਹਰ ਨਿਕਲਕੇ ਥੋੜੀ ਦੂਰ ਹੀ ਗਈ ਹੋਵੇਗੀ ਕਿ ਇੱਕ ਪੁਰਸ਼ ਜਿਸਦੀ ਉਮਰ ਚਾਲੀ ਪੰਜਾਹ ਵਰ੍ਹਿਆਂ ਤੋਂ ਘੱਟ ਨਹੀਂ ਹੈ ਅਤੇ ਬੜੀ ਸੁੰਦਰ ਪੁਸ਼ਾਕ ਪਾਈ ਹੋਈ ਹੈ ਆਉਂਦਾ ਹੋਇਆ ਮਿਲਿਆ ਜਿਸਨੂੰ ਵੇਖਦਿਆਂ ਹੀ ਅੰਜਨਾ ਦੀਆਂ ਚੀਕਾਂ ਨਿਕਲ ਗਈਆਂ ਅਤੇ ਬੇਸੁਧ ਹੋਕੇ ਓਸਦੇ ਗਲ ਨਾਲ ਚੰਮੜਕੇ ਰੋਣ ਲੱਗ ਪਈ, ਜਿਸਦੇ ਵਿਰਲਾਪ ਨੂੰ ਸੁਨਕੇ ਉਸ ਪੁਰਸ਼ ਦਾ ਮਨ ਭੁਰ ਆਇਆ, ਅਤੇ ਅਖਿਆਂ ਵਿੱਚ ਅਥਰੂ ਭਰ ਆਏ ਵੇਖੋ ਇੱਕ ਹੱਥ ਤਾਂ ਓਸਦੇ ਸਿਰ ਪੁਰ ਰਖਿਆ ਹੋਇਆ ਹੈ ਅਤੇ ਦੂਜਾ ਲੱਕ ਤੇ ਹੈ ਅਤੇ ਮੂੰਹੋ ਆਖ ਰਿਹਾ ਹੈ "ਕਿਉਂ ਐਵੇਂ ਰੋਰੋਕੇ ਬੇਹਾਲ ਹੁੰਦੀ ਜਾਨੀਏ ਤੁਨ ਰੋਇਆਂ ਤਾਂ ਕੁਛ ਨਹੀਂ ਬਣਨਾ" ਅਤੇ ਨਾਲੇ ਏਧਰ ਓਧਰ ਭੀ ਭਕ ਲੈਂਦਾ ਹੈ ਕਿ ਇਸਨੂੰ ਕਿਸੇ ਦਾ ਡਰ ਭੀ ਜਰੂਰ ਹੈ।

ਪਾਠਕ ਗਣ ! ਤੁਸੀ ਹਰਾਨ ਹੋਵੋਗੇ ਕਿ ਇਹ ਆਦਮੀ ਕੌਨ ਹੈ ਜੋਹੜਾ ਅੰਜਨਾਂ ਦੇਵੀ ਦੀ ਹਾਲਤ ਪੁਰ ਰੋ ਰਿਹਾ ਹੈ ! ਆਓ ਅਸੀ ਤੁਹਾਨੂੰ ਦਸੀਏ ਇਹ ਅੰਜਨਾਂ ਦੇਵੀ ਦਾ ਭਰਾ ਪ੍ਰਸੰਨ ਕੀਰਤੀ ਹੈ ਜੋਹੜਾ ਸਬੱਬ ਨਾਲ ਇਸਨੂੰ ਏਥੇ ਮਿਲ ਗਿਆ ਹੈ, ਜ਼ਰਾ ਸੁਨੋ ਤੇ ਸਹੀ ਇਹ ਕੀ ਆਖ ਰਿਹਾ ਹੈ॥

ਪ੍ਰਸੰਨ ਕੀਰਤੀ–ਅੰਜਨਾ ! ਤੇਰੀ ਏਹ ਦਸ਼ਾ ਵੇਖ ਕੇ ਮੇਰੇ ਮਨ ਨੂੰ ਬੜੀ ਚੋਟ ਲੱਗੀ ਹੈ ਅਤ ਮੇਰਾ ਹਿਰਦਾ ਟੁਕੜੇ ਟੁਕੜੇ ਹੋ ਗਿਆ ਹੈ ਮਰ ਅਜੇਹੇ ਕੇਲੇ ਏਸ ਚਾਲ ਵਿੱਚ ਮੈਂ ਚੁਰੀ ਸਹਾਇਤਾ ਨਹੀਂ

Original with:
Language Department Punjab
Digitized by:
Panjab Digital Library

ਕਰ ਸਕਦਾ ਕਿਉਂ ਜੋ ਤੈਥੋਂ ਅਜੇਹਾ ..... ਹੋਇਆ ਹੈ ਜਿਸ ਕਰਕੇ ਤੇਰੇ ਨਾਲ ਗੱਲ ਕਰਦਿਆਂ ਭੀ ਲਜਿਆ ਔਂਦੀ ਹੈ (ਮਨ ਵਿੱਚ)! ਜੇ ਕਿਤੇ ਪਿਤਾ ਜੀ ਨੇ ਵੇਖ ਲੀਤਾ ਤਾਂ ਖਬਰੇ ਕੀ ਆਖਨਗੇ ॥

ਅੰਜਨਾ—ਅਜੇ ਕੁਛ ਆਖਨ ਨੂੰ ਹੀ ਸੀ ਕਿ ਪ੍ਰਸਨ ਕੀਰਤੀ ਛੇਤੀ ੨ ਉਲਾਂਘਾਂ ਚੁਕ ਅਪਨ ਮੈਹਲਾਂ ਨੂੰ ਚਲਾ ਗਿਆ ਅਤੇ ਅੰਜਨਾਂ ਦੇਵੀਹਰਾਨ ਪਰੇਸ਼ਾਨ ਰਹ ਗਈ। ਭਾਂ ਕਾਲ ਜੇਹੜ ਖਿਆਲ ਉਸਦੇ ਮਨ ਨੂੰ ਧੀਰਜ ਦੇਨ ਲੱਗੇ ਸਨ ਐਵੇਂ ਹੀ ਗਏ ਸਰੋਂ ਮਨ ਹੋਰ ਭੀ ਡਾਢਾ ਘਬਰਾ ਗਿਆ ਹੋਸ਼ ਹਵਾਸ ਉੱਡ ਗਏ, ਅਰ ਬੇਸੁਧ ਜਹੀ ਹੋਗਈ ਅਤ ਸਿਰ ਚੱਕਰ ਖਾਗਿਆ ਭਾਂ ਸਿਰ ਨੂੰ ਹੱਥ ਨਾਲ ਸਹਾਰਾ ਦੇਕੇ ਇੱਕ ਕੰਧ ਨਾਲ ਲਗਕੇ ਖਲੋ ਗਈ ਅਤੇ ਥੋੜੇ ਚਿਰ ਪਿਛੋਂ ਜੋ ਸਬਤੋਂ ਪਹਿਲੋਂ ਗਲ ਇਸਦੇ ਮੂੰਹੋਂ ਨਿਕਲੀ ਓਹ ਇਹ ਸੀ "ਕਿ ਹੇ ਪ੍ਰਮਾਤਮਾ ਮੈਂ ਏਡਾ ਕੇਹੜਾ ਪਾਪ ਕੀਤਾ ਹੈ ਜਿਸ ਕਰਕ ਅਪਨੇ ਪਰਾਏ ਹੁੰਦੇ ਜਾਂਦੇ ਹਨ, ਹਾਏ ਸ਼ੋਕ! ਏਸ ਸੰਸਾਰ ਵਿੱਚ ਕੋਈ ਮੇਰਾ ਸਹਾਇਕ ਨਜ਼ਰ ਨਹੀਂ ਆਉਂਦਾ! ਈਸ਼ੁਰ! ਏਹਕੀ ਤੇਰੀ ਮਾਇਆ ਹੈ ਕੁਝ ਸਮਝ ਵਿੱਚ ਨਹੀਂ ਆਉਂਦੀ, ਆਪਨੂੰ ਭੀ ਕੋਈ ਦੋਸ਼ ਨਹੀਂ ਦੇ ਸਕਦੀ ਕਿਉਂ ਜੋ ਆਪ ਪੂਰੇ ੨ ਨਿਆਕਾਰੀ ਹੋ (ਚਿਤ ਸੋਚਨ ਦੇ ਪਿੱਛੋਂ) 'ਓਹੋ! ਮੇਰੇ ਹੀ ਪੂਰਬਲੇ ਕਰਮਾਂ ਦੇ ਫਲ ਹੈਨ ਹੋਰ ਕਿਸੇ ਨੂੰ ਕੀ ਦੋਸ਼ ਦਿਆਂ" ॥

ਪਾਠਕਗਣ! ਏਸ ਵੇਲੇ ਬਹੁਤ ਸਾਰੀਆਂ ਭੀਮੀਆਂ ਅਤੇ ਜੁਆਨ ਕੁੜੀਆਂ ਅੰਜਨਾਂ ਦੇਵੀ ਦੇ ਆਸੇ ਪਾਸੇ ਖੜੋਤੀਆਂ ਹੋਇਆਂ ਹਨ, ਮਗਰ ਸਰੀਆਂਈ ਅਥਰੂ ਕੇਰ ੨ ਅਫਸੋਸ ਕਰ ਰਹੀਆਂ ਹੈਨ ਜਿਨ੍ਹਾਂ ਨੇ ਇਸ ਦੀ ਬਾਲ ਅਵਸਥਾ ਦਾ ਸਮਾਂ ਦੇਖਿਆ ਹੋਇਆ ਸੀ ਓਹ ਤਾਂ ਪੰਜੇ ਉਂਗਲਿਆਂ ਮੂੰਹ ਵਿੱਚ ਪਾਕੇ ਇਸਦੇ ਅਜਿਹੇ ਪੁੱਠੇ ਦਿਨਾਂ ਦੇ ਅਉਨ ਦਿਆਂ ਗੱਲਾਂ ਕਰ ੨ ਅੰਜਨਾਂ ਦੇਵੀ ਦੀ ਬਾਲਪੁਨੇ ਦੀ ਵਡਿਆਈ ਕਰ ਰਹੀਆਂ ਸਨ, ਪਰੰਤੂ ਅੱਜ ਤੀਕ ਜਿਨ੍ਹਾਂ ਨੂੰ ਕਦੇ ਵੇਖਨ ਦਾ ਵੇਲਾ ਹੀ ਨਹੀਂ ਮਿਲਿਆ ਸੀ ਅੰਜਨਾਂ ਦੇ ਮੂੰਹ ਤੇ ਪੱਲਾ ਲਾਹਕੇ ਇਸਦੇ ਮੁੰਖ ਨੂੰ ਵੇਖ ਵੇਖ ਹੱਥ ਮਲ

Original with:
Language Department Punjab
Digitized by:
Panjab Digital Library

ਮਲਤੇ ਅਫ਼ਸੋਸ ਕਰ ਰਹੀਆਂ ਹਨ ਅਤੇ ਭਾਂਤ ਭਾਂਤ ਦੀਆਂ ਗੱਲਾਂ ਕਰਕੇ ਇਸਦੀ ਸਹਇਤਾ ਸਥਾਪਨ ਕਰਦੀਆਂ ਹਨ ॥

ਓਹ ! ਇਸ ਵੇਲੇ ਹਜ਼ਰਾਂ ਹਰਾਨੀ ਦੇ ਖ਼ਿਆਲ ਉੱਠਕੇ ਦਿਲ ਨੂੰ ਛਾਕੇ ਆਤਮਾ ਨੂੰ ਬਿਗਾੜ ਕੇ ਜਲ ਦੇ ਬੁਲਬੁਲੇ ਵਾਂਗੂੰ ਏਂਠ ਜਾਂਦੇ ਹਨ, ਏਹ ਵਿਚਾਰੀ ਕਰਮਾਂ ਦੀ ਮਾਰੀ ਓਹਨਾਂ ਦੀਆਂ ਗੱਲਾਂ ਨੂੰ ਸੁਨਨਦੀ ਸਮਰਥ ਨ ਰਖਕੇ ਦਿਲੀ ਰ ਖਿਸਕਦੀ ਹੋਈ ਅਗਾਹਾਂ ਨੂੰ ਟੁਰਦੀ ਜਾਂਦੀ ਹੈ ॥

ਯਾਰਵਾਂ ਅਧਜਾਯ ॥

—:o:—

ਹਾਏ ! ਹੁਨ ਮੈਂ ਕਿੱਧਰ ਜਾਵਾਂ ॥

ਓਹੀ ਦਿਨ ਹੈ ਅਰ ਓਸੇ ਦਿਨ ਦਾ ਪਹਿਲਾ ਪਹਿਰ ਬੀਤ ਚੁਕਿਆ ਹੈ ਜਦਕਿ ਬਿਚਾਰੀ ਅੰਜਨਾਂ ਦੇਵੀ ਦਿਲ ਦੁਖੇ ਹੋਏ ਅਤੇ ਅਰਮਾਨ ਭਰੀ ਨਜ਼ਰ ਨਾਲ ਮਹੇਂਦ੍ਰਪੁਰ ਦੇ ਵਸਨੀਕ ਭੀਮੀਆਂ ਤੇ ਮਨੁਖਾਂ ਅਰ ਕੰਧਾਂ ਕੋਠੇਆਂ ਨੂੰ ਵੇਖਦੀ ਹੋਈ ਰੋਂਦੀ ਕੁਰਲਾਉਂਦੀ ਬਸੰਤ ਮਾਲਾ ਨੂੰ ਨਾਲ ਲੈਕੇ ਸ਼ਹਰੋਂ ਬਾਹਰ ਨਿਕਲਕੇ ਓਸ ਪਗਡੰਡੀ ਤੋਂ ਜੋਹੜਾ ਪੈਲੀਆਂ ਦੇ ਵਿੱਚੋਂ ਦੀ ਉੱਤਰ ਨੂੰ ਜਾਂਦੀ ਸੀ ਜਾ ਰਹੀਹੈ ਅਜੇ ਦੋ ਤਿਨ ਕੋਹ ਹੀ ਗਈ ਹੋਵੇਗੀ ਕਿ ਅੱਗੇ ਤਿੱਨ ਰਾਹ ਵਖੋ ਵੱਖ ਪਾਸਿਆਂ ਨੂੰ ਜਾਂਦੇ ਹੋਏ ਨਜ਼ਰ ਆਏ ਓਹਨਾਂ ਨੂੰ ਵੇਖਕੇ ਅੰਜਨਾਂ ਛਾਹੀ ਘਬਰਾ ਗਈ ਅਤੇ ਸੋਚਨ ਲੱਗੀ ਕਿ ਹੁਨ ਕਿੱਧਰ ਨੂੰ ਜਾਂਵਾਂ। ਪਹਿਲੋਂ ਖੱਬੇ ਹਥ ਵਲ ਵੇਖਦੀ ਰਹੀ ਫੇਰ ਸੱਜੇ ਪਾਸੇ ਵਲ ਤੱਕਨ ਲਗ ਪਈ ਪਰ ਏਹਨਾਂ ਰਾਹਾਂ ਵਿੱਚ ਬਹੁਤ ਸਾਰਿਆਂ ਮਨੁੱਖਾਂ ਨੂੰ ਆਉਂਦਿਆਂ ਜਾਂਦਿਆਂ ਵੇਖਕੇ ਅਤੇ ਅਪੱਨੇ ਬਸਤ੍ਰਾਂ ਨੂੰ ਵੇਖ ਕੇ ਨਾ ਜਾਨੀਏ ਕੇਹੜੀ ਸੋਚ ਵਿੱਚ ਪੈ ਗਈ ਕਿ ਪਲਕ ਤੱਕ ਨ ਝਮਕੀ ਅਤੇ ਹਰ ਨ ਪਰੇਸ਼ਾਨ ਹੋਕੇ ਖਲੋ ਰਹੀ ਤੇ ਥੋੜੀ ਦੇਰ ਤਕ ਏਸੇ ਤਰਾਂ ਖਲੋਨੀ ਰਹੀ ਫੇਰ ਅਕਾਸ਼ ਵਲ ਦੇਖਕੇ ਬੋਲੀ 'ਹਾਏ ਹੁਨ ਮੈਂ ਕਿੱਧਰ ਨੂੰ ਜਾਂਵਾਂ" ਫੇਰ ਠੰਡਾ ਹਾਉਕਾ ਭਰਕੇ ਕਹਨ ਲੱਗੀ :—

Original with:
Language Department Punjab
Digitized by:
Panjab Digital Library

ਦੀਯਾ ਸਾਸ ਸੁਸਰ ਨੇ ਤਿਆਗ ਪਤਿ ਨੇ ਸੁਧ ਬਸਾ
ਰੀ, ਕਰੇਂ ਸਭੀ ਧਿਤਕਾਰ. ਨਗਰ ਕੇ ਨਰ ਔਰ
ਨਾਰੀ। ਹੂਏ ਨਿਰਾਸ ਉਦ ਸ ਆਈ ਮੈਂ ਸਰਣ
ਤੁਮਾਰੀ, ਬਿਨਾ ਆਪ ਭਗਵਾਨ ਕੌਨ ਮੇਰਾ ਹਿਤ-
ਕਾਰੀ। ਕੌਨ ਕਰੇ ਹਿਤਕਾਰ ਪ੍ਰਭੂ ਜਬ ਤੁਮ
ਰਿਸਿ ਆਓ, ਮੇਰੇ ਔਗਨ ਬੇਸ਼ੁਮਾਰ ਪ੍ਰਭੂ ਜੀ ਨਾਂ
ਚਿਤ ਲਾਓ। ਕਿਸਪੈ ਕਰੂੰ ਪੁਕਾਰ ਨਹੀਂ ਕੋਈ
ਔਰ ਠਿਕਾਨਾ, ਥਾ ਮਾਤ ਪਿਤਾ ਪਰ ਜ਼ੋਰ ਸੋਈ
ਮੈਂ ਝੂਠਾ ਜਾਨਾ। ਭਾਈ ਨੇ ਦੀਨੀ ਦਰਾਹ ਦੇਖ
ਕਰ ਬਿਪਤ ਕਾ ਬਾਨਾਂ, ਹਾਏ ਕਹੀ ਦਾਸੀ ਬੁਰ-
ਧਾਰ ਸੁਨਾਂ ਮੈਂ ਅਪਨੇ ਕਾਨਾਂ। ਔਰ ਨ ਦੋ ਸੰਤਾਪ
ਪ੍ਰਭੂ ਮੈਂ ਅਤਿ ਦੁਖਿਆਰੀ, ਨਹੀਂ ਜੀਨੇ ਕੀ
ਚਾਹ ਮਝੇ ਅਬ ਮੌਤ ਪਿਆਰੀ। ਕਰੋ ਕਾਹੇ ਅਬ
ਦੇਰ ਜਲਦ ਜਮਦੂਤ ਪਠਾਓ, ਹੇ ਕ੍ਰਿਪਾਲ
ਦਿਆਲ ਪ੍ਰਭੂ ਮੇਰਾ ਦੁਖ ਮਿਟਾਓ। ਹੈਂ ਐਸੇ
ਮੰਦ ਭਾਗ ਮੌਤ ਨਾ ਮੇਰੀ ਆਵੇ, ਕਿਆ ਜਾਨੂੰ
ਕਿਆ ਰੰਗ ਅਗੀ ਬਿਧਨਾਂ ਦਿਖਲਾਵੇ। ਹੈ ਮੁਝ

Original with:
Language Department Punjab
Digitized by:
Panjab Digital Library

ਕੋ ਵਿਸ਼੍ਵਾਸ ਨਹੀਂ ਪ੍ਰਭੁ ਅਨਿਯਾਏ ਕਾਰੀ,
ਹੋਨੀ ਹੈ ਬਲਵਾਨ ਉਸੀ ਕੀ ਖੇਲ ਹੈ ਸਾਰੀ।
ਦੋਸ਼ ਨਹੀਂ ਕੁਛ ਸਾਸ ਸੁਸਰ ਕੋ ਨ ਪਿਤਾ ਅਰ
ਮਾਈ, ਦਾਸ ਦੋਸ਼ ਹੈ ਪੂਰਬ ਕਰਮਾ ਬਿਧਨਾ
ਬਿਧ ਬਨਾਈ ॥

ਇਹ ਕਿਹਾ ਅਰ ਆਂਮਲਾਂਮ ਦੇ ਦੋਹਾਂ ਰਾਹਾਂ ਨੂੰ ਛੱਡਕੇ ਸਾਮਨੇ ਵਾਲੇ ਰਾਹ ਨੂੰ ਜਿੱਥੋਂ ਦੀ ਕੋਈਭੀ ਆਉ'ਦਾ ਜਾਂਦਾ ਨਹੀਂ ਸੀ ਦਿਸਦਾ ਅਰ ਨਾ ਹੀ ਬਹੁਤ ਟੁਰਨ ਫਿਰਨ ਦੇ ਨਿਸ਼ਾਨ ਪਾਏ ਜਾਂਦੇ ਸਨ ਟੁਰ ਪਈ ॥

ਓਹ ! ਪਿਆਰੀ ਅੰਜਨਾਂ ਤੂੰ ਕਿੱਧਰ ਨੂੰ ਜਾਰਹੀ ਹੈਂ ! ਏਸ ਪਾਸੇ ਤਾਂ ਕੋਈ ਠਿਕਾਨਾ ਨਹੀਂ ਜਿੱਥੇ ਕੈਹਕੇ ਅਪਨੇ ਕਰਮਾਂ ਨੂੰ ਰੋਵੇਂਗੀ ਯਾ ਕਿਸੇ ਨੂੰ ਅਪਨਾ ਦਰਦੀ ਬਨਾਵੇਂਗੀ ਤੇਰਾ ਵਿਆਹ ਕੀ ਹੋਇਆ ਤੈਨੂੰ ਤਾਂ ਸਰੀਂ ਢਾਹੀ-ਪੈਗਈ ਕਿ ਦੁਨੀਆਂ ਦੇ ਸਾਰੇ ਦੁਖਾਂਨੇ ਤੈਨੂੰ ਆ ਘੇਰਿਆ ਨਵੇਂ ਸੂਰਜ ਤਨੂੰ ਨਵੀਂ ਝਕਲੀਫ ਤਰੇ ਕੋਮਲ ਹਿਰਦੇ ਨੂੰ ਆਦਬਾਉ'ਦੀ ਹੈ, ਹਾ ! ਦੁਖ ਦਾ ਤਾਂ ਇਕ ਦਿਨ ਭੀ ਪਹਾੜ ਦਿਸਦਾ ਹੈ, ਤੈਨੂੰ ਤਾਂ ਭੋਰਾਂ ਵਰਹੇ ਬਿਪਤਾ ਕਟਿਆਂ ਹੋਗਏ ਹਨ, ਪਹਿਲੋਂ ਬਾਰਾਂ ਵਰਹੇ ਤਾਂ ਭਤਭਾ ਦੇ ਵਿਜੋਗ ਵਿੱਚ ਬੀਤੇ ਅਤੇ ਏਰਵਾਂ ਵਰਹਾ ਤਾਂ ਛਾਛਾ ਭੈੜਾ ਚੰਦ੍ਰਾ ਚੜ੍ਹਿਆ। ਅੰਜਨਾਂ ਦੱਸ ਤਾਂ ਸਹੀ ਤੂੰ ਕਿਧਰ ਨੂੰ ਜਾਏਂਗੀ ? ਉਜਾੜ ਬਿਆਬਾਨ ਨੂੰ ਕਿਉਂ ਜਾ ਰਹੀ ਹੈ, ਏਸ ਪਾਸੇ ਤਾਂ ਲਹੂ ਪੀਨ ਅਰ ਮਾਸ ਖਾਨ ਵਾਲੇ ਸ਼ੇਰ ਬਘਿਆੜ ਆਦਿਕ ਪਸ਼ੂ ਹੋਨਗੇ ਜਿਨਹਾਂ ਨੂੰ ਵੇਖਕੇ ਤੇਰਾ ਛੋਟਾ ਜਿਹਾ ਕੋਮਲ ਹਿਰਦਾ ਛਾਛਾ ਘਬਰਾ ਜਾਏਗਾ, ਕਿਉਂ ਜੋ ਪਹਿਲੋਂ ਤਾਂ ਤੂੰ ਓਹਨਾਂ ਨੂੰ ਕਦੇ ਡਿੱਠਾ ਭੀ ਨਹੀਂ। ਦੇਵੀ ! ਇਸ ਰਾਹ ਨੂੰ ਛੱਡਦੇ ਤੇ ਸੱਜੇ ਹੱਥ ਵਾਲੇ ਰਾਹ ਨੂੰ ਜਾ ਏਹ ਰਾਹ ਬਸਤੀ ਨੂੰ ਜਾਂਦਾ ਹੈ

Original with:
Language Department Punjab
Digitized by:
Panjab Digital Library

ਨੋਕ ! ਹਾਯ ! ਓਹ ਕੁਝ ਨਹੀਂ ਸੁਨਦੀ, ਅਤੇ ਬਸੰਤ ਮਾਲਾ ਨੂੰ ਓਧਰ ਹੀ ਸਾਨ ਲਈ ਕਹ ਰਹੀ ਹੈ, ਬਸੰਤ ਮਾਲਾ ਤਾਂ ਬਬੇਰਾ ਸਮਝਾਂਉਂਦੀ ਹੈ ਅਤੇ ਏਸ ਪਾਸੇ ਜਾਨ ਕਰਕੇ ਕਈ ਭਰਾਂ ਦੇ ਦੁਖ ਹੋਨ ਦਾ ਡਰ ਪਾਰਹੀ ਹੈ ਏਥੋਂ ਤੀਕਰ ਕਿ ਏਸ ਪਾਸੇ ਜਾਨ ਨਾਲ ਮੌਤ ਦਾ ਡਰ ਭੀ ਜਤਲਾ ਰਹੀ ਹੈ ਪਰ ਇਹ ਇੱਕ ਨਹੀਂ ਮੰਨਦੀ, ਕੀ ਭਲਾ ! ਏਸਨੂੰ ਵਸਤੀ ਕੋਲੋਂ ਡਰ ਆਉਂਦਾ ਹੈ ? ਜੋ ਉਸਨੂੰ ਛੱਡਕੇ ਜੰਗਲ ਬਿਆਬਾਨ ਨੂੰ ਜਾ ਰਹੀ ਏ। ਹਾਂ ! ਇਹ ਹੀ ਜਾਪਦਾ ਹੈ ਕੀ ਤੁਸੀਂ ਭੁਲ ਗਏ ਹੋ ? ਸਸ ਸੌਹਰੇ ਦੀ ਬੇਸਮੁਝੀ ਮਾਂ ਪਿਓ ਦੀ ਲਾਪਰਵਾਹੀ ਟਹਲਨਾਂ ਦੇ ਮੋਹਨਿਆਂ ਅਤੇ ਨਗਰ ਵਾਸੀਆਂ ਦੀ ਆਂ ਗੱਲ ਨੇ ਵਸਭੀ ਨਾਲੋਂ ਉਸਾੜ ਨੂੰ ਇਸਦੇ ਮਨ ਵਿੱਚ ਚੰਗੀ ਬਨਾ ਦਿੱਤਾ ਹੈ। ਅਤੇ ਏਹ ਗੱਲ ਭੀ ਸੱਚ ਹੈ ਕਿ ਜਿੱਥੇ ਕੋਈ ਅਪਨਾ ਸਹਾਇਕ ਅਤੇ ਨਾ ਕੋਈ ਹਾਲ ਪੁੱਛਨ ਵਾਲਾ ਹੋਵੇ ਓਥੇ ਜਾਨ ਨਾਲ ਬਿਨਾਂ ਦੁਖ ਤੋਂ ਕੁਝ ਹੋਰ ਹੱਥ ਨਹੀਂ ਆਉਂਦਾ, ਏਸ ਵੇਲੇ ਇਸਦਾ ਕੋਈ ਭੀ ਦਰਦੀ ਨਹੀਂ, ਜੇਹੜਾ ਇਸਦੀ ਬਿਪਤਾ ਦਾ ਹਾਲ ਸੁਨਕੇ ਉਸ ਪੁਰ ਦਯਾ ਕਰੇ ਅਤੇ ਏਸਨੂੰ ਕੁਝ ਧੀਰਜ ਹੀ ਦੇਵੇ, ਜਾਂ ਏਨਾਂ ਭੀ ਆਖੇ ਕਿ ਏਹ ਨੇ ਤੈਨੂੰ ਬਿਆਕੁਲ ਕਰ ਦਿੱਤਾ ਹੈ ਇਸ ਨਦੀ ਤੋਂ ਜੇਹੜੀ ਨੇੜਦੀ ਹੈ ਜਾਕੇ ਪਾਨੀ ਹੀ ਪੀਲੈ। ਨਹੀਂ ! ਨਹੀਂ ! ਓਹ ਵਖੋ ਇਸਦੀ ਛੋਟੀ ਉਮਰ ਦੀ ਸਹੇਲੀ ਜੇਹੜੀ ਅਪਨੇ ਸਾਰੇ ਸੁਖ ਛੱਡਕੇ ਮੁਢਤੋਂ ਹੀ ਇਸ ਦੇ ਨਾਲ ਨਾਲ ਹੀ ਦੁਖ ਸੁਖ ਭੋਗ ਰਹੀ ਹੈ ਪਰ ਅੰਜਨਾਂ ਇਹੋ ਜੁਵਾਬ ਦੇਂਦੀ ਹੈ ਕਿ ਜੀ ਨਹੀਂ ਕਰਦਾ ।

ਪਾਠਕ ਗਣ ! ਅੰਜਨਾਂ ਅਜੇ ਥੋੜੇ ਦੂਰ ਹੀ ਗਈ ਹੋਵੇਗੀ ਕਿ ਪਹਾੜਾਂ ਦੀਆਂ ਚੁੱਚੀਆਂ ੨ ਚੋਟੀਆਂ ਰੁਖਾਂ ਵਿੱਚੋਂ ਵਖਾਈ ਦੇਨ ਲਗੀਆਂ ਅਤ ਸੂਰਜ ਭੀ ਡੁਬਦਾ ਜਾਪਿਆ ਅਤੇ ਉਸ ਦੀਆਂ ਤਿਖੀਆਂ ਕਿਰਨਾਂ ਭੀ ਮੱਧਮ ਪੈ ਗਈਆਂ ਵੇਖ ਕੇ ਬਸੰਤ ਮਾਲਾ ਨੇ ਘਬਰਾ ਕੇ ਅੰਜਨਾਂ ਦੇਵੀ ਨੂੰ ਕਿਹਾ ॥

ਬਸੰਤ ਮਾਲਾ—ਸਖੀ ! ਸੂਰਜ ਅਸਤ ਹੋਨ ਲੱਗਾ ਹੈ ਅਤੇ ਚਹੁ ਪਾਸੇ ਸੁਨਸਾਨ ਉਜਾੜ ਬਿਆਬਾਨ ਹੀ ਨਜ਼ਰ ਆਉਂਦੀ ਹੈ

Original with:
Language Department Punjab
Digitized by:
Panjab Digital Library

ਸ਼ਰਾ ਪੈ ਚੁਭਕੇ ਚਲੋਂ ਤਾਂ ਕਿਸੇ ਟਿਕਾਨੇ ਪਹੁੰਚ ਕੇ ਟਾਂਤ ਰਹਿਨ ਦਾ ਪ੍ਰਬੰਧ ਕਰੀਏ ।

ਅੰਜਨਾਂ—ਸਖੀ ! ਏਸ ਸੂਰਜ ਦੇ ਡੁਬੱਨ ਦੀ ਤਾਂ ਮੈਨੂੰ ਸ਼ਰਾ ਭੀ ਚਿੰ ਨਹੀਂ ਮੈਂ ਤਾਂ ਅਪਨੇ ਭਾਗਾਂ ਦੇ ਸੂਰਜ ਨੂੰ ਡੁਬਿਆ ਵੇਖਕੇ ਰੋ ਰਹੀ ਹਾਂ, ਜੋਹੜਾ ਕਈਆਂ ਦਿਨਾਂ ਤੋਂ ਡੁਬਿਆ ਹੋਇਆ ਹੈ ਜਿਸਦੇ ਡੁਬੱਨ ਕਰਕੇ ਹਰ ਇੱਕ ਮਨੁ ਪਿਆਰੇ ਦੇ ਦਿਲ ਵਿੱਚ ਮੇਰੇ ਵਲੋਂ ਹਨੇਰਾ ਛਾਰਿ ਆ ਹੈ ਇਸ ਉਜਾੜ ਬਿਆਬਾਨ ਨੂੰ ਵੇਖਕੇ ਕਿਉ ਘਬ-ਰਾਉਨੀ ਹੈਂ ਮੈਂ ਤਾਂ ਇਸਨੂੰ ਵਸਦੀ ਨਾਲੋਂ ਚੰਗਾ ਜਾਨਨੀ ਹਾਂ, ਕਿਉਂ ਜੋ ਏਥੇ ਮੇਰੇ ਦਿਲ ਨੂੰ ਦੁਖਾਨ ਵਾਲਾ ਤਾਂ ਕੋਈ ਨਹੀਂ (ਟੱਕੇ)ਖਤਾਬੀ ਟੁਰਕੇ ' ਕਿੱਥੇ ਜਾਨਾ ਹੈ ਜਿੱਥੇ ਹੀ ਰਾਤ ਪੈ ਗਈ ਓਥੇ ਹੀ ਸਾਡਾ ਟਿਕਾਨਾ ਹੈ" ॥

ਬਸੰਤਮਾਲ'— ਭੈਨ ! ਜੋ ਕੁਛ ਤੂੰ ਆਖਿਨੀ ਹੈਂ ਠੀਕ ਹੈ ਮੰਦੇ ਦਿਨਾਂ ਨੂੰ ਜਿਨਾਕੁ ਟੈਵੀਯੇ ਥੋੜਾ ਹੈ ਪਰ ਗਿਰਗਟ ਦੀ ਤਰਾਂ ਸਮੇਂ ਦੇ ਬਦਲਦੇ ਹੋਏ ਰੰਗ ਸਬੂਤ ਦੇ ਹਰੇ ਹਨ । ਅਤੇ ਦੁਖੀਆਂ ਨੂੰ ਚੰਗੀ ਤਰਾਂ ਸਮਝਾ ਰਹੇ ਹਨ ਕਿ ਜੋ ਕਲ ਦੇ ਦਿਨ ਅੱਜ ਨਹੀਂ ਤਾਂ ਇਹ ਨਿਸਚੈ ਜਾਨ ਲੌ ਕਿ ਅੱਜ ਦਾ ਦਿਨ ਭੀ ਕੱਲ ਨਹੀਂ ਰਹੇਗਾ। ਕਦੇ ਤਾਂ ਭਾਗਾਂ ਦਾ ਤਾਰਾ ਭੀ ਚੜੇਗਾ ਅਰ ਕਦੀ ਤਾਂ ਹੱਛੇ ਦਿਨ ਆਓਨਗੇ '।

ਅੰਜਨਾਂ—(ਛਾਡੀ ਚਿੰਤਾ ਦੀ ਅਵਾਜ ਨਾਲ) ਬਸੰਤ ! ਕੀ ਕਹਨੀ ਹੈਂ ਏਹ ਓਹ ਭਾਗ ਨਹੀਂ ਹਨ ਜੋਹੜੇ ਕਦੇ ਭੀ ਉਦੇ ਹੋਨ, ਮੈਂ ਤਾਂ ਸਮੇਦੇ ਹੇਰ ਫੇਰ ਨੂੰ ਆਪ ਮਨਦੀ ਸਾਂ ਅਤੇ ਜਾਨਦੀ ਸਾਂ ਕਿ ਸੁਖ ਦੁਖ ਕੋਈ ਦਿਨ ਹੀ ਹੁੰਦਾਹੈ ਪਰ ਤੂੰਨ ਇਹ ਨਿਸਚ ਕਰ ਲੀਤਾ ਹੈ ਕਿ ਸਾਰੇ ਮਨਦੇ ਹੀ ਛਕੌਂਸਲੇ ਘੜੇ ਹੋਏ ਹਨ ਨਿਰੇ ਝੂਠ ਹੀ ਥਪੇ ਹੋਏ ਹਨ, ਸ਼ਰਾ ਸੋਚ ਤਾਂ ਸਹੀ, ਜਦ ਤੋਂ ਵਿਆਹ ਹੋਇਆ ਕੀ ਸੁਖ ਪਾਇਆ ਅੱਜ ਤੇਰਾਂ ਵਰਿਆਂ ਤੋਂ ਇਹੋ ਹਾਲ ਹੋ ਰਿਹਾ ਹੈ ਨਿੱਤ ਨਵੀਂ ਮੁਸੀਬਤ ਪੈ ਰਹੀ ਹੈ, ਇਨ੍ਹਾਂ ਦਿਨਾਂ ਦੇ ਬਦਲਨ ਦੀ ਕਦੋਂ ਆਸ਼ਾ ਹੋ ਸਕਦੀ ਹੈ ॥

Original with:
Language Department Punjab
Digitized by:
Panjab Digital Library

ਬਸੰਤ ਮਾਲਾ—(ਵਿੱਚੋਂ)ਈ ਗੱਲ ਟੁਕਕੇ) ਹੁਨ ਭਾਂ ਟੁਰਸ ਕਿਧਰੇ ਨਹੀਂ ਦਿਸਦਾ, ਹਾਂ ! ਹੁਨ ਭਾਂ ਰਾਤ ਦਾ ਅੰਧੇ ਰਾ ਚੌਹੀਂ ਪਾਸਾਂ ਖਿਲਰਕੇ ਇਸ ਜੰਗਲ ਨੂੰ ਆਪਨੀ ਗੋਦੀ ਵਿੱਚ ਲੈ ਰਿਹਾ ਹੈ ।

ਅੰਸਨਾਂ—(ਅਕਾਸ਼ ਵੱਲੋਂ ਵੇਖਕੇ) ਓਹੋ ! ਮੈਂ ਭਾਂ ਅਜੇ ਸੰਧਿਆ ਕਰਨੀ ਹੈ । ਏਹ ਕਹਕੇ ਇੱਕ ਬੋੜ ਦੇ ਰੁਖ ਹੇਠਾਂ ਸੰਧਿਆ ਕਰਨ ਲਈ ਬੈਹ ਗਈ ਅਤੇ ਬਸੰਤ ਮਾਲਾ ਨੇ ਘਾ ਫੁਸ ਵਿਛਾਕੇ ਅਰਾਮ ਕਰਨ ਲਈ ਜਗਾ ਬਨਾਈ ਅਤੇ ਕੁਝ ਜੰਗਲੀ ਫਲ ਜੇਹੜੇ ਓਸ ਵੇਲੇ ਮਿਲ ਸਕੇ ਲਿਆ ਕੇ ਅੱਗੇ ਰੱਖੇ ॥

ਓਹੋ ! ਬਸੰਤ ਮਾਲਾ ਭਾਂ ਅੰਸਨਾਂ ਨੂੰ ਫੁਲਾਂ ਦੇ ਖਾਨ ਲਈ ਸੱਦਾਂ ਦੇ ਰਹੀ ਹੈ ਪਰ ਓਹ ਦਬਾਸੱਟ ਹੋ ਹੀ ਰਹੀ ਹੈ ॥

ਪਾਠਕ ! ਪ੍ਰਮਾਤਮਾ ਕਰੇ ਕਿ ਮੁਸੀਬਤ ਦੇ ਦਿਨ ਕਿਸੇ ਤੇ ਨ ਆ ਜਾ ਵੇਖੋ ਇਹ ਓਹੋ ਰਾਜਦੁਲਾਰੀ ਹੈ ਜਿਸਨ ਆਪਨੀ ਬਾਲ ਅਵਸਥਾ ਬੜੇ ਲਾਡ ਪਿਆਰ ਵਿੱਚ ਬਿਤਾਈ ਸੀ, ਹਜਾਰਾਂ ਟਹਿਲਨਾਂ ਹਰ ਵੇਲੇ ਹੱਥ ਬੰਨ੍ਹਕੇ ਅਗੇ ਖਲੋਤੀਆਂ ਰਹਿੰਦੀਆਂ ਸਨ । ਖਾਨ ਲਈ ਭਾਂਤ ਭਾਂਤ ਦੇ ਖਨੇ ਸੋਨੇ ਚਾਂਦੀ ਦੇ ਥਾਲਾਂ ਵਿੱਚ ਲੱਗਕੇ ਆਉਂਦੇ ਸਨ, ਰੇਸ਼ਮ ਤੇ ਮਖ਼ਮਲਾਂ ਦੀਆਂ ਵਛਾਈਆਂ ਵਿਛਦੀਆਂ ਸਨ, ਤੇ ਏਥੇ ਤੀਕ ਖਿਆਲ ਕੀਤਾ ਜਾਂਦਾ ਸੀ ਕਿ ਵਛਾਈ ਵਿੱਚ ਕਿਤੇ ਵਟ ਨ ਹੋਵੇ, ਜ਼ਰਾ ਜੇਹੀ ਤਬਦੀਲ ਹੋਨ ਨਾਲ ਸਾਰੇ ਮੈਹਲ ਵਿੱਚ ਸ਼ੋਰ ਪੈ ਜਾਂਦਾ ਸੀ ਹਜ਼ਾਰਾ ਅਤੇ ਲੱਖਾਂ ਰੁਪੈਆਂ ਦਾ ਦਾਨ ਪੁੰਨ ਕੀਤਾ ਜਾਂਦਾ ਸੀ ਅੱਜ ਓਹੋ ਰਾਜਦੁਲਾਰੀ ਬਿਨਾਂ ਕਿਸੇ ਸਮਿਆਨ ਦੇ ਅਜੇਹੀ ਹਾਲਤ ਵਿੱਚ (ਜਦਕਿ ਪੰਜ ਛੇ ਮਹੀਨਿਆਂ ਦਾ ਗਰਭ ਹੈ) ਅਤੇ ਏਹ ਓਹ ਵੇਲਾ ਹੈ ਜਿਸ ਵੇਲੇ ਨੂੰ ਹਕੀਮਾਂ ਤੇ ਵੈਦਾਂ ਨੇ ਤੀਮੀਆਂ ਲਈ ਛਾਛਾ ਕੋਮਲ ਮਾਮਾਂ ਦੱਸਿਆ ਹੈ, ਅਤੇ ਦੋ ਤਿੰਨਾਂ ਦਿਨਾਂ ਤੋਂ ਪਿਛੋਂ ਏਹ ਬੜੇ ਸਿਹੇ ਜੰਗਲੀ ਫਲ ਅੱਗੇ ਪਏ ਹੋਏ ਹਨ, ਅਤੇ ਸੌਨਲਈ ਮਖ਼ਮਲ ਤ ਦਰਿਆਈ ਦੀ ਥਾਂ ਘਾਸ ਪਾਭ ਦੀ ਵਛ ਈ ਵਿਛ ਰਹੀ ਹੈ ਵਿਚਾਰੀ ! ਦੇਵੇ ਨਾਂ ਭਾਂ ਕੀ ਦੇ । ਇੱਤ ਦੋ ਫਲ ਖਾਕੇ ਪਾਨੀ ਪੀਤਾ ਸਾਰੇ ਦਿਨਦੀ ਥਕਾਵਟ ਨੇ ਤੁੰਗ ਕੀਤਾ ਭਾਂ ਜਰਾ ਲੇਟ ਗਈ ।

Original with:
Language Department Punjab
Digitized by:
Panjab Digital Library

ਹਾਯ ! ਲੋਟਦੀ ਸਾਰਹੀ ਮਨ ਵਿੱਚ ਕਈ ਤਰ੍ਹਾਂ ਦੇ ਖਿਆਲ ਉਤਪੰਨ ਹੋਨਲੱਗੇ ਅਤ ਦਿਲਨੂੰ ਹੋਰਭੀ ਬੇਚੈਨ ਕਰਨ ਲੱਗੇ ਤਾਂ ਘਬਰਾਕੇ ਉੱਠ ਬੈਠੀ ਅਤੇ ਮਨ ਵਿੱਚ ਕਹਨ ਲੱਗੀ "ਮੈਨੂੰ ਕੀ ਹੋ ਗਿਆ ? ਮੈਂ ਕਿਉਂ ਬਦਨਾਮ ਹੋਈ ! ਮੇਰੀ ਅਜਿਹੀ ਕਿਉਂ ਦੁਰਦਿਸ਼ਾ ਹੋਈ ! ਲੋਕ ਮਨ ਵਿੱਚ ਕੀ ਆਖਦੇ ਹੋਨਗੇ ਮਾ ਦੇ ਮਨ ਵਿੱਚ ਕੀ ਆਂਉਂਦਾ ਹੋਵੇਗਾ" ॥

ਓਹ ! ਏਸ ਖਿਆਲਦੇ ਆਉਂਦਿਆਂਹੀ ਮਨ ਛੁਰ ਆਯਾ ਸਰੀਰ ਸੁੰਨ ਹੋਗਿਆ ਸਿਰ ਅਸਮਾਨ ਵਾਂਗੂ ਚੱਕਰ ਖਾਗਿਆ ਤਾਂ ਸਿਰਨੂੰ ਇੱਕ ਹੱਥ ਨਾਲ ਅਤੇ ਦਿਲ ਨੂੰ ਦੂਜੇ ਹੱਥ ਨਾਲ ਸਹਾਰਾ ਦੇਕ ਬਹ ਗਈ, ਏਨੇ ਵਿੱਚ ਨ ਜਾ ਨਿਏਂ ਕੀ ਖਿਆਲ ਆਯਾ ਕਿ ਇਸ ਤਰਹ ਕਹਨ ਲੱਗੀ "ਹਾਯ! ਕਡੇ ਕਡੇ ਕਸ਼ਟ ਝਲੱਨ ਤੇ ਅੰਤ ਸ੍ਵਾਮੀ ਜੀ ਦ ਦਰਸ਼ਨ ਹੋਏ ਸਨ, ਅਤੇ ਮਨ ਵਿੱਚ ਕਹਿੰਦੀ ਸਾਂ ਕਿ ਬਿਪਤਾ ਦੇ ਦਿਨ ਬੀਤ ਗਏ ਹਨ ਹੁਨ ਕਈ ਰੰਗ ਦੇਖਾਰੀ ਪਰ ਵਾਹ! ਮੇਰੇ ਕਰਮੋ !! ਚੰਗਾ ਰੰਗ ਦਿਖਾਇਆ ਜੇ ।

ਏਸੇ ਤਰਾਂ ਕਦੀ ਘਬਰਾਕੇ ਲੋਟ ਜਾਂਦੀ ਅਤੇ ਕਦੇ ਫੇਰ ਪਾਗਲਾਂ ਹਾਰ ਉਠ ਬੈਂਹਦੀ ਜਦ ਰੋਂਦਿਆਂ ਸਵੇਰ ਹੋ ਗਈ ਤਾਂ ਨਹਾ ਧੋਕੇ ਨਿੱਤ ਨੇਮ ਕਰਕੇ ਅੱਗੇ ਨੂੰ ਚਲ ਪਈ । ਓਹੋ ! ਇਹ ਤਾਂ ਓਨ੍ਹਾਂ ਘਨੇ ਦੁਖਾਂ ਨੂੰ ਜਾ ਰਹੀ ਹੈ ਜਿਨ੍ਹਾਂ ਦੇ ਵਿਚੋਂ ਦੀ ਇੱਕ ਡੰਡੀ ਜੇਹੜੀ ਪਥੁਮੁਖਾ ਬਨ ਦੇ ਵਿੱਚੋਂ ਦੀ ਓਨ੍ਹਾਂ ਉੱਚ ੨ ਪਰਬਤਾਂ ਨੂੰ ਜਾਂਦੀ ਹੈ ਜੇਹੜੇ ਦੂਰੋਂ ਨਜ਼ਰ ਆ ਰਹੇ ਹਨ, ਅਤੇ ਚਾਰ ਜਾਂ ਪੰਜ ਕੋਹ ਹੀ ਗਈ ਹੋਵੇਗੀ ਕਿ ਦੁਖਾਂ ਅਤ ਝਾੜੀਆਂ ਦੇ ਹੋਨ ਕਰਕੇ ਛਾਡੇ ਤੰਗ ਰਾਹ ਵਿੱਚੋਂ ਲੰਘਨਾ ਪਿਆ, ਭਾਵੇ ਬਸੰਤ ਮਾਲਾ ਨੇ ਬਤੇਰੀਆਂ ਮੋਚਾਂ ਸੋਚ ਮਾਂ ਤੇ ਅਕਲ ਦੇ ਘੋੜੇ ਦੌੜਾਏ ਪਰ ਇਸ ਰਾਹ ਤੋਂ ਬਿਨਾ ਹੋਰ ਕੋਈ ਦ ਹ ਨਜ਼ਰ ਨ ਪਿਆ, ਤਾਂ ਘਬਰਾਕੇ ਆਖਨ ਲੱਗੀ ॥

ਬਸੰਤ ਮਾਲਾ-ਭੈਨ ! ਏਥੋਂ ਮੁੜਕੇ ਕਿਸੇ ਹੋਰ ਰਾਹੋਂ ਚਲਾ ਜਾਨਾ ਚੰਗਾ ਹੈ ਕਿਉਂ ਜੋ ਅਜੇਹ ਭਰਾਂਓਨੇ ਰਾਹ ਵਿੱਚੋਂ ਚਲਨਾ ਚੱਜਾ ਨਹੀਂ ਪਹਿਲੋਂ ਨਾਂ ਇਹ ਭੀ ਪਤਾ ਨਹੀਂ ਕਿਧਰ ਨੂੰ ਜਾਨਾ ਹੈ

Original with:
Language Department Punjab
Digitized by:
Panjab Digital Library

ਦੂਜਾ ਚਾਨਨਾ ਭੀ ਘੱਾ ਹੈ, ਅਤੇ ਜੇ ਇਸ ਤਰਾਂ ਦੇ ਰਾਹ ਵਿੱਚ ਸੂਰਜ ਡੁਬ ਗਿਆ ਤਾਂ ਰਤ ਕੱਟਨੀ ਬੀ ਮੁਸ਼ਕਲ ਹੋ ਜਾਏਗੀ ॥

ਅੰਜਨਾਂ ਦੇਵੀ—ਭੈਨ ! ਮੇਰੀ ਕੋਹੜੀ ਥਾਂ ਹੈ ਜਿੱਥੇ ਕਿਸਮਤ ਲੈ ਚਲੇਗੀ ਜਾ ਨਿਕਲਾਂਗੀ ਰਾਤ ਦਾ ਫਿਕਰ ਨ ਕਰ ਜਿੱਥੇ ਪੈਗੀ ਕੱਟ ਲਵਾਂਗੀ (ਜਰਾਕੁ ਉਤਾਂ ਵੇਖਕੇ) ਅਜੇ ਤਾਂ ਬਤੇਰਾ ਦਿਨ ਹੈ ਸੰਧਿਆ ਵੇਲ ਤੀਕ ਅੱਠ ਦਸ ਕੋਹ ਜਰੂਰ ਨਿਕਲ ਹੀ ਜਾਵਾਂਗੀਆਂ (ਰਾਹ ਵਲੋਂ ਵੇਖਕੇ) ਅਜੇਹਾ ਬਿਖੜਾ ਰਾਹ ਤਾਂ ਥੋੜੀ ਦੂਰ ਤੀਕ ਹੀ ਜਾਪਦਾ ਹੈ (ਧਿਆਨ ਲਾਕੇ ਵੇਖਕੇ) ਏਹ ਰਾਹ ਦੋ ਤਿੰਨਾਂ ਕੋਹਾਂ ਤੋਂ ਵਧ ਨਹੀਂ ਜਾਪਦਾ । ਹੁਨ ਪਿਛਾਂ ਮੁੜਨਾਂ ਨੇਗ ਨਹੀਂ ॥

ਪਾਠਕ ਗਣ ! ਅਜੇਹੇ ਬਿਖੜੇ ਤੇ ਸੰਘਨੇ ਰਾਹ ਨੂੰ ਦੇਖਕੇ ਭੀ ਅੰਜਨਾਂ ਜ਼ਰਾ ਭੀ ਨਹੀ ਘਬਰਾਈ, ਅਰ ਵਾਹਿਗੁਰੂ ਜੀ ਤੇ ਭਰੋਸਾ ਰਖ ਕੇ ਇਸਤਰ੍ਹਾਂ ਜਾ ਰਹੀ ਹੈ ਜਿਸਤਰਾਂ ਨਾਲ ਇਕ ਸੂਰਮਾਂ ਸਿਪਾਹੀ ਅਪਨੇ ਸ਼ਤਰੂ ਦੀ ਢੂੰਡ ਵਿੱਚ ਜਾਂਦਾ ਹੈ । ਭਾਵੇਂ ਕਈ ਪ੍ਰਕਾਰ ਦੇ ਜੰਗਲੀ ਜਾਨਵਰ ਅਨੇਕਾਂ ਡਰਾਵਨਿਆਂ ਬੋਲਿਆਂ ਬੋਲ ਰਹੇ ਹਨ, ਜਿਨ੍ਹਾਂ ਦੀ ਡਰਾਉਨੀ ਅਵਾਜ਼ ਨੂੰ ਸੁਨਕੇ ਸੂਰਮੇ ਦਾ ਭੀ ਹੌਸਲਾ ਢੈਹ ਜਾਂਦਾ ਹੈ, ਪਰ ਅੰਜਨਾਂ ਜ਼ਰਾ ਭੀ ਨ ਘਬਰਾਂਦੀ ਹੋਈ ਬੜੀ ਦਲੇਰੀ ਨਾਲ ਅਗਾਂਹ ਨੂੰ ਪੈਰ ਰਖਦੀ ਹੋਈ ਜਾ ਰਹੀ ਹੈ ॥

ਓਹੋ ! ਝਾੜੀਆਂ ਦੇ ਤਿਖੇ ਕੰਡੇ ਚੁਭਕੇ ਪੈਰਾਂ ਤੋਂ ਲਹੂ ਵਗ ਰਿਹਾ ਹੈ ਅਤੇ ਪੀੜਾ ਦੁਖ ਦੇ ਰਹੀ ਹੈ ਪਰ ਇਹ ਏਨ੍ਹਾ ਗੱਲਾਂ ਦੀ ਰੱਤੀ ਭੀ ਪਰਵਾਹ ਨ ਕਰਕੇ ਇਹੋ ਕਹਿੰਦੀ ਹੋਈ ਜਾ ਰਹੀ ਹੈ ਕਿ 'ਹੇ ਪ੍ਰਮਾਤਮਾ ਤੇਰੀ ਮੰਗਲ ਇਛਿਆ ਪ੍ਰਨ ਹੋਵੇ' ॥

ਹੁਨ ਓਹ ਐਸੇ ਭਯਾਨਕ ਸੰਘਨੇ ਅਰ ਅੰਧੇਰੇ ਰਸਤੇ ਨੂੰ ਪੂਰਾ ਕਰਕੇ ਇੱਕ ਅਜੇਹੀ ਜਗਾ ਤੇ ਆਗਈ ਹੈ ਜੋ ਪਹਿਲੇ ਰਸਤੇ ਨਾਲੋਂ ਬੜੀ ਚੌੜੀ ਹੈ ਪਰ ਸੱਜੇ ਖਬੇ ਦੂਰ ਤੀਕਰ ਜੰਗਲ ਹੀ ਜੰਗਲ ਨਜ਼ਰ ਆਉਂਦਾ ਹੈ ਅਰ ਸਾਹਮਨੇ ਦੋ ਚਾਰ ਕੋਹਾਂ ਪੁਰ ਇੱਕ ਕੁਟੀਆ ਭੀ ਨਜ਼ਰ ਆਉਂਦੀ ਹੈ, ਜੇਹੜੀ ਇੱਕ ਉੱਚੇ ਟਿੱਲੇ ਤੇ ਅਬਿਰ ਜਗਾ ਪਰ ਬਨੀ ਹੋਈ ਹੈ ਜਿਸ ਨੂੰ ਵੇਖਕੇ ਅੰਜਨਾ ਦੇਵੀ ਨੂੰ ਕੁਝ ਹੌਂਸਲਾ

Original with:
Language Department Punjab
Digitized by:
Panjab Digital Library

ਹੋਇਆ ਕਿ ਏਥੇ ਜ ਣ ਕੋਈ ਨ ਕੋਈ ਨਿੰਦਾ ਹੋਵੇਗਾ ਅਰ ਅੱਜ ਰ ਤ ਤਾਂ ਅਸੀ ਏਥੇ ਹੀ ਬਿਸ੍ਰਾਮ ਕਰਾਂਗੀਆਂ ॥

ਨੋਕ ! ਕਿ ਬਦਲਾਂ ਨੂੰ ਇਸਦੀ ਏਨੀ ਭੀ ਧਰਵ ਸ ਅਛੀ ਨ ਲਗੀ ਤੇ ਝਟਾਝਟ ਅਕੱਠੇ ਹੋਕੇ ਅ ਗਏ ਅਤੇ ਘਟਾਟੋਪ ਹਨੇਰਾ ਛਾ ਗਿਆ, ਓਹੋ ! ਹਨੇਰਾ ਭੀ ਕਿਹਾ ਕਿ ਹੱਥ ਪਸਾਰਿਆਂ ਨਜ਼ਰ ਨਹੀਂ ਅਉਂਦਾ ਸਾਰੇ ਬਨ ਵਿੱਚ ਡਰ ਵਿਆਪ ਰਿਹਾ ਹੈ ਜੰਗਲੀ ਜ ਨਵਰ ਅਨੇਕ ਤਰਾ ਦੇ ਡਰਾਉਨੇ ਬੋਲ ਬੋਲਕੇ ਰੌਲਾ ਪਾਏ ਰਹੇ ਹਨ। ਪਰ ਅੰਜਨਾਂ ਦੇਵੀ ਬਸੰਤ ਮਾਲਾ ਨੂੰ ਦਲੇਰੀ ਦੇਂਦੀ ਹੋਈ ਬਡੇ ਹੌਸਲੇ ਨ ਲ ਜਾ ਰਹੀ ਹੈ, ਭਾਵੇ ਹਨੇਰਾ ਘੁਮਘੋਰਾ ਏਡਾ ਹੋਗਿਆ ਹੈ ਕਿ ਇੱਕ ਦੂਜੀ ਨੂੰ ਨਜਰ ਹੀ ਨਹੀਂ ਆਉਂਦੀ। ਹਾਏ ! ਹਾਏ !! ਲੰ ਦੇ ਰ ਤੁਨੇ ਕਿਤੇ ਨੇੜੇ ਹੀ ਸ਼ੇਰ ਦੀ ਭਬਕ ਭੀ ਸੁਨਾਈ ਦੇਂਦੀ ਹੈ। ਬਦੱਲ ਗਜ ਕੇ ਤੇ ਬਿਜਲੀ ਕੜਕ ਕੇ ਸਾਹ ਗੁਮ ਕਰ ਰਹੀ ਹੈ ਅਜਹ ਵੇਲੇ ਬਸੰਤ ਮਾਲਾ ਘਬਰਾ ਗਈ ਅਤੇ ਕਹਨ ਲੱਗੀ ॥

ਬਸੰਤ ਮਾਲਾ-ਭੈਨ ! ਤੂੰ ਕਿੱਥੇ ਹੈਂ ਮੈਨੂੰ ਤਾਂ ਕੁਝ ਨਹੀਂ ਸੁਝਦਾ॥

ਅੰਜਨਾਂ-ਓਸਦੀ ਅਵਾਜ ਤੋਂ ਤਾੜ ਗਈ ਕਿ ਹਨੇਰਾ ਵੇਖਕੇ ਘਬਰਾ ਗਈ ਹੈ ਝੱਟ ਓਸਦਾ ਹੱਥ ਪਗੜਕੇ ਕੱਛ ਵਿੱਚ ਲੈ ਲੀਤਾ ਤੇ ਕਹਿਨ ਲੱਗੀ ॥

ਅੰਜਨਾਂ-ਬਸੰਤ ! ਭੈਣ ਡਰ ਨਾਂ ! ਧੀਰਜ ਰਖ !! (ਅਕਾਸ਼ ਵੱਲੋਂ ਵੇਖਕੇ) ਬਦੱਲ ਪਾਟਨ ਦੀਦੇਰ ਹੈ ਤੁਨੇ ਥੋੜੀ ਦੇਰ ਨੂੰ ਉਜਲਾ ਹੋ ਹੀ ਜਾਵੇਗਾ (ਮਨ ਵਿੱਚ ਹਾ ! ਵਾਹ ਵੇਭਗੋ ! ਪਹਿਲੋਂ ਤਾਂ ਨਿਰਾ ਹਨੇਰ ਈ ਹਨੇਰ ਹੋਰਿਹਾ ਸੀ ਜਾਂ ਜੰਗਲੀ ਜ ਨਵਰਾਂ ਦੀ ਅਵਾਜਾਂ ਦੁਖ ਦੇ ਰਹਿਆਂ ਸਨ ਤੁਨ ਤਾਂ ਧਰਤੀ ਭੀ ਉੱਚੀ ਨੀਵੀਂ ਅ ਗਈ ਹੈ। ਜੇ ਇੱਕ ਪੈਰ ਇਕੋ ਜਹੀ ਜਮੀਨ ਤੇ ਪੈਂਦਾ ਹੈ ਤਾਂ ਦੂਜਾ ਟੋਏ ਵਿੱਚ ਪੈਕੇ ਸਿਰ ਨੂੰ ਝੁਕਾਕੇ ਲੱਕ ਦੀ ਲਚਕਾਰ ਕੱਢ ਦੇਂਦਾ ਹੈ ਜੇ ਟੋਲਦਿਆਂ ੨ ਪੈਰ ਬਚ ਕੇ ਰੱਖ ਭੀ ਲਿਆ ਜਾਂਦਾ ਹੈ ਤਾਂ ਜੰਗਲੀ ਝਾੜਿਆਂ ਅਪਨਾਈ ਫਕਾਰ ਬਨਾ ਲੈਂਦੀਆਂ ਹਨ, ਏਹ ਦੇਖ ਕੇ ਅੰਜਨਾਂ ਦੇ ਅਥਰੂ ਨਿਕਲ ਪਏ ਅਤੇ ਰੱਬ ਜਾਨੇ ਜੀ

Original with:
Language Department Punjab
Digitized by:
Panjab Digital Library

ਵਿੱਚ ਕੀ ਆ ਇਆ ਕਿ ਠੰਡਾ ਹਾਉਕਾ ਭਰਕੇ ਬੋਲੀ "ਹੱਛਾ ਰੱਬਾ ਜੋ ਤੇਰੀ ਮਰਜੀ ! ਤਦ ਬਸੰਤ ਮਾਲਾ ਨੇ ਆਖਿਆ ॥

ਬਸੰਤ ਮਾਲਾ—ਅੰਜਨਾਂ ! ਮੈਂ ਸੁਨਦੀ ਸਾਂ ! ਨਹੀਂ ! ਨਹੀਂ ਸੁਨਦੀ ਹੀ ਨਹੀਂ ਪਰੰਤੂ ਨਿਸਚਯ ਕਰ ਜਾਨਦੀ ਭੀ ਸਾਂ ਕਿ ਤੇਰਾ ਪਿਓ ਬੜਾ ਗਯਾਨੀ ਤੇ ਸਾਧੂ ਸੁਭਾਵ ਅਤੇ ਏਸੇ ਤਰ੍ਹਾਂ ਤੇਰੀ ਮਾਤਾ ਨੂੰ ਭੀ ਸਮਝਦੀ ਸਾਂ ਪਰੰਤੂ ਹੁਨ ਭਾਂ ਓਨ੍ਹਾਂ ਤੋਂ ਵਧਕੇ ਨਿਰਦਈ ਅਤੇ .....ਨਹੀਂ ਡਿੱਠਾ ਹਾਯ ! ਜਦ ਓਨ੍ਹਾਂ ਨੇ ਅਪਨੇ ਕਲੇਜੇ ਦੇ ਟੁਕੜੇ ਨੂੰ ਅਰਥਾਤ ਅਪਨੀ ਪਿਆਰੀ ਪੁਤ੍ਰੀ ਦੀ ਮੁਸੀਬਤ ਦਾ ਕੁਝ ਭੀ ਖਿਆਲ ਨਹੀਂ ਕੀਤਾ ਤੇ ਦੂਜੇ ਦਾ ਮਿੱਟੀ ਨਿਆਂ ਕਰਨਗੇ।

ਬਸੰਤ ਮਾਲਾ ਦੀਆਂ ਗੱਲਾਂ ਅੰਜਨਾਂ ਦੇ ਦਿਲ ਪੁਰ ਤੀਰਾਂ ਵਾਂਗੂੰ ਲਗੀਆਂ ਅਤੇ ਬੜੇ ਗੁੱਸੇ ਵਿੱਚ ਆਕੇ ਕਹਿਨ ਲੱਗੀ ॥

ਪਿਤਾ ਮੇਰਾ ਸਖੀ ਅਤ ਗੁਨੀ ਔਰ ਬੜਾ ਬੁੱਧਿਮਾਨ, ਦਯਾ ਧਰਮ ਕੋ ਪਾਲਤਾ ਕਰਤਾ ਹਰਕਾ ਧਿਆਨ। ਰਾਜ ਕਾਜ ਮੇਂ ਚਤੁਰ ਹੈ ਮਸਤਕ ਦੇਖੇ ਜੋ, ਗੁਨ ਔਗੁਨ ਪਹਿਚਾਨ ਕਰ ਡੰਡ ਦੇ ਨਿਰਪੱਖ ਹੋ ॥ ਜੋ ਮਮ ਹਾਲ ਨ ਪਰਖਿਆ ਤਿਸਕਾ ਔਰ ਹੈ ਭੇਦ, ਪੂਰਬ ਕਰਮ ਮੇਰੇ ਅਤਬੁਰੇ ਜਿਨ ਦਿਖਲਾਯਾ ਖੇਦ। ਮਾਤਾ ਸ਼ੀਲ ਸੁਭਾਓ ਹੈ ਪਤਿਬ੍ਰਤਾ ਤਿਸ ਨਾਮ, ਕੰਠ ਮੇਂ ਜਿਸਕੇ ਬਸਰਿਹਾ ਪਿਆਰੀ ਇੱਕ ਈਸ਼੍ਵਰ ਕਾ ਨਾਮ। ਕਠੋਰ ਬਚਨ ਨਹੀਂ ਜਾਨਤੀ ਸਬਸੇ ਕਰੇ

Original with:
Language Department Punjab
Digitized by:
Panjab Digital Library

ਪਿਆਰ, ਨਗਰ ਨਿਵਾਸੀ ਹਿਤ ਕਰੇਂ ਕਯਾ
ਪੁਰਸ਼ ਕਯਾ ਨਾਰ। ਬਸੰਤ ਮਾਲਾ ਮਤ ਬੋਲਰੀ
ਮੁਖ ਸੇ ਬਾਤ ਅਯੋਗ, ਮਾਤ ਪਿਤਾ ਕੇ ਬਸ
ਨਹੀਂ ਬਿਧਨਾ ਲਿਖਾ ਸੰਜੋਗ ॥

ਅੰਜਨਾਂ—ਬਸੰਤ ! ਕੀ ਕਿਹਾ ! ਜਰਾ ਸੋਚਕੇ ਭਾਂ ਗੱਲ ਕਰ, ਭੈਨ ! ਮਾਤਾ ਪਿਤਾ ਕਦੇ ਅਪਨੀ ਉਲਾਦ ਨੂੰ ਦੁਖੀ ਦੇਖਨਾ ਨਹੀਂ ਚਾਹੁੰਦੇ ਹਨ !! ਸੰਸਾਰ ਵਿੱਚ ਪ੍ਰੇਮ ਤੋਂ ਹਟਕੇ ਓਨ੍ਹਾਂ ਦਾ ਹੀ ਮਰਾਤਬਾ ਹੈ ! ਓਨ੍ਹਾਂ ਦਾ ਕੀਤਾ ਕਦੇ ਨਹੀਂ ਦਿੱਤਾ ਜਾਂਦਾ, ਭਲਾ ਸੋਚ ਤਾਂ ਸਹੀ ਕਿ ਓਹ ਮਾਂ ਜਿਸ ਨੌ ਮਹੀਨੇ ਗਰਭ ਵਿੱਚ ਚੁਕਿਆ ਅਤੇ ਅਪਨਾ ਦੁੱਧ ਪਿਲਾਇਆ ! ਵਰਿਹਾਂ ਤੀਕ ਗੋਦੀ ਵਿੱਚ ਖਿਡਾਇਆ ! ਲਾਡ ਪਿਆਰ ਨਾਲ ਪਾਲਿਆ ਅਤੇ ਲਿਖਾਇਆ ਪੜ੍ਹਾਇਆ !!? ਸਾਡੇ ਸੁਖ ਨਾਲ ਸੁਖੀ ਅਤੇ ਦੁਖ ਨਾਲ ਦੁਖੀ ਹੁੰਦੀ ਰਹੀ ਸਾਡੇ ਲਈ ਅਪਨੇ ਸਾਰੇ ਸੁਖ ਛੱਡ ਦਿੱਤੇ। ਬੜੇ ਅਫ਼ਸੋਸ ਦੀ ਗੱਲ ਹੈ ਕਿ ਓਹਦੀਆਂ ਏਨੀਆਂ ਕਰਨੀਆਂ ਨੂੰ ਭੁਲਾਕੇ ਓਸਨੂੰ ਨਿਰਦਈ ਤੇ ਜ਼ਾਲਮ ਆਖਿਏ। ਬਸੰਤ ! ਓਨ੍ਹਾਂ ਦਾ ਕੁਝ ਦੋਸ਼ ਨਹੀਂ ਏਹ ਮੇਰੇ ਹੀ ਖੋਟੇ ਕਰਮਾਂ ਦਾ ਫਲ ਹੈ, ਸ਼ੋਕ ! ਅਜੇ ਏਹ ਕਹ ਹੀ ਰਹੀਸੀ ਕਿ ਧੌਂ ਕਰਕੇ ਇੱਕ ਟੋਏ ਵਿੱਚ ਜੇਹੜਾ ਤਿੰਨ ਚਾਰ ਗਜ ਡੂੰਗਾ ਅਤੇ ਚਾਰ ਪੰਜ ਗਜ ਦੇ ਹੇਰ ਫੇਰ ਵਿੱਚ ਸੀ (ਜਿਥੇ ਕਿਸੇ ਸਮੇ ਵਿੱਚ ਖ੍ਰਹ ਹੁੰਦਾ ਸੀ) ਡਿੱਗ ਪਈ ਅਤੇ ਬਸੰਤ ਮਾਲਾ ਦੇ ਉੱਪਰ ਛੈਨ ਨਾਲ ਹੋਰ ਭੀ ਸੱਟ ਲੱਗੀ ਸਿਰਤੇ ਭੀ ਚੋਟ ਲੱਗੀ ਅਤੇ ਹੱਥ ਪੈਰ ਕੰਡਿਆਂ ਨਾਲ ਛਰੀਟੇ ਗਏ ਬੇਸੁਧ ਹੋਕੇ ਕੁਝ ਚਿਰ ਤਾਂ ਪੈ ਰਹੀ ਜਦ ਹੋਸ਼ ਆਈ ਤਾਂ ਸੱਪਾਂ ਤੇ ਬਿਛੂਆਂ ਦੀ ਸੂੰ ਸੂੰ ਦੀ ਅਵਾਜ ਅਤੇ ਮਾਂਸ ਹਾਰੀ ਜੀਵਾਂ ਦੀਆਂ ਡਰਾਉਨੀਆ ਆਵਾਜਾਂ ਦਾ ਕੰਨਾਂ ਵਿੱਚ ਔਨਾਂ ਅਗ ਤੇ ਏਲਦਾ ਕੰਮ ਕਰ ਗਿਆ ॥

ਓਹੋ ! ਅਜੇਹੇ ਭਯਾਨਕ ਸਮੇ ਨੂੰ ਵੇਖਕੇ ਅਜੇਹਾ ਕੌਹੜਾ

Digitized by Department Punjab
Punjab Digital Library

ਜਵਾਨ ਹੋਵੇਗਾ ਜੋਹੜਾ ਧੀਰਜ ਕਰੇ ਅਤ ਘਬਰਾਵੇ ਨਾ ਪਰ ਨਹੀਂ ਧਰਮ ਦੇ ਪਾਲਨ ਵਾਲੀ ਸੁਸੀਲਾ ਅੰਜਨਾਂ ਜ਼ਰਾ ਨਹੀਂ ਘਬਰਾਈ ਅਤੇ ਬੜੇ ਧੀਰਜ ਨਾਲ ਬਸੰਤ ਮਾਲਾ ਨੂੰ ਆਖਨ ਲੱਗੀ।

ਅੰਜਨਾਂ—ਬਸੰਤ ! ਮੁਸੀਬਤ ਦੇ ਦਿਨਾਂ ਦਾ ਔਨਾਂ ਏਨ੍ਹਾਂ ਨੂੰ ਹੀ ਆਖਦੇ ਹਨ, ਸਦ ਬਿਪਤਾ ਤੇ ਦੁਖ ਪੁਰ ਦੁਖ ਆਵੇ ਪਰ ਅੱਸੇ ਸਮੇ ਵਿੱਚ ਘਬਰਾਨਾ ਮਨੁਖ ਦਾ ਧਰਮ ਨਹੀਂ। ਹਾਂ ! ਏਨ੍ਹਾਂ ਗੱਲਾਂ ਨੂੰ ਵੇਖਕੇ ਅਪਨੇ ਪਾਪ ਕਰਮਾਂ ਤੋਂ ਡਰਨਾ ਧਰਮ ਹੈ, ਇਹ ਸੰਸਾਰ ਅਸਥਿਰ ਹੈ ਕਿਸੇ ਨੇ ਥਿਰ ਨਹੀਂ ਰਹਿਨਾ, ਕੋਈ ਦਸ ਦਿਨ ਪਹਿਲੇ ਕੋਈ ਦਸ ਦਿਨ ਪਿਛੋਂ ਪਰ ਮਰਨਾ ਸਭ ਨੇ ਹੈ, ਸੋ ਜੇ ਇੱਕ ਦਿਨ ਮਰਨਾ ਹੀ ਹੈ ਤਾਂ ਫੇਰ ਇਨ੍ਹਾਂ ਬਿਛੂਆਂ ਅਰ ਸੱਪਾਂ ਆਦਿਕਾਂ ਤੋਂ ਕੀ ਡਰਨਾ !! ਮਰਨਦਾ ਕੀ ਭਯ, ਜੇ ਸਾਡੀ ਮੌਤ ਇਨ੍ਹਾਂ ਕੋਲੋਂ ਹੈ ਤਾਂ ਫੇਰ ਬਚਾਨ ਵਾਲਾ ਕੌਨ ਹੈ ਪਿਆਰੀ ਘਬਰਾ ਨਾ ! ਉਠ ਤੇ ਲੱਕ ਬੰਨਕੇ ਹਿਮੱਤ ਕਰ ਅਤੇ ਇਥੋਂ ਨਿਕਲਨ ਦਾ ਜਤਨ ਕਰ ।

ਦੁਹਾਂ ਨੇ ਬੜੇਰਾ ਜਤਨ ਕੀਤਾ ਅਤੇ ਅਕਲ ਦੇ ਘੋੜੇ ਦੁੜਾਏ ਪਰ ਕੁਝ ਨਾਂ ਬਨਿਆ ਅੰਤ ਨੂੰ ਹਾਰਕੇ ਬਠ ਗਈਆਂ ਹਾਯ ! ਇਸ ਵੇਲੇ ਅੰਜਨਾਂ ਦੇ ਮਨ ਵਿੱਚ ਹਜ਼ਾਰਾਂ ਖਿਆਲ ਉਤਪੰਨ ਹੋ ਰ ਓਸ ਦੇ ਮਨ ਤੇ ਚੁੰਝਿਆਂ ਭਰਨ ਲੱਗੇ, ਕਦੇ ਸਖੀਆਂ ਸਹੇਲੀਆਂ ਨਾਲ ਖੇਡਨਾ ਕਦੇ ਬਾਗਾਂ ਦੀਆਂ ਸੈਲਾਂ ਕਰਨੀਆਂ । ਮਾਂ ਦਾ ਪ੍ਰੇਮ ਜਿਨੀ ਤਕਲੀਫ ਦੇ ਆਖਨ ਨਾਲ ਅਪਨੇ ਸੁੱਖਾਂ ਨੂੰ ਵਾਰਨਾਂ, ਅਤੇ ਕਦੇ ਸੁਆਮੀ ਜੀ ਦਾ ਇੱਕ ਵਿਅਰਥ ਗੱਲ ਤੇ ਨਿਸਚੇ ਕਰਕੇ ਐਸੀ ਛਾਡੀ ਪ੍ਰਿਗਜਾ ਕਰਕੇ ਪਛਤਾਨਾ, ਆਦਿਕ । ਸਭੋ ਗੱਲਾਂ ਯਾਦ ਆ ਆਕੇ ਬਿਜਲੀ ਦੀ ਨਿਆਈਂ ਸਿਰੋਂ ਉਤਰ ਕੇ ਦਿਲ ਨੂੰ ਤੇ ਦਿਲ ਵਿਚੋਂ ਸਿਰ ਨੂੰ ਜਾਨ ਲਗੀਆਂ ਬਥੇਰਾ ਦਿਲ ਨੂੰ ਸਮਝਾਇਆ ਕੋਈ ਦੁਖਾਂ ਦੇ ਖਿਆਲ ਨਾਲ ਟਾਲਿਆ ਪਰ ਹੁਨ ਓਹ ਸਮਰਥ ਨਹੀਂ ਰਹੀ ਜੋ ਏਹਨਾਂ ਵਿਚਾਰਾਂ ਨੂੰ ਅੰਦਰ ਹੀਂ ਅੰਦਰ ਘੁਟ ਸੱਕੇ ਬੇ ਅਖਤਿਆਰ ਜ਼ੁਬਾਨੋ ਨਿਕਲ ਹੀ ਗਿਆ ।

ਮਾਤਾ ! ਵੇਖ ! ਓਹੋ ਨੇ ਹੀ ਅੰਜਨਾਂ ਜਿਸਦੇ ਪੈਰਾਂ ਵਿੱਚ ਜ਼ਰਾ

Original with:
Language Department Punjab
Digitized by:
Panjab Digital Library

ਜਿੱਨਾ ਰੋੜਾ ਚੁਭਨ ਨਾਲ ਤੂੰ ਟਹਿਲਨਾਂ ਨੂੰ ਮਾਰ ਮਾਰ ਕੇ ਓਹਨਾ ਦੀ ਝੰਮ ਬੁਲਾਦੇਂਦੀ ਸੈਂ, ਕਿ ਚੰਗੀ ਭਲੀ ਤੈਨੂੰ ਝਾੜ ਨ ਦੇਨ ਕਰਕੇ ਏਸ ਨੂੰ ਏਡੀ ਭਕਲੀਫ ਹੋਈ ਹੈ ਅਸ ਓਹੀ ਅੰਜਨਾਂ ਜੀਵਨ ਤੋਂ ਤੰਗ ਆ ਰਹੀ ਹੈ । ਹੱਥ ਪੈਰ ਜ਼ਖਮੀ ਹੋਰਹੇ ਹਨ ਅਰ ਮਾਂਸ ਅਹਾਰੀ ਪਸ਼ੂ ਅਰਥਾਤ ਸ਼ੇਰ ਬਘਿਆੜ ਆਦਿਕ ਭਰਾ ਰਹੇ ਹਨ, ਭੁਖ ਤ੍ਰੇਹ ਸਤਾ ਰਹੀ ਹੈ, ਹੁਨ ਕੋਈ ਘੜੀ ਦੀ ਹੀ ਪਹੁੰਨੀ ਹੈ ਏਸ ਟੋਏ ਵਿੱਚ ਤੜਫ ਤੜਫ ਕੇ ਮਰ ਜਾਏਗੀ !! ਅਤੇ ਮੇਰਾ ਮੁਰਦਾ ਭੀ ਜੰਗਲ ਦੇ ਪਸ਼ੂ ਪੰਖੀ ਖਾ ਜਾਨਗੇ ।

ਓਹੋ ! ਇਹ ਵਚਨ ਜ਼ੁਬਾਨੋ ਨਿਕਲਦੇ ਸਾਰ ਹੀ ਅੰਜਨਾਂ ਬੇਸੁਧ ਹੋ ਜ਼ਮੀਨ ਤੇ ਡਿਗ ਪਈ ਓਹ ਵੇਖੋ ! ਕਹੀ ਬੇਹੋਸ਼ ਹੱਥਪੈਰ ਸੁਟਕੇ ਜਮੀਨ ਤੇ ਮੁਰਦੇ ਵਾਂਗੀ ਪਈ ਹੋਈ ਹੈ ਅਤੇ ਕੋਲ ਹੀ ਬਸੰਤ ਮਾਲਾ ਬੈਠਕੇ ਰੋ ਰਹੀ ਹੈ !! ਦੇਖੋ ! ਇਕ ਹੱਥ ਨਾਲ ਤਾਂ ਨਾੜੀ ਵੇਖ ਰਹੀ ਹੈ ਅਤੇ ਦੂਜੇ ਹੱਥ ਨੂੰ ਓਹਦੇ ਮੂੰਹ ਨਾਲ ਲਾਕੇ ਠੰਡੇ ਤੱਤੇ ਸਾਹ ਨੂੰ ਪਰਖ ਰਹੀ ਹੈ ! ਬਸੰਤ ਮਾਲਾ ਨੂੰ ਕੁਝ ਧੀਰਜ ਆਈ ਤਾਂ ਉਚੀ ਅਵਾਜ ਨਾਲ ਆਖਣ ਲੱਗੀ ਅੰਜਨਾਂ । ਕਿਉਂ ਘਬ ਰਾਈ ਹੈਂ (ਸਿਰ ਹਲਾਕੇ) ਭੈਂਨ । ਮੂੰਹੋਂ ਤਾਂ ਬੋਲ । ਓਸ ਵੇਲੇ ਇੱਕ ਠੰਡੀ ਸਾਹ ਅਖੀਰੀ ਅਧਮੋਈ ਹੋਈ ਅੰਜਨਾਂ ਦੇ ਮੂੰਹੋਂ ਨਿਕਲਿਆ ਅਤੇ ਨਾਲ ਹੀ ਏਹ ਕੰਹਿਦਿਆਂ ਸੁਨਾਈ ਦਿੱਤੀ "ਕਿ ਹਾਯ । ਸ੍ਵਾਮੀ ਜੀ ! ਜੇ ਤੂ ਮੀ ਅਪਨੇ ਮਾਤਾ ਪਿਤਾ ਨੂੰ ਮਿਲਕੇ ਜਾਂਦੇ ਤਾਂ ਮੈਨੂੰ ਅਜ ਏਹ ਦਿਨ ਤਾਂ ਨਾ ਵੇਖਨਾਂ ਪੈਂਦਾ ਹਾਯ । ਮੈਂ ਕਹੀ ਅਭਾਗਨ ਹਾਂ ਕਿ ਚੰਗੀ ਭਲੀ ਤੁਹਾਡਾ ਦਰਸ਼ਨ ਭੀ ਨ ਕਰ ਸੱਕੀ ਅਤੇ ਬਿਪਤਾ ਦੀ ਬਿਜਲੀ ਮੇਰੇ ਸਿਰ ਤੇ ਆ ਡਿੱਗੀ ਆਸ਼ਾ ਸੀ ਕਿ ਤਹਾਡੇ ਦਰਸ਼ਣ ਪਾਕੇ ਏਹ ਸਾਰੀਆਂ ਬਿਪਤਾਂ ਕੁਲ ਜਾਵਾਂਗੀ ਅਰ ਓਹ ਕਲੰਕ ਜੋਹੜਾ ਮੇਰੇ ਜੀਉਨ ਉਤੇ ਝੂਠਾ ਲਗਾਇਆ ਹੈ ਦੂਰ ਹੋ ਜਾਏਗਾ । ਹਾਏ । ਦਿਲ ਦੀਆਂ ਗੱਲਾਂ ਦਿਲ ਵਿੱਚ ਹੀ ਰਹੀਆਂ । ਅਤੇ ਮੌਤ ਦਾ ਸਨੇਹਾ ਆ ਪਹੁੰਚਾ । ਹੁਨ ਤਾਂ ਏਥੋਂ ਨਿਕਲਨ ਦਾ ਕੋਈ ਉਪਾਵ ਨਜ਼ਰ ਨਹੀਂ ਆਉਂਦਾ । ਪਰ ਏਨਾਂ ਸ਼ੁਕਰ ਹੈ ਕਿ ਲੋਕ ਭਾਵੇਂ ਕੁਝ ਹੀ ਕਹੋ ਨ ਕਹਿਨ ਪਰ ਤੁਹਾਨੂੰ ਤਾਂ ਚੰਗੀ ਤਰ੍ਹਾਂ ਮਲੂਮ ਹੈ ਕਿ ਜਿਸ ਗਲ ਦਾ

Original with:
Language Department Punjab
Digitized by:
Panjab Digital Library

ਮੈਂਨੂੰ ਕਲੰਕ ਲਗਾਇਆ ਗਿਆ ਹੈ ਓਹ ਝੂਠੀ ਹੈ ॥

ਇਹ ਕਿਹਾ ਅਰ ਠੰਡਾ ਸਾਹ ਭਰਕੇ ਚੁਪ ਕਰ ਗਈ, ਬਸੰਤ ਮਾਲਾ ਕੁਝ ਕਹਨ ਹੀ ਲਗੀ ਸੀ ਕਿ ਹਨੇਰੀ ਦਾ ਇਕ ਬੁਲਾ ਆਇਆ ਅਤੇ ਕੜ ੨ ਦੀ ਅਵਾਜ਼ ਆਈ ਤੇ ਕਿਸੇ ਬੜੀ ਭਾਰੀ ਚੀਜ਼ ਦਾ ਟੋਏ ਵਿੱਚ ਡਿਗਨਦਾ ਖੜ ਖਾਰ ਆਇਆ ਬਸੰਤ ਮਾਲਾ ਨੇ ਸਮਝਿਆ ਕਿ ਸ਼ੇਰ ਕੁਦਿਆ ਹੈ ਇਹ ਸੋਚਕੇ ਓਹ ਝਾਂ ਅੰਸਨਾਂ ਦੇ ਨਾਲ ਚਮੜ ਗਈ, ਤੇ ਬੜੀ ਹੈਰਾਨੀ ਨਾਲ ਓਧਰ ਵੇਖਣ ਲਗੀ ਸਦ ਬਿਜਲੀ ਨੇ ਲਿਸ਼ਕਾਰਾ ਮਾਰਿਆ ਝਾਂ ਓਸ ਡਿਗੀ ਹੋਈ ਚੀਜ਼ਨੂੰ ਚੰਗੀ ਭਤੁਾਂ ਵੇਖਿਆ ਤਾਂ ਸਲਦੀ ਨਾਲ ਬੋਲ ਉੱਠੀ ਅੰਜਨਾਂ ! ਵੇਖ ਉਸ ਸਚੇ ਕਰਤਾਰ ਪੂਰਣ ਬ੍ਰਹਮ ਪਰਮਾਤਮਾ ਦੀ ਕੁਦਰਤ ਨਿਰਾਲੀ ਹੈ ਜਿਸ ਨੂੰ ਮੈਂ ਸ਼ੇਰ ਸਮਝਿਆ ਸੀ ਓਹਤਾਂ ਰੁੱਖਦਾ ਟਾਹਨ ਹੈ ॥

ਇਹ ਕਿਹਾ ਅਰ ਅੰਜਨਾਂ ਦਾ ਹੱਥ ਪਕੜਕੇ ਓਸੇ ਟਾਹਨ ਦੇ ਸਹਾਰੇ ਦੋਵੇਂ ਉਪਰ ਆਗਈਆਂ ਅਤੇ ਆਕੇ ਪਰਮਾਤਮਾਂ ਦਾ ਧੰਨ ਵਾਦ ਕੀਤਾ ਆਹਾ ! ਹੁਨਤਾਂ ਬਦਲਭੀ ਪਾਟਨ ਲਗ ਗਏ ਹਨ, ਅਤੇ ਚਾਨਨਭੀ ਹਨੇਰੇ ਨੂੰ ਹਟਾਈ ਜਾਂਦਾ ਹੈ ਅਤੇ ਇਹ ਦੋਵੇਂ ਅੱਗੇ ਨੂੰ ਜਾ ਰਹੀਆਂ ਹਨ, ਥੋੜੀ ਜੇਹੀ ਦੂਰ ਹੀ ਗਈਆਂ ਹੋਨਗੀਆਂ ਕਿ ਇੱਕ ਨੇੜੇਈ ਦੀਵਾ ਬਲਦਾ ਜਾਪਿਆ ਜਿਸਨੂੰ ਵੇਖਕੇ ਓਸੇ ਪਾਸੇ ਤੁਰ ਪਈਆਂ ਅਤੇ ਹੁਨ ਵੇਖੋ ਕੇਡੀ ਸ਼ਤਾਬੀ ਸ਼ਤਾਬੀ ਪੈਰ ਚੁਕੀ ਜਾਂਦੀਆਂ ਹਨ ॥

—:o:—

ਬਾਰਵਾਂ ਅਧਜਾਯ ॥

ਆਹ ! ਏਹ ਕੀ ਮਾਮਲਾ ਹੈ ॥

ਦਾਮਨਾਥ ਨਾਮੇ ਟਾਪੂ ਦੇ ਕਿਨਾਰੇ ਹੁਨੇ ਇੱਕ ਜਹਾਜ਼ ਆਕੇ ਠਹਿਰਿਆ ਹੈ ਜਿਸ ਵਿਚੋਂ ਬਹੁਤ ਸਾਰੇ ਸਿਪਾਹੀ ਫ਼ੌਜੀ ਵਰਦੀ ਪਹਿਨੇ ਉਤਰ ਰਹੇ ਹਨ, ਪਰ ਓਹਸੂਰਮਾ ਜੁਾਨ ਜੋ ਸਭਤੋਂ ਪਹਲੇ ਬੜੀ

Original with:
Language Department Punjab
Digitized by:
Panjab Digital Library

ਸਸ ਧਸ ਅਰ ਟੀਪਟਾਪ ਨਾਲ ਉਭਰਿਆ ਸੀ ਅਤੇ ਜੋਹੜਾ ਦੱਬ ਛਿੱਚਸੋਟੀ ਕੁਆਉ'ਦਾ ਹੋਇਆ ਹੁਨ ਸਹਾਸ ਵੱਲੋਂ ਵਖ ਹਿਹਾਹੈ, ਮਾਨੋ ਇਨ੍ਹਾਂ ਸਬਨਾਂ ਨੂੰ ਉਡੀਕ ਰਿਹਾ ਹੈ, ਇਸਦੇ ਰਾਸਮੀ ਕਪੜਿਆ ਅਤੇ ਅਮੀਰੀ ਸੂਰਤ ਅਤ ਟੌਬਦਾਬ ਤੇ ਪ੍ਰਤੀਤ ਹੁੰਦਾ ਹੈ ਕਿ ਇਹ ਕੋਈ ਸ਼ਹੂਤ ਰਾਜਪੁਤ੍ਰ ਹੈ, ਜਦ ਸਬੇ ਉੱਤਰ ਚੁਕੇ ਤਾਂ ਉਨਾਂ ਵਿਚੋਂ ਇਕ ਅਫਸਰ ਨੂੰ ਸਦਕੇ ਉਸ ਖੂਬਸੂਰਤ ਜਵਾਨਨੇ ਆਖਿਆ ॥

ਵੇਖ ! ਅਸੀ ਮੰਤ੍ਰੀ ਨਾਲ ਅੱਗੇ ਚਲਨੇ ਹਾਂ ਤੁਸਾਂ ਫੌਜ ਨੂੰ ਖਬਰਦਾਰੀ ਨਾਲ ਲੈਕੇ ਪਿੱਛਲੇ ਮੰਜ਼ਲ ਆਉਨਾ ॥

ਏਹ ਬਹਕੇ ਘੋੜੇ ਤੇ ਚੜ੍ਹ ਬੈਠਾ ਅਤੇ ਚੜਦਿਆਂ ਘੋੜੇ ਨੂੰ ਖੂਬ ਸ਼ਿਤਪੱਟ ਦੁੜਾਇਆ ਅਤੇ ਨੁਛ ਦੂਰ ਜਾਕੇ ਖਬਰ ਨਹੀਂ ਕਿਸ ਸੋਚ ਵਿਚ ਪੈ ਗਿਆ ਹੈ ਜੋ ਲਗਾਮ ਨੂੰ ਭੀ ਏਡ ਜੋਰ ਨਾਲ ਖਿੱਚ ਲਿਯਾ ਹੈ ਕਿ ਘੋੜੇ ਦੀ ਧੌਨ ਦੁਹਰੀ ਹੁੰਦੀ ਜਾਂਦੀ ਹੈ, ਅਤੇ ਏਹ ਟੇਕੇ ਹੀ ਚਲਾ ਜਾਂਦਾ ਹੈ, ਭਾਵੇਂ ਇਸਦਾ ਘੋੜਾ ਤੇਜ਼ ਚਲਨਾ ਚਾਂਹਦਾ ਹੈ ਪਰ ਇਹ ਸਵਾਰ ਓਸਨੂੰ ਅਗੇ ਵਧਨ ਹੀ ਨਹੀਂ ਦੇਂਦਾ ਅਤੇ ਸਿਰ ਨੀਵਾਂ ਪਾਕੇ ਮਨਹੀ ਮਨ ਵਿੱਚ ਕਹਿੰਦਾ ਜਾਂਦਾ ਹੈ ਕਿ ਹਾਏ ਅੱਜਰਾਤੀ ਕਿਆ ਭੈੜਾ ਸੁਫਨਾ ਡਿੱਠਾ ਹੈ ਈਸ਼ੂਰ ਕਰੇ ! ਕਿ ਇਹ ਗੱਲ ਝੂਠੀ ਹੋਵੇ, ਓਸ ਪ੍ਰਾਣ ਪਿਆਰੀ ਨੂੰ ਤੇ ਮੈਂ ਅਜੇ ਚੰਗੀ ਭਤ੍ਹਾਂ ਡਿੱਠਾ ਭੀ ਨਹੀਂ (ਆਪੇਈ) ਕਿਤੇ ਓਹ ਰਾਲ ਤਾਂ ਮਚੀ ਨਹੀਂ ਹੋਈ ਜਿਸਤੋਂ ਓਹ ਡਰਦੀ ਸੀ ? ਨਹੀਂ ਨਹੀਂ ! ਮੈਂ ਸਮਝ ਲਿਆ ਹੈ ਜਿਸ ਵੇਲੇ ਮੈਂ ਟੁਰਨ ਲੱਗੀ ਸਾਂ ਤਾਂ ਓਸਨੇ ਆਖਿਆ ਸੀ ਕਿ ਮੈਂ'ਨੂੰ ਪੈਰ ਭਾਰੇ ਹੋਨ ਦੀ ਆਸ਼ਾ ਹੈ ਖਬਰੇ ਓਸੇ ਕਰਕੇ ਕੁਝ ਤਕ-ਲੀਫ ਹੋਈ ਹੋਵੇ, (ਘੋੜੇ ਨੂੰ ਟੋਕਕੇ ਕੁਝਚਿਰ ਸੋਚਨ ਤੋਂ ਪਿਛੇ) ਹਾਂ ਠੀਕ ਹੈ ਇਹੋ ਹੀ ਗੱਲ ਹੋਵੇਗੀ ਸੂਕ੍ਰ ਵਾਲੀ ਤੀਮੀ ਨੂੰ ਏਸਵੇਲੇ ਅਕਸਰ ਕਾਕੇ ਬੜਾ ਕਸ਼ਟ ਹੁੰਦਾ ਹੈ, ਪਰ ਮੇਸ਼ੂਰ ਸੁਖ ਹੀ ਰਖੇ (ਫੇਰ ਕੁਝ ਸੋਚਕੇ) ਹੈਂ ਇਸ ਗੱਲ ਨੂੰ ਤਾਂ ਛੇਹਫਤੂ ਹੋਗਿਆ ਹੈ ਜੇ ਪ੍ਰਿਯ ਜੀ ਦੀ ਗੱਲ ਠੀਕ ਨਿਕਲੀ ਅਰ ਈਸ਼ੂਰ ਕਰੇ ਕਿ ਓਹਦਾ ਓਹੋ ਵਿਚਾਰ ਠੀਕ ਹੀ ਹੋਵੇ ਤਾਂ ਇਸ ਵੇਲ ਓਹ ਬਾਲ ਭੀ ਅੱਠਾਂ ਨਵਾਂ

Original with:
Language Department Punjab
Digitized by:
Panjab Digital Library

ਮਹੀਨਿਆਂ ਦਾ ਹੋਵੇਗਾ। (ਥੋੜਾ ਚਿਰ ਚੁਪ ਕਰਕੇ) "ਓਏ! ਇਹ ਕੀ ਮਾਮਲਾ ਹੈ ਕੁਝ ਸਮਝ ਵਿੱਚ ਨਹੀ ਆਉਂਦਾ" ਏਹ ਕਹਕੇ ਅਤੇ ਹਾਉਕਾ ਭਰਕੇ ਕੁਝ ਸੋਚਦਾ ਹੋਇਆ ਘੋੜੇ ਨੂੰ ਟੋਕ ਹੌਲੀ ਹੌਲੀ ਜਾ ਰਿਹਾ ਹੈ॥

ਪਾਠਕ ਗਣ! ਤੁਸੀ ਸਮਝ ਤਾਂ ਗਏ ਹੋਵੋਗੇ ਕਿ ਇਹ ਜ੍ਞਾਨ ਪਵਨ ਹੀਹੈ ਜੋੜ੍ਹਾ ਲੰਕਾ ਤੋਂ ਵਾਪਸ ਆ ਰਿਹਾ ਹੈ ਇਸਦੀ ਏਹ ਦਸ਼ਾ ਵੇਖਕੇ ਮੰਤ੍ਰੀ ਡਾਢਾ ਹੈਰ ਨ ਹੋਕੇ ਬੋਲਿਆ॥

ਮੰਤ੍ਰੀ-ਮਹਾਰਾਜ ਅਜੇਹਾ ਕੇੜਾ ਔਖਾ ਮਾਮਲਾ ਖ਼ਿਆਲ ਵਿੱਚ ਆ ਇਆ ਜਿਸਨੇ ਚਲਦਿਆਂ ਏਤੀ ਸੋਚ ਵਿੱਚ ਪਾ ਦਿੱਤਾ ਹੈ ਜੋ ਘੋੜੇ ਨੂੰ ਟੋਕਕੇ ਸੋਚਨ ਪਿਆ! ਕੀ ਦੁਖ ਤੇ ਹੈ॥

ਪਵਨ-ਕੀ ਦੱਸਾਂ ਬਤੇਰਾ ਸੋਚਨਾ ਹਾਂ ਪਰ ਕਰਮ ਦੀ ਰੇਖ ਵਾਂਗੂ ਕੁਝ ਸਸਝ ਵਿੱਚ ਨਹੀਂ ਆਉਂਦਾ ਕਿ ਅਸਲ ਵਿੱਚ ਏਹ ਕੀ ਗੱਲ ਹੈ॥

ਮੰਤ੍ਰੀ-ਜੇ ਉਸ ਗੱਲ ਦੇ ਦੱਸਨ ਵਿੱਚ ਕੋਈ ਹਰਜ ਨ ਹੋਵੇ ਤਾਂ ਦਾਸ ਨੂੰ ਭੀ ਇਸ ਗਲ ਤੋਂ ਵਿਦੱਤ ਕਰੋ॥

ਪਵਨ-ਓਹੋ! ਕੀ ਦੱਸਾਂ ਓਹ ਨਜ਼ਾਰਾ ਜੋੜ੍ਹਾ ਕੱਲ ਰਾਤ ਸੁਪਨੇ ਵਿੱਚ ਡਿੱਠਾ ਹੈ ਦਸਦਿਆਂ ਮੇਰਾ ਕਲੇਜ ਮੂੰਹ ਨੂੰ ਆਉਂਦਾ ਹੈ, ਮੰਤ੍ਰੀ! ਕੱਲ ਸੁਪਨ ਵਿਚ ਕੀ ਦੇਖਨਾ ਹਾਂ ਕਿ ਅਜਨਾਂ ਦੇਵੀ ਡਾਢੀ ਬੇਚੈਨ ਹੋਕੇ ਹੱਥ ਪੈਰ ਸੱਟਕੇ ਭੋਏਂ ਤੇ ਪਈ ਹੋਈ ਡਿੱਠੀਹੈ ਅਤੇ ਰੋਂਦੇਕੇ ਏਹ ਕਹ ਰਹੀ ਹੈ "ਹੇ ਪ੍ਰਾਨਨਾਥ ਤੇਰੀ ਦਾਸੀ ਹੁਨ ਕੋਈ ਘੜੀ ਦੀ ਹੀ ਪਰਾਹਨੀ ਹੈ ਹੁਨ ਤਾਂ ਕ੍ਰਿਪਾ ਕਰਕੇ ਦਰਸ਼ਨ ਦੇਓ ਜਿਸਤੋਂ ਇਹ ਹਿਰਸ ਨ ਰਹੇ ਕਿ ਅੰਤ ਸਮੇਂ ਭੀ ਤੁਹਾਡਾ ਦਰਸ਼ਨ ਨ ਹੋਇਆ" ਓਹੋ! ਜਿਸ ਵੇਲੇ ਤੋਂ ਏਹ ਸੁਪਨ ਡਿੱਠਾ ਹੈ ਓਸੇ ਵੇਲੇ ਤੋਂ ਜਲ ਬਿਨਾ ਮਛਲੀ ਵਾਂਗਰ ਮੈਂ ਤੜਫ ਰਿਹਾ ਹਾਂ ਅਤੇ ਕੁਝ ਸਮਝ ਵਿੱਚ ਨਹੀਂ ਆਉਦਾ ਕਿ ਕੀ ਗੱਲ ਹੈ॥

ਮੰਤ੍ਰੀ-(ਪਵਨ ਵਲ ਦੇਖਕੇ)! ਆਪਦਾ ਚਿੱਤ ਵਾਂਜ ਹੋਨਾ ਕੋਈ

Original with:
Language Department Punjab
Digitized by:
Panjab Digital Library

ਝੂਠ ਨਹੀਂ, ਠੀਕ ਹੈ ਨਿਸ਼ਚਯ ਹੀ ਇਹ ਭਯਾਨਕ ਸੁਪਨਾ ਹੈ ਤੁਹਾਡੇ ਮੁੰਹੋਂ ਸੁਨਕੇ, ਮੇਰੀ ਅਕਲ ਚੱਕ੍ਰ ਖਾ ਗਈ ਹੈ ਪਰ ਏਨ੍ਹਾਂ ਸੁਫਨਿਆਂ ਦਾ ਕੁਝ ਇਤਬਾਰ ਭੀ ਨਹੀਂ ॥

ਪਵਨ–ਏਹ ਤਾਂ ਮੈਂ ਭੀ ਸਮਝਨਾਂ ਹਾਂਕਿ ਏਨ੍ਹਾਂ ਦਾ ਕੋਈ ਇਤਬਾਰ ਨਹੀਂ ਪਰ ਮਨ ਨੂੰ ਚੈਨ ਨਹੀਂ ਆਉਂਦਾ ਜਦ ਤਕ ਆਪਨੀ ਅੱਖੀਂ ਪ੍ਰਿਆ ਜੀ ਨੂੰ ਵੇਖ ਨਹੀਂ ਲੈਂਦਾ ਭਮੱਲੀ ਨਹੀਂ ਹੁੰਦੀ ॥

ਏਹ ਕਹਕੇ ਘੋੜੇ ਨੂੰ ਅੱਡੀ ਲਾਦਿੱਤੀ ਅਤੇ ਮੰਜ਼ਲਾਂ ਕਰਦ ਥੋੜੇ ਦਿਨਾਂ ਵਿੱਚ ਹੀ ਰਤਨਪੁਰ ਪਹੁੰਚੇ ਅਤੇ ਜਾਂਦਿਆਂ ਹੀ ਸਭ ਤੋਂ ਪਹਿਲੇ ਅੰਜਨਾਂ ਦੇ ਮਹਲ ਨੂੰ ਗਿਆ ਤਾਂ ਅੱਗੇ ਓਥੇ ਜੰਦਰਾ ਲੱਗਾ ਹੋਇਆ ਡਿੱਠਾ ਤਾਂ ਦਿਲ ਵਿੱਚ ਖਿਆਲ ਆਇਆ ਕਿ ਬਲ ਹੋਨ ਕਰਕੇ ਮਾਤਾ ਨੇ ਓਸਨੂੰ ਇੱਕਲਿਆਂ ਛੱਡਨਾ ਠੀਕ ਨਹੀਂ ਸਮਝਿਆ ਹੋਵੇਗਾ ਏਸ ਕਰਕੇ ਅਪਨੇ ਕੋਲ ਹੀ ਮਹਲ ਵਿੱਚ ਲੈ ਗਈ ਹੋਵੇਗੀ (ਕੁਝ ਸੋਚਕੇ) ਜ਼ਰੂਰ ਇਹੋ ਗੱਲ ਹੋਵੇਗੀ। ਭਲਾ ਚਿਰ ਪਿੱਛੋਂ ਓਸਨੂੰ ਇਹ ਦਿਨ ਨਸੀਬ ਹੋਇਆ ਸੀ ਏਥੇ ਕਿਸ ਤਰ੍ਹਾਂ ਰਾਹਨ ਦੇਂਦੇ ॥

ਇਹ ਕਿਹਾ! ਅਰ ਮਹਿਲ ਵਿੱਚ ਔਂਦਿਆਂਹੀ ਰਾਨੀ ਕੇਤੂ-ਮਤੀ ਦੇ ਪੈਰਾਂ ਤੇ ਜੋ ਕਿਸੇ ਸੋਚ ਵਿੱਚ ਸਿਰ ਨੀਵੇਂ ਕੀਤੇ ਬੈਠੀ ਹੋਈ ਸੀ ਸਿਰ ਨਿਵਾਯਾ, ਪਹਿਲੋਂ ਤਾਂ ਉਹ ਕੁਝ ਝਿਝਕ ਗਈ ਪਰ ਫੇਰ ਪਵਨ ਜੀ ਨੂੰ ਵੇਖਨੇ ਵਾਲਾ [illegible] ਰਾਣੀ ਅਤੇ ਮੱਥੇ ਨੂੰ ਚੁੰਮਕੇ ਗਲ ਨਾਲ ਲਾਕੇ ਈਸ਼੍ਵਰ ਪ੍ਰੇਮ ਤੇਮਾ ਦਾ ਧਨਵਾਦ ਕਰਕੇ ਬੋਲੀ!

ਰਾਨੀ– ਪੁਤ੍ਰ! ਤੇਰੇ ਵਿਜੋਗ ਨੇ ਰੱਬ ਜਾਨਦਾ ਹੈ ਜੋ ਸਾਡਾ ਹਾਲ ਕੀਤਾ ਹੈ ਦਿਨੇ ਰਾਤੀ ਤੇਰਾਈ ਖਿਆਲ ਤੇਰੀਆਂਈ ਗੱਲਾਂ ਅਤੇ ਤੇਰਾਈ ਫਿਕਰ ਮਨ ਵਿੱਚ ਰਹਿੰਦਾ ਸੀ। ਧਨ ਭਾਗ ਹਨ ਜੋ ਅੱਜ ਤੈਨੂੰ ਡਿੱਠਾ ਹੈ ਹੁਨ ਦਿਲਦੇ ਫਿਕਰ ਸਭ ਦੂਰ ਹੋਏ, ਕੀ! ਤੁਸੀਂ ਏਨਾ ਚਿਰ ਲੰਕਾ ਵਿੱਚ ਹੀ ਰਹੇ?

ਪਵਨ– ਮਾਂ ਜੀ ਕੀ ਦੱਸਾਂ ਜਦ ਖਰ ਅਤੇ ਦੂਖਣ ਨੂੰ ਛੁਡਾਕੇ

Original with:
Language Department Punjab
Digitized by:
Panjab Digital Library

ਲੰਕਾ ਵਿੱਚ ਆਏ ਤਾਂ ਭੀਲਾਂ ਨਾਲ ਝਗੜਾ ਹੋ ਪਿਆ ਓਥੋਂ ਖਲਾਸੀ ਹੋਈ ਤਾਂ ਹੋਰਨਾਂ ਬਖੇੜਿਆਂ ਵਿੱਚ ਪੈ ਗਿਆ ਇਸੇ ਹੇਰ ਫੇਰ ਵਿੱਚ ਭੁਫ ਵਰਹਾ ਬੀਤ ਗਿਆ ਹੈ ॥

ਪਾਠਕ ਗਣ ! ਜੇਕਰ ਪਵਨ ਅਪਨੀ ਮਾਤਾ ਦੀਆਂ ਗੱਲਾਂ ਦਾ ਸ਼ਤਾਬੀ ਸ਼ਤਾਬੀ ਜਵਾਬ ਦਿੱਤੀ ਜਾਂਦਾ ਹੈ ਪਰ ਇਸਦੀ ਸੁਰਤ ਅੰਜਨਾਂ ਵੱਲ ਹੀ ਲਗ ਰਹੀ ਹੈ ਬਤੇਰਾ ਏਧਰ ਓਧਰ ਵੇਖਦਾ ਹੈ ਪਰ ਅੰਜਨਾਂ ਤੇ ਬਸੰਤ ਮਾਲਾ ਕਿਤੇ ਨਜ਼ਰ ਨਹੀਂ ਆਉਂਦੀਆਂ ਓਨ੍ਹਾਂ ਨੂੰ ਨਾ ਵੇਖਕੇ ਡਾਢਾ ਬਚੈਨ ਹੋ ਰਿਹਾ ਹੈ ਪਰ ਮਾਂ ਦੀਆਂ ਗੱਲਾਂ ਦਾ ਉੱਤਰ ਦਿੱਤੀ ਜਾਂਦਾ ਹੈ ਥੋੜੇ ਚਿਰ ਪਿਛੋਂ ਰਾਨੀ ਉਠਕੇ ਦੂਜੇ ਕਮਰੇ ਵਿੱਚ ਗਈ ਤਾਂ ਏਸ ਵੇਲ ਨੂੰ ਦੁਰਲਭ ਜਾਨਕੇ ਟਹਿਲਨ ਤੋਂ ਪੁਛਿਆ !

ਪਵਨ–ਪ੍ਰਿਆ ਜੀ ਅਤੇ ਬਸੰਤ ਮਾਲਾ ਕਿੱਥੇ ਹਨ । ਜ਼ਰਾ ਉਨਾਂ ਨੂੰ ਭੀ ਤਾਂ ਖਬਰ ਕਰ ਦੇ ॥

ਟਹਿਲਨ ਨੇ ਠੰਡਾ ਹਉਕਾ ਭਰ ਸਿਰ ਨੀਵਾਂ ਪਾਲਿਆ ਅਤੇ ਕੁਝ ਉੱਤਰ ਨਾਂ ਦਿੱਤਾ ॥

ਪਵਨ–(ਹੈਰਾਨੀ ਨਾਲ ਓਹਦੀ ਵੱਲ ਦੇਖਕੇ) ਕਿਉਂ ! ਸੁਖ ਤਾਂ ਹੈ ।

ਟਹਿਲਨ–(ਸਹਿਮੀ ਹੋਈ) ਮਹਾਰਾਜ ਓਨ੍ਹਾਂ ਨੂੰ ਤਾਂ ਇੱਕ ਵਰ੍ਹਾ ਦਿਨ ਹੋ ਗਿਆ ਹੈ ਕਿ ਏਥੋਂ.....ਓਹੋ ! ਇਹ ਗੱਲ ਸੁਨਦਿਆਂ ਹੀ ਪਵਨ ਹਕਾਬੱਕਾ ਰਹ ਗਿਆ, ਦਿਲ ਧੜਕਨ ਲੱਗ ਪਿਆ, ਕਲੇਜਾ ਫੜਕ ਉਠਿਆ ਅਰ ਸਰੀਰ ਕੰਮ ਗਿਆ, ਅੱਖਾਂ ਟੈਹਲਨ ਵੱਲੋਂ ਵੇਖਦਿਆਂ ੨ ਥਕ ਗਈਆਂ, ਤੇ ਗ਼ਮ ਨਾਲ ਸ਼ਰੀਰ ਦਾ ਲਹੂ ਬਰਫ਼ ਵਾਂਗੂ ਜੰਮਗਿਆ, ਟੈਹਲਨ ਨੇ ਓਸਦੀ ਅਜੇਹੀ ਹਾਲਤ ਵੇਖਕੇ ਛੇਤੀ ਨਾਲ ਜਾਕੇ ਰਾਨੀ ਨੂੰ ਇਸ ਗੱਲ ਦੀ ਖਬਰ ਕੀਤੀ ।

ਟਹਿਲਨ ਪਾਸੋਂ ਪਵਨ ਦਾ ਹਾਲ ਸੁਨਕੇ ਰਾਨੀ ਨੇ ਮਨ ਵਿੱਚ ਖਿਆਲ ਕੀਤਾ ਕਿ ਪਵਨ ਇਸਦੀ ਗੱਲ ਸਮਝਿਆ ਨਹੀਂ

Original with:
Language Department Punjab
Digitized by:
Panjab Digital Library

ਇਸ ਕਰਕੇ ਚਿੰਤਾ ਕਰਦਾ ਹੋਵੇਗਾ ਏਹ ਸੋਚਕੇ ਆਖਨ ਲੱਗੀ ॥

ਰਾਨੀ—ਪੁਤ੍ਰ ! ਏਸ ਤਰ੍ਹਾਂ ਨਿਮੋਝੂਨਾ ਹੋ ਸਿਰ ਸੱਟਕੇ ਕਿਉਂ ਬੈਠਾ ਹੈਂ ਮੈਂ ਤਾਂ ਜਾਨ ਬੁਝਕੇ ਇਸ ਕਰਕੇ ਕਿ ਤੈਨੂੰ ਚਿੰਤਾ ਨ ਹੋਵੇ ਗੱਲ ਨਹੀਂ ਕੀਤੀ ਸੀ ਓਸ ਬੇਸ਼ਰਮ ਨੇ ਤਾਂ ਕੁਝ ਸਾਡੀ ਇੱਜ਼ਤ ਦਾ ਧਿਆਨ ਹੀ ਨਾਂ ਕੀਤਾ ਅਰ ਸ਼ਰਮ ਹਯਾ ਨੂੰ ਛਿਕੇ ਤੇ ਰਖਕੇ ਪਰਾਇਆਂ ਨਾਲ.....ਜਦ ਪੁਛਿਆ ਤਾਂ ਤੇਰੀ ਮੁੰਦਰੀ ਵਖਾਕੇ ਮੈਂਨੂੰ ਟਾਲਨ ਲੱਗੀ ਤੇ ਕਈ ਤਰ੍ਹਾਂ ਦੀਆਂ ਗੱਲਾਂ ਕਰਕੇ ਮੈਂਨੂੰ ਪਰਚਾਨ ਲੱਗੀ ਪਰੰਤੂ ਮੈਂਨੂੰ ਓਸ ਵੇਲੇ ਹੋਰ ਕੁਝ ਨਾ ਸੁਝਿਆ ਅਰ ਜਲਦੀ ਨਾਲ ਪਾਤਰੀ ਰੱਥ ਵਿੱਚ ਬਠਾਕੇ ਦੇਸ਼ ਨਿਕਾਲਾ ਦੇ ਦਿੱਤਾ ਸ਼ਰੀਕੇ ਅਤ ਸੰਸਾਰ ਦਿਆਂ ਮੋਹਨਿਆਂ ਤੋਂ ਆਪਨੇ ਆਪ ਨੂੰ ਬਚਾ ਲਿਆ ਪੁਤ੍ਰ ! ਇਸ ਗੱਲ ਦੀ ਚਿੰਤਾ ਨਾਂ ਕਰ ਫੇਰ ਭੀ ਚੰਗਾ ਹੋਇਆ ਜੇ ਵੇਲੇ ਸਿਰ ਖਬਰ ਹੋ ਗਈ ਹੁਨ ਏਥੋਂ ਮਹੇਦਰ ਪੁਰ ਨੂੰ ਚਲੀ ਗਈ ਹੈ ॥

ਪਾਠਕਗਣ ! ਪਵਨ ਜੋ ਟਹਿਲਨ ਦੀ ਗੱਲ ਜਿਸਨੂੰ ਬਿਪਤਾ ਦਾ ਸਨੇਹਾ ਕਿਹਾ ਜਾਏ ਤਾਂ ਠੀਕ ਹੈ ਸੁਨਕੇ ਬੇਚੈਨ ਹੋ ਹੀ ਰਿਹਾ ਸੀ ਪਰ ਹੁਨ ਰਾਨੀ ਦੇ ਮੁਹੋਂ ਏਹ ਗੱਲਾਂ ਸੁਨਕੇ ਇਸਦੇ ਹੋਸ਼ ਹਵਾਸ ਉਡ ਗਏ ਅਤੇ ਚਿੰਤਾ ਫਿਕਰ ਦੀ ਫੌਜ ਨੇ ਇਸਦੇ ਜੋੜ ਜੋੜ ਵਿੱਚ ਡੇਰਾ ਜਮਾਲਿਆ ਚੇਹਰੇ ਦਾ ਰੰਗ ਸਫ਼ੈਦ ਹੋ ਗਿਆ, ਕੌਮਲ ਹਿਰਦੇ ਤੇ ਪੱਥਰ ਵਸ ਗਿਆ ਸਿਰ ਨੂੰ ਚੱਕ੍ਰ ਆਉਨ ਲਗ ਗਏ ਅਜੇਹੀਆਂ ਸਖ਼ਤ ਗੱਲਾਂ ਸੁਨਕੇ ਕੌਨ ਏਲੇ ਹੋ ਗਏ, ਸਾਰੀਆਂ ਇੱਛਾ ਗ਼ਮਦੇ ਸਮੁੰਦਰ ਵਿੱਚ ਡੁੱਬ ਗਈਆਂ, ਉਧਰੋਂ ਬੇਚੈਨ ਹੋਏ ਦਿਲ ਨੇ ਅੰਜਨਾਂ ਦੀ ਭੈੜੀ ਦਿਸ਼ਾ ਵਿੱਚ ਪਇਆਂ ਹੋਇਆਂ ਦੀ ਮੂਰਤੀ ਜੋ ਸੁਪਨੇ ਵਿੱਚ ਦੇਖੀ ਸੀ ਅੱਖਾਂ ਦੇ ਸਾਹਮਨੇ ਲਿਆ ਦਿੱਤੀ ਜਿਸਨੂੰ ਵੇਖਕੇ ਸਾਰਾ ਸ਼ਰੀਰ ਕੰਬ ਉਠਿਆ ਅਤੇ ਗ਼ਮਦ ਧੁੰਏਂ ਦਾ ਗੁਬਾਰ ਕਲੇਜੇ ਤੋਂ ਉਠਕੇ ਜਦ ਸਿਰਨੂੰ ਚੜ੍ਹਿਆ ਤਾਂ ਬੇਵਸ ਹੋਕੇ ਝਟ ਪਟ ਓਥੋਂ ਉਠ ਖਲੋਤਾ, ਅਤੇ ਡਾਢੀ ਗ਼ਮਦੀ ਆਵਾਜ਼ ਨਾਲ ਇਹ ਕਹਿਨ ਲੱਗਾ ।

Original with:
Language Department Punjab
Digitized by:
Panjab Digital Library

ਆਹ। ਝੂਠਾ ਦਿਆ ਕਲੰਕ ਉਸ ਨਹੀਂ ਸਾਚ ਰਤੀ ਏਕ, ਦੁਖਦਾ ਕਰਾਨ ਤੂੰ ਭਯੀ ਈਸ਼ੂਰ ਰਾਖੇ ਟੇਕ। ਤੀਨ ਦਿਵਸ ਤਕ ਮੈਂ ਰਹਾ, ਕਹਿਤੀ ਰਹੀ ਹੱਥ ਜੋੜ, ਮਾਤ ਪਿਤਾ ਸੇ ਤੁਮ ਮਿਲੋ ਸ਼ੰਕਾ ਕਰੋ ਨ ਔਰ ॥ ਸਮਾਂ ਮਿਲਾ ਨਾ ਕੁਝ ਮੁਝੇ ਗਿਆ ਯੁਧ ਤਤਕਾਲ, ਨਿਸਚੈ ਕਾਰਨ ਆਪਕੇ ਕਰ ਦੂਸ਼ਨ ਦਿਆ ਨਿਕਾਲ। ਹੁਆ ਨਿਸ਼ਫਲ ਮੇਰਾ ਸਬ ਜਤਨ ਧੂਲ ਮਿਲਾਇਆ ਨਾਮ, ਦੁਖ ਦਿਆ ਉਸੇ ਅਤਿਘਨਾਂ ਆਪ ਹੁਈ ਬਦਨਾਮ। ਹਾਏ ਫਰਤੀ ਥੀ ਜਿਸ ਬਾਤ ਸੇ ਵਹੀ ਬਨਾ ਸੰਜੋਗ, ਰਾਜੇ ਹਿੰਦਰ ਕੀ ਸੁਤਾ ਤੁਝੇ ਮਿਲਾ ਦੁਖ ਆਯੋਗ ॥

ਓਹ! ਮੈਂ ਕੀ ਕੀ ਸੋਚਦਾ ਸਾਂ, ਅਰ ਕੀ ਕੀ ਮੇਰੇ ਦਿਲ ਵਿੱਚ ਗੱਲਾਂ ਸਨ, ਪਰ ਅੱਜ ਸਬੇ ਮਿੱਟੀ ਵਿੱਚ ਰਲ ਗਈਆਂ (ਬਾਹਰ ਵੱਲੇ' ਵੇਖਕੇ) ਹਾਏ! ਓਹ ਭੋਲੀ ਭਾਲੀ ਪਰਮ ਪਿਆਰੀ ਸੁੰਦ੍ਰੀ ਹੁਨ ਕਦੋਂ ਦਿਸੇਗੀ, ? ਓਸ ਨਿਰਦੋਸ਼ ਵਿਚਾਰੀ ਨੂੰ ਜੇ ਬਿਪਤਾ ਝੱਲਨੀ ਪਈ ਸਬੇ ਮੇਰੇ ਪਿਛੇ! (ਮਾਂ ਵੱਲੋ' ਵੇਖਕੇ) ਆਹ! ਮਾਂ ਤੂੰ ਭੀ ਕਿਹੀ ਪੱਥਰ ਦਿਲ ਹੋ' ਤੈਨੂੰ ਰਤੀ ਭੀ ਤਰਸ ਨਾ ਆਯਾ ? ਇਹ ਕਿਹਾ ਅਤ ਠੰਡਾ ਹਾਉਕਾ ਭਰਿਆ ਤੇ ਮੰਤ੍ਰੀ ਨੂੰ ਨਾਲ ਲੈ ਓਥੋਂ ਅੰਜਨਾਂ ਦੀ ਢੂੰਢ ਵਿੱਚ ਤੁਰ ਪਿਆ।

Original with:
Language Department Punjab
Digitized by:
Panjab Digital Library

ਤੇਰਵਾਂ ਅਧਜਾਯ ॥

+ ੴ +

॥ ਦਲੇਰੀ ਵਿੱਚ ਘਟ ਨਾ ਹੋਵੇਗਾ ॥

ਪ੍ਰਾਤਾਕਾਲ ਦਾ ਵੇਲਾ ਹੈ, ਸੂਰਜ ਅਜੇ ਚੜ੍ਹ ਹੀ ਰਿਹਾ ਹੈ, ਜਦੋਂ ਕਿ ਇਸਦੀ ਲਾਲੀ ਅਰ ਤੇਜ ਕਿਰਨਾਂ * ਪਸ਼ੂਮਖਾ ਬਨ ਦੇ ਉਚਿਆਂ ੨ ਦ੍ਰਖਤਾਂ ਦੇ ਪਤਰਾਂ ਤੇ ਪੈਕੇ ਉਨਾਂ ਦੀ ਸੋਭਾ ਨੂੰ ਖਿਲਾ-ਰਕੇ ਮੌਜ ਦਿਖਾ ਰਹੀਆਂ ਹਨ, ਅਤੇ ਪੰਛੀ ਉੱਡ ੨ ਕੇ ਰੁਖਾਂ ਦੀਆਂ ਟਾਹਨੀਆਂ ਤੇ ਬੈਠ ਬੈਠ ਕੇ ਅਪਨੀਆਂ ੨ ਨੋਕਦਾਰ ਚੁੰਜਾਂ ਨਾਲ ਪਰਾਂ ਨੂੰ ਸੁਆਰ ਰਹੇ ਹਨ ਅਤੇ ਪੱਰਾਂ ਨੂੰ ਫੁਲਾ ੨ ਕੇ ਆਕੜੀਆਂ ਲੈ ਰਹੇ ਹਨ ਅਤੇ ਕਈ ਉੱਡ ੨ ਕੇ ਅਪਨੇ ਖਾਨ ਪੀਨ ਦੇ ਆਹਰ ਵਿਚ ਲਗ ਰਹੇ ਹਨ ਪਰ ਚੰਦ੍ਰੀ ਗਿਰਜ ਇਕ ਪਿਪਲ ਦੀ ਉਚੀ ਟਾਹਨੀ ਤੇ ਬੈਠ ਕੇ ਅਪਨੇ ਸ਼ਕਾਰ ਨੂੰ ਏਧਰ ਓਧਰ ਧੌਨ ਫੇਰ ੨ ਕੇ ਢੂੰਢ ਰਹੀ ਹੈ ਇਸ ਵੇਲੇ ਅੰਜਨਾਂ ਦੇਵੀ ਇਕ ਝੌਪੜੀ ਦੇ ਬਾਹਰ ਜੇਹੜੀ ਇਕ ਪਹਾੜਾਂ ਦੀ ਇਕੋ ਜਿਹੀ ਧਰਤੀ ਤੇ ਬਨੀ ਹੋਈ ਹੈ ਅਤੇ ਜਿਹਦੇ ਚਾਰੇ ਪਾਸੇ ਜੰਗਲ ਹੀ ਜੰਗਲ ਦਿਖਾਈ ਦੇਂਦਾ ਹੈ, ਬੈਠੀ ਹੋਈ ਅਪਨੇ ਸਜੇ ਹੱਥ ਨੂੰ ਸਿੱਧਾ ਪੁਠਾ ਕਰਕੇ ਇਧਰ ਉਧਰ ਬੜੀ ਹਰਾਨੀ ਨਾਲ ਕੁਝ ਸੋਚਦੀ ਹੋਈ, ਵੇਖ ਰਹੀ ਹੈ ਅਰ ਇਸਦੇ ਮੂੰਹਦੀ ਵੱਧ ਤੋਂ ਵੱਧ ਚਿੰਤ ਤੁਰੀ ਅਰ ਉਦਾਸੀ ਦਸ ਰਹੀ ਹੈ ਕਿ ਕਿਸੇ ਚੀਜ਼ ਦੇ ਗੁਆਚਨ ਨਾਲ ਇਹ ਐਡੀ ਹਰਾਨ ਹੋ ਰਹੀ ਹੈ ਅਰ ਇਹ ਗਲ ਠੀਕ ਭੀ ਹੈ ਸੁਨੋ ! ਬਸੰਤ ਮਾਲਾ ਨੂੰ ਕੀ ਆਖ ਰਹੀ ਹੈ।

ਅੰਜਨਾਂ—ਬਸੰਤ ! ਕਿਧ੍ਰੇ ਮੁੰਦਰੀ ਤਾਂ ਨਹੀਂ ਡਿੰਠੀ ॥

ਬਸੰਤ ਮਾਲਾ (ਬੜੀ ਹਰਾਨੀ ਨਾਲ) ਹੈਂ ! ਕੇਹੜੀ ?

---

*ਪਸ਼ੁਮੁਖਾ ਬਨ ਰਾਮਯਨ ਦੇ ਸਮੇ ਕ੍ਰਿਸ਼ਨਾ ਨਦੀ ਦੇ ਪਹਾੜਾਂ ਵੱਲ ਸੀ, ਅਰ ਜੰਗਲੀ ਜਾਨਵਰ ਪਸ਼ੂ ਆਦਿਕ ਏਥੇ ਬਹੁਤ ਹੁੰਦੇ ਸਨ ॥

Original with:
Language Department Punjab
Digitized by:
Panjab Digital Library

ਅੰਜਨਾਂ–ਓਹੋ ਜੇਹੜੀ ਸੁਆਮੀ ਜੀ ਦੇ ਗਏ ਸਨ! ਹੋਰ ਕੇਹੜੀ? ਬਸੰਤ ਮਾਲਾ। ਓਹ ਤਾਂ ਤੇਰੀ ਹੱਥੀਂ ਸੀ। ਕਿਉਂ ਕਿਤੇ ਗੁਆਚ ਗਈ ਹੈ॥

ਅੰਜਨਾਂ–ਹਾਯ! ਭਾਢਾ ਹਨੇਰ ਹੋਇਆ ਓਹ ਤਾਂ ਇੱਕ ਸੀਉਨ ਦਾ ਸਹਾਰਾ ਸੀ, ਇਸ ਨੂੰ ਹੀ ਵੇਖਕੇ ਤਾਂ ਜਾ ਦਿਲ ਨੂੰ ਧੀਰਜ ਹੋ ਜਾਂਦੀ ਸੀ ਇਸਦਾ ਗਆਚਨਾ ਤੇ ਮੇਰੀਆਂ ਸਾਰੀਆਂ ਇੱਛਾਂ ਦਾ ਖੂਹ ਵਿਚ ਪੈਨਾ ਹੈ ਹਾਏ ਹੁਨ ਕੀ ਕਰਾਂ!

ਏਹ ਸੁਨਕੇ ਬਸੰਤ ਮਾਲਾ ਡਾਢੀ ਹਰਾਨੀ ਵਿੱਚ ਪੈ ਗਈ ਤੇ ਚਿਰ ਤੀਕ ਖਲੋਤੀ ਖਲੋਤੀ ਸੋਚਦੀ ਰਹੀ ਫਰ ਆਖਨ ਲੱਗੀ ਕਿ ਰਾਤ੍ਰੀ ਕਿਤ ਏਧਰ ਓਧਰ ਛੈਪਈ ਹੋਵੇਗੀ ਆਉ ਢੂੰਡੀਏ' ਏਹ ਕਹਕੇ ਦੋਵੇਂ ਦੂਰ ਤੀਕ ਨੀਵੀਂ ਨਜ਼ਰ ਕਰਕੇ ਜਮੀਨ ਵੱਲੋਂ ਵੇਖਦੀਆਂ ਹੋਇਆਂ ਚਲੀਆਂ ਗਈਆਂ ਝੁਕਿਆਂ ਝੁਕਿਆਂ ਦੁਹਾਂ ਦੇ ਲਕ ਦੂਹਰੇ ਹੋ ਗਏ ਪਿੰਨੀਆਂ ਆਕੜ ਗਈਆਂ ਪਰ ਮੁੰਦਰੀ ਦਾ ਕੁਝ ਪਤਾ ਨਾ ਲੱਗਾ ਤੇ ਨਿਰਾਸ ਹੋਕੇ ਝੌਂਪੜੀ ਕੋਲ ਮੁੜਕੇ ਆ ਬੈਠੀਆਂ, ਤਦ ਅੰਜਨਾਂ ਠੰਡੀ ਸਾਹ ਭਰਕੇ ਆਖਨ ਲਗੀ "ਵਾਹ ਵੇ ਭਾਗੋ ਤੇ ਵਾਹ ਨੀਂ ਕਿਸਮਤੇ" ਇਹੋ ਇਕ ਆਸਰਾ ਸੀ ਓਹ ਭੀ ਜਾਂਦਾ ਰਿਹਾ ਇਹ ਕਹਕੇ ਉੱਚੀ ੨ ਢਾਂਹੀ ਮਾਰਕੇ ਰੋਨ ਲਗ ਪਈ ਜਿਵੇਂ ਓਸ ਸਾਧੁਨੇ, ਜੇਹੜਾ ਇਸ ਕੁਟੀਆ ਦੇ ਅੰਦਰ ਭਜਨ ਕਰ ਰਿਹਾ ਸੀ ਇਸਦੇ ਰੋਨ ਦੀ ਅਵਾਜ ਸੁਨੀ ਤਤਕਾਲ ਬਾਹਰ ਨਿਕਲ ਆਇਆ।

ਓਹੁ! ਏਸ ਜਟਾਧਾਰੀ ਲੰਮੇ ਸ਼ੀਰ ਅਰ ਚਿੱਟੀ ਲੰਮੀ ਦਾਹੜੀ ਵਾਲੇ ਮਹਾਤਮਾਂ ਨੂੰ ਵੇਖਕੇ ਅੰਜਨਾਂ ਦੇਵੀ ਸਹਿਮ ਗਈ ਅਰ ਡਾਢੀ ਹਰਾਨੀ ਨਾਲ ਇੱਕ ਵਾਰੀ ਉਸਦੇ ਮੂੰਹ ਵਲੋਂ ਵੇਖਕੇ ਸਿਰ ਨੀਵੇਂ ਪਾਕੇ ਕੁਝ ਸੋਚਨ ਲਗ ਪਈ। ਤਦ ਉਸ ਸਾਧੁ ਨੇ ਕਿਹਾ :–

ਸਾਧੂ–ਪੁਤ੍ਰੀ! ਤੂੰ ਡਰ ਨਾਂ! ਕੇਵਲ ਏਹ ਦਸਦੇ ਕਿ ਤੂੰ ਕੌਨ ਹੈਂ ਅਤੇ ਏਸ ਉਜਾੜ ਬੀਆਬਾਨ ਜੰਗਲ ਵਿੱਚ ਕਿਸਤਰਾਂ ਆਉਨ ਹੋਇਆ ਹੈ॥

Original with:
Language Department Punjab
Digitized by:
Panjab Digital Library

ਅੰਜਨਾਂ ਦੇਵੀ-ਇਸ ਨੂੰ ਪਿਤਾ ਦੇ ਨਿਆਈਂ ਦਿਆਲੂ ਵੇਖਕੇ ਰੱਥ ਜੋੜ ਕਰ ਆਖਨ ਲੱਗੀ ॥

ਰਾਜਾ ਮਹੇਂਦਰ ਨਗਰ ਕਾ ਰਾਯ ਮਹੇਂਦ੍ ਨਾਮ,
ਤਾ ਰਾਜਾਕੀ ਮੈਂ ਸੁਤਾ ਅੰਜਨਾਂ ਮੇਰਾ ਨਾਮ ॥
ਪ੍ਰਹਲਾਦ ਵਿਦਿਆ ਧਰ ਸੁਸੁਰ ਮਮ ਪਵਨ
ਨਾਮ ਭਰਤਾਰ, ਨਾਮ ਨਗਰ ਹੈ ਰਤਨ ਪੁਰ ਸਾਸ
ਨੇ ਦੀਆ ਨਿਕਾਰ ॥ ਕਲੰਕ ਲਗਾਯੋ ਅਤਿ
ਬੁਰਾ ਕਰ ਨ ਸਕੂੰ ਬਖਾਨ, ਬਿਪਤਾ ਕਾਲ
ਫਿਰੂੰ ਕਾਟਤੀ ਆਈ ਤਵ ਅਸਥਾਨ ॥ ਪਿਤਾ
ਕਹੂੰ ਸੱਚ ਆਪਸੇ ਹੂੰ ਨਿਰਦੋਸਨ ਨਾਥ, ਨਿਸਚੈ
ਸਬ ਹੋ ਜਾਇਗਾ ਜਬ ਘਰ ਆਵੇਂ ਭ੍ਰਤਾਰ ॥

ਅੰਜਨਾਂ ਦੀ ਬਿਪਤ ਕਹਾਨੀ ਸੁਨਕੇ ਸਾਧੂ ਥੋਟੇ ਦਿਨਾਂ ਦਾ ਆਉਨਾ ਅਰ ਬੁਰੇ ਕਰਮਾ ਦੀ ਚਾਲਨੂੰ ਫਿਟਕਾਂ ਦੇਕੇ ਸਹਾਯਤਾ ਦੀ ਗਲ ਕਰਨ ਲੱਗਾ ॥

ਸਾਧੂ-ਬੇਟੀ ! ਚਿੰਤਾ ਨ ਕਰੋ ਜਿੱਨਾਂ ਚਿਰ ਜੀ ਚਾਹੇ ਏਥੇ ਰਹੋ ਪਰ ਜੰਗਲੀ ਫਲਾ ਤੋਂ ਬਿਨਾਂ ਏਥੇ ਖਾਂਨ ਨੂੰ ਹੋਰ ਕੁਝ ਨਹਾਂ ਮਿਲ ਸਕਨਾਂ ॥

ਪਾਠਕ ਗਣ ! ਅੰਜਨਾਂ ਨੇ ਸਾਧੂ ਦੇ ਏਹ ਪ੍ਰੇਮ ਭਰੇ ਵਾਕ ਸੁਨਕੇ ਉਸਦਾ ਧੰਨਵਾਦ ਕੀਤਾ ਅਤੇ ਓਥੇ ਰਹਕੇ ਆਪਨੇ ਕਸ਼ਟ ਦਾਇਕ ਦਿਨਾਂ ਨੂੰ ਬਿਤੀਤ ਕਰਨ ਲੱਗੀ।

ਜਦ ਅੰਜਨਾਂ ਦੇਵੀ ਨੂੰ ਏਥੇ ਰਹਿੰਦਿਆਂ ਰਹਿੰਦਿਆਂ ਕੁਝ

Original with:
Language Department Punjab
Digitized by:
Panjab Digital Library

ਕਾਲ ਬਿਤੀਤ ਹੋਜਿਆ ਤਾਂ ਪਰਸੂਤ ਦੇ ਦਿਨ ਭੀ ਨੇੜੇ ਆਗਏ ਅਰ ਥੋੜੇ ਦਿਨਾਂ ਪਿਛੋਂ ਹੀ ਬਗ਼ੈਰ ਕਿਸ ਸਮਿਆਨ ਦੇ ਸਾਡੇ ਬਹਾਦਰ ਜਰਨੈਲ ਨੇ ਜਨਮ ਲਿਆ ॥

ਚੇਤ੍ਰ ਮਾਸ ਵਦੀ ਅਸ਼ਟਮੀ ਪੁੱਖਨਿਛੱਤ੍ਰ ਜਾਨ,
ਦਿਨ ਮੰਗਲ ਪਰਭਾਤ ਕੋ ਜਨਮ ਲੀਓ ਹਨੂੰ-
ਮਾਨ । ਕਾਰੇ ਕੇਸ ਸੁਹਾਉਤੇ ਮਸਤਕ ਓਂਦਰ
ਸਮਾਨ, ਬੜਾ ਪਰਾਕ੍ਰਮੀ ਭਾਸਤਾ ਨੈਨ ਮਿਰਗ
ਸਮਜਾਨ॥ ਦੇਖ ਅੰਜਨਾਂ ਬਾਰੰ ਬਾਰ ਮੁਖ ਪੂਛਕਾ
ਕਰਣੀ ਧਿਆਨ, ਕਠਨ ਸਮੈ ਸਹਾਇਤਾ ਕਰ
ਇਸਕੀ ਭਗਵਾਨ॥ ਕੋਈ ਨ ਹੋ ਥਿਨ ਆਪਕੇ
ਹੋ ਜਿਸਕਾ ਮੁਝਕੋ ਮਾਨ, ਦਾਸ ਨੂੰ ਤੇਰੇ ਦੁਆਰ
ਕੀ ਦੀਨ ਬੰਧੂ ਭਗਵਾਨ ॥

ਅਸੀ ਅਪਨੇ ਪਾਠਕਾਂ ਦੀ ਪ੍ਰਸੰਨਤਾ ਲਈ ਜਨਮ ਕੁੰਡਲੀ ਜੋਹੜੀ ਉਸ ਸਾਧੂ ਨੇ ਹਨੂੰਮਾਨ ਜੀਦੀ ਉਸੇ ਵੇਲੇ ਬਨਾਈ ਸੀ ਹੇਠਾਂ ਲਿਖ ਦੇਂਦੇ ਹਾਂ ॥



347/G

Original with:
Language Department Punjab
Digitized by:
Panjab Digital Library

ਦੇਖੋ ! ਏਸ ਕੁੰਡਲੀ ਨੂੰ ਕਾਗਜ ਪੁਰ ਲਿਖਕੇ ਸਾਧੂ ਚਿਰ ਤੋਂ ਵੇਖ ਰਿਹਾ ਹੈ ਕਦੇ ਜੋਤਸ਼ ਦੀ ਪੁਸਤਕ ਨੂੰ ਵੇਖਦਾ ਹੈ ਅਤੇ ਕਦੇ ਦਿਲ ਵਿੱਚ ਕੁਝ ਸੋਚਨ ਲਗ ਜਾਂਦਾਹੈ ਜਦ ਬਹੁਤ ਚਿਰ ਏਸੇ ਤਰਾਂ ਬੀਤ ਗਿਆ ਤਾਂ ਬਸੰਤ ਮਾਲਾ ਜਿਆਦਾ ਚਿਰ ਸਬਰ ਕਰਨ ਦੀ ਸ਼ਕਤੀ ਨ ਰੱਖਕੇ ਬੋਲੀ ॥

ਬਸੰਤ ਮਾਲਾ–ਮਹਾਰਾਜ ! ਮੈਨੂੰ ਭੀ ਕੁਝ ਦੱਸੋ ?

ਸਾਧੂ–ਪੁਤ੍ਰੀ ! (ਪ੍ਰਸੰਨ ਹੋਕੇ) ਚਾਹੇ ਅੰਜਨਾਂ ਦੀ ਬਿਪਤਾ ਵੇਖਕੇ ਮੈਨੂੰ ਭੀ ਚਿੰਤਾ ਹੋ ਰਹੀ ਹੈ ਅਤੇ ਕੋਈ ਤਰ੍ਹਾਂ ਦੇ ਖਿਆਲ ਉਠ ਰਹੇ ਹਨ ਪਰ ਏਸ ਹੋਨਹਾਰ ਬਾਲਕ ਦੀ ਕੁੰਡਲੀ ਨੂੰ ਅਤੇ ਇਸਦੇ ਸ਼ੁਭਦਾਇਕ ਗ੍ਰਹਾਂ ਨੂੰ ਵੇਖਕੇ ਮਨ ਬੜਾ ਪ੍ਰਸੰਨ ਹੋ ਰਿਹਾ ਹੈ ਕਿਉਂ ਕੇ ਇਹ ਸੁਰਬੀਰਤਾ ਵਿੱਚ ਸ਼ੇਰ ਦਾ ਸਾਹਮਨਾ ਕਰੇਗਾ, ਭਾਵ ਏਹ ਕਿ ਦਲੇਰੀ ਵਿਚ ਇਹ ਕਿਸੀ ਭਰਾ ਘੱਟ ਨਾ ਹੋਵੇਗਾ ਬੜਾ ਭਾਰੀ ਵਿਦਿਆ ਵਾਨ ਅਤੇ ਧਰਮਾਤਮਾ ਹੋਵੇਗਾ, ਅਪਨੇ ਪਰ ਏ ਸਬ ਦੀ ਨਜਰ ਵਿੱਚ ਪਿਆਰਾ ਹੋਵੇਗਾ, ਛਤੀਆਂ ਤੇ ਅਠਰਮੀਆਂ ਦਾ ਜਮਰੂਪ ਖਰੂ ਹੋਵੇਗਾ, ਸਾਰ ਏਹ ਹੈ ਕਿ ਇਸ ਵਿੱਚ ਇੱਕ ਤੋ ਇੱਕ ਵਧਕੇ ਗੁਣ ਮਲੂਮ ਹੁੰਦਾ ਹੈ ਜਿਧਰ ਵੇਖਨਾ ਹਾਂ ਸਬੋ ਗ੍ਰਹ ਚੰਗੇ ਜਾਪਦੇ ਹਨ ਪ੍ਰਮਾਤਮਾ ਇਸਦੀ ਵੱਡੀ ਉਮਰ ਕਰੇ ॥

ਬਸੰਤ ਮਾਲਾ–ਸਾਧੂ ਦੀਆਂ ਗੱਲਾਂ ਸੁਨਕੇ ਦੌੜਕੇ ਅੰਜਨਾਂ ਦੇਵੀ ਦੇ ਕੋਲ ਗਈ, ਅਤੇ ਸਾਰਾ ਬ੍ਰਿਤਾਂਤ ਓਸਨੂੰ ਆਖ ਸੁਨਾਇਆ, ਜਿਸ ਨੂੰ ਸੁਨਕੇ ਇਸਦਾ ਮੁਖੜਾ ਜੋਹੜਾ ਦਿਨ ਰਾਤ ਦੀ ਨਵੀਂ ਮੁਸੀਬਤ ਤੇ ਦੁਖ ਦੇ ਆਉਨ ਨਾਲ ਹਸਨਾ ਭੀ ਭੁਲ ਗਿਆ ਸੀ ਏਸ ਵੇਲੇ ਜ਼ਰਾ ਖਿੜਿਆ ਹੋਇਆ ਜਾਪਦਾ ਹੈ ਅਤੇ ਪੁਤ੍ਰ ਦੇ ਮੂੰਹ ਵੱਲੋਂ ਵੇਖਕੇ ਆਖ ਰਹੀ ਹੈ ॥

ਓਹ ਦਿਨ ਕਦ ਪ੍ਰਭ ਆਏਗਾ, ਜਦ ਘਰ ਆਓਨ ਭਰਤਾਰ, ਨਾਮ ਕਰੂੰ ਕਰ ਖੁਸ਼ੀ

Original with:
Language Department Punjab
Digitized by
Panjab Digital Library

ਗਾਕਰ ਮੰਗਲ ਚਾਰ। ਕਰੇਂ ਸਭੀ ਵਹ ਹਿਤ ਮੁਝੇ ਜੋ ਕਰਤੇ ਧਿਤਕਾਰ, ਲੋਗਨ ਮਾਹੇਂ ਉਜਲੀ ਕਬ ਕਰਸੇਂ ਕਰਤਾਰ ॥

ਅਤੇ ਹੋਰ ਕਈ ਭਾਂਤ ਦੇ ਖਿਆਲ ਉਠ ੨ ਕੇ ਮਨ ਵਿੱਚ ਚੁੰਡਿਆਂ ਭਰ ਰਹੇ ਹਨ ਪਰ ਜਦ ਅਪਨੇ ਪਾਸ ਕੁਝ ਬਸਤ੍ਰ ਧਨ ਆਦਿਕ ਨਹੀਂ ਦਿਸਦਾ ਤਾਂ ਡਾਢੀ ਘਬਰਾ ਜਾਂਦੀ ਹੈ ਅਰ ਅਥਰੂ ਨਿਕਲ ਆਉਂਦੇ ਹਨ ਏਹ ਦੇਖਕੇ ਬਸੰਤ ਮਾਲਾ ਨੇ ਆਖਿਆ ॥

ਬਸੰਤ ਮਾਲਾ—ਸਖੀ ! ਮੈਂ ਬੜੀ ਹਰਾਨ ਹਾਂ ਕਿ ਤੂੰ ਏਡੀ ਸਿਆਨੀ ਹੋਕੇ ਏੱਨਾਂ ਨਹੀਂ ਵਿਚਾਰਦੀ ਕਿ ਤੇਰੇ ਏਸ ਵੇਲੇ ਦੇ ਰੋਨ ਅਤੇ ਚਿੰਤਾ ਕਰਨ ਦਾ ਕੀ ਅਸਰ ਹੋਵੇਗਾ। ਕੀ ਭਲਾ ! ਇਸਦੀ ਭਸੀਰ ਦੁਧ ਤੇ ਪੈਕੇ ਬਾਲਕ ਲਈ ਖਰਾਬੀ ਨ ਕਰਗੀ ? ਸਿਆਨੇ ਸਚ ਆਖਦੇ ਹਨ ਕਿ ਹਾਥੀ ਦੇ ਦੰਦ ਦਖਾਓਨ ਦੇ ਹੋਰ ਤੇ ਖਾਨ ਦੇ ਹੋਰ ਹੁੰਦੇ ਹਨ ॥

ਪਿਆਰੀ ! ਕੀ ਭਲਾ ਤੂੰ ਅਪਨੇ ਅਖਾਨਾ ਨੂੰ ਭੁੱਲ ਗਈ ਹੈਂ ਜੋ ਕਈ ਵਾਰ ਆਂਹਦੀ ਹੁੰਦੀ ਸੀ ਜੋ ਸੁਖ ਦੁਖ ਨੂੰ ਸ਼ਰੀਰ ਦਾ ਭੋਗ ਜਾਨ ਈਸ਼ੁਰ ਤੇ ਭਰੋਸਾ ਰਖਦਾ ਹੈ ਓਹ ਏਸ ਜਗ ਵਿੱਚ ਖੁਸ਼ੀ ਰਹਿੰਦਾ ਹੈ" ॥

ਅੰਜਨਾਂ—ਬਸੰਤ ! ਮੈਂ ਸਭ ਕੁਝ ਜਾਨਨੀ ਹਾਂ ਬਤੇਰਾ ਜਤਨ ਕਰਕੇ ਅਪਨੇ ਘਬਰਾਏ ਹੋਏ ਮਨ ਨੂੰ ਸੰਭਾਲਨੀ ਹਾਂ ਪਰ ਕੀ ਕਰਾਂ ਏਹ ਮੇਰੇ ਵੱਸ ਦੀ ਗੱਲ ਨਹੀਂ।

ਓਹੋ ! ਜਿਸ ਵੇਲੇ ਇਹ ਬਾਲਕ ਜਮੀਨ ਤੇ ਲੋਟਿਆ ਹੋਇਆ ਕਦੇ ਹੱਥ ਪੈਰ ਅਕੜਾਕੇ ਤੇ ਕਦੇ ਇਕਠਿਆਂ ਕਰਕੇ ਨੱਕ ਮੂੰਹ ਵੱਟਕੇ ਰੋਨ ਲਗਦਾ ਹੈ ਤਾਂ ਅੰਜਨਾਂ ਬੜੀ ਬੇਚੈਨ ਹੋਕੇ ਓਸ ਨੂੰ ਭੋਏਂ ਤੋਂ ਝੱਟ ਉਠਾਕੇ ਅਪਨੀ ਛਾਤੀ ਨਾਲ ਲਾਲੈਂਦੀ ਹੈ ॥

ਪਾਠਕ ਗਣ ! ਜਦ ਏਸੇ ਤਰ੍ਹਾਂ ਚਾਰਾਂ ਮਹੀਨੇ ਹੋਰ ਬੀਤ

Original with:
Language Department Punjab
Digitized by:
Panjab Digital Library

ਗਏ ਤਾਂ ਇੱਕ ਦਿਨ ਦੁਪੈਹਰ ਵੇਲੇ ਜਦ ਮੀਂਹ ਵਸਰਿਹਾ ਸੀ ਅਤੇ ਅੰਜਨਾਂ ਦੇਵੀ ਪੁਤ੍ ਨੂੰ ਲੈਕੇ ਕੁਟਿਆਵਿੱਚ ਬੈਠੀ ਹੋਈ ਰਬਦੇ ਕੱਮਾਂ ਵਲ ਦੇਖਰਹੀ ਸੀ ਪਰ ਬਾਲਕ ਤਾਂ ਇਕੋ ਹੀ ਥਾਂ ਬੈਠਾ ੨ ਉਕਸਾ ਗਿਆਹੈ ਜੋ ਜੋਰ ਨਾਲ ਚਿੱਲਾ ੨ ਕੇ ਰੋਂਦਾ ਭਾਵੇਂ ਅੰਜਨਾਂ ਖਲੋਕੇ ਅਤੇ ਏਧਰ ਓਧਰ ਫਿਰ ਟੁਰਕੇ ਲੋਰੀ ਦੇ ਰਹੀ ਹੈ ਪਰ ਇਹ ਬਾਲ ਰੋ ਹੀ ਰਿਹਾ ਹੈ ॥

ਜਦ ਮੀਂਹ ਮੱਠਾ ਹੋਇਆ ਤਾਂ ਬਾਲਕ ਨੂੰ ਲੈ ਝੋਂਪੜਿਓਂ ਬਾਹਰ ਆਕੇ ਓਨ੍ਹਾਂ ਜੰਗਲੀ ਰੁਖਾਂ ਨੂੰ ਅਤੇ ਕੁਟੀਆ ਦੇ ਆਲੇ ਦੁਆਲੇ ਦੇ ਅਪਨੇ ਆਪ ਉਗੇ ਹੋਏ ਬੂਟਿਆਂ ਨੂੰ ਉਂਗਲੀ ਨਾਲ ਵਖਾ ੨ ਕੇ ਬਾਲਕ ਨੂੰ ਪਰਚਾ ਰਹੀ ਹੈ।

ਓਹੋ ! ਏਨ੍ਹਾਂ ਆਪੇ ਉਗਿਆਂ ਹੋਇਆਂ ਬੂਟਿਆਂ ਦੀ ਹਰਿਆ ਓਲ ਅਤੇ ਸੁੰਦਰ ਰੰਗੋਰੰਗ ਫੁਲਾਂਦੀ ਸ਼ੋਭਾ ਨੂੰ ਵੇਖ ਕੇ ਅੰਜਨਾਂ ਨੂੰ ਅਪਨੇ ਬਾਗਦੀ ਬਹਾਰ ਜਿਸ ਵਿੱਚ ਖੇਡਦੀ ਹੁੰਦੀਸੀ ਯਾਦ ਆਗਈ ਤੇ ਇਸਦੀਆਂ ਅੱਖੀਆਂ ਦੇ ਸਾਹਮਨੇ ਕੀ ਆਗਿਆ ਝਾਂ ਅੱਖਾਂ ਤੋਂ ਅਥਰੂ ਚਲ ਪਏ ਤ ਮਨ ਵਿੱਚ ਕਈ ਪ੍ਰਕਾਰ ਦੇ ਖਿਆਲ ਉਠ ੨ ਕੇ ਦਿਲ ਨੂੰ ਘਬਰਾਨ ਲੱਗ. ਪਰ ਇਸ ਨੇ ਬੜਾ ਦਿਲ ਸਖ਼ਤ ਕਰਕੇ ਇਸ ਪਾਸੋਂ ਮਨ ਨੂੰ ਫੇੜਿਆ ਅਤੇ ਅਕਾਸ਼ ਵੱਲੋਂ ਵੇਖ ਅਪਨੇ ਮਨ ਨੂੰ ਧੀਰਜ ਦੇਨ ਲੱਗੀ ਅਤੇ ਨੀਲੇ ੨ ਅਕਾਸ਼ ਵਿੱਚ ਛੋਟੇ ੨ ਚਿੱਟੇ ੨ ਰੰਗ ਦੇ ਬਦਲਾਂ ਨੂੰ ਜਿਨ੍ਹਾਂ ਨੂੰ ਹਵਾ ਜਿਸ ਪ੍ਰਕਾਰ ਬਾਲ ਖਡੌਨਿਆਂ ਨੂੰ ਰੇੜਦੇ ਹਨ ਏਧਰ ਓਧਰ ਉਛਾਂਦੀ ਫਿਰਦੀ ਹੈ ਵੇਖਨ ਲੱਗ ਪਈ, ਆਹਾ ! ਕਦੇ ਤਾਂ ਫਿਰ ਬੱਦਲ ਦੇ ਟੁਕੜੇ ਇੱਕ ਹੋ ਜਾਂਦੇ ਹਨ ਅਤੇ ਕਦੇ ਹਵਾ ਏਨ੍ਹਾਂ ਨੂੰ ਧੱਪੇ ਮਾਰ ੨ ਕੇ ਫੇਰ ਵਖੋਵਖ ਕਰ ਦੰਦੀ ਹੈ ਅਤੇ ਏਹ ਹਾਥੀ ਘੋੜਿਆਂ ਦੇ ਰੂਪ ਧਾਰਣ ਕਰਦੇ ਹਨ, ਚੀਹਲਾਂ ਉੱਛਦਿਆਂ ੨ ਏਡੀ ਦੂਰ ਅਕਾਸ਼ ਵਿੱਚ ਚੜ੍ ਗਈਆਂ ਕਿ ਓਹ ਇੱਕ ਕਾਲੇ ਜਹੀਆਂ ਟਿਕੀਆਂ ਨਜਰ ਆਉਂਦੀਆਂ ਹਨ ਪਰ ਜਦ ਕਾਲੇ ਬੱਦਲਾਂ ਦੇ ਹਿਠਾਂ ਆਜਾਂਦੀਆਂ ਹਨ ਫੇਰ ਤਾਂ ਮਲੂਮ ਹੀ ਨਹੀਂ ਹੁੰਦੀਆਂ ਬੱਦਲਾਂ ਨਾਲ ਹੀ ਮਿਲ ਜਾਂਦੀਆਂ ਹਨ ॥

Digitized by:
Panjab Digital Library

ਇਸ ਪ੍ਰਕਾਰ ਸਾਦ ਅੰਜਨਾਂ ਦੇਵੀ ਮਨ ਪਰਚਾ ਰਹੀ ਸੀ ਤਾਂ ਇੱਕ ਚਮਕਣ ਵਾਲੀ ਚੀਜ ਜੋ ਸੂਰਜ ਦੇ ਸਮਾਨ ਚਮਕ ਰਹੀ ਸੀ ਅਚਨਚੇਤ ਏਸ ਪਾਸੇ ਆਉਂਦਿਆਂ ਨਜਰ ਪਈ ਪਹਿਲੋਂ ਤਾਂ ਡਾਢੀ ਅਚੰਭੇ ਵਿੱਚ ਆਈ ਪਰ ਫੇਰ ਮਲੂਮ ਹੋਇਆ ਕਿ ਕੋਈ ਬਿਬਾਨ ਆ ਰਿਹਾ ਹੈ ਤਦ ਏਹ ਝਟ ਓਥੇ ਹੀ ਬੈਹ ਗਈ ਅਤੇ ਸਿਰ ਨੀਵੇਂ ਝੁਕਾ ਲਿਆ, ਪਰ ਓਸ ਨੂੰ ਕੈਠਿਆਂ ਵੇਖਕੇ ਬਾਲਕ ਫਰ ਰੋ ਪਿਆ॥

ਪਾਠਕਗਣ ! ਏਸ ਬਿਬਾਨ ਵਿੱਚ ਇੱਕ ਚਿੱਟਪੋਸ਼ੀਆ ਬੜੀ ਚੰਗੀ ਪੁਸ਼ਾਕ ਲਾਏ ਇੱਕ ਇਸਤ੍ਰੀ ਨਾਲ ਗੱਲਾਂ ਕਰਦਾ ਹੋਇਆ ਆ ਰਿਹਾ ਸੀ, ਜਿਉਂਹੀ ਇਸਦੀ ਕੰਨੀ ਬਾਲਕ ਦੇ ਰੋਨ ਦੀ ਅਵਾਜ਼ ਪਈ ਤੇ ਅੰਜਨਾ ਨੂੰ ਵੇਖਿਆ ਰੱਬ ਜਾਨੇ ਇਸਦੇ ਮਨ ਵਿੱਚ ਕੀ ਆਗਿਆ ਕਿ ਝੱਟ ਉਥੇ ਹੀ ਬਿਬਾਨ ਮੱਠਾ ਕਰ ਲਿਆ ਅਰ ਕੋਲ ਬੈਠੀ ਇਸਤ੍ਰੀ ਨੂੰ ਆਖਨ ਲੱਗਾ ॥

ਓਹ ਮਨੁੱਖ–ਪ੍ਰਿਯਾ ਜੀ ! ਭੁਸਾਂ ਕੁਝ ਦੇਖਿਆ ?

ਇਸਤ੍ਰੀ–ਨਹੀਂ ਸੁਆਮੀ ਜੀ ! ਮੈਂ ਤਾਂ ਕੁਝ ਨਹੀਂ ਡਿੱਠਾ, ਕੀ ਹੈ !

ਓਹੋ ਆਦਮੀ–(ਉਂਗਲੀ ਨਾਲ ਤਕਾਕੇ) ਓਹ ਵੇਖੋ ਝੰਪੜੀ ਦੇ ਅੱਗੇ ਵਾਰ ਇੱਕ ਜੁਆਨ ਭੀਂਮੀ ਸਿਤ ਸੱਟਕੇ ਡਾਢੀ ਚਿੰਤਾ ਵਿੱਚ ਬੈਠੀ ਹੈ ਅਤੇ ਏਹ ਓਸਦਾ ਪੁਤ੍ਰ ਜਾਪਦਾ ਹੈ ਜੋਹੜਾ ਇਸ ਦੇ ਕੋਲ ਬੈਠਾ ਰੋ ਰਿਹਾ ਹੈ।

ਇਸਤ੍ਰੀ–(ਪਿਛਾਂ ਨੂੰ ਧੌਨ ਮੋੜਕੇ ਅਤੇ ਵੇਖਕੇ) ਹਾਂ (ਲਾਪਰਵਾਹੀ ਨਾਲ) ਕਿਸੇ ਸਾਧ ਦੀ ਪੁਤ੍ਰੀ ਹੋਵਗੀ। ਪਰ ਹੈਂ ! ਇਸਦੇ ਕਪੜ ਕਾਲੇ ਕਿਉਂ ਹਨ ॥

ਓਹ ਮਨੁੱਖ–ਇਹੋ ਗੱਲ ਤਾਂ ਮੈਂ ਸੋਚ ਰਿਹਾ ਹਾਂ ਜੇ ਕਿਸੇ ਸਾਧੂ ਦੀ ਪਤ੍ਰੀ ਹੁੰਦੀ ਤਾਂ ਅਜੇਹੇ ਕਾਲ ਕਰੜੇ ਕਦੇ ਨ ਪਾਏ ਹੁੰਦੇ ਇਸ ਵਿੱਚ ਜਰੂਰ ਪੁਝ ਭੇਦ ਹੈ ॥

ਇਹ ਕਹਕੇ ਬਿਬਾਨ ਨੂੰ ਰੁਖਾਂ ਦੇ ਓਹਲੇ ਜਮੀਨ ਤੇ ਉਤਾਰ

Original with:
Language Department Punjab
Digitized by:
Punjab Digital Library

ਲੀਤਾ ਅਤੇ ਆਪ ਬਿਬਾਨ ਵਿੱਚੋਂ ਉਤਰਕੇ ਅੰਜਨਾਂ ਦੇ ਕੋਲ ਜਾਕੇ ਆਖਨ ਲੱਗਾ ॥

ਓਹ ਆਦਮੀ–ਦੇਵੀ ! ਤੂੰ ਕੌਨ ਹੈਂ ਅਤੇ ਏਸ ਉਜਾੜ ਬਿਆਬਾਨ ਵਿੱਚ ਕਿਉਂ ਰਹਿਨੀ ਹੈਂ ?

ਅੰਜਨਾਂ ਦੇਵੀ–ਜੋ ਅਪਨੇ ਹੀ ਖਿਆਲ ਵਿੱਚ ਸਿਰ ਨੀਵੇ ਪਾਕੇਬੈਠੀ ਕੁਝ ਸੋਚ ਰਹੀਸੀ ਮਿਵੇਂ ਇਸਦੀ ਅਵਾਜ਼ ਨੂੰ ਸੁਨਿਆਂ ਸਿਰ ਉਠਾਕੇ ਉਪਰ ਦੇਖਿਆ ਝੱਟ ਉਸਦੇ ਗੱਲ ਨਾਲ ਚਮੜਕੇ ਛਾਛੀ ਉੱਚੀ ੨ ਢਾਹਾਂ ਮਾਰ ੨ ਕੇ ਰੋਨ ਲੱਗ ਪਈ ਚਾਹੇ ਇਹ ਆਦਮੀ ਭੀ ਇਸਨੂੰ ਵੇਖਦਿਆਂ ਸਾਰਹੀ ਹੱਕਾ ਬੱਕਾ ਹੋਕੇ ਸੋਚ ਵਿੱਚ ਪੈ ਗਿਆ ਹੈ ਪਰ ਓਤੇਰਾ ਮਨ ਵਿੱਚ ਸੋਚਦਾ ਹੈ ਪਨ ਕੁਝ ਸਮਝ ਵਿੱਚ ਨਹੀਂ ਆਉਂਦਾ ਕਿ ਏਹ ਕੌਨ ਹੈ ਅਤੇ ਕਿਉਂ ਰੋ ਰਹੀ ਹੈ ? ਅੰਤਨੂੰ ਜਦ ਕੁਝਚਿਰ ਏਸੇਤਰ੍ਹਾਂ ਬੀਤ ਗਿਆ ਤਾਂ ਬੜਾ ਪਿਆਰ ਦਲਾਸਾ ਦੇਕੇ ਅਰ ਧੀਰਜ ਦੀਆਂ ਗੱਲਾਂ ਕਰਕੇ ਬੜੀ ਮੁਸ਼ਕਲ ਨਾਲ ਓਸਨੂੰ ਗਲ ਨਾਲੋਂ ਅਲਗ ਕੀਤਾ ਅਤੇ ਓਸਦੇ ਮੂੰਹ ਨੂੰ ਅੱਛੀ ਤਰਾਂ ਨਾਲ ਡਿੱਠਾ ਤੇ ਅਵਾਜ਼ ਨੂੰ ਪਛਾਨਿਆ ਤਾਂ ਡਾਢਾ ਹਰਾਨ ਹੋਕੇ ਅਖਨ ਲੱਗਾ ॥

ਓਹ ਆਦਮੀ–(ਡਾਢੀ ਹਰਾਨੀ ਨਾਲ) ਹੈਂ ! ਅੰਜਨਾ !! ਤੂੰ ਕਿੱਥੇ !!! ਓਹੋ ! ਕਿਸੇ ਸੱਚ ਕਿਹਾ ਹੈ ।

ਉਸਨੂੰ ਕ੍ਰਿਪਾ ਕਰਦਿਆਂ ਕਦੀ ਨ ਲਗਦੀ ਡੇਰ, ਕਦੀ ਨਾਂ ਹੋਵੇ ਬੇਆਸ ਤੂੰ ਉਸਤੋਂ ਸ਼ਖਸ਼ਾਫੇਰ।

ਪਾਠਕਗਣ–ਵੇਖੋ ! ਈਸ਼ੂਰ ਦੀ ਮਹਿਮਾ ਕਿ ਸਬਬ ਨਾਲ ਅੰਜਨਾਂ ਦਾ ਮਮਾਂ ਰਾਜਾ ਪ੍ਰਤੀ ਸੁਰਯਾ ਅਪਨੀ ਇਸਤ੍ਰੀ ਰਵੀ ਸੁੰਦਰੀ ਨੂੰ ਨਾਲ ਲੈਕੇ ਭੌਂਦਾ ੨ ਸੈਲ ਕਰਦਾ ਹੋਯਾ ਏਥੇ ਆ ਨਿਕਲਿਆ ਹੈ ਪਹਿਲੇਂ ਓਂ ਇਸਨੂੰ ਏਸ ਹਾਲ ਵਿੱਚ ਵੇਖਕੇ ਪਛਾਨ ਨ ਸਕਿਆ ਪਰ ਜਦ ਓਸਨੂੰ ਪਛਾਤਾ ਤੇ ਏਹ ਆਖਿਆ ਕਿ

Original with:
Language Department Punjab
Digitized by:
Panjab Digital Library

ਹੈਂ ! "ਅੰਜਨਾਂ ਤੂੰ ਕਿਥੇ" ਤਦ ਤਾਂ ਅੰਜਨਾਂ ਹੋਰ ਭੀ ਭਾਢੀਂ ਉੱਚੀ ੨ ਅਵਾਜ਼ ਨਾਲ ਹਾਰ ਜ਼ਾਰ ਰੋਨ ਲਗਪਈ, ਅਤੇ ਕੁਝ ਜਵਾਬ ਉੱਤਰ ਨ ਦਿੱਤਾ ਤਾਂ ਰਾਜਾ ਭੀ ਅਖੀਆਂ ਭਰਕੇ ਬੋਲਿਆ ॥

ਰਾਜਾ ਪ੍ਰਤਿ ਸੁਰਯਾ–ਪੁਤ੍ਰੀ ! ਕਿਉਂ ਰੋ ਰੋ ਕੇ ਢਾਵੀ ਹੁੰਨੀ ਹੈਂ? ਹੁਨ ਕੁਝ ਚਿੰਤਾ ਨ ਕਰ ਪਰ ਏਹ ਦੱਸ ਕਿ ਏਥੇ ਕਿਸ ਪ੍ਰਕਾਰ ਆਈ ਹੈਂ ? ਅਤੇ ਏਹ ਕਾਲੇ ਕਪੜੇ ਕਿਉਂ ਪਾਏਨੀਂ ?

ਭਾਂਵੇਂ ਅੰਜਨਾਂ ਕੁਝ ਆਖਨਾਂ ਚਾਂਹਦੀ ਹੈ ਪਰ ਰੋ ਰੋ ਕੇ ਹਿੜਕੀ ਆਉਨ ਲੱਗ ਗਈ ਹੈ ਇਸ ਕਰਕੇ ਉਸਦੀ ਗੱਲ ਸਮਝ ਵਿੱਚ ਨਹੀਂ ਆਉਂਦੀ ਅਤੇ ਬਸੰਤ ਮਾਲਾ ਜੋ ਇਸਦੇ ਰੋਨਦੀ ਅਵਾਜ ਸੁਨਕੇ ਆਗਈ ਹੈ ਅਤੇ ਰਾਜਾ ਨੂੰ ਸਾਰੀ ਰਾਮ ਕਹਾਨੀ ਸੁਨਾ ਰਹੀ ਹੈ, ਵਖੋ ਬਸੰਤ ਮਾਲਾ ਦੀ ਜਬਾਨੋਂ ਇਕ ਇਕ ਅਖੱਰ ਨਿਕਲ ਕੇ ਰਾਜਾ ਨੂੰ ਹਰਾਨ ਕਰ ਰਿਹਾ ਹੈ ਕਦੇ ਅੰਜਨਾਂ ਵਲੋਂ ਅੱਖ ਉਠਾਕੇ ਵੇਖ ਲੈਂਦਾ ਹੈ, ਅਤੇ ਕਦੇ ਫੇਰ ਸਿਰ ਮੱਟ ਕੇ ਸੁਨਨ ਲੱਗ ਜਾਂਦਾ ਹੈ। ਜਦ ਬਸੰਤ ਮਾਲਾ ਨੇ ਏਹ ਆਖਿਆ ਕਿ "ਇਸਦੀ ਮਾਂ ਅਤੇ ਪਿਤਾ ਨੇ ਪ੍ਰਹਲਾਦ ਵਿਦਿਆਧਰ ਦੀ ਗੱਲ ਤੇ ਨਿਸਚੈ ਕਰ ਲਿਯਾ ਅਤੇ ਸੱਚ ਝੂਠ ਦਾ ਜਰਾ ਭੀ ਨਿਸਤਾਰਾ ਨਾ ਕੀਤਾ ਅਰ ਇਸਨੂੰ ਦੇਸ ਨਿਕਾਲਾ ਦੇ ਦਿਤਾ ਉਸ ਵੇਲੇ ਰਾਜੇ ਦਾ ਹਿਰਦਾ ਕੰਬ ਉਠਿਆ ਮੂੰਹ ਗੁੱਸੇ ਨਾਲ ਲਾਲ ਲਾਲ ਹੋਗਿਆ ਤੇਹੁੜੀ ਚੜ੍ਹਾਕੇ ਹੋਰ ਸਨਨ ਦੀ ਸਮਰਥ ਨ ਰੱਖਕੇ ਅੰਜਨਾਂ ਨੂੰ ਗਲ ਨਾਲ ਲਾਕੇ ਆਖਨ ਲੱਗਾ ॥

ਰਾਜਾ ! ਅੰਜਨਾਂ ਹੁਨ ਰੱਤੀ ਭੀ ਚਿੰਤਾ ਨ ਕਰ ਅੱਗੇ ਜੋ ਕੁਝ ਹੋਇਆ ਸੋ ਹੋਇਆ ਹੁਨ ਕੁਝ ਪੇਸ਼ ਨਹੀਂ ਜਾਂਦੀ ਹਾਂ ਅਜ ਤੋਂ ਲੈਕੇ ਅਗੋਂ ਤੈਨੂੰ ਜ਼ਰਾ ਭੀ ਔਖ ਨ ਹੋਵੇਗਾ ਮੈਂ ਇਸ ਗੱਲ ਦੀ ਹਾਮੀ ਭਰਨਾਂ ਹਾਂ ।

ਏਹ ਕਿਹਾ ਅਰ ਅੰਜਨਾਂ ਤੇ ਬਸੰਤ ਮਾਲਾ ਨੂੰ ਨਾਲ ਲੈਕੇ ਰਾਨੀ ਰਵੀ ਸੁੰਦਰੀ ਕੋਲ ਆਇਆ ਅਤੇ ਓਸਨੂੰ ਇਸਦੀ ਸਾਰੀ ਬਿਪਤ ਕਹਾਨੀ ਸੁਨਾਕੇ ਬਿਬਾਨ ਵਿੱਚ ਬਠਾਕ ਟੁਰ ਪਿਆ ॥

Original with:
Language Department Punjab
Digitized by:
Panjab Digital Library

ਆਹਾ ! ਬਿਬਾਨ ਨੂੰ ਤਾਂ ਦੇਖੋ ਕਿਹਾ ਬੇੜੀ ਦੀ ਸ਼ਕਲ ਦਾ ਬਨਿਆ ਹੋਇਆ ਹੈ ਜਿਸਦੇ ਇੱਕ ਪਾਸੇ ਤਾਂ ਕਲਾਂ ਲੌਸ਼ਲਦਾ ਸਮਿਆਨ ਹੈ ਜਿਨ੍ਹਾਂਦੇ ਸਹਾਰੇ ਚਲ ਰਿਹਾ ਹੈ ਅਤੇ ਦੂਜੀ ਵੱਲ ਇੱਕ ਸਾਇਬਾਨ ਬਨਿਆ ਹੋਇਆ ਹੈ ਜਿਸਦੀ ਚਵੀਂ ਪਾਸੀ ਨੁਨੇਰੀ ਵੇਲ ਬੂਟੇ ਅਜੇਹੇ ਕੱਢੇ ਹੋਏ ਹਨ ਕਿ ਸੂਰਜ ਦੇ ਪ੍ਰਕਾਸ਼ ਵਿੱਚ ਇਸਵੱਲ ਵੇਖਨਾ ਮੁਸ਼ਕਲ ਹੋਜਾਂਦਾ ਹੈ ਇਸ ਉੱਤੇ ਕਾਰੀਗਰ ਨੇ ਅਜੇਹੀ ਮੋਤਿਆਂ ਦੀ ਝਾਲਰ ਜਿਸਦੇ ਵਿੱਚ ਕੁਝ ੨ ਵਿਥ ਛੱਡਕੇ ਸੋਨੇ ਦੇ ਮੋਤੀ ਵਿੱਚੋ ਵਾਂਗੂ ਬਨਾਕੇ ਲਾਏ ਹਨ ਜੋਹੀ ਉਸਤਾਦੀ ਨਾਲ ਲਟਕਾਏ ਹਨ ਕਿ ਜਿਉਂ ੨ ਇਸਦੀ ਚਾਲ ਤੇਜ ਹੁੰਦੀ ਜਾਂਦੀ ਹੈ ਤਿਉਂ ਤਿਉਂ ਏਨ੍ਹਾਂਦੀ ਚਮਕ ਦਮਕ ਵਧਦੀ ਜਾਂਦੀ ਹੈ ਤ ਭਾਰੀ ਮਨੋਹਰ ਮਲੂਮ ਹੁੰਦੀ ਹੈ ॥

ਜਿਵੇਂ ਇਨ੍ਹਾਂ ਬਨਾਉਟੀ ਮੋਤੀਆਂ ਨੂੰ ਅੰਜਨਾਂ ਦੇ ਪੁਤ੍ਰ ਅਰਥਾਤ ਹਨੂਮਾਨ ਜੀ ਨੇ ਵਖਿਆ ਤਾਂ ਗੋਦਓਂ ਨਿਕਲਕੇ * ਉਛਲਿਆ ਅਰ ਓਨ੍ਹਾਂ ਨੂੰ ਪਕੜਨ ਲੱਗਾ ਪਰ ਮੋਤੀ ਤਾਂ ਹੱਥ ਨ ਆਏ ਅਰ ਉਲਟਾ ਟੋਕੇ ਭੁਈਂ ਤੇ ਡਿੱਗ ਪਿਆ ॥

ਓਹੋ ! ਬਾਲਕ ਨੂੰ ਡਿਗਦਿਆਂ ਵੇਖ ਸਭੋ ਹੀ ਸਹਿਮ ਗਏ ਭਾਂਵੇ ਤਤਕਾਲ ਬਿਬਾਨ ਨੂੰ ਟੋਕ ਲਿਆ ਪਰ ਫੇਰ ਭੀ ਬੜੀ ਵਿਥ

---

* ਇਹ ਗੱਲ ਜੋਹੜੀ ਪ੍ਰਸਿਧ ਹੈ ਕਿ ਹਨੂੰਮਾਨ ਨੇ ਜੰਮਦਿਆਂ ਹੀ ਉਛਲ ਕੇ ਸੂਰਜ ਨੂੰ ਪਕੜਿਆ ਅਤੇ ਮੂੰਹ ਵਿੱਚ ਪਾ ਲਿਆ ਇਸਖਿਆਲ ਨਾਲ ਕਿ ਏਹ ਇਕ ਖਾਨ ਵਾਲਾ ਲਾਲ ਫਲ ਹੈ ॥

ਪਾਠਕ ਗਣ ! ਨਾਂ ਤਾਂ ਕੋਈ ਲਾਲ ਫਲ ਹੀ ਸੀ ਅਤੇ ਨ ਹੀਂ ਸੂਰਜ ਸੀ ਕਿੰਤੂ ਕਿਸੇ ਬਿਬਾਨ ਦੇ ਬਨਾਉਟੀ ਸੋਨੇ ਦੀ ਝਾਲਰ ਦੇ ਮੋਤੀ ਸਨ ਜਿਨ੍ਹਾਂ ਨੂੰ ਕਵੀਆਂ ਨੇ ਸੂਰਜ ਦੀ ਉਪਮਾ ਦਿੱਤੀ ਸੀ ਪਿਛੋਂ ਟੀਕਾ ਕਰਨ ਵਾਲਿਆਂ ਨੇ ਅਸਲੀ ਗੱਲ ਨੂੰ ਭੁਲ ਕੇ ਸੂਰਜ ਹੀ ਬਨਾ ਲਿਆ । (ਅਜਨਾਂਸਤੀਨੋ ਰਾਸ ਦੀ ੨੪ ਪ੍ਰਿਸਟ)

Original with:
Language Department Punjab
Digitized by:
Panjab Digital Library

ਹੋਸ਼ ਆਈ ਇਸ ਕਰਕੇ ਬਿਬਾਨ ਫਰ ਪਿਛ ਹਟਾਕੇ ਜਮੀਨ ਤ ਉਤਾਰ ਲਿਆ ਰਾਜਾ ਤਾਂ ਬਾਲਕ ਨੂੰ ਢੂੰਡਨ ਚਲਿਆ ਗਿਆ ਅਤੇ ਇਹ ਤਿੱਨੇ ਹਰਾਨਗੀ ਨਾਲ ਓਸ ਪਾਸੇ ਵੱਲ ਵੇਖ ਰਹੀਆਂ ਹਨ, ਜਿਧ ਓਹ ਗਿਆ ਸੀ, ਇਸ ਵੇਲੇ ਛਾਹੇ ਭੈੜੇ ਭੈੜੇ ਖਿਆਲ ਉੱਠਕੇ ਇਹਨਾਂ ਦੇ ਏਆਸ਼ ਮਨ ਨੂੰ ਵਿਆਕੁਲ ਕਰ ਹੋ ਰਹੇ ਸਨ; ਕਿਇੰਨੇ ਵਿੱਚ ਰਾਜਾ ਬਾਲਕ ਨੂੰ ਲੈਕੇ ਆਗਿਆ ਅਤੇ ਕਹਨ ਲੱਗਾ ।

ਰਾਜਾ—ਅੰਜਨਾਂ ! ਤੇਰੇ ਪੁਤ੍ਰ ਦਾ ਪਿੰਡਾ ਤਾਂ ਬੱਜਰ (ਪੱਥਰ) ਦੀ ਨਿਅਈਂ ਹੈ ਕਿ ਏਹ ਏਡੀ ਦੂਰੋਂ ਡਿਗਿਆ ਅਤੇ ਡਿੱਗਾ ਭੀ ਪੱਥਰਾਂ ਤੇ ਪਰ ਇਸਨੂੰ ਜ਼ਰਾ ਭੀ ਸੱਟ ਨਹੀਂ ਲੱਗੀ ਜਦ ਮੈਂ ਇਸਦੇ ਪਾਸ ਪਹੁੰਚਿਆ ਤਾਂ ਏਹ ਅਪਨਾਂ ਅੰਗੂਠਾ ਚੁੰਘ ਰਿਹਾ ਸੀ ਅਤੇ ਮੈਨੂੰ ਵੇਖਦਿਆਂ ਹੀ ਦੋਵੇਂ ਬਾਹਵਾਂ ਖਿਲਾਰਕੇ ਰੋਨ ਲੱਗ ਪਿਆ । ਰਾਜੇ ਦੀਆਂ ਗੱਲਾਂ ਸੁਨਕੇ ਤੇ ਬਾਲਕ ਨੂੰ ਵੇਖਕੇ ਸਭਨਾਂ ਦੀ ਜਾਨ ਵਿਚ ਜਾਨ ਪੈ ਗਈ ਅਤੇ ਰਾਨੀ ਰਤਨਸੁੰਦਰੀ ਨੇ ਬਾਲਕ ਨੂੰ ਰਾਜਾ ਦੇ ਕੁਛੜੋਂ ਲੈਕੇ ਛਾਤੀ ਨਾਲ ਲਾ ਲਿਆ ਅਤੇ ਸਿਰ ਚੁੰਮਕੇ ਆਖਨ ਲੱਗੀ । "ਪੁਤ੍ਰ ਬਜਰੰਗੀ ਕਿਥੋਂ ਦੀ ਸੈਲ ਕੀਤੀ" ਬਦ ਤੇਂ ਸਭ ਇਸ ਨੂੰ ਬਜਰੰਗੀ ਮੱਦਨ ਲਗ ਪਏ ਅਰ ਬਿਬਾਨ ਓਥੇ ਅਗਾਹ ਨੂੰ ਟੋਰਿਆ ॥

ਪਾਠਕ ਗਣ ! ਅੰਜਨਾਂ ਤਾਂ ਅਪਨੇ ਮਾਂਮੇਂ ਨਾਲ ਹਨੂੰਮਾਨ ਨੂੰ ਜਾ ਰਹੀ ਹੈ ਅਰ ਮਲੂਮ ਨਹੀਂ ਕਿ ਪਵਨ ਵਿਚਾਰਾ ਕਿੱਧਰ ਕਿੱਧਰ ਭਟਕਦਾ ਫਿਰਦਾ ਹੈ ਆਓ ਜ਼ਰਾ ਇਸਦਾ ਭੀ ਤਾਂ ਪਤਾ ਲਈਏ ॥

—:o:—

ਚੌਹਦਵਾਂ ਅਧਜਾਯ

—:ॐ:—

ਹੈਂ ! ਇਸ ਨੂੰ ਪਲ ਵਿਚ ਕੀ ਹੋ ਗਿਆ ?

ਰਾਜਾ ਮਹੇਂਦਰਰਾਏ ਦੇ ਮੈਹਲ ਵਿੱਚ ਹੁਨੇਂ ਹੀ ਇੱਕ

Original with:
Language Department Punjab
Digitized by:
Panjab Digital Library

ਆਦਮੀ ਡਾਢੀ ਸੁੰਦਰ ਪੁਸ਼ਾਕ ਪਾਏ ਹੋਏ ਛੜੀ ਹੱਥ ਵਿੱਚ ਘੁਮਾਂਦਾ ਚੌਂਕੀ ਤੇ ਆ ਨ ਬੈਠਾ ਹੈ ਅਤੇ ਰਾਨੀ ਬੇਗ ਮੋਹਿਨੀ ਇਸਦੇ ਮੱਥੇ ਨੂੰ ਚੁੰਮਕੇ ਸਾਮ੍ਹਨੇ ਖਲੋਤੀ ਹੋਈ ਇਸਤੋਂ ਦੁਖ ਸਾਂਦ ਪੁਛ ਰਹੀ ਹੈ ਪਰ ਇਸਦੀ ਝੁਕੀ ਹੋਈ ਰਿੱਚੀ ਨੀਵੇਂ ਨਜਰ ਪਾਈ ਹੋਈ ਤੇ ਇਸ ਵਲੋਂ ਵੇਖਕੇ ਠੰਡੇ ਹਾਉਕੇ ਦਾ ਭਰਨਾਂ ਇਸ ਗਲ ਨੂੰ ਜ਼ਾਹਰ ਕਰਰਿਹਾ ਹੈ ਕਿ ਇਸ ਨਵੀਨ ਮਨੁੱਖ ਦੇ ਆਉਨ ਨਾਲ ਇਸਦੇ ਕੋਮਲ ਹਿਰਦੇ ਨੂੰ ਬੜਾ ਦੁਖ ਪਹੁੰਚਾ ਹਾਂ ਅਤੇ ਏਹ ਠੀਕ ਹੈ! ਓਹ ਵੇਖੋ ਕਿਸ ਪਕਾਰ ਹੌਲੀ ਹੌਲੀ ਚਲਦੀ ਹੋਈ ਅਪਨੇ ਚੁਬਾਰੇ ਨੂੰ ਜਾ ਰਹੀ ਹੈ ਅਤੇ ਮਨ ਵਿੱਚ ਕਈ ਪ੍ਰਕਾਰ ਦੀਆਂ ਦਲੀਲਾਂ ਉਠਾ ਕੇ ਉਤਰ ਦੀਆਂ ਹਨ ਪਰ ਸਦ ਏਹ ਖ਼ਿਆਲ ਆਉਂਦਾ ਹੈ ਭਾਂ ਡਾਢੀ ਬੇਚੈਨ ਹੋ ਜਾਂਦੀ ਹੈ ਕਿ ਓਹ ਅੰਜਨਾਂ ਦਾ ਹਾਲ ਪੁਛੇਗਾ ਭਾਂ ਮੈਂ ਕੀ ਆਖਾਂਗੀ, ਹਾਏ! ਓਸਭਾਂ ਮੈਨੂੰ ਕਿਸੇ ਜੋਗੀ ਨਾਂ ਛਡਿਆ ਇਸ ਗੱਲ ਨਾਲੋਂ ਮੈਂ ਮਰ ਜਾਂਦੀ ਭਾਂ ਚੰਗੀ ਸਾਂ, ਕਿਉਂ! ਜੋ ਅੱਜ ਇਸਦੇ (ਪਵਨ) ਸਾਮਨੇ ਅੱਖਾਂ ਭਾਂ ਨਾਂ ਨੀਵੀਆਂ ਕਰਨੀਆਂ ਪੈਂਦੀਆਂ ਹੇ ਧਰਤੀ ਮਾਤਾ! ਤੂਹੀ ਮੂੰਹ ਪਾਹਲ ਕਿ ਮੈਂ ਤੇਰ ਵਿਚ ਗਰਕ ਹੋ ਜਾਵਾਂ। ਕਿਉਂ ਜੋ ਅੰਜਨਾਂ ਦੀ ਗੱਲ ਭਾਂ ਨਾਂ ਸੁਨਾਂ" ਪਾਠਕ ਗਣ! ਇਹ ਭਾਂ ਇਓਂ ਜੇਹੀਆਂ ਦਲੀਲਾਂ ਕਰਦੀ ਪਰ ਜਾਕੇ ਪੱਲੰਘ ਤੇ ਲੰਟ ਗਈ ਪਰ ਓਹ ਨਵੀਨ ਪੁਰਖ ਜੋ ਪਵਨ ਹੀ ਹੈ, ਅਰ ਅੰਜਨਾਂ ਨੂੰ ਢੂੰਡਦਾ ਭਾਲਦਾ ਏਥੇ ਆ ਨਿਕਲਿਆ ਹੈ, ਰਾਨੀ ਦਾ ਇਹ ਹਾਲ ਵੇਖਕੇ ਡਾਢਾ ਹਰਾਨ ਹੋ ਗਿਆ ਅਤੇ ਹੁਨ ਡਾਢਾ ਬੇਚੈਨ ਹੋਕੇ ਏਧਰ ਓਧਰ ਵੇਖ ਰਿਹਾ ਹੈ ਪਰ ਅੰਜਨਾਂ ਨੂੰ ਨ ਵੇਖਕੇ ਇਸਦੇ ਮਨ ਦੀ ਘਬਰਾਹਟ ਹੋਰਭੀ ਵਧ ਗਈ ਹੈ ਅਤੇ ਇਸ ਮਾਮਲ ਨੂੰ ਬਤੇਰਾ ਸੋਚਦਾ ਹੈ ਕਿ ਏਹ ਕੀਹ ਗੱਲ ਹੈ ਪਰ ਕੁਝ ਸਮਝ ਵਿਚ ਨਹੀਂ ਆਉਂਦੀ ਜੋ ਓਹ (ਅੰਜਨਾਂ) ਨਹੀਂ ਦਿਸਦੀ ਪਰ ਜਦ ਕਰਮ ਰੇਖ ਦੀ ਗਿਆਈ ਨੂੰ ਕੁਝ ਸਮਝ ਵਿੱਚ ਨਾਂ ਆਇਆ ਭਾਂ ਘਬਰਾਕੇ ਓਥੋਂ ਉਠਨ ਹੀ ਲੱਗਾ ਸੀ ਕਿ ਪ੍ਰੰਜਨ ਕੀਰਤੀ ਦਾ ਪੁਤ੍ਰ ਸਾਹਮਨੇ ਆਉਂਦਾ ਡਿੱਠਾ ਝੱਟ ਓਸਨੂੰ ਉਠ ਕੇ ਕੂਛੜ ਲੈ ਲਿਆ ਅਤੇ ਓਸਨੂੰ ਪੁਛਨ ਲੱਗਾ।

ਪਵਨ—ਬੇਟਾ! ਤੇਰੀ ਭੂਆ ਕਿਥੇ ਹੈ?

Original with:
Digitized by
Punjab Digital Library

ਲੜਕਾ (ਬੁਰਾ ਸਿਹਾਮੂੰਹ ਬਨਾਕ) ਹੈਂ ਭੂਆ ! ਓਹ ਤਾਂ ਏਥੇਂ ਰੋਂਦੀ ੨ ਪਸ਼ੂਮੁਖਾ ਬਨ ਨੂੰ ਨਿਕਲ ਗਈ ਸੀ, ਏਥੇ ਤਾਂ ਜਗਾਕੁ ਖਲੋਤੀ ੨ ਹੱਸਦੀ ਰਹੀ ਫਿਰ ਦਾਦੀ ਨੇ ਓਸਨੂੰ ਬਾਹਰ ਗੁੱਸੇ ਹੋਕੇ ਕੱਡ ਦਿੱਤਾ ਸੀ ॥

ਹਾ ! ਇਹ ਗੱਲ ਸੁਨਦੀਸਾਰ ਪਵਨ ਦੀਆਂ ਹਵਾਈਆਂ ਉੱਡ ਗਈਆਂ ਸਾਰੀਆਂ ਕਾਮਨਾਂ ਘੱਟੇ ਵਿੱਚ ਮਿਲ ਗਈਆਂ ਅਰ ਪਸ਼ੂਮੁਖਾ ਦੇ ਨਾਂਓ ਨੇ ਇਸਦੇ ਹਰ ਇੱਕ ਅੰਗ ਨੂੰ ਇਸਦੇ ਦਿਲ ਦੀ ਤਰਹਾਂ ਨਿਕੱਮਾ ਕਰ ਦਿੱਤਾ, ਹੁਨ ਏਹ ਆਖੇ ਤੇ ਕੀ ਆਖੇ, ਕਰੇ ਤਾਂ ਕੀ ਕਰੇ, ਬਤੇਰਾ ਮਨ ਨੂੰ ਛਾਛ ਦੇਕੇ ਸੰਭਾਲਦਾ ਹੈ ਪਰ ਓਹ ਸੰਭਲਦਾ ਹੀ ਨਹੀਂ ਅਤੇ ਇਹ ਹੈਰਾਨ ਹੋ ਓਸੇ ਚੌਂਕੀ ਤੇ ਬੈਠਾ ਹੋਇਆ ਬਿਤਰ ੨ ਵੇਖਦੇ ਦਾ ਵੇਖਦਾ ਰਹ ਜਾਂਦਾ ਹੈ ॥

ਜਦ ਕੁਝ ਚਿਰ ਇਸੇ ਭਤ੍ਰਾਂ ਬੀਤ ਗਿਆ ਤਾਂ ਫੇਰ ਰਾਮ ਜਾਨੇ ਕੀ ਦਿਲ ਵਿੱਚ ਆਇਆ ਜੋ ਇਸ ਤਰਾਂ ਆਖਨ ਲੱਗਾ ।

ਹਾਏ ! ਮੇਰੇ ਪਿੱਛੇ ਓਸ ਪ੍ਰਾਨ ਪਿਆਰੀ ਤੇ ਕਿਹਾ ਚਿੰਤਾ ਦਾ ਪਹਾੜ ਡਿਗਪਿਆ (ਅੰਜਨਾਂ ਦੀ ਮਾਂ ਵੱਲ ਇਸ਼ਾਰਾ ਕਰਕੇ) ਤੂਸੀ ਹੀ ਕੁਝ ਤਾਂ ਸੋਚਦੇ ਅਤੇ ਉਸਦੇ ਹਾਲ ਤੇ ਦਯਾ ਕਰਦੇ, ਤੁਹਾਡੀ ਤੇ ਛਿਡ ਦੀ ਜਾਈ ਸੀ, ਪਰ ਤੂਸੀ ਤਾਂ ਸਭਤੋਂ ਵਧਕੇ ਨਿਰਦਈ ਤੇ ਡਾਢੇ ਏਤਰਸ ਨਿਕਲੇ ਜੋ ਤੁਸਾਂ ਨੇ ਉਸਦੀ ਏਸ ਦਿਸ਼ਾ ਵਲ ਭੀ ਧਿਆਨ ਨ ਕੀਤਾ । ਓਹੋ ! ਕਿਹਾ ਲਹੂ ਵੀ ਚਿੱਟਾ ਹੋਗਿਆ ਹੈ, ਦਯਾ ਧਰਮ ਤਾਂ ਸੰਸਾਰ ਵਿੱਚ ਰਿਹਾ ਹੀ ਨਹੀਂ (ਥੋੜਾ ਚਿਰ ਚੁਪ ਕਰਕੇ) ਪਿਆਰੀ ਅੰਜਨਾਂ ਤੂੰ ਕੇਹੜੀਆਂ ਮੁਸੀਬਤਾਂ ਵਿੱਚ ਫਸ ਗਈਉਂ ਜਿਨ੍ਹਾਂ ਉੱਤੇ ਤੂੰ ਐਡੇ ਭਰੋਸੇ ਅਤੇ ਓਮੇਦਾਂ ਕਰਦੀ ਸੈਂ ਜਦ ਓਹੋ ਤੇਰੇ ਦੁਸ਼ਮਨ ਬਨ ਗਏ, ਤਾਂ ਤੇਰਾ ਸਹਾਈ ਅਰ ਦੁਖ ਦੀ ਸਾਰ ਪੁਛਨ ਵਾਲਾ ਕੌਨ ਬਨਦਾ, ਹਾਏ ! ਏਡੀਆਂ ਸਖ਼ਤੀਆਂ ਤੇਰੇ ਕੋਮਲ ਜਿਹੇ ਸ਼ਰੀਰ ਅਰ ਛੋਟੇ ਜਿਹੇ ਦਿਲ ਨੇ ਕਿਸ ਪ੍ਰਕਾਰ ਸਹਾਰੀਆਂ ਹੋਨਗੀਆਂ ? ਤੂੰ ਐਸੀ ਸਿਆਨੀ ਵਿਦਿਆਵਾਨ ਅਤੇ ਸਭਨਾਂ ਕੰਮਾਂ ਵਿੱਚ ਚਤੁਰ ਪਰ ਹਾਏ ! ਸ਼ੋਕ !! ਕਿਸਮਤ ਨੇ ਇਨਾਂ ਸਭਨਾਂ ਗੱਲਾਂ

Original with:
Language Department Punjab
Digitized by:
Panjab Digital Library

ਨੂੰ ਮਿੱਟੀ ਵਿੱਚ ਰਲਾ ਦਿੱਤਾ, ਏਹ ਕਹਿਆ ਤੇ ਅੱਖਾਂ ਭਰ ਆਈਆਂ ਸਿਰ ਨਾਂਵਾਂ ਪੈ ਗਯਾ ਪਵਨ ਦੀਆਂ ਗੱਲਾਂ ਸੁਨਕੇ ਇੱਕ ਟੈਹਿਲਨ ਨੇ ਰਾਨੀ ਨੂੰ ਜਾਕੇ ਆਖਿਆ ॥

ਟੈਹਲਨ– ਮਾਤਾ ਜੀ ! ਤੁਸੀ ਕੇਹੜੀ ਚਿੰਤਾ ਵਿੱਚ ਪਏ ਹੋਏ ਹੋ ਕਿਸ ਗੱਲ ਦੀ ਸੋਚ ਕਰ ਰਹੇ ਹੋ ਜ਼ਰਾ ਬਾਹਰ ਨਿਕਲਕੇ ਪਵਨ ਜੀ ਦੀਆਂ ਗੱਲਾਂ ਤਾਂ ਸੁਨੋ ਓਹ ਕੀ ਆਖ ਰਹੇ ਹਨ ॥

ਰਾਨੀ–(ਅਫਸੋਸ ਨਾਲ) ਓਹੀ ਅੰਜਨਾਂ ਦੀ ਹੀ ਗੱਲ ਕਰਦਾ ਹੋਵੇਗਾ ॥

ਟੈਹਲਨ–ਨਹੀਂ ਜੀ ! ਓਹ ਤਾਂ ਬਿਲਕੁਲ ਝੂਠ ਅਤੇ ਅਨਰਥ ਥੱਪਿਆ ਜ਼ਾਹਰ ਕਰਦੇ ਹਨ। ਅਰ ਅੰਜਨਾਂ ਨੂੰ ਨਿਰਦੋਸ਼ ਅਤੇ ਬੇਦੋਸ਼ੀ ਕਹਿੰਦ ਹਨ ਔਰ ਤੁਹਾਡੇ ਤੇ ਬੇਤਰਸੀ ਦਾ ਕਲੰਕ ਲਗੌਂਦੇ ਹਨ ॥

ਰਾਨੀ–(ਠੰਡੀ ਸਾਹ ਭਰਕੇ) ਹਾਏ ! ਏਡੀ ਕਿਸਮਤ ਕਿੱਥੇ

ਟੈਹਲਨ ਜ਼ਰਾ ਚਲਕੇ ਸੁਨ ਤਾਂ ਸਹੀ ?

ਰਾਨੀ ਸ਼ਤਾਬੀ ਨਾਲ ਉਠਕੇ ਦਲਾਨ ਵੱਲ ਆਈ ਅਤੇ ਜਦ ਪਵਨ ਜੀ ਦੀ ਅਵਾਜ਼ ਦੀ ਕੁਝ ਭਿਨਕ ਪਈ ਤਾਂ ਓਥੇ ਹੀ ਖਲੋ ਗਈ ਅਰ ਜਦੋਂ ਓਹ ਕਹਿ ਚੁਕਿਆ ਤਾਂ ਅੱਗੇ ਹੋਕੇ ਬੋਲੀ ।

ਰਾਨੀ–ਮੈਂ ਤਾਂ ਤੇਰੇ ਪਿਤਾ ਦੇ ਲਿਖੇ ਨੁਅਸਾਰ ਅਪਨੇ ਦਿਲ ਦੇ ਟੁਕੜੇ ਨੂੰ ਤਰਾਹ ਦਿੱਤਾ ਅਤੇ ਭੁਖੀ ਪਜ਼ਾਮੀ ਦੇਖਕੇ ਭੀ ਨ ਪੁਛਿਆ ਤ ਦੇਸੋਂ ਬਾਹਰ ਕੱਡ ਦਿਤਾ, ਕੀ ! ਓਹ ਕਲੰਕ ਝੂਠਾ ਸਾ ?

ਪਵਨ–ਹੋਰ ਕੀ ! ਬਿਲਕੁਲ ਝੂਠਾ !! ਅਰ ਨਿਰਾ ਅਪ੍ਰਾਧ ਤੋਲਿਆ ਹੋਇਆ !!! ਦੱਬ ਜਾਨੇ ਤੁਹਾਡੀ ਬੁਧ ਤੇ ਕੀ ਪੜਦਾ ਪੈ ਗਿਆ ਕਿ ਕਿਸੇ ਨੇ ਭੀ ਏਸ ਗੱਲ ਦਾ ਨਿਸਤਾਰਾ ਨ ਕੀਤਾ ਅਤੇ ਨਾਹੀਂ ਕੁਛ ਸੋਚਿਆ ਔਰ ਅਜਿਹਾ ਅਨਰਥ ਉਸ ਨਾਲ ਹੋਯਾ ਜੋਹੜਾ ਦੁਸ਼ਮਨ ਤੇ ਭੀ ਨ ਹੋਵੇ ਅਤੇ ਓਹ ਕਲੰਕ ਲਾਇਆ ਜੋ ਕਿਸੇ ਨੂੰ ਭੀ ਨ ਲੱਗੇ । ਓਹੋ ! ਤੁਸਾਂ ਭੀ ਅਪਨੀ ਪੁਤ੍ਰੀ ਦੀ ਇੱਛਤ

Original with:
Language Department Punjab
Digitized by:
Panjab Digital Library

ਦਾ ਖਿਆਲ ਨ ਕੀਤਾ, ਤੇ ਕੁਝ ਤੁਸਾਂ ਭੀ ਸੋਚਨਾਮੀ ॥

ਪ੍ਰਮੇਸ਼ਰ ਜਾਨੇ ਇਨ੍ਹਾਂ ਗੱਲਾਂ ਵਿੱਚ ਕੀ ਸਾਦ ਭਰਿਆ ਹੋਇਆ ਸੀ ਕਿ ਜਿਨ੍ਹਾਂ ਨੂੰ ਸੁਨਦੀ ਸਾਰ ਹੀ ਰਾਨੀ ਧੈਂ ਕਰਕੇ ਭੋਏਂ ਤੇ ਡਿੱਗ ਪਈ ਅਤੇ ਮੂੰਹ ਤੋਂ ਹਵਾਈਆਂ, ਉਡ ਗਈਆਂ ਰੰਗ ਫੂਕ ਹੋਗਿਆ, ਹੱਥ ਪੈਰ ਠੰਡੇ ਹੋਗਏ, ਨਤੇ ਦੰਦਨ ਪੈਗਈ ਅਰ ਸਾਹਭੀ ਰੁਕ ਰ ਕੇ ਆਉਨ ਲੱਗ ਪਯਾ ॥

ਰਾਨੀ ਕੀ ਇਹ ਦਸ਼ਾ ਹੋਨ ਨਾਲ ਮਹਲਾਂ ਵਿਚ ਹਾਹਾਕਾਰ ਮਚ ਗਯਾ ਗਯਾ, ਕੋਈ ਰਾਜੇ ਕੋਲ ਨਸਿਆ ਅਤੇ ਕੋਈ ਹਕੀਮ ਵੱਲ ਦੌੜਿਆ ਗਯਾ ਪਵਨ ਜੀ ਨੇ ਜੋ ਕੁਝ ੨ ਹਕੀਮੀ ਅਰ ਵੈਦਿਕ ਪੋਥੀਆਂ ਆਦਿਕ ਪੜ੍ਹੀਆਂ ਹੋਈਆਂ ਸਨ ਝੱਟ ਉਠਕੇ ਰਾਨੀ ਦੀ ਦਿਸ਼ਾ ਡਿੱਠੀ ਅਤੇ ਹੱਥ ਦੀ ਨਾੜੀ ਵੇਖੀ ਤਾਂ ਗ਼ਸ਼ ਦੀ ਬੀਮਾਰੀ ਜਾਤੀ। ਝੱਟ ਨੈਫਲ, ਜਲਵਤ੍ਰੀ ਹੱਥ ਪੈਰੀਂ ਮਲਾਈ, ਭਾਮੇਸ਼ਰ ਖਵਾਇਆ, ਅਰ ਨਸਵਾਰ ਝੜਾਈ, ਜਿਸ ਨਾਲ ਰਾਨੀ ਨੂੰ ਕੁਝ ਹੋਸ਼ ਆਈ "ਪਰ ਹਾਏ ਅੰਞਨਾਂ" ਕਹਕੇ ਫੇਰ ਚੁੱਪ ਕਰ ਗਈ ।

ਇੱਕ ਪਾਸੇ ਰਾਜਾ ਬੈਠਾ ਹੋਇਆ ਇਸਦੇ ਹਾਲ ਨੂੰ ਵੇਖਕੇ ਅਫਸੋਸ ਕਰ ਰਿਹਾ ਹੈ ਅਤੇ ਦੂਜੇ ਪਾਸੇ ਪ੍ਰਸੰਨ ਕੀਰਤੀ ਅਥਰੂ ਵਗਾਰਿਹਾ ਹੈ ਅਰ ਸਾਰਾ ਟੱਬਰ ਬੇਚੈਨ ਹੋ ਇਹੋ ਕਰ ਰਿਹਾ ਹੈ ਕਿ ਹਾਏ ! "ਪਲ ਵਿੱਚ ਇਸ ਨੂੰ ਕੀ ਹੋਗਿਆ" ॥

ਪਾਠਕ ਗਣ ! ਚਿਰ ਤੀਕਰ ਰਾਨੀ ਦੀ ਇਹੋ ਹਾਲ ਤ ਰਹੀ ਕਦੇ ਤਾਂ ਹੋਸ਼ ਆ ਜਾਂਦੀ ਅਤੇ ਕਦੇ ਫੇਰ ਪਹਿਲੀ ਤਰਾਂ ਹੀ ਹੋ ਜਾਂਦੀ ਅਖੀਰ ਬੜੇ ਚਿਰ ਪਿਛੋਂ ਰਾਨੀ ਹੋਸ਼ ਵਿਚ ਹੋਈ ਤਾਂ ਉਠਕੇ ਬੈਹ ਗਈ ਅਤੇ ਡਾਢੀ ਦਿਲ ਖੋਲਕੇ ਰੋਈ ਚਿੰਤਾ ਦਾ ਗੁਬਾਰ ਜੋਹੜਾ ਜਿਰ ਨੂੰ ਚੜ੍ਹ ਗਿਆ ਸੀ ਹਲਕਾ ਹੋਇਆ ਤਾਂ ਆਖਨ ਲੱਗੀ ॥

ਰਾਨੀ–ਹਾਇ ! ਮੈਂ ਨਿਰਦੋਸ਼ ਅੰਞਨਾਂ ਦੇ ਹਾਲ ਤੇ ਜ਼ਰਾ ਭੀ ਧਿਆਨ ਨ ਦਿੱਤਾ ਨਾਂ ਹੀ ਉਸਦੀ ਬਿਪਤਾ ਨੂੰ ਵੇਖਕੇ ਮੇਰੇ ਪੱਥਰ ਦਿਲ ਵਿੱਚੋਂ ਆਹ ਨਿਕਲੀ, ਨਾਂ ਹੀ ਕੋਈ ਉਸ ਨਾਲ ਗੱਲ ਕੀਤੀ ਅਰ ਨਾ ਹੀ ਓਹਦੀ ਬਿਪਤਾ ਨੂੰ ਵੇਖਕੇ ਮੇਰੀਆਂ ਰੁੰਦੀਆਂ

Original with:
Language Department Punjab
Digitized by:
Panjab Digital Library

ਅੱਖਾਂ ਤੋਂ ਅਥਰੂ ਨਿਕਲੇ। ਹਾਇ ੨! ਕੋਈਭੀ ਮਾਂ ਅਜੇਹੀ ਹਤਯਾਰੀ ਨਹੀਂ ਹੋਵੇਗੀ ਕਿ ਜੇਹੀ ਮੈਂ ਅਭਾਗਨ ਹਾਂ ਜਿਸਨੇ ਭੁੱਖੀ ਤਿਹਾਈ ਜਾਨਕੇ ਭੀ ਪਾਨੀ ਭੀਕਨ ਨਹੀਂ ਪੁਛਿਆ ਹਾਏ! ਮੇਰਾ ਭੁਲਾ ਕਿੱਥੋਂ ਹੋਵੇਗਾ, ਪਰਲੋਕ ਵਿੱਚ ਜਾਕੇ ਕੀ ਉੱਤਰ ਦਵਾਂਗੀ॥

ਇਹ ਕਿਹਾ ਅਰ ਫੇਰ ਰੋਨ ਲੱਗ ਪਈ, ਤਦ ਰਾਜੇ ਨੇ ਆਖਿਆ॥

ਰਾਜਾ—ਪ੍ਰਿਯਾ ਜੀ! ਇਡੇ ਘਬਰਾਨ ਨਾਲ ਤਾਂ ਕੁਝ ਨਹੀਂ ਹੁੰਦਾ, ਜਦ ਵੇਲਾ ਹੱਥੋਂ ਲੰਘ ਗਿਆ ਤਾਂ ਫੁਨ ਚਿੰਤਾ ਕੀਤਿਆਂ ਕੀ ਬਨਦਾ ਹੈ ਮਨੁੱਖ ਦੀ ਚਿੰਤਾ ਤੇ ਲਕੜ ਦਾ ਘੁੰਨ ਇੱਕੋ ਜਿਹਾ ਹੈ ਇਸ ਧਿਆਨ ਨੂੰ ਛੱਡੋ ਅਰ ਈਸ਼ੁਰ ਤ ਭਰੋਸਾ ਰਖੋ, ਓਹੀ ਸਬਦਾ ਰਖਵਾਲਾ ਹੈ ਅਰ ਹੁੰਨ ਅੱਗੋਂ ਦਾ ਫਿਕਰ ਕਰੋ ਕਿ ਹੁਨ ਕੀ ਕਰਨਾ ਚਾਹੀਦਾ ਹੈ॥

ਰਾਨੀ! ਠੰਡਾ ਹਾਉਕਾ ਭਰਕੇ ਫੇਰ ਆਖਨ ਲੱਗੀ॥

ਅੰਜਨਾ ਦੀਨੀ ਤੁਰਾਹ ਕਾਮ ਮੈਂ ਖੋਟਾ ਕੀਨਾ,
ਜ਼ਰਾ ਨਾਂ ਕੀ ਵਿਚਾਰ ਮੁਫ਼ਤ ਮੇਂ ਅਪਜਸ਼ ਲੀਨਾ। ਕਰੇਂ ਮੁਝਕੋ ਧਿਤਕਾਰ ਨਗਰ ਕੇ
ਸਾਰੇ ਵਾਸੀ, ਕਜਾ ਰੰਕ ਕਜਾ ਰਾਏ ਕਰੇਂ ਸਬ
ਮੇਰੀ ਹਾਂਸੀ॥ ਸੁਨੀ ਵਿਦਯਾਧਰ ਕੀ ਬਾਤ
ਨ ਮਾਨੀ ਤੇਰਾ ਕਹਿਨਾ, ਹਾਏ ਮੇਰੀ ਰਾਜ
ਦੁਲਾਰ ਪੜਾ ਦੁਖ ਤੁਝਕੋ ਸਹਨਾ। ਮੇਰੀ
ਹਿਰਦਾ ਭਯਾ ਕਠੋਰ ਸੋਚ ਨ ਮੈਂਨੇ ਕੀਨੀ,
ਨ ਜਾਨੂੰ ਕਾਰਣ ਕਿਆ ਹੋਈ ਮਤ ਮੇਰੀ ਹੀਨ॥

Original with:
Language Department Punjab
Digitized by:
Panjab Digital Library

ਅਬ ਕਯਾ ਕਰੂੰ ਉਪਾ ਬਾਤ ਮੈਂ ਆਪ ਬਿਗਾੜੀ, ਕਠਿਨ ਅਵਸਥਾ ਗਰਭ ਗਈ ਬਨ ਵਿਖੇ ਪਿਆਰੀ । ਨ ਸੁਨੇ ਅੰਜਨਾਂ ਬੈਨ ਨਾ ਕੁਛ ਨਿਸਚਯ ਕੀਨਾ, ਬਿਨ ਦੇਖੇ ਅਪਰਾਧ ਬੇਟੀ ਕੋ ਮੈਂ ਤਰਾਹ ਦੀਨਾ ॥ ਹਾਏ ਜਾਏ ਪੇਟ ਮੇਰਾ ਫੂਟ ਜਬ ਸੁਧ ਤੇਰੀ ਆਵੇ, ਹਾ ! ਦਰ ਮੇਰੇ ਪਰ ਰੋ ਅੰਜਨਾਂ ਪਿਆਸੀ ਜਾਵੇ । ਹਾਏ ਪਾਲੀ ਦੁਖ ਉਠਾ ਬਹੁਤ ਮੈਂ ਲਾਡ ਲਡਾਏ, ਹੋਤੀ ਥੀ ਬੇਚੈਨ ਜ਼ਰਾ ਦੁਖੀ ਉਸਕੋ ਪਾਏ ॥ ਗਈ ਜੰਗਲ ਸੁਧਾਰ ਆਹ ਓਹ ਮੇਰੀ ਪਿਆਰੀ, ਮੈਂ ਭਈ ਅਤਿ ਕਠੋਰ ਬੇਟੀ ਧਨ ਸਖੀ ਤੁਮਹਾਰੀ । ਹੂੰ ਐਸੀ ਨਿਰਲੱਜ ਪ੍ਰਾਣ ਨ ਮੇਰੇ ਛੂਟੈਂ, ਦੇਖ ਬੇਟੀ ਕੀ ਬਿਪਤ ਨੈਨ ਨਾ ਮੇਰੇ ਫੁਟਂ ॥ ਧ੍ਰਿਗ ਜੀਵਨ ਸੰਸਾਰ ਬਾਤ ਯਿਹ ਮੈਨੇ ਜਾਨੀ, ਹੁਏ ਦਾਸ ਬੇਚੈਨ ਗਿਰੀ ਧਰਤੀ ਪਰ ਰਾਨੀ ।

ਪੰਧਰਵਾਂ ਅਧਜ਼ਾਯ ॥

॥ ਹਾਏ ! ਓਹ ਕਿੱਥੇ ਗਈ ॥

ਪਾਠਕ ਗਣ ! ਰਾਨੀ ਦੀਆਂ ਗੱਲਾਂ ਸੁਨ ਅਰ ਓਸਦੀ ਇਹ

Original with:
Language Department Punjab
Digitized by:
Panjab Digital Library

ਦਿਸ਼ਾ ਵੇਖਕੇ ਪਵਨ ਜੀ ਦੀਆਂ ਅੱਖਾਂ ਅੱਗੇ ਓਹੋ ਮੂਰਤ ਸੁਫਨੇ ਵਾਲੀ ਫਿਰ ਗਈ ਜੇਹੜੀ ਓਸਨੇ ਉਸ ਦਿਨ ਲੰਕਾ ਵਿਚ ਡਿੱਠੀ ਸੀ ਅਤੇ ਡਾਢਾ ਚਿੰਤਾਤੁਰ ਹੋਇਆ ਸੀ, ਓਸੇ ਵੇਲੇ ਘਬਰਾਕ ਉਠ ਖਲੋਤਾ ਅਤੇ ਆਪਨੇ ਮੰਤ੍ਰੀ ਨੂੰ ਨਾਲ ਲੈਕੇ ਮਹੇਂਦ੍ਰਪੁਰੋਂ ਨਿਕਲ ਕੇ ਚੋਟ ਦੇ ਹੇਠੋਂ ਦੀ ਓਸੇ ਰਾਹ ਤੁਰ ਪਏ ਹਨ ਜੇਹੜਾ ਪਸ਼ੁਮੁਖਾ ਬਨ ਨੂੰ ਜਾਂਦਾ ਹੈ, ਚਾਹੇ ਮਨ ਵਿੱਚ ਕਈ ਪ੍ਰਕਾਰ ਦੇ ਖਿਆਲ ਉੱਠ ੨ ਕੇ ਓਸਦੀ ਨਿਰਾਸਤਾ ਨੂੰ ਵਧਾ ਰਹੇ ਹਨ, ਪਰ ਜਦ ਅੰਜਨਾਂ ਦੀ ਭੋਲੀ ਭਾਲੀ ਸੂਰਤ ਅੱਖਾਂ ਅੱਗੇ ਆ ਜਾਂਦੀ ਹੈ ਤਾਂ ਡਾਢਾ ਘਬਰਾ ਕੇ ਦਿਲ ਵਿੱਚ ਕਹਿਨ ਲਗ ਜਾਂਦਾ ਹੈ। "ਅੰਜਨਾਂ ਤੇਰੀਆਂ ਸਾਰੀਆਂ ਬਿਪਤਾਂ ਦਾ ਕਾਰਣ ਮੈਂ ਹੀ ਖੋਟੇ ਭਾਗਾਂ ਵਾਲਾ ਹੋਇਆ ਹਾਂ, ਪਹਿਲੋਂ ਤਾਂ ੧੨ ਵਰਹੇ ਉਸ ਤਨੂੰ ਗੁਜਾਰੇ ਅਤੇ ਹੁਨ ਤੇਰੀ ਗੱਲ ਨੂੰ ਨ ਮਨਕੇ ਮੁੰਦ੍ਰੀ ਦਕੇ ਤੈਨੂੰ ਟਾਲਕੇ ਚਲਿਆ ਗਿਆ ਤਾਂ ਇਹ ਹਾਲ ਹੋਇਆ (ਆਪੇ ਹੀ) ਹਾਏ ! ਮਾਂ ਨੇ ਭੀ ਤਾਂ ਡਾਢਾ ਹਨੇਰ ਮਾਰਿਆ ਜੋ ਮਲੂਮ ਨਹੀਂ ਕਿ ਉਸਦੀ ਬੁਧ ਤੇ ਕੀ ਪੜਦਾ ਪੈ ਗਿਆ ਜੋ ਜ਼ਰਾ ਭੀ ਨ ਸੋਚ ਕੀਤੀ, ਓਹ ! ਅੰਜਨਾਂ ਤੇਰੇ ਦਿਲ ਵਿੱਚ ਓਸ ਵੇਲੇ ਕੀ ਆਉਂਦਾ ਹੋਵੇਗਾ, ਜਦ ਤੈਨੂੰ.....ਕਿਹਾ ਗਿਆ ਹੋਵੇਗਾ। ਹਾਏ ! ਤੇਰੇ ਕੋਮਲ ਹਿਰਦੇ ਨੇ ਏਨ੍ਹਾਂ ਗੱਲਾਂ ਨੂੰ ਕਿਸ ਤਰਾਂ ਸਹਾਰਿਆ ਹੋਵੇਗਾ (ਜ਼ਰਾਕੁ ਚੁੱਪ ਹੋਕੇ) ਹਾਏ ਕਿਸਮਤੇ! ਕਿਸ ੨ ਤੇ ਅਸੋਸ ਕਰਾਂ, ਦੇਖੋ ਜਿਸਦੇ ਦਿਲਦਾ ਟੁਕੜਾ ਸੀ ਓਸ ਭੀ ਤਾਂ ਕੁਝ ਧਿਆਨ ਨਾ ਕੀਤਾ ਅਤੇ ਪਾਨੀ ਭੀਕ ਭੀ ਨ ਪੁਛਿਆ! ਹਾਏ ! ਓਹ ਕੇਹੜੀ ਉਮੈਦ ਤੇ ਏਥੇ ਆਈ ਹੋਵੇਗੀ ਅਤੇ ਕੇਹੀ ਸੜ ਬਲਕੇ ਪਸ਼ੁਮੁਖਾ ਬਨ ਨੂੰ (ਆਪੇ ਹੀ) ਹੈਂ ! ਪਸ਼ੁਮੁਖਾ ਬਨ !! ਓਥੇ ਤਾਂ ਅਗਿਣਤ ਘਾਤਕ ਪਸ਼ੂ ਫਿਰਦੇ ਹੋਨਗੇ ਓਹ ਕੀ ਕਰਦੀ ਹੋਵੇਗੀ ਓਥੇ ਤਾਂ ਕੋਈ ਸਿਰ ਲੁਕਾਨ ਨੂੰ ਭੀ ਥਾਂ ਨਹੀਂ !

ਓਹੋ ! ਇਸ ਖਿਆਲ ਦੇ ਆਉਂਦਿਆਂਈ ਪਵਨ ਡਾਢਾ ਬੇਸੁਧ ਹੋ ਘੋੜੇ ਨੂੰ ਰੋਕ ਕੁਝ ਸੋਚਨ ਲੱਗ ਗਿਆ ਤਾਂ ਮੰਤ੍ਰੀ ਨੇ ਆਖਿਆ ॥

ਮੰਤ੍ਰੀ-ਇਸ ਵਿੱਚ ਰੱਤੀ ਭੀ ਸ਼ੰਕਾ ਨਹੀਂ ਕਿ ਤੁਹਾਡੇ ਮਨ

Original with:
Language Department Punjab
Digitized by:
Panjab Digital Library

ਨੂੰ ਡਾਢੀ ਚੋਟ ਲੱਗੀ ਹੈ ਪਰ ਹੁਨ ਬੀਤੀਆਂ ਹੋਈਆਂ ਗੱਲਾਂ ਨੂੰ ਯਾਦ ਕਰਕੇ ਬਿਨਾਂ ਦੁਖ ਤੇ ਚਿੰਤਾ ਤੋਂ ਕੀ ਹੱਥ ਆਵੇਗਾ, ਮਹਾਰਾਜ ਕਰਮਰੇਖ ਬੜੀ ਬਲਵਾਨ ਹੈ ਓਸ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ ਓਸ ਵਿਚਾਰੀ ਦੇ ਭਾਗਾਂ ਵਿੱਚ ਇਸੇ ਹੀ ਪ੍ਰਕਾਰ ਲਿਖਿਆ ਸੀ ਇਸ ਵਿੱਚ ਕਿਸੇ ਦਾ ਦੋਸ਼ ਨਹੀਂ ਤੁਸੀ ਤਾਂ ਆਪ ਸਿਆਨੇ ਹੋ ਅਤੇ ਏਸ ਗੱਲ ਨੂੰ ਚੰਗੀ ਤਰ੍ਹਾਂ ਜਾਨਦੇ ਹੋ ਮੇਰੇ ਕਹਨ ਦੀ ਕੁਝ ਲੋੜ ਨਹਾਂ ॥

ਪਵਨ– ਮੰਤ੍ਰੀ ! ਮੈਂ ਸਭ ਕੁਝ ਜਾਨਣਾ ਹਾਂ ਅਰ ਚੰਗੀ ਤਰ੍ਹਾਂ ਸਮਝਨਾ ਹਾਂ ਤੇ ਅਪਨੇ ਨਾਂ ਨੂੰ ਭੁਲਨ ਵਾਲੇ ਮਨ ਨੂੰ ਥਤੇਰਾ ਮੰਭਾ-ਲਨਾ ਹਾਂ ਪਰ ਜਦ ਓਸਦੀ ਓਹ ਸ਼ਕਲ ਜੋਹੜੀ ਸੁਫਨੇ ਵਿੱਚ ਡਿੱਠੀ ਸੀ ਅਤੇ ਪਸ਼ੁਮੁਖਾ ਬਨ ਨੂੰ ਜਾਨਾ ਯਾਦ ਆਉਂਦਾ ਹੈ ਤਾਂ ਸਿਰ ਅਸਮਾਨ ਵਾਂਗੂ ਚੱਕਰ ਖਾ ਜਾਂਦਾ ਹੈ ਤਾਂ ਬੇਵਸ ਹੋ ਜਾਨਾਂ ਹਾਂ, ਮੱਚ ਕਹਿਨਾ ਹਾਂ ਕਿ ਮੈਂ ਹੁਨ ਓਹ ਪਵਨ ਨਹੀਂ ਰਿਹਾ ਸਦਾ ਚਿੰਤਾ ਫਿਕਰ ਵਿੱਚ ਡੁਬਾ ਰਹਿਨਾ ਹਾਂ ਨ ਖਾਨ ਸੁਝਦਾ ਹੈ ਨ ਪੀਨਨ ਰਾਤ ਨੂੰ ਨੀਂਦਰ ਹੀ ਪੈਂਦੀ ਹੈ ਬਿਨਾਂ ਪਾਨੀ ਦੇ ਮਛਲੀ ਵਾਂਗੂ ਤੜਫਨਾ ਹਾਂ ਜ ਕੁਝ ਵਿਚਾਰ ਆਉਂਦੀ ਹੈ ਤਾਂ ਇਹੋ ਕਿ ਓਹ ਵਿਚਾਰੀ ਕੇਹੜੀ ਮੁਸੀਬਤ ਵਿੱਚ ਫਸ ਗਈ, ਪਸੁਮੁਖਾ ਜਹੇ ਉਜਾੜ ਬਿਆਬਾਨ ਵਿੱਚ ਕਿਸ ਪ੍ਰਕਾਰ ਰਹਿੰਦੀ ਹੋਵੇਗੀ, ਓਥੇ ਤਾਂ ਇੱਕ ਦਿਨ ਭੀ ਰਹਿਨਾ ਬੜਾ ਮੁਸ਼ਕਲ ਹੈ ਓਹਨੂੰ ਤਾਂ ਵਨ੍ਹੇ ਦਿਨ ਦੇ ਨੇੜੇ ਤੇੜੇ ਹੋ ਗਿਆ ਹੈ ਹੁਨ ਓਸ ਨੂੰ ਇੱਥੇ ਵੇਖਾਂਗਾ, (ਆਪੇਣੀ) ਚੰਗਾ ਜੇ ਮਿਲ ਗਈ ਤਾਂ ਵਾਹ ਵਾਹ ਨਹੀਂ ਤਾਂ ਮੈਂ ਭੀ ਕਦਾਚਿਤ ਜਿਉਂਦਾ ਨਹੀਂ ਮੁੜਾਂਗਾ । ਓਥੇ ਹੀ ਭਟਕਦਾ ੨ ਮਰ ਜਾਂਗਾ ।

ਮੰਤ੍ਰੀ–ਮਹਾਰਾਜ! ਏਡੇ ਕਿਉਂ ਘਬਰਾਉਂਦੇ ਹੋ ? ਸੰਤੋਖ ਤੇ ਧੀਰਜ ਨਾਲ ਕੰਮ ਲੋ ਜੇ ਓਸਦੀ ਵਧੀ ਹੋਈ ਹੈ ਤਾਂ ਕੋਈ ਓਸਦਾ ਵਾਲ ਵਿੰਗਾ ਨਹੀਂ ਕਰ ਸਕਦਾ ਪਰ ਅੱਖ ਓਸਨੂੰ ਝੁਰ ਹੈ ਏਸੇ ਤਰ੍ਹਾਂ ਦੀਆਂ ਗੱਲਾਂ ਕਰਕੇ ਕਰਦੇ ਪਸੁਮੁਖਾ ਬਨ ਵਿੱਚ ਪਹੁੰਚ ਗਏ । ਜਿਸ ਨੂੰ ਵੇਖਦੀ ਸਾਰ ਹੀ ਸ਼ਰੀਰ ਕੰਮ ਗਿਆ, ਕਈ ਪ੍ਰਕਾਰ ਦੇ ਖਿਆਲ ਉਠ ਉਠ ਕੇ ਬਿਛੂਆਂ ਦੀ ਤਰਾਂ ਡੰਗ ਮਾਰਨ ਲੱਗੇ ਏਨੇ

Original with:
Language Department Punjab
Digitized by:
Panjab Digital Library

ਚਿਤ ਵਿੱਚ ਸੂਰਜ ਭਗਵਾਨ ਭੀ ਪੱਛਮ ਦਿਸ਼ਾ ਵਿੱਚ ਜਾਲੁਕਿਆ ਅਰਥਾਤ ਅਸਤ ਹੋਗਿਆ, ਅਤੇ ਰਾਤਦਾ ਹਨੇਰਾ ਹੋਰ ਭੀ ਸਤਾਉਨ ਲੱਗ ਭਾਂ ਰੁੱਖਾਂ ਦੇ ਹਿਠਾਂ ਘੋੜਿਆਂ ਨੂੰ ਓਹਨਾਂ ਦੀਆਂ ਲਗਾਮਾਂ ਨਾਲ ਹੀ ਬੰਨ੍ਹ ਦਿੱਤਾ ਅਤ ਆਪ ਮਖ਼ਮਲ ਰੂਪੀ ਨਰਮ ਨਰਮ ਸਾਵੇ ਘਾਹ ਤੇ ਅਪਨੀਆਂ ਅਪਨੀਆਂ ਕਾਠੀਆਂ ਦੇ ਸਰਹਾਨੇ ਬਨਾਕੇ ਲੇਟ ਗਏ ਨੀਂਦ ਤਾਂ ਸੈਂਕੜੇ ਕੋਹ ਦੂਰ ਰਹੀ ਪਰ ਪਾਸੇ ਮਾਰਦਿਆਂ ਮਾਰਦਿਆਂ ਅਤੇ ਚਿੰਭਾੜੂਰ ਹੋਦਿਆਂ ਅਤੇ ਠੰਡੇ ਸਾਹ ਲੈਂਦਿਆਂ ਲੈਂਦਿਆਂ ਰਾਤ ਬਿਤੀ ਤ ਕੀਤੀ ਅਤ ਸਵੇਰਸਾਰ ਹੁੰਦਿਆਂ ਹੀ ਪਵਨ ਦਿਖਾਪਾਨੀ ਹੋਨ ਲਈ ਮੰਤ੍ਰੋ ਨੂੰ ਆਖਕੇ ਟੁਰ ਪਿਆ ॥

ਪਵਨ ਅਜੇ ਅਪਨੇ ਬੁੱਝ ਹੋਏ ਦਿਲ ਨਾਲ ਮਿਰਸੱਟੈ ਜਾ ਹੀ ਰਿਹਾਸੀ ਕਿ ਅਚਾਨਕ ਕੁਝ ਜੀ ਵਿੱਚ ਅਜੇਹਾ ਖਿਆਲ ਆਯਾ ਭਾਂ ਓਥ ਹੀ ਖੜਕੇ ਸੋਚਨ ਲੱਗ ਗਿਆ ਅਰ ਹੁਨ ਦੇਖੋ ਭਾਡਾ ਹਰਾਨ ਹੋਕੇ ਇਧਰ ਓਧਰ ਦੇਖ ਰਿਹਾ ਹੈ ॥

ਪਠਕ ਗਣ ! ਹੋਰ ਕੁਝ ਨਹੀਂ ਓਹੋ ਸੁਪਨਾ ਚੇਤੇ ਆਗਿਆ ਹੈ ਅਤੇ ਅੰਜਨਾ ਦੇ ਰੋਨ ਕੁਰਲਾਉਨ ਦੀ ਅਵਾਜ਼ ਕੰਨਾਂ ਵਿੱਚ ਗੂੰਜ ਉੱਠੀ ਹੈ ਅਤੇ ਸਾਰੀ ਬਿਪਤਾ ਦੀ ਕਹਾਨੀ ਯਾਦ ਆਗਈਹੈ, ਜਿਸਤੋਂ ਇਹ ਭਾਂਢਾ ਘਬਰਾ ਗਿਆ ਹੈ ਸੋ ਕਦੇ ਤਾਂ ਰੋ ਪੈਂਦਾ ਹੈ ਅਤ ਕਦੇ ਚੁਪ ਚੁਪੀਤਾ ਏਧਰ ਓਧਰ ਭਕਦਾ ੨ ਪਾਗਲਾਂ ਵਾਙੂ ਤੁਰ ਪੈਂਦਾ ਹੈ ਜਦ ਪੰਜ ਸਤ ਕੋਹ ਇਸ ਤਰਾਂ ਨਿਕਲ ਗਿਆ, ਤਾਂ ਅੱਗੇ ਇਕ ਨਦੀ ਆਗਈ ਜਿਸਨੂੰ ਵੇਖਕੇ ਓਥੇ ਹੀ ਖਲੋ ਕੇ ਪਿਛਾਂ ਨੂੰ ਦੇਖਿਆ, ਅਤੇ ਕਹਨ ਲੱਗਾ ਓਹੋ ! ਬੜੀ ਦੂਰ ਆਗਿਆ ਹਾਂ ਏਹ ਕਹਕੇ ਦਿਸ਼ਾਪਾਨੀ ਹੋਕੇ ਤੇ ਨਹਾ ਧੋਕੇ ਸੰਧਿਆ ਕੀਤੀ, ਅਰ ਓਥੋਂ ਵੇਹਲਾ ਹੋਕੇ ਪਿਛਾਂ ਮੁੜਿਆ ਤਾਂ ਰਾਹ ਭੁਲ ਗਿਆ, ਕਉਂ ਜੋ ਆਉਂਦੀ ਵਾਰੀ ਅਜੇਹੇ ਧਿਆਨ ਅਰ ਗਹਿਰੀ ਸੋਚ ਵਿੱਚ ਡੁਬਿਆ ਹੋਇਆ ਸੀ ਕਿ ਰਾਹ ਦੀ ਜ਼ਰਾ ਭੀ ਪਛਾਨ ਨ ਰਹੀ ਸੰਦ ਸਾਰਾ ਦਿਨ ਏਸੇ ਤਰ੍ਹਾਂ ਗੁਜ਼ਰ ਗਿਆ ਅਰ ਘੋੜਿਆਂ ਅਤੇ ਮੰਤ੍ਰੋ ਦਾ ਕੁਝ ਪਤਾ ਨ ਲੱਗਾ ਅਤੇ ਫਿਰਦਿਆਂ ੨ ਸੰਧਿਆ ਪੈ ਗਈ ਤੇ ਲੱਤਾਂ ਥੱਕ ਗਈਆਂ ਤੇ ਟੁਰਨੋਂ ਰਹ ਗਈਆਂ ਅੱਖਾਂ ਭੀ ਵੇਂਹਦਿਆਂ ੨ ਥੱਕ ਗਈਆਂ, ਦਿਲ ਘਬਰਾ ਗਿਆ, ਭਾਂ

Original with:
Language Department Punjab
Digitized by:
Panjab Digital Library

ਹਾਰਕੇ ਇਕ ਰੁੱਖ ਹਿਠਾਂ ਬੈਹ ਗਿਆ ।

ਹਾਏ ! ਓਸ ਵੇਲੇ ਜੋ ਕੁਝ ਪਵਨ ਦੇ ਮਨ ਵਿੱਚ ਬੀਤ ਰਹੀ ਹੈ ਓਹ ਓਹੋਹੀ ਜਾਨਦਾ ਹੈ ਜਾਂ ਕੁਝ ਥੋੜਾ ਬਹੁਤ ਉਸਦਾ ਅਸਰ ਗ੍ਰੰਥਕਾਰ ਦੇ ਮਨ ਪੁਰ ਪੈ ਰਿਹਾ ਹੈ ਜੇਹੜਾ ਇਸ ਦੀ ਹਾਲਤ ਨੂੰ ਸਮਝ ਕੇ ਏਹ ਹਾਲ ਲਿਖ ਰਿਹਾ ਹੈ ॥

ਪਠਕ ਗਣ ! ਜ਼ਰਾ ਧਿਆਨ ਦੇਕ ਸੋਚੋ ਤਾਂ ਸਹੀ ਕਿ ਇਕ ਅਮੀਰ ਦਾ ਪੁਤ੍ਰ ਜਿਸ ਨੇ ਸਾਰੀ ਉਮਰ ਲਾਡ ਪਿਆਰ ਅਰ ਸੁਖ ਨਾਲ ਬਿਤੀਤ ਕੀਤੀ ਹੋਵੇ ਅਰ ਸਾਰੀ ਆਯੂ ਮੌਜ ਬਹਾਰ ਨਾਲ ਕੱਟੀ ਹੋਵੇ ਤਾਂ ਓਹ ਇਸ ਵਲੇ ਜਦੋਂ ਕਿ ਅਪਨੀ ਪਿਆਰੀ ਨਿਰਦੋਸ਼ ਇਸਤ੍ਰੀ ਦੀ ਢੂੰਡ ਭਾਲ ਲਈ ਇਕ ਹਿਤਕਾਰੀ ਨੂੰ ਨਾਲ ਲੈਕੇ ਘਰੋਂ ਨਿਕਲੇ ਅਤੇ ਅਜੇਹੀ ਉਜਾੜ ਵੈਰਾਨ ਜੰਗਲ ਵਿੱਚ ਜਿਥੇ ਹਜ਼ਾਰਾਂ ਲਹੂਹਾਰੀ ਪਸ਼ੂ ਤੇ ਮੈਂਕੜੇ ਸ਼ਹਰ ਵਾਲੇ ਜੀਵ ਜੰਤੂ ਹੋਨ ਅਤੇ ਕੋਈ ਸਹਾਰਾ ਨ ਦਿਸੇ ਤਾਂ ਇਸ ਦਸ਼ਾ ਵਿੱਚ ਉਸਦੇ ਪਰਮ-ਮਿਤ੍ਰੀ ਦਾ ਨ ਮਿਲਨਾ ਜੰਗਲੀ ਜਾਨਵਰਾਂ ਦੀਆਂ ਭਯਾਨਕ ਅਵਾਜ਼ਾਂ ਦਾ ਆਉਨਾ ਤੇ ਆਪ ਇਕਲਿਆਂ ਰਹ ਜਾਨਦੀ ਚਿੰਤਾ ਕੋਈ ਥੋੜੀ ਜੇਹੀ ਗਲ ਨਹੀਂ, ਇਕ ਪਾਸਿਓਂ ਤਾਂ ਇਸਤ੍ਰੀ ਦਾ ਦੁਖ ਦੂਜਾ ਮੰਤ੍ਰੀ ਦਾ ਵਿਛੜ ਜਾਨਾਂ ਸਤਾ ਰਿਹਾ ਹੈ ਅਤੇ ਤੀਜੇ ਪਾਸਿਓਂ ਲਹੂ ਖਾਨ ਵਾਲੇ ਜੰਗਲੀ ਪਸ਼ੂਆਂ ਦੀਆਂ ਡਰਾਉਨੀਆਂ ਅਵਾਜ਼ ਕੰਨਾਂ ਵਿੱਚ ਸੁਨਾਈ ਦੇਕੇ ਦਿਲਾਂ ਨੂੰ ਹਿਲਾ ਹੜਾਨ ਪਰੇਸ਼ਾਨ ਕਰ ਰਹਿਆਂ ਹਨ ਅਤੇ ਚੌਥਾ ਸੂਰਜ ਅਸਤ ਹੋਕੇ ਰਾਤ ਦਾ ਔਨਾ ਦਾ ਦਸਕੇ ਹੋਰ ਭੀ ਡਰਾ ਰਿਹਾ ਹੈ ਪਰ ਇਨ੍ਹਾਂ ਸਭਨਾਂ ਦੀ ਕੁਝ ਭੀ ਪਰਵਾਹ ਨ ਕਰਦਾ ਹੋਇਆ ਸਾਚ੍ਚਾ ਬਹਾਦਰ ਓਸੇ ਰੁਖ ਹੇਠਾਂ ਭਾਗਾਂ ਦਾ ਗਿਲਾ ਕਰਦਾ ਹੋਇਆ ਕਹ ਰਿਹਾ ਹੈ ।

ਹੇ ! ਨਿਰਦਈ ਵਿਧਾਤਾ !! ਭੈਨੂੰ ਜ਼ਰਾ ਭੀ ਦੁਖੀਆਂ ਤੇ ਤਰਸ ਨਹੀਂ ਆਉਂਦਾ ਜ਼ਰਾ ਸੋਚ ਤਾਂ ਸਹੀ ! ਕਿ ਘਰ ਬਾਹਰ ਨੂੰ ਛੱਡ ਮਾਂ ਪਿਓ ਤੇਂ ਵਿੱਚੜ ਇਕ ਮੰਤ੍ਰੀ ਨੂੰ ਨਾਲ ਲੈਕੇ ਉਸ ਪ੍ਰਾਣਪਿਆਰੀ ਦੀ ਤਲਾਸ਼ ਲਈ ਏਸ ਉਜਾੜ ਬਿਆਬਾਨ ਵਿੱਚ ਆਇਆ ਸਾਂ ਹਾਯ !

Original with:
Language Department Punjab
Digitized by:
Panjab Digital Library

ਓਸਨੂੰ ਨਾਲ ਏਸ ਲਈ ਲਿਆਇਆ ਸਾਂ ਕਿ ਦੋ ਘੜੀਆਂ ਗੱਲਾਂ ਬਾਤਾਂ ਕਰਕੇ ਚਿੰਤਾ ਨੂੰ ਭੁਲਾਕੇ ਅਪਨੇ ਮਨ ਨੂੰ ਪਰਚਾ ਲਿਆ ਕਰਾਂਗਾਂ ਪਰ ਸ਼ੋਕ ਕਿ ਤੈਨੂੰ ਏਹ ਭੀ ਨਾ ਸੁਖ ਦਿਆ ਅਰ ਪਹਿਲੀ ਮੰਜਲ ਵਿੱਚ ਹੀ ਓਸਨੂੰ ਵਿਛੋੜ ਦਿੱਤਾ, ਅਈ ਜ਼ਾਲਮਾਂ ! ਏਡਾ ਕਿਉਂ ਸਤਾ ਰਿਹਾ ਹੈਂ ? ਤੇਰੇ ਜ਼ੁਲਮ ਦੀ ਕੋਈ ਹੱਦ ਭੀ ਹੈ ਕਿ ਨਹੀਂ, ਮੈਂ ਐਡਾ ਕੀ ਕਸੂਰ ਕੀਤਾ ਹੈ ਜੋ ਤੂੰ ਹੱਥ ਧੋਕੇ ਮੇਰੇ ਮਗਰ ਪੈ ਗਿਆ ਹੇਂ, ਜੇ ਤੈਨੂੰ ਇਹੋ ਗੱਲ ਭਾਉਂਦੀ ਹੈ ਤਾਂ ਮੈਂ ਹੱਥ ਜੋੜਕੇ ਅਰਜ ਕਰਨਾ ਹਾਂ ਕਿ ਮੇਰੇ ਪ੍ਰਾਣ ਕੱਢਲੈ ਜਿਸ ਕਰਕੇ ਮੈਂ ਇਹਨਾ ਦੋਜ਼ਖ ਦੇ ਦੁਖਾਂ ਤੋਂ ਤਾਂ ਛੁੱਟ ਜਾ ਵਾਂ (ਫੇਰ ਕੁਝ ਆਪੇਈ ਸੋਚਕੇ) ਨਾਂ ! ਨਾਂ ! ਏਸ ਤਰਾਂ ਨਾਂ ਕਰੀਂ ਈਸ਼ੁਰ ਦੇ ਵਾਸਤੇ ਏਸ ਤਰਾਂ ਨਾਂ ਕਰਨਾਂ ਮੈਂ ਅਜੇ ਅਪਣੀ ਪ੍ਰਾਣਪਿਆਰੀ ਨੂੰ ਮਿਲਕੇ ਅਪਨੀ ਭੁਲ ਬਖਸ਼ਾ! ਉਨੀ ਹੈ। ਹਾਏ ! ਏਸ ਉਜਾੜ ਬਿਆਬਾਨ ਵਿੱਚ ਓਹ ਕਿਸ ਤਰਾਂ ਰਹਿੰਦੀ ਹੋਵੇਗੀ ॥

ਏਹ ਕਿਹਾ ਅਰ ਬੇਹੋਸ਼ ਹੋਕੇ ਓਥੇਹੀ ਲੋਟ ਗਿਆ, ਕੁਝ ਕਾਲ ਪਿੱਛੋਂ ਹੋਸ਼ ਆਈ ਤਾਂ ਕੀ ਵੇਖਦਾ ਹੈ ਕਿ ਘੁਪਘੋਰ ਹਨੇਰਾ ਅਤੇ ਸੁਨਸਾਨ ਹੋਇਆ ਵ ਹੈ ਨਾਂ ਤਾਂ ਕੋਈ ਪੰਛੀ ਹੀ ਪਰ ਫਟਕਾਰਦਾ ਹੈ ਅਤੇ ਨਾਂ ਕਿਸੇ ਜੀਵਜੰਤੂ ਦੀ ਹੀ ਆਵਾਜ਼ ਆਉਂਦੀ ਹੈ ਹਾਂ ਕਦੇ ਕਦੇ ਗਿਦੜਾਂ ਦੀ ਹੁਏਂ ਹੁਏਂ ਦੀ ਅਵਾਜ਼ ਆਉਂਦੀ ਹੈ ਜਾਂ ਹਵਾ ਸ਼ਾਂਸ਼ਾਂ ਕਰ ਰਹੀ ਹੈ ਪਰ ਰਾਤ ਦਾ ਹਨੇਰਾ ਅਜੇਹਾ ਹੈ ਕਿ ਹੱਥ ਨੂੰ ਹਥ ਪਸਾਰਿਆਂ ਨਹੀਂ ਦਿਸਦਾ ਓਹੋ ! ਅਪਨੇ ਆਪ ਉੱਗੇ ਹੋਏ ਪੌਦੇ ਜਿਨ੍ਹਾਂ ਨੂੰ ਦਿਨ ਵੇਲੇ ਵੇਖਕੇ ਉਸ ਪ੍ਰਮਾਤਮਾ ਪਰਮ ਦਯਾਲੂ ਦੀ ਕੁਦਰਤ ਨਜ਼ਰ ਆਉਂਦੀ ਸੀ ਅਤੇ ਛਾਂਵੇ ਮੁਹਾਉਨੇ ਦਿਸਦੇ ਸਨ ਪਰ ਹੁਨ ਤਾਂ ਓਹ ਭੀ ਡਾਢੇ ਭਯਾਨਕ ਰੂਪ ਦਿਸਦੇ ਹਨ । ਅਤੇ ਪਵਨ ਦੀ ਡਾਢੀ ਅਜੀਬ ਦਸ਼ਾ ਹੋਰਹੀ ਹੈ ਜੇ ਤਾਂ ਮੁੰਹ ਸਿਰ ਲਪੇਟ ਲੈਂਦਾ ਹੈ ਤਾਂ ਅੱਖਾਂ ਅੱਗੇ ਅੰਜਨਾਂ ਦੀ ਓਹੋ ਸ਼ਕਲ ਆਜਾਂਦੀ ਹੈ ਜਿਸਦੇ ਸਾਹਮਨੇ ਆਉਂਦਿਆਂਈ ਕੋਈ ਪ੍ਰਕਾਰ ਦੇ ਭੈੜੇ ਭੈੜੇ ਖਿਆਲ ਉਤਪਨ ਹੋਕੇ ਕੋਮਲ ਦਿਲ ਨੂੰ ਚੁੰਭੀਆਂ ਭਰਦੇ ਹਨ ਜੇ ਪੌਣ ਚੰਗਾ ਕਰਦਾ ਹੈ ਤਾਂ ਭਯਾਨਕ ਰਾਤ ਡਰਾਉਂਦੀ ਹੈ ਅਰ ਡਾਢਾ

Original with:
Language Department Punjab
Digitized by
Panjab Digital Library

ਘਬ੍ਰਾ ਕੇ ਉੱਠ ਬੈਂਹਦਾ ਹੈ ਅਤ ਜੋਕਰ ਕੁਝ ਧੀਰਜ ਆਉਂਦੀ ਹੈ ਤਾਂ ਆਸਮਾਨ ਤੇ ਤਾਰਿਆਂ ਨੂੰ ਵੇਖਨ ਕਰਕੇ, ਪਰ ਸ਼ੋਕ ਜੋ ਉਸਦੇ ਛੁੜੇ ਭੈੜੇ ਅਤ ਛੁਟਕਦੇ ਹੋਏ ਖਿਆਲ ਏੱਨਾਂਭੀ ਨਹੀਂ ਹੋਨ ਦੇਂਦੇ ਕਿਉਂ ਜੋ ਆਸਮਾਨ ਵਲ ਵੇਖਦਿਆਂ ਹੀ ਓਹਨੂੰ ਅਪਨੇ ਕਰਮਾਂ ਦੀ ਵਿਚਤ੍ਰ ਗਤਿ ਵਲ ਧਿਆਨ ਆਜਾਂਦਾ ਹੈ ਤਾਂ ਬਹੁਤਹੀ ਬੇਚੈਨ ਹੋਜਾਂਦਾ ਹੈ ਭਾਵ ਏਹਹੈ ਕਿ ਛਿ ਛੇ ਫਿਕਰ ਵਿਚ ਏਸੇ ਤਰਾਂ ਹੀ ਰਾਤ ਗੁਜ਼ਾਰੀ ਅਤ ਦਿਨ ਚੜ੍ਹ ਪਿਆ ਤਾਂ ਪਵਨ ਚਿੰਤਾ ਦੇ ਸਮੁੰਦ੍ਰ ਵਿੱਚ ਡੁਬਿਆ ਹੋਇਆ ਫੇਰ ਢੂੰਡਨ ਲੱਗ ਪਿਆ ਪਰ ਕੁਝ ਪਤਾ ਨ ਲੱਗਾ ॥

ਜਦ ਚਾਰ ਦਿਨ ਏਸੇ ਤਰ੍ਹਾਂ ਢੂੰਡਦਿਆਂ ਭਾਲਦਿਆਂ ਬਿਤੀਤ ਹੋ ਗਏ ਅਤੇ ਸਾਰਾ ਜੰਗਲ ਛਾਨ ਮਾਰਿਆ ਪਰ ਉਸਦਾ ਜਰਾ ਭੀ ਪਤਾ ਨਾ ਲੱਗਾ ਤਾਂ ਹਰ ਨ ਪਰੇਸ਼ਾਨ ਹੋਕੇ ਇੱਕ ਰੁੱਖ ਦੇ ਹੇਠਾਂ ਬੈਹ ਗਿਆ ਅਜੇ ਬੈਠਾ ਹੀ ਸੀ ਤਾਂ ਫੇਰ ਕੁਝ ਵਹਿਮ ਜਿਹਾ ਉਠਿਆ ਤਾਂ ਸੱਜੇ ਹੱਥ ਵੱਲ ਜਿਧਰ ਬੜੇ ਸੰਘਨੇ ਦਰਖਤਾਂ ਦਾ ਝੁੰਡ ਜਿਹਾ ਸੀ ਟੁਰ ਪਿਆ ਤੇ ਥੋੜੀ ਦੂਰ ਜਾਕੇ ਇੱਕ *ਖੜਲ ਨਜਰ ਪਈ, ਵਾਹਗੁਰ ਜਾਨੇ ਕੀ ਉਸ ਵਿੱਚ ਵੇਖਿਆ ਕਿ ਝੱਟ ਉਸਦੇ ਵਿੱਚ ਚਲਾ ਗਿਆ ਹੈ ਅਤੇ ਤੁਨ ਕੁਝ ਚੀਜ ਚੁੱਕਕੇ ਉਸ ਵੱਲੋਂ ਬੜੀ ਹਰਾਨੀ ਨਾਲ ਤਕ ਰਿਹਾ ਹੈ।

ਓਹੋ ! ਇਹ ਕੀ ਚੀਜ ਹੈ ਜਿਸ ਨੂੰ ਵੇਖਦਿਆਂ ੨ ਇਸਦੇ ਚੇਹਰੇ ਦਾ ਰੰਗ ਉਡ ਗਿਆ ਹੈ, ਅਤੇ ਡਾਢ ਭਯਾਨਕ ਅਤ ਭੈੜੇ ੨ ਚਿਤਵਨਾਂ ਨੇ ਉਤਪੰਨ ਹੋਕੇ ਇਸਦੇ ਦਿਲ ਨੂੰ ਕਾਬੂ ਕਰ ਲਿਆ ਹੈ ॥

ਪਾਠਕ ਗਣ ! ਇਹ ਓਹੋ ਮੁੰਦਰੀ ਹੈ ਜੋਹੜੀ ਇਸਨੇ ਅੱਜਨਾਂ ਨੂੰ ਅਪਨੀ ਨਿਸ਼ਾਨੀ ਦਿੱਤੀ ਸੀ ਜਿਸਨੂੰ ਇੱਥੇ ਵੇਖਦਿਆਂ ਹੀ ਇਸਦ ਹੋਸ਼ ਹਵਾਸ ਉੱਡ ਗਏ ਹਨ, ਅਰ ਕਈ ਪ੍ਰਕਾਰ ਦੇ

---

*ਖੜਲ ਉਸ ਜਗਾਂਦਾ ਨਾਉਂ ਹੈ ਜਿੱਥੇ ਕਿਧਰੇ ਪੁਰਾਨਾ ਭਰਤੀ ਕੀਤਾ ਹੋਇਆ ਦਹ ਹੋਵੇ ਯਾਂ ਕੋਈ ਟੋਇਆ ਹੋਵੇ ॥

Original with:
Language Department Punjab
Digitized by:
Panjab Digital Library

ਚਿੰਤਾਤੁਰ ਖਿਆਲ ਇਸਦੇ ਮਨੋ ਉਠ ੨ ਕੇ ਇਸ ਨੂੰ ਘਬਰਾ ਰਹੇ ਹਨ, ਪਰ ਕੁਝ ਸਮਝ ਵਿੱਚ ਨਹੀਂ ਆਉਂਦਾ ਕਿ ਇਹ ਮੁੰਦਰੀ ਇਸ ਖੜਲ ਵਿੱਚ ਕਿਸ ਪ੍ਰਕਾਰ ਆਈ, ਅੰਤ ਨੂੰ ਸੋਚਦਿਆਂ ੨ ਜਦ ਕੁਝ ਸਮਝ ਨਾਂ ਪਈ ਅਰ ਦਿਲ ਘਬਰਾਨ ਲੱਗਾ ਤਾਂ ਮੱਥੇ ਤੇ ਹੱਥ ਰਖਕੇ ਓਥੇ ਹੀ ਬੈਹ ਗਿਆ ਤੇ ਥੋੜਾ ਚਿਰ ਪਿਛੋਂ ਹੀ ਜਿਸ ਖਿਆਲ ਨੇ ਇਸਦੇ ਸਿਰ ਨੂੰ ਚੱਕ੍ਰ ਦੇ ਅਰ ਹਰਾਨੀ ਵਿੱਚ ਪਾਕੇ ਗੱਲ ਕਰਨ ਲਈ ਤਿਆਰ ਕੀਤਾ ਓਹ ਇਹ ਖਿਆਲ ਸੀ "ਕਿ ਏਸ ਹੁਨ ਅੰਜਨਾਂ ਦਾ ਮਿਲਨਾ ਕਠਿਨ ਹੈ" ਇਹ ਕਹਕ ਫੇਰ ਚੁੱਪ ਹੋਗਿਆ ਥੋੜੀ ਦੇਰ ਪਿਛੋਂ ਠੰਡਾ ਸਾਹ ਲੈਕੇ ਆਖਨ ਲੱਗਾ ॥

ਹਾਏ ! ਮੇਰਾ ਖਿਆਲ ਸੀ ਕਿ ਓਹ ਏਸ ਬਨ ਵਿੱਚ ਨਹੀਂ ਆਈ ਹੋਨੀ, ਨਹੀਂ ਭਾਂ ਅਵਸ਼ਜਾ ਉਸਦਾ ਕੋਈ ਨ ਕੋਈ ਪਤਾ ਨਿਸ਼ਾਨ ਹੀ ਮਿਲਦਾ, ਪਰੰਤੂ ਹਾਇ ! ਸ਼ੋਕ !! ਓਸਨੂੰ ਭਾਂ ਜਰੂਰ ਕਿਸੇ ਭਯਾਨਕ ਪਸੂ ਨੇ ਮੇਰੇ ਕੋਲੋਂ ਸਦਾ ਲਈ ਹੀ ਵਿਛੋੜ ਦਿੱਤਾ ਹੈ, ਨਹੀਂ ਭਾਂ ਓਹ ਜਿਉਂਦਿਆਂ ਜੀ ਏਸ ਮੁੰਦਰੀ ਨੂੰ ਕਦੇ ਭੀ ਆਪਨੇ ਕੋਲੋਂ ਵਖਰਿਆਂ ਨ ਕਰਦੀ ਪਿਆਰੀ ! ਤੇਰੀ ਮੌਤ ਦਾ ਕਾਰਣ ਮੈਂ ਹੀ ਅਭਾਗੀ ਹਾਂ ॥

ਹਾਹਾ ! ਮੈਂ ਏਥੇ ਏਸ ਵਾਸਤੇ ਆਇਆ ਸਾਂ ਕਿ ਭੈਨੂੰ ਢੂੰਡ ਭਾਲਕੇ ਤੇਰੀ ਚਿੰਤਾ ਦੂਰ ਕਰਾਂਗਾ ਅਰ ਜਿਨ੍ਹਾਂ ਦੇ ਦੂਖਦਾਈ ਤੇਰੀ ਬੇਇੱਜ਼ਤੀ ਹੋਈ ਤੇ ਕਲੰਕ ਲਗਾ ਅਰ ਬਦਨਾਮੀ ਹੋਈ ਸੀ ਓਨ੍ਹਾਂ ਦੇ ਸਾਹਮਨੇ ਤੇਰੇ ਪਤਿਵ੍ਰਤਾ ਧਰਮ ਨੂੰ ਸਾਬਤ ਕਰਾਂਗਾ, ਪਰ ਹਾਯ! ਅਫਸੋਸ ਕੋਈ ਭੀ ਆਸ ਨ ਪੂਰੀ ਹੋਈ, ਅਤੇ ਸਾਰੀਆਂ ਇੱਛਾ ਘਰੇ ਵਿੱਚ ਦਲ ਗਈਆਂ, ਹੁਨ ਮੇਰਾ ਜੀਓਂਨਾ ਭੀ ਵਿਅਰਥ ਹੈ ॥

ਮਾਨਸ ਸੋਚੇ ਔਰ ਕੁਛ ਵਿਧਿ ਸੋਚੇ ਕੁਛ ਔਰ
ਲਾਖੋਂ ਜਤਨ ਮਾਨਸ ਕਰੇ ਹੋਤ ਔਰ ਕੀ ਔਰ ॥

ਇਸ ਪ੍ਰਕਾਰ ਕਹ ਹੀ ਰਿਹਾ ਸੀ ਕਿ ਸਿਰ ਚਕ੍ਰਾ ਗਿਆ ਅੱਖੀਆਂ ਅੱਗੇ ਹਨੇਰਾ ਆਗਿਆ ਤਾਂ ਮੱਥੇ ਤੇ ਹੱਥ ਰਖਕੇ ਓਂਧ

Original with:
Language Department Punjab
Digitized by:
Panjab Digital Library

ਪਾਕੇ ਓਥੇ ਹੀ ਬੈਹ ਗਿਆ। ਜਦ ਕੁਝਕੁ ਸੁਧ ਆਈ ਤਾਂ ਕਹਿਨ ਲੱਗਾ ਕਿ ਹੁਨ ਮੇਰਾ ਭੀ ਜਿਤੁੰਨਾ ਧਰਮ ਨਹੀਂ ਮੈਂ ਭੀ ਇਥੇ ਹੀ ਸੜ ਮਰਾਂ ਤਾਂ ਚੰਗਾ ਹੈ ॥

ਏਹ ਸੋਚਕੇ ਤੇ ਪੱਕਾ ਨਿਸਚਾ ਕਰਕੇ ਉਸ ਖੜਲ ਵਿੱਚ ਹੀ ਲਕੜਾਂ ਕਠਿਆਂ ਕਰਕੇ ਚਿਖਾ ਬਨਾਈ ਅਤੇ ਪੱਥਰੀ ਵਿੱਚੋਂ ਅੱਗ ਕੱਡਕੇ ਓਸਨੂੰ ਲਾਦਿੱਤੀ ਅਰ ਅਕਾਸ਼ ਵੱਲੋਂ ਵੇਖਕੇ ਆਖਨ ਲੱਗਾ ਹੇ ਨਿਰਦਯ ਵਿਧਾਤਾ ! ਤੂੰਏਂ ਹੀ ਉਸ ਪ੍ਰਾਨ ਪਿਆਰੀ ਨੂੰ ਮੈਥੋਂ ਵਿਛੋੜਕੇ ਮੇਰੀਆਂ ਸਾਰੀਆਂ ਆਸ਼ਾਂ ਨੂੰ ਮਿੱਟੀ ਵਿੱਚ ਰਲਾ ਦਿੱਤਾ ਹਾਇ ! ਜ਼ਾਲਮਾ ਤੇਰੇ ਪਿਛੇ ਮੈਨੂੰ ਭੀ ਏਸ ਸੰਸਾਰ ਤੋਂ ਨਾਮੁਰਾਦ ਹੀ ਜਾਨਾ ਪਿਆ, ਅੱਛਾ ! ਤੇਰਾ ਭਲਾ ਹੋਵੇ ਏਹ ਕਹਕੇ ਈਸ਼ੁਰ ਅੱਗੇ ਪ੍ਰਾਰਥਨਾ ਕਰ ਚਿਖਾ ਵਿੱਚ.....

—:o:—

ਸੋਹਲਵਾਂ ਅਧਜਾਯ ॥

—:ᔕ:—

॥ ਮੇਰੀ ਅਕਲ ਤੇ ਕਿਉਂ ਪੜਦਾ ਪੈ ਗਿਆ ॥

ਸੰਧਿਆਂ ਦਾ ਵੇਲਾ ਹੈ ਜਦਕਿ ਰਾਤ ਦਾ ਹਨੇਰਾ ਵੱਧ ਰਿਹਾ ਹੈ, ਅਤੇ ਬਨਾਉਟੀ ਚਾਨਨੀ ਘਰ ੨ ਹੋਨੀ ਸ਼ੁਰੂ ਹੋ ਗਈ ਹੈ, ਭਾਵੇਂ ਰਾਜਾ ਪ੍ਰਹਿਲਾਦ ਵਿਦਿਆ ਧਰ ਦੇ ਮੈਹਲਾਂ ਵਿੱਚ ਥਾਂ ਥਾਂ ਸਮਾਦਾਨ ਜਗ ਰਹੇ ਹਨ, ਪਰ ਫੇਰ ਭੀ ਸਾਰੇ ਮੈਹਲਾਂ ਵਿੱਚ ਕੁਝ ਚੁਪ ਚਾਪ ਹੀ ਦਿਸ ਰਹੀ ਹੈ ਅਤੇ ਸਾਰੇ ਕਮਰੇ ਸੁੰਜੇ ਪਏ ਹੋਏ ਹਨ ਕਿਸੇ ਦੇ ਬੋਲਨ ਦੀ ਅਵਾਜ ਨਹੀਂ ਆਉਂਦੀ, ਹਾਂ ! ਠੰਡੇ ਹਾਹੁਕਿਆਂ ਦੀ ਹਨੇਰੀ ਵਗ ਰਹੀਹੈ ਰਾਨੀ ਕੇਤੂਮ ਤੀ ਡਾਢੀ ਚਿੰਤਾ ਵਿੱਚ ਡੁੱਬੀ ਹੋਈ ਓਂਧੇ ਪਏ ਪਲੰਗ ਤੇ ਬੈਠੀ ਹੋਈ ਹੈ ਅਤੇ ਰ ਜਾ ਪ੍ਰਹਲਾਦ ਵਿਦ ਾਧਰ ਸਾਮ੍ਹਨੇ ਇੱਕ ਚੌਂਕੀ ਤੇ ਬੈਠਾ ਹੋਇਆ ਹ ਾਨੀ ਨ ਲ ਰਾਨੀ ਵੱਲ ਤਕ ਰਿਹਾ ਹੈ ਅਤੇ ਕੁਝਕੁ ਲੌਂਡੀਆਂ ਹ ਾਨ ਪਰੇਸ਼ਾਨ ਹੋਕੇ ਥੋੜੀ ਦੂਰ ਖ਼ਲੋਤੀਆਂ

Original with:
Language Department Punjab
Digitized by:
Panjab Digital Library

ਹੋਈਆਂ ਹਨ ਜਦ ਕੁਝ ਕਾਲ ਏਸੇ ਪ੍ਰਕਾਰ ਬੀਤਿਆ ਤਾਂ ਰਾਜਾ ਰਾਨੀ ਵੱਲ ਵੇਖਕੇ ਧੀਮੀ ਜ਼ੁਬਾਨ ਨਾਲ ਆਖਨ ਲੱਗਾ ॥

ਰਾਜਾ–ਪ੍ਰਿਆ ਜੀ ! ਕੀ ਭਲਾ ! ਪਵਨ ਅੰਜਨਾਂ ਨੂੰ ਨਿਰਦੋਸ਼ ਕਹਿੰਦਾ ਸੀ। ਅਜੇ ਓਹ ਹੁਨ ਕਿੱਥੇ ਗਿਆ ਹੈ ?

ਰਾਨੀ–(ਠੰਢੀ ਸਾਹ ਭਰਕੇ) ਜੀ ਹਾਂ ! ਓਹ ਤਾਂ ਉਸਦੇ ਦੇਸਨਿਕਾਲੇ ਨੂੰ ਸੁਨਦਿਆਂ ਸਾਰ ਹੀ ਭਾਜਾ ਬੇਚੈਨ ਹੋਕੇ ਬਿਨਾਂ ਕੁਝ ਖਾਨਦੇ ਹੀ ਅੰਜਨਾਂ ਨੂੰ ਨਿਰਦੋਸ਼ ਆਖਦਾ ਹੋਇਆ ਓਸ ਨੂੰ ਢੂੰਡਨ ਲਈ ਰੱਬ ਜਾਨੇ ਮਹੇਂਦ੍ਰਪੁਰ ਨੂੰ ਟੁਰ ਗਿਆ ਹੈ ॥

ਰਾਜਾ–(ਖਿਝੂੰਨੀ ਵਾਕੇ ਗੁੱਸੇ ਵਿੱਚ ਆਕੇ) ਓਹੋ ਹਨੇਰ ਹੋਇਆ ਮੈਂ ਐਵੇਂ ਹੀ ਉਸ ਪਤਿਬ੍ਰਤਾ ਬੇਕਸੂਰ ਅੰਜਨਾਂ ਨੂੰ ਦੋਸ਼ ਲਾਇਆ, ਹਾਏ ਹਾਏ ! ਮੇਰੀ "ਅਕਲ ਤੇ ਕਿਉਂ ਪਰਦਾ ਪੈ ਗਿਆ" ਕਿ ਜਰਾ ਭੀ ਨਾ ਸੋਚਿਆ, ਅਤੇ ਤੇਰੀਆਂ ਗੱਲਾਂ ਵਿੱਚ ਆਕੇ ਓਸਦੀ ਬੇਇੱਜ਼ਤੀ ਕੀਤੀ, (ਜਰਾਕੁ ਠੈਹਰਕੇ) ਓਹ ! ਪਵਨ ਮਨ ਵਿੱਚ ਕੀ ਆਂਹਦਾ ਹੋਵੇਗਾ, ਮਹੇਂਦ੍ਰ ਰਾਏ ਨੂੰ ਕੀ ਉੱਤਰ ਦਿਆਂਗਾ, ਹਾਏ ! ਤੂੰ ਮੈਨੂੰ ਸਬਦੀ ਨਜਰ ਵਿੱਚੋਂ ਗਿਰਾ ਦਿੱਤਾ ਤੇ ਮਿੱਟੀ ਵਿੱਚ ਰੁਲਾ ਦਿੱਤਾ, ਅਤੇ ਹੁਨ "ਮੀ ਹਾਂ" ਕਹ ਸੁਨਾਇਆ ।

ਪਠਾਕ ਗਣ ! ਰਾਨੀ ਜੋ ਪਵਨ ਜੀ ਦੇ ਵਾਕਾਂ ਨੂੰ ਸੁਨਕੇ ਪਹਿਲੇ ਤੋਂ ਹੀ ਬੇਚੈਨ ਹੋ ਰਹੀ ਸੀ ਹੁਨ ਰਾਜਾ ਜੀ ਨੂੰ ਗੁੱਸੇ ਵਿੱਚ ਵੇਖਕੇ ਹੋਰ ਭੀ ਘਬਰਾ ਗਈ, ਇਸਵਲੇ ਭਾਵੇਂ ਉਸਦੇ ਸਾਰੇ ਅੰਗ ਸੁਸਤ ਪੈ ਗਏ ਹਨ, ਪਰ ਕਲੇਜਾ ਹੀ ਹੈ ਜੋ ਜ਼ਰਾ ਘੜੀ ਮੁੜੀ ਧੜਕਨ ਲੱਗ ਜਾਂਦਾ ਹੈ, ਅਤੇ ਮਨ ਵਸ ਵਿੱਚ ਨਹੀਂ ਰਹਿੰਦਾ, ਅੱਖੀਆਂ ਥੱਲੀ ਵਿੱਚ ਗਡੀਆਂ ਗਈਆਂ ਹਨ ਤੇ ਮਨ ਅਪਨੀ ਹੀ ਕਾਰਸਤਾਨੀ ਸਾੜਕਹ ਰਿਹਾ ਹੈ ਕਿ ਬਿਨਾ ਸੋਚਨ ਸਮਝਨ ਦੇ ਕਮ ਕਰਨ ਦਾ ਇਹੋ ਫਲ ਹੈ ਜੋ ਅੱਜ ਤੂੰ ਭੁਗਤ ਰਹੀ ਹੈਂ। ਅਤੇ ਹੁਨ ਵਿਚਾਰੀ ਰਾਨੀ ਅਪਨੇ ਕੀਤੇ ਤੇ ਪਛੋਤਾ ਰਹੀ ਹੈ, ਰਾਜਾ ਦੀਆਂ ਗੱਲਾਂ ਦਾ ਉੱਤਰ ਦੇਨਾ ਤਾਂ ਇੱਕ ਪਾਸੇ ਰਿਹਾ ਸਗੋਂ ਅਪਨ ਮਨ ਵਿਚ ਮੌਤ ਨਾਲ ਗੱਲਾਂ ਕਰ ਰਹੀ ਹੈ, ਰਾਜਾ ਦੀਆਂ ਗੱਲਾਂ ਸੁਨਦਿਆਂ ਸ ਹੀ ਚਿੰਤਾ ਦਾ ਘਬਰਾ ਕਲੇ-

Original with:
Language Department Punjab
Digitized by:
Panjab Digital Library

ਜਿਉਂ ਉਠਕੇ ਜਦ ਸਿਰ ਨੂੰ ਚੜਿਆ ਤਾਂ ਭੌਂ ਥਾਕੇ ਪਲੰਗ ਤੋਂ ਹਿਠਾਂ ਡਿੱਗ ਪਈ, ਰਾਨੀ ਦਾ ਏਹ ਹਾਲ ਵੇਖਕੇ ਰਾਜਾ ਨੂੰ ਹੋਰਹੀ ਫਿਕਰ ਪੈ ਗਿਆ ਸ਼ਿਤਾਬੀ ਨਾਲ ਓਸਨੂੰ ਉਠਾਕੇ ਆਖਨ ਲੱਗਾ ॥

ਰਾਜਾ–ਪ੍ਰਿਆ ਜੀ ! ਹੁਨ ਏਸ ਵੇਲੇ ਤੁਹਾਡਾ ਘਬਰਾਨਾ ਬਿਅਰਥ ਹੈ ਇਸਤੇ ਪਹਿਲੋਂ ਵਿਚਾਰ ਕਰਨੀ ਚਾਹੀਦੀ ਸੀ ਕਿ ਜਿਸਤੋਂ ਪਿਛੋਂ ਸ਼ਰਮਿੰਦਿਆਂ ਨ ਹੋਨਾ ਪੈਂਦਾ, ਮੈਨੂੰ ਹਰਾਨੀ ਤਾਂ ਏਸ ਗੱਲ ਪੁਰ ਆਉਂਦੀ ਹੈ ਕਿ ਜਰਾ ੨ ਗੱਲ ਓਤ ਤਾਂ ਏਡੀਆਂ ਵਿਚਾਰਾਂ ਕਰਨੀਆਂ ਕਿ ਪਹਰ ਬੀਤ ਜਾਨੇ, ਅਤ ਹੁਨ ਅਜੇਹੇ ਜਰੂਰੀ ਮਾਮਲੇ ਨੂੰ ਜਰਾ ਭੀ ਨਾ ਸੋਚਿਆ, ਜਰੂਰ ਤੂੰ ਕਿਸੇ ਦੇ ਸਿੱਖੇ ਸਿਖਾਏ ਵਿੱਚ ਗਈ ਹੈਂ, ਨਹੀਂ ਤਾਂ ਤੇਥੋਂ ਏਸ ਗੱਲ ਦੀ ਕਦੇ ਬੀ ਆਸ ਨਹੀਂ ਸੀ ॥

ਰਾਨੀ–(ਉਭਾ ਸਾਹ ਲੈ ਰਾਜਾ ਵੱਲੋਂ ਵਖਕੇ) ਹਾਏ ! ਮੇਰੀ ਤਾਂ ਚੰਦ੍ਰੀ ਲਲਤਾ ਨੇ ਅਕਲ ਮਾਰ ਦਿੱਤੀ ਦੱਬ ਜਾਨੇ ਉਸਨੇ ਮੇਰੇ ਤੇ ਕੀ ਧੂੜ ਦਿੱਤਾ ਕਿ ਬਿਨਾ ਸੋਚੇ ਸਮਝੇ ਤੇ ਮਲੂਮ ਕੀਤੀਆਂ ਮੈਂ ਓਸ ਵਿਚਾਰੀ ਨੂੰ ਤੁਹਮਤ ਲਾਈ, ਹਾਏ ! ਮੈਂ ਤਾਂ ਛਾਛ ਹਨੇਰ ਮਾਰਿਆ ॥

ਰਾਜਾ–ਠੀਕ ਹੈ ! ਇਸ ਵਿੱਚ ਜ਼ਰਾ ਝੂਠ ਨਹੀਂ ਕਿ ਤੂੰ ਬੜੀ ਭੂਲ ਕੀਤੀ ਤੇ ਕੇਵਲ ਆਪ ਨਹੀਂ ਡੁੱਲੀ ਸਗੋਂ ਮੈਨੂੰ ਭੀ ਨਾਲ ਹੀ ਗਾਲ ਦਿੱਤਾ (ਠੰਡੀ ਸਾਹ ਭਰਕੇ) ਪਰ ਹੁਨ ਏਨ੍ਹਾਂ ਗੱਲਾਂ ਨਾਲ ਕੀ ਬਨਦਾ ਹੈ। ਓਸਦੇ ਭਾਗਾਂ ਵਿਚ ਹੀ ਇਸ ਤਰ੍ਹਾਂ ਲਿਖਿਆ ਸੀ, ਕੁਝ ਸੋਚਕੇ ਲੌਂਡੀ ਨੂੰ ਕਹਿਨ ਲੱਗਾ।

ਰਾਜਾ–ਵੇਖੋ ! ਤੁਨੇ ਹੀ ਰਥਵਾਹੀ ਨੂੰ ਕਹ ਦਿਓ ਕਿ ਪ੍ਰਾਤਾਕਾਲ ਹੀ ਰਥ ਤਿਆਰ ਕਰਕੇ ਲੈ ਆਵੇ ਅਸੀ ਪ੍ਰਿਯਾ ਜੀ ਨਾਲ ਮਹੇਂਦ੍ਰਪੁਰ ਜਾਵਾਂਗੇ।

Original with:
Language Department Punjab
Digitized by:
Panjab Digital Library

ਸਤਾਰਵਾਂ ਅਧਯਾਯ ॥

+—ः✿ः—+

"ਰਾਜਾ ਪ੍ਰਤਿ ਸੂਰਯਾ"

ਦੁਪਹਿਰ ਢਲ ਚੁੱਕੀ ਹੈ, ਅਰ ਸੂਰਜ ਭਗਵਾਨ ਸੰਸਾਰ ਨੂੰ ਡਾਡੀ ਅਰਮਾਨ ਭਰੀ ਨਿਗਾਹ ਨਾਲ ਵੇਖਦਾ ਹੋਇਆ ਪਛਮ ਨੂੰ ਜਾ ਰਿਹਾ ਹੈ, ਪਰ ਧਰਤੀ ਅਜੇ ਨਾਂ ਜਾਨੀਏ ਈਰਖਾ ਕਰਕੇ ਜਾਂ ਕਿਸੇ ਹੋਰ ਕਰਕੇ ਅਜੇਹੀ ਤਪ ਰਹੀ ਹੈ ਕਿ ਪੈਦਲ ਚਲਨ ਵਾਲਿਆਂ ਨੂੰ ਅੱਗੇ ਨਹੀਂ ਟੁਰਨ ਦੇਂਦੀ ਇਸ ਕਰਕੇ ਅਸੀ ਤਾਂ ਪਿੱਛੇ ਹੀ ਰਹ ਗਏ ਹਾਂ ਪਰ ਸਾਡੀ ਨਜ਼ਰ ਕਿਸੇ ਦੇ ਦੇਖਨ ਦੀ ਚਾਹ ਵਿੱਚ ਬਹੁਤ ਦੂਰ ਚਲੀ ਗਈ ਹੈ, ਸਾਹਮਨੇ ਕੁਝ ਹਰਿਆਓਲ ਜੇਹੀ ਦਿਸਦੀ ਹੈ ਪਰ ਦੂਰ ਹੋਨ ਕਰਕੇ ਚੰਗੀ ਤਰ੍ਹਾਂ ਨਹੀਂ ਜਾਪਦੀ ਨਜ਼ਾਰਾ ਬੜਾ ਸੁੰਦ੍ਰ ਮਲੂਮ ਹੁੰਦਾ ਹੈ ਜਿਸਦੇ ਵੇਖਨ ਦੀ ਲਾਲਸਾ ਨੇ ਸਾਨੂੰ ਓਥੇ ਪੁੰਚਾ ਹੀ ਦਿੱਤਾ, ਜਦ ਪਹੁੰਚੇ ਤਾਂ ਓਹ ਸਾਰੀਆਂ ਚਾਹਾਂ ਜੇਹੜੀਆਂ ਭਟਕ ਰਹੀਆਂ ਸਨ ਠੰਡੀਆਂ ਪੈ ਗਈਆਂ ਤੇ ਮਲੂਮ ਹੋਇਆ ਕਿ ਓਹ ਹਰਿਆਵਲ ਜੇਹੜੀ ਦਿਸ ਰਹੀ ਸੀ ਓਹ ਅਨੇਕ ਤਰ੍ਹਾਂ ਦੇ ਰੁਖ ਹਨ, ਪਰ ਸਬਤੋਂ ਵੱਧਕੇ ਅੰਬਾਂ ਦੇ ਪੇੜ ਹਨ ਜਿਨ੍ਹਾਂ ਦੀਆਂ ਹਰ ਇੱਕ ਟਾਹਨੀਆਂ ਫਲਾਂ ਨਾਲ ਭਰਪੂਰ ਹੋਨ ਕਰਕੇ ਹਠਾਂ ਜਮੀਨ ਨਾਲ ਲਗੀਆਂ ਹੋਈਆਂ ਹਨ। ਅਮੀਰ ਤੇ ਕੀ ਗਰੀਬ ਜਿਸਨੇ ਏਨ੍ਹਾਂ ਫਲਾਂ ਵੱਲੋਂ ਇੱਕ ਵਾਰੀ ਭੀ ਵੇਖ ਲਿਆ ਹੈ ਬਸ ਫੇਰ ਤਾਂ ਝੱਟ ਉਸਦਾ ਮਨ ਇਸਦੇ ਖਾਨ ਨੂੰ ਲਲਚਾ ਹੀ ਗਿਆ, ਇਸ ਵਿੱਚ ਕੋਈ ਝੂਠ ਨਹੀਂ ਕਿ ਗਰੀਬਾਂ ਲਈ ਤਾਂ ਜਿੰਦਗੀ ਦਾ ਸਹਾਰਾ ਹਨ, ਕਿਉਂ ਜੋ ਜਿਸਨੇ ਦੋ ਚਾਰ ਫਲ ਖਾਦੇ ਬਸ ਫੇਰ ਸਾਰਾ ਦਿਨ ਖਾਨ ਦਾ ਨਾਂ ਨ ਲਿਆ, ਪਰ ਅਮੀਰਾਂ ਨੂੰ ਤਾਂ ਇਸ ਗੱਲ ਦੀ ਮਿਖਜਾ ਦੇ ਰਹੇ ਹਨ ਕਿ ਜਿਸ ਪ੍ਰਕਾਰ ਅਸੀ ਫਲ ਤਿਆਰ ਕਰਕੇ ਸਿਰ ਨੀਵਾਂ ਪਾ ਸਬਨੂੰ ਪੁਕਾਰ ੨ ਕੇ ਆਖ ਰਹੇ ਹਾਂ ਕਿ ਆਓ ਜਿਸਦਾ ਜੀ ਚਾਹੇ ਮਨ ਭਰਕੇ ਅੰਬ

Original with:
Language Department Punjab
Digitized by:
Panjab Digital Library

ਤੋੜੇ ਤੇ ਖਾਕੇ ਅਪਨਾ ਆਤਮਾ ਪ੍ਰਸੰਨ ਕਰੋ, ਏਸੇ ਤਰ੍ਹਾਂ ਧਨ ਪਾਤ੍ ਲੋਕੋ ਤੁਸੀ ਭੀ ਅਪਨਾ ਧਰਮ ਸਮਝਕੇ ਪਾਤ੍ਰਾਂ ਅਰਥੀਆਂ ਦੇ ਹੱਕ ਨੂੰ ਨ ਭੁਲੋ ਤੇ ਕੋਈ ਭੀ ਤੁਹਾਡੇ ਦੁਆਰਿਓਂ ਨਿਰਾਸ ਨ ਜਾਏ, ਅਤੇ ਗਰੀਬਾਂ ਨੂੰ ਬੁਰੀ ਨਜਰ ਨਾਲ ਨ ਵੇਖੋ ਕਿਉਂ ਜੋ ਈਸ਼ੂਰ ਪਮਾਤਮਾ ਨੇ ਤੁਹਾਨੂੰ ਵਡਿਆਂ ਬਨਾਇਆ ਹੈ, ਅੱਛਾ ! ਹੁਨ ਇਸ ਗੱਲ ਨੂੰ ਤਾਂ ਏਥੇ ਹੀ ਛਡ ਕਿਓ ਅਰ ਅੰਗੂਰ ਦੀ ਵੇਲ ਵਲ ਤਾਂ ਵੇਖੋ, ਜਿਸਦੇ ਹਰੇ ਹਰੇ ਪਤਿਆਂ ਵਿੱਚੋਂ ਉੱਦੇ ਉੱਦੇ ਅੰਗੂਰ ਦੇ ਗੁੱਛੇ ਸੁਹਾਉਨੇ ਅਰ ਸੁਭਾਇਮਾਨ ਦਿਸ ਰਹੇ ਹਨ ਏਨ੍ਹਾਂ ਦੇ ਨੇੜੇ ਹੀਗੁਲਾਬ, ਮੋਤਿਆ, ਰੁਵੇਲ ਆਦਿਕ ਅਰ ਅਨੇਕਾਂ ਪ੍ਰਕਾਰ ਦੇ ਸੁਗੰਧਿਤ ਫੁਲ ਜੋ ਕਈ ਪ੍ਰਕਾਰ ਦੀਆਂ ਸੁਗੰਧੀਆਂ ਨਾਲ ਵੇਖਨ ਵਾਲਿਆਂ ਦਾ ਮਨ ਪ੍ਰਸੰਨ ਕਰ ਰਹੇ ਹਨ ਭਰਪੂਰ ਹਨ ਭਾਵ ਇਹ ਹੈ ਕਿ ਜਿਧਰ ਨਜਰ ਪੈਂਦੀਹੈ ਅਜਬ ਹੀ ਬਹਾਰ ਨਜ਼ਰ ਅਉਂਦੀ ਹੈ, ਇਸ ਤਰਾਂ ਸੈਲ ਕਰਦੇ ੨ ਅਰ ਪ੍ਰਮੇਸ਼ੁਰ ਦੀ ਕੁਦਰਤਾਂ ਦੇਖਦੇ ੨ ਜਰਾਕੁ ਖਬੇ ਹੱਥ ਨੂੰ ਮੁੜੇ ਤਾਂ ਸਾਹਮਨੇ ਡਾਢੇ ਸੁੰਦ੍ ਉੱਚੇ ਤੇ ਸੋਹਨੇ ਮੈਹਲ ਵਿਖਾਈ ਦਿੱਤੇ ਤਾਂ ਮਨ ਵਿੱਚਸੋਚ ਆਈ ਕਿ ਏਥੇ ਜਰੂਰ ਹੀ ਕੋਈ ਵਸਤੀ ਹੋਨੀ ਹੈ ਇਸੇ ਖਿਆਲ ਵਿੱਚ ਓਧਰ ਹੀ ਟੁਰ ਪਏ ਅਜੇ ਥੋੜੀ ਦੂਰ ਹੀ ਗਏ ਹੋਵਾਂਗੇ ਕਿ ਸਾਡਾ ਖਿਆਲ ਠੀਕ ਨਿਕਲਿਆ। ਅਰ ਇੱਕ ਨਗਰ ਦਿਸਿਆ ।

ਆਹਾ ! ਏਹ ਤਾਂ ਹਨੂਪੁਰ ਹੈ ਜਿੱਥੇ ਅੰਜਨਾਂ ਦੇਵੀ ਅਪਨੇ ਮਾਮੇ ਨਾਲ ਆਈ ਸੀ ਆਓ ਜ਼ਰਾ ਓਸ ਵਿਚਾਰੀ ਦਾ ਹਾਲ ਤਾਂ ਮਲੂਮ ਕਰੀਏ ॥

ਓਹੋ ! ਰਾਜਾ ਪ੍ਰਭੀ ਸੂਰਿਆ ਦੇ ਘਰ ਤਾਂ ਕੋਈ ਬਾਲ ਬੱਚਾ ਨਹੀਂ ਅਤੇ ਨਾਂ ਹੀ ਅਜੇ ਕੋਈ ਹੋਨ ਦੀ ਉਮੈਦ ਹੈ ਤਾਂ ਫੇਰ ਉਸਦੇ ਮਹਿਲ ਅੱਗੇ ਵਾਜੇ ਗਾਜੇ ਕਹੇ ਵਜ ਰਹੇ ਹਨ ? ਅਰ ਏਡੀ ਧੂਮ ਧਾਮ ਕਹੀ ਹੋ ਰਹੀ ਹੈ ॥

ਕਿਉਂ ਮਹਾਰਾਜ ! ਐਡੇ ਹਰਾਨ ਕਿਉਂ ਹੋ ਗਏ ਹੋ, ! ਏਹ ਤਾਂ ਅੰਜਨਾਂ ਦੇ ਪੁਤ੍ਰ ਦਾ ਨਾਂ ਰਖੱਨ ਦਾ ਉਤਸਵ ਹੋ ਰਿਹਾ ਹੈ ਛੇ

Original with:
Language Department Punjab
Digitized by:
Panjab Digital Library

ਓਸੇ ਦੀ ਖੁਸ਼ੀ ਮਨਾਈ ਜਾ ਰਹੀ ਹੈ, ਰਾਜਾ ਨੇ ਅਪਨੇ ਨਗਰ ਦੇ ਨਾਉਂ ਪੁਰ ਉਸਦਾ ਨਾਓਂ ਹਨੁਮਾਨ ਰਖਿਆ ਹੈ ਓਹ ਵੇਖੋ ! ਏਸ ਵੇਲ ਅੰਜਨਾਂ ਭੀ ਸੋਹਨੇ ੨ ਕਪੜੇ ਪਾਕੇ ਬੈਠੀਹੋਈ ਹੈ, ਪਰ ਇਸਦੇ ਚੇਹਰੇਦੇ ਰੰਗ ਤੋਂ ਕੋਈ ਪ੍ਰਸੰਨਤਾਈ ਨਜਰ ਨਹੀਂ ਆਉਂਦੀ, ਕਿੰਤੂ ਬੜੀ ਉਦਾਸੀ ਜਿਹੀ ਮਲੂਮ ਹੁੰਦੀ ਹੈ, ਮਾਰੂ ਹੋਰਨਾਂ ਤਿਮੀਆਂ ਦਾ ਗਾਉਨਾ ਵਜਾਉਂਨਾਂ ਭੀ ਨਹੀਂ ਭਾਉਂਦਾ, ਇਹ ਇਸੇ ਹੀ ਚਿੰਤਾ ਵਿੱਚ ਡੁੱਬ ਰਹੀ ਹੈ ਕਿ ' ਜੇ ਕਦੀ ਅੱਜ ਮੈਂ ਅਪਨੇ ਘਰ ਹੁੰਦੀ ਤਾਂ ਸ੍ਵਾਮੀ ਜੀ ਏਸ ਵੇਲੇ ਨੂੰ ਵੇਖਕੇ ਕਹੇ ਪ੍ਰਸੰਨ ਹੁੰਦੇ, ਹਾਏ ! ਮਲੂਮ ਨਹੀਂ ਓਹ ਕਿੱਥੇ ਹਨ, ਅਤੇ ਮੇਰੀ ਬਾਬਤ ਓਨ੍ਹਾਂ ਦਾ ਕੀ ਖਿਆਲ ਹੈ ॥

ਪਾਠਕ ਗਣ ! ਜਦ ਅੰਜਨਾ ਦੇਵੀ ਨੂੰ ਏਥੇ ਰਹਿੰਦਿਆਂ ਕੁਝ ਚਿਰ ਵਤੀਤ ਹੋ ਗਿਆ ਪਰ ਓਸਦੀ ਉਦਾਸੀ ਅਰ ਚਿੰਤਾ ਕੁਝ ਭੀ ਘੱਟਾ ਨਾ ਹੋਈ ਤਾਂ ਇੱਕ ਦਿਨ ਰਾਨੀ ਰਵੀਸ੍ਰੁੰਦ੍ਰੀ ਨੇ ਅਪਨੇ ਸ੍ਵਾਮੀ ਜੀ ਨੂੰ ਆਖਿਆ ॥

ਰਾਨੀ—ਮਹਾਰਾਜ ! ਅੰਜਨਾ ਦੇਵੀ ਦਿਨੇ ਰਾਤੀਂ ਚਿੰਤਾ ਤੇ ਫਿਕਰ ਵਿੱਦ ਡੁੱਬੀ ਰਹਿੰਦੀ ਹੈ ਦਿਨੇ ਰੋਂਦਿਆਂ ਕੁਰਲਾਂਦਿਆਂ ਤੇ ਰਾਤੀ ਪਾਸੇ ਮਾਰਦਿਆਂ ਤੇ ਠੰਡੇ ਹਾਹੁਕੇ ਭਰਦਿਆਂ ਹੀ ਬਤਾ ਦੇ ਦੀ ਹੈ, ਮੇਰੇ ਖਿਆਲ ਵਿੱਚ ਜੇ ਕੁਸੀ ਇਸ ਨੂੰ ਮਹੇਂਦ੍ਰਪੁਰ ਛੱਡ ਆਓ ਤੇ ਓਨ੍ਹਾਂ ਦੀ ਤਸੱਲੀ ਕਰ ਆਓ ਤਾਂ ਚੰਗੀ ਗੱਲ ਹੈ ॥

ਰਾਜਾ—ਪ੍ਰਿਯਾ ਜੀ ! ਸਚ ਹੈ ਆਪਦਾ ਖਿਆਲ ਠੀਕ ਹੈ ਕਿਉਂਕਿ ਮੈਂ ਭੀ ਇਸ ਨੂੰ ਕਈ ਵੇਰ ਚਿੰਤਾ ਤੇ ਗ਼ਮ ਵਿੱਚ ਹੀ ਵੇਖਿਆ ਹੈ, ਏਹ ਕਹਕੇ ਉਸੇ ਵੇਲੇ ਰਥ ਮੰਗਵਾਕੇ ਅੰਜਨਾ ਦੇਵੀ ਅਤੇ ਬਸੰਤਮਾਲਾ ਨੂੰ ਨਾਲ ਲੈਕੇ ਮਹੇਂਦ੍ਰਪੁਰ ਨੂੰ ਤੁਰ ਪਿਆ ।

Original with:
Language Department Punjab
Digitized by:
Panjab Digital Library

ਅਠਾਰਵਾਂ ਅਧਜਾਯ ॥

+ ੴ +

॥ ਕੀ ਅਜੇ ਤੀਕਰ ਮੁੜਕੇ ਨਹੀਂ ਆਏ ॥

ਠੀਕ ਦੁਪਹਿਰ ਦਾ ਵੇਲਾ ਹੈ ਜਦੋਂ ਕਿ ਸੂਰਜ ਭਗਵਾਨ ਨੇ ਅਪਨੀਆਂ ਤੇਜ ਅਰ ਅੱਗ ਦੀ ਨਿਆਈਂ ਤਪਦੀਆਂ ਕਿਰਨਾਂ ਨਾਲ ਪਸ਼ੂਮੁਖਾ ਬਨ ਨੂੰ ਸੂੰਜ ਮਸਾਨ ਬਨਾ ਰਖਿਆ ਹੈ ਇਸ ਵੇਲੇ ਨਾਂ ਤਾਂ ਕੋਈ ਜੀਵ ਜੰਤ੍ਰ ਹੀ ਬੋਲਦਾ ਸੁਨਾਈ ਦੇਂਦਾ ਹੈ, ਅਤੇ ਨਾਂ ਹੀ ਕੋਈ ਪੰਛੀ ਉਡਦਾ ਹੋਇਆ ਨਜ਼ਰ ਆਉਂਦਾ ਹੈ, ਕਾਲ ਰੂਪੀ ਭਯਾਨਕ ਉਦਾਸੀ ਛਾ ਰਹੀ ਹੈ ਪਰ ਕਦੀ ੨ ਹਵਾ ਦੇ ਬੁੱਲੇ ਰੁਖਾਂ ਦੇ ਪਤ੍ਰਾਂ ਨੂੰ ਖੜ ਖੜਾਨ ਲਗ ਜਾਂਦੇ ਹਨ ਤੇ ਫੇਰ ਉਸੇ ਤਰ੍ਹਾਂ ਹੀ ਸੁਨਸਾਨ ਹੋ ਜਾਂਦੀ ਹੈ, ਪਰ ਹਾਂ ਇੱਕ ਪੰਛੀ ਘੁ ਘੂ, ਕੂ! ਬੋਲਦਾ ਹੋਇਆ ਸੁਨਾਈ ਦੇਂਦਾ ਹੈ ਓਹੋ! ਅਜੈਹੇ ਵਰਾਨ ਜੰਗਲ ਵਿੱਚ ਇੱਕ ਸੋਹਨਾ ਜੁਆਨ ਮੁਛਾਂ ਨੂੰ ਤਾ ਦਿੱਤਾ ਹੋਇਆ ਚਿੱਟੀ ਪੁਸ਼ਾਕ ਪਾਏ ਹੋਏ ਦੁਪੱਟੇ ਦਾ ਪੱਲਾ ਸਿਰ ਪੁਰ ਲਿਆ ਹੋਇਆ ਇੱਕ ਰੁੱਖ ਦੇ ਹਿਠਾਂ ਖਲੋਤਾ ਹੋਇਆ ਹੈ ਅਤੇ ਜੰਗਲੀ ਝਾੜਿਆਂ ਵੱਲੋਂ ਵੇਖ ਰਿਹਾ ਹੈ, ਇਸਦੀ ਸਹਿਮੀ ਹੋਈ ਨਜ਼ਰ ਕਿਸੇ ਪਰਮ ਮਿਤ੍ਰ ਦੇ ਵਿਛੋੜੇ ਵਿੱਚ ਲੱਗੀ ਹੋਈ ਹੈ ਵਾਹਗੁਰੂ ਜਾਨੇ ਮਨ ਵਿੱਚ ਕੀ ਸੋਚ ਰਿਹਾ ਹੈ ਜੋ ਸਿਰ ਨੀਵਾਂ ਕਰ ਜ਼ਮੀਨ ਵੱਲੋਂ ਵੇਖ ਵੇਖ ਫੇਰ ਸਾਹਮਨੇ ਦੇਖਨ ਲੱਗ ਪੈਂਦਾ ਹੈ ਪਰ ਜਦ ਕੁਝ ਨਜਰ ਨਹੀਂ ਆਉਂਦਾ ਤਾਂ ਇਸਦਾ ਮਨ ਡਾਢਾ ਘਬਰਾ ਕੇ ਇਸ ਨੂੰ ਬੇਵਸ ਕਰ ਦੇਂਦਾ ਹੈ, ਤਾਂ ਤਦੋਂ ਇਹ ਪਾਗਲਾਂ ਦੀ ਨਿਆਈਂ ਏਧਰ ਓਧਰ ਵੀਹ ਤੀਹ ਕਦਮਾਂ ਤਕ ਚਲਾ ਜਾਂਦਾ ਹੈ ਅਰ ਬੇਆਸ ਹੋ ਰਹ ਰਹ ਕੇ ਝਾੜੀਆਂ ਵੱਲੋਂ ਵੇਖਦਾ ਹੋਇਆ ਪਿੱਛਾਂ ਓਥੇ ਅਪਨੇ ਟਿਕਾਨ ਹੀ ਮੜ ਔਂਦਾ ਹੈ ਅਰ ਜ਼ਰਾ ਜਿੰਨਾਂ ਖੜਕ ਹੋਨ ਤੇ ਚੌਕਸ ਹੋ ਜਾਂਦਾ ਹੈ। ਓਹ! ਇਸ ਵੇਲੇ ਤਾਂ ਧੁੱਪ ਭੀ ਹਨੇਰ ਦੀ ਪੈ ਰਹੀ ਹੈ ਅਰ ਜੰਗਲ ਭੀ ਬੜਾ ਭਯਾਨਕ ਵਿਖਾਈ ਦੇਂਦਾ ਹੈ

Original with:
Language Department Punjab
Digitized by:
Panjab Digital Library

ਭਲਾ ਏਹ ਜੁਵਾਨ ਕੌਨ ਹੈ ? ਅਰ ਕਿਉਂ ਏਡਾ ਘਬਰਾਂਦਾ ਅਰ ਹਰਾਨ ਹੁੰਦਾ ਫਿਰਦਾ ਹੈ, ਓਹ ! ਏਹ ਕਿਤੇ ਪਵਨ ਜੀ ਦਾ ਮੰਤ੍ਰੀ ਤਾਂ ਨਹੀਂ ? ਓਹ ! ਇਹ ਤਾਂ ਓਹ ਹੀ ਹੈ, ਓਹ ਵੇਖੋ ! ਦੋਵੇਂ ਘੋੜੇ ਅਜੇ ਤੀਕੁਰ ਓਸੇ ਤਰ੍ਹਾਂ ਹੀ ਖਲੇ ਹੋਏ ਹਨ ਏਹ ਵਿਚਾਰਾ ਹਰਾਨ ਨ ਹੋਵੇ ਤਾਂ ਕੀ ਹੋਵੇ, ਓਹ ਤਾਂ ਜੰਗਲ ਪਾਨੀ ਸਵੇਰ ਦੇ ਗਏ ਹੋਏ ਹੁਨ ਤੀਕ ਨਹੀਂ ਬੌਹੜੇ ਘਵਰਾਏ ਨਾਂ ਤਾਂ ਬਨਾਨੇ ਕੀ ? ਜਦ ਥੋੜਾ ਜਿਹਾ ਦਿਨ ਬਾਕੀ ਰਹ ਗਿਆ ਤਾਂ ਮਨ ਵਿੱਚ ਅਨੇਕਾਂ ਹੀ ਭੈੜੇ ੨ ਖਿਆਲ ਉਤਪੰਨ ਹੋਕੇ ਘਬਰਾਨ ਲੱਗੇ ਤਦ ਇੱਕ ਘੋੜੇ ਤੇ ਚੜ੍ਹਕੇ ਤੇ ਦੂਜੇ ਦੀ ਲਗਮ ਪਕੜਕੇ ਏਧਰ ਓਧਰ ਢੂੰਡਨ ਲੱਗ ਪਿਆ ਸੱਤਾਂ ਅੱਠਾਂ ਕੋਹਾਂ ਤੀਕੁ ਖੁਬ ਢੂੰਡ ਭਾਲ ਕੀਤੀ ਪਰ ਪਵਨ ਦਾ ਕਿਤੇ ਪਤਾ ਨ ਲੱਗਾ ਤਾਂ ਕਈ ਪ੍ਰਕਾਰ ਦੀਆਂ ਸੋਚਾਂ ਸੋਚਦਾ ਹੋਯਾ ਅਰ ਹਰਾਨ ਪਰੇਸ਼ਾਨ ਹੁੰਦਾ ਹੋਯਾ ਸੰਧਯਾ ਵੇਲੇ ਇਕੱ ਰੁੱਖ ਹਿਠਾਂ ਬੈਹ ਗਿਆ, ਤੇ ਡਾਡੀ ਬੇਚੈਨੀ ਨਾਲ ਅੱਖੀਆਂ ਵਿੱਚ ਰਾਤ ਗੁਜਾਰੀ ਪਰ ਜਦ ਪੋਹ ਫੁੱਟੀ ਤਾਂ ਫੇਰ ਉਸੇ ਕੰਮ ਵਿੱਚ ਲੱਗ ਪਿਆ ਦੂਰ ਦੂਰ ਤੀਕ ਢੂੰਡ ਕੀਤੀ ਪਰ ਜਦ ਕੁਝ ਪਤਾ ਨ ਲੱਗਾ ਤਾਂ ਸੋਚ ਆਈ ਕਿ ਕਿਤੇ ਓਨ੍ਹਾਂ ਨੂੰ ਅੰਜਨਾਂ ਦੇਵੀ ਨ ਮਿਲ ਗਈ ਹੋਵੇ ਤੇ ਓਹ ਏਸੇ ਖੁਸ਼ੀ ਵਿੱਚ ਹੀ ਮੰਨ੍ਹੰ ਭੁਲਾਕੇ ਮਹੇਂਦ੍ਰਪੁਰ ਨੂੰ ਨ ਟਰ ਗਏ ਹੋਨ, ਇਹ ਸੋਚ ਕੇ ਓਸੇ ਵੇਲੇ ਹੀ ਘੋੜੇ ਤੇ ਸਵਾਰ ਹੋ ਮਹੇਂਦ੍ਰਪੁਰ ਨੂੰ ਟੁਰ ਪਿਆ ॥

+ ੴ +

ਉਨੀਸਵਾਂ ਅਧਜਯਾ ॥

++ ੴ ++

ਇਹ ਸਾਰਾ ਮੇਰੇ ਪੂਰਬਲੇ ਕਰਮਾਂ ਦਾ ਫਲ ਹੈ॥

ਜਦ ਦੂਜੀ ਵਾਰੀ ਰਾਨੀ ਵੇਗਮੋਹਿਨੀ ਮੂਰਛਾ ਖਾਕੇ ਭੋਂਏ ਤੇ ਢੇ ਪਈ ਤਾਂ ਰਾਜਾ ਮਹੇਂਦ੍ਰਰਾਯ ਡਾਢਾ ਘਬਰਾ ਗਿਆ,

Original with:
Language Department Punjab
Digitized by:
Panjab Digital Library

ਅਤੇ ਬਹੁਤ ਸਾਰੇ ਜਤਨ ਦੇ ਪਿਛੋਂ ਉਸ ਨੂੰ ਹੋਸ਼ ਵਿੱਚ ਲਿਆਕੇ ਕਹਿਨ ਲੱਗਾ ॥

ਰਾਜਾ--ਪ੍ਰਿਆ ਜੀ ! ਕਿਉਂ ਏਡੀ ਚਿੰਤਾ ਕਰਦੇਹੋ ਹੱਛਾ ! ਜੋ ਉਸਦੇ ਭਾਗਾਂ ਵਿੱਚ ਲਿਖਿਆ ਸੀ ਓਸਨੇ ਪਾ ਲਿਆ, ਹੁਨ ਏਨ੍ਹਾਂ ਗੱਲਾਂ ਨੂੰ ਛਡੋ ਤੇ ਓਸਦੀ ਢੂੰਢ ਭਾਲ ਕਰਨ ਦਾ ਜਤਨ ਕਰੋ, ਓਸ ਵਿਚਾਰੀ ਨੂੰ ਤਾਂ ਇੱਕ ੨ ਘੜੀ ਵਰ੍ਹੇ ਦਿਨ ਦੀ ਬੀਤਦੀ ਹੋਵੇਗੀ। ਵਾਹਗੁਰੂ ਜਾਨੇ ਓਹ ਕਿਸ ਬਿਪਤਾ ਵਿੱਚ ਹੈ, (ਏਧਰ ਓਧਰੋਂ ਵੇਖਕੇ') ਹੈਂ ! ਪਵਨ ਕਿੱਥੇ ਗਿਆ ? ਓਹੋ !ਤੇਰੀ ਘਬਰਾਹਟ ਵਿੱਚ ਓਸਦੀ ਭੀ ਕਿਸੇ ਸੁਧ ਨਹੀਂ ਲਈ ॥

(ਰਾਨੀ)--(ਠੰਡਾ ਹਾਹੁਕਾ ਭਰ ਵਿੱਚੋਂਈ ਗੱਲ ਟੁਕਕੇ) ਸ੍ਵਾਮੀ ਜੀ ! ਮੇਰੇ ਕੁਝ ਅਧੀਨ ਨਹੀਂ ਜਦ ਮੈਨੂੰ ਅਪਨੀ ਏਸਲੂਕੀ ਦੀ ਗੱਲ ਜੇਹੜੀ ਮੈਂ ਅੰਜਨਾਂ ਦੇਵੀ ਨਾਲ ਕੀਤੀ ਹੈ ਯਾਦ ਆਉਂਦੀ ਹੈ ਛਾਂ ਬੇਵਸੀ ਨੇ ਜਾਨੀ ਹਾਂ ਦਿਲ ਧੜਕਨ ਅਰ ਕਲੇਜਾ ਫੜਕਨ ਲੱਗ ਜਾਂਦਾ ਹੈ, ਸਿਰ ਨੂੰ ਭੌਂ ਆਂਨ ਲੱਗ ਪੈਂਦੇ ਹਨ ਤਾਂ ਮੈਨੂੰ ਕੋਈ ਅੱਗੇ ਪਿੱਛੇ ਦੀ ਸੁਧ ਨਹੀਂ ਰਹਿੰਦੀ ਹਾਏ ! ਕੋਈ ਭੀ ਅਜਿਹੀ ਨਹੀਂ ਕਰਦਾ ਜਿਹੀ ਮੈਂ ਓਹਦੇ ਨਾਲ ਕੀਤੀ ॥

ਰਾਜਾ--ਪ੍ਰਿਆ ਜੀ ! ਜੇਹੜਾ ਸਮਾਂ ਲੰਘ ਜਾਏ ਸਿਆਨੇ ਲੋਕ ਓਸਦਾ ਪਛਤਾਵਾ ਨਹੀਂ ਕਰਦੇ ਸਗੋਂ ਓਸਤੋਂ ਸਿਖਿਆ ਪਾਕਰਕੇ ਅੱਗੇ ਲਈ ਚੌਕਸ ਹੋ ਜਾਂਦੇ ਹਨ ॥

ਰਾਜਾ ਅਜੇ ਗੱਲ ਕਰ ਹੀ ਰਿਹਾ ਸੀ ਕਿ ਬਾਹਰ ਵੱਲੋਂ ਭਾਡੇ ਨੇਲੇ ਗੌਲੇ ਦੀ ਅਵਾਜ਼ ਆਈ, ਪਰ ਕੁਝ ਸਮਝ ਵਿੱਚ ਨ ਆਯਾ ਕਿ ਇਹ ਕੀ ਵਾਰਦਾਤ ਹੈ, ਅਰ ਸਬਨਾਂ ਦੇ ਕੰਨ ਓਸੇ ਪਾਸੇ ਲੱਗ ਗਏ ਅਤੇ ਬਾਹਰ ਵੱਲੋਂ ਵੇਖਨ ਲੱਗੇ ਕਿ ਏਨੇ ਵਿੱਚ ਇੱਕ ਟੈਹਲਨ ਨੱਸਦੀ ੨ ਆਈ ਅਤੇ ਆਕੇ ਆਖਨ ਲੱਗੀ ਕਿ ਮਾਂ ਜੀ ! "ਅੰਜਨਾਂ ਦੇਵੀ ਆਗਈ ਹੈ" ॥

ਭਾਵੇਂ ਇਹ ਗੱਲ ਸੁਨਦਿਆਂਈ ਸਭਨਾਂ ਦੇ ਮੁੰਹਾਂ ਤੇ ਖੁਸ਼ੀ ਦੀ ਲਾਲੀ ਆਗਈ ਪਰ ਰਾਨੀ ਜੀਦੇ ਤਾਂ ਮਾਨੋਂ ਮੁਰਦਾ ਸ਼ਰੀਰ ਵਿੱਚ

Original with:
Language Department Punjab
Digitized by:
Panjab Digital Library

ਜਾਨ ਹੀ ਪੈ ਗਈ ਹੈ ਅਰ ਖੁਸ਼ੀ ਵਿੱਚ ਫੁੱਲੀ ਨਹੀਂ ਸਮਾਈ ਓਹ ਵੇਖੋ ! ਕੇਡੀ ਬੜਾਬੀ ਉਠਕੇ ਕਹ ਰਹੀ ਹੈ "ਹੈ ! ਕਿੱਥੇ ! ਮੇਰੀ ਪਿਆਰੀ ਪੁਤ੍ਰੀ ਕਿੱਥੇ ਹੈ" ।

ਏਨੇ ਵਿੱਚ ਅੰਜਨਾਂ ਦੇਵੀ ਸਾਹਮਨੇ ਆਉਂਦੀ ਦੇਖੀ, ਰੱਬ ਜਾਨੇ ਰਾਨੀ ਵਿੱਚ ਏਡੀ ਤਾਕਤ ਕਿਥੋਂ ਆਗਈ ਕਿ ਇਤਨੀ ਕਮ ਜ਼ੋਰ ਹੋਨ ਕਰਕੇ ਭੀ ਐਡੀ ਫੁਰਤੀ ਨਾਲ ਕਦਮ ਚੁਕਿਆ ਕਿ ਅੰਜਨਾਂ ਨੂੰ ਜਰਾ ਭੀ ਅੱਗਾ ਨਾ ਵਧੱਨ ਦਿੱਤਾ ਅਰ ਗਲ ਨਾਲ ਲਾਕੇ ਚੁੱਬਾਂ ਮਾਰ ਮਾਰ ਕੇ ਰੋਦੀਂ ਦਿਸੀ। ਓਹੋ ! ਇਸ ਵੇਲੇ ਤੁਸਾਂ ਹੀ ਅੱਗੇ ਵਧ ੨ ਕੇ ਅੰਜਨਾਂ ਦੇ ਦੁਖ ਵਿੱਚ ਦੁਖੀ ਹੋਕੇ ਦੁਖ ਵੰਡ ਰਹੇ ਹਨ ਅਤੇ ਉਸਦੀ ਬਿਪਤਾ ਝੇ ਰੋ ਰਹੇ ਹਨ। ਰਾਨੀ ਕੇਤੁਮਤੀ ਨੂੰ ਫਿਟਕਾਂ ਦੇ ਮਨਦੇ ਉਬਾਲਾਂ ਨੂੰ ਕਢ ਰਹੇ ਹਨ ਅਤੇ ਰਾਜਾ ਪ੍ਰਤਿਸ੍ਰਯਾ ਅੰਜਨਾਂ ਦੀ ਵਿਪਤ ਕਹਾਨੀ ਰਾਜਾ ਮਹੇਂਦ੍ਰਾਓ ਨੂੰ ਸੁਨਾ ਰਿਹਾ ਹੈ ॥

ਪਾਠਕ ਗਣ ! ਅਜੇ ਬਹੁਤ ਸਾਰੀਆਂ ਜਨਾਨੀਆਂ ਅੰਜਨਾਂ ਦੇਵੀ ਦੇ ਆਲੇ ਦੁਆਲੇ ਝੁਰਮੁਟ ਪਾਕੇ ਗੱਲਾਂ ਬਾਤਾਂ ਕਰ ਹੀ ਰਹੀਆਂ ਸਨ ਕਿ ਇੱਕ ਟੈਹਲਨ ਨੇ ਆਕੇ ਖਬਰ ਦਿੱਤੀ ਕਿ ਰਾਜਾ ਪ੍ਰਹਲਾਦ ਵਿਦਿਆਧਰ ਤੇ ਰਾਨੀ ਕੇਤੁਮਤੀ ਆਏ ਹਨ, ਇਹ ਸੁਨਦਿਆਂ ਸਾਰਹੀ ਰਾਜਾ ਪ੍ਰਤੀ ਸੂਰਯਾ ਅਤੇ ਮਹੇਂਦ੍ਰਾਓ ਤਾਂ ਓਨ੍ਹਾਂ ਦੇ ਆਗਮਨ ਨੂੰ ਅੱਗੋਂ ਦੀ ਲੈਨ ਲਈ ਗਏ ਅਰ ਦਾਨੋ ਬੇਗਮੋਹਿਨੀ ਅਤੇ ਅੰਜਨਾਂ ਦੇਵੀ ਰਾਨੀ ਕੇਤੁਮਤੀ ਦੀ ਸੁਆਗਤਾ ਲਈ ਬਾਹਰਲੇ ਬੂਹੇ ਵਿੱਚ ਆ ਖਲੋਤੀਆਂ ॥

ਅਜੇ ਰਾਨੀ ਕੇਤੁਮਤੀ ਨੇ ਬੂਹੇ ਦੀ ਦਲੀਜ਼ ਤੇ ਪੈਰ ਰਖਿਆ ਹੀ ਸੀ ਕਿ ਅੰਜਨਾਂ ਦੇਵੀਨੇ ਉਸਦੇ ਪੈਰਾਂ ਤੇ ਸਿਰ ਨੁਆਈਆ ਅਤੇ ਡਾਢੀ ਹਲੀਮੀ ਨਾਲ ਆਖਨ ਲੱਗੀ ॥

ਅੰਜਨਾ-ਅੱਜ ਦਾ ਦਿਨ ਕਿਹਾ ਚੰਗਾ ਭਾਗਾਂ ਵਾਲਾ ਚੜ੍ਹਿਆ ਹੈ ਮੈਂਨੂੰ ਤੁਹਾਡੇ ਦਰਸ਼ਨ ਹੋਏ ਹਨ ਮਾਤਾ ਜੀ ਤੁਸੀ ਰਾਜ਼ੀ ਖੁਸ਼ੀ ਤਾਂ ਹੋ ?

ਅੰਜਨਾਂ ਦੇਵੀ ਦੀਆਂ ਗੱਲਾਂ ਸੁਨ ਰਾਨੀ ਕੇਤੁਮਤੀ ਡਾਢੀ ਲੱਜਾਵਾਨ ਹੋਈ ਅਰ ਸ਼ਰਮਿੰਦਗੀ ਦੇ ਮਾਰੇ ਅੱਖਾਂ ਹਠਾਂ ਕਰਲਈਆਂ

Original with:
Language Department Punjab
Digitized by:
Panjab Digital Library

ਸਰੀਰ ਵਿੱਚ ਦੇਖਨ ਨੂੰ ਲਹੂ ਦਾ ਨਾਂ ਨਹੀਂ ਰਿਹਾ ਅਰ ਦਿਲ ਵਿੱਚ ਮੌਤ ਨੂੰ ਆਵਾਜਾਂ ਮਾਰ ਰਹੀ ਹੈ ਅਰ ਅਪਨੇ ਹੀ ਸਲੂਕ ਦੀਆਂ ਗੱਲਾਂ ਯਾਦ ਕਰ ੨ ਕੇ ਮੂੰਹ ਨੂੰ ਸ਼ਰਮ ਰੂਪੀ ਸੰਦ੍ਰਾ ਲਾ ਰਹੀ ਹੈ ਅਰਥਾਤ ਐਸੀ ਸ਼ਰਮ ਵਾਨ ਹੋਈ ਜਮੀਨ ਵੇਹਲ ਨਹੀਂ ਦੇਂਦੀ ਜੋ ਗਰਕ ਹੋ ਜਾਵੇ ਹੁਨ ਕੁਝ ਉੱਤ੍ਰ ਦੇਵੇ ਤੇ ਕਿਸ ਤਰਾਂ ਦੇਵੇ !!!

ਅੰਜਨਾਂ–(ਹੱਥ ਜੋੜਕੇ) ਮਾਤਾ ਜੀ ਭੁਸੀ ਕਿਉਂ ਨਹੀਂ ਬੋਲਦੇ ਮੇਰੀ ਭੁਲ ਬਖਸ਼ੋ ਮੈਂ ਤੁਹਾਡੀ ਟੇਹਲਨ ਹਾਂ ਤੁਹਾਡੇ ਬਿਨਾ ਮੇਰੀ ਹੋਰ ਕੇੜੀ ਥਾਂ ਹੈ ॥

ਕੇਤੁਮਤੀ*(ਸਿਰਨੀਂਵਾਂ ਪਾਕੇ ਹੌਲੀ ਜਿਹੀ) ਤੇਰਾ ਕੋਈ ਕਸੂਰ ਨਹੀਂ ਸਗੋਂ ਮੈਂ ਤੇਰੀ ਗੁਨਾਹ ਗਾਰ ਹਾਂ ! ਹਾਏ ! ਮੈਂ ਹੀ ਅਭਾਗਨ ਤੇਰੀ ਬਿਪਤਾ ਦਾ ਕਾਰਣ ਹੋਈ ॥

ਅੰਜਨਾਂ–ਤੁਸੀ ਇਸ ਗੱਲ ਦੀ ਰੱਤੀ ਚਿੰਤਾ ਨ ਕਰੋ, ਤੁਹਾਡੇ ਕੁਝ ਵਸ ਨਹੀਂ ਏਹ ਸਭ ਮੇਰੇ ਹੀ ਪੂਰਬਲੇ ਕਰਮਾਂ ਦਾ

ਨੋਟ*ਪਾਠਕ ਗਣ ! ਦੇਖੋ ਰਾਨੀ ਕੇਤੁਮਤੀ ਕਿਉਂ ਐਡੀ ਲਜਿਤ ਹੋਕੇ ਮੌਤ ਨੂੰ ਚਾਹ ਰਹੀ ਹੈ ਮਾਨੋ ਅਪਨੇ ਜੀਵਨ ਤੋਂ ਮੌਤ ਨੂੰ ਚੰਗਾ ਸਮਝ ਰਹੀ ਹੈ ਕੀ ਭਲਾ ! ਅੰਜਨਾਂ ! ਜਾਂ ਇਸਦੇ ਮਾਪਿਆਂ ਨੇ ਇਸਨੂੰ ਕੁਝ ਆਖਿਆ ਹੈ ? ਨਹੀਂ ਏਹ ਇਹਦੀ ਅਪਨੀ ਹੀ ਬੇਸਮਝੀ ਦਾ ਕਾਰਣ ਹੈ ਜਿਸਨੇ ਇਸਦੇ ਸਿਰ ਨੂੰ ਨੀਵਾਂ ਕਰ ਇਸ ਨੂੰ ਮੂੰਹ ਨਹੀਂ ਚੁਕੱਨ ਦਿੱਤਾ ਅਤੇ ਇਕ ਨ ਮੋਚਨ ਪਿਛੇ ਸਾਰੇ ਆਦਮੀ ਇਸਨੂੰ ਫਿਟਕਾਂਦੇ ਸ਼ਰਮਿੰਦਿਆਂ ਕਰ ਰਹੇ ਹਨ ਅਤੇ ਇਹ ਅੱਖਾਂ ਸਾਹਮਨੇ ਨਹੀਂ ਕਰਸਕਦੀ ਜੁਬਾਨ ਖੋਲਨ ਤੋਂ ਮੂੰਹ ਮੋੜਦੀ ਹੈ ਪਰ ਇਹ ਸਾਰੀਆਂ ਗੱਲਾਂ ਕਿਉਂ ਹੋਈਆਂ ਕੇਵਲ ! ਇੱਕ ਗੱਲ ਦੇ ਨ ਮੰਚਨੇ ਕਰਕੇ ਇਸ ਲਈ ਪਿਆਰੇ ਪਾਠਕ ਗਣ ! ਕੋਈ ਕੰਮ ਠੀਕ ਸੋਚ ਸਮਝਕੇ ਕੀਤਾ ਜਾਏ ਭਾਵੇਂ ਓਸਦਾ ਫਲ ਚੰਗਾ ਹੋਵੇ ਭਾਵੇਂ ਬੁਰਾ ਪਰ ਐਡੀ ਸ਼ਰਮਿੰਦਗੀ ਨਹੀਂ ਉਠਾਨੀ ਪੈਂਦੀ ਜਿੱਨੀਕੁ ਏਸ

Original with:
Language Department Punjab
Digitized by:
Panjab Digital Library

ਫਲ ਹੈ, ਮਾਤਾਜੀ ਜ਼ਰਾ ਖਿਆਲ ਤਾਂ ਕਰੋ (ਮਾਂ ਵਲ ਤਕਕੇ) ਏਹ ਮੇਰੀ ਮਾਂ ਖਲੋਤੀ ਹੈ, ਮੈਂ ਕੀ ਕਿਸੇ ਭੀ ਕਦੀ ਏਨਾਂਦੇ ਮੱਥੇ ਤੇ ਤਿਹੜੀ ਪਈ ਹੋਈ ਨਹੀਂ ਡਿੱਠੀ ਅਤੇ ਏਹ ਦਸ਼ਾਵਾਨ ਭੀ ਅਜੇਹੀ ਹੈ ਕਿ ਜ਼ਰਾ ਜਿੱਨਾ ਭੀ ਕਿਸੇ ਦੇ ਦੁਖ ਨੂੰ ਦੇਖਕੇ ਡਾਢੀ ਬੇਚੈਨ ਹੋਜਾਂਦੀ ਹੈ ਪਰ ਹਾਏ ਸ਼ੋਕ ! ਕਿ ਮੇਰੇ ਅਜੇਹੇ ਹੀ ਖੋਟੇ ਭਾਗ ਸਨ ਕਿ ਏਸ ਨੇ ਭੀ ਮੈਨੂੰ ਭੁਖੀ ਤਿਹਾਈ ਵੇਖਕੇ ਟੱਕੀ ਬਿੰਦ ਭੀ ਤਰਸ ਨ ਕੀਤਾ ਅਤੇ ਸ਼ਹਿਰੋਂ ਬਾਹਰ ਕੱਡ ਦਿੱਤਾ, ਮੈਂ ਸਚ ਆਹਨੀ ਹਾਂ ਮੇਰਾ ਕਿਸੇ ਤੇ ਜ਼ਰਾ ਜਿੱਨਾ ਅਮਸੋਸ ਨਹੀਂ ਇਹ ਸਭ ਮੇਰੇ ਅਪਨੇ ਪੂਰਬਲੇ ਜਨਮ ਦੇ ਕਰਮਾਂ ਦਾ ਦੋਸ਼ ਹੈ ॥

ਜਦ ਅੰਜਨਾਂ ਨੇ ਇਸ ਪ੍ਰਕਾਰ ਕਿਹਾ ਤਾਂ ਸਭਨਾਂ ਦੀਆਂ

ਵੇਲੇ ਏਹ ਉਠਾ ਰਹੀ ਹੈ । ਪੁੱਤ੍ਰ ਸ਼ਾਬਾਸ਼ੇ ! ਅੰਜਨਾਂ ਤੇਨੂੰ ਅਤ ਸਦ ਰਹਿਮਤ ਤੇਰੀ ਮਾਤਾ ਦੇ ਜਿਸਨੇ ਤੈਨੂੰ ਦੁਧ ਪਿਲਾਇਆ ਪਾਲਿਆ ਅਤੇ ਭਲੀ ਸਿਖਜਾ ਦਿੱਤੀ । ਭਾਂਵੇ ਗੱਲ ਇਹ ਹੋਈ ਕਿ ਸਾਰੀਆਂ ਤਰੀ ਮਾਂ ਮੁਸੀਬਤਾਂ ਦਾ ਮੂਲ ਕਾਰਣ ਰਾਨੀ ਕੇਕੁਮਤੀ ਹੀ ਸੀ ਪਰ ਤੂੰ ਕਿਸੇ ਗੱਲ ਦੀ ਭੀ ਪ੍ਰਵਾਹ ਨਾ ਕਰਕੇ, ਅਤੇ ਓਸਦੇ ਪੈਰਾਂ ਤੇ ਸੀਸ ਨਵਾਕੇ ਇਸ ਗੱਲ ਨੂੰ ਸਾਬਤ ਕਰ ਦਿੱਤਾ ਹੈ ਕਿ ਮਨੁੱਖ ਵਿੱਚ ਕਿਥੋਂ ਤਕ ਸਹਾਰਨ ਦੀ ਸਮਰਥ ਹੁੰਦੀ ਹੈ ॥

ਹੇ ਅੱਜ ਕੱਲ ਦੀਓ ਭੈਨੋ ! ਤੁਸੀ ਭੀ ਤਾਂ ਜ਼ਰਾ ਸੋਚੋ ਤੇ ਵਿਚਾਰੋ ਅਤੇ ਅੰਜਨਾਂ ਦੀ ਬਿਪਤਾ ਨੂੰ ਅਪਨੇ ਨਾਲ ਮੇਲਕੇ ਦੇਖੋ ਜ ਤੁਹਾਡੇ ਵਿੱਚੋਂ ਕੋਈ ਭੀ ਹੁੰਦੀ ਤਾਂ ਜਦ ਤੀਕ ਸਸਦੀ ਗੁਤ ਦਾ ਵਾਲ ਵਿ ਨ ਕਰ ਦੇਂਦੀ ਤਦ ਤੀਕ ਸਾਹ ਨ ਲੈਂਦੀ ਪਰ ਨਹੀਂ ਏਹ ਮੂਰਖਤਾਈ ਦਾ ਕੰਮ ਹੈ ਏਹ ਠੀਕ ਨਹੀਂ ਜੋ ਕੋਈ ਤੁਹਾਡੇ ਨਾਲ ਅਪਨੀ ਮੂਰਖਤਾ ਯਾਂ ਬੇਸਮਝੀ ਨਾਲ ਬੁਰਾ ਵਰਤਾਰਾ ਵਰਤੇ ਤਾਂ ਓਸ ਨੂੰ ਧੀਰਜ ਨਾਲ ਸਮਝਾਨ ਦਾ ਜਤਨ ਕਰੋ ਅਤੇ ਨਰਮੀ ਨਾਲ਼ ਕੰਮ ਲਵੋ ਤੁਹਾਡਾ ਇਹ ਵਰਤਾਓ ਓਸਨੂੰ ਓਹੋ ਫੁਲ ਦੀ ਨਿਆਈਂ ਹੌਲਾ ਕਰਸਕਦਾ ਹੈ ਜੇਹੜਾ ਦੂਜੀ ਤਰਾਂ ਹੋਨਾ ਬੜਾ ਮੁਸ਼ਕਲ ਤੇ ਕਠਨ ਹੈ ।

Original with:
Language Department Punjab
Digitized by:
Panjab Digital Library

ਅਖਾਂ ਭੋਂ ਅਥਰੂ ਵਗ ਪੈ ਭਦ ਬਸੰਤ ਮਾਲਾ ਨੇ ਆਖਿਆ—

ਬਸੰਤ ਮਾਲਾ—ਹੁਨ ਰੋਇਆਂ ਕੀ ਬਨਦਾ ਹੈ, ਚੰਗਾ ਜੋ ਹੋਨੀ ਹੁੰਦੀ ਹੈ ਹਰਹੀਲੇ ਹੁੰਦੀ ਹੈ ਹੁਨ (ਹਨੂਮਾਨ ਨੂੰ ਅਗੇ ਕਰਕੇ) ਇਹ ਵੇਖੋ ਵਾਹਗੁਰੂ ਨੇ ਤੁਹਾਨੂੰ ਓਹ ਲਾਲ ਬਖਸ਼ਿਆ ਹੈ ਕਿ ਜਿਦੇ ਲਈ ਹਰ ਇਕ ਭਟਕਦਾ ਫਿਰਦਾ ਹੈ॥

ਇਹ ਕਹਕੇ ਰਾਨੀ ਕੇਤੁਮਤੀ ਦੀ ਗੋਦੀ ਵਿਚ ਓਸਨੂੰ ਬਿਠਾ ਦਿੱਤਾ ਅਤੇ ਚੁਟਕੀ ਮਾਰਕੇ ਆਖਨ ਲੱਗੀ ਪੁਤ੍ਰ ਬਜਰੰਗੀ! ਨਾਨੀ ਦਾਦੀ ਦੁਹਾਂਦੀ ਖੂਬ ਖਬਰ ਲੋ। ਬਸੰਤ ਮਾਲਾ ਨੂੰ ਚੁਟਕੀ ਵਜਾਂਦਿਆਂ ਦੇਖਕੇ ਸਾਡਾ ਬਹਾਦੁਰ ਜਰਨੈਲ ਹੱਸ ਪਿਆ। ਆਹਾ ਇਸਦੇ ਮੁਸਕਰਾਦਿਆਂ ਹੀ ਸਭਨਾਂ ਦਾ ਚੇਹਰਾ ਬਾਗ ਬਾਗ ਹੋਗਿਆ ਇਸ ਵੇਲੇ ਦੁਖ ਦਰਿਦ੍ ਤੇ ਚਿੰਤਾ ਏਸ ਘਰੋਂ ਏਸ ਤਰ੍ਹਾਂ ਨਸਿਆ ਜਿਵੇਂ ਸੂਰਜ ਦੀ ਚਾਨਨੀ ਤੋਂ ਹਨੇਰਾ ਨੱਸ ਜਾਂਦਾ ਹੈ, ਰਾਨੀ ਕੇਤੁਮਤੀ ਅਤੇ ਵੇਗਮੋਹਿਨੀ ਦਾ ਮੂੰਹ ਖੁਸ਼ੀਦੇ ਮਾਰਿਆ ਲਾਲ ਹੋ ਰਿਹਾ ਹੈ ਮਾਨੋ ਸਾਰੇ ਸੰਸਾਰ ਦੀ ਖੁਸ਼ੀ ਅੱਜ ਇਨ੍ਹਾਂ ਦੇ ਹੀ ਹਿੱਸੇ ਆਈ ਹੈ, ਜੇ ਬੇਗਮੋਹਿਨੀ ਬਾਲਕ ਨੂੰ ਲੈਂਦੀ ਹੈ ਤਾਂ ਕੇਤੁਮਤੀ ਹੱਥ ਫੈਲਾ ਕੇ ਲੈਨ ਨੂੰ ਉਸ ਵਲ ਦੇਖਦੀ ਹੈ ਤੇ ਜੇ ਓਹਦੇ ਕੁਛੜ ਆਉਂਦਾ ਹੈ ਤਾਂ ਫੇਰ ਬੇਗਮੋਹਿਨੀ ਲੈਨ ਦੀ ਚਾਹ ਕਰ ਰਹੀ ਹੈ ਕਿ ਕਦ ਮੇਰੇ ਕੋਲ ਆਵੇ ਰਾਨੀ ਕੇਤੁਮਤੀ ਪਿਆਰ ਕਰਹੀ ਰਹੀਸੀ ਕਿ ਅਚਨਚੇਤ ਸਾਡੇ ਬਹਾਦਰ ਜਰਨੈਲ ਦਾ ਧਿਆਨ ਓਸਦੇ ਕੰਨਵਲ ਪਿਆ ਤਾਂ ਓਸਦੇ ਕੰਨੀ ਇਕ ਛਾਡੀ ਮੁੰਦ੍ ਜੜ੍ਹਾਓ ਵਾਲੀ ਪਈ ਹੋਈ ਸੀ ਜਿਸਨੂੰ ਵੇਖਦਿਆਂਈ ਝੱਟ ਝਪਟਾ ਮਾਰਕੇ ਪਕੜ ਲਿਯਾ ਅਤੇ ਅਜਿਹੇ ਜੋਰਨਾਲ ਵਾਲੀ ਖਿੱਚੀ ਕਿ ਰਾਨੀ ਦੀਆਂ ਚੀਕਾਂ ਨਿਕਲ ਗਈਆਂ, ਅਤੇ ਸਭੋ ਤੀਮੀਆਂ ਨੀਵੇਂ ਮੂੰਹ ਪਾ ਕੇ ਮੁਸਕੜਾ ਪਈਆਂ। ਰਾਨੀ ਸ਼ਰਮਿੰਦੀ ਜਹੀ ਹੋਗਈ ਅਤੇ ਅੰਜਨਾਂ ਦੇਵੀ ਮੁਸ਼ਕਲ ਨਾਲ ਓਸਦਾ ਹੱਥ ਛੁਡਾਕੇ ਹਸਦੀ ਦੂਜੇ ਦਲਾਨ ਨੂੰ ਚਲੀ ਗਈ ਹੈ। ਪਾਠਕ ਗਣ! ਆਓ ਹੁਨ ਅਸੀ ਅਪਨੇ ਖਿਆਲ ਨੂੰ ਜਿੱਥੇ ਰਾਜਾ ਮਹੇਂਦ੍ਰਾਓ ਤੇ ਪ੍ਰਹਿਲਾਦ ਵਿਦਿਆਧਰ ਅਤੇ ਰਾਜਾ ਪ੍ਰਭਿਸੁਰਖਾ ਬੈਠੇ ਹਨ ਲੈ ਚਲੀਏ॥

Original with:
Language Department Punjab
Digitized by:
Panjab Digital Library

ਵੀਹਵਾਂ ਅਧਜਾਯ ॥

॥ ਕੀ ! ਓਹ ਏਥੇ ਨਹੀਂ ਆਏ ॥

ਓਹੋ ! ਏਥੇ ਤਾਂ ਅੰਜਨਾਂ ਦੇਵੀ ਦੀ ਹੀ ਰਾਮ ਕਹਾਨੀ ਛਿੜੀ ਹੋਈ ਹੈ, ਓਸਦਾ ਹੀ ਚਰਚਾ ਹੋ ਰਿਹਾ ਹੈ ਓਹ ਵੇਖੋ ਰਾਜਾ ਮਹੇਂਦ੍ਰਾਓ ਅਤੇ ਰਾਜਾ ਪ੍ਰਤੀਸੂਰਯਾ ਕਿਸ ਤਰ੍ਹਾਂ ਬੋਲ ਰਹੇ ਹਨ ਪਰ ਪ੍ਰਹਿਲਾਦ ਵਿਦਿਆਧਰ ਸਿਰ ਨੀਵੇਂ ਪਾਕੇ ਚੁਪਚਪੀਤਾ ਓਨ੍ਹਾਂ ਦੀਆਂ ਗੱਲਾਂ ਸੁਨ ਰਿਹਾ ਹੈ ਅਤੇ ਦਿਲ ਵਿੱਚ ਅਪਨੇ ਆਪ ਨੂੰ ਫਿਟਕਾਰਦਾ ਹੋਇਆ ਕਹ ਰਿਹਾ ਹੈ, "ਜੇ ਓਦੋਂ ਮੈਂ ਰਾਨੀ ਦੀਆਂ ਗੱਲਾਂ ਵਿੱਚ ਨ ਔਂਦਾ ਤਾਂ ਅਜ ਮੈਂਨੂੰ ਏਹ ਸ਼ਰਮਿੰਦਗੀ ਤਾਂ ਨਾ ਉਠਾਨੀ ਪੈਂਦੀ, ਇਨ੍ਹਾਂ ਦੀਆਂ ਗੱਲਾਂ ਸੁਨਕੇ ਮੂੰਹ ਤਾਂ ਨਾਂ ਲੁਕੌਨਾਂ ਪੈਂਦਾ। ਇਨਾਂ ਦੇ ਗਿਲੇ ਸੱਚੇ ਹਨ ਕਿਉਂ ਜੋ ਹਰ ਇੱਕ ਗੱਲ ਦਾ ਜਿਮੇਵਾਰ ਤਾਂ ਮੈਂ ਹੈਸਾਂ, ਰਾਨੀ ਨੂੰ ਕਿਸ ਨੇ ਪੁਛਨਾ ਸੀ ! ਮੈਂ ਬੜੀ ਨਾਦਾਨੀ ਕੀਤੀ !! ਬੇਸ਼ਕ ਨਾਦਾਨੀ ਕੀਤੀ !!!

ਏਨੇ ਵਿੱਚ ਇੱਕ ਮਨੁੱਖ ਜਿਸਦੇ ਮੁਰਝਾਏ ਤੇ ਘਬੌਘਟ ਹੋਏ ਹੋਏ ਮੂੰਹ ਅਤੇ ਸੁੱਕੇ ਹੋਏ ਹੋਠਾਂ ਨੂੰ ਵੇਖਕੇ ਕਹਿਨਾ ਪੈਂਦਾ ਹੈ ਕਿ ਕਿਤੋਂ ਦੂਰੋਂ ਆਇਆ ਹੈ ਆਇਆ ਤੇ ਝਾਂਵੇ ਅਦਬ ਨਾਲ ਸੀਸ ਨਿਵਾਕੇ ਹਰਾਨਗੀ ਨਾਲ ਏਧਰ ਓਧਰ ਤਕੱਨ ਗੱਲ ਪਿਆ ॥

ਰਾਜਾ ਪ੍ਰਹਿਲਾਦ ਵਿਦਿਆਧਰ–ਇਸ ਨਵੀਨ ਪੁਰਸ਼ ਨੂੰ ਵੇਖਕੇ ਕਹਿਨ ਲੱਗਾ ॥

ਰਾਜਾ ਪ੍ਰਹਿਲਾਦ ਵਿਦਿਆਧਰ–ਐ ! ਤੂੰ ਕਿਥੇ ! ਅਤੇ ਪਵਨ ਕਿੱਥੇ ਹੈ ?

ਨਵੀਨ ਪੁਰਸ਼ (ਹਰਾਨਗੀ ਨਾਲ) ਕੀ ! ਓਹ ਏਥੇ ਨਹੀਂ ਆਏ ?

Original with:
Language Department Punjab
Digitized by:
Panjab Digital Library

ਰਾਜਾ—ਕੀ ਆਖਿਆ ਈ ! ਤੈਨੂੰ ਮਲੂਮ ਨਹੀਂ ਕੀ ਉਸ ਓਸਦੇ ਨਾਲ ਨਹੀਂ ਮੈਂ ॥

ਨਵੀਨ ਪੁਰਖ—ਹਾਏ ਭਾਣਾ ਹਨੇਰ ਹੋਇਆ ! ਹੁਨ ਕੀ ਕਰਾਂ ?

ਰਾਜਾ (ਡਾਢੀ ਸੋਚ ਵਿੱਚ ਆਕੇ) ਖਿਉਂ ਸੁਖ ਤੇ ਹੈ ?

ਓਹੋ ! ਇਸ ਪ੍ਰਸ਼ਨ ਨੇ ਸਭਨਾਂ ਨੂੰ ਹਰਾਨ ਕਰ ਦਿੱਤ ਅਰ ਸਾਰੇ ਬੜੀ ਪਰੇਸ਼ਾਨੀ ਨਾਲ ਓਸਦੇ ਮੂੰਹ ਵੱਲ ਝਕੱਨ ਲੱਗੇ

ਨਵੀਨ ਪੁਰਸ਼—ਮਹਾਰਾਜ ! ਅਸੀ ਦੋਵੇਂ ਪਸ਼ੁਮੁਖਾ ਬਨ ਨੂੰ ਅੰਜਨਾ ਦੇਵੀ ਦੀ ਢੂੰਢ ਭਾਲ ਵਿੱਚ ਗਏ ਤਾਂ ਓਥੇ ਪਹੁੰਚਕੇ ਰਾਤ ਨੂੰ ਇੱਕ ਬ੍ਰਿਛ ਹਿਠਾਂ ਬਿਸ੍ਰਾਮ ਕੀਤਾ ਤੇ ਸਵੇਰ ਹੁੰਦਿਆਈ ਓਹ ਜੰਗਲ ਪਾਨੀ ਨੂੰ ਗਏ ਅਤੇ ਫੇਰ ਮੁੜਕੇ ਨ ਆਏ, ਬਤੇਰੀ ਤਲਾਸ਼ ਕੀਤੀ ਪਰ ਕੁਝ ਪਤਾ ਨ ਲੱਗਾ ਤਦ ਮੈਨੂੰ ਸੋਚ ਆਈ ਕਿ ਕਿਤੇ ਅੰਜਨਾ ਦੇਵੀ ਦੇ ਮਿਲ ਜਾਨ ਤੇ ਮਹੇਂਦ੍ਰਪੁਰ ਨਾਂ ਚਲੇ ਗਏ ਹੋਨ ਇਹ ਸੋਚਕੇ ਮੈਂ ਇਥੇ ਆਇਆ ਪਰੰਤੂ ਹਾਇ ! ਅਮਸੋਸ !! ਕਿ ਮੇਰੀ ਸੋਚ ਝੂਠੀ ਨਿਕਲੀ !!!

ਰਾਜਾ--ਕਿਉਂ ਘਬਰਾਉਂਦੇ ਹੋ ਪਵਨ ਬਾਲ ਤਾਂ ਨਹੀਂ ! ਅੱਜ ਨਹੀਂ ਤਾਂ ਕੱਲ ਆਜਾਏਗਾ, ਬਾਹਲੀ ਜਿਸਦੀ ਚਿੰਤਾ ਸੀ ਓਹ ਤਾਂ ਆਹੀ ਗਈ ਹੈ ॥

ਪਾਠਕ ਗਣ ! ਤੁਸੀ ਸਮਝ ਭਾਂ ਗਏ ਹੋਵੋਗੇ ਕਿ ਇਹ ਨਵੀਨ ਪੁਰਖ ਬਾਹਰੋਂ ਆਇਆ ਹੋਇਆ ਪਵਨ ਦਾ ਮੰਤ੍ਰੀ ਹੈ, ਜੋਹੜਾ ਰਾਜਾ ਦੀ ਗੱਲ ਸੁਨਕੇ ਹਰਾਨਗੀ ਨਾਲ ਕਹ ਰਿਹਾਹੈ ॥

ਮੰਤ੍ਰੀ--ਕੀ ! ਅੰਜਨਾਂ ਦੇਵੀ ਆਗਈ ?

ਰਾਜਾ--ਹਾਂ ! ਓਹ ਭਾਂ ਸਾਥੋਂ ਕੁਝ ਚਿਰ ਪਹਿਲੋਂਈ ਆਗਈ ਸੀ ।

ਓਹੋ ! ਇਸ ਗੱਲ ਨੂੰ ਸੁਨਦੀਸਾਰ ਹੀ ਮੰਤ੍ਰੀ ਬੜਾ ਪਰੇਸ਼ਾਨ

Original with:
Language Department Punjab
Digitized by:
Panjab Digital Library

ਹੋਕੇ ਵੇਖਦੇ ਦਾ ਵੇਖਦਾ ਰਹ ਗਿਆ ਅਤ ਕੁਝ ਉੱਤਰ ਨ ਦੇ ਸਕਿਆ ॥

ਰਾਜਾ--ਕਹੋ ਚੁਪ ਕਿਉਂ ਹੋ ਗਏ। ਤੇਰੇ ਚੇਹਰੇ ਦਾ ਰੰਗ ਕਿਉਂ ਉੱਡਦਾ ਜਾਂਦਾ ਹੈ ?

ਮੰਤ੍ਰੀ--ਮਹਾਰਾਜ ! ਓਹ ਤਾਂ ਏਥੇ ਆਗਈ ਪਰ ਪਵਨ ਦਾ ਮਿਲਨਾ ਬੜਾ ਕਠਿਨ ਹੈ ਕਿਉਂ ਜੋ ਜੰਗਲ ਬੜਾ ਲੰਮਾ ਚੌੜਾ ਤੇ ਭਜਾਨਕ ਹੈ ਹੁਨ ਓਨ੍ਹਾਂ ਨੂੰ ਖਬਰ ਹੋਵੇ ਤੇ ਕਿਸ ਤਰ੍ਹਾਂ ਹੋਵੇ॥

ਰਾਜਾ ! ਫਿਕਰ ਦੀ ਕੋਈ ਗੱਲ ਨਹੀਂ ਦੋ ਚਾਰ ਦਿਨਾਂ ਭੀਕ ਆਪੇ ਢੂੰਡ ਭਾਲਕੇ ਆਜਾਵੇਗਾ ॥

ਮੰਤ੍ਰੀ--ਹਾਏ ! ਇਸ ਗੱਲ ਦੀ ਤਾਂ ਕੁਝ ਪਰਵਾਹ ਨਹੀਂ, ਪਰ ਮੈਨੂੰ ਤਾਂ ਏਨਾਂ ਇਸ ਗੱਲ ਤੇ ਆਉਂਦਾ ਹੈ ਕਿ ਓਹ ਕਹਿੰਦੇ ਸੀ ਕਿ "ਜੇ ਅੰਜਨਾਂ ਮਿਲ ਗਈ ਤਾਂ ਵਾਹ ਵਾਹ ਨਹੀਂ ਤਾਂ ਮੈਂ ਭੀ ਕਿਸੇ ਨੂੰ ਜਿਉਂਦਾ ਮੂੰਹ ਨਾਂ ਵਖਾਵਾਂਗਾ, ਤੇ ਏਸੇ ਬਨ ਵਿੱਚ ਹੀ ਅਪਨੇ ਪ੍ਰਾਣ ਦੇ ਦਿਆਂਗਾ"

ਰਾਜਾ--ਹੈਂ ! ਕੀ ਆਖਿਆਈ ! ਅਪਨੇ ਪ੍ਰਾਣ ਦੇਦਿਆਂਗਾ?

ਮੰਤ੍ਰੀ--ਜੀ ਹਾਂ !

ਓਹ ! ਇਸ ਛੋਟੇ ਜਹੇ ਵਾਕ ਨੇ ਰਾਜਾ ਦੇ ਦਿਲ ਵਿੱਚ ਕਾਤੀਆਂ ਫੇਰ ਮੱਟੀਆਂ ਕਲੇਜਾ ਉਛਲ ਕੇ ਬਾਹਰ ਨੂੰ ਆਗਿਆ, ਦਿਲ ਘਬਰਾ ਗਿਆ, ਹੋਸ਼ ਹਵਾਸ ਉੱਡ ਗਏ, ਅਰ ਅੱਖਾਂ ਤੋਂ ਅਥਰੂ ਨਿਕਲ ਪਏ, ਤਾਂ ਰਾਜਾ ਮਹੇਂਦ੍ਰਰਾਜ ਨੇ ਕਿਹਾ ॥

ਰਾਜਾ ਮਹਿੰਦ੍ਰਰਾਜ--ਤੁਸੀ ਏਡੇ ਕਿਉਂ ਘਬਰਾਂਉਦੇ ਹੋ ਹੌਸਲਾ ਕਰੋ ਤੇ ਮਨ ਵਿਚ ਧੀਰਜ ਰਖੋ ਹੁਨੇ ਅਸੀ ਲੋਗ ਢੂੰਡ ਭਾਲਕੇ ਪਵਨ ਦਾ ਪਤਾ ਕਢਲਵਾਂਗੇ ਜਿਥੇ ਹੋਨਗੇ ਉਥੋਂ ਈ ਲਿਆਵਾਂਗੇ ਆਪ ਭਸੱਲੀ ਰਖੋ ॥

ਇਹ ਕਹਕੇ ਘੋੜਿਆਂ ਤੇ ਚੜ੍ਹ ਝਟ ਤਿਆਰ ਹੋਗਏ ਅਤ

Original with:
Language Department Punjab
Digitized by:
Panjab Digital Library

ਰਾਜਾ ਪਤੀਸੂਰਯਾ ਨੇ ਸਭਨੂੰ ਭਾਕੀਦ ਕਰ ਦਿੱਤੀ ਕਿ ਜਿਸਨੂੰ ਪਵਨ ਸੀ ਮਿਲਨ ਓਹੋ (ਇਕ ਭਰਾਂ ਦਾ ਝੰਡਾ ਪਕੜਾ ਕੇ) ਅਪਨਾ ਇਹ ਨਿਸ਼ਾਨ ਖੜਾ ਕਰ ਦੇਵੇ ਜਿਸਤੋਂ ਸਮਨਾਂ ਨੂੰ ਪਤਾ ਲਗਾ ਸਾਵ ਅਰ ਚਿੰਤਾ ਫਿਕਰ ਤੋਂ ਛੁੱਟੀ ਪਾਨ ਇਹ ਕਹਕੇ ਘੋੜੇ ਇੱਕੇ ਸਾਹੀ ਭਜਾ ਦਿੱਤੇ ਅਤੇ ਵੇਖਦਿਆਂ ਵੇਖਦਿਆਂਈ ਅੱਖਾਂ ਤੋਂ ਗਾਇਬ ਹੋਗਏ ਅਤੇ ਪਸੂਮੁਖਾ ਬਨ ਵਿਚ ਪਹੁੰਚਕੇ ਹਰ ਇਕ ਭਨੋਮਨੋ ਹੋਕੇ ਢੂੰਢ ਭਾਲ ਕਰਨ ਲੱਗਾ ਪਰ ਅਮਸੋਸ ਉਸਦਾ ਪਤਾ ਕਿਸੇ ਨੂੰ ਭੀ ਨਾ ਮਿਲਿਆ ।

ਦੂਜੇ ਦਿਨ ਦੁਪਹਿਰ ਦੇ ਪਿਛੋਂ ਇਕ ਜਗਹ ਤੋਂ ਧੂਏਂ ਦੇ ਗੁਬਾਰ ਨਿਕਲਦੇ ਹੋਏ ਨਜ਼ਰ ਆਏ ਜਿਸਨੂੰ ਵੇਖਦਿਆਂ ਸਮਨਾਂ ਨੇ ਸਮਝਿਆ ਕਿ ਏਥੇ ਜਰੂਰ ਕੋਈ ਵਸਤੀ ਹੈ ਤਾਂ ਓਸੇ ਪਾਸੇ ਘੋੜਿਆਂਨੂੰ ਪਾਦਿਤਾ ।

ਪਾਠਕ ਗਣ ! ਅਸੀ ਤਾਂ ਏਨਾਂਦੇ ਪਿੱਛੇ ੨ ਈ ਆਗਏਹਾਂ ਪਰ ਸੈਹਲਾਂ ਦਾ ਕੁਝ ਹਾਲ ਮਾਲੂਮ ਨਹੀਂ ਕਿ ਉਨਾਂ ਵਿਚਾਰੀਆਂ ਨਾਲ ਇਸ ਖਬਰ ਦੇ ਸੁਨਨ ਨਾਲ ਕੀ ਬੀਤੀ ।

ਓਹ ! ਏਸ ਭਯਾਨਕ ਖਬਰ ਨੇ ਤਾਂ ਏਥੇ ਹਨੇਰਈ ਮਚ, ਦਿੱਤਾ ਹੋਇਆ ਹੈ ਦੇਖੋ ! ਓਸੇ ਸੈਹਲ ਵਿਚ ਜਿੱਥੇ ਝਟਕੁ ਪਹਿਲੋ, ਹਸਹੱਸ ਕੇ ਗੱਲਾਂ ਹੋਰਹੀਆਂ ਸਨ ਹੁਨ ਓਥੇ ਚਿੰਤਾ ਦੀ ਫੂੜ ਵਿਛੀ ਹੋਈ ਹੈ ਅਤੇ ਸਾਰੇ ਚੁਪ ਚਾਪ ਬੈਠੇ ਹਨ ਆਏ ਦਿਨ ਦੀ ਬਿਪਤਾ ਨੂੰ ਵੇਖਕੇ ਸਬਦੇ ਚੇਹਰੇ ਫੱਕ ਹੋਰਹੇ ਹਨ ਕੋਈਆਂ ਦੀਆਂ ਅੱਖੀਆਂ ਤੋਂ ਤਾਂ ਅਥਰੂ ਭੀ ਵਗਰਹੇ ਹਨ ਪਰ ਰਾਨੀ ਕੇਤੁਮਤੀ ਦੀਆਂ ਅੱਖੀਆਂ ਤੋਂ ਤਾਂ ਅਥਰੂਆਂ ਦਾ ਮੀਂਹ ਵਸ ਰਿਹਾਹੈ ।

ਓਹੋ ! ਬਰਾ ਅੰਜਨਾਂ ਵਲ ਤਾਂ ਦੇਖਨਾ ਬਾਹਰੋਂ ਕਿਸ ਪ੍ਰਕਾਰ ਹੱਸਦੀ ਹੱਸਦੀ ਆਰਹੀ ਹੈ ਪਰ ਹੁਨ ਇਸ ਗੱਲਨੂੰ ਸੁਨਦਿਆਂਈ ਅੱਖਾਂ ਅੱਗੇ ਹਨੇਰਾ ਆਗਿਆ ਅਤੇ ਚਿੰਤਾ ਨਾਲ ਲਹੂ ਸਰੀਰ ਵਿਚ ਬਰਫ ਦੀ ਨਿਆਈਂ ਜਮਗਿਆ ਦਿਲ ਧੜਕਨ ਲਗ ਪਿਆ। ਕਲੇਜਾ ਅੰਦਰੋਂ ਅੰਦਰ ਗੁਮ ਹੋਗਿਆ ਖਲੋਤੀ ਦੀ ਖਲੋਤਾ

Original with:
Language Department Punjab
Digitized by:
Panjab Digital Library

ਰਹ ਗਈ ਹੈ ਖਬਰ ਨਹੀਂ ਇਸਦਾ ਏਹ ਕਾ ਣ ਮੀ ਕਿ ਏਸ ਔਤਰੀ ਖਬਤ ਨੂੰ ਸੁਨਕੇ ਘਬਰਾਹਟ ਨਾਲ ਇਮਦੇ ਹਬਪੈਰ ਭੁਲ ਗਏਨੇ ਕਿ ਇਸ ਵੇਲੇ ਦੇ ਏਦ ਨੇ ਏਸਦੇ ਪੇਰਾਂਨੂੰ ਜ਼ਮੀਨ ਵਿਚ ਗਡ ਸਟਿਆ ਹੈ ਅੱਛਾ ! ਭ ਵੇਂ ਕੁਝਹੀ ਕਿਉਂ ਨ ਹੋਵੇ ਪਰ ਏਸ ਗਲ ਨੂੰ ਸੁਨਕੇ ਅੰਸਨਾਂ ਇਤ ਪੈਰ ਭੀ ਅੱਗ ਨ ਵਧੀ ਤੇ ਹਰਾਨ ਪਰੇਸ਼ਾਨ ਹੋ ਓਥੇਈ ਠਠੰਬਰ ਕੇ ਖਲੋ ਗਈ ਅਤ ਅਨੇਕ ਪ੍ਰਕਾਰ ਦੇ ਭੈੜੇ ੨ ਖਿਆ ਲ ਓਤਪਨ ਹੋਕੇ ਡਾਢੇ ਬੇਚੈਨ ਕਰਨ ਲੱਗੇ ॥

ਇੱਕੀਵਾਂ ਅਧਜ਼ਾਯ ॥

ਹੇ ਪ੍ਰਾਣਨਾਥ ! ਤੁਸੀ ਕਿਥੇ ਹੋ ॥

ਅੱਧੀਕੁਰਾਤ ਦਾ ਸਮਾ ਹੋਵੇਗਾ ਜਦ ਕਿ ਇਸ ਅੰਨੇਰੀ ਰਾਤ ਨੇ ਅਪਨੇ ਆਪ ਨੂੰ ਚਾਰੇ ਪਾਸੇ ਖਿਲਾਰ ਅਤੇ ਭਜਾਨਕ ਪਸ਼ੂਮੁਖਾ ਜੰਗਲਨੂੰ ਹੋਰਭੀ ਡਰਾਓਨਾ ਬਨਾ ਰਖਿਆ ਹੈ, ਮਨੁਖ ਤਾਂ ਦਿਨੇ ਹੀ ਇਥ ਕੋਈ ਟਾਂਵਾਂ ੨ ਨਜ਼ਰ ਪੈਂਦਾਸੀ, ਮਾਂਸਹਾਰੀ ਪਸ਼ੂਪੰਖੀ ਆਦਿਕ ਅਗਿਣਤ ਦਿਸਦੇ ਸਨ ਪਰ ਇਸਵੇਲੇ ਓਹਭੀ ਮੌਨਧਾਰੇ ਜੋਗਿਆਂ ਹਾਰ ਚੁਪਚੁਪੀਤੇ ਪਏ ਹੋਏ ਹਨ, ਹਾਂ ! ਕਦੇ ੨ ਨੇਸ਼ਭੀ ਦਾ ਮਾਰਿਆ ਹੋਇਆ ਓੱਲੂ ਟੱਲਾ ਪਾਂਦਾ ਹੋਇਆ ਸੁਨਾਈ ਦੇਂਦਾਹੈ, ਜਾਂ ਹਵਾ ਸ਼ਾਂ ਸ਼ਾਂ ਕਰਦੀ ਵਗਦੀ ਹੈ ਜਿਨ੍ਹਾਂ ਨੂੰ ਸੁਨਕੇ ਮਨੁਖ ਹੋਤ ਭੀ ਸਹਮ ਜਾਂਦ ਹੈ ਇਸ ਵੇਲੇ ਜੇ ਕੁਝ ਸਹਾਰਾ ਹੈ ਤਾਂ ਅਕਾਸ਼ ਵਿਚ ਤਾਰਿਆਂ ਨੂੰ ਦੇਖਨੇ ਤੇ, ਪਰ ਨਿਰ-ਦੈਯਿ ਵਿਧਤਾ ਨੂੰ ਇਹ ਗੱਲ ਭੀ ਨਾ ਭਾਈ ਕਿ ਤਤਕਾਲ ਅਸਮਾਨ ਓਤੇ ਕਾਲੇ ੨ ਬਦਲਾਂ ਦੀ ਛੱਤ ਪੈਗਈ ਅਤੇ ਹਨੇਰ ਘੁਮਘੇਰ ਹੋਗਿਆ । ਪਰ ਤੁਹਾਨੂੰ ਚੰਗੀ ਤਰਾਂ ਮਲੂਮ ਹੈ ਕਿ

Original with:
Language Department Punjab
Digitized by:
Panjab Digital Library

ਜੋ ਸੱਚੇ ਦਿਲ ਨਾਲ ਨੇਕੀ ਲਈ ਲੜ ਬੱਨ ਲੈਂਦੇ ਹਨ, ਭਾਵੇਂ ਫੇਰ ਕਿਹੀਆਂ ਭੁ ਰੁਕਾਵਟਾਂ ਓਹਨਾਂਦੇ ਅੱਗੇ ਆਓਨ ਓਹ ਅਪਨੇ ਧਰਮ ਪਾਲਨ ਤੋਂ ਨਹੀਂ ਪਿਛਾਂ ਹੁੰਦੇ ਏਸੇ ਪ੍ਰਕਾਰ ਦਜਾਵਾਨ ਤਾਰਿਆਂ ਨੇ ਮਾਨੋ ਬਦਲਾਂ ਵਿਚੋ ਛੇੜ ਕਰਕੇ ਅਪਨੀ ਚਮਕ ਦਾ ਸਹਾਰਾ ਦੇ ਰਖਿਆ ਹੈ ਅਤੇ ਓਦਾਸ ਦਿਲਾ ਨੂੰ ਤਸੱਲੀ ਦੇਨੀ ਆਰੰਭ ਕਰਦਿਤੀ ਹੈ ॥

ਓਹੋ ! ਏਸ ਵੇਲੇ ਤਾਂ ਦਿਨ ਦੇ ਅੰਨੇ (ਓਲੂ) ਨੇ ਭੀ ਰਾਮ ਜਾਨੇ ਕੀ ਸੋਚਕੇ ਮੌਨ ਧਾਰਣ ਕਰ ਲਿਯਾ ਹੈ, ਪਰ ਹਵਾ ਦੇ ਬੁੱਲੇ ਫਰਨ ਫਰਨ ਬਰਾਬਰ ਆਰਹੇ ਹਨ, ਜਾਂ ਇਕ ਬਿਪਤਾ ਦੀ ਮਾਰੀ ਭੀਮੀ ਦੇ ਰੋਨ ਦੀ ਅਵਾਜ਼ ਸੁਨਾਈ ਦੇ ਰਹੀ ਹੈ, ਓਹੋ ! ਇਸਨੂੰ ਭੀ ਤਾਂ ਅਪਨੀ ਜਾਨ ਪਿਆਰੀ ਨਹੀਂ ਜੋ ਏਸ ਵੇਲੇ ਇਸ ਓਜਾੜ ਬਿਆਬਾਨ ਵਿਚ ਥੇ ਚੈਨ ਹੋ ਕੇ ਰੋਰਹੀ ਹੈ ਜੋ ਇਹ ਤਾਂ ਜਰੂਰ ਕੋਈ ਅਭਾਗੀ ਬਿਪਤਾ ਦੀ ਮਾਰੀ ਜੋ ਇਸਤਰਾਂ ਦਾ ਵਿਰਲਾਪ ਕਰ ਰਹੀ ਹੈ । "ਹੇ ਪ੍ਰਾਣ ਨਾਥ ਤੁਸੀ ਕਿੱਥੇ ਹੋ ! ਮੇਰੀਆਂ ਅੱਖੀਆਂ ਚਕੋਰ ਦੀ ਨਿਆਂਈਂ ਤੁਹਾਡੇ ਦਰਸਨ ਨੂੰ ਤਰਸ ਰਹੀਆਂ " ਹਨ ॥

ਅਪਨਾ ਚੰਦ ਸਮਾਨ ਮੁਖੜਾ ਵਖਾਕੇ ਇਨ੍ਹਾਂ ਨੂੰ ਧੀਰਜ ਦਿਓ ਹਾਏ ! ਤਹਾਡੇ ਮਨ ਵਿੱਚ ਅਜੇਹੀਆਂ ਗੱਲਾਂ ਕਿਉਂ ਆਗਾਈਆਂ, ਸੁਆਮੀ ਜੀ ਮੇਰਾ ਤੁਹਾਡੇ ਬਿਨਾ ਹੋਰ ਕੋਈ ਆਸਰਾ ਨਹੀਂ ॥

ਆਹ ! ਅੰਜਨਾਂ ਨੂੰ ਤਾਂ ਅਮੀ ਮੈਹਲ ਵਿੱਚ ਛੱਡ ਆਏ ਸਾਂ, ਏਹ ਦੂਜੀ ਬਿਪਤਾ ਦੀ ਮਾਰੀ ਕੌਨ ਹੈ ਚਲੋ ਜਰਾ ਮਲੂਮ ਤਾਂ ਕਰੀਏ ਕਿ ਸਮੇ ਦੇ ਚਕ੍ਰ ਨੇ ਇਸ ਨਾਲ ਅਜਿਹਾ ਕੀ ਸਲੂਕ ਕੀਤਾ ਹੈ ਜਿਸਨੇ ਇਸ ਨੂੰ ਇਥੇ ਤੀਕਰ ਪੁਹੰਚਾਇਆ ਹੈ ॥

ਹੈਂ ! ਏਹ ਤਾਂ ਓਹੋ ਮੁਸੀਬਤ ਦੀ ਮਾਰੀ ਅੰਜਨਾਂ ਵੈਦੀ ਹੀ ਹੈ, ਜੋਹੜੀ ਅਪਨੇ ਸ੍ਵਾਮੀ ਦਾ ਹਾਲ ਸੁਨਦ ਸਾਰ ਹੀ ਘਬਰਾਕੇ ਅਤੇ ਕਿਸੇ ਤੇ ਭਰੋਸਾ ਨ ਕਰਕੇ ਆਪ ਹੀ ਢੂੰਡ ਭਾਲ ਕਰਦੀ ਹੋਈ ਇਥੋਂ ਤਕ ਆਪਹੁੰਚੀ ਹੈ ॥

ਸ਼ਾਬਾਸ਼ ! ਅੰਜਨਾਂ ! ਤੈ ਨੂੰ, ਪਤਿਬ੍ਰਤਾ ਇੱਸੇ ਨੂੰ ਹੀ ਆਖਦੇ

Original with:
Language Department Punjab
Digitized by:
Panjab Digital Library

ਹਨ ਕਿ ਜਿਨ੍ਹਨੇ ਅਪਨੀ ਪਿਆਰੀ ਜਾਨ ਅਤੇ ਉਜਾੜ ਬਿਆਬਾਨ ਜੰਗਲ ਦੀ ਦੱਤੀ ਭੀ ਪਰਵਾਹ ਨ ਕਰਕੇ ਘਰੋਂ ਅਕੇਲੀ ਨਿਕਲ ਪਈਓਂ ਪ੍ਰਮਾਤਮਾ ਤੇਰੀ ਮੁਰਾਦ ਪੂਰੀ ਕਰੇ ।

ਪਿਆਰੇ ਪਾਠਕ ਗਣ ! ਰਾਤ ਦੇ ਪਹਿਲੇ ਪਹਿਰ ਦੀ ਬਾਬਤ ਭਾਂ ਅਸੀ ਨਹੀਂ' ਕਹ ਸਕਦੇ ਪਰ ਅੱਧੀ ਰਾਤ ਤੋਂ ਲੈਕੇ ਜਦ ਤੀਕ ਪ੍ਰਭਾਕਾਲ ਨਾ ਹੋਇਆ ਓਸਦੇ ਵਿਰਲਾਪ ਕਰਨ ਦੀ ਬਰਾਬਰ ਅਵਾਜ ਆਉਂਦੀ ਰਹੀ ਹੈ, ਪਰ ਹੁਨ ਭਾਂ ਸਿੱਥੇ ਸੰਘਨੀਆਂ ਝਾੜੀਆਂ ਨਜ਼ਰ ਪੈਂਦੀਆਂ ਹਨ ਓਥੇ ਹੀ ਪਹੁੰਚਕੇ ਇੱਕ ਇੱਕ ਥਾਂ ਨੂੰ ਦਸ ਦਸ ਵਾਰੀ ਪਾਗਲਾਂ ਦੀ ਨਿਆਈਂ ਵੇਖਦੀ ਫਿਰਦੀ ਹੋ ਅਤੇ ਰੋਂਦੀ ਜਾ ਰਹੀ ਹੈ ।

"ਹੇ ਪਸੂ ਪੰਖਿਓ, ਬਨ ਨਿਵਾਸੀਓ ! ਤੁਸੀਂਹੀ ਮੇਰੀ ਦਸ਼ਾ ਤੇ ਤਰਸ ਕਰੋ ਅਤੇ ਜੇ ਕਿਤੇ ਮੇਰੇ ਪ੍ਰਾਨਨਾਥ ਨੂੰ ਵੇਖੀਆ ਹੋਵੇ ਭਾ ਦੱਸੋ. ਹੇ ਜੰਗਲੀ ਬ੍ਰਿਛੋ ! ਤੁਮੀ ਭਾਂ ਉੱਚੇ ਹੋਨ ਕਰਕੇ ਸਭ ਕੁਝ ਵੇਖਦੇ ਹੋ ਸ੍ਵਾਮੀ ਜੀ ਦਾ ਪਤਾ ਤੁਸੀ ਹੀ ਦਸੋ, ਹੇ ਪਹਾੜਾਂ ਦੀਓ ਉੱਚੀਓ ਹੇ ਚੋਟੀਓ ! ਪ੍ਰਮਾਤਮਾ ਤੁਹਾਨੂੰ ਸਦਾ ਹਰਿਆ ਭਰਿਆ ਰਖੇ ਮੇਰੇ ਤੇ ਤੁਸੀ ਹੀ ਤਰਸ ਖਾਕੇ ਮੇਰੇ ਪ੍ਰਾਨਪਤਿ ਦਾ ਪਤਾ ਦਸੋ । ਹਾਏ ! ਕੋਈ ਉੱਤਰ ਨਹੀਂ ਦੇਂਦਾ !! ਸੱਚ ਹੈ ਬਿਪਤਾ ਵੇਲੇ ਕੋਈ ਭੀ ਨਹੀਂ ਸਹਾਇਕ ਬਨਦਾ" ।

ਇਸ ਭਾਂ ਨਾਲ ਦੌੜਦੀ ਜਾ ਰਹੀ ਸੀ ਕਿ ਦੁਖਾਂ ਵਿੱਚੋਂ ਕੁਝਕੁ ਚੇਤਨ ਜਹਿਆ ਅਤੇ ਧੁੰਆਂ ਨਿਕਲਦਾ ਦਿਸਿਆ, ਛੇਤੀ ੨ ਪੈਰ ਚੁਕ ਓਸ ਪਾਸੇ ਟੁਰ ਪਈ ਅਤੇ ਅਜੇ ਥੋੜੀ ਦੂਰ ਹੀ ਗਈ ਹੋਵੇਗੀ ਕਿ ਅੱਗ ਦੇ ਭੁਬਾਕੇ ਨਿਕਲਦੇ ਹੋਏ ਦਿੱਸੇ ਅਤੇ ਕੋਲ ਵਾਰ ਹੀ ਇੱਕ ਆਦਮੀ ਭੀ ਖਲੋਤਾ ਹੋਇਆ ਨਜ਼ਰ ਪਿਆ, ਹੁਨ ਭਾਂ ਬੜੀ ਹਰਾਨ ਹੋ ਅੱਖਾਂ ਪਟ ਪਟ ਵੇਖਦੀ ਹੋਈ ਓਧਰ ਹੀ ਜਾ ਰਹੀ ਹੈ ਕੁਝਕੁ ਪੈਰ ਹੀ ਹੋਰ ਅੱਗੇ ਵਦੀ ਹੋਵੇਗੀ ਕਿ ਓਸ ਆਦਮੀ ਨੂੰ ਪਛਾਨ ਲਿਆ ਅਰ ਪਛਾਨਦਿਆਂ ਹੀ ਚਿੰਤਾ ਦਾ ਪਹਾੜ ਕਲੇਜੇ ਤੇ ਡਿਗ ਪਿਆ,

Original with:
Language Department Punjab
Digitized by:
Panjab Digital Library

ਜੋ ਕਲੇਜੇ ਨੂੰ ਥੰਮਿਆ ਤਾਂ ਦਿਲ ਘਬਰਾ ਗਿਆ ਜੇ ਦਿਲ ਨੂੰ ਸੰਭਾਲਿਆ ਤਾਂ ਸਿਰ ਚੱਕਰ ਖਾ ਗਿਆ । ਹਾ ! ਜਦ ਸਿਰ ਨੂੰ ਕਾਬੂ ਕੀਤਾ ਤਾਂ ਹੱਥ ਪੈਰ ਢੁਲ ਖਲੋਤੇ ਪਰ ਵਾਹਰੀ ਪ੍ਰੇਮ ਅਗਨੀ ਤੂੰ ਤਾਂ ਸਭਨਾਂ ਨੂੰ ਭਸਮ ਕਰ ਅਪਨਾ ਹੀ ਖੇਲ ਕਰ ਦਿਖਇਆ ਕਿ ਅਜੇ ਹੁਨ ਤਾਂ ਅੰਜਨਾਂ ਹਰਾਨ ਪਰੇਸ਼ਾਨ ਹੋ ਇਥੇ ਖੜੋਤੀ ਦਿਸ ਰਹੀ ਸੀ ਅਰ ਹੁਨੇ ਹੀ ਚਮਕ ਪੱਥਰ ਦੀ ਨਿਆਈਂ ਪ੍ਰੇਮ ਦੀ ਖਿੱਚੀ ਹੋਈ ਪਵਨ ਜੀ ਦੇ ਚਰਨਾਂ ਵਿੱਚ ਡਿੱਗੀ ਹੋਈ ਕਹ ਰਹੀ ਹੈ। ਹਾਏ ! ਇਹ ਕੀ ਕਰਨ ਲੱਗੇ ਹੋ ਸ੍ਵਾਮੀ ਜੀ !! ਐਸਾ ਨ ਕਰੋ !!!

ਪਵਨ–ਐਂ (ਪਿੱਛੇ ਦੇਖਕਰ) ਪ੍ਰਿਆ ਜੀ ! ਤੁਸੀ ਕਿਥੋਂ ?

ਇਨੇ ਵਿੱਚ ਰਾਜਾ ਪ੍ਰਹਲਾਦ ਵਿਦਆਧਰ ਨੇ ਭੀ ਅਵਾਜ ਦਿੱਤੀ ॥

ਪ੍ਰਹਿਲਾਦ ਵਿਦਿਆਧਰ–ਪੁਤ੍ਰ ! ਏਹ ਕਾ ਕਰਨ ਲੱਗ ਹੈਂ ਐਡਾ ਹਨੇਰ ਨਾ ਕਰੀਂ ॥

ਮਹੇਂਦ੍ਰਾਓ–ਇਹ ਬਹਾਦਰਾਂ ਦਾ ਕੰਮ ਨਹੀਂ, ਹੋਸ਼ ਕਰੋ ! ਸੂਰਮੇ ਇਸ ਪ੍ਰਕਾਰ ਨਹੀਂ ਕਰਦੇ ਹੁੰਦੇ ॥

ਭਾਵ ਇਹ ਕਿ ਚੁਪਾਸਿਓਂ ਹੀ ਏਸੇ ਤਰ੍ਹਾਂ ਦੀਆਂ ਅਵਾਜ਼ਾਂ ਆਈਆਂ ਤਾਂ ਪਵਨ ਏਹਨਾਂ ਸਭਨਾਂ ਨੂੰ ਵੇਖਕੇ ਹਰਾਨ ਹੋਗਿਆ, ਥੋੜੇ ਚਿਰ ਵਿੱਚ ਹੀ ਓਹੋ ਬਨ ਖੁਸ਼ੀਦੇ ਨਾਹਰਿਆਂ ਨਾਲ ਗੂੰਜ ਉਠਿਆ, ਵਧਾਇਓ, ਵਧਾਇਓ ਦੀਆਂ ਅਵਾਜਾਂ ਔਂਨ ਲਗੀਆਂ ।

ਪਾਠਕ ਗਣ ! ਜੰਗਲ ਵਿੱਚ ਮੰਗਲ ਏਸੇ ਨੂੰ ਕਹਿੰਦੇ ਨੇ, ਦੇਖੋ ਏਹ ਓਹੋ ਭਯਾਨਕ ਜਗਹ ਹੈ ਜਿਸ ਨੂੰ ਵੇਖਕੇ ਜੀ ਘਬਰਾਉਂਦਾ ਸੀ ਹੁਨ ਏਸ ਵੇਲੇ ਕੇਹੀ ਰੌਨਕ ਹੋਰਹੀ ਹੈ ਹਰ ਇੱਕ ਦਾ ਮੂੰਹ ਖੁਸ਼ੀ ਦੇ ਮਾਰੇ ਲਾਲ ਹੋ ਰਿਹਾ ਹੈ ਕੋਈ ਪਵਨ ਜੀ ਨੂੰ ਗਲ ਲਾਕੇ ਉਸਦਾ ਮੂੰਹ ਸਿਰ ਚੁੰਮ ਰਿਹਾ ਹੈ ਕੋਈ

Original with:
Language Department Punjab
Digitized by:
Panjab Digital Library

ਅੰਜਨਾਂ ਵੱਲੋਂ ਤਕਕੇ ਇਸਦੀ ਹਿੱਮਤ ਦੀ ਵਡਿਆਈ ਕਰ ਰਿਹਾ ਹੈ ਕੋਈ ਰਿਖਾ ਵੱਲੋਂ ਦੇਖਕੇ ਮੂੰਹ ਵਿੱਚ ਉਂਗਲ ਪਾਕਰ ਸਿਰ ਹਿਲਾ ਰਿਹਾਹੈ ਦੂਜਾ ਓਸ ਨੂੰ ਚੰਗਾ ਕਹਾਰਿਹਾ ਹੈ ਕਿਉਂ ਜੋ ਓਸੇ ਦਾ ਧੁੰਆ ਦੇਖਕੇ ਸਬ ਏਥੇ ਆਇੱਕਠੇ ਹੋਏ ਤੇ ਪਵਨ ਜੀ ਦਾ ਪਤਾ ਲੱਗਾ । ਰਾਜਾ ਪ੍ਰਤੀ ਸੁਰੀਯਾ (ਜੋਹੜਾ ਕੋਲਵਾਰ ਖਲੋਤਾ ਹੈ) ਸੁਨੋ ਕੀ ਆਖ ਰਿਹਾ ਹੈ ।

ਰਾਜਾ ਪ੍ਰਤੀ ਸੁਰੀਆ–(ਓਹਨਾਂ ਲੋਕਾਂ ਵਲੋਂ ਤਕਕੇ) ਸਚ ਹੈ ! ਸਚ ਹੈ ! ਜੇ ਏਥੋਂ ਧੁੰਆ ਨਾ ਨਿਕਲਦਾ ਤਾਂ ਏਸ ਪਾਸੇ ਕਿਸ ਆਓਨਾ ਸੀ ! (ਮਹੇਂਦਰ ਰਾਓ ਵਲ ਦੇਖਕੇ) ਮਹੇਂਦਰ! ਮੇਰੀ ਤਾਂ ਇਹ ਸਲਾਹ ਹੈ ਕਿ (ਹਥ ਨਾਲ ਇਸ਼ਾਰਾ ਕਰਕੇ) ਅੱਗ ਵਿੱਚ ਹਵਨ ਕੀਤਾ ਜਾਏ ਤਾਂ ਚੰਗਾ ਹੈ ਕਿਓਂ ਜੋ ਏਹੋ ਥਾਂ ਸੁਲਖਨੀ ਹੈ ਜਿਥੇ ਸਬਨਾਂ ਦੀ ਮੁਰਾਦ ਪੂਰਣ ਹੋਈ ।

ਰਾਜਾ ਮਹੇਂਦਰ ਰਾਓ–ਮੈਂ ਪਹਿਲੋਂ ਈ ਦੇਵੇਂਦਰ ਨੂੰ ਹਵਨ ਸਮਗ੍ਰੀ ਲੈਨ ਲਈ ਭੇਜ ਦਿਤਾ ਹੈ, (ਉਂਗਲੀ ਨਾਲ ਤਕਾਕੇ) ਓਹ ਵੇਖੋ ਰੁਖਾਂ ਦੇ ਵਿੱਚੋਂ ਦੀ ਘੋੜਾ ਦੁੜਾਂਦਾ ਜਾ ਰਿਹਾ ਹੈ॥

ਥੋੜੀ ਦੇਰ ਪਿੱਛੋਂ ਦੇਵੇਂਦਰ ਭੀ ਆਗਿਆ ਅਤੇ ਹਵਨ ਅਰੰਭ ਕੀਤਾ ਆਹਾ ! ਏਸ ਵੇਲੇ ਸਾਰਾ ਬਨ ਮੁਰੀਧੀ ਨਾਲ ਮਹਕ ਉਠਿਆ ਹੈ ਅਰ ਮਾਂਸਹਾਰੀ ਤੇ ਭਯਾਨਕ ਜੰਗਲੀ ਜੀਵਾਂ ਦੀ ਡਰੌਨੀਆਂ ਅਵਾਜਾਂ ਦੀ ਥਾਂ ਵੇਦ ਦੇ ਪਵਿੱਤ੍ਰ ਛੰਦਾਂ ਦੀ ਅਵਾਜ਼ ਆ ਰਹੀ ਹੈ । ਜਿਨਾਂ ਨੂੰ ਸੁਨ ਕੇ ਹਰ ਇੱਕ ਦਾ ਆਤਮਾ ਪ੍ਰਸੰਨ ਹੋ ਈਸ਼ੁਰ ਪਰਮਾਤਮਾਂ ਦੇ ਧੰਨ ਵਾਦ ਕਰ ਰਿਹਾ ਹੈ ॥

ਓਹ ! ਜਰਾ ਅੰਜਨਾਂ ਦੇਵੀ ਵਲ ਤਾਂ ਵੇਖਨਾਂ ! ਪਵਨ ਨੂੰ ਵੇਖ ਵੇਖਕੇ ਕੇਡੀ ਖੁਸ਼ ਹੋ ਰਹੀ ਹੈ । ਇਸਦਾ ਚਿਰਕਾਲ ਤੋਂ ਮੁਰਝਯਾ ਹੋਇਆ ਮੁਖੜਾ ਏਸ ਵੇਲੇ ਤਾਂ ਖਿੜੀਆ ਹੋਈਆ ਹੈ । ਵੇਖੋ ! ਓਹ ਧੰਨ ਨੀਵੀਂ ਪਾਕੇ ਸਬਤੋਂ ਵਖਰਿਆਂ ਕਿਸ ਥਰਾਂ ਖਲੋਤੀ ਹੈ ਪਰ ਕਦੇ ਕਦੇ ਉੱਚੀਆਂ ਅੱਖੀਆਂ ਕਰਕੇ

Original with:
Language Department Punjab
Digitized by:
Panjab Digital Library

ਪਵਨ ਵੱਲੋ ਭੀ ਵੇਖ ਲੈਂਦੀ ਹੈ । ਜਿਸ ਤੇ ਮਲੂਮ ਹੁੰਦਾ ਹੈ ਕਿ ਓਹ ਸਾਰੇ ਦੁਖਾਂ ਨੂੰ ਭੁਲਕੇ ਪਵਨ ਜੀ ਨਾਲ ਕੁਝ ਬਾਤ ਕਰਨਾ ਚਾਂਹਦੀ ਹੈ । ਪਰ ਏਹਨਾਂ ਸਬਨਾਂ ਨੂੰ ਵੇਖਕੇ ਕੁਝ ਝਿਜਕ ਜਾਂਦੀ ਹੈ ॥

ਜਦ ਹਵਨ ਕਰ ਚੁੱਕੇ ਤਾਂ ਸਬ ਪ੍ਰਸੰਨਤਾ ਨਾਲ ਘੋੜਿਅ ਤੇ ਚੜ੍ਹ ਓਥੋਂ ਘਰਾਂ ਨੂੰ ਟੁਰ ਪਏ ॥

(ਗ੍ਰੰਥਕਰਤ)

ਸ਼ੁਭ ਦਿਨ ਪਿਆਰੀ ਅੰਜਨਾਂ ਆਜ ਹੂਆ ਪ੍ਰਕਾਸ਼ । ਗਏ ਬੀਤ ਦਿਨ ਬਿਪਤ ਕੇ ਹੂਆ ਦੁਖੋਂ ਕਾ ਨਾਸ਼ ॥ ਦੁਖ ਉਠਾਏ ਅਤ ਘਨੇ ਸੁਨੇ ਬਚਨਅਯੋਗ । ਦਿਨ ੨ ਖ਼ੁਸ਼ੀਆਂ ਮਾਨ ਅਬ ਅਰ ਭੋਗ ਖ਼ੁਸ਼ੀ ਕੇ ਭੋਗ ॥ ਸਤਵੰਤੀ ਤੂੰ ਨਾਰ ਹੈਂ ਸੀਲ ਸੁਭਾ ਗੁਣਵਾਨ । ਨਹੀਂ ਦੋਸ਼ਕਿਸੀ ਕੋ ਤੈਂ ਦੀਆ ਲਿਆ ਭਾਗ ਪੁਰਬਲਾ ਮਾਨ ॥ ਧੀਰਜ ਰਾਖੀ ਮਨ ਵਿਖੇ ਈਸ਼੍ਵਰ ਪਰ ਵਿਸ਼ਵਾਸ਼ । ਸ਼ੁਭ ਫਲ ਨਿਸਚੈ ਪਾਏਗੀ ਕਹੇ ਜੋੜ ਕਰ ਦਾਸ ॥

+ ੰ ਸ ੰ +

Original with:
Language Department Punjab
Digitized by:
Panjab Digital Library

ਬਾਈਵਾਂ ਅਧਜ਼ਾਯ ॥

++:ॐ:++

ਰਤਨਪੁਰ॥

ਦਿਨਦਾ ਪਿਛਲਾ ਪਹਿਰ ਹੈ ਜਦੋਂ ਰਤਨ ਪੁਰ ਦੇ ਪੂਰਬੀ ਦਰਵਜੇ ਦੇ ਬਾਹਰ ਲੋਕ ਬਹੁਤ ਸਾਰੇ ਇਕੱਠੇ ਹੋ ਰਹੇ ਹਨ, ਅਤੇ ਅਜੇ ਭੀ ਇਕੜ ਦੁਕੜ ਆਹੀ ਰਹੇ ਹਨ ਪੂਧਨ ਰਤਨਬੀਰ ਸ਼ਹਰ ਦੇ ਰਈਸਾਂ ਨਾਲ ਹੱਸ ਹੱਸ ਕੇ ਗੱਲਾਂ ਕਰ ਰਿਹਾ ਸੀ ਕਿ ਇਕ ਮਨੁਖ ਨੇ ਆਖਿਆ ॥

ਇੱਕ ਮਨੁਖ–ਅੰਜਨਾਂ ਦੇਵੀ ਨਾਲ ਭਾਢਾ ਅਨਰਥ ਹੋਇਆ ਦੇਖੋ ! ਕੇਹੀ ਝੂਠੀ ਤੋਮਤ ਲਗਾਈ ਗਈ ਸੀ ।

ਦੂਜਾ–ਕੁਝ ਸਮਝ ਵਿੱਚ ਨਹੀਂ ਆਉਂਦਾ ਕਿ ਰਾਨੀ ਕੇਤੁਮਤੀ ਦੀ ਬੁਧ ਨੂੰ ਕੀ ਹੋਇਆ ਓਹ ਤਾਂ ਭਾਢੀ ਸਿਆਨੀ ਭੀਮੀ ਸੀ ॥

ਤੀਜਾ–ਇਹੋ ਤਾਂ ਅਚਰਜ ਹੈ ਅਤੇ ਹਰਾਨਗੀ ਦੀ ਭੀ ਤਾਂ ਇਹੋ ਗਲ ਹੈ ਕਿ ਰਾਜਾ ਨੇ ਭੀ ਇਸ ਗਲ ਵਲ ਧਿਆਨ ਹੀ ਨਹੀਂ ਕੀਤਾ ।

ਚੌਥਾ–ਇਸਦਾ ਸਬਬ ਮੈਂ ਤੁਹਾਨੂੰ ਦਸਨਾ ਹਾਂ, ਤੇ ਹੋਨੀ ਭੀ ਏਹੋ ਹੀ ਗਲ ਹੈ ਕਿਉਂ ਜੋ ਰਾਜਾ ਕੇਤੁਮਤੀ ਤਾਂ ਭਾਢੀ ਸਿਆਨੀ ਤੀਮੀ ਹੈ ਅਤੇ ਅਜ ਤੀਕਰ ਓਹਦੇ ਪਾਸੋਂ ਅਜੇਹੀ ਕੋਈ ਗਲ ਨਹੀਂ ਹੋਈ ਸੀ ਜਿਸਤੋਂ ਕਿਸੇ ਨ ਭੀ ਗਿਲਾ ਕੀਤਾ ਹੋਵੇ, ਅਰ ਇਹੋ ਕਾਰਨ ਹੈ ਕਿ ਰਾਜਾ ਭੀ ਧੋਖਾ ਖਾ ਬੈਠਾ, ਨਹੀਂ ਤਾਂ ਓਹ ਕਦੇਭੀ ਏਸ ਗਲ ਵਿੱਚ ਨਾ ਆਉਂਦਾ ॥

ਪੰਜਵਾਂ–ਜੋ ਕੁਝ ਤੁਸਾਂ ਕਿਹਾ ਹੈ ਠੀਕ ਹੋਵੇਗਾ, ਪਰ ਅਜੇਹੀਆਂ ਗੱਲਾਂ ਨੂੰ ਤਾਂ ਅੱਛੀ ਤਰਹ ਸੋਚਨਾ ਚਾਹੀਦਾ ਹੈ

Original with:
Language Department Punjab
Digitized by:
Panjab Digital Library

ਸਦ ਭੀਕ ਚੇਗੀ ਭਰਾਂ ਭਸੱਲੀ ਨ ਹੋ ਲਵੇ ਉਸ ਪੁਰ ਅਮਲ ਕਰਨਾ ਮਨੁੱਖ ਦਾ ਧਰਮ ਨਹੀਂ ਹੈ।

ਰਤਨਬੀਰ—ਕਿਸੇ ਦਾ ਕੁਝ ਦੋਸ਼ ਨਹੀਂ, ਇਹ ਸਭ ਲਲਿਤਾ ਦੀ ਹੀ ਅੱਗ ਲਾਈ ਹੋਈ ਹੈ, ਜੋਹੜੀ ਰਾਨੀ ਦੇ ਬੜੀ ਮੂੰਹ ਚੜ੍ਹੀ ਹੋਈ ਸੀ, ਇਸਨੇ ਰਾਨੀ ਦੀ ਬੁੱਧ ਤੇ ਅਜੇਹਾ ਪੜਦਾ ਪਾ ਦਿੱਤਾ ਅਰ ਵਹਿਮ ਵਿੱਚ ਕਰ ਦਿੱਤਾ ਕਿ ਉਸਨੇ ਕਿਸੇ ਗੱਲ ਦੇ ਬਿਨਾ ਸੋਚਿਆਂ ਸਮਝਿਆਂ ਤੋਂ ਅੰਜਨਾਂ ਨੂੰ ਦੇਸ਼ ਨਿਕਲਾ ਦੇ ਦਿੱਤਾ ॥

ਇਸ ਭਾਂਤ ਦੀਆਂ ਗੱਲਾਂ ਕਰ ਹੀ ਰਹੇ ਸਨ ਕਿ ਇਕ ਸੁਆਰ ਘੋੜਾ ਦੁਰਾਂਦਾ ਹੋਇਆ ਆਇਆ ਅਤੇ ਪ੍ਰਧਾਨ ਨਾਲ ਕੁਝ ਆਕੇ ਗੱਲ ਹੀ ਕੀਤੀਓ ਸੂ ਕਿ ਸਬੇ ਲੋਗ ਉਠ ਖਲੋਤੇ ਅਤੇ ਖ਼ੁਸ਼ੀ ਦੇ ਵਾਜੇ ਵਜਨੇ ਲੱਗੇ ॥

ਹੈਂ ! ਏਹ ਵਾਜੇ ਕਹੇ ! ਅੰਤ ਏਹ ਸਬ ਲੋਗ ਕਿਉਂ ਇਕੱਠੇ ਹੋਏ ਹਨ ॥

ਪਾਠਕ ਗਣ ! ਓਹ ਵੇਖੋ ਕੁਝ ਸਵਾਰ ਇੱਕੋਸਾਹੀ ਘੋੜੇ ਦੁੜਾਈ ਚਲੇ ਆਉਂਦੇ ਹੈਨ, ਅਤੇ ਓਨ੍ਹਾਂ ਦੇ ਪਿੱਛੇ ਰਾਜਾ ਪ੍ਰਹਿਲਾਦ ਵਿਦਿਆਧਰ ਅਤੇ ਪਵਨ ਆਦਿਕ ਹਨ, ਜਿਨ੍ਹਾਂ ਨੂੰ ਅੱਗੋਂ ਲੈਨ ਲਈ ਇਹ ਸਬ ਲੋਗ ਇੱਕਠੇ ਹੋਏ ਹਨ, ਅਰ ਇੱਸੇ ਕਰਕੇ ਹੀ ਇਹ ਸਭੋ ਖ਼ੁਸ਼ੀਆਂ ਮਨਾ ਰਹੇ ਹਨ ॥

ਓਹ ਲੌ ! ਹੁਨ ਓਹ ਕੋਲ ਹੀ ਆਗਏ ਅਤੇ ਘੋੜਿਆਂ ਨੂੰ ਰੋਕਕੇ ਓਨ੍ਹਾਂ ਤੋਂ ਉਤਰ ਰਹੇ ਹਨ ਰਾਜਾ ਪ੍ਰਹਲਾਦ ਵਿਦਿਆਧਰ ਪਹਿਲੋਂ ਪ੍ਰਧਾਨ ਨਾਲ ਗੱਲਾਂ ਕਰਕੇ ਪਿਛੋਂ ਸਮਨਾਂ ਦੀ ਸੁਖ ਸਾਂਦ ਪੁਛ ਰਿਹਾ ਹੈ, ਅਤੇ ਇਸੇ ਭਾਂ ਪਵਨ ਭੀ ਅਪਨੀਆਂ ਪ੍ਰੇਮ ਭਰੀਆਂ ਗੱਲਾਂ ਨਾਲ ਸਬ ਨੂੰ ਪ੍ਰਸੰਨ ਕਰ ਰਿਹਾ ਹੈ ॥

ਆਹਾ ! ਇਹ ਕਿਹਾ ਸੋਹਨਾ ਵੇਲਾ ਹੈ ਕਿ ਸਬਦੇ ਮੂੰਹਾਂ ਤੇ ਖੁਸ਼ੀ ਦੇ ਮਾਰੇ ਲਾਲੀ ਭਖ ਰਹੀ ਹੈ, ਫੁੱਲਾਂ ਦੇ ਹਾਰ

Original with:
Language Department Punjab
Digitized by:
Panjab Digital Library

ਗਲਾਂ ਵਿੱਚ ਪਾਏ ਸਾਰਹੇ ਹਨ, ਅਤੇ ਵਾਸ਼ਿਆਂ ਦੀ ਅਵਾਸ ਏਸ ਸਮੇ ਨੂੰ ਹੋਰ ਭੀ ਸ਼ੋਭਾਇਮਾਨ ਕਰ ਰਹੀ ਹੈ, ਅਤੇ ਅੰਜਨਾਂ ਦੇਵੀ ਰਥ ਵਿੱਚ ਬੈਠੀ ਹੋਈ ਏਸ ਸਮੇ ਨੂੰ ਵੇਖਕੇ ਕਹ ਰਹੀ ਹੈ ।

ਧੰਨ ਦਿਨ ਹੈ ਜੇਹ ਆਜਕਾ ਧੰਨ ਤੁਜਕੋ ਕਰਤਾਰ, ਨਿਕਲੀ ਥੀ ਇਸ ਨਗਰ ਸੇ ਕਾਲਾ ਵੇਸ ਮੈਂ ਧਾਰ । ਥਾ ਸਮਾਂ ਵਹ ਮਹਾਂ ਕਠਿਨ ਕੋਈ ਨ ਪੂਛਨਹਾਰ, ਬਲਹਾਰੀ ਜਗਦੀਸ਼ ਕੇ ਥਾ ਜਿਸਕਾ ਮੁਜੇ ਅਧਾਰ ॥

ਇਹ ਕਹਕਰ ਘੜੀ ਮੁੜੀ ਈਸ਼ੁਰ ਪ੍ਰਮਾਤਮਾ ਦਾ ਧੰਨਵਾਦ ਕਰ ਰਹੀ ਹੈ ਅਤੇ ਸਾਡੇ ਬਹਾਦੁਰ ਹਨੂਮਾਨ ਜੀ ਭੀੜ ਭਾੜ ਨੂੰ ਵੇਖਕੇ ਕਹੇ ਪ੍ਰਸੰਨ ਹੋ ਰਹੇ ਹਨ, ਅਤੇ ਮੁਸਕੜਾ ਕੇ ਲੋਕਾਂ ਨੂੰ ਆਪਨੀ ਵੱਲ ਝਕਾ ਰਹੇ ਹਨ ॥

ਮੂਲ ਕੀ ! ਕਿ ਬੜੀ ਧੂਮਧਾਮ ਨਾਲ ਸ਼ਹਰ ਵਿੱਚ ਆਏ ਇਸ ਵੇਲੇ ਰਤਨਪੁਰ ਦੀ ਸੋਭਾ ਵਖਨ ਦੇ ਜੋਗ ਹੈ, ਥਾਂ ਥਾਂ ਵਾਜੇ ਵਜ ਰਹੇ ਹਨ, ਦੀਪਮਾਲਾ ਦੀ ਰੁਸ਼ਨਾਈ ਵੇਖਕੇ ਦੁਆਲੀ ਦੀ ਰਾਤ ਸ਼ਰਮਿੰਦੀ ਹੋ ਰਹੀ ਹੈ ਭਾਵਂ ਅਜੇਹੇ ਖੁਸ਼ੀ ਦੇ ਸਮੇ ਨੂੰ ਵੇਖਕੇ ਸ਼ੋਕ ਤੇ ਚਿੰਤਾ ਅੱਗ ਵਿੱਚ ਸੜਕੇ ਖੇਹ ਹੋ ਗਈ ਹੈ, ਪਰ ਫੇਰ ਭੀ ਰਾਨੀ ਕੈਤੁਮਤੀ ਵੱਲ ਤਾਂ ਵੇਖੋ ਇਸ ਤੋਂ ਸਿਰ ਸੱਟਕੇ ਸ਼ਰਮਿੰਦੀਆਂ ਹੋਕ ਮੂੰਹ ਲੁਕਾਕੇ ਰੱਥ ਵਿੱਚ ਬੈਠੀ ਹੈ. ਇਹ ਕਿਤੂੰ ! ਕਵਲ ਅਪਨੀ ਬੇਸਮਝੀ ਦੀਆਂ ਗੱਲਾਂ ਨੂੰ ਅਤੇ ਅਪਨੇ ਕੀਤ ਏ ਬੁਰੇ ਸਲੂਕਾਂ ਨੂੰ ਯਾਦ ਕਰਕੇ ਅਪਨੇ ਆਪ ਹੀ ਸ਼ਰਮਿਆਵਾਨ ਹੋ ਰਹੀ ਹੈ ਇਸ ਦੀਆਂ ਅੱਖਾਂ ਲੋਕਾਂ ਦੇ ਚੇਹਰਿਆਂ ਨੂੰ ਵੇਖਨੇ ਦੀ ਥਾਂ ਸਬਦੇ ਪੈਰਾਂ ਨੂੰ ਵੇਖ ਰਹੀਆਂ ਹਨ ਸੁਨੋ ਓਹ ਇਸਤ੍ਰੀਆਂ ਜੇਹੜੀਆਂ

Original with:
Language Department Punjab
Digitized by:
Panjab Digital Library

ਸਾਮਨੇ ਵੱਲ ਦੇ ਕੋਠਿਆਂ ਤੋਂ ਆ ਰਹੀਆਂ ਹਨ ਕੀ ਕਹਿੰਦੀਆਂ ਹਨ ॥

ਚਲੋ ਸਖੀ ਉਠ ਦੇਖੀਏ ਹੁਆ ਯਿਹ ਕੌਤਕ ਕਯਾ, ਦੇਖਾ ਆਈ ਅੰਜਨਾਂ ਬਾਂਜੇ ਰਹੇ ਬਜਾ। ਸਾਂਚੀ ਨਿਕਸੀ ਅੰਜਨਾਂ ਧ੍ਰਿਗ ਜੀਵਨ ਇਸ ਸਾਸ, ਝੂਠਾ ਦੇ ਕਲੰਕ ਇਸ ਬਹੂ ਕੋ ਕਿਆ ਨਿਰਾਸ ॥ ਬਾਲਕ ਗੋਦ ਸੁਹਾਵਤਾ ਮਸਤਕ ਚੰਦ ਸਮਾਨ, ਧਨ ਧਨ ਤੁਝਕੋ ਅੰਜਨਾਂ ਤੇਰਾ ਈਸ਼ੂਰ ਰਾਖਾ ਮਾਨ।ਪਵਨ ਕੋ ਪਿਆਰੀ ਦੇਖਿਯੋ ਕੈਸਾ ਚੜ੍ਹ ਉਮੰਗ, ਚਲੇ ਚਾਲ ਗਜ ਮਸਤਕੀ ਨੈਨਨ ਗੂੜਾ ਰੰਗ ॥ ਕੋਤੂਮਤੀ ਨਾ ਲਾਜ ਸੇ ਦੇਖੇ ਸੀਸ ਉਠਾ, ਜੀਤੀ ਹੈ ਯਿਹ ਪਾਪਨੀ ਮਰੀ ਨ ਕਿਉਂ ਬਿਖ ਖਾ। ਸਾਚ ਗੁਣੀ ! ਪਿਆਰੀ ਕਹ ਗਏ ਕਹੋ ਮੁਖਸੇ ਬਾਤ ਵਿਚਾਰ, ਪਹਿਲੇ ਗੁਨ ਔਗੁਨ ਪ੍ਰਤਾਲ ਕਰ ਜੋ ਪਾਛੇਂ ਹੋ ਨਾਹਾਰ ॥

ਇਸ ਪ੍ਰਕਾਰ ਥਾਓਂ ਥਾਈਂ ਗੱਲਾਂ ਹੋ ਰਹੀਆਂ ਹਨ, ਹਰ ਇੱਕ ਰਾਨੀ ਨੂੰ ਨੀਚਤਾਈ ਦੀ ਨਜਰ ਨਾਲ ਵੇਖ ਰਿਹਾ ਹੈ ਜਦ ਭੀਕ ਮੈਹਲ ਵਿੱਚ ਨ ਪਹੁੰਚੇ ਤਦੋਂ ਭੀਕ ਲੋਕਾਂ ਦੀਆਂ ਇਸ ਪ੍ਰਕਾਰ ਦੀਆਂ ਗੱਲਾਂ ਭੀ ਨਾਂ ਮੁੱਕੀਆਂ ॥

Original with:
Language Department Punjab
Digitized by:
Panjab Digital Library

ਤੇਈਵਾਂ ਅਧਜਾਯ ॥

+ ੪ॐ੪ +

॥ ਰਾਨੀ ਕੇਤੂਮਤੀ ॥

ਸਵੇਰ ਦਾ ਵੇਲਾ ਹੈ ਰਾਨੀ ਕੇਤੂਮਤੀ ਅਪਨੇ ਕਮਰੇ ਵਿੱਚ ਸਿਰ ਨੀਵੇਂ ਪਾਕੇ ਬੈਠੀ ਹੈ ਅਤੇ ਕਈ ਪ੍ਰਕਾਰ ਦੇ ਵਿਚਾਰ ਇਸਦੇ ਸਿਰੋਂ ਉਤਰ ਕੇ ਕਲੇਜੇ ਨੂੰ ਘੁਟਕੇ ਜ਼ਬਾਨ ਨੂੰ ਬੰਦ ਕਰ ਰਹੇ ਹਨ, ਅਤੇ ਅੰਜਨਾਂ ਦੇਵੀ ਦੀਆਂ ਪ੍ਰੇਮ ਭਰਿਆਂ ਪ੍ਰੀਤ ਦੀਆਂ ਗੱਲਾਂ ਕੰਨਾਂ ਵਿੱਚ ਗੂੰਜ ਰਹੀਆਂ ਹਨ ਅਤੇ ਇਹ ਅਪਨੇ ਬੁਰੇ ਸਲੂਕ ਦੀਆਂ ਗੱਲਾਂ ਨੂੰ ਯਾਦ ਕਰਕੇ ਮਨ ਵਿੱਚ ਕਹ ਰਹੀ ਹੈ। "ਹਾਏ ! ਮੈਂ ਉਸ ਨਿਰਦੋਸ਼ ਅੰਜਨਾਂ ਨੂੰ ਕਿਉਂ ਅਜੇਹੇ ਕੌੜੇ ਬੋਲ ਬੋਲੇ ? ਕਿਉਂ ਉਸਦੀ ਛੇਇਜ਼ਤੀ ਦਾ ਕਾਰਣ ਹੋਈ ਓਹ ਤਾਂ ਬੜੀ ਸਾਧੂਸੁਭਾਵ ਤੇ ਪਤੀਵ੍ਰਤਾ ਕੁੜੀ ਹੈ ਮੈਂ ਕਿਉਂ ਉਸਤੇ ਝੂਠ ਥਪਿਆ (ਕੁਝ ਕਾਲ ਚੁਪ ਕਰਕੇ) ਹਾਏ ! ਲਲਿਤਾ ! ਤੇਰਾ ਸਤਿਆਨਾਸ ਹੋਵੇ ਤੂੰਈਂ ਮੇਰੀ ਬੁਧ ਮਾਰਕੇ ਕਿਸੇ ਜੋਗੀ ਨ ਛਡਿਆ । ਫਿਰ ਆਪੇਹੀ ਮੈਂ ਆਪੇ ਹੀ ਮੂਰਖ ਹਾਂ ਜਿਸਨੇ ਤੇਰੀ ਗੱਲ ਤੇ ਇਤਬਾਰ ਕਰਕੇ ਵਿਚਾਰੀ ਅੰਜਨਾਂ ਨੂੰ ਕਢ ਦਿੱਤਾ । (ਕੁਝ ਸੋਚਕੇ) ਬਸ ਹੁਨ ਮੈਨੂੰ ਇਹੋ ਚਾਹੀਦਾ ਹੈ ਕਿ ਲੋਕਾਂ ਦੇ ਦਿਲਾਂ ਵਿੱਚੋਂ ਇਸ ਗੱਲ ਨੂੰ ਦੂਰ ਕਰਨ ਦਾ ਜਤਨ ਕਰਾਂ ਜਿਥੋਂ ਠੀਕ ਹੋ ਸਕੇ ਅੰਜਨਾਂ ਨੂੰ ਪ੍ਰਸੰਨ ਦੇਖਾਂ ਅਤੇ ਮੈਂ ਘਰਦੇ ਕੰਮ ਕਾਜ ਵਿੱਚ ਨਾ ਆਪ ਦਖਲ ਦੇਵਾਂ ਓਹ ਜਾਨੇ ਤੇ ਓਸਦਾ ਘਰ ਜਾਨੇ ਓਹ ਬੜੀ ਸਿਆਨੀ ਹੈ" ॥

ਏਨੇ ਵਿੱਚ ਅੰਜਨਾਂ ਦੇਵੀ ਮੰਦਿਆ ਉਪਾਸਨਾ ਕਰਕੇ ਰਾਨੀ ਦੇ ਕਮਰੇ ਵਿੱਚ ਆਈ ਅਤੇ ਓਸਦੇ ਪੈਰਾਂ ਤੇ ਮੀਸ ਨਿਢਾਕੇ ਇਹ ਕਹਨ ਲੱਗੀ ॥

ਅੰਜਨਾਂ—ਮਾਂ ਜੀ ! ਦੱਸੋ ਤਾਂ ਸਹੀ ਕਿ ਅੱਜ ਐਡੇ ਹਰਾਨ

Original with:
Language Department Punjab
Digitized by:
Panjab Digital Library

ਪਰੇਸ਼ਾਨ ਕਿਉਂ ਹੋ ਰਹੇ ਹੋ ਸੁਖ ਤ ਹੈ ਪ੍ਰਮੇਸੁਰ ਕਰਕੇ ਤੁਹਾਡੇ ਦੁਸ਼ਮਨ ਭੀ ਅਜਿਹੇ ਨਾ ਹੋਨ ਜੇ ਕੋਈ ਮੇਰੇ ਗੋਚਰੀ ਟਹਿਲ ਸੇਵਾ ਹੋਵੇ ਭਾਂ ਦਾਸੀ ਨੂੰ ਆਗਿਆ ਦਿਓ ਮੈਂ ਸਿਰ ਮੱਥੇ ਤੇ ਮੰਨਨ ਨੂੰ ਹਾਜ਼ਰ ਹਾਂ ॥

ਰਾਨੀ–(ਪ੍ਰਸੰਨ ਹੋਕੇ) ਧੀਏ ! ਕੋਈ ਹਰਾਨਗੀ ਨਹੀਂ, ਅਤੇ ਨਾਂ ਹੀ ਕਿਸੇ ਗੱਲ ਦੀ ਚਿੰਤਾ ਹੈ ਈਸ਼ੂਰ ਨੇ ਜਦ ਤੇਰੇ ਸਹੀ ਧਰਮਵਾਨ ਤੇ ਪਤਿਬ੍ਰਤਾ ਨੂੰਹ ਦਿੱਤੀ ਹੈ ਭਾਂ ਫੇਰ ਮੈਨੂੰ ਉਦਾਸੀ ਕਹੀ, ਅਤੇ ਫਿਕਰ ਕਿਹਾ, ਪਰ ਇੱਕ ਗੱਲ ਜਰੂਰ ਹ ਜੋ ਕਦੀ ਰ ਸ਼ੀਰ ਵਿੱਚ ਚੀਸ ਮਾਰਦੀ ਤੇ ਦਿਲ ਨੂੰ ਬਿਗਾੜਦੀ ਹੈ ਓਹ ਇਹ ਹੈ ਕਿ ਹੁਨ ਮੈਂ ਬਿਰਦ ਹੋ ਗਈ ਹਾਂ ਅਰ ਸ਼ੀਰ ਭੀ ਕਮਜੋਰ ਹੋ ਗਿਆ ਹੈ ਏਸ ਕਰਕੇ ਹੁਨ ਮੈਥੋਂ ਘਰਦਾ ਕੰਮ ਕਾਜ ਸੰਭਾਲਨਾ ਮੁਸ਼ਕਲ ਜਾਪਦਾ ਹੈ, ਜੇਕਰ ਇਸ ਵਿੱਚ ਤੂੰ ਮੇਰਾ ਹੱਥ ਵਟਾ ਲੈਂ ਤਾਂ ਮੇਰੀ ਸਲਾਹ ਹੈ ਕਿ ਬਾਕੀ ਦੀ ਆਯੂ ਈਸ਼ੂਰ ਦੀ ਭਗਤੀ ਵਿੱਚ ਬਿਤੀਤ ਕਰਾਂ ਅਤੇ ਮੈਨੂੰ ਆਸ਼ਾ ਹੈ ਕਿ ਮੇਰੀ ਆਸ਼ਾ ਪੂਰੀ ਕਰੇਂਗੀ ਅਤੇ ਨਿਰਾਸ ਨਾਂ ਕਰੇਂਗੀ।

ਅੰਜਨਾਂ–(ਕੁਝਕੁ ਚਿਰ ਸੋਚਕੇ) ਮੈਨੂੰ ਏਹ ਗੱਲ ਉਚਿਤ ਨਹੀਂ ਜੋ ਤੁਹਾਡੇ ਹੈਠਿਆਂ ਐਡੀ ਦਲੇਰੀ ਕਰ ਇਨਾਂ ਗੱਲਾਂ ਦਾ ਹੌਸਲਾ ਕਰਾਂ ਪਰ ਇਸ ਗੱਲ ਦੀ ਭੀ ਵਿਚਾਰ ਹੈ ਕਿ ਮੇਰੀ ਨਾ ਕਹਨੀ ਤੁਹਾਨੂੰ ਬੁਰੀ ਨ ਲੱਗੇ, ਇਸ ਲਈ ਭਾਵੇਂ ਮੈਂ ਅਪਨੇ ਆਪ ਨੂੰ ਇਸ ਕੰਮ ਦੇ ਜੋਗ ਨਹੀਂ ਸਮਝਦੀ, ਪਰ ਫੇ ਭੀ ਜੇ ਤੁਸੀ ਮੇਰੇ ਸਿਰ ਤੇ ਹਥ ਦਏਗੇ ਤਾਂ ਮੈਂ ਭੀ ਏਸ ਗੱਲ ਨੂੰ ਨਿਭਾਨ ਲਈ ਜਤਨ ਕਰਾਂਗੀ ॥

ਪਾਠਕ ਗਣ ! ਅੰਜਨਾਂ ਦੀ ਗੱਲ ਸੁਨਕੇ ਰਾਨੀ ਮਾਰੇ ਖੁਸ਼ੀ ਦੇ ਅਪਨੇ ਆਪ ਵਿੱਚ ਫੁੱਲੀ ਨਾ ਸਮਾਈ ਅਰ ਉਸੇ ਵਲੇ ਘਰ ਬਾਹਰ ਦਾ ਸਾਰਾ ਬੰਦੋਬਸਤ ਅਤੇ ਸਾਰਾ ਧਨ ਪਦਾਰਥ ਜੁਹਾਰਤ ਆਦਿਕ ਇਸ ਨੂੰ ਸੌਂਪ ਕੇ ਅਤੇ ਆਪ ਈਸ਼ੂਰ

Original with:
Language Department Punjab
Digitized by:
Panjab Digital Library

ਭਜਨ ਵਿੱਚ ਲਗ ਗਈ ਅਤੇ ਓਧਰ ਰਾਜਾ ਪ੍ਰਹਿਲਾਦ ਵਿਦਿਆਧਰ ਰਾਜ ਕਾਜ ਦੀ ਵਾਗ ਪਵਨ ਦੇ ਹੱਥ ਦੇਕੇ ਆਪ ਪ੍ਰਮੇਸ਼ੁਰ ਦੇ ਭਜਨ ਵਿੱਚ ਲੀਨ ਹੋਗਿਆ ॥

ਚਵੀਆਂ ਅਧਜਾਯ ॥

॥ ਬਾਨਾਰ ਦੀਪ ਵਿੱਚ ਪ੍ਰਸਿੱਧ ਹੋਗਿਆ ॥

ਪ੍ਰਾਤਹਕਾਲ ਦਾ ਵੇਲਾ ਹੈ ਜਦੋਂ ਕਿ ਅਜੇ ਅਕਾਸ਼ ਪੁਰ ਤਾਰੇ ਚਮਕ ਰਹੇ ਹਨ, ਅਤੇ ਪੰਛੀ ਰੁਖਾਂ ਪੁਰ ਬੈਠੇ ਆਪਨੀਆਂ ਬੋਲੀਆਂ ਬੋਲ ਮਿਠੇ ੨ ਰਾਗ ਅਲਾਪ ਰਹੇ ਹਨ, ਸਾਡਾ ਬੀਰ ਹਨੂਮਾਨ ਜਾਗਕੇ ਪਲੰਗ ਤੋਂ ਉਤਰ ਏਧਰ ਓਧਰ ਝੁਕ ਰਿਹਾ ਹੈ ਅਤੇ ਆਕੜੀਆਂ ਲੈ ਰਿਹਾ ਹੀ ਸੀ ਕਿ ਅੰਜਨਾਂ ਦੇਵੀ ਅਪਨਾ ਨਿੱਤ ਕਰਮ ਆਦਿਕ ਕਰਨ ਦੇ ਚੁਬਾਰਿਓਂ ਬਾਹਰ ਨਿਕਲੀ ਤਾਂ ਝੱਟ ਓਸਨੂੰ ਜਾ ਪਗੜਿਆ ਆਹ ! ਇਕ ਹੱਥ ਨਾਲ ਤਾਂ ਇਸਦੀ ਧੋਤੀ ਪਕੜ ਰੱਖੀ ਹੈ ਅਤੇ ਦੂਜੇ ਹਥ ਨੂੰ ਫਲਾਕੇ ਇਸਦੇ ਮੂੰਹ ਵਲੋਂ ਦੇਖ ੨ ਕੁਝ ਕਹ ਰਿਹਾ ਹੈ, ਮਾਨੋ ਇਸਦੇ ਕੁਛੜ ਜਾਨਾ ਚਾਹੁੰਦਾ ਹੈ ਪਰ ਅੰਜਨਾਂ ਦੇਵੀ ਵੱਲੋਂ ਵੇਖਨਾਂ ਕਿ ਇਸਨੂੰ ਵੇਖ ਵੇਖ ਕੇ ਕਿਸ ਤਰਾਂ ਨਿਹਾਲ ਹੋਕੇ ਮੁਸਕੜਾ ਰਹੀ ਹੈ ਅਤ ਉਂਨਗਲੀ ਹਿਲਾ ਹਿਲ੍ਹਾਕੇ ਇਸਨੂੰ ਲੈਨ ਤੋਂ ਇਨਕਾਰ ਕਰ ਰਹੀ ਹੈ ਤੇ ਹੁਨ ਇਸਨੇ ਭੀ ਦੋਨੀ ਜਹੀ ਸ਼ਕਲ ਬਨਾ ਦੁਹਾਂ ਹੱਥਾਂ ਨਾਲ ਪਗੜ ਕੇ ਓਥੇ ਹੀ ਠਰਾ ਲਿਆ ਹੈ ਭਲਾ ! ਅੰਜਨਾਂ ਦੇਵੀ ਇਸ ਨੂੰ ਰੋਂਦਿਆਂ ਵੇਖ ਕੇ ਕਦੇ ਸਹਾਰ ਸਕਦੀ ਸੀ, ਝੱਟ ਚੁੱਕ ਕੇ ਗਲ ਨਾਲ ਲਾ ਲਿਆ ਅਤੇ ਮੱਥੇ ਨੂੰ ਚੁਮਕੇ ਅਪਨੇ ਕਮਰੇ ਨੂੰ ਚਲੀ ਗਈ ॥

Original with:
Language Department Punjab
Digitized by:
Panjab Digital Library

ਪਾਠਕ ਗਣ ! ਭਾਵੇਂ ਤੇਰਾ ਹਾਰ ਹਨੂੰਮਾਨ ਇਸ ਵੱਲੇ ਦੋ ਬਰਸਾਂ ਦਾ ਹੈ ਪਰ ਇਸ ਦੇ ਛੀਲ ਛੋਲ ਨੂੰ ਦੇਖਕੇ ਪੰਜਾਂ ਵਰਿਹਾਂ ਦਾ ਭੀ ਕਿਹਾ ਜਾਏ ਤਾਂ ਸੱਚ ਹੈ ਦਿਨੋਂ ਦਿਨ ਅਪਨੇ ਮਾਂ ਪਿਓ ਦੀਆਂ ਆਸਾਂ ਨੂੰ ਪੂਰਾ ਕਰੇ ਇਹਨਾਂ ਨੂੰ ਪ੍ਰਸੰਨ ਕਰਦਾ ਜਦ ਸੱਤਾਂ ਵਰਿਹਾਂ ਦਾ ਹੋਯਾ ਤਾਂ ਇਕ ਬੜਾ ਵਿਦਵਾਨ ਅਤੇ ਗੁਨੀ ਪੰਡਿਤ ਇਸਦ ਪੜ੍ਹਾਉਨ ਲਈ ਰਖਿਆ ਗਿਆ ॥

ਸਾਤ ਬਰਸ ਕਾ ਜਬ ਹੁਆ ਅੰਜਨਾਂ ਸੁਤ ਹਨੂੰਮਾਨ, ਵਿਦਜਾ ਧੈਨ ਕਰਾਉਤੇ ਪੰਡਿਤ ਚਤੁਰ ਸੁਜਾਨ ॥ ਸਰਸ੍ਵਤੀ ਬੈਠੀ ਮੁਖ ਵਿਖੇ ਜੋ ਪੜ੍ਹਨਾ ਹਨੂਮਾਨ, ਦੂਜੀ ਬੇਰ ਨ ਦੇਖਤਾ ਕਹਿਤਾ ਨੋਕ ਜ਼ਬਾਨ ॥ ਛੈਸਾਲ ਨੌ ਮਾਸ ਮੇਂ ਪੜ੍ਹ ਵਿਦਜਾ ਪਾਇਆ ਮਾਨ, ਐਸਾ ਹੋਇਆ ਵਿਦਵਾਨ ਯਿਹਦੇਖ ਪੰਡਿਤ ਹੋਏ ਹੈਰਾਨ ॥

ਚੌਦਾਂ ਵਰਿਆਂ ਦੀ ਉਮਰ ਵਿੱਚ ਸੰਸਕ੍ਰਿਤ ਦਾ ਵਿਆਕਰਨ ਚੰਗੀ ਤਰਾਂ ਪੜ੍ਹਕੇ ਸਮਝ ਗਿਆ ਅਤੇ ਰਿਗਃ ਯਜੁਃ ਅਥਰਵਃ ਅਤੇ ਸ਼ਾਮਵੇਦ ਭੀ ਪੜ੍ਹ ਗਿਆ । ਮਾਨੋ ਸੰਸਕ੍ਰਿਤ ਵਿਦਜਾ ਵਿੱਚ ਏਡਾ ਸਿਆਨਾ ਹੋ ਗਿਆ ਕਿ ਵਡੇ ਵਡੇ ਪੰਡਿਤ ਗੁਨੀ ਅਰ ਬੁਧਿਮਾਨ ਲੋਕ ਭੀ ਇਸ ਦਾ ਆਦਰ ਮਾਨ ਕਰਨ ਲਗੇ ਤੇ ਇੱਜ਼ਤ ਦੀ ਨਜ਼ਰ ਨਾਲ ਵੇਖਨ ਲਗੇ, ਅਰ ਥਲ ਵਿਦਜਾ ਵਿੱਚ ਭੀ ਅਜੇਹਾ ਤਾਕ ਹੋਕੇ ਨਾਮੀ ਤੇ ਸ਼ੋਭਾ ਖਿਲਾਰੀ ਕਿ ਸਾਰੇ ਬਾਨਰ ਦੀਪ ਵਿੱਚ ਸੂਰਮਾ ਪ੍ਰਸਿੱਧ ਹੋਗਿਆ ਅਤੇ ਕਈਂ ਇੱਕ ਮਸ਼ਹੂਰ ਨਾਮੀ ਭਲਵਾਨਾਂ ਨੇ ਜੋ ਆਪਨੇ ਆਪਨੂੰ ਥੜ੍ਹੇ ਤਾਕਤ ਵਾਲੇ ਸਮਝਕੇ ਕਿਸੇ ਨੂੰ ਨਹੀਂ ਬਿਦਦੇ ਸਨ ਓਹ ਭੀ

Original with:
Language Department Punjab
Digitized by:
Panjab Digital Library

ਇਸਦੇ ਦਾਓ ਪਛਾਨਨੂੰ ਵੇਖਕੇ ਹਰਾਨ ਹੋਗਏ, ਜਦ ਕਦੀ ਕੋਈ ਸਬਬੀ ਇਹਨਾਂ ਨਾਲ ਕੁਸ਼ਤੀ ਕਰਨ ਆਯਾ ਭੀ ਤਾਂ ਪਹਿਲੋਂ ਹੀ ਓਹੁਦੇ ਇਹਨਾਂ ਦੇ ਡੰਡ ਪੱਟ ਵੇਖਕੇ ਹੀ ਹੋਸ਼ ਹਵਾਸ ਉੱਡ ਜਾਂਦੇ ਸਨ, ਤੇ ਜੇ ਕਿਸੇ ਨੇ ਦਲੇਰੀ ਕਰ ਦਸ੍ਰਪੰਜਾ ਲੈ ਭੀ ਲਿਆ ਤਾਂ ਓਹਨੀ ਐਸਾ ਨੀਚਾ ਵਖਿਆ ਕਿ ਮਾਰੇ ਸ਼ਰਮਿੰਦਗੀ ਦੇ ਸਾਰੀ ਉਮਰ ਕਦੇ ਸਾਮਨੇ ਹੋਨ ਦਾ ਠਾਓਂ ਹੀ ਨ ਲਿਆ, ਸਪਾਹੀਪੁਨਾ ! ਓਹੋ ! ਇਸ ਵਿੱਚ ਭੀ ਤਾਂ ਹਦ ਕਰ ਦਿਖਾਈ ਜੋ ਥੋੜੇ ਦਿਨਾਂ ਵਿੱਚ ਹੀ ਇਸਦੇ ਉਸਤਾਦ ਜੋ ਇਸਨੂੰ ਸਿਖਾਨ ਲਈ ਰਖੇ ਗਏ ਸਨ ਇਸਦੀ ਗਰਜ ਦੀ ਮਾਰ, ਤੀਰਾਂ ਦਾ ਚਲਾਨਾ ਤੇ ਤਲਵਾਰ ਦੇ ਹੱਥ ਨੂੰ ਵੇਖਕੇ ਪੰਜੇ ਉਂਜਲਾਂ ਮੂੰਹ ਵਿੱਚ ਪਾਂਦੇ ਸਨ, ਦੁਸ਼ਮਨ ਦੀ ਫੌਜ ਨੂੰ ਹਰਾ ਦੇਨ ਲਈ ਅਜੇਹੀਆਂ ੨ ਤਜਵੀਜ਼ਾਂ ਤ ਸੋਚਾਂ ਸੋਚਦੇ ਸਨ ਕਿ ਵੰਡੇ ੨ ਪੁਰਾਨੇ ਬੁਢੇ ਸੇਨਾਪਤੀ ਭੀ ਇਸਦੀ ਅਕਲ ਤੇ ਦਨਾਈ ਨੂੰ ਵੇਖਕੇ ਚਕਿਤ ਹੋ ਜਦੇ ਸਨ ॥

ਮੂਲ ਕੀ ਗਲ ਇਹ ਹੈ ਕਿ ਇਸ ਸਮੇ ਸਾਡੇ ਜਰਨੈਲ ਦੇ ਨਾਲ ਦਾ ਕੋਈ ਭੀ ਨਹੀਂ ਸੀ ਇਸ ਬਹਾਦਰ ਸੁਰਮੇ ਦੀ ਬਬਤ ਕੋਈ ਲੰਮਾਂ ਚੌੜਾ ਲਿਖਨ ਦੀ ਲੋੜ ਨਹੀਂ ਕਿਉਂਕਿ ਭਾਰਤ ਵਰਸ਼ ਦਾ ਬੱਚਾ ਬੱਚਾ ਇਨਾਂ ਦੀ ਜਵਾਂਨ ਮਰਦੀ ਤੇ ਬਹਾਦਰੀ ਨੂੰ ਜਾਨ ਰਿਹਾ ਹੈ ਅਰ ਰਾਮਾਇਨ ਦੇ ਕਵੀਸ਼ਰਾਂ ਨੇ ਭੀ ਇਸ ਵਿਥਯਾ ਨੂੰ ਦਿਲ ਖੋਲਕੇ ਅਜਿਹਾ ਲਿਖਿਆ ਹੈ ਕਿ ਸਿਆਨਿਆਂ ਦਾ ਕਿਹਾ ਹੋਇਆ ਅਖਾਨ ਯਾਦ ਆਗਿਆ ਹੈ ਕਿ "ਹਥ ਕੰਗਨ ਨੂੰ ਆਰਸੀ ਕੀ" ਇਸਦਾ ਦੂਜਾ ਹਿੱਸਾ ਪੜ੍ਹੇ ॥

+ ः ः +

ਪੰਝੀਵਾਂ ਅਧਯਾਯ ॥

+ ः ः +

"ਮੈਂ ਕੋਈ ਥੋੜ ਦਿਲਾ ਤੇ ਕਮਹਿੱਮਤ ਨਹੀਂ ਹਾਂ"

ਦਿਨ ਦੇ ਪਿਛਲੇ ਪੈਹਰ ਦਾ ਵੇਲਾ ਹੈ ਪਰਛਾਂਵੇ ਢਲ

Original with:
Language Department Punjab
Digitized by:
Panjab Digital Library

ਚੁੱਕੇ ਹਨ, ਧੁਪ ਦੀ ਭੇਭੀ ਭੀ ਹੁਣ ਓਹੋ ਜਿਹੀ ਨਹੀਂ ਰਹੀ ਸੋਹਣੀ ਥੋੜਾ ਚਿਰ ਪਹਿਲੋਂ ਸੀ ਇਸ ਵੇਲੇ ਸਾਡਾ ਧਿਆਨ ਜਿਧਰ ਜਾ ਰਿਹਾ ਹੈ ਓਹ ਰਤਨਪੁਰ ਦੇ ਰਾਜਾ ਦਾ ਦਰਬਾਰ ਹੈ ਜਿੱਥੇ ਇੱਕ ਭਾਂਚੇ ਮੋਹਨੇ ਰਾਜ ਸਿੰਘਾਸਨ ਪੁਰ ਰਾਜਾ ਪ੍ਰਹਲਾਦ ਵਿਦਿਆਧਰ ਦਾ ਪੁਤ੍ਰ ਪਵਨ ਬੜੇ ਆਨ ਭਾਨ ਨਾਲ ਸਿਰ ਝੁਕਾਕੇ ਇੱਕ ਚਿਠੀ ਹੱਥ ਵਿੱਚ ਲੈਕੇ ਬੈਠਾ ਹੈ ਅਤੇ ਸਾਮਨੇ ਲੁਝਦੂ ਵਿਖ ਤੇ ਇਕ ਸੁਪਾਹੀ ਫੌਜੀ ਕਪੜੇ ਪਾਇ ਹੋਏ ਹੱਥ ਜੋੜਕੇ ਡਾਢੀ ਨਿਮ੍ਰਤਾਈ ਨਾਲ ਖਲੋਤਾ ਹੈ। ਵਹਗੁਰੂ ਜਾਨ ਕਿ ਇਸ ਚਿੱਠੀ ਵਿੱਚ ਕੀ ਲਿਖਿਆ ਹੋਇਆ ਹੈ ਕਿਉਂ ਜੋ ਪਵਨ ਬੜੀ ਹਰਾਨਗੀ ਨਾਲ ਇਸ ਨੂੰ ਘੜੀ ਮੁੜੀ ਉਲਟਾ ਪੁਲਟਾਕੇ ਵੇਖ ਰਿਹਾ ਹੈ ਪਰ ਹਾਂ ਕਦੇ ੨ ਇਸ ਮਨੁੱਖ ਵਲ ਜੋ ਸਿੰਘਾਸਨ ਦੇ ਖੱਬੇ ਵਲ ਲਾਲ ਕਪੜੇ ਪਹਿਨੇ ਸਿਰ ਤੇ ਮੁਕਟ ਧਾਰੇ ਬੈਠਾ ਹੈ ਵੇਖ ਲੈਂਦਾ ਹੈ, ਅਤੇ ਹੋਰ ਦਰਬਾਰੀ ਭੀ ਓਸੇ ਵਲ ਹੀ ਤੱਕ ਰਹੇ ਹਨ, ਪਰ ਸਾਰੇ ਕਮਰੇ ਵਿੱਚ ਅਜੇਹੀ ਚੁੱਪਚਾਪ ਪਈ ਹੋਈ ਹੈ ਜੋ ਸੱਭੇ ਦ ਵੱਟੀ ਬੈਠੇ ਹਨ ਅਰ ਇਹਨਾਂ ਵਿੱਚੋਂ ਕਿਸੇ ਨੂੰ ਐਨਾਂ ਹੌਸਲਾ ਨਹੀਂ ਪੈਂਦਾ ਕਿ ਜ਼ਰਾ ਉਠਕੇ ਇਸ ਚਿੱਠੀ ਦਾ ਹਾਲ ਚਾਲ ਭਾਂ ਪੁੱਛ ਸੱਕਣ ਜਾਂ ਇਸ ਹਰਾਨਗੀ ਦਾ ਕਾਰਨ ਪੁੱਛ ਸੱਕਣ ਜਦ ਕੁਝ ਚਿਰ ਏਸੇ ਪ੍ਰਕਾਰ ਬੀਤ ਚੁਕਿਆ ਤਾਂ ਇਹਨ ਸਭਨਾਂ ਦੇ ਮੂੰਹ ਦੀ ਜਿਨੇ ਹਰਾਨਗੀ ਨੂੰ ਦੂਰ ਕੀਤਾ ਓਹ ਸਾਡਾ ਬਹਾਦਰ ਜਰਨੈਲ ਹਨੂੰਮਾਨ ਹੀ ਸੀ, ਸੁਨੋ ! ਓਹ ਕੀ ਕਹ ਰਿਹਾ ਹੈ ॥

ਹਨੂੰਮਾਨ—ਮਹਾਰਾਜ ! ਆਪਨੂੰ ਇਸ ਪ੍ਰਕਾਰ ਚਿੰਤਾਤੁਰ ਵੇਖਕੇ ਮੇਰਾ ਦਿਲ ਡਾਢਾ ਘਬਰਾ ਰਿਹਾ ਹੈ ਜੇ ਦੱਸਨ ਵਿੱਚ ਕੋਈ ਹਰਜ ਨ ਹੋਵੇ ਤਾਂ ਮੈਨੂੰ ਭੀ ਇਸ ਗਲ ਤੋਂ ਵਿਦਿਤ ਕਰੋ ।

ਪਵਨ—(ਹਨੂੰਮਾਨ ਵਲ ਵੇਖ ਕੇ) ਪੁਤ੍ਰ ! ਕੋਈ ਫ਼ਿਕਰ ਦੀ ਗਲ ਨਹੀਂ ਤੂੰ ਕਿਉਂ ਘਬਰਾਨਾ ਹੈਂ ।

Original with:
Language Department Punjab
Digitized by:
Panjab Digital Library

ਹਨੂੰਮਾਨ–ਭਾਂ ਦੱਸੋ ! ਤੁਸੀ ਇਸ ਤਰਾਂ ਕਿਉਂ ਸੋਚ ਵਿੱਚ ਪੈ ਹੋਏ ਹੋ ॥

ਪਵਨ–(ਖ਼ਤ ਨੂੰ ਵੇਖਕੇ) ਮਹਾਰਾਜਾ ਰਾਵਨ ਲਿਖਦਾ ਹੈ ਕਿ ਵਰਣ ਨ ਫਿਤ ਸਿਰ ਚੁਕਿੱਆ ਹੈ ਅਰ ਮਾਮਲਾ ਦੇਨ ਤੋਂ ਇਨਕਾਰ ਕਰਦਾ ਹੈ ਇਸ ਲਈ ਉਸ ਅਭਰੀ ਤੇ ਵਿਚਾਰਹੀਨ ਤੇ ਫੇਰ ਚੜ੍ਹਾਈ ਕੀਤੀ ਗਈ ਹੈ ਅਤੇ ਸ੍ਰਬੀਖ ਪਰਬਤ ਤੇ ਸਾਨੂੰ ਭੀ ਨਾਲ ਮਿਲਨ ਵਾਸਤੇ ਲਿਖੀਆ ਹੈ ਸੋ ਇਸ ਗਲ ਦੀ ਭਾਂ ਕੋਈ ਚਿੰਤਾ ਨਹੀਂ ਜੋ ਕੁਛ ਵਿਚਾਰ ਹੈ ਭਾਂ ਇਹ ਕਿ ਸਾਡੇ ਜਾਨ ਦੇ ਪਿਛੋ ਪੁਤ੍ਰ ਰਾਜ ਪਾਟ ਦਾ ਕੰਮ ਚਲਾ ਸਕੇਂਗਾ ਕਿ ਨਹੀਂ ? ਕਿਉਂ ਜੋ ਅਜੇ ਤੇਰਾ ਇਧਰ ਖਿਆਲ ਘਟ ਹੈ ।

ਜਬ ਸੁਨਾ ਯੁਧਕਾ ਨਾਮ ਹਨੂਮਾਨ ਮੇਂ ਹਰਖਾਇਓ, ਅਤੀ ਉਮੰਗ ਕੇ ਸਾਥ ਬਚਨ ਕਰ ਜੋੜ ਸੁਨਾਇਓ । ਆਗਿਆ ਦੀਜੇ ਤਾਤ ਯੁੱਧ ਕੋ ਮੈਂ ਵਹਾਂ ਜਾਂਊਂ; ਮਾਰੂੰ ਸ਼ਤ੍ਰ ਜਾਏ ਰਾਵਣ ਕਾ ਦੁਖ ਮਿਟਾਊਂ । ਹੈ ਮਨ ਮੇਰੇ ਮੇਂ ਚਾਹ ਪਿਤਾ ਰਣ-ਭੂਮ ਕੋ ਦੇਖੂੰ;ਕਿਆ ਕਿਆ ਕਰੇਂ ਕਰਤਵ ਸ੍ਰਬੀ ਜਾ ਨੈਨਨ ਪੇਖੂੰ । ਜੋ ਤੁਜਾ ਮੇਰੀ ਮੇਂ ਜ਼ੋਰ ਜਾ ਰਣ ਮਹਾਂ ਦਿਖਾਂਊ, ਵਰਣ ਕੋ ਆਂਊ ਪਛਾੜ ਜਗਤ ਮੇਂ ਕੀਰਤਿ ਪਾਂਊਂ । ਬਾਲਕ ਮੁਝਕੋ ਜਾਨ ਪਿਤਾ ਤੁਮ ਮਤ ਘਬਰਾਓ,ਦੇ ਆਗਿਆ

Original with:
Language Department Punjab
Digitized by:
Panjab Digital Library

ਮੁਝਕੋ ਤਾਤ ਦਾਸਕਾ ਮਾਨ ਬੜਾਓ ॥

ਪਵਨ-(ਹਨੁਮਾਨ ਵਲੋਂ ਵੇਖਕੇ) ਵਰਨ ਅਤੇ ਉਮਦੇ ਪੁੱਤ੍ਰ ਬੜੇ ਹੁਸ਼ਿਆਰ ਹਨ ਅਤੇ ਇਸ ਕੰਮ ਵਿੱਚ ਬੜੇ ਉਸਤਾਦ ਹਨ ਕਈ ਵਾਰੀ ਭਾਂ ਮੈਂ ਭੀ ਓਹਨਾਂ ਨੂੰ ਵੇਖ ਚੁਕਿੱਆ ਹਾਂ ਤੂੰ ਅਜੇ ਓਹਨਾ ਦੇ ਸਾਹਮਨੇ ਹੋਨ ਜੋਗਾ ਨਹੀਂ ਹੈ, ਕਿਤੁੰ ਜੋ ਇਕ ਤਾਂ ਤੇਰੀ ਉਮਰ ਛੋਟੀ ਹੈ ਦੂਜਾ ਰਨ ਭੂਮੀ ਨੂੰ ਤੂੰ ਕਦੇ ਡਿੱਠਾ ਭੀ ਨਹੀਂ ਮੈਂ ਕਿਸ ਤਰਾਂ ਜਾਨ ਲਇਆ ਕਹਿ ਸਕਨਾ ਹਾਂ ॥

ਹਨੁੰਮਾਨ-ਠੀਕ ਹੈ । ਮਹਾਰਾਜ ! ਤੁਸੀ ਸੱਚ ਆਖਦੇਹੋ ਅਤ ਇਦ ਵਿਚ ਭੀ ਰਤੀ ਝੂਠ ਨਹੀਂ ਕਿ ਮੈਂ ਅਜੇ ਠੀਕ ਕੋਈ ਯੁਧ ਨਹੀਂ ਡਿਠਾ ਅਰ ਇਸ ਕੰਮ ਦਾ ਮੈਨੂੰ ਤਜਰਬਾ ਭੀ ਨਹੀਂ ਪਰੰਤੂ ਮੈਂ ਕੋਈ ਥੋੜਦਿਲਾ ਤੇ ਕਮ ਹਿੰਮਤਾ ਨਹੀਂ ਹਾ ਜੋ ਅਪਨੇ ਨਾਂ ਨੂੰ ਲਾਜ ਲੁਆ ਤੇ ਅਪਨੀ ਕੁਲ ਨੂੰ ਕਲੰਕ ਲਗਾ ਬਦਨਾਮ ਕਰਾਵਾਂਗਾ ਜੇ ਤੁਸੀ ਮੈਨੂੰ ਜਾਨ ਦੀ ਆਗਿਆ ਦੇਓਗੇ ਭਾਂ ਮੈਂ ਤੁਹਾਨੂੰ ਏਹ ਸਿਧ ਕਰਕੇ ਵਖਾਂਗਾ ਕਿ ਬਹਾਦਰੀ ਇਸ ਗਲ ਦਾ ਨਾਂਓ ਹੈ ਅਤੇ ਦਲੇਰੀ ਇਸਨੂੰ ਆਖਦੇ ਹਨ, ਅਤੇ ਏਹ ਭੀ ਤੁਹਨੂੰ ਆਪੇ ਹੀ ਮਲੂਮ ਹੋ ਜਾਵੇਗਾ ਕਿ ਰਣ ਭੂਮੀ ਵਿੱਚ ਸਤ੍ਰੂ ਨੂੰ ਕਿਸ ਨੇ ਪਛਾੜਿਆ ਹੈ, ਹਨੁਮਾਨ ਜੀ ਦੇ ਇਸ ਬਹਾਦਰੀ ਦੇ ਕਥਨ ਨੂੰ ਸੁਨਕੇ ਪਵਨ ਪ੍ਰਸੰਨ ਹੋਕੇ ਬੋਲੀਆ ॥

ਪਵਨ-ਸ਼ਾਬਸ ! ਸ਼ਾਬਾਸ !! ਮੈਂਨੂੰ ਤੇ ਏਹੋ ਉਮੈਦ ਹੈ ਕੇਵਲ ਉਮੈਦ ਹੀ ਨਹੀਂ ਮੈਨੂੰ ਪੂਰਾ ਯਕੀਨ ਹੈ ਤੂੰ ਐਸਾ ਹੀ ਕਰ ਵਖਾਏਂਗਾ ਪਰੰਤੂ ਵਰਨ ਅਤੇ ਪੁੰਛਲੀਕ ਭੀ ਘਟ ਨਹੀਂ ਓਹਨਾਂ ਅਨੇਕਾ ਰਣ ਭੂਮ ਵੇਖੇ ਹਨ ਅਤੇ ਵੇਲੇ ਸਮੇ ਦੇ ਰੰਗ ਢੰਗ ਨੂੰ ਪਛਾਨਦੇ ਹਨ, ਪਰ ਅੱਜ ਦੁਖਨ ਜਿਹੇ ਜੋਧਿਆਂ ਨੂੰ ਭਾਂ ਓਹਨਾ ਨੇ ਹਰਾ ਦਿੱਤਾ, ਤੂੰ ਭਾਂ ਅਜ ਬਾਲ ਹੀ ਹੈਂ ॥

ਹਨੁੰਮਾਨ-ਮਹਾਰਾਜ ! ਤੁਹਾਡਾ ਘੜੀ ਮੁੜੀ ਇਸ ਗੱਲ

Original with:
Language Department Punjab
Digitized by:
Panjab Digital Library

ਤੇ ਜ਼ੋਰ ਦੇਨਾ ਫਿਰ ਤੁਸੀ ਅਜੇ ਬਾਲ ਹੋ ਤੈਨੂੰ ਤਜਰਬਾ ਨਹੀਂ ਕੇਵਲ ਪਿਤਰ ਦੀ ਮੁਹੱਬਤ ਦਾ ਕਾਰਣ ਹੈ ਜੋ ਜੀ ਵਿੱਚ ਸਮਾ ਗਿਆ ਹੈ ਕਿ ਮਾਪਿਆਂ ਨੂੰ ਅਪਨੀ ਉਲਾਦ ਭਾਵੇਂ ਕਹੀ ਹੋਵ ਬਾਲਕ ਹੀ ਜਾਪਦੀ ਹੈ ਪਰ ਜ਼ਰਾ ਵਿਚਾਰੋ ਤਾਂ ਸਹੀ ਕਦ ਭੀਕ ਮੈਂ ਇਸ ਗੱਲ ਨੂੰ ਵਿਚਾਰ ਕੇ ਯੁਧ ਤੋਂ ਮੂੰਹ ਮੋੜ ਅਪਨੇ ਦਿਲ ਦੇ ਜੋਸ਼ ਨੂੰ ਦੱਬਕੇ ਰੱਖ ਸਕਦਾ ਹਾਂ। ਅੰਤ ਨੂੰ ਤਾਂ ਇਕ ਦਿਨ ਏਸੇ ਤਰਾਂ ਹੀ ਮੈਨੂੰ ਜਾਨਾ ਪਵਗਾ, ਅਤੇ ਹਰ ਹੀਲੇ ਅਪਨੇ ਆਪਨੂੰ ਅਜ਼ਮਾਨਾ ਪਵੇਗਾ।

ਪਾਠਕ ਗਣ ! ਦਰਬਾਰੀ ਹਨੂੰਮਾਨ ਦੇ ਵਚਨਾਂ ਨੂੰ ਸੁਨ ਪਵਨ ਜੀ ਨੂੰ ਕਹਿਨ ਲੱਗੇ। "ਮਹਾਰਾਜ, ਇਸ ਰਾਜਪੁਤ੍ਰ ਦੀ ਪਰਮਾਤਮਾ ਵਡੀ ਉਮਤ ਕਰੇ ਤੇ ਇਸ ਦੇ ਹੌਸਲੇ ਨੂੰ ਭੀ ਵਧਾਏ ਬੇਸ਼ਕ ! ਇਹਨਾਂ ਦੀ ਦਲੀ ਅਤ ਹੌਸਲੇ ਤੋਂ ਸਾਨੂੰ ਪੂਰਾ ਭਰੋਸਾ ਹੈ ਅਤੇ ਪੂਰਾ ਪੂਰਾ ਨਿਸਚਾ ਹੈ, ਤੁਸੀ ਜ਼ਰਾ ਚਿੰਤਾ ਨਾ ਕਰੋ ਅਤੇ ਏਹਨਾਂ ਨੂੰ ਜਾਨ ਤੋਂ ਨਾ ਦੇਕੇ ਸੈਨਾਪਤੀ ਭੀ ਭਾਂ ਨਾਲ ਹੋਵੇਗਾ"।

ਜਦ ਸਭਨੇ ਇਸੇ ਤਰਾਂ ਆਖਿਆ ਔਰ ਹਨੂੰਮਾਨ ਜੀ ਨੂੰ ਭੀ ਪਤਿਆਂ ਵੇਖਿਆ ਅਤੇ ਏਹ ਸਮਝਿਆ ਕਿ ਜਾਨ ਤੋਂ ਨਹੀਂ ਮੁੜੇਗਾ, ਤਾਂ ਕੁਝ ਚਿਰ ਸੋਚਕੇ ਆਗਿਆ ਦੇ ਦਿੱਤੀ ਔਰ ਦੂਜੇ ਦਿਨ ਇੱਕ ਬੜੀ ਭਾਰੀ ਬੀਰ ਸੈਨਾ ਦੇਕੇ ਸਥੀਮ ਪਰਬਤ ਨੂੰ ਟੋਰ ਦਿੱਤਾ ॥

ਛੱਬੀਸਵਾਂ ਅਧਯਾਯ ॥

—:o:—

ਸਥੀਮ ਪਰਬਤ ॥

ਇਹ ਪਰਬਤ ਲੰਕਾ ਦੇ ਦੱਖਨ ਤੇ ਪੂਰਬ ਵੱਲ ਹੈ

Original with:
Language Department Punjab
Digitized by:
Panjab Digital Library

ਇਸਦੇ ਹਿਠਾਂ ਖੱਬੇ ਹੱਥ ਵੱਲ ਇਕ ਬੜਾ ਲੰਮਾਂ ਚੌੜਾ ਮੈਦਾਨ ਹੈ ਜਿੱਥੇ ਕੁਝਕੁ ਹਰੇ ਭਰੇ ਰੁੱਖ ਲਹਲਹਾਂਦੇ ਹੋਏ ਦਿਸਦੇ ਹਨ ਅਤੇ ਜਿਹਨਾਂ ਦੇ ਵਿੱਚੋਂ ਦੀ ਇੱਕ ਝੰਡਾ ਜਿਸਦੀ ਧੁਜਾ ਹਵਾ ਵਿੱਚ ਉਡਦੀ ਹੋਈ ਅਸਮਾਨ ਨਾਲ ਗੱਲਾਂ ਕਰਦੀ ਹੈ ਦਿਸ ਰਿਹਾ ਹੈ ॥

ਹੁਨ ਅਸੀ ਭੀ ਅਪਨੇ ਵਿਚਾਰ ਦੀ ਵਾਗਡੋਰ ਓਧਰ ਹੀ ਮੋੜ ਕੇ ਓਥੇ ਪਹੁੰਚਕੇ ਕੀ ਵੇਖਨੇ ਹਾਂ ਕਿ ਸੱਜੇ ਹੱਥ ਵੱਲ ਇੱਕ ਡਾਢੀ ਨਿਰਮਲ ਅਤੇ ਨੀਲਾ ਭਾ ਮਾਰਦੇ ਹੋਏ ਨਦੀ ਵਗ ਰਹੀ ਹੈ ਅਤ ਉਸਦੇ ਕੰਡੇ ਪੁਰ ਕੁਝ ਜੁਵਾਨ ਜਿਨ੍ਹਾਂ ਦੀ ਸ਼ਕਲ ਵੇਖਨ ਤੋਂ ਮਲੂਮ ਹੁੰਦਾ ਹੈ ਕਿ ਫੌਜੀ ਸਿਪਾਹੀ ਹਨ ਇਸ਼ਨਾਨ ਕਰਕੇ ਬੈਠੇ ਹੋਏ ਸੰਧਯਾ ਉਪਾਸਨਾ ਕਰ ਰਹੇ ਹਨ ਇਹਨਾਂ ਨੂੰ ਵੇਖ ਹੀ ਰਹੇ ਸੀ ਕਿ ਸਾਡੀ ਨਜ਼ਰ ਖੱਬੇ ਪਾਸੇ ਪਈ ਤਾਂ ਕੀ ਦੇਖਨੇ ਹਾਂ ਕਿ ਬੜੀ ਭਾਰੀ ਫੌਜ ਉਤਰੀ ਹੋਈ ਹੈ, ਹੁਨ ਇਸ ਫੌਜਦਾ ਹਾਲ ਮਲੂਮ ਕਰਨ ਲਈ ਅਸੀ ਭੀ ਓਥੇ ਜਾਪਹੁੰਚੇ ॥

ਓਹੋ ! ਕਿਨੀ ਫੌਜ ਨਜ਼ਰ ਪੈਂਦੀ ਹੈ ਓਹਦੇ ਵਿੱਚੋ ਬਹੁਤ ਸਾਰੇ ਸਿਪਾਹੀ ਕਾਲੇ ਰੰਗਦੇ ਹਨ, ਪਰ ਅਜਿਹੇ ਨਹੀਂ ਜਿਹੋ ਜਹੇ ਹਬਸ਼ੀ ਪ੍ਰੰਤੂ ਓਨਾਂ ਤੋਂ ਕੁਝ ਚੰਗੇ ਪਰ ਹਾਂ ! ਚਿਹਰੇ ਕੁਝ ਮਿਲਦੇ ਜੁਲਦੇ ਹਨ ਕੱਦ ਵਿੱਚ ਨ ਮਧਰੇ ਤੇ ਨਾਂ ਹੀ ਬਾਹਲੇ ਲੰਮ, ਭਾਂਤ ਭਾਂਤ ਦੀਆਂ ਬਰਦੀਆਂ ਪਹਿਨੇ ਹੋਏ ਅਨੰਦ ਨਾਲ ਏਧਰ ਓਧਰ ਟੈਹਲ ਰਹੇ ਹਨ ਅਤੇ ਕਈ ਬੈਠ ਗਪੌੜੇ ਮਾਰ ਰਹੇ ਹਨ ਇਹਨਾਂ ਨੂੰ ਵੇਖਦੇ ਵੇਖਦੇ ਜਦ ਅਸੀ ਕੁਝ ਦੂਰ ਅੱਗੇ ਗਏ ਤਾਂ ਕੀ ਵੇਖਨੇ ਹਾਂ ਕਿ ਇਕ ਤੰਬੂ ਵਿੱਚ ਕੁਝ ਅਫਸਰ ਬੈਠੇ ਹੋਏ ਗੱਲਾਂ ਬਾਤਾਂ ਕਰ ਰਹੇ ਹਨ, ਓਹਨਾਂ ਵਿੱਚੋਂ ਬਾਹਲਿਆਂ ਦੇ ਸਿਰਾਂ ਤੇ ਤਾਂ ਜੜਾਉ ਤਾਸ ਦੀ ਨਿਆਈਂ ਮੁਕਟ ਰਖੇ ਹੋਏ ਹਨ ਜਿਨਹਾਂ ਪੁਰ ਬੜੇ ਕੀਮਤੀ ਜੁਵਾਹਰਾਤ ਤੇ ਹੀਰੇ ਪੰਨੇ ਭੀ ਲੱਗੇ ਹੋਏ ਜਗਮਗ

Original with:
Language Department Punjab
Digitized by:
Panjab Digital Library

ਜਗਮਗ ਕਰ ਰਹੇ ਹਨ, ਜਿਸਤੋਂ ਮਲੂਮ ਹੁੰਦਾ ਹੈ ਕਿ ਇਹ ਕੋਈ ਰਾਜੇ ਮਹਾਰਾਜੇ ਹੈਨ, ਜੇਡ਼ੇ ਏਡੀ ਸਜ ਧਜ ਨਾਲ ਬੈਠੇ ਹਨ। ਆਓ ਜ਼ਰਾਂ ਇਹਨਾਂ ਦੀ ਗਲ ਬਾਤ ਭਾਂ ਸੁਨੀਏਂ ॥

ਇਕ ਮੁਕਟਧਾਰੀ–ਪਵਨ ਹੁਨ ਤੀਕ ਨਹੀਂ ਆਇਆ ਅਤੇ ਨਾਂ ਹੀ ਓਹ ਦੂਤ ਹੀ ਮੁੜਕੇ ਆਇਆ ਹੈ।

ਦੂਜਾ–ਕੋਈ ਅਜੇਹਾ ਸਬਬ ਹੀ ਬਨ ਗਿਆ ਹੋਵੇਗਾ, ਨਹੀਂ ਭਾਂ ਓਹ ਕਦੇ ਰਹਿਨ ਵਾਲਾ ਨਹੀਂ ਸੀ।

ਓਹੋ ਪਹਿਲਾ–ਪਵਨ ਭੀ ਇੱਕ ਭਸਰਬੇਕਾਰ, ਸਿਆਨਾ ਅਤੇ ਬੀਰ ਰਾਜਾ ਹੈ ਪਿਛਲੀ ਵਾਰੀ ਓਸਨੇ ਵਰਨ ਨੂੰ ਚੰਗੇ ਹੱਥ ਵਖਾਏ ਸਨ, ਪਰ ਓਹ ਵੱਡਾ ਨਲੱਜ ਹੈ ਜੋ ਫਰ ਭੀ ਨ ਮੁੜਿਆ ਰਿਹਾ ॥

ਭੀਜਾ–ਮਹਾਰਾਜ ! ਲੋਕ ਆਖਦੇ ਹਨ ਕਿ ਉਸਦਾ ਪੁੱਤ ਓਸ ਤੋਂ ਭੀ ਬੜਾ ਬਹਾਦਰ ਸੂਰਮਾ ਦਿਲਚਲਾ ਅਤੇ ਫੁਰਤੀਲਾ ਜੁਆਨ ਹੋਇਆ ਹੈ ਇਸ ਬਾਨਰਦੀਪ ਵਿੱਚ ਭਾਂ ਓਸਦੇ ਬਰਾਬਰ ਦਾ ਕੋਈ ਨਹੀਂ ਦਿਸਦਾ ॥

ਪਹਿਲਾ ਆਦਮੀ–ਚੰਗਾ (ਗੱਲ ਟੁਕਕੇ ਤੇ ਕੁਝ ਚਿਰ ਸੋਚਕੇ) ਅੱਜ ਦਾ ਦਿਨ ਹੋਰ ਉਡੀਕ ਲੌ ਕਲ ਭਾਂ ਜ਼ਰੂਰ ਏਥੋਂ ਟੁਰ ਪਵਾਂਗ। ਹੁਨ ਭਾਵੇਂ ਕੀ ਹੋਵੇ ਵਰਣ ਨੂੰ ਅੰਡਾ ਹੁੰਕਾਰ ਕਰਨ ਦਾ ਦੰਡ ਜ਼ਰੂਰ ਦੇਵਾਂਗਾ, ਤੇ ਓਹ ਕਾ ਚਤੇ ਕਰੇਗਾ ਕਿ ਰਾਵਣ ਨਾਲ ਵਾਹ ਪਿਆਸੀ !

ਏਨੇ ਵਿੱਚ ਬਾਹਰੋਂ ਇੱਕ ਆਦਮੀ ਨੇ ਆਕੇ ਉਸ ਪਹਿਲੇ ਆਦਮੀ ਗਲ ਕਰਨ ਵਾਲੇ ਮੁਕਟਧਾਰੀ ਨੂੰ ਜੋ ਕੀ ਜਾਨੀਏ ਰਾਵਣ ਹੀ ਹੈ ਆਖਿਆ।

ਬਾਹਰੋਂ ਆਯਾ ਆਦਮੀ–(ਪ੍ਰਣਾਮ ਕਰਕੇ) ਮਹਾਰਾਜ ! ਪਵਨ ਜੀ ਦਾ ਪੁਤ੍ਰ ਹਨੂੰਮਾਨ ਭੀ ਸੈਨਾਂ ਨੂੰ ਨਾਲ ਲੈਕੇ ਆਰਿਹਾ ॥

Original with:
Language Department Punjab
Digitized by:
Panjab Digital Library

ਲਾਛਣ-(ਪ੍ਰਸੰਨ ਹੋਕੇ) ਸੁਗਰੀਵ! ਤੁਸੀ ਭੀ ਰਾਜਾ ਬਜੱਰਬਾਹੂ ਦੋਵੇਂ ਹਨੂੰਮਾਨ ਦੀ ਸਵਾਗਤ ਲਈ ਅੱਗੋਂ ਦੀ ਜਾਓ।

ਏਹ ਸੁਨ ਕੇ ਦੋਵੇਂ ਓਥੋਂ ਉੱਠੇ ਅਰ ਬੜੇ ਆਦਰ ਮਾਨ ਸਹਿਤ ਹਨੂੰਮਾਨ ਜੀ ਨੂੰ ਓਸ ਡੂੰਘੇ ਵਿੱਚ ਲੈ ਆਏ, ਹਨੂੰਮਾਨ ਜੀ ਦੀ ਬਾਂਦ ਚੀਤੇ ਦਾ ਢੰਗ ਤੇ ਫੁਰਤਾ ਦੇ ਵਜੂਦ ਨੂੰ ਵੇਖਕੇ ਹਰ ਇੱਕ ਹਰਾਨ ਹੋ ਗਿਆ ਅਤੇ ਆਖਨ ਲੱਗੇ ਓਹੋ! ਵਿਦਯਾ ਅਤੇ ਮਿੱਠੀ ਬੋਲੀ ਭੀ ਸੰਸਾਰ ਵਿੱਚ ਇਕ ਅਚਰਜ ਚੀਜ਼ ਹਨ, ਜੋ ਹਰ ਇੱਕ ਦੇ ਮਨ ਨੂੰ ਅਪਨੀ ਵੱਲ ਖਿੱਚ ਲੈਂਦੀ ਹੈ, ਜਿਸ ਭਰਾਂ ਪੂਰਣਮਾਸ਼ੀ ਦਾ ਚੰਦਰਮਾਂ ਚਕੋਰ ਨੂੰ ਅਤੇ ਸਾਵਨ ਮਹੀਨੇ ਦੀ ਕਾਲੀ ਘਟਾ ਮੋਰ ਨੂੰ।

ਪਾਠਕ ਗਣ! ਜਿੱਨੇ ਮਨੁੱਖ ਇਸ ਵੇਲੇ ਬੈਠੇ ਹਨ, ਭਾਵੇਂ ਉਮਰ ਵਿੱਚ ਛੋਟੇ ਹਨ ਯਾ ਵੱਡੇ ਪਰ ਸਭ ਹਨੂੰਮਾਨ ਜੀ ਨੂੰ ਆਦਰ ਦੀ ਨਜ਼ਰ ਨਾਲ ਵੇਖ ਰਹੇ ਹਨ ਅਤ ਇਹਨਾਂ ਬਾਤਾਂ ਨੂੰ ਸੁਨਕੇ ਓਹਨਾਂ ਦੀ ਯੋਗਤਾ ਤ ਵਾਹ ਵਾਹ ਕਰ ਰਹੇ ਹਨ, ਬਹੁਤ ਕਾਲ ਭੀਕ ਏਧਰ ਓਧਰ ਦੀਆਂ ਗੱਲਾਂ ਵਿੱਚ ਲੱਗੇ ਰਹੇ, ਅੰਤ ਨੂੰ ਪ੍ਰਾਤਾਕਾਲ ਦਾ ਵੇਲਾ ਚਲੱਨ ਲਈ ਨਿਯਤ ਕੀਤਾ ਗਿਆ ਅਰ ਸਭ ਸੈਨਾ ਨੂੰ ਏਹੀ ਆਗਯਾ ਦਿੱਤੀ ਗਈ।

ਸਤਾਈਵਾਂ ਅਧਯਾਯ ॥

"ਫੌਜ ਦੀ ਚੜ੍ਹਾਈ"

ਸਵੇਰ ਦਾ ਵੇਲਾ ਹੈ ਜਦ ਹਰ ਇੱਕ ਸਿਪਾਹੀ ਅਪਨਾ ਅਪਨਾ ਬਿਸਤਰਾ ਬਨ੍ਹਕੇ ਗਡਿਆਂ ਤੇ ਲੱਦ ਰਿਹਾ ਹੈ, ਅਤ

Original with:
Language Department Punjab
Digitized by:
Panjab Digital Library

ਇੱਕ ਪੁਰਖ ਜੋ ਇਹਨਾਂ ਦਾ ਅਫਸਰ ਮਲੂਮ ਹੁੰਦਾ ਹੈ ਘੋੜੇ ਨੂੰ ਏਧਰ ਦੁੜਾਂਦਾ ਹੋਯਾ ਹਥ ਇੱਕ ਨੂੰ ਛੇਭੀ ੨ ਕਰਨ ਦੀ ਤਕੀਦ ਕਰ ਰਿਹਾ ਹੈ ਅਤੇ ਕਦੇ ਕਦ ਅਸਮਾਨ ਵੱਲ ਭੀ ਤੱਕਕੇ ਆਖਨ ਲਗ ਜਾਂਦਾ ਹੈ "ਓਹੋ ਬੜਾ ਦਿਨ ਚੜ੍ਹ ਗਿਆ ਹੈ ਛਤਾਬੀ ਕਰੋ" ॥

ਥੋੜੇ ਚਿਰ ਪਿੱਛੋਂ ਕੂਚ ਕਰਨ ਦਾ ਸੈਖ ਵੱਜਿਆ ਜਿਸਨੂੰ ਸੁਨਦੀ ਸਾਰ ਹੀ ਸਭਤੋਂ ਅੱਗੇ ਹਨੂੰਮਾਨ ਜੀ ਅਪਨੀ ਸੈਨਾ ਲੈਕੇ ਅੱਗੇ ਵਧੇ, ਅਤੇ ਓਹਨਾਂ ਦੇ ਪਿੱਛੇ ਸੁਗਰੀਵ ਅਤੇ ਬਸਤਬਾਨ ਹੋ ਗਏ ਅਤੇ ਰਾਵਨ ਇਹਨਾਂ ਦੀ ਦਲੇਰੀ ਅਤੇ ਵਧੇ ਹੋਏ ਜੋਸ਼ ਨੂੰ ਵੇਖਦਾ ਹੋਇਆ ਬੜੀ ਪ੍ਰਸੰਨਤਾ ਤੇ ਖੁਸ਼ੀ ਖੁਸ਼ੀ ਨਾਲ ਜਾ ਰਿਹਾ ਹੈ, ਸੂਰਬੀਰ ਸੈਨਾ ਦਾ ਇੱਕੋ ਸਿਹੀ ਲੈਨ ਬੰਨ ਕੇ ਕਦਮ ਮਿਲਾਕੇ ਟੁਰਨਾ ਅਤੇ ਮੋਡੇਆਂ ਤੇ ਨੰਗੀਆਂ ਤਲਵਾਰਾਂ ਦਾ ਚਮਕਦਿਆਂ ਹੋਈਆਂ ਦਾ ਦਿੱਸਨਾ ਇਸ ਗੱਲਦੀ ਪੂਰਨ ਸਾਖੀ ਦੇਰਿਹਾ ਹੈ ਕਿ ਏਹ ਸੈਨਾ ਜੰਗੀ ਕਵਾਇਦ ਤੋਂ ਪੂਰੀ ਵਾਕਫ ਹੈ ਆਹਾ ! ਜਿਵੇਂ ਜਿਵੇਂ ਇਨ੍ਹਾਂ ਸੂਰਬੀਰਾਂ ਦਾ ਪੈਰ ਅੱਗੇ ਵਧਦਾ ਜਾਂਦਾ ਹੈ ਤਿਵੇਂ ਤਿਵੇਂ ਇਹਨਾਂ ਦੇ ਚਿਹਰੇ ਲੜਾਈ ਦੇ ਜਸ਼ ਨਾਲ ਲਾਲ ਹੁੰਦੇ ਜਾਂਦੇ ਹਨ ॥

ਪਾਠਕ ਗਣ ! ਛੱਤ੍ਰੀਆਂ ਲਈ ਇਸਤੋਂ ਵਧਕੇ ਹੋਰ ਕੋਈ ਖੁਸ਼ੀ ਦਾ ਸਮਾਂ ਨਹੀਂ ਕਿ ਸਰਮਤਾਈ ਤੇ ਬੀਰਤਾ ਨਾਲ ਸ਼ਤ੍ਰੂ ਦਾ ਸਾਹਮਨਾ ਕਰਕੇ ਰਣਭੂਮੀ ਵਿੱਚ ਕੰਮ ਔਨ, ਇਹ ਕਾਰਣ ਹੈ ਕਿ ਏਹ ਲੋਗ ਖੁਸ਼ੀ ਦੇ ਨਾਹਰੇ ਮਾਰਦੇ ਹੋਏ ਭਾਰੀ ਪ੍ਰਸੰਨਤਾ ਨਾਲ ਮਜਲਾਂ ਕਟਦੇ ਜਾ ਰਹੇ ਹਨ, ਜਦ ਦੁਰਮਤੀ ਨਗਰ ਕੁਝ ਥੋੜੀ ਦੂਰ ਰਿਹਾ ਤਾਂ ਇਕ ਸਿਆਨੇ ਬੁੱਢੇ ਮੰਤ੍ਰੀ ਨੂੰ ਰਾਵਨ ਦੇ ਪਾਸ ਏਸ ਲਈ ਭੇਜਿਆ ਕਿ ਓਹ ਉਸਨੂੰ ਸਮਝਾਕੇ ਲੜਾਈ ਕਰਨ ਤੋਂ ਰੋਕੇ ਅਤੇ ਟਰੋ ਲੈਕ ਅੱਗੇ ਆ ਮਿਲੇ ॥

ਮੰਗਲਪੁਰ ਦੇ ਮਦਾਨ ਵਿੱਚ ਜਿਸ ਵੇਲੇ ਇਹ ਮੰਤ੍ਰੀ

Original with:
Language Department Punjab
Digitized by:
Panjab Digital Library

ਪਹੁੰਚਿਆ ਤਾਂ ਕੀ ਵੇਖਦਾ ਹੈ ਕਿ ਓਥੇ ਅਗਿਨਤ ਫੌਜ ਛਉਨੀ ਪਾਕੇ ਉਤਰੀ ਹੋਈ ਹੈ. ਅਤੇ ਕਈ ਸਿਪਾਹੀ ਬਿਲਕ ਕੰਡਾ ਦੁਰੁਸਤ ਕਰਕੇ ਲੜਾਈ ਦਾ ਸਾਮਿਆਨ ਤਿਆਰ ਕਰ ਰਹੇ ਹਨ, ਥਾਂ ਥਾਂ ਤੰਬੂ ਤਨੇ ਹੋਏ ਹਨ ਅਤ ਐਨ ਮਿਆਨੇ ਵਿੱਚ ਇਕ ਬੜਾ ਸੁੰਦ੍ ਤੇ ਸਭਤੋਂ ਉੱਚਾ ਤੰਬੂ ਲੱਗਾ ਹੋਯਾ ਦਿਸ ਰਿਹਾ ਹੈ ਜਿਸਦੇ ਚਾਰੇ ਪਾਸੇ ਨੰਗੀਆਂ ਭਲਵਾਰਾਂ ਮੋਢਿਆਂ ਪੁਰ ਰਖੇ ਹੋਏ ਸਿਪਾਹੀ ਪਹਰਾ ਦੇ ਰਹੇ ਹਨ, ਜਿਉਂ ਇਕ ਸਿਪਾਹੀ ਨੇ ਮੰਤ੍ਰੀ ਨੂੰ ਓਸ ਤੰਬੂ ਵਲ ਜਾਂਦਾ ਡਿੱਠਾ ਤਾਂ ਝਟ ਓਸਦੇ ਕੋਲ ਆਕੇ ਵਾਹਗੁਰੂ ਜਾਨੇ ਕੀ ਪੁਛਿਆ ਕਿ ਇਸਨੂੰ ਓਥੇਹੀ ਰੋਕ ਲਿਆ ਅਤ ਆਪ ਚਿਤ ਚੁੱਕਕੇ ਤੰਬੂ ਦੇ ਅੰਦਰ ਚਲਿਆ ਗਿਆ, ਅਤੇ ਥੋੜੀ ਦੇਰ ਪਿੱਛੋਂ ਅੰਦਰੋਂ ਬਾਹਰ ਆਕੇ ਇਸਨੂੰ ਭੀ ਅਪਨੇ ਨਾਲ ਅੰਦਰ ਲੈ ਗਿਆ, ਜਿਥੇ ਅਗ ਰਾਜਾ ਵਰਣ ਅਪਨੀ ਫੌਜ ਦੇ ਕਈ ਅਫਸਰਾਂ ਨੂੰ ਕੋਲ ਬਠਾਕੇ ਗੱਲਾਂ ਬਾਤਾਂ ਕਰ ਰਿਹਾ ਸੀ *ਪੁੰਡਰੀਕ ਅਤੇ †ਰਾਜਓ ਭੀ ਓਥੇਈ ਬੈਠੇ ਸਨ ਮੰਤ੍ਰੀ ਨੇ ਜਾਂਦਿਆਂਈ ਸਿਰ ਝੁਕਾਕੇ ਪ੍ਰਣਾਮ ਕੀਤੀ ਤੇ ਹੱਥ ਬੰਨਕੇ ਸਾਹਮਨੇ ਖਲੋ ਗਿਆ ॥

ਵਰਣ–(ਓਹਦੇ ਵਲ ਝੁੱਕਕੇ ਅਤੇ ਇਸ਼ਾਰਾ ਕਰਕੇ) ਬੈਹ ਜਾਓ ਅਤੇ ਦਸੋ ਤੁਸੀ ਕਿਸ ਤਰਾਂ ਆਏ ਹੋ ॥

ਮੰਤ੍ਰੀ–(ਹੱਥਜੋੜਕੇ) ਮਹਾਰਾਜ ! ਰਾਜਾ ਰਾਵਨ ਦਾ ਭੇਜਿਆ ਹੋਯਾ ਆਪ ਦੇ ਚਰਨਾਂ ਵਿੱਚ ਹਾਜ਼ਰ ਹੋਯਾ ਹਾਂ ਤੇ ਜੋ ਮੇਰੀ ਜਾਨ ਬਖਸ਼ੀ ਹੋਵੇ ਤਾਂ ਜੋ ਉਹਨਾਂ ਨੇ ਕਿਹਾ ਹੈ ਆਪ ਨੂੰ ਕਹ ਸੁਨਾਵਾਂ ।

ਵਰਣ–ਹਾਂ ! ਹਾਂ ਜ਼ਰੂਰ ਕਹੋ. ਅਤੇ ਕੋਈ ਫਿਕਰ ਨ ਕਰੋ ਜੋ ਕੁਝ ਓਹਨਾਂ ਨੇ ਆਖਿਆ ਹੈ ਦਸੋ ਓਸ ਉਤੇ ਬੜੀ ਪ੍ਰੇਮਤਾ ਨਾਲ ਵਿਚਾਰ ਕੀਤੀ ਜਾਏਗੀ ਅਤੇ ਜੋ ਕੁਝ ਉਚਿਤ ਸਮਝਿਆ ਜਾਏਗਾ, ਉੱਤਰ ਦਿੱਤਾ ਜਾਏਗਾ ।

---

*ਪੁੰਡਰੀਕ ਅਰ †ਰਾਜਿਓ ਇਹ ਦੋਵੇਂ ਵਰਣ ਦੇ ਪੁਤ੍ਰ ਸਨ

Original with:
Language Department Punjab
Digitized by:
Panjab Digital Library

ਮੰਤ੍ਰੀ-ਈਸ਼ੁਰ ਪਰਮਾਤਮਾ ਤੁਹਾਨੂੰ ਸਲਾਮਤ ਰਖੱਨ ਅਤੇ ਤੁਹਾਡਾ ਇਕਬਾਲ ਵਧਾਏ ਮੇਰੀ ਕੀ ਸਮਰਥ ਹੈ ਕਿ ਤੁਹਾਡੇ ਸਾਹਮਨੇ ਮੂੰਹ ਖ਼ੋਲਾਂ ਸਾਂ ਜ਼ਬਾਨ ਹਲਾਵਾਂ ਪਰ ਕੀ ਕਰਾਂ ਲਾਚਾਰੀ ਅਮਰ ਹੈ ਮਾਲਕ ਦੀ ਆਗਿਆ ਪਾਲਨ ਕਰਨਾ ਮੇਰਾ ਫਰਜ਼ ਹੈ ।

ਵਰਨ-ਹਾਂ ! ਬੇਸ਼ਕ ਕਹੋ ਜੋ ਕੁਝ ਉਨਾਂ ਨੇ ਕਿਹਾ ਹੈ ਬੜੀ ਖ਼ੁਸ਼ੀ ਨਾਲ ਦਸੋ ਇਸ ਵਿੱਚ ਤੇਰੇ ਤੇ ਕੋਈ ਦੋਸ਼ ਨਹੀਂ ਆਉਂਦਾ ॥

ਮੰਤ੍ਰੀ-ਮਹਾਰਾਜ ਲੜਾਈ ਕਰਨ ਨਾਲ ਦੁਹਾਂ ਪਾਸਿਆਂ ਦਾ ਨੁਕਸਾਨ ਹੋਵੇਗਾ, ਅਨੇਕਾਂ ਸੂਰਮੇ ਅਪਨੇ ਪਿਆਰੇ ਮਾਤਾ ਪਿਤਾ ਨੂੰ ਸਦਾ ਵਿਛੋੜੇ ਦਾ ਦਾਗ ਲਾਕੇ ਅਪਨੀ ਪਿਆਰੀਆਂ ਇਸਤ੍ਰੀਆਂ ਨੂੰ ਵਿਯੋਗ ਵਿਚ ਪਾ ਜਾਂਨ਼ਗੇ ਤੇ ਫੇਰ ਭੀ ਰਾਮ ਜਾਨੇ ਕਿ ਜਿਤ ਕਿਸਦੀ ਹੋਵੇ ਅਤੇ ਏਸ ਕਰਕੇ ਚੰਗੀ ਗਲ ਤਾਂ ਏਹ ਹੈ ਅਤੇ ਰਾਜਾ ਰਾਵਣ ਦੀ ਭੀ ਏਹੋ ਸਲਾਹ ਹੈ ਕਿ ਪਿਛਲਾ ਬਾਕੀ ਮਾਮਲਾ ਦੇਦੇਵੋ ਤੇ ਅੱਗੇਂ ਲਈ ਜਥਾਜੋਗ ਸ਼ਰਤਾਂ ਕਰਕੇ ਭੁਲ ਬਖਸ਼ਾ ਲਓ ਜਿਸਤੋਂ ਲੜਾਈ ਨ ਹੋਵੇ ਅਤ ਬਿਅਰਥ ਮਾਵਾਂ ਦੇ ਪੁਤ੍ਰ ਨਾ ਮਾਰੇ ਜਾਨ । ਅਤੇ ਤੁਮੇ ਰਾਵਨ ਨਾਲ ਲੜਾਈ ਕਰਨੀ ਕੋਈ ਖ਼ਾਲਾ ਜੀ ਦਾ ਘਰ ਨਹੀਂ ॥

ਵਰਣ ਏਹ ਗੱਲਾਂ ਸੁਨਦੀ ਸਾਰ ਹੀ ਸੜ ਬਲਕੇ ਕੋਲੇ ਹੋਗਿਆ ਕ੍ਰੋਧ ਵਿੱਚ ਆਕੇ ਮੂੰਹ ਲਾਲ ਕਰ ਨ ਤੇ ਭਾਡੇ ਤੈਸ਼ ਵਿੱਚ ਆਕੇ ਆਖਨ ਲੱਗਾ ॥

ਵਰਣ-ਰਾਵਨ ਅਪਨੇ ਮਨ ਵਿੱਚ ਕੀ ਸਮਝਦਾ ਹੈ ਅਤੇ ਕੱਡੇ ਘਮੰਡ ਵਿੱਚ ਬੈਠਾ ਹੈ ਇਹ ਜੋ ਮਾਮਲਾ ਲੈਨ ਦਾ ਝੂਠਾ ਖ਼ਿਆਲ ਉਸਦੇ ਦਿਲ ਵਿੱਚ ਸਮਾ ਰਿਹਾ ਹੈ ਉਸ ਨੂੰ ਜ਼ਰੂਰ ਖ਼ਰਾਬ ਕਰੇਗਾ, ਓਹ ਇਸ ਗਲ ਦੀ ਕਦਾਚਿਤ ਉਮੈਦ ਨ ਰਖ ਮੈਨੂੰ ਇੰਦਰ, ਯਮ, ਜਾ ਕੁਵੇਰ ਰਾਜਾ ਨ ਸਮਝੇ ਮੈਂ ਵਰਣ ਹਾਂ ਤੇ ਤੁਨ ਏਸ ਗਲਦਾ ਨਬੇੜਾ (ਤਲਵਾਰ

Original with:
Language Department Punjab
Digitized by:
Panjab Digital Library

ਪਰ ਹੱਥ ਰਖਕੇ) ਏਹ ਤਲਵਾਰ ਕਢੇਗਾ, ਅਰ ਫੜ ਓਹਨੂੰ ਅਪਣੇ ਪਛੋਤਾਨਾ ਪਏਗਾ ਤੇ ਜੇ ਓਹ ਲੜਾਈ ਕਰਨ ਨੂੰ ਤਿਆਰ ਹੈ ਤਾਂ ਬੇਸ਼ਕ ਵੇਖ ਲਵੇ ਸਾਡੇ ਵਲੋਂ ਉਸਨੂੰ ਖੁਲ ਹੈ ਏਧਰ ਭੀ ਤਿਸੇ ਵੰਗਾਂ ਨਹੀਂ ਪਹਿਨੀਆਂ ਹੋਈਆਂ ਉਸਨੂੰ ਕਹ ਦਿਓ ਅਸੀ ਤਿਆਰ ਹਾਂ ਬੇਸ਼ਕ ਅਪਨਾਂ ਜ਼ੋਰ ਲਾਲਵੇ ਤੇ ਅਪਨੀ ਵਲੋਂ ਢਿਲ ਨ ਕਰੇ ॥

ਏਹ ਕਹਕੇ ਮੰਤ੍ਰੀ ਨੂੰ ਤਾਂ ਵਿਦਿਆ ਕੀਤਾ ਅਤੇ ਪੁੰਡਰੀਕ ਅਰ ਰਾਜੀਵ ਨੂੰ ਫੌਜ ਦੀ ਤਿਆਰੀ ਦੀ ਆਗਜ਼ਾ ਦਿੱਤੀ ॥

ਪਾਠਕ ਗਣ ! ਵਰਣ ਦੀ ਗਲ ਬਾਤ ਤਾਂ ਤੁਸੀ ਸੁਣ ਚੁਕੇ ਹੋ ਪਰ ਹੁਨ ਰਾਵਣ ਨੂੰ ਚਲਕੇ ਵੇਖੀਏ ਕਿ ਓਹ ਮੰਤ੍ਰੀ ਪਾਸੋਂ ਵਰਣ ਦਾ ਜਵਾਬ ਸੁਨਕ ਰਾਵਨ ਹਨੂੰਮਾਨ, ਸੁਗਰੀਵ ਆਦਕਾਂ ਨੂੰ ਕੀ ਕਹ ਰਿਹਾ ਹੈ ॥

ਰਾਵਨ–ਮੈਂ ਨਹੀਂ ਚਾਹਦਾਂ ਸੀ ਕਿ ਲੜਾਈ ਹੋਵੇ ਅਰ ਮੁਖਤ ਵਿੱਚ ਪ੍ਰਾਏ ਪੁਤ੍ਰਾਂ ਦਾ ਨਾਸ ਹੋਵੇ, ਪਰ ਕੀ ਕੀਤਾ ਜਾਵੇ, ਓਹ ਆਪ ਹੀ ਅੜਿਚ ਕਰਕੇ ਜੁੱਧ ਨੂੰ ਤਿਆਰ ਹੈ ਅਰ ਓਹ ਕਿਸੇ ਤਰਾਂ ਨਹੀਂ ਸਮਝਦਾ ਸੋ ਹੁਨ ਇਹੋ ਮੁਨਾਸਬ ਹੈ ਕਿ ਓਸ ਕ੍ਰਿਤਘਨ ਦੀ ਦੂਬ ਖਬਰ ਲੀਤੀ ਜਾਵੇ ਅਜੇਹੇ ਦੁਸ਼ਟ ਦਾ ਲਿਹਾਜ਼ ਕਰਨਾ ਯਾ ਦਯਾ ਕਰਨੀ ਹੋਰਨਾਂ ਦੇ ਹੌਸਲੇ ਨੂੰ ਢਾਹਨਾ ਹੈ ।

ਹਨੂੰਮਾਨ–ਜੋ ਕੁਝ ਤੁਸਾਂ ਆਖਿਆ ਹੈ ਸੱਚ ਹੈ ਭਲਾ ਏਹ ਕਦ ਹੋ ਸਕਦਾ ਹੈ ਕਿ ਅਸੀ ਲੋਕ ਹੁਨ ਟਾਲ ਮਟਾਲ ਕਰ ਜਾਈਏ, ਤੇ ਸੁਲਾਹ ਦੀ ਗਲ ਕਰਕੇ ਸਦਾ ਦਾ ਕਲੰਕ ਅਪਨੇ ਪੁਰ ਲਈਏ, ਨਹੀਂ ! ਕਦੇ ਨਹੀਂ !! ਹੁਨ ਤਾਂ ਅਸੀ ਲੋਕ ਲੜਾਂਗੇ ਜ਼ਰੂਰ ਲੜਾਈ ਕਰਾਂਗੇ, ਅਤੇ ਅਪਨੀ ਅਪਨੀ ਬੀਰਤਾ ਦੇ ਹਥ ਵਖਾਕੇ ਉਸਨੂੰ ਦੱਸ ਦੇਵਾਂਗੇ ਕਿ ਸਿਰ ਚੁੱਕਨ ਦਾ ਏਹ ਸੁਆਦ ਹੁੰਦਾ ਹੈ। ਅਤੇ ਝੂਠੇ ਬਚਨ ਕਰਨ ਦਾ ਤੇ ਅਹਦ ਤੋੜਨ ਦਾ ਇਹ ਫਲ ਹੁੰਦਾ ਹੈ। ਮਹਾਰਾਜ ! ਲੋਹੇ ਨੂੰ ਲੋਹਾ

Original with:
Language Department Punjab
Digitized by:
Panjab Digital Library

ਕਟਦਾ ਹੈ ਡੰਡਾ ਪੀਰ ਮੁਸਟੰਡਿਆਂ ਦਾ ਹੁੰਦਾ ਹੈ । ਦੰਮਾਂ ਦੇ ਰੁੱਠੇ ਗੱਲਾਂ ਨਾਲ ਨਹੀਂ ਮਨੀਂਦੇ।

ਜਦ ਇਸ ਗਲ ਦੀ ਹਾਮੀ ਸਭਨਾਂ ਨੇ ਜੋ ਓਥੇ ਬੈਠੇ ਸਨ ਭਰੀ ਤਾਂ ਰਾਵਨ ਪ੍ਰਸੰਨ ਹੋਕੇ ਕਹਿਨ ਲੱਗਾ ॥

ਰਾਵਨ–ਸ਼ਾਬਾਸ਼ ੨ ! ਤੁਹਾਡੇ ਉਤੇ ਇਹੋ ਉਮੈਦ ਹੈ, ਤੁਹਾਡੇ ਲੋਕਾਂ ਦੀ ਬੁੱਧ ਦੀ ਹਿੱਮਤ ਤੁਪੀ ਭਾਪ ਨਾਲ ਹੀ ਤਾਂ ਏਹ ਰਾਜ ਰੂਪੀ ਗੱਡੀ ਚਲ ਰਹੀ ਹੈ, ਇਸ ਵਿੱਚ ਰਤੀ ਸੰਦੇਹ ਨਹੀਂ ਕਿ ਵਰਨਣ ਭਰਾ ਬੇ ਲਿਹਾਜ਼ ਅਤੇ ਕੋਰਾ ਆਦਮੀ ਹੈ ਜਿੱਨਾਂ ਹੀ ਡੰਡ ਉਸਨੂੰ ਦਿੱਤਾ ਜਾਵੇ ਥੋੜਾ ਹੈ । ਇਹ ਕਹਕੇ ਲੜਾਈ ਦੀ ਪੱਕੀ ਸਲਾਹ ਕਰਕੇ ਫੌਜ ਨੂੰ ਤਿਆਰੀ ਕਰਨ ਦੀ ਆਗਿਆ ਦਿੱਤੀ ॥

ਅਠਾਈਵਾਂ ਅਧਿਜਾਯ ॥

ਰਣਭੂਮੀ

—:o:—

ਸਵੇਰਸਾਰ ਦਾ ਵੇਲਾ ਹੈ ਪੌਹ ਫੁੱਟ ਪਈ ਹੈ ਚਾਨਨੀ ਹੁੰਦੀ ਜਾਂਦੀ ਹੈ ਅਰ ਰਾਤ ਦਾ ਰਹਿੰਦਾ ਖੂੰਦਾ ਹਨੇਰਾ ਭੀ ਸਾਰੇ ਪਾਸਿਓਂ ਰਫੂਚਕੱਰ ਹੋ ਰਿਹਾ ਹੈ ਅਤੇ ਸੂਰਜ ਭਗਵਾਨ ਦੇ ਚੜ੍ਹਨ ਦਾ ਵੇਲਾ ਹੁੰਦਾ ਪਇਆ ਹੈ ਇਸ ਵੇਲੇ ਸਾਡਾ ਧਿਆਨ ਜਿਥੇ ਜਾਕੇ ਪਹੁੰਚਿਆ ਹੈ ਓਹ ਮੰਗਲਪੁਰ ਦਾ ਓਹ ਲੰਮਾ ਚੌੜਾ ਮੈਦਾਨ ਹੈ ਜਿੱਥੇ ਇੱਕ ਵੱਲ ਤਾਂ ਰਾਵਣ ਅਪਨੀ ਅਗਿਨਤ ਸੈਨਾਂ ਸਮੇਤ ਡੇਰਾ ਪਾਏ ਬੈਠਾ ਹੈ ਅਤੇ ਦੂਜੇ ਪਾਸੇ ਵਰਣ ਅਪਨੀ ਛਾਉਨੀ ਜਮਾਕੇ ਬੈਠਾ ਹੈ, ਪਰ ਦੂਹਾਂ ਪਾਸਿਆਂ ਦੀਆਂ ਫੌਜਾਂ ਵਿੱਚ ਦੱਜ ਨਾਲੋਂ ਵਧਕੇ ਖਲਬਲੀ ਮਚ ਰਹੀ ਹੈ, ਸੌਨ

Original with:
Language Department Punjab
Digitized by:
Panjab Digital Library

ਵਾਲੇ ਆਕੜਾਂ ਭੁੱਨ ਭੁੱਨ ਕੇ ਉਠ ਰਹੇ ਹਨ। ਅਤੇ ਕਈ ਭਾਂ ਅਜੇਹੀ ਨੀਂਦਰ ਵਿੱਚ ਮਸਤ ਪਏ ਹੋਏ ਹਨ ਕਿ ਓਹਨਾਂ ਦੇ ਸਿਪਾਹੀ ਭਜਾ ਓਨ੍ਹਾਂ ਨੂੰ ਅਵਜਾਂ ਮਾਰ ਮਾਰ ਕੇ ਜਗਾ ਰਹੇ ਹਨ, ਪਰ ਓਹ ਪਾਸੇ ਮਾਰਕੇ ਹੂੰ ਹੂੰ ਕਰਕ ਫੇਰ ਨੀਂਦਰ ਦੀ ਗੋਦ ਵਿੱਚ ਜਾ ਪੈਂਦੇ ਹਨ, ਇਸ ਗੱਲ ਨੂੰ ਵੇਖਕੇ ਏਹ ਸ਼ੱਕ ਪੈਂਦਾ ਹੈ ਕਿ ਅੱਜ ਜਰੂਰ ਏਨ੍ਹਾਂ ਫ਼ੌਜਾਂ ਦੀ ਆਪੋ ਵਿਚ ਲੜਾਈ ਹੋਵੇਗੀ, ਕਿਉਂ ਜੋ ਹਰ ਇੱਕ ਸਿਪਾਹੀ ਜੰਗਲ ਪਾਨੀ ਹੋਕੇ ਬਰਦੀ ਕੱਸ ਰਿਹਾ ਹੈ ਅਤੇ ਹਥਿਆਰ ਬਨ੍ਹ ਰਿਹਾ ਹੈ, ਅਤੇ ਕਈ ਸਿਪਾਹੀ ਅਪਨੀਆਂ ਨਗੀਆਂ ਭਲਵਾਰਾਂ ਦੀਆਂ ਧਾਰਾਂ ਤੇ ਉਂਗਲੀਆਂ ਫੇਰ ਫੇਰ ਕੇ ਕਹ ਰਹੇ ਹਨ ਕਿ ਅੱਜ ਤੁਹਾਡੀ ਕਟਕਟੌਂਤੀ ਤੇ ਤੇਜੀ ਵਿੱਠੀ ਜਾਏਗੀ। ਇਹ ਕਹਕੇ ਓਨ੍ਹਾਂ ਨੂੰ ਮਿਆਨਾਂ ਵਿੱਚ ਪਾ ਰਹੇ ਹਨ। ਕਮਾਨਾਂ ਨੂੰ ਖਿੱਚ ਖਿੱਚ ਕੇ ਵੇਖ ਰਹੇ ਹਨ, ਅਤੇ ਭਰਥਾਂ ਨੂੰ ਭੀਰਾਂ ਨਾਲ ਭਰ ਭਰ ਕੇ ਲੱਕ ਨਾਲ ਬੱਨੀ ਜਾਂਦੇ ਹਨ, ਨੇਜਿਆਂ ਅਤੇ ਬਰਛੀਆਂ ਵੱਲੋਂ ਭੀ ਝਕ ਰਹੇ ਹਨ, ਸਾਰ ਏਹ ਹੈ ਕਿ ਏਸ ਵੇਲੇ ਹਰ ਇੱਕ ਸਿਪਾਹੀ ਅਪਨਾ ੨ ਓਹ ਰੂਪ ਢਾਲ ਰਿਹਾ ਹੈ ਜੋ ਇਕ ਬੀਰ ਸੂਰਮੇ ਦਾ ਹੋਨਾ ਚਾਹੀਦਾ ਹੈ। ਇਨੇ ਵਿੱਚ ਜੰਗੀ ਵਾਜਾ ਵੱਜਿਆ ਜਿਸ ਨੂੰ ਸੁਨਦੀਆਂਈ' ਭਰੂਂ ਭਰੂਂ ਦੀਆਂ ਬਰਦੀਆਂ ਪਹਿਨੇ, ਚਿੱਲਾ ਚੜ੍ਹਾਏ ਭੀਰਕਮਾਨਾਂ ਨੂੰ ਖਿੱਚ ਖਿੱਚ ਕੇ ਸੂਰਬੀਰ ਜੁਵਾਨ ਰਣਭੂਮੀ ਵਿੱਚ ਆਓ'ਦੇ ਹੋਏ ਦਿਖਾਈ ਦਿੱਤੇ ॥

ਆਹਾ! ਕਹੀਆਂ ਫੌਜਾਂ ਬੰਨ੍ਹ ਕੇ ਖਲੋਤੇ ਹੋਏ ਹਨ, ਕਿਸਦੀ ਸਮਰੱਥ ਹੈ ਕਿ ਫੌਜਾਂ ਕੋਈ ਰਤੀ ਭੀ ਏਧਰ ਓਧਰ ਹੋਵੇ, ਜਾਂ ਕਿਸੇ ਨਾਲ ਗੱਲ ਕਰਕੇ ਅਪਨਾ ਧਿਆਨ ਏਧਰ ਓਧਰ ਕਰੇ, ਨਹੀਂ ਹਰ ਇੱਕ ਅਪਨੇ ੨ ਸੈਨਾਪਤੀ ਵੱਲੋਂ ਭੱਜ ਰਿਹਾ ਹੈ ਅਤੇ ਸਭ ਇਸ ਹੁਕਮ ਨੂੰ ਉਡੀਕ ਰਹੇ ਹਨ ਕਿ ਕਦ ਲੜਾਈ ਦੀ ਬਿਗਲ ਵਜਦੀ ਹੈ, ਅਤੇ ਅਸੀ ਅਪਨੇ ਭੀਰਾਂ ਨੂੰ ਸ਼ਤ੍ਰੂ ਦੇ ਲਹੂ ਨਾਲ ਭਰ ਕਰਕੇ ਗਨੀਮ ਨੂੰ ਹਾਰ ਦਈਏ ਇਸੇ ਜੋਸ਼ ਨਾਲ ਏਨ੍ਹਾਂ ਦੇ ਚੇਹਰੇ ਲਾਲ

Original with:
Language Department Punjab
Digitized by:
Panjab Digital Library

ਹੋ ਰਹੇ ਹਨ, ਅਤੇ ਇੱਕ ਇੱਕ ਪਲ ਪਹਿਰ ਪਹਿਰ ਦੇ ਬਰਾਬਰ ਗੁਜ਼ਰ ਰਿਹਾ ਹੈ।

ਸਾਡੇ ਸੂਰਬੀਰ ਜਰਨੈਲ ਹਨੂਮਾਨ ਜੀ ਦੀ ਥੌਜ ਵੱਲ ਤੇ ਤੱਕੋ ਕਹੀ ਇਕ ਕਤਾਰ ਵਿੱਚ ਖਲੋਤੀ ਹੈ ਤਿਲ ਭਰ ਦਾ ਭੀ ਫ਼ਰਕ ਨਹੀਂ, ਅਤੇ ਆਪ (ਹਨੂੰਮਾਨ ਜੀ) ਕਿਸ ਪ੍ਰਕਾਰ ਗੁਰਜ ਨੂੰ ਹਿਲਾਂਦੇ ਹੋਏ ਛਾਤੀ ਕੱਢਕੇ ਬੜੇ ਜੋਸ਼ ਨਾਲ ਹਰ ਇੱਕ ਸਿਪਾਹੀ ਦੇ ਹੌਂਸਲੇ ਨੂੰ ਵਧਾਂਦੇ ਹੋਏ ਏਧਰ ਓਧਰ ਟਹਿਲ ਰਹੇ ਹਨ, ਅਤੇ ਏਸੇ ਤਰ੍ਹਾਂ ਰਾਜਾ ਬੱਜਰ ਬਾਹੁ ਅਤ ਸੁਗ੍ਰੀਵ ਭੀ ਅਪਨੀ ੨ ਫੌਜ ਨੂੰ ਵੇਖ ਵਖਕੇ ਪ੍ਰਸੰਨ ਹੋ ਰਹੇ ਹਨ। ਏਨੇ ਵਿੱਚ ਲੜਾਈ ਦੇ ਸੰਖ ਦੀ ਜੋਸ਼ ਦਾਇੱਕ ਧਨ ਵੱਜਦੀ ਹੋਈ ਸੁਨਾਈ ਦਿੱਤੀ ਜਿਸਨੂੰ ਸੁਨਦਿਆਈਂ ਸ਼ੂਰਬੀਰਾਂ ਦੇ ਓਹ ਤੀਰ ਜੇਹੜੇ ਹੁਕਮ ਦੀ ਹੀ ਉਡੀਕ ਵਿੱਚ ਕਮਾਨਾਂ ਵਿੱਚ ਤਨੇ ਹੋਏ ਜਾਪਦੇ ਸਨ, ਦੁਸ਼ਮਨਾਂ ਦੀਆਂ ਛਾਤੀਆਂ ਨੂੰ ਵਿਨ੍ਹਦੇ ਹੋਏ ਵਖਾਈ ਦੇ ਰਹੇ ਹਨ। ਓਹੋ ਮੈਦਾਨ ਜੇਹੜਾ ਹੁਨੇ ਸਾਫ਼ ਤੇ ਸੁਥਰਾ ਦਿਸ ਰਿਹਾ ਸੀ, ਇੱਕ ਘੜੀ ਵਿੱਚ-ਥੋੜ ਦਿਲਿਆਂ ਤੇ ਕੰਮ ਹਿੰਮਤੀਆਂ ਲਈ ਭਾਹਾ ਭਰਾਓਨਾ ਬਨ ਗਿਆ, ਅਤੇ ਲਹੂ ਨਾਲ ਪੁਰ ਹੋਕੇ ਬਹਾਦਰਾਂ ਦੇ ਜੋਸ਼ ਨੂੰ ਵਧਾਓਨ ਲੱਗਾ॥

ਹਨੂਮਾਨ ਜੀ ਦਾ ਫੁਰਤੀਲਾ ਹੱਥ ਥਾਨਾਂ ਦੀ ਵਰਖਾ ਕਰਕੇ ਲੋਕਾਂ ਨੂੰ ਹਰਾਨ ਕਰ ਰਿਹਾ ਹੈ ਕੀ ਮਜਾਲ ਜੋ ਇੱਕ ਵਾਰ ਭੀ ਖਾਲੀ ਜਾਏ ਇਸਦਾ ਭੀਰ ਹੈ ਕਿ ਮੌਤ ਦਾ ਸਨੇਹਾ ਹੈ ਸੁਗ੍ਰੀਵ ਅਰ ਬੱਜਰਬਾਹੁ ਦੇ ਤੀਰਾਂ ਨੇ ਭੀ ਸ਼ਤ੍ਰੂ ਦੀ ਫੌਜ ਵਿੱਚ ਖਲਬਲੀ ਮਚਾ ਰੱਖੀ ਹੈ ਜਿਸ ਨੂੰ ਇੱਕ ਤੀਰ ਭੀ ਲੱਗ ਜਾਂਦਾ ਹੈ ਓਹ ਨਿਡਰ ਹੋ ਸਦਾ ਲਈ ਮਿੱਠੀ ਨੀਂਦਰ ਵਿੱਚ ਸੌ ਜਾਂਦਾ ਹੈ!!!

ਪੁੰਡਰੀਕ ਜੋ ਏਨ੍ਹਾਂ ਦਾ ਸਾਹਮਨਾ ਕਰ ਰਿਹਾ ਹੈ ਓਹ ਭੀ ਦਿਲਾਵਰੀ ਵਿੱਚ ਘੱਟ ਨਹੀਂ ਕਿਹੀ ਸ਼ਿਸਤ ਬੰਨਕੇ ਤੀਰ ਚਲਾ ਚਲਾ ਕੇ ਅਪਨੀ ਬੀਰੰਤਾ ਦੇ ਗੁਣ ਵਖਾ ਰਿਹਾ ਹੈ, ਜਿਸਨੂੰ ਵੇਖ ਕੇ ਬੁਜ਼ਦਿਲੇ ਭੀ ਅਗਾਂ ਲੜਾਈ ਨੂੰ ਵੱਧ ਰਹੇ ਹਨ, ਓਹੋ।

Original with:
Language Department Punjab
Digitized by:
Panjab Digital Library

ਸੁਗ੍ਰੀਵ ਦੀ ਸੈਨਾ ਨੂੰ ਭਾਂ ਏਨ੍ਹਾਂ ਬੁਰੀ ਤਰ੍ਹਾਂ ਘੇਰ ਰਖਿਆ ਹੈ ਇਸ ਨੂੰ ਭਾਂ ਇੱਕ ਕਦਮ ਭੀ ਅੱਗੇ ਵਧਣ ਨਹੀਂ ਦੇਂਦੇ ਸਗੋਂ ਪੁੱਠੇ ਪੈਰੀਂ ਵੱਲ ਭਾਂ ਭਜਦੇ ? ਕਿਸ ਪ੍ਰਕਾਰ ਅੱਗੇ ਵਧ ਰਿਹਾ ਹੈ ਇਸ ਨੂੰ ਭਾਂ ਜਾਨ ਦਾ ਭੀ ਡਰ ਨਹੀਂ ਕਿਹਾ ਨਿਡਰ ਹੋਕੇ ਅਪਨੇ ਦੁਸ਼ਮਨਾਂ ਵਿੱਚ ਧਸੀ ਜਾਂਦਾ ਹੈ, ਚਾਹੇ ਸ਼ਤ੍ਰੂਆਂ ਦੇ ਤੀਰਾਂ ਨੇ ਸੂਰਮੇ ਦੇ ਸਰੀਰ ਨੂੰ ਲਹੂ ਲੁਹਾਨ ਕਰ ਦਿੱਤਾ ਹੈ ਮਾਨੋ ਸੂਹੇ ਕਪੜੇ ਪਾ ਦਿੱਤੇ ਹਨ ਪਰ ਏਹਦਾ ਪੈਰ ਬਰੱਬਰ ਅੱਗੇ ਨੂੰ ਹੀ ਵੱਧੀ ਜਾਂਦਾ ਹੈ। ਵਰਣ ਦੀ ਸੈਨਾ ਦੁਸ਼ਮਨ ਦੀ ਫੌਜ ਨੂੰ ਹਰਾਕੇ ਨਸਾਓਨਾਂ ਚਾਹੁੰਦੀ ਸੀ ਕਿ ਏਨੇ ਵਿੱਚ ਰਾਵਨ ਦੇ ਸੂਰਮਿਆਂ ਨੇ ਏਨ੍ਹਾਂ ਨੂੰ ਵਧਦਆਂ ਵੇਖ ਅਜਹਾ ਜੋਰ ਨਾਲ ਓਨ੍ਹਾਂ ਦਾ ਸਾਹਮਨਾ ਕੀਤਾ ਕਿ ਓਹ ਸਿਪਾਹੀ ਭੀ ਜਿਨ੍ਹਾਂ ਤੇ ਬੁਜ਼ਦਿਲੀ ਦੀ ਓਮੈਦ ਸੀ ਜਾ ਨਿਰਬਲਤਾ ਦਾ ਡਰ ਸੀ ਵੇਖੋ ਕਹੇ ਜ਼ੋਰ ਨਾਲ ਕਮਾਨਾਂ ਚੜ੍ਹਾਕੇ ਤੀਰ ਚਲਾ ਰਹੇ ਹਨ, ਅਤੇ ਅੱਗੇ ਵੱਧ ਵੱਧਕੇ ਕਿਸ ਤਰ੍ਹਾਂ ਨਾਲ ਨੇਜੇ ਤੇ ਬਰਛੀਆਂ ਭੀ ਭਾਂ ਕੰਮ ਲੈ ਰਹੇ ਹਨ ਵੇਖੋ ! ਸੈਕੜੇ ਰਣਭੂਮੀ ਵਿੱਚ ਪੈਰ ਪਸਾਰਕੇ ਲੇਟ ਗਏ ਹਨ ਪਰ ਸ਼ਤ੍ਰੂ ਨੂੰ ਜ਼ਰਾ ਭੀ ਅੱਗੇ ਨਹੀਂ ਵਧਨ ਦਿੱਤਾ

ਸੁਰਬੀਰ ਹਮੂਮਾਨ ਜੀ ਨੇ ਏਡੇ ਜ਼ੋਰ ਨਾਲ ਸੰਖ ਵਜਾਇਆ ਕਿ ਸਾਰਾ ਮਦਾਨ ਗੂੰਜ ਉਠਿਆ, ਓਧਰ ਜੰਗਦੇ ਗੁਨੀ ਵਜੰਤ੍ਰੀਆਂ ਨੇ ਅਜਹਾ ਰਾਗ ਅਲਾਪਨਾ ਅਰੰਭ ਕੀਤਾ ਕਿ ਬੀਰ ਸਿਪਾਹੀ ਹਜ਼ਾਰਾਂ ਲੋਥਾਂ ਜਿਹਨ੍ਹਾਂ ਜ਼ਮੀਨ ਤੇ ਪਈਆਂ ਹੋਈਆਂ ਸਨ ਅਤੇ ਜਿਨਾਂ ਦੇ ਲਹੂ ਨਾਲ ਧਰਤੀ ਲਾਲ ਸੂਹੀ ਨਜ਼ਰ ਆ ਰਹੀ ਹੈ ਵੇਖਕੇ ਦੁਣੀ ਭੀ ਨ ਘਬਰਾਂਦੇ ਹੋਏ ਅਗੇ ਵਧਕੇ ਸ਼ਤ੍ਰੂ ਨੂੰ ਪਿਛਾਂ ਹਟਾ ਰਹੇ ਹਨ।

ਓਹੋ ! ਕਿਹਾ ਡਰਾਉਨਾਂ ਸਮਾ ਹੈ ਕਿ ਇੱਕਪਲ ਵਿੱਚ ਓਹ ਸੂਰਮਾ ਸਿਪਾਹੀ ਜੋਹੜਾ ਮੁੱਛਾਂ ਨੂੰ ਤਾ ਦੇਕੇ ਛਾਤੀ ਕੱਢਕੇ ਰਾਵਣ ਦੇ ਖੱਬੇ ਵਲ ਖਲੋ ਸ਼ਤ੍ਰੂ ਦੀ ਛਾਤੀ ਨੂੰ ਅਪਨੇ ਬਾਨਾਂ ਦਾ ਨਿਸ਼ਾਨਾ ਬਨਾ ਰਿਹਾ ਸੀ ਥ੍ਰਿਮੀ ਤੇ ਲੋਟਦਾ ਹੋਇਆ ਨਜ਼ਰ

Original with:
Language Department Punjab
Digitized by:
Panjab Digital Library

ਆ ਰਿਹਾ ਹੈ, ਭਾਵੇ ਸ਼ਤਰੂ ਦੇ ਭੀਰਾਂ ਨੇ ਇਸ ਦੇ ਜੁੱਸੇ ਨੂੰ ਛਾਨਨੀ ਕਰ ਦਿੱਤਾ ਹੈ ਅਤੇ ਜਮੀਨ ਤੇ ਡੇਗਭੀ ਸੁਟਿਆ ਹੈ ਪਰ ਉਹਦੇ ਹੱਥ ਵਿੱਚ ਕਮਾਨ ਖਿਚੀ ਦੀ ਖਿੱਚੀ ਰਹਿ ਗਈ ਹੈ।

ਰਾਵਣ ਇਸ ਵੱਲ ਝਕਦਿਆਂ ਹੀ ਅਗ ਬਗੋਲਾ ਹੋ ਗਿਆ ਅਤੇ ਇਕ ਵਾਰਗੀ ਧਾਵਾ ਕਰਨ ਦਾ ਹੁਕਮ ਦੇ ਦਿੱਤਾ ਬਸ ਫੇਰ ਕੀ ਸੀ ਸੂਰਬੀਰਾਂ ਨੇ ਭੀਰ ਕਮਾਨਾਂ ਨੂੰ ਸੱਟ ਢਾਲਾਂ ਤਲਵਾਰਾਂ ਹੱਥ ਵਿੱਚ ਪਗੜ ਨੇਜੇ ਤੇ ਬਰਛੀਆਂ ਦਾ ਵੇਲਾ ਤੁੱਟ ਸ਼ਤਰੂ ਨੂੰ ਜਾ ਘੇਰਿਆ ਦੁਹਾਂ ਪਾਸਿਆਂ ਤੋਂ ਅਜੇਹੀ ਤਲਵਾਰ ਚਲੀ ਕਿ ਲਹੂ ਦੀਆਂ ਨਦੀਆਂ ਵਗ ਪਈਆਂ ਅਰ ਅਨੇਕਾਂ ਹੀ ਸੂਰਮੇ ਸਦਾ ਦ ਲਈ ਜ਼ਮੀਨ ਤੇ ਸੌਂ ਗਏ ਅਤੇ ਬੜੀਆਂ ਅਰਮਾਨ ਭਰੀਆਂ ਨਜ਼ਰਾਂ ਨ ਲ ਵੇਖਦੇ ਵਖਦੇ ਹੀ ਰਹਗਏ ॥

ਇਸ ਵੇਲੇ ਕਾਇਰ ਸਿਪਾਹੀ ਭਾਂ ਦਿਲ ਚੁਰਾਕੇ ਪਿਛੇ ਨੂੰ ਹਟ ਗਏ ਹਨ ਪਰ ਬੀਰ ਸੂਰਮੇ ਇਸ ਸਮੇ ਨੂੰ ਅਮੋਲਕ ਵੇਲਾ ਜਾਨਕੇ ਤੇ ਦਿਲ ਦੇ ਅਰਮਾਨਾਂ ਨੂੰ ਕਢਕੇ ਸੂਰਮਤਾਈ ਦੇ ਗੁਣਾਂ ਨੂੰ ਵਖਾਣ ਲਈ ਬੜੀ ਖ਼ੁਸ਼ੀ ਨਾਲ ਅਗਾ ਨੂੰ ਵਧ ਰਹੇ ਹਨ ਨੇੜੇ ਹੀ ਸੀ ਕਿ ਵਰਣ ਦੀ ਫੌਜ ਰਣ ਭੂਮੀ ਨੂੰ ਪਿਠ ਦਿਖਾਕੇ ਜਿਤ ਦੀ ਉਮੈਦ ਤੋੜ ਪਿਛਾਂ ਨੂੰ ਨੱਸੇ ਕਿ ਇਨੇ ਵਿੱਚ ਸੂਰਜ ਭਗਵਾਨ ਨੇ ਓਨਾਂ ਪੁਰ ਦਯਾ ਕਰਕੇ ਅਪਨੀਆਂ ਤੇਜ ਕਿਰਨਾਂ ਨੂੰ ਸਮੇਟ ਪੱਛਮ ਦਿਸ਼ਾ ਵਿੱਚ ਜਾ ਲੁਕਿਆ ਅਤੇ ਚੰਦ੍ਰਮਾਂ ਨੇ ਅਪਨੀ ਮਨੋਹਰਤਾ ਨੂੰ ਦਿਖਾ ਸੂਰਬੀਰਾਂ ਦੇ ਜੋਸ਼ ਨੂੰ ਠੰਡਾ ਕੀਤਾ ਇਸ ਕਰਕੇ ਬਹਾਦਰਾਂ ਨੇ ਅਪਨੇ ਭਾਗਾਂ ਦੀ ਪਰੀਛਾ ਦੂਜੇ ਦਿਨ ਪੁਰ ਛੱਡ ਦਿੱਤੀ।

ਦੂਜਾ ਦਿਨ

ਸਵੇਰ ਹੁੰਦਿਆਂਈ ਜਦੋਂ ਸੂਰਜ ਦੀਆ ਭੀਖਨ ਕਿਰਨ ਦਾ ਪ੍ਰਕਾਸ਼ ਹੋਣ ਦੀ ਫੌਜ ਤੇ ਪਿਆ ਮਾਨੋ ਜਾਦੂ ਦਾ ਕਮ ਕਰ ਗਿਆ, ਤੇ ਜਿਸ ਨੂੰ ਵੇਖਦਿਆਂਈ ਸੂਰਬੀਰਾਂ ਦੀਆਂ ਤਲਵਾਰ

Original with:
Language Department Punjab
Digitized by:
Panjab Digital Library

ਮਿਆਨਾਂ ਵਿੱਚੋਂ ਨਿਕਲ ਕਰ ਚਮਕਦੀਆਂ ਹੋਈਆਂ ਦਖਈ ਦੇਨ ਲਗੀਆਂ ਨੇਜੇ ਅਤੇ ਬਰਛੀਆਂ ਅਪਨੀਆਂ ਭਰਾਉਨੀਆਂ ਖੂਨ ਖਾਰ ਜ਼ਬਾਨਾਂ ਕਢਕੇ ਸ਼ਤ੍ਰ ਨੂੰ ਧਮਕਾਉਨ ਲਗੀਆਂ ਦੇ ਸੂਰਮਿਆਂ ਦੇ ਚਿਹਰਿਆਂ ਤੋਂ ਮਲੂਮ ਹੁੰਦਾ ਸੀ ਕਿ ਏਹ ਲੜਾਈ ਦੇ ਸਮੇ ਨੂੰ ਬੜੀ ਬੇਸਬਰੀ ਨਾਲ ਉਡੀਕ ਰਹੇ ਹਨ ਜੇ ਸੈਨਾਪਤੀ ਦਾ ਡਰ ਨਾ ਹੁੰਦਾ ਤਾਂ ਹੁਨ ਤੀਕ ਕਦੀ ਦੇ ਰਣਭੂਮੀ ਵਿੱਚ ਅਪਨਾ ਜੋਸ਼ ਕਢਦੇ ਹੋਏ ਦਿਸਦੇ, ਪਰ ਨਹੀਂ ਆਗਯਾ ਵਿੱਚ ਚਲਨਾ ਜ਼ਰੂਰੀ ਸੀ ਇਸ ਕਰਕੇ ਜੋਧਿਆਂ ਬੀਰਾਂ ਨੂੰ ਜੋਸ਼ ਭੜੀ ਛਾਤ੍ਰੀਆਂ ਨਾਲ ਉਡੀਕਨਾਂ ਹੀ ਪਿਆਂ ॥

ਥੋੜੇ ਚਿਰ ਪਿੱਛੋਂ ਯੁੱਧ ਦਾ ਸੰਖ ਵਜਿਆ ਅਤੇ ਸੂਰਬੀਰ ਰਣਭੂਮੀ ਵਿੱਚ ਜਾ ਗੱਜੇ। ਦੂਜੇ ਪਾਸੇ ਵਰਣ ਦੀ ਫੌਜ ਭੀ ਬੜੇ ਜ਼ੋਰ ਸ਼ੋਰ ਨਾਲ ਹੁਕਮ ਦੀ ਉਡੀਕ ਕਰ ਰਹੀ ਹੈ ਪਰ ਬਾਹਲੇ ਜਿਨ੍ਹਾਂ ਨੂੰ ਤਜਰਬਾ ਨਹੀਂ ਸੀ ਦੁਸ਼ਮਨ ਦੀ ਫੌਜ ਦੇਖਕੇ ਅਤੇ ਵਡੀ ਘਬਰਾਟ ਵਿੱਚ ਹੋਕੇ ਇੱਕ ਦੂਜੇ ਵਲੋਂ ਡਾਡੀ ਅਮਸੋਸ ਦੀ ਨਜ਼ਰ ਨਾਲ ਵੇਖ ਰਹੇ ਹਨ ॥

ਸ਼ਾਇਦ ਏਹ ਕਲ ਦੀ ਹਾਰ ਦਾ ਹੀ ਕਾਰਣ ਹੈ ਜਿਸਨੇ ਏਹਨਾਂ ਨੂੰ ਏਡਾ ਸੁਸਤ ਤੇ ਢਿਲਿਆਂ ਕਰ ਛਡਿਆ ਹੈ। ਬੁੱਧਮਾਨ ਪੁੰਡਰੀਕ ਝੱਟ ਤਾੜ ਗਿਆ ਅਤੇ ਜ਼ਰਾ ਭੀ ਨ ਘਬਰਾਂਦਾ ਹੋਯਾ ਬੜੀ ਉੱਚੀ ਨਾਰਾ ਮਾਰਕੇ ਆਖਨ ਲੱਗਾ। ਬੜੇ ਅਮਸੋਸ ਦਾ ਸਮਾ ਹੈ ਕਿ ਵਰਣ ਦੀ ਸੈਨਾ ਅਤੇ ਐਸੀ ਸੁਸਤੀ ? ਬਹਾਦਰੋ! ਸੂਰਮਿਆਂ ਦਾ ਇਹ ਕੰਮ ਨਹੀਂ, ਕਿ ਇੱਕ ਦਿਨ ਦੀ ਹਾਰ ਤੋਂ ਅਜੇਆ ਦਿਲ ਚੁਰਾਉਨ ਛਤ੍ਰੀ ਓਹੀ ਹੈ ਜੋ ਰਣਭੂਮੀ ਵਿੱਚ ਸ਼ਤ੍ਰ ਨੂੰ ਮਾਰ ਜਾਂ ਆਪ ਮਾਰਕੇ ਢੈ ਢੇਰੀ ਹੋਵੇ। ਰਾਵਣ ਦੀ ਓਹੋ ਸੈਨਾ ਹੈ ਜਿਸ ਨੂੰ ਤੁਸਾਂ ਕਈ ਵਾਰ ਹਾਰ ਦਿੱਤੀ ਹੋਈ ਹੈ ਅਰਥਾਤ ਅਤੇ ਦੂਖਨ ਨੂੰ ਖੰਨ੍ਹ ਅਤੇ ਰਾਵਣ ਨੂੰ ਨਸਾ ਚੁਕੇ ਹੋਏ ਹੋ ਜੇਕਰ ਇੱਕ ਦਿਨ ਦੀ ਹਾਰ ਤੋਂ ਤੁਹਾਡਾ ਏਹ ਹਾਲ ਹੋ ਗਿਆ ਹੈ ਤਾਂ ਛਤ੍ਰੀ ਕਹਾਉਨ ਦਾ

Original with:
Language Department Punjab
Digitized by:
Panjab Digital Library

ਨਾਂ ਨ ਲਵੇ ਅਤ ਹੁਨੇ ਵੈਸ਼ਾਂ ਤੇ ਸੂਦਰਾਂ ਵਿੱਚ ਜਾ ਮਿਲੋ ਮੈਂ ਨੂੰ ਅਜਹੇ ਛਤ੍ਰੀਆਂ ਦੀ ਲੋੜ ਨਹੀਂ ਜਿਨ੍ਹਾਂ ਨੂੰ ਅਪਨੇ ਨਾਂ ਦੀ ਲਾਜ ਨਾ ਹੋਵੇ ਬੀਰੋ! ਜਿਨ੍ਹਾਂ ਨੂੰ ਤੁਸੀ ਇਸ ਵਲੇ ਰਣਭੂਮੀ ਵਿੱਚ ਖਲੋਤਿਆਂ ਵੇਖ ਰਹੇ ਹੋ ਅੱਜਹੀ ਤੁਸੀ ਵੇਖੋਗੇ ਕਿ ਸ਼ਤ੍ਰੂ ਨੂੰ ਪੈਰਾਂ ਹਿਠਾਂ ਮਲਕੇ (ਹਰਾਕੇ) ਸੰਸਾਰ ਵਿੱਚ ਜਸ ਪਾਨਗੇ ਅਤ ਤੁਹਾਡੇ ਜਿਹੇ ਕਾਇਰ ਸਦਾਦੀ ਸ਼ਰਮਿੰਦਗੀ ਉਠਾ ਪਛਤਾਨਗੇ ਜਾਓ ਤੁਹਾਡੇ ਜਿਹੇ ਕਾਇਰਾਂ ਦੀ ਕੋਈ ਲੋੜ ਨਹੀਂ ਜਾਓ !!!

ਪਠਾਕ ਗਣ ! ਪੁੰਡਰੀਕ ਦੇ ਵਚਨ ਬਹਾਦਰਾਂ ਦੇ ਖੂਨ ਵਿੱਚ ਬਿਜਲੀ ਹਾਰ ਅਸਰ ਕਰ ਗਏ ਓਹੇ ਗਮਗੀਨ ਚਿਹਰੇ ਲਾਲ ਹੋ ਗਏ ।ਅਤੇ ਤਲਵਾਰਾਂ ਮਿਆਨਾਂ ਵਿੱਚੋਂ ਸੂਤਕੇ ਰਣਭੂਮੀ ਵਿੱਚ ਗਜਦੇ ਨਜ਼ਰ ਆਏ ।

ਪੁੰਡਰੀਕ ਸੈਨਾਂ ਵਿੱਚ ਏਡਾ ਜੋਸ਼ ਵੇਖਕੇ ਬੜਾ ਪ੍ਰਸੰਨ ਹੋਯਾ ਅਤੇ ਅਪਨੇ ਪਿਤਾ ਜੀ ਦੇ ਪਾਸ ਜਾਕੇ ਇਸ ਪ੍ਰਕਾਰ ਕਹਨ ਲੱਗਾ ॥

ਪੁੰਡਰੀਕ–ਮਹਾਰਾਜ ! ਸੁਗਰੀਵ ਨਾਲ ਜੁੱਧ ਕਰਨ ਲਈ ਆਪ (ਵਰਣ) ਤਿਆਰ ਰਹੋ ਮੈਂ ਅਤੇ ਰਾਜੀਵ ਰਵਾਣ ਦਾ ਸਾਹਮਨਾਂ ਕਰਾਂਗੇ । ਇਸੀ ਪ੍ਰਕਾਰ ਹੋਰਨਾਂ ਯੋਧਿਆਂ ਨੂੰ ਭੀ ਥਾਂ ਬਥਾਂ ਲੜਾਈ ਲਈ ਵੰਡ ਦਿੱਤਾ ਏਨੇ ਵਿੱਚ ਸੰਖ ਵੱਜ ਪਿਆ, ਜਿਸਦੀ ਅਵਾਜ਼ ਸੁਨਦੀ ਸਾਰ ਵਜੰਤ੍ਰੀਆਂ ਨੇ ਯੁਧ ਦੇ ਰਾਗ ਅਲਾਪਨੇ ਅਰੰਭ ਕੀਤੇ। ਸੂਰਮੇ ਕਲ ਦੇ ਅਰਮਾਨਾਂ ਨੂੰ ਦਿਲ ਖੋਲਕੇ ਕੱਢਨ ਲਗੇ ਅਤੇ ਤਜ਼ ਤਲਵਾਰਾਂ ਰਣਭੂਮੀ ਵਿੱਚ ਚਮਕ ਕੇ ਅਪਨੇ ਗੁਣ ਦਿਖਾਉਨ ਲਗੀਆਂ ਹਜ਼ਾਰਾਂ ਸੂਰਮੇ ਛਿਨ ਵਿੱਚ ਘਾਇਲ ਹੋਕੇ ਸਿਰ ਸੱਟਕੇ ਖੇਤ ਹੋਗਏ, ਅਤ ਖੂਨਖਾਰ ਪਸ਼ੁ ਦੂਰੋਂਈ ਮਰਦਿਆਂ ਨੂੰ ਵੇਖਕੇ ਪ੍ਰਸੰਨ ਹੋਨ ਲਗੇ ਗਿੱਧਾਂ ਤ ਇੱਲਾਂ ਆਕਾਸ਼ ਵਿੱਚ ਉਡਕੇ ਮੁਰਦਿਆਂ ਤੇ ਘੁੱਮਨ ਘੇਰ ਪਾਨ ਲਗੀਆਂ ॥

ਕਹੋ ! ਓਹ ਸਿਪਾਹੀ ਜੇਹੜੇ ਅਜੇ ਹੁਨੇ ਅਪਨੀ ੨ ਤਲਵਾਰਾਂ

Original with:
Language Department Punjab
Digitized by:
Panjab Digital Library

ਦੇ ਵਾਰ ਕਰ ਰਹੇ ਸਨ ਧਰਤੀ ਤ ਲੋਟ ਲੋਟ ਤੜਪ ਕੇ ਅਪਨੀਆਂ ਜਾਨਾਂ ਦੇ ਰਹੇ ਹਨ, ਅਤੇ ਅਰਮਾਨ ਭਰੀ ਨਜ਼ਰ ਨਾਲ ਦੂਸਰਿਆਂ ਨੂੰ ਵੇਖ ਰਹੇ ਹਨ !!!

ਬਹਤ ਸਾਰੇ ਸਿਪਾਹੀ ਜੋਹੜੇ ਕੁਝ ਵਿਥ ਤੇ ਸਨ ਭੀੜਾਂ ਨਾਲ ਅਪਨੇ ਅਪਨੇ ਫੱਤੂਆ ਨੂੰ ਘਾਇਲ ਕਰ ਰਹੇ ਹਨੰ, ਬੀਰ ਵਰਣ ਅਤੇ ਸੁਗ੍ਰੀਵ ਆਪ ਵਿਚ ਵਾਰ ਕਰਦੇ ਅਪਨਾ ਅਪਨਾ ਬਲ ਦਖਾ ਰਹੇ ਹਨ ਸਾਡੇ ਬਹਾਦਰ ਜਰਨੈਲ ਹਨੂੰਮਾਨ ਨੂੰ ਭਾਂ ਵੇਖੋ ਕੱਛੀ ਬਹਾਦਰਾ ਨਾਲ ਤੇ ਫੁਰਤੀ ਨਾਲ ਚਕੱਰ ਲਾ ਲਾਕੇ ਸਮਨਾ ਧਾਸਿਆਂ ਨੂੰ ਵੇਖ ਰਹੇ ਹਨ ਕਿ ਜੋ ਜ਼ਰਾ ਕਮਜੋਰ ਕਿਸੇ ਓਹਨਾਂ ਦੀ ਸਹਾਇਤਾ ਕਰਨ, ਓਹ ਜਰਾ ਰਾਵਣ ਨੂੰ ਭੀ ਵੇਖਨਾ ਕਿਸ ਪੂਕਰ ਮਾਰਪੂਲੋ ਦੀ ਨਿਆਈ ਸਤ੍ਰਆਂ ਤੇ ਅਰਬਾਤ ਵਰਣ ਦੀ ਸੈਨਾਂ ਤੇ ਆਨੀ ਗਰਜਿਆ ਹੈ, ਅਤੇ ਸੂਰਮਿਆਂ ਦੀ ਨਕ ਜਾਨ ਕਰ ਦਿਤੀ ਹੈ, ਭਾਵੇਂ ਓਹ ਭੀ ਬੜ ਜੋਸ਼ ਨਾਲ ਯੁਧ ਕਰ ਰਹੇ ਹਨ ਪਰ ਇਸਦਾ ਸਾਹਮਨਾ ਨਹੀਂ ਕਰ ਸਕਦੇ ਓਹੋ ! ਸੂਰਮਿਆਂ ਦੇ ਲਹੂ ਦੀਆਂ ਨਦੀਆਂ ਵਗ ਨਿਕਲੀਆਂ ਹਨ, ਪਰ ਹਨਰ ਇਹ ਮਚਇਆ ਹੈ ਕਿ ਇਸ ਲਹੂ ਪੁਰ ਸੂਰਜ ਦੀਆਂ ਕਿਰਣਾ ਪੈਕੇ ਕਾਇਰਾਂ ਦੇ ਹੌਸਲੇ ਤੋੜ ਰਹੀਆਂ ਹਨ, ਅਤੇ ਬੋੜ ਦਿਲਾਂ ਨੂੰ ਨਾਸ ਕਰ ਰਹੀਆਂ ਹਨ ॥

ਹਾਏ ! ਹਾਏ !! ਵਰਣ ਦੀ ਸੈਨਾਂ ਭਾਂ ਬੜੀ ਕਮਜ਼ੋਰ ਮਲੂਮ ਹੁੰਦੀ ਹੈ, ਪੰਛਰੀਕ ਅਤੇ ਰਾਮੀਵ ਕਿੱਥੇ ਹਨ, ਓਹ ਵੇਖੋ ਦੋਵੇਂ ਭਾਈ ਆਗਏ ਅਤੇ ਆਕੇ ਰਾਵਣ ਨੂੰ ਅਜਹਾ ਘਤ ਲਿਆਨ ਕਿ ਉਸਨੂੰ ਵਾਰ ਕਰਨ ਦੀ ਜ਼ਰਾ ਭੀ ਵਹਲ ਨਹੀਂ ਦੇਂਦੇ ॥

ਓਹੋ ! ਕੇਡੇ ਜੋਸ਼ ਨਾਲ ਰਾਵਨ ਤੈ ਭਲਵਾਰ ਦਾ ਵਾਰ ਕੀਤਾ ਹੈ ਪਰ ਇਸਨੇ ਭੀ ਦੇਖੋ ਕਿਸਤਹਾਂ ਇਹ ਵਾਰ ਬਚਾਇਆ ਹੈ ਕਿਉਂ ਨ ਹੋਵੇ ਏਹ ਬੜਾ ਤਜਰਬੇ ਕਾਰ ਹੈ ਤੇ ਗੁਣੀ ਹੈ

Original with:
Language Department Punjab
Digitized by:
Panjab Digital Library

ਇਸਨੇ ਕੋਈ ਲੜਾਈਆਂ ਭੁਗਤੀਆਂ ਹੋਈਆਂ ਹਨ, ਜੋ ਏਹ ਇਸ ਭਤੁਾਂ ਨਾ ਕਰਦਾ ਤੇ ਇਹਦਾ ਬਚਾ ਕਿਸ ਪ੍ਰਕਾਰ ਹੁੰਦਾ, ਵੇਖੋ ! ਕੇਡੀ ਸ਼ਤਾਬੀ ਨਾਲ ਪਿਛਾਂ ਨੂੰ ਹਟਦਾ ਹੈਯਾ ਬਾਨਾਂ ਦੀ ਵਰਖਾ ਕਰ ਰਿਹਾ ਹੈ । ਭਾਵੇਂ ਏਸਨੇ ਪੁੰਡਰੀਕ ਅਤੇ ਰਾਜੀਵ ਦੁਹਾਂ ਨੂੰ ਘਾਯਲ ਕਰ ਸਟਿਆ ਹੈ, ਪਰ ਸੂਰਬੀਰ ਪੁੰਡਰੀਕ ਘਾਯਲ ਹੋਇਆ ੨ ਭੀ ਸ਼ੇਰ ਵਾਂਗੂ ਗਜਦਾ ਹੋਇਆ ਰਾਵਣ ਪੁਰ ਜਾ ਕੁਦਿਆ ਹੈ, ਪਰ ਸਾਡੇ ਬਹਾਦਰ ਸਰਨੈਲ ਹਨੂੰਮਾਨ ਜੀ ਦੇ ਭੀ ਨਜ਼ਰੀ ਪੈਗਈ ਹੈ, ਓਹ ਵੇਖੋ ਬਿਜਲੀਵਾਂਗੂੰ ਕੜਕਦਾ ਹੋਇਆ ਓਥੇ ਪੁੰਹਚਕੇ ਅਪਨਾ ਗੁਰਜ ਚਲਾ ਰਿਹਾ ਹੈ । ਅਤੇ ਪੁੰਡਰੀਕ ਨੂੰ ਬੇਸੁਧ ਕਰਕੇ ਜਮੀਨ ਤੇ ਢਾ ਹੀ ਸਟਿਆ ਹੈ ॥

ਰਾਜੀਵ ਭਰਾ ਦੀ ਏਹ ਦਸ਼ਾ ਵੇਖਕੇ ਅੱਗ ਬਗੌਲਾ ਹੋ ਹਨੂੰਮਾਨ ਤੇ ਜਾ ਪਿਆ, ਪਰ ਰਾਵਣ ਨੇ ਪਿਛੋਂ ਦੀ ਹੋਕੇ ਇੱਕ ਅਜੇਹੀ ਬਰਛੀ ਮਾਰੀ ਕਿ ਓਸਦਾ ਪ੍ਰਲੋਕ ਗਮਨ ਕਰ ਦਿੱਤਾ ਅਤੇ ਓਹ ਸਦਾ ਲਈ ਦੁਖੋਂ ਛੁੱਟ ਕੇ ਮਿਠੀ ਨੀਂਦਰ ਵਿੱਚ ਸੌ ਗਿਆ । ਏਧਰ ਸਾਡੇ ਸਰਨੈਲ ਨੇ ਜਦ ਪੁੰਡਰੀਕ ਦੀਆਂ ਮੁਸ਼ਕਾਂ ਕੜ ਲਈਆਂ ਤਾਂ ਓਹ ਹਨੂੰਮਾਨ ਵੱਲ ਡਾਢੀ ਹੈਰਾਨਗੀ ਨਾਲ ਵੇਖਦਾ ਹੋਇਆ ਬੋਲਿਆ ।

ਬੋਲਾ ਤਬ ਇਹ ਵਰਣ ਸੁਤ ਬਾਲਕ ਤੋਰੋ ਵੇਸ, ਕਯਾਨਾਮ ਤੁਮਹਾਰਾ ਕੰਵਰਜੀ ਕੌਨ ਪਿਤਾ ਔਰ ਦੇਸ ॥

ਹਨੂੰਮਾਨ ਜੀ—

ਪਿਤਾ ਹਮਾਰਾ ਪਵਨ ਹੈ ਰਤਨਪੁਰ ਨਾਮ ਗ੍ਰਾਮ, ਨ ਛੋਡੂੰ ਸ਼ਤਰੂ ਯੁੱਧ ਵਿਖੇ ਹਨੂਵੰਤ ਮੇਰਾ

Original with:
Language Department Punjab
Digitized by:
Panjab Digital Library

ਨਾਮ । ਲਿਆ ਜਨਮ ਲਘੂਵੰਸ਼ ਮੇਂ ਮਮ ਪ੍ਰਤਿਗਜ਼ਾ ਜਾਨ, ਮਾਰੂੰ ਸ਼ਤ੍ਰੂ ਰਣ ਵਿਖੇ ਨਹੀਂ ਤੋ ਤਜੂੰ ਪ੍ਰਾਣ ॥

ਓਹੋ ! ਪੁੰਡਰੀਕ ਨੂੰ ਐਡੀ ਹਰਾਨਗੀ ਦੀ ਦਸ਼ਾ ਵਿੱਚ ਵੇਖਕੇ ਵਰਣ ਦੀਆਂ ਅੱਖਾਂ ਅੱਗੇ ਹਨੇਰਾ ਆਗਿਆ, ਤੇ ਬੇਵਸ ਹੋ ਬਰਛੀ ਲੈਕੇ ਓਸ ਪਾਸੇ ਦੌੜਿਆ ਪਰ ਹੁਨ ਕੀ ਹੋ ਸਕਦਾ ਹੈ ਜਦ ਕਿਸਮਤ ਨੇ ਹੀ ਹਾਰ ਦੇ ਦਿੱਤੀ ਭਾਗਾਂ ਦਾ ਤਾਰਾ ਡੁੱਬ ਚੁਕਿਆ ਹੈ ਜਦੋਂ ਓਸਨੇ ਏਸ ਪਾਸੇ ਦਾ ਰੁਖ ਕੀਤਾ ਤਤਕਾਲ ਸੁਗ੍ਰੀਵ ਨੇ ਇਸ ਵੇਲੇ ਨੂੰ ਗਨੀਮਤ ਜਾਨ ਕੇ ਨੇਜੇ ਦੀ ਨੋਕ ਨਾਲ ਜ਼ਖ਼ਮੀ ਕਰਕੇ ਪਕੜ ਲਿਆ ॥

ਵਰਣ ਦੀ ਅਜਿਹੀ ਸ਼ੋਕਦਾਇਕ ਦਸ਼ਾ ਵੇਖਕੇ ਬੋਜ਼ ਦਿਲਿਆਂ ਦੇ ਤਾਂ ਹੋਸ਼ ਉੱਡ ਗਏ, ਹਥਿਆਰਾਂ ਨੂੰ ਮੱਟਕੇ ਨਸਦੇ ਨਜਰ ਆਏ, ਪਰ ਸੂਰਬੀਰ ਬਰਾਬਰ ਵਾਰ ਕਰਦੇ ਰਹੇ, ਇਨ੍ਹੇਂ ਵਿੱਚ ਜਿਤਦਾ ਝੰਡਾ ਅਕਾਸ਼ ਵਿੱਚ ਉੱਡਦਾ ਹੋਇਆ ਦਿਸਿਆ ਜਿਸਨੂੰ ਵੇਖਕੇ ਓਹ ਮੈਦਾਨ ਜੋ ਥੋੜੀ ਦੇਰ ਪਹਿਲੋਂ ਤਲਵਾਰਾਂ ਦੀ ਖਟਾਕਟ ਨਾਲ ਗੂੰਜ ਰਿਹਾ ਸੀ, ਸ਼ਮਸਾਨ ਹੋਗਿਆ, ਅਤੇ ਰਾਵਣ ਦੀ ਸੈਨਾ ਖੁਸ਼ੀ ਦੇ ਨਾਰੇ ਮਾਰਦੀ ਹੋਈ ਡੇਰੇ ਨੂੰ ਵਾਪਸ ਆਈ ॥

ਆਹ'—ਜਿਸ ਵੇਲੇ ਵਰਣ ਸਿਰ ਸਟੇ ਹਰਾਨ ਪਰੇਸ਼ਾਨ ਜਿਹਾ ਮੂੰਹ ਬਨਾਕੇ ਪੁੰਡਰੀਕ ਦੇ ਨਾਲ ਰਾਜਾ ਰਾਵਣ ਦੇ ਅੱਗੇ ਹਾਜ਼ਰ ਹੋਇਆ ਤਾਂ ਸਮਨਾਂ ਦੇ ਦਿਲ ਓਸਦੀ ਏਸ ਦਸ਼ਾ ਨੂੰ ਵੇਖਕੇ ਕੰਬ ਗਏ ॥

ਈਸ਼ਵਰ ਕਰੇ ਅਜੇਹੇ ਮੰਦਭਾਗ ਤੇ ਬਿਪਤਾ ਦੇ ਦਿਨ ਦੁਸ਼ਮਨ ਨੂੰ ਭੀ ਨ ਨਸੀਬ ਹੋਨ ।

Original with:
Language Department Punjab
Digitized by:
Panjab Digital Library

ਦੇਖੋ! ਇਹ ਓਹੋ ਰਾਜਾ ਵਰਣ ਹੈ ਜੋਹੜਾ ਕਲ ਰਾਜ ਭਾਸ ਦਾ ਮਾਲਕ ਸੀ ਅਤੇ ਅੱਜ ਕਿਹੇ ਭੈੜੇ ਹਾਲ ਵਿੱਚ ਹੋ ਰਿਹਾ ਹੈ ਭਾਵੇਂ ਓਸਦੇ ਮਨ ਵਿੱਚ ਪੁਤ੍ਰ ਦੇ ਸ਼ੋਕ ਦੀਆਂ ਕਾਤੀਆਂ ਚਲ ਰਹੀਆਂ ਹਨ ਪਰ ਏਹ ਪੁਤ੍ਰ ਦੇ ਸ਼ੋਕਰੂਪੀ ਅੱਗ ਨੂੰ ਬੁਝੌਨ ਲਈ ਆਹ ਭਰ ਭਰ ਕੇ ਤੇ ਅਪਨੇ ਜਿਗਰ ਦਾ ਲਹੂ ਪੀ ਪੀ ਕੇ ਠੰਡਾ ਕਰ ਰਿਹਾ ਹੈ ਅਤੇ ਚੁਪ ਚੁਪਾਤਾ ਹੱਥ ਜੋੜਕੇ ਸਿਰ ਨੀਵਾਂ ਪਾਏ ਖਲੋਤਾ ਹੋਇਆ ਹੈ ॥

ਰਾਵਣ–(ਕੁਝ ਕਾਲ ਓਸਦੀ ਵੱਲੋਂ ਦੇਖਨ ਦੇ ਪਿੱਛੇ) ਵਰਣ ਕਹੋ ਕੀ ਹਾਲ ਹੈ।

ਵਰਣ–ਸਿਰ ਸੱਟਕੇ ਚੁਪ ਚਾਪ ਖਲੋਤਾ ਰਹਿਆ ਅਤੇ ਕੁਝ ਉੱਤਰ ਨ ਦਿੱਤਾ ।

ਰਾਵਣ–ਹੁਨ ਚੁਪ ਕਿਉਂ ਕਰ ਰਿਹਾ ਹੈਂ, ਤੈਨੂੰ ਚੰਗ ਤਰ੍ਹਾਂ ਮਲੂਮ ਸੀ ਕਿ ਇੰਦਰ, ਯਮ, ਕੁਬੇਰ ਆਦਿਕ ਭਾਂ ਮੇਰੀ ਸ਼ਰਣ ਆਏ ਹੋਏ ਹਨ ਤੇ ਤੂੰ ਐਡਾ ਘੁਮੰਡ ਵਿੱਚ ਆਗਿਓਂ ਕਿ ਕੁਝਭੀ ਨ ਵਿਚਾਰਿਆ ਵੱਡਾ ਅਮਸੋਸ ਭਾਂ ਇਸ ਗੱਲ ਦਾ ਹੈ ਕਿ ਤੂੰ ਓਨ੍ਹਾਂ ਵੱਲੋਂ ਵੇਖਕੇ ਭੀ ਤੇ ਕੁਝ ਨ ਸੋਚੀਆ ਅਰ ਫੇਰ ਮੇਰੇ ਮੰਤ੍ਰੀ ਦੇ ਭੁਜਨ ਤੇ ਭੀ ਤੂੰ ਜ਼ਰਾ ਸੋਚ ਨ ਕੀਤੀ ਅਤੇ ਟਗੇ ਭਰਨੇ ਮਨਜੂਰ ਨ ਕੀਤੇ ਸਗੋਂ ਲੜਾਈ ਕਰਨ ਦਾ ਸਨੇਹਾ ਭੇਜ ਦਿਤੋਈ ॥

ਵਰਣ–(ਡਾਢੀ ਹੌਲੀ ਜਿਹੀ ਅਵਾਜ਼ ਨਾਲ) ਇਹ ਸਾਰਾ ਮੇਰੀ ਮੂਰਖਤਾ ਦਾ ਫਲ ਹੈ ਜੋ ਅਪਨੇ ਪ੍ਰਾਣਾਂ ਤੋਂ ਪਿਆਰੇ ਰਤਨ (ਪੁਤ੍ਰ) ਨੂੰ ਖੋਬੈਠਾ ਹਾਂ ਹੁਨ ਮੇਰੇ ਤੇ ਦਇਆ ਕਰੋ, ਮੈਂ ਅਪਨੇ ਕੀਤੇ ਦਾ ਫਲ ਆਪ ਹੀ ਪਾਲਿਆ ਹੈ ਮੇਰੇ ਨਾਲ ਥੋੜੀ ਨਹੀਂ ਹੋਈ ॥

ਰਾਵਣ–ਅਜੇ ਐਡੀ ਛੇਤੀ ਹੀ ! ਤੂੰ ਤਾਂ ਕਹਿੰਦਾ ਸੀ ਕਿ ਮੈਂ ਵਰਣ ਹਾਂ ਮੈਨੂੰ ਕੋਈ ਹੋਰ ਨਾ ਸਮਝਨਾਂ । ਵਰਣ

Original with:
Language Department Punjab
Digitized by:
Panjab Digital Library

ਛਾਛ। ਸ਼ਰਮਿੰਦਾ ਹੋਕੇ (ਉਛਾ ਸਾਹ ਲੈਕੇ)ਚੁੱਪ ਕਰ ਰਿਹਾ ਮੂੰਹੋ ਕੁਝ ਨ ਬਿਰਕੀਆ, ਭਦ ਹਨੂਮਾਨ ਅਤੇ ਸੁਗ੍ਰੀਵ ਨੇ ਵਿੱਚ ਹੋਕੇ ਬੜੀ ਮੁਸ਼ਕਲ ਨਾਲ ਵਰਣ ਨੂੰ ਮੁਆਫੀ ਲੈ ਦਿੱਤੀ, ਅਤੇ ਅੱਗੇ ਲਈ ਨੇਮ ਲੈਕੇ ਵਰਣ ਨੂੰ ਆਖਿਆ "ਜਦ ਕਦੀ ਮਹਾਰਾਜ ਰਾਵਣ ਦਾਦ ਕਰਨ ਭੜਕਾਲ ਹਾਜ਼ਰ ਹੋਨਾ ਹੋਵੇਗਾ, । ਅਤੇ ਇਹ ਨਿਸਚੇ ਸਮਝੇ ਕਿ ਫੇਰ ਕਦੇ ਏਹ ਗੱਲ ਨਾ ਹੋਵੇ" ਵਰਣ ਇਨਾਂ ਸਮਨਾਂ ਦਾ ਧਨਵਾਦ ਕਰਦਾ ਹੋਇਆ ਦੁਰਮਤੀ ਨਗਰ ਨੂੰ ਮੁੜ ਗਿਆ ਅਤੇ ਰਾਵਣ ਪ੍ਰਸੰਨ ਹੋਕੇ ਲੰਕਾ ਨੂੰ ਟੁਰ ਪਿਆ, ਅਤੇ ਹਰ ਇੱਕ ਨੂੰ ਇਨਾਮ ਕਰਾਮ ਦੇਕੇ ਓਥੋਂਈ ਵਿਦਿਆ ਕੀਤਾ ।

ਉਨੱਤੀਵਾਂ ਅਧਜਾਯ ॥

—:o:—

ਮੈਂ ਇਸ ਨੂੰ ਕਦ ਤੀਕ ਕੁਆਰੀ ਰਖਾਂਗੀ

ਸਾਡਾ ਧਿਆਨ ਸਾਨੂੰ ਲੈਕੇ ਸ਼ਹਿਰ ਕਿਸਕਿੰਧਾ ਵਿੱਚ ਜੋ ਮਦਰਾਸ ਦੇ ਉੱਤਰ ਪੂਰਬ ਅਤ ਹੈਦਾਰਬਦ ਦੇ ਦਖੱਨ ਵੱਲ ਹੈ ਅਤੇ ਜੋ ਰਾਮਾਯਣ ਦੇ ਲੇਖਕਾਂ ਦੇ ਮਤ ਅਨੁਸਾਰ ਬੜੇ ਲਾਇਕ ਕਾਰੀਗਰ ਮਿਸਤ੍ਰੀ ਵਿਸਵ ਕਰਮਾ ਤੋਂ ਬਨਵਾਈਆ ਗਿਆ ਸੀ, ਪਹੁੰਚਿਆ ਹੈ ਅਤੇ ਇਸ ਵੇਲੇ ਅਸੀ ਓਥੇ ਕੀ ਦਖਨੇ ਹਾਂ ਕਿ ਕੁਝਕੁ ਮੁਟਿਆਰ ਕੰਨਜਾਂ ਬੜੀਆਂ ਸੁੰਦ੍ਰ ਚਮਕਦਾਰ ਪੁਸ਼ਾਕਾਂ ਪਾਈਆਂ ਹੋਈਆਂ * ਪਦਮਰਾਗ, ਦੇ ਕੋਲ ਏਠੀਆਂ ਗੱਲਾਂ ਬਾਤਾਂ ਕਰ ਰਹੀਆਂ ਹਨ, ਜਿਨ੍ਹਾਂ

---

* ਪਦਮਰਾਗ। ਸੁਗ੍ਰੀਵ ਦੀ ਪੁਤ੍ਰੀ ਦਾ ਨਾਓਂ ਹੈ ॥

Original with:
Language Department Punjab
Digitized by:
Panjab Digital Library

ਦੀਆਂ ਗੱਲਾਂ ਬਾਹਾਂ ਸੁਨਨ ਨੂੰ ਸਾਡੇ ਕੰਨ ਭੀ ਓਧਰ ਹੀ ਲੱਗੇ ਗਏ.ਹਨ, ਤੁਨੇ ਪਦਮਰ'ਗਾ ਬਾਲ ਸੁੰਬਰੀ ਨੂੰ ਕੀ ਆਖ ਰਹੀ ਹੈ।

ਪਦਮਰਾਗਾ–ਸਖੀ ! ਇਸਤ੍ਰੀ ਅਤੇ ਪਤੀ ਦਾ ਸੰਬੰਧ ਰਾਜਾ ਤੇ ਮੰਤ੍ਰੀ ਦੀ ਨਿਆਈਂ ਹੈ ਜਿਸ ਘਰ ਵਿੱਚ ਏਨ੍ਹਾਂ ਦੋਵਾਂ ਦਾ ਇਤਫ਼ਾਕ ਹੈ, ਓਹੋ ਘਤ ਲੋਕ ਪ੍ਰਲੋਕ ਦੀ ਸੁਖੀ ਭੋਗਦਾ ਹੈ ਅਤੇ ਜਿਸ ਘਰ ਵਿੱਚ ਦੋਹਾਂ ਦੀ ਆਪੇ ਵਿੱਚ ਦੁਬਧਾ ਹੈ ਓਹ ਘਤ ਮਨੋ ਨਰਕ ਦਾ ਕੁੰਡ ਅਤੇ ਦੁਖਦਾ ਮੂਲ ਹੈ ਜਿਸ ਘਰ ਭੀਮੀ ਖਾਵੰਦ ਦੀ ਨਹੀਂ ਬਨਦੀ ਓਹ ਘ। ਵੈਸ਼ ਦਾ ਨਾਸ਼ ਕਰਨ ਵਾਲਾ ਅਤੇ ਦਰਿਦ੍ਰਤਾ ਦਾ ਕਾਰਣ ਹੈ। ਇਸ ਕਰਕੇ ਕ। ਇਸਤ੍ਰੀ ਤੇ ਕੀ ਪੁਰਖ ਦੁਹਾਂ ਨੂੰ ਚਾਹੀਦਾ ਹੈ ਕਿ ਆਪੋ ਵਿੱਚ ਪ੍ਰੇਮ ਨਾਲ ਰਹਿਨ, ਅਤੇ ਇਕ ਦੂਜੇ ਨੂੰ ਪ੍ਰਾਣਾਂ ਤੋਂ ਭੀ ਪਿਆਰਿਆਂ ਜਾਨਣ। ਜੇ ਕੋਈ ਅਜੇਹੀ ਗੱਲ ਹੋ ਭੀ ਜਾਵੇ ਜੇਹੜੀ ਇੱਕ ਦੂਜੇ ਦੇ ਉਲਟ ਹੋਵੇ ਤਾਂ ਉਸ ਗੱਲ ਨੂੰ ਤਿਆਗਨ ਦਾ ਜਤਨ ਕਰਨ, ਨਹੀਂ ਤਾਂ ਯਾਦ ਰਹੇ ਕਿ ਭਾਂਡਾ ਮੋਖ ਹੋਵੇਗਾ ਤੇ ਜੀਵਨ ਦੇ ਦਿਨ ਭੀ ਕਟਨੇ ਕਠਿਨ ਹੋਜਾਨਗੇ ।

† ਬਾਲਸੁੰਦ੍ਰੀ ਕੁਝ ਪੁਛੱਨਣੀ ਲੱਗੀਸੀ ਕਿ ਬਾਹਰੋਂ ਕਿਸੇ ਦੇ ਆਵਨ ਦੇ ਪੈਰਾਂ ਦਾ ਖੜਕ ਹੋਇਆ ਠਠੰਬਰ ਕੇ ਚੁੱਪ ਕਰਗਈ ਅਤੇ ਸੱਬੋ ਓਧਤ ਵੱਲੋਂ ਤਕੱਨ ਲੱਗ ਪਇਆਂ ਕਿ ਇੱਨੇ ਵਿੱਚ ਪਦਮਰਾਗਾ ਦੀ ਮਾਤਾ ਆਉਂਦੀ ਹੋਈ ਦਿਖਾਈ ਦਿੱਤੀ ਤਦ ਤਾਂ ਸਾਰੀਆਂ ਸ਼ਰਮਿੰਦੀਆਂ ਜਈਆਂ ਹੋਕੇ ਸਿਰ ਨੀਵਾਂ ਪਾਕੇ ਚੁੱਪ ਹੋਗਈਆਂ। ਪਰ ਬਾਲਸੁੰਦ੍ਰੀ ਨੇ ਛੇਤੀ ਨਾਲ ਉਠਕੇ ਰਾਨੀ ਦੇ ਚਰਣਾਂ ਪੁਰ ਸੀਸ ਨਿਵਾਈਆ ਅਤੇ ਬੈਠਨ ਲਈ ਹੱਥ ਜੋੜਕੇ ਪ੍ਰਾਥਨਾ ਕੀਤੀ। ਪਰ ਰਾਨੀ ਜੇਹੜੀ ਭਾਂਢੀ ਸਿਆਨੀ ਸੀ ਇਕੋ ਜਹੀਆਂ ਕੁੜੀਆਂ ਨੂੰ ਨੈਠੀਆਂ ਵੇਖਕੇ ਓਨ੍ਹਾਂ ਵਿੱਚ ਬਾਹਲਾ ਠੈਰਨਾ ਦੇਰ ਨ ਸਮਝਕੇ ਕੁਝਸੋਚਦੀ ਹੋਈ ਮੁੜ ਕੇ ਅਪਨੇ ਕਮਰੇ ਨੂੰ ਚਲੀ ਗਈ, ਅਰ ਮਨ ਵਿੱਚ ਨ ਜਾਨੇ ਕੀ ਸੋਚ ਆਈ ਹੈ

† ਇਕ ਮੰਤ੍ਰੀ ਦੀ ਬਹੂ ॥

Original with:
Language Department Punjab
Digitized by:
Panjab Digital Library

ਅੱਜ ਇਸ ਤਰਹ ਕਹ ਰਹੀ ਹੈ "ਮੈਂ ਕਦ ਛੱਕ ਇਸਨੂੰ ਕੁਆਰੀ ਰਖਾਂਗੀ" ਭਾਵੇਂ ਇਹ ਵਿਚਾਰੀ ਭਾਵੇ ਭੋਲੀ ਭਾਲੀ ਤੇ ਸਿੱਧੀ ਹੈ ਪਰ ਏਹ ਮੇਰਾ ਧਰਮ ਨਹੀਂ ਹੁਨ ਭੀ ਚੁਪ ਕਰ ਰਵਾਂ ਤੇ ਇਸਦੇ ਵਿਆਹ ਦਾ ਫਿਕਰ ਨਾ ਕਰਾਂ। ਦੂਵੇ ਜਗਨ ਭੀਕ ਰਾਨੀ ਏਸੇ ਖਿਆਲ ਵਿੱਚ ਡੁੱਬੀ ਰਹੀ, ਜਦ ਮੁਰੀਢ ਮਹਿਲ ਵਿੱਚ ਆਇਆ ਤਾਂ ਓਸ ਨੂੰ ਆਖਨ ਲੱਗੀ॥

ਗੰਧਕਾਰ-ਪਾਠਕ ਗਣ! ਤੁਸਾਂ ਏਹ ਨਾਂ ਸਮਝਨਾ ਕਿ ਪਦਮਰਾਗਾ ਚਤੁਰ ਹੈ ਜਾਂ ਰਾਣੀ ਦੇ ਮਸਤੋਵੇ ਨਾਲ ਏਹ ਇਹੋ ਜਹੀਆਂ ਗੱਲਾਂ ਕਰ ਰਹੀ ਹੈ, ਨਹੀਂ! ਨਹੀਂ!! ਇਹ ਤਾਂ ਬੜੀ ਸੀਲ ਧਰਮ ਪਾਲਕ ਅਰ ਸ਼ਰਮਸਾਰ ਅਰ ਸੁਸ਼ੀਲਾ ਲੜਕੀ ਹੈ। ਜਦ ਕਦੀ ਇਸਨੂੰ ਸਖੀਆਂ ਸਹੇਲੀਆਂ ਨਾਲ ਗੱਲਾਂ ਬਾਤਾਂ ਕਰਨ ਦਾ ਸਮਾ ਮਿਲਦਾ ਹੈ ਤਦ ਹੀ ਇਹ ਚੰਗੀਆਂ ੨ ਸਿਖਜਾ ਤੇ ਸ਼ਾਸਤ੍ਰਾਂ ਦੀਆਂ ਮੱਤਾਂ ਦਾ ਉਪਦੇਸ਼ ਕਰਨ ਲੱਗ ਜਾਂਦੀ ਹੈ॥

ਰਾਨੀ-ਸ੍ਵਾਮੀ ਜੀ! ਕੁਝ ਪਦਮਰਾਗਾ ਦਾ ਭੀ ਧਿਆਨ ਹੈ ਕੇ ਨਹੀਂ ਓਸਦੇ ਨਾਲ ਦੀਆਂ ਤਾਂ ਸਾਰੀਆਂ ਕੁੜੀਆਂ ਥਹੀ ਵਯਾਹੀਆਂ ਗਈਆਂ ਹਨ ਤੇ ਤੁਸਾਂ ਹੁਨਤੀਕ ਵਰ ਦੀ ਢੂੰਡ ਭਾਲ ਭੀ ਨਹੀਂ ਕੀਤੀ।

ਸੁਗ੍ਰੀਵ-ਪ੍ਰਿਆ ਜੀ? ਮੈਨੂੰ ਤਾਂ ਇਸ ਗੱਲਦੀ ਅੱਗੋਈ ਫਿਕਰ ਹੋ ਰਹੀ ਹੈ ਪਰ ਕੀ ਕਰਾਂ ਕੋਈ ਸਿਆਨਾ ਲੜਕਾ ਨਸ਼ਰੀ ਨਹੀਂ ਪੈਂਦਾ ਅਤੇ ਅਜਹੇ ਕੁਜੇਹੇ ਮੁੰਡੇ ਤਾਂ ਬਤੇਰੇ ਹਨ ਪਰ ਓਨ੍ਹਾਂ ਨਾਲ ਇਸਦੇ ਵਿਆਹ ਕਰਨ ਨੂੰ ਮਨਨਹੀਂ ਮਨਦਾ ਕਿਉਂ ਜੋ ਇਸਦੀ ਸਾਰੀ ਉਮਰ ਦਾ ਅਨੰਦ ਸਾਂਝੀ ਇਸ ਵੇਲੇ ਦੀ ਸੋਚ ਵਿਚਾਰ ਦੇ ਹੀ ਸਿਰਤੇ ਹੈ॥

ਰਾਨੀ-ਜੋ ਕੁਝ ਆਪਨੇ ਕਿਹਾ ਹੈ ਸਭ ਸੱਚ ਹੈ, ਪਰ ਹੁਨ ਚੁਪਕਰ ਰਹਿਨ ਦਾ ਭੀ ਸਮਾ ਨਹੀਂ ਅਤੇ ਵੇਦ ਸ਼ਾਸਤ੍ਰਾਂ ਤੋਂ ਭੀ ਵਿਰੁਧ ਹੈ ਕਿਉਂ ਜੋ ਇਸਦੇ ਬ੍ਰਹਮਚਰਯ ਦੀ ਉਮਰ ਬੀਤ ਚੁੱਕੀ ਹੈ।

Original with:
Language Department Punjab
Digitized by:
Panjab Digital Library

ਰਾਨੀ ਦੀਆਂ ਗੱਲਾਂ ਸੁਨਕੇ ਰਾਜਾ ਚੁਪ ਹੋਕੇ ਡਾਢੀ ਸੋਚ ਵਿੱਚ ਡੁੱਬਾ ਰਿਹਾ ਅਤੇ ਬਹੁਤ ਚਿਰ ਤੀਕ ਇਸੇ ਗੱਲ ਨੂੰ ਸੋਚਦਾ ਰਿਹਾ ਕਿ ਅਚਾਨਕ ਜੋ ਕੁਝ ਖਿਆਲ ਦਿਲ ਵਿੱਚ ਆਗਿਆ ਤਾਂ ਕਹਿਨ ਲੱਗਾ ॥

ਸੁਗ੍ਰੀਵ-(ਖੁਸ਼ ਹੋਕੇ) ਆਹਾ! ਵਾਹ ਵਾਹ ਚੇਤੇ ਆਗਿਆ, ਪਵਨ ਦਾ ਪੁਤ੍ਰ ਹਨੂਮਾਨ ਬੜਾ ਸੁੰਦਰ ਵਿਦਯਾਵਾਨ ਤੇ ਬੁੱਧਵਾਨ ਹੈ ਅਤੇ ਸੂਰਮਤਾਈ ਵਿੱਚ ਭੀ ਪੂਰਾ ਹੈ ਓਸਦੇ ਗੁਨ ਤੇ ਲਛਨ ਦੇਖਕੇ ਮੈਂ ਬੜਾ ਪ੍ਰਸੰਨ ਹਾਂ ਤੇ ਓਸਦਾ ਹਾਲ ਭੀ ਤਾਂ ਮੈਂ ਤੁਹਾਨੂੰ ਅੱਗੇ ਸੁਨਾ ਚੁਕਿਆ ਹਾਂ ॥

ਰਾਨੀ-ਕੀ ਓਹੋ ਹੀ! ਜੇਹੜਾ ਵਰਣ ਨਾਲ ਜੁੱਧ ਕਰਨ ਦੇ ਵੇਲੇ ਤੁਹਾਡੇ ਨਾਲ ਸੀ?

ਰਾਜਾ-ਹਾਂ! ਹਾਂ!! ਓਹੋ! ਓਹੋ!!!

ਰਾਜਾ-ਤਾਂ ਜਦ ਤੁਹਾਨੂੰ ਓਸਤੇ ਪੂਰੀ ੨ ਤਸੱਲੀ ਹੈ ਤੇ ਤੁਸੀ ਓਸਦੇ ਗੁਣ ਤੇ ਸਭ ਓ ਨੂੰ ਚੰਗੀ ਤਰ੍ਹਾਂ ਆਪ ਵੇਖ ਚੁੱਕੇ ਹੋ ਅਤੇ ਇਸਦੇ ਜੋਗ ਸਮਝਦੇ ਹੋ ਤਾਂ ਫੇਰ ਡੇਰ ਕੀ ਹੈ ॥

ਰਾਨੀ-ਨਹੀਂ ਪ੍ਰਿਆ ਜੀ-ਮੈਂ ਕੱਲ ਸਵੇਰਸਾਰ ਹੀ ਮੰਤ੍ਰੀ ਨੂੰ ਭੇਜ ਦੇਵਾਂਗਾ ਤੁਸੀ ਜ਼ਰਾ ਫਿਕਰ ਨ ਕਰੋ ਤੇ ਧੀਰਜ ਰੱਖੋ ॥

ਦੂਜੇ ਦਿਨ, ਦਿਨ ਚੜ੍ਹਨ ਤੋਂ ਪਹਿਲੋਂਈ ਗਯਨੇ ਇੱਕ ਮੰਤ੍ਰੀ ਰਤਨਪੁਰ ਨੂੰ ਟੋਰ ਦਿੱਤਾ ॥

ਤ੍ਰੀਹਵਾਂ ਅਧਯਾਯ ॥

+ ੰ ੰ +

ਗ੍ਰਿਹਸਤ ਆਸ਼੍ਰਮ ਹੀ ਸਭ ਤੋਂ ਸ਼੍ਰੇਸ਼ਟ ਆਸ਼੍ਰਮ ਹੈ

ਰਤਨ ਪੁਰ ਦੇ ਰਾਜ ਮੰਦਰ ਦੀ ਖੱਬੀ ਵੱਲੇ ਇੱਕ ਬੜੀ

Original with:
Language Department Punjab
Digitized by:
Panjab Digital Library

ਸੁੰਦ ਬਾਰਾਂ ਦਰੀਹੈ ਜਿਹ ਨੂੰ ਪਵਨ ਜੀ ਨੇ ਦੂਰੋਂ ਦੂਰੋਂ ਕਾਰੀਗਰ ਸਦਾਕੇ ਤੇ ਬੜਾ ਰੁਪੈਆ ਲਾਕੇ ਡਾਢੇ ਪ੍ਰੇਮ ਨਾਲ ਬਨਵਾਇਆ ਹੈ, ਇਸਦੀ ਲਕੜੀ ਦੀ ਛਤ ਤੇ ਜਿਸ ਪਰ ਬੜੇ ੨ ਸੁੰਦਰ ਵੇਲ ਬੂਟੇ ਤੇ ਚਿਤ੍ਰ ਕਾਰੀ ਹੋਈ੨ ਹੈ ਜਿਸ ਵਿੱਚ ਥਾਂ ਥਾਂ ਸ਼ੀਸ਼ੇ ਜੜੇ ਹੋਏ ਹਨ ਅਤੇ ਚੂਨੇ ਦੀਆਂ ਪੱਕੀਆਂ ਕੰਧਾ ਅਜੇਹੀਆਂ ਸਫ਼ ਬਨਆਂ ਹੋਈਆਂ ਹਨ ਕਿ ਏਹਨਾ ਨੂੰ ਵੇਖਨੇ ਤੇ ਸੰਖ ਮਰਮਰ ਦੀ ਸੰਕਾ ਹੁੰਦੀ ਹੈ ਅਰ ਕਾਰੀਗਰ ਨੇ ਇਨਾਂ ਤੇ ਬੇਲ ਬੂਟੇ ਅਤੇ ਫੁਲਵਾਰੀ ਅਜੇਹੀ ਸੁੰਦਤਾ ਅਤੇ ਜਤਨ ਨਾਲ ਚਿਤ੍ਰੀ ਹੈ ਕਿ ਦੂਰੋਂ ਬਾਗ ਹੀ ਬਿਨਆ ਹੋਇਆ ਜਾਪਦਾ ਹੈ ਆਹਾ। ਸਾਵੇ ੨ ਪਤ੍ਰੇ ਅਤੇ ਪਤਲੀਆਂ ਪਤਲੀਆਂ ਟਾਹਨੀਆਂ ਵਿੱਚੋਂ ਲਾਲ ਪੀਲੇ ਅਰ ਉਦੇ ਰੰਗ ਦੇ ਫੁਲ ਕਹੇ ਸੋਹਨ ਜਾਪਦੇ ਹਨ, ਅਰ ਕਈ ਫੁਲ ਜਿਨਾ ਦੀਆਂ ਅਜੇ ਕਲੀਆਂ ਹੀ ਨਹੀਂ ਖਿੜੀਆਂ ਪਰ ਇਹ ਜਾਂ ਓਸ ਜੋਗੀ ਦੇ ਵਾਂਙ ਜੋਹੜਾ ਕੁਝ ਕਾਲ ਸਮਾਧੀ ਲਾਕੇ ਈਸ਼ੁਰ ਪਰਮਾਤਮਾ ਦੇ ਧਿਆਨ ਵਿੱਚ ਅਖਾਂ ਮੀਟਕੇ ਮਗਨ ਰਹਿੰਦਾ ਹੈ ਅਤੇ ਥੋੜੇ ਚਿਰ ਦੇ ਪਿਛੋਂ ਹੀ ਭਾੜੀ ਖੋਲਕੇ ਪ੍ਰੇਮ ਰੂਪੀ ਦ੍ਰਿਸ਼ਟੀ ਨਾਲ ਸੰਸਾਰ ਵਲ ਵੇਖਦਾ ਹੈ, ਏਸ ਤਰਹ ਥੋੜੇ ਥੋੜੇ ਖਿਲੇ ਹੋਏ ਜਾਪਦੇ ਹਨ, ਨਿਰੇ ਏਹੋ ਨਹੀਂ ਕਿਤੂ ਕਈ ਛੋਟੇ ਛੋਟੇ ਜੀਵ ਜੰਤੂ ਭੀ ਇਨਾਂ ਬੂਟਿਆਂ ਤੇ ਬੈਠੇ ਹੋਏ ਹਨ ਜੋ ਇਹਨਾਂ ਦੀ ਸੁੰਦਰਤਾ ਨੂੰ ਹੋਰ ਭੀ ਵਧਾ ਰਹੇ ਹਨ ਜਿਨ ਨੂੰ ਵੇਖਨ ਵਾਂਙਾ ਅਚੰਭੇ ਵਿੱਚ ਆ ਜਾਂਦਾ ਹੈ। ਇਸ ਬਾੜਾਂਦਰੀ ਵਿੱਚ ਲਾਲ ਮਖਮਲੀ ਵਛੌਨਾ ਜਿਥੇ ਬਨਾਰੇ ਤਿੱਲੇ ਦੇ ਵੇਲ ਬੂਟਿਆਂ ਅਤੇ ਵਿੱਚਧਾਰ ਇੱਕ ਰੰਗ ਚਕ੍ਰ ਬਨਿਆ ਹੈ ਜੋਹੜਾ ਮਿਨਨ ਵਿੱਚ ਕੋਈ ਚੌਂ ਪੰਜਾਂ ਗਜਾਂ ਤੋਂ ਘੱਟ ਨਹੀਂ, ਅਰ ਇਸ ਪੁਰ ਸੁਨੈਹਰੀ ਤੇ ਰੁਪੈਹਰੀ ਤਿਲੇ ਦੇ ਵੇਲ ਬੂਟੇ ਕੱਢਕੇ ਕਾਰੀਗਰਾਂ ਨੇ ਅਪਨੀ ਸਾਰੀ ਚੁਸਤਾਦੀ ਖੱਸ ਕਰ ਦਿੱਤੀ ਹੈ ਵਿਛਿਆ ਹੋਯਾ ਹੈ। ਏਸ ਚੱਕਰ ਦੇ ਪਹਾੜ ਵੱਲ ਇੱਕ ਸੋਨੇ ਦੀ ਚੌਕੀ ਪੁਰ ਜਿਸ ਪੁਰ ਸਾਵੇ ਰੰਗ ਦਾ ਗਲੈਲਾ ਵਿਛਿਆ ਹੋਇਆ ਹੈ ਅਤੇ ਅਤਲਸ ਦਾ ਸਰਹਾਨਾ ਲੱਗਾ ਹੋਇਆ ਹੈ ਜਿਸ ਪੁਰ ਪਵਨ

Original with:
Language Department Punjab
Digitized by:
Panjab Digital Library

ਜੀ ਸਹਾਰਾ ਲਾਕੇ ਤੇ ਲੱਤਾਂ ਪੁਤ ਦੁਸ਼ਾਲਾ ਪਾਏ ਹੋਏ ਸ਼ੇਰ ਵਾਂਗੂੰ ਬੈਠੇ ਹਨ, ਅਤੇ ਕੁਝ ਸੋਚ ਰਹੇ ਹਨ, ਅਤੇ ਖੱਬੇ ਹੱਥ ਰਤਨ ਥਾਂ ਵਜ਼ੀਰ ਇਕ ਕਾਗਜ਼ ਹਥ ਵਿੱਚ ਲੈਕੇ ਪੜ੍ਹ ਰਿਹਾ ਹੈ ਅਤੇ ਸਾਹਮਨੇ ਦੇਖਨ ਦੇ ਰੁਖ ਇੱਕ ਵੱਡਾ ਸਾਰਾ ਦਰਵਾਜ਼ਾ ਆਉਨ ਜਾਨ ਦਾ ਹੈ ਜਿਸ ਵਿੱਚ ਦੋ ਡੇਓੜੀਦਾਰ ਬਰਦੀ ਲਾਏ ਖਲੋਤੇ ਹਨ।

ਇੱਕ ਮਨੁੱਖ ਵਿਚਲੇ ਕੱਦ ਦਾ ਚਿੱਟੀ ਦਾੜ੍ਹੀ ਵਾਲਾ ਸਿਰ ਤੇ ਗੋਲ ਚਕਲੀਦਾਰ ਪੱਗ ਤੇ ਲੰਮਾ ਅੰਗਰੱਖਾ ਦੁਧ ਜਿਹਾ ਚਿੱਟਾ ਅਰ ਲੰਮੀ ਢਿੱਲੀ ਧੋਤੀ ਗਿਟਿਆਂ ਠੀਕ ਪਹਿਨੇ ਆਯਾ ਅਤ ਓਸ ਡੇਓੜੀਦਾਰਾਂ ਨੂੰ ਕੁਝ ਪੁਛਕੇ ਬਰਾਂਦਰੀ ਦੇ ਅੰਦਰ ਚਲਿਆ ਗਿਆ, ਅਰ ਪਵਨ ਜੀ ਨੂੰ ਝੁਕਕੇ ਪ੍ਰਨਾਮ ਕੀਤਾ॥

ਪਵਨ ਜੀ–(ਸਰਾਕੁ ਧਿਆਨ ਉਪਰ ਕਰਕੇ) ਆਹਾ ਚੰਦਰਗਤੀ ਤੂੰ ਕਿੱਥ ਬੜੀ ਮੁਦੱਤ ਪਿੱਛੋਂ ਤੈਨੂੰ ਡਿੱਠਾ ਹੈ॥

ਚੰਦਰਗਤੀ–(ਹੱਥ ਜੋੜਕੇ) ਇੱਕ ਜਰੂਰੀ ਕੰਮ ਲਈ ਤੁਹਾਡੇ ਪਾਸ ਆਇਆ ਹਾਂ॥

ਪਵਨ ਜੀ–(ਹੱਥ ਨਾਲ ਇਸ਼ਾਰਾ ਕਰਕੇ) ਬੈਹ ਜਾਓ। ਕਹੋ ਤੁਹਾਡਾ ਰਾਜਾ ਤਾਂ ਰਾਜ਼ੀ ਹੈ ?

ਚੰਦਰਗਤੀ–ਮਹਾਰਾਜ ! ਸਬ ਤੁਹਾਡੀ ਦਇਆ ਹੈ।

ਪਵਨ ਜੀ--ਦੱਸੋ ਓਹ ਕੀ ਕੰਮ ਹੈ ਜੇਹੜਾ ਤੁਹਾਨੂੰ ਏਥੇ ਲਿਆਇਆ ਹੈ॥

ਚੰਦਰਗਤੀ--ਮਹਾਰਾਜ ! ਰਾਜਾ ਸਗ੍ਰੀਵ ਦੀ ਪੁਤ੍ਰੀ ਪਦਮ-ਰਾਗਾ ਜੇਹੜੀ ਸਰਬ ਗੁਣ ਨਿਧਾਨ ਹੈ ਓਸਦੇ ਲਈ ਵਰ ਦੀ ਤਲਾਸ਼ ਵਿੱਚ ਹੀ ਸਾਂ ਕਿ ਹਨੂਮਾਨ ਜੀ ਦੀ ਬੀਰਤਾ ਤੇ ਵਿਦਿਆ ਦੀ ਵਡਿਆਈ ਸੁਨਕੇ ਸਭਨਾਂ ਦੀ ਇਹੋ ਸਲਾਹ ਠਹਿਰੀ ਹੈ ਕਿ ਪਹਿਲੋਂ ਤੁਹਾਡੇ ਚਰਣਾਂ ਵਿੱਚ ਬੇਨਤੀ ਕੀਤੀ ਜਾਏ, ਕਿ

Original with:
Language Department Punjab
Digitized by:
Panjab Digital Library

ਕੰਵਰ ਜੀਦੇ ਵਿਹਾ ਲਈ ਕੀ ਤੁਹਾਡੀ ਸਲਾਹ ਹੈ॥

ਪਵਨ ਜੀ (ਖੁਸ਼ ਹੋਕੇ) ਓਹੋ ! ਪਦਮਰਾਗਾ ! ਮੈਂ ਵੱਡੀ ਪਸੰਨਤਾ ਨਾਲ ਕੰਵਰ ਜੀ ਦਾ ਓਸਦੇ ਨਾਲ ਵਿਆਹ ਕਰਨ ਨੂੰ ਤਿਆਰ ਹਾਂ ॥

ਚੰਦਰਗੀਤੀ–ਤਾਂ ਮਹਾਰਾਜ ਸਾਡੀ ਵੱਲੋਂ ਭੀ ਇਸ ਕੰਮ ਵਿੱਚ ਰੱਤੀ ਡੇਰ ਨਹੀਂ, ਏਹ ਗੱਲਾਂ ਸੁਨਕੇ ਹਨੂਮਾਨ ਜੀ ਨੇ ਜੋਹੜੇ ਕੋਲ ਵਾਰ ਹੀ ਬੈਠੇ ਸਨ ਕਰਤਾਰ ਜਾਨੇ ਕੀ ਸੋਚਕੇ ਜਾਂ ਸ਼ਰਮ ਖਾਕੇ ਹੀ ਸਿਰ ਨੀਵੇਂ ਪਾਲੀਤਾ ਹੈ, ਅਤੇ ਡਾਢੀ ਧੀਮੀ ਅਵਾਜ਼ ਨਾਲ ਕਹ ਰਿਹਾ ਹੈ । "ਮਹਾਰਾਜ ਮੇਰੀ ਵਿਆਹ ਕਰਨ ਦੀ ਇਛਿਆ ਨਹੀਂ" ਜਦ ਹੀ ਏਹ ਗੱਲ ਪਵਨ ਜੀ ਦੇ ਕੰਨਾਂ ਤੀਕ ਪਹੁੰਚੀ ਡਾਢੇ ਅਚਰਜ ਹੋਕੇ ਆਖਨ ਲੱਗੇ॥

ਪਵਨ ਜੀ--ਕਿਉਂ ! ਕੀ ਸਦੱਬ ! ਤੇਰਾ ਬ੍ਰਹਮਚਰਯ ਤੇ ਪੂਰਾ ਹੋ ਚੁਕਿਆ ਹੈ ਅਤੇ ਵਾਹਗੁਰੂ ਦੀ ਦਇਆ ਨਾਲ ਤੇਰੇ ਸ਼ਰੀਰ ਦਾ ਬਲ ਭੀ ਠੀਕ ਹੈ ਅਤੇ ਤੂੰ ਵਿਦਿਆ ਭੀ ਪੜ੍ਹ ਚੁਕਿਆ ਹੈਂ, ਫੇਰ ਗ੍ਰਿਹਸਥ ਤੋਂ ਮੂੰਹ ਕਿਉਂ ਮੋੜਦਾ ਹੈਂ॥

ਹਨੂਮਾਨ--ਮਹਾਰਾਜ ! ਗ੍ਰਿਹਸਥ ਵਿੱਚ ਆਦਮੀ ਨੂੰ ਬੜ ਖੱਨਣ ਪੈ ਜਾਂਦੇ ਹਨ ਅਤੇ ਭਾਂਤ ਭਾਂਤ ਦੀਆਂ ਮੁਸੀਬਤਾਂ ਪੈ ਜਾਂਦੀਆਂ ਹਨ, ਏਸ ਕਰਕੇ ਮੈਂ ਵਿਆਹ ਕਰਕੇ ਇਸ ਵਿੱਚ ਫਸਨਾਂ ਨਹੀਂ ਚਾਂਹਦਾ ॥

ਪਵਨ ਜੀ--ਪੁਤ੍ਰ ਕੀ ਆਖਦਾ ਹੈਂ । ਇਹੋ ਆਸ਼੍ਰਮ ਤਾਂ ਸਮਨਾਂ ਆਸ੍ਰਮਾਂ ਨਾਲੋਂ ਚੰਗਾ ਹੈ, ਜਿਦੇ ਵਿੱਚ ਰਹਕੇ ਮਨੁੱਖ ਸਭ ਭਨ੍ਹਾਂ ਦੇ ਉਪਕਾਰ ਕਰ ਸਕਦਾ ਹੈ ਬ੍ਰਹਮਚਰਯ ਦੇ ਆਸ਼੍ਰਮ ਵਿੱਚ ਤੁਸੀ ਕੁਝ ਭੀ ਨਹੀਂ ਕਰ ਸਕਦੇ ਪਰ ਹਾਂ ਜੋਹੜੀਆਂ ਗੱਲਾਂ ਤੋਂ ਮਨੁੱਖਾਂ ਨੂੰ ਮੁਸੀਬਤਾਂ ਪੈਂਦੀਆਂ ਹਨ ਓਨ੍ਹਾਂ ਗੱਲਾਂ ਦਾ ਪਹਿਲੋਂ ਹੀ ਧਿਆਨ ਰਖਨਾ ਜਰੂਰੀ ਹੈ ਸੋ ਅਸਾਂ ਨੇ ਪਹਿਲੋਂਈ ਅਨ੍ਹਾਂ ਦਾ ਧਿਆਨ ਕਰ ਲੀਤਾ ਹੈ ਵਾਹਗੁਰੂ ਜੀ

Original with:
Language Department Punjab
Digitized by:
Panjab Digital Library

ਦੀ ਕ੍ਰਿਪਾ ਨਾਲ ਚੰਗਾ ਖਾਨਦਾਨ ਤੇ ਅਰੋਗ ਅਰ ਕਨਿਆ ਭੀ ਧਰਮ ਦੇ ਪਾਲਨ ਵਾਲੀ ਚੰਗੇ ਗੁਣਾਂ ਤੇ ਸੁਭਾਓ ਵਾਲੀ ਅਰ ਵਿਦਿਆਵਤੀ ਹੈ ॥

ਹਨੂਮਾਨ—ਮਹਾਰਾਜ ! ਜੋ ਤੁਸੀ ਕਹਿੰਦੇ ਹੋ ਸਭ ਸੱਚ ਹੈ ਪਰ ਮੈਂ ਭਾਂ ਵਿਆਹ ਕਣਾ ਚਾਹੁੰਦਾ ਹੀ ਨਹੀਂ ਕਿਉਂ ਜੋ ਇਸ ਵਿੱਚ ਮੈਂ ਕਈ ਪ੍ਰਕਾਰ ਦੇ ਦੁਖ ਦੇਖਨਾ ਹਾਂ ॥

ਪਵਨ ਜੀ--(ਤੀਉੜੀ ਚੜ੍ਹਾਕੇ) ਕੰਵਰ ਜੀ ! ਵਡੇ ਵਡੇ ਰਿਖੀ ਤੇ ਮੁਨੀ ਏਸੇ ਆਸ਼੍ਰਮ ਵਿੱਚ ਪੈਦਾ ਹੋਏ ਵੇਦ ਸ਼ਾਸਤ੍ਰਾਂ ਨੇ ਏਸੇ ਆਸ਼੍ਰਮ ਦੀ ਵਡਿਆਈ ਕੀਤੀ ਹੈ, ਇੱਕ ਇਹੋ ਆਸ਼੍ਰਮ ਹੈ ਜਿਸ ਵਿੱਚ ਲੋਕ ਪਰਲੋਕ ਦੋਵੇਂ ਸੋਰਦੇ ਹਨ ਬੜਾ ਅਮਸੋਸ ਹੈ ਕਿ ਤੂੰ ਐਡਾ ਚਾਤੁਰ ਤੇ ਵਿਦਿਆਵਾਨ ਹੋਨ ਕਿਰਕੇ ਭੀ ਵਿਆਹ ਤੋਂ ਇਨਕਰ ਕਰਕੇ ਗ੍ਰਿਹਸਥ ਆਸ਼੍ਰਮ ਵੱਚ ਆਉਨਾਂਈ ਨਹੀਂ ਚਾਹੁੰਦਾ ।

ਹਨੂਮਾਨ ਜੀ ਨੇ ਜਦ ਵੇਖਿਆ ਕਿ ਏਹ ਭਾਂ ਏਸੇ ਗੱਲ ਦਾ ਹਠ ਕਰਦੇ ਹਨ ਅਤੇ ਇਨ੍ਹਾਂ ਦੀ ਆਗਿਆ ਤੋਂ ਮੂੰਹ ਮੋੜਨਾਂ ਵੇਦ ਤੇ ਸ਼ਾਸਤ੍ਰਾਂ ਦੀ ਮਰਜਾਦਾ ਨੂੰ ਤੋੜਨਾ ਹੈ ਏਸ ਕਰਕੇ ਚੁੱਪ ਕਰ ਗਏ । ਹਨੂਮਾਨ ਨੂੰ ਚੁੱਪ ਕੀਤਾ ਵੇਖਕੇ ਪਵਨ ਜੀ ਨੇ ਪਦਮਰਾਗਾ ਦੀ ਮੂਰਤ ਹਨੂਮਾਨ ਜੀ ਦੇ ਹੱਥ ਵਿੱਚ ਦਿੱਭੀ ਤੇ ਕਿਹਾ ਕਿਸਕਿੰਧਾ ਦੇ ਰਾਜਾ ਸੁਗ੍ਰੀਵ ਦੀ ਪੁਤ੍ਰੀ ਦੀ ਮੂਰਤ ਹੈ ਜਿਸ ਨਾਲ ਤੇਰੇ ਵਿਆਹ ਕਰਨ ਦੀ ਸਲਾਹ ਹੈ। ਏਹ ਸੁਨਕੇ ਰਾਮ ਜਾਨੇ ਹਨੂਮਾਨਜੀ ਦੇ ਮਨ ਵਿੱਚ ਕੀ ਵਿਚਾਰ ਆਈ ਕਿ ਇੱਕ ਵਾਰੀ ਚੰਦਰਗਭੀ ਵੱਲ ਵੇਖਿਆ ਅਤੇ ਮੂਰਤ ਨੂੰ ਪਵਨ ਜੀ ਦੇ ਅੱਗੇ ਰਖਕੇ ਸਿਰ ਨਾਵੇਂ ਪਾਲਿਆ ਬੱਸ ਫੇਰ ਕੀ ਸੀ ਰਤਨਬੀਰ ਪ੍ਰਧਾਨ ਨੇ ਵਧਾਈ ਦਿੱਤੀ ਤੇ ਚੁਪਾਸਿਓਂ ਵਧਾਈ ਵਧਾਈ ਦਾ ਸ਼ਬਦ ਆਉਨ ਲੱਗਾ। ਦੂਜੇ ਦਿਨ ਸਵੇਰਸਾਰ ਪਵਨ ਜੀ ਨੇ ਹਨੂਮਾਨ ਜੀ ਦੀ ਮੂਰਤ ਚੰਦਰਗਭੀ ਨੂੰ ਦੇਕੇ ਵਿਦਿਆ ਕੀਤਾ ਅਤੇ ਜਾਂਦ

Original with:
Language Department Pun
Digitized by:
Panjab Digital Libr

ਵੱਲੋ ਆਖਿਆ ਕਿ ਮਹਾਰਾਜ ਜੀ ਨੂੰ ਆਖਨਾ ਕਿ ਵਿਆਹ ਖ਼ਤਾਬੀ ਮੁਧਾਕੇ ਸਾਨੂੰ ਖਬਰ ਦੇਨੀ ॥

ਇਕੱਤੀਵਾਂ ਅਧਜ਼ਾਯ ॥

—:o:—

ਮਨਦੀ ਮੁਰਾਦ ਪੂਰੀ ਹੋਈ

ਭਾਵੇਂ ਕਿਸਕਿੰਧਾ ਨਗਰ ਦੇ ਹਰ ਇੱਕ ਘਰ ਦੀ ਅਮਾਰਤ ਵੇਖਨ ਦੇ ਜੋਗ ਹੈ ਪਰ ਸਾਨੂੰ ਹੋਰਨਾਂ ਘਰਾਂ ਨਾਲ ਕੀ ਮਤਲਬ, ਅਸਾਂ ਤਾਂ ਰਾਜਾ ਦੇ ਮੈਹਲ ਵੇਖਨੇ ਹਨ ਜੋਹੜੇ ਪੋਹ ਕਰਨੀ ਦੂਵਾਜ਼ੇ ਦੇ ਕੋਲ ਵਾਰ ਹਨ ॥

ਆਹਾ ! ਜਿਵੇਂਈ ਪੋਹ ਕਰਨੀ ਦਰਵਾਜੇ ਤੋਂ ਨਗਰ ਵਿੱਚ ਵੜੇ ਤਾਂ ਇੱਕ ਚੌੜਾ ਬਜ਼ਾਰ ਨਜ਼ਰ ਪਿਆ ਜਿਸਦੀ ਦੂਈਂ ਪਾਸੀਂ ਹੱਟਾਂ ਅਤੇ ਭਾਂਹ ਸੋਹਨੇ ਘਰ ਨਜ਼ਰ ਆਰਹੇ ਹਨ, ਬਾਜ਼ਰ ਅਜੇਹਾ ਸਾਫ਼ ਸੁਥਰਾ ਹੈ ਕਿ ਕਿਤੇ ਇੱਕ ਕੱਖ ਭੀ ਨਜ਼ਰ ਨਹੀਂ ਪੈਂਦਾ, ਧੂਲ ਮਿੱਟੀ ਦਾ ਭੀ ਕਿਤੇ ਨਾਂ ਨਿਸ਼ਾਨਭੀ ਨਹੀਂ ਭਾਂਹਾ ਸੋਹਨੇ ਲਾਲ ਪੱਥਰ ਦਾ ਫਰਸ਼ ਖ਼ਜਾ ਹੋਇਆ ਹੈ ਚੌਂਹੀ ਪਾਸੀਂ ਕਿਤੇ ੨ ਕੋਈ ੨ ਰੁੱਖ ਭੀ ਲੱਗੇ ਹੋਏ ਹਨ, ਜੋਹੜੇ ਬਜਾਰ ਦੀ ਸੋਭਾ ਨੂੰ ਹੋਰ ਭੀ ਵਧਾ ਰਹੇ ਹਨ, ਆਉਨ ਜਾਨ ਵਾਲਿਆਂ ਦੀ ਭੀੜ ਬੜੀ ਹੈ, ਥੋੜੀ ਦੂਰ ਅੱਗੇ ਜਾਕੇ ਖ਼ਜਾਨੇ ਮੁੱਕ ਜਾਂਦਾ ਹੈ ਅਤੇ ਇੱਕ ਬੜਾ ਖੁੱਲਾ ਚੌਂਕ ਆਜਾਂਦਾ ਹੈ ਜਿਸ ਵਿੱਚ ਇੱਕ ਭਾਰੀ ਸੋਹਨੀ ਬਗੀਚੀ ਲੱਗੀ ਹੋਈ ਹੈ ਅਤੇ ਨਾਨਾ ਪ੍ਰਕਾਰ ਦੇ ਅਤੀ ਮਨੋਹਰ ਫੁੱਲ ਖਿੜੇ ਹੋਏ ਦਿਸ ਰਹੇ ਹਨ,

Original with:
Language Department Punjab
Digitized by:
Panjab Digital Library

ਜਿਨ੍ਹਾਂ ਦੀ ਖੁਸ਼ਬੂ ਨਾਲ ਸਾਰਾ ਚੌਂਕ ਮੈਹਕ ਰਿਹਾ ਹੈ, ਇਸ ਬਗੀਚੀ ਦੇ ਠੀਕ ਸਾਹਮਨੇ ਵੱਲ ਇੱਕ ਫਾਟਕ ਹੈ ਜਿਸਦੇ ਦੁਹੀਂ ਪਾਸੀਂ ਦੋ ਸਿਪਾਹੀ ਨੰਗੀਆਂ ਤਲਵਾਰਾਂ ਲੈ ਕਰਕੇ ਪੈਹਰਾ ਦੇ ਰਹੇ ਹਨ, ਅਤੇ ਇਸਦੇ ਤਾਕਾਂ ਤੇ ਸੁਨੈਹਰੀ ਕੰਮ ਅਜੇਹੀ ਪ੍ਰੀਤੀ ਦਾ ਕੀਤਾ ਹੋਇਆ ਹੈ ਕਿ ਸੂਰਜ ਦੇ ਉਜਾਲੇ ਵਿੱਚ ਓਸ ਪਾਸੇ ਵੇਖਨਾ ਮੁਸ਼ਕਲ ਹੋ ਜਾਂਦਾ ਹੈ ਵੇਖਨ ਨਾਲ ਅੱਖਾਂ ਚੁੰਧਯ ਜਾਂਦੀਆਂ ਹਨ, ਕਿਸਦੀ ਸਮਰਥ ਹੈ ਕਿ ਓਨ੍ਹਾਂ ਤਾਕਾਂ ਨੂੰ ਟਿਕਟਿੱਕੀ ਲਾਕੇ ਵੇਖ ਭੀ ਸਕੇ ਅਰ ਇਸ ਦੀਆਂ ਕੰਧਾਂ ਚੁਨੇ ਦੀਆਂ ਅਜਿਹੀਆਂ ਸੁੰਦ੍ਰ ਤੇ ਸਫਾ ਬਨੀਆਂ ਹੋਈਆਂ ਹਨ ਕਿ ਜਸਦੀ ਸਫ਼ਾਈ ਵੇਖਕੇ ਸੰਖਮਰ ਮਰ ਭੀ ਸ਼ਰਮਾ ਜਾਂਦਾ ਹੈ ਇਸ ਫਾਟਕ ਦੇ ਅੰਦਰ ਜਨੇ ਤੇ ਦੋ ਉੱਚੇ ੨ ਮੈਹਲ ਜੇਹੜੇ ਇਕੋ ਜਿਹੇ ਬਨੇ ਹੋਏ ਹਨ ਦਖਾਈ ਦਿੰਦੇ, ਹੁਨ ਅਸੀ ਸੱਜੇ ਹੱਥ ਵਾਲੇ ਮੈਹਲ ਨੂੰ ਛੱਡ ਕੇ ਖੱਬੇ ਹੱਥ ਵਾਲੇ ਮੈਹਲ ਵੱਲ ਜਾਕੇ ਕੀ ਵਖਨੇ ਹਾਂ ਕਿ ਇੱਕ ਦਲਾਨ ਵਿੱਚ ਜੇਹੜਾ ਅਪਨੀ ਅਨੋਖੀ ਵਜਹ ਕਰਕੇ ਬੜੀ ਸੁੰਦ੍ਰਤਾਈ ਅਤੇ ਪ੍ਰਾਚੀਨ ਰਿਖੀਆਂ ਮੁਨੀਆਂ ਅਤੇ ਸੂਰਬੀਰਾਂ ਦੀਆਂ ਮੂਰਤਾਂ ਨਾਲ ਸਜਿਆ ਹੋਇਆ ਹੈ ਇਸ ਵਿੱਚ ਕੀਨਖਾਬ ਦੇ ਗਦੇਲੇ ਪੁਰ ਰਾਜਾ ਸਗ੍ਰੀਵ ਅਤੇ ਓਸਦੀ ਰਾਨੀ ਬੈਠੇ ਹੋਏ ਨੀਵੇਂ ਲਿਖੀਆਂ ਹੋਈਆਂ ਗੱਲਾਂ ਕਰ ਰਹੇ ਹਨ ॥

ਰਾਨੀ–ਸ੍ਵਾਮੀਜੀ ! ਚੰਦ੍ਰਗਤੀ ਭੀ ਹੁਨ ਤੀਕ ਮੁੜਕੇ ਨਹੀਂ ਆਇਆ ।

ਸੁਗ੍ਰੀਵ–ਅੱਜ ਅਠਵਾਰਾ ਹੋਗਿਆ ਹੈ ਅੱਜ ਭੀ ਓਸ ਨੂੰ ਜਰੂਰ ਆਉਨਾ ਚਾਹੀਦਾ ਸੀ ॥

ਰਾਨੀ–ਕਿਸੇ ਨੂੰ ਭੇਜਕੇ ਓਸਦੇ ਘਰੋਂ ਭੀ ਮਲੂਮ ਕਰੋ ਮੈ ਨੂੰ ਭੀ ਇਸ ਗੱਲ ਦਾ ਵਡਾ ਫਿਕਰ ਲੱਗਾ ਹੋਇਆ ਹੈ, ਵੇਖੀਏ ਕੀ ਜਬਾਬ ਲਿਆਉ'ਦਾ ਹੈ ॥

ਏਨੇ ਵਿੱਚ ਇੱਕ ਦੁਆਰਪਾਲ ਨੇ ਆਕੇ ਪ੍ਰਾਰਥਨਾ

Original with:
Language Department Punjab
Digitized by:
Panjab Digital Library

ਕੀਤੀ ਕਿ ਮਹਾਰਾਜ ! ਮੰਦ੍ਰੀ ਚੰਦਰਗਤੀ ਆਪ ਦੇ ਚਰਨਾਂ ਵਿੱਚ ਹਾਜ਼ਰ ਹੋਨ ਲਈ ਆਪ ਦੀ ਆਗਿਆ ਲੈਨ ਲਈ ਬਾਹਰ ਖੜੋਤਾ ਹੈ ।

ਸੁਗ੍ਰੀਵ–ਅੱਛਾ ! ਓਸ ਨੂੰ ਇਸੇ ਜਗਾ ਹੀ ਭੇਜ ਦੇਓ ।

ਥੋੜੇ ਚਿਰ ਪਿਛੋਂ ਚੰਦਰਗਤੀ ਹਾਜ਼ਰ ਹੋਇਆ ਅਤੇ ਆਕੇ ਹੱਥ ਜੋੜਕੇ ਪ੍ਰਨਾਮ ਕਰਨ ਦੇ ਪਿੱਛੋਂ ਆਖਨ ਲੱਗਾ ।

ਚੰਦਰਗਾਤੀ–ਮਹਾਰਾਜ ! ਵਧਾਈ ਹੋਵੇ ਸਾਡੀ ਮਨੋਕਾਮਨਾ ਪੂਰੀ ਹੋਈ ਏਹ ਕਹਕੇ ਹਨੂਮਾਨ ਜੀ ਦੀ ਮੂਰਤ ਦੇਕੇ ਓਥੋ ਦਾ ਸਾਰਾ ਹਾਲ ਸੁਨਾ ਦਿੱਤਾ ਅਤੇ ਥੋੜੀ ਦੇਰ ਪਿੱਛੋਂ ਘਰ ਨੂੰ ਚਲਿਆ ਗਿਆ ॥

ਸੁਗ੍ਰੀਵ–(ਵੱਡੀ ਪ੍ਰਸੰਨਤਾ ਨਾਲ ਮੂਰਤ ਹੱਥ ਵਿੱਚ ਲੈਕੇ) ਪ੍ਰਿਆ ਜੀ ! ਵੇਖੋ ਕਿਹਾ ਸੋਹਨਾਂ ਜੁਆਨ ਹੈ ॥

ਰਾਨੀ--ਮਹਾਰਾਜ! ਮੂਰਤ ਤੋਂ ਭਾਂ ਇਹੋ ਜਿਹਾਈ ਜਾਪਦਾ ਹੈ

ਸੁਗਰੀਵ--ਪ੍ਰਿਆਜੀ ! ਅਜੇ ਕਈ ਇਸ ਵਿੱਚ ਅਜੇਹੇ ਗੁਣ ਹਨ ਜੋਹੜੇ ਇਸ ਮੂਰਤ ਵਿੱਚੋਂ ਮਲੂਮ ਨਹੀਂ ਹੁੰਦੇ ਓਹ ਇਸ ਦੇ ਦੇਖਨ ਤੋਂਈ ਪ੍ਰਤੀਤ ਹੋ ਸਕਦੇ ਹਨ ਪਰ ਮੈਂ ਚੰਗੀ ਤਰਾਂ ਮਲੂਮ ਕਰ ਚੁੱਕਾਂ ਹਾਂ, ਹੁਨ ਤੁਸੀ ਬੁੱਧਵੰਤੀ ਨੂੰ ਇਹ ਮੂਰਤ ਦੇਕੇ ਪਦਮ ਦੇ ਪਾਸ ਭੇਜ ਦਿਓ ਤੇ ਓਸ ਦੀ ਸਲਾਹ ਲਵੋ ।

ਪਾਠਕ ਗਣ ! ਓਸੇ ਵੇਲੇ ਬੁੱਧਵੰਤੀ ਪੰਡਤਾਨੀ ਨੂੰ ਬੁਲਾਕੇ ਪਦਮਰਾਗਾ ਦੇ ਕੋਲ ਭੇਜਿਆ ਗਿਆ, ਜਦ ਬੁੱਧਵੰਤੀ ਪਦਮਰਾਗਾ ਦੇ ਕਮਰੇ ਵਿੱਚ ਗਈ ਤਾਂ ਕੀ ਵੇਖਦੀ ਹੈ ਕਿ ਓਹ ਸਬਬ ਨਾਲ ਕਲਮਕੱਲੀ ਬੈਠੀ ਹੋਈ ਰਿਗਵੇਦ ਦੇ ਕਿਸੇ ਮੰਡਲ ਦਾ ਪਾਠ ਕਰ ਰਹੀ ਹੈ, ਸਿਰ ਦੇ ਵਾਲ ਖੁੱਲੇ ਹੋਏ ਧੌਨ ਤੇ ਲਟਕ ਰਹੇ ਹਨ ਅਤੇ ਕੁਝ ਸਿਰ ਨੂੰ ਨੀਵਾਂ

Original with:
Language Department Punjab
Digitized by:
Panjab Digital Library

ਕਰਕੇ ਤੇ ਅਗਲੇ ਪਾਸੇ ਵਲ ਗੱਲਾਂ ਨੂੰ ਲੁਕਾ ਰਹੇ ਹਨ ਜਿਵੇਂ ਕਿਸੇ ਦੇ ਆਉਨ ਦਾ ਖੜਕ ਕੰਨੀਂ ਪਿਆ ਤਾਂ ਝਟ ਦੁਹਾਂ ਹੱਥਾਂ ਨਾਲ ਵਾਲਾਂ ਨੂੰ ਹਟਾਕੇ ਚੁੰਨੀ ਸਿਰ ਤੇ ਲੈ ਲਈ ਅਤੇ ਬਾਹਰਲੇ ਬੂਹੇ ਵਲ ਨਜ਼ਰ ਕੀਤੀ ਤਾਂ ਅਪਨੀ ਪੰਡਤਾਨੀ ਨੂੰ ਦੇਖਿਆ ਜਿਸ ਨੂੰ ਵੇਖਕੇ ਹੱਸ ਕੇ ਆਖਨ ਲੱਗੀ "ਮਾਂਜੀ ਆਓ" ਏਹ ਕਹਕੇ ਅਪਨੇ ਆਸਨ ਤੇ ਬਠਾ ਲਿਆ ॥

ਬੁੱਧਵੰਤੀ--ਪੁਤ੍ਰੀ ! ਏਹ ਕਾਹਦਾ ਪਾਠ ਕਰਦੀ ਹੈ ॥

ਪਦਮਰਾਗਾ- (ਪੋਥੀ ਨੂੰ ਉਸਦੀ ਵਲ ਕਰਕੇ) ਰਿਗਵੇਦ ਦੇ ਇਸ ਮੰਡਲ ਨੂੰ ਵੇਖਹੀ ਸਾਂ ਪਰ ਮੈਨੂੰ ਇਸ ਛੰਦ ਦੇ ਅਰਥਾਂ ਦੀ ਸਮਝ ਚੰਗੀ ਭਰਾਂ ਨਹੀਂ ਪੈਂਦੀ । ਦਯਾ ਕਰਕੇ ਤੁਸੀ ਸਬਥ ਨਾਲ ਆਗਏ ਹੋ ਤੁਸੀ ਸਮਝਾ ਦੇਓ ॥

* ਬੁੱਧਵੰਤੀ ਨੇ (ਪੋਥੀ ਨੂੰ ਹੱਥ ਵਿੱਚ ਲੈਕੇ) ਓਸ ਮੰਤ੍ਰ ਦੇ ਅਰਥ ਜੇਹੜੇ ਕਲਾ ਕੌਸ਼ਲ ਨਾਲ ਸੰਬੰਧ ਰਖਦੇ ਸਨ ਚੰਗੀ ਭਰਾਂ ਸਮਝਾ ਦਿੱਤੇ ਅਤੇ ਫੇਰ ਉਸਨੂੰ ਹਨੂੰਮਾਨ ਜੀ ਦੀ ਮੂਰਤੀ ਵਖਾਕੇ ਆਖਨ ਲੱਗੀ ॥

ਬੁੱਧਵੰਤੀ--ਵੇਖੋ ਏਹ ਕਿਹੀ ਸੋਹਨੀ ਮੂਰਤੀ ਕਿਸੇ ਸੂਰਮੇ ਪੁਰਖ ਦੀ ਹੈ ॥

ਪਦਵਰਾਗਾ--(ਮੂਰਤ ਵਲੋਂ ਵੇਖਕੇ) ਹਾਂ ਮਾਂ ਜੀ ! ਸੱਚੀ ਮੁੱਚੀ ਏਹ ਤਾਂ ਬੜਾ ਬੀਰ ਮਲੂਮ ਹੁੰਦਾ ਹੈ ਭਲਾ ਮਾਂ ਜੀ ਇਸਦਾ ਨਾਂ ਕੀ ਹੈ ॥

ਬੁੱਧਵੰਤੀ--ਇਸਦਾ ਨਾਓਂ ਹਨੂੰਮਾਨ ਦਸਦੇ ਹਨ ॥

ਪਦਮਰਾਗਾ--ਹੈਂ ! ਹਨੂੰਮਾਨ (ਮੂਰਤ ਨੂੰ ਹੱਥ ਵਿੱਚ ਲੈਕੇ) ਕੀ ਭਲਾ ਏਹ ਓਹੋ ਹੈ ਜਿਸਦੀ ਗਲ ਪਿਤਾ ਜੀ

---

* ਬੁੱਧਵੰਤੀ ਪਦਮਰਾਗਾ ਦੀ ਉਸਤਾਦਨੀ ਸੀ ਜਿਸਤੋਂ ਓਹ ਸੰਸਕ੍ਰਿਤ ਵਿਦਯਾ ਪੜ੍ਹਦੀ ਸੀ ॥

Original with:
Language Department Punjab
Digitized by:
Panjab Digital Library

ਕਰਦੇ ਸਨ ਕਿਓਂ ਜੋ ਓਹ ਇਹਨਾਂ ਨਾਲ ਜੁੱਧ ਵਿੱਚ ਗਿਆ ਹੋਇਆ ਸੀ ਅਤੇ ਜਿਸਨੇ ਵਰਣ ਅਤੇ ਉਸਦੇ ਪੁਤ੍ਰ ਪੁੰਡਰੀਕ ਨੂੰ ਜੁੱਧ ਵਿੱਚ ਪਗੜ ਕੇ ਬਨ੍ਹ ਲਿਆ ਸੀ ॥

ਬੁੱਧਵੰਤੀ—ਹਾਂ ਓਹੋ ਓਹੋ ! ਕੀ ਤੂੰ ਇਸ ਮੂਰਤ ਨੂੰ ਅਪਨੇ ਕੋਲ ਰਖਨਾ ਚਾਹੁਨੀ ਹੈਂ ॥

ਪਦਮਰਾਗਾ—ਹਾਂ ! ਮੈਨੂੰ ਦੇ ਦੇਓ ਮੈਂ ਇਸ ਨੂੰ ਅਪਨੇ ਕਮਰੇ ਵਿੱਚ ਲਾਵਾਂਗੀ ਅਤੇ ਓਥੇ ਹੋਰ ਭੀ ਵੱਡੇ ਵੱਡੇ ਵਿਦਵਾਨਾਂ ਤੇ ਬਹਾਦਰਾਂ ਦੀਆਂ ਮੂਰਤਾਂ ਲਾਈਆਂ ਹੋਈਆਂ ਹਨ ਮਾਂ ਜੀ ! ਅਜੇਹੇ ਪੁਰਖ ਸੰਸਾਰ ਵਿੱਚ ਬਹੁਤ ਘੱਟ ਹੁੰਦੇ ਹਨ ।

ਬੁੱਧਵੰਤੀ—(ਜ਼ਰਾਕੁ ਮੁਸਕਰਾਕੇ) ਭਲਾ ਜੇ ਤੇਰਾ ਇਸ ਨਾਲ ਵਿਵਾਹ ਕੀਤਾ ਜਾਏ ਤਾਂ ਕਿਹੀ ਗੱਲ ਹੈ ॥

ਪਦਮਰਾਗਾ—(ਸ਼ਰਮ ਨਾਲ ਸਿਰ ਨੀਵੇਂ ਪਾਕੇ ਅਤੇ ਕੁਝ ਚਿਰ ਚੁਪ ਕਰਕੇ ਧੀਮੀ ਜਿਹੀ ਅਵਾਜ਼ ਨਾਲ) ਮਾਂ ਜੀ ਏਹ ਗੱਲ ਫੇਰ ਨਾਂ ਅਖਾਨੀ ਮੈਂ ਵਿਵਾਹ ਨੀਹਂ ਕਰਾਂਗੀ ਅਤੇ ਮੂਰਤ ਨੂੰ ਉਸਦੇ ਅੱਗੇ ਰਖ ਦਿੱਤਾ ।

ਬੁੱਧਵੰਤੀ—ਪੁਤ੍ਰੀ ! ਕੀ ਆਖਿਆਈ ! ਵਿਵਾਹ ਨਹੀਂ ਕਰਾਂਗੀ ? ਭਲਾ ਏਹ ਕਦੇ ਹੋ ਸਕਦਾ ਹੈ ਕਿ ਤੇਰਾ ਵਿਆਹ ਨ ਹੋਵੇ ਤੇਰੀ ਮਾਂ ਇਸ ਗੱਲ ਨੂੰ ਕਦ ਸਹਾਰ ਸਕਦੀ ਹੈ ਕਿ ਤੈਨੂੰ ਕੁਵਾਰੀ ਰਹਨ ਦੇਵੇ ? ਕਿਸੇ ਨੇ ਅੱਜ ਤੀਕਰ ਅਪਨੀ ਧੀ ਨੂੰ ਕੁਵਾਰੀ ਰਹਨ ਦਿੱਤਾ ਹੈ ਜੋ ਓਹ ਤੈਨੂੰ ਕੁਵਾਰੀ ਰਹਨ ਦੇਵੇਗੀ ।

ਪਦਮਰਾਗਾ ਨੇ ਸਿਰ ਨੀਵੇਂ ਪਾ ਲਿਆ ਤੇ ਕੁਝ ਜਵਾਬ ਨ ਦਿੱਤਾ ॥

ਬੁੱਧਵੰਤੀ—(ਕੁਛੜ ਲੈਕੇ) ਮੇਰੀ ਪਿਆਰੀ ਪੁਤ੍ਰੀ ! ਮੈਥੋਂ ਏਡੀ ਸ਼ਰਮ ਕਿਓਂ ਕਰਨੀ ਹੈਂ ॥

Original with:
Language Department Punjab
Digitized by:
Panjab Digital Library

ਪਦਮਰਾਗਾ–(ਡਾਢੀ ਧੀਮੀ ਅਵਾਜ਼ ਨਾਲ) ਮੈਂ ਤਾਂ ਆਖ ਦਿੱਤਾ ਹੈ ਕਿ ਮੈਨੂੰ ਵਿਆਹ ਦੀ ਇੱਛਾ ਨਹੀਂ ॥

ਬੁੱਧਵੰਤੀ–(ਮੂੰਰਤ ਨੂੰ ਫੇਰ ਵਖਾਕੇ) ਪੁਤ੍ਰੀ! ਵੇਖ ਅਜੇਹਾ ਸੁੰਦ੍ਰ ਵਰ ਮਿਲਨਾ ਫੇਰ ਕਠਿਨ ਹੋ ਜਾਏਗਾ, ਤੂੰ ਤਾਂ ਆਪ ਸਿਆਨੀ ਹੈਂ ਜ਼ਰਾ ਸੋਚ ਸਮਝਕੇ ਜਵਾਬ ਦੇ ।

ਪਦਮਰਾਗਾ–(ਕੁਛੜੋਂ ਪਰੇ ਹਟਕੇ) ਮਾਂ ਜੀ! ਅੱਜ ਤੁਹਾਨੂੰ ਕੀ ਹੋਗਿਆ ਹੈ ਜੋ ਏਸ ਗੱਲ ਦੇ ਪਿੱਛੇ ਪੈ ਗਏ ਹੋ। ਏਹ ਕਹਕੇ ਮੂਰਤ ਓਸਦੇ ਹਥੋਂ ਲੈਕੇ ਭੋਏਂ ਤੇ ਰਖਦਿੱਤੀ ਅਤੇ ਹੁਨ ਚੋਰ ਨਜ਼ਰ ਨਾਲ ਵੇਖ ਰਹੀ ਹੈ ॥

ਬੁੱਧਵੰਤੀ–(ਪਦਮਰਾਗਾ ਦਾ ਮੂੰਹ ਹੱਥ ਨਾਲ ਚੁੱਕਕੇ ਅਤੇ ਉਸਨੂੰ ਸਾਮਨੇ ਕਰਕੇ) ਬੀਬੀ ਪਦਮਰਾਗਾ ! ਸ਼ਰਮਾਨੀ ਕਿਓਂ ਹੈ ਇਸ ਵਿੱਚ ਕੋਈ ਦੋਸ਼ ਨਹੀਂ ਇਹ ਕੋਈ ਸ਼ਰਮ ਦੀ ਗੱਲ ਨਹੀਂ ।

ਇਹ ਸੁਨਕੇ ਪਦਮਰਾਗਾ ਨੇ ਮੁਸਕਰਾ ਕੇ ਮੂੰਹ ਫੇਰ ਲਿਆ ਤਦ ਬੁੱਧਵੰਤੀ ਸਮਝ ਗਈ ਕਿ ਉਸਨੂੰ ਚਾਹੁੰਦੀ ਹੈ, ਪਰ ਕਿਉਂ ਜੋ ਓਹ ਮੁੰਢੋਂ ਦੀ ਸ਼ਰਮਾਂ ਲ ਤੇ ਭੋਲੀ ਭਾਲੀ ਹੈ ਇਸ ਕਰਕੇ ਅਪਨੇ ਮੂੰਹੋਂ ਤਾਂ ਕਦੇ ਭੀ ਨਾਂ ਆਏਗੀ ਏਹ ਸਮਝਕੇ ਓਸਦੇ ਮੱਥੇ ਨੂੰ ਚੁਮ ਲਿਆ ਅਤੇ ਅਸੀਸ ਦੇਕੇ ਤੇ ਓਥੋਂ ਆਕੇ ਓਦੀ ਮਾਂ ਨੂੰ ਵਧਾਈ ਦਿੱਤੀ ॥

ਪਾਠਕ ਗਣ ! ਏਸ ਵੇਲੇ ਸੁਗ੍ਰੀਵ ਅਪਨੀ ਮਨੋਕਾਮਨਾ ਨੂੰ ਪੂਰਾ ਹੁੰਦਾ ਦੇਖਕੇ ਬੜਾ ਪ੍ਰਸੰਨ ਹੋਇਆ ਤਤਕਾਲ ਵਿਆਹਦੀ ਆਗਿਆ ਦੇਦਿੱਤੀ ਘਰ ਘਰ ਮੰਗਲਾ ਚਾਰ ਹੋਨ ਲੱਗਾ । ਪੰਡਿਤ ਨੂੰ ਸਦਾਕੇ ਵਿਆਹ ਦਾ ਸਾਹਾ ਦਿਨ ਸੁਧਾ ਲਿਆ ਅਤੇ ਟਿੱਕਾ ਦੇਕੇ ਰਾਜੇਂਦ੍ਰ ਨੂੰ ਰਭਨ ਪੁਰ ਭੇਜ ਦਿੱਤਾ ਅਤੇ ਚੰਦਰਗਤੀ ਨੂੰ ਮੋਤੀ ਮੈਹਲ ਦੇ ਸਜਾਓਨ ਦਾ ਹੁਕਮ ਕਰ ਦਿਤਾ ॥

Original with:
Language Department Punjab
Digitized by:
Panjab Digital Library

ਬਤੀਹਵਾਂ ਅਧਜਾਯ ॥

—:o:—

ਵਿਆਹ

ਪ੍ਰਾਤਾਕਾਲ ਦਾ ਅੰਮ੍ਰਿਤ ਵੇਲਾ ਹੈ ਠੰਡੀ ਠੰਡੀ ਹਵਾ ਵਗ ਰਹੀ ਹੈ ਜਿਦੇ ਮਿੱਠੇ ੨ ਬੁੱਲੇ ਸੌਣ ਵਾਲਿਆਂ ਲਈ ਜਾਦੂ ਦਾ ਕੰਮ ਕਰ ਰਹੇ ਹਨ, ਪਰ ਇਕ ਜਾਂਝੀ ਥਨਨ ਦੀ ਲਾਲਸਾ ਹੈ ਜੋਹੜੀ ਸੁਤਿਆਂ ਨੂੰ ਜਗਾ ਰਹੀ ਹੈ ਅਤੇ ਸੌਨ ਵਾਲੇ ਆਕੜਾਂ ਭੱਨ ਭੱਨ ਕੇ ਉਠ ਰਹੇ ਹਨ ॥

ਅਨੇਕਾਂ ਹੀ ਹਾਥੀ ਘੋੜੇ ਰਥ ਆਦਿਕ ਥੜੀ ਸਜਧਜ ਨਾਲ ਸਿੰਘਾਰ ਕੇ ਰਾਜ ਮੈਹਲ ਦੇ ਹਿਠਾਂ ਖੜਵਾਏ ਹੋਏ ਹਨ ਜਿਨ੍ਹਾਂ ਪੁਰ * ਵਿਦਿਆਧਰ ਅਤੇ ਓਹਨਾਂ ਦੇ ਪੁਤ੍ਰ ਆ ਆਕੇ ਚੜ੍ਹ ਰਹੇ ਹਨ, ਏਸ ਵੇਲੇ ਦੀ ਸੋਭਾ ਭੀ ਵਖਨ ਦੇ ਜੋਗ ਹੈ। ਅੱਗੇ ਅੱਗੇ ਹਾਥੀਆਂ ਦੇ ਸੁਨਹਿਰੀ ਹੌਦਿਆਂ ਵਿੱਚ ਬਾਲਕ ਬੈਠੇ ਹੋਏ ਆਪੋ ਵਿੱਚ ਛੇੜ ਛਾੜ ਕਰ ਰਹੇ ਹਨ, ਅਤੇ ਕਹੇ ਸੁੰਦਰ ਮਲੂਮ ਹੁੰਦੇ ਹਨ, ਓਹੋ! ਏਹ ਤਾਂ ਛਿਨ ਭਰ ਭੀ ਚਪ ਕਰਕੇ ਨਹੀਂ ਬੈ'ਹਦੇ । ਇਹਨਾਂ ਦੇ ਪਿਛੇ ਵਡੇ ਵਡੇ ਸੂਰਮੇ ਘੋੜਿਆਂ ਤੇ ਚੜ੍ਹੇ ਹੋਏ ਹਨ ਜਿਨ੍ਹਾਂ ਦੇ ਘੋੜੇ ਥੜੀ ਚਾਹਨਾ ਕਰ ਰਹੇ ਹਨ ਕਿ ਅਪਨੀ ਤੇਜ਼ੀ ਵਖਾਈਏ ਪਰ ਸਵਾਰ ਇਹਨਾਂ ਨੂੰ ਟੋਕੀ ਜਾਂਦੇ ਹਨ, ਅਰ ਇੱਕ ਦੂਜੇ ਨਾਲ ਠੱਠਾ ਮਖੌਲ ਕਰੀ ਜਾਂਦੇ ਹਨ ਰਥ ਅਤੇ ਬੈਹਲਾਂ ਜਿਨ੍ਹਾਂ ਦੇ ਰੰਗਬ੍ਰੰਗੀ ਅਭਲੱਸ ਅਰ ਸਖ਼ਮਲਾਂ ਦੇ ਲਾਲ ਅਤੇ ਹਰੇ ਪੜਦੇ ਦੂਰੋਂ ਚਮਕ ੨ ਕੇ ਸੰਝ ਦੀ ਸ਼ੋਭਾ ਨੂੰ ਹੋਰਭੀ ਵਧਾ

---

* ਬਾਨਰਦੀਪ ਵਿੱਚ ਜੋ ਪੁਰਖ ਵਿਦਜਾ ਪੜ੍ਹ ਲੈਂਦਾ ਸਾਂ ਉਸ ਨੂੰ "ਵਿਦਜਾਧਰ" ਦਾ ਖਿਤਾਬ ਦਿੱਤਾ ਜਾਂਦਾ ਸੀ ॥

Original with:
Language Department Punjab
Digitized by:
Panjab Digital Library

ਰਹੇ ਹਨ ਸਭ ਜਾਵੀਆਂ ਨਾਲ ਭਰਪੂਰ ਹਨ, ਇਨ੍ਹਾਂ ਦੇ ਵਿਚਕਾਰ ਇੱਕ ਬੜੀ ਸੁੰਦ੍ ਪਾਲਕੀ ਹੈ ਜਿਸਨੂੰ ਕਹਾਰ ਮਸਤਾਨਿਆਂ ਦੀ ਨਿਆਈਂ ਝੂਲਦੇ ਹੋਏ ਚੁੱਕੀ ਤੁਰੇ ਜਾਂਦੇ ਹਨ ਅਰ ਇਸਦੇ ਵਿੱਚ ਸਾਡਾ ਬਹਾਦਰ ਜਰਨੈਲ ਗਾਓ ਤਕੀਆ ਲਾਏ ਹੋਏ ਸਿਰ ਤੇ ਜੜ੍ਹਾਊ ਮੁਕਟ ਧਾਰੇ ਅੱਗੇ ਸੇਹਰੇ ਲਟਕੇ ਹੋਏ ਬੈਠਾ ਹੋਇਆ ਹੈ! ਆਹਾ ! ਸੁਖ ਪਾਲ ਦੀ ਸੁੰਦ੍ਤਾਈ ਦੇਖਕੇ ਤਾਂ ਹਰ ਇੱਕ ਮੋਹਤ ਹੁੰਦਾ ਜਾਂਦਾ ਹੈ ਇਸਦੀ ਕਲਸਦਾਰ ਚੋਟੀ ਜਿਸ ਉਤੇ ਕਾਰੀਗਰ ਨੇ ਜੜ੍ਹਾਊ ਕੰਮ ਇਸ ਉਸਤਾਦੀ ਨਾਲ ਕੀਤਾ ਹੈ ਕਿ ਜਿੱਥੇ ਸੂਰਜ ਦੀਆਂ ਕਿਰਨਾਂ ਇਸਤੇ ਪਈਆਂ ਇੱਸੇ ਪ੍ਕਾਰ ਉਸ ਵਿੱਚੋਂ ਹੋਰ ਸੁਆਵਾਂ ਨਿਕਲੀਆਂ ਕਿ ਦੇਖਨ ਵਾਲਿਆਂ ਤੇ ਚਮਕ ਪੱਥਰ ਦੀ ਨਿਆਈਂ ਅਸਰ ਕਰ ਗਈਆਂ ਆਹਾ ! ਜਿਸਦੀ ਨਿਗਹ ਇਸਤੇ ਪਈ ਓਹ ਝਤੂਰ ਹੀ ਕੋਲ ਆਕੇ ਇਕਵਾਰੀ ਦੇਖਨ ਲੱਗ ਪੈਂਦਾ ਭਾਵੇਂ ਜੰਞ ਤਾਂ ਪਹਿਲੇ ਹੀ ਬਹੁਤ ਸੀ ਪਰੰਤੂ ਇਸ ਸ਼ੋਭਾ ਨੇ ਤਮਾਂਸ਼ਬੀਨਾਂ ਦਾ ਕੱਠ ਓਹ ਕਰ ਦਿੱਤਾ ਕਿ ਲੰਘਨਾ ਮੁਸ਼ਕਲ ਹੋ ਗਿਆ ਮੂਲ ਗੱਲ ਕੀ ਕਿ ਬੜੀ ਧੂਮ ਧਾਮ ਨਾਲ ਮੰਜਲਾਂ ਕਰਦੇ ਹੋਏ ਦੂਜੇ ਦਿਨ ਸੰਧਿਆ ਵੇਲੇ ਕਿਸ਼ਕਿੰਧਾ ਨਗਰ ਵਿੱਚ ਜਾ ਪਹੁੰਚੇ । ਜੰਞ ਦੇ ਨਗਰ ਵਿੱਚ ਪਹੁੰਚਦੇ ਹੀ ਸਾਰੇ ਨਗਰ ਦੇ ਤੀਮੀਆਂ ਤੇ ਮਰਦ ਜੋਹੜੇ ਚਿਰਤੋ ਏਹਨਾਂ ਨੂੰ ਉਡੀਕ ਰਹੇ ਸਨ ਇੱਕਠੇ ਹੋ ਗਏ, ਜਿਸਨੇ ਲਾੜੇ ਨੂੰ ਵੇਖਿਆ ਵੇਖਦੇ ਦਾ ਵੇਖਦਾ ਰਹ ਗਿਆ, ਅਤੇ ਪਹਿਰਾਂ ਤੀਕਰ ਓਧਰ ਹੀ ਵੇਖਦਾ ਰਿਹਾ । ਤੀਮੀਆਂ ਕੋਠਿਆਂ ਦੀਆਂ ਛੱਤਾ ਪੁਰ ਆ ਆਕੇ ਵੇਖਨ ਲੱਗੀਆਂ, ਅਤੇ ਇਹਨਾਂ ਨੂੰ ਹਨੂੰਮਾਨ ਜੀ ਦੀ ਮੋਹਿਨੀ ਸੂਰਤ ਨੇ ਅਜੇਹਾ ਜਾਦੂ ਪਾਯਾ ਕਿ ਤਨ ਬਦਨ ਦੀ ਭੀ ਹੋਸ਼ ਨ ਰਹੀ ਔਰ ਹਨੂਮਾਨ ਜੀ ਦੀ ਭੋਲੀ ਭਾਲੀ ਸੂਰਤ ਵੇਖ ਕੇ ਅਜੇਹੀਆਂ ਮਸਤ ਹੋ ਗਈਆਂ ਕਿ ਏਨ੍ਹਾਂ ਦੀਆਂ ਗੋਦਾਂ ਵਿੱਚੋਂ ਬਾਲ ਭੀ ਡਿੱਗ ਡਿੱਗ ਕੇ ਰੋ ਰਹੇ ਹਨ ਏਨ੍ਹਾਂ ਨੂੰ ਜ਼ਰਾ ਭੀ ਸੁਧ

Original with:
Language Department Punjab
Digitized by:
Panjab Digital Library

ਨਹੀਂ। ਅਤੇ ਹਨੂਮਾਨ ਜੀ ਵੱਲੋਂ ਬਰੱਬਰ ਦੇਖ ਰਹੇ ਆਂ ਹਨ ॥

ਜਦ ਜਨੇਤ ਦਾਸ ਮੰਦਰ ਦੇ ਕੋਲ ਵਾਰ ਪਹੁੰਚੀ ਤਾਂ ਰਾਜਾ ਸੁਗ੍ਰੀਵ ਪ੍ਰਧਾਨ ਮੰਤ੍ਰੀ ਅਤੇ ਮੁਸੱਦੀਆਂ ਸਮੇਤ ਆਗਤ ਭਾਗਤ ਲਈ ਆਖਲੋੜਾ। ਅਤੇ ਮਿਲਨੀ ਦੀ ਰੀਤ ਪੂਰੀ ਕਰਕੇ ਨਾਈ ਨੂੰ ਵੇਲਾਂ ਨਾਲ ਮਾਲਾਮਾਲ ਕਰ ਦਿੱਤਾ। ਅਰ ਜਨੇਤ ਨੂੰ ਮੋਤੀ ਮੰਦਰ ਵਿੱਚ ਜੋਹੜਾ ਪਹਿਲੋਂ ਤੇ ਹੀ ਬੜੇ ਸੁਰਬੀਰਾਂ ਅਤੇ ਮਹਾਤਮਾਂ ਦੀਆਂ ਮੂਰਤਾਂ ਨਾਲ ਸਜਾਇਆ ਹੋਇਆ ਸੀ ਜਾ ਉਤਾਰਿਆ। ਸਭ ਤੋਂ ਪਹਿਲੋਂ ਹਨੂਮਾਨ ਜੀ ਨੂੰ ਇੱਕ ਸੋਨੇ ਦੀ ਚੌਂਕੀ ਪੁਰ ਜਿਸ ਪੁਰ ਰੇਸ਼ਮੀ ਗਦੇਲਾ ਵਿਛਿਆ ਹੋਇਆ ਸੀ ਜਾ ਬਠਾਇਆ ਅਤੇ ਹੋਰ ਸਾਰੇ ਜਾਂਵੀ ਬੜੀ ਆਨ ਬਾਨ ਨਾਲ ਬੈਠ ਗਏ, ਕੁਝ ਚਿਰ ਪਿਛੋਂ ਜਾਂਵੀਆਂ ਲਈ ਨਾਨਾ ਪ੍ਰਕਾਰ ਦੇ ਭੋਜਨ ਮਿਠੇ ਤੇ ਸਲੂਨੇ ਆਗਏ, ਇਨ੍ਹਾਂ ਭੋਜਨਾਂ ਨੂੰ ਵਿਸਤਾਰ ਨਾਲ ਲਿਖਨ ਤੇ ਪਾਠਕਾਂ ਦਾ ਜੀ ਕਰ ਆਵੇਗਾ, ਪਰ ਹੱਥ ਤਾਂ ਕੁਝ ਔਨਾਂ ਹੀ ਨਹੀਂ ਇਸ ਲਈ ਇਥੇ ਲਿਖਨਾ ਠੀਕ ਨਹੀਂ ਸਮਝਿਆ ॥

ਜਦ ਜੰਞ ਭੋਜਨ ਜੀਵ ਚੁੱਕੀ ਅਰ ਲਗਨ ਦੀ ਵੇਲਾ ਨੇੜੇ ਆਯਾ ਤਾਂ ਹਨੂਮਾਨ ਜੀ ਨੂੰ ਵੇਦੀ ਹੇਠਾਂ ਸੋਨੇ ਦਾ ਚੌਂਕੀ ਤੇ ਲਿਆ ਬਠਾਇਆ, ਅਤੇ ਸਖੀਆਂ ਸਹੇਲੀਆਂ ਨੇ ਪਦਮਰਾਗਾ ਨੂੰ ਨੁਹਾ ਧੁਆਕੇ ਸੋਹਨੇ ਸੁੱਚੇ ਕਪੜੇ ਤ ਚੰਗੇ ਚੰਗੇ ਗਹਿਨੇ ਪੁਆਕੇ ਵੇਦੀ ਹੇਠ ਹਨੂਮਾਨ ਜੀ ਦੇ ਖੱਬੇ ਵੱਲ ਦੂਜੀ ਚੌਂਕੀ ਪੁਰ ਲਿਆ ਬਠਾਯਾ। ਅਤੇ ਗੰਢ ਚਤਰਾਵਾ ਕਰਦਿੱਤਾ ॥

ਇਸ ਸਮੇ ਪੰਡਤਾਂ ਦਾ ਵੇਦ ਮੰਤ੍ਰਾਂ ਦੁਆਰਾ ਵਰ ਤੇ ਕੰਨਿਆ ਨੂੰ ਧਰਮ ਉਪਦੇਸ਼ ਕਰਨਾ ਅਤੇ ਕੁੜਿਆਂ ਦਾ ਮੰਗਲਾਚਾਰ ਦੇ ਗੀਤ ਗਾਕੇ ਇਸ਼ੂਰ ਦੀ ਦਰਗਾਹ ਵਿੱਚੋਂ ਇਨ੍ਹਾਂਦੀ ਅਰੋਗਤਾ ਅਰ ਵੱਡੀ ਉਮਰ ਦਾ ਮੰਗਨਾ ਕਿਆਂ ਹੀ ਖ਼ੂਬ ਦੇ ਰਿਹਾ ਹੈ। ਆਹਾ! ਹੁਨ ਤਾਂ ਹਵਨ ਕੁੰਡ ਵਿਚੋਂ

Original with:
Language Department Punjab
Digitized by:
Panjab Digital Library

ਕੇਸਰ ਕਸਤੂਰੀ ਘਿਓ ਅਤੇ ਭਾਂਤ ਭਾਂਤ ਦੀ ਹੋਰ ਖੁਸ਼ਬੂ ਵਾਲੀਆਂ ਚੀਜਾਂ ਪਾ ਪਾਕੇ ਹਵਨ ਕਰ ਰਹੇ ਹਨ, ਜਦ ਹਵਨ ਹੋ ਚੁਕਿਆ ਤਾਂ ਮੁੰਡੇ ਕੁੜੀ ਦੇ ਹੱਥ ਵਿੱਚ ਧਾਨ ਦੀਆਂ ਫੁਲੀਆਂ ਦੇਕੇ ਤੇ ਲਾਵਾਂ ਫੇਰੇ ਕਰਨ ਲੱਗੇ। ਆਹਾ! ਇਸ ਵੇਲੇ ਇਸਤ੍ਰੀਆਂ ਦਾ ਇਹ ਗੀਤ ਜਿਸਦਾ ਮਤਲਬ ਏਹ ਹੈ ਕਿ ਹੇ ਮੇਰੇ ਮਾਤਾ ਪਿਤਾ! ਤੁਸੀ ਏਸ ਪਰਦੇਸੀ ਪੁਰਖ ਨੂੰ ਜਿਸਦੇ ਸੁਭਾ ਤੇ ਅਚਾਰ ਵਿਹਾਰ ਨੂੰ ਮੈਂ ਜਾਨਦੀ ਹੀ ਨਹੀਂ ਤੇ ਕਦੀ ਦੇਖਿਆ ਭੀ ਨਹੀਂ ਮੈਨੂੰ ਕਿਉਂ ਦੇਂਦੇ ਹੋ॥

ਪਾਠਕ ਗਣ! ਛੇਆਂ ਲਾਵਾਂ ਠੀਕ ਤਾਂ ਏਸੇ ਤਰ੍ਹਾਂ ਦੇ ਗੀਤ ਗੌਂਦੀਆਂ ਰਹੀਆਂ ਪਰ ਸਤਵੀਂ ਲਾਂ ਦੇ ਵਲੇ ਜਦ ਓਨ੍ਹਾਂ ਨੇ ਏਹ ਗਾਉਨ ਗਾਵੀਂਆਂ ਜਿਸਦਾ ਭਾਤਪਰਜ ਇਹ ਹੈ ਹੇ ਸ੍ਵਾਮੀ! ਹੁਨ ਮੈਂ ਤੇਰੀ ਹੋ ਚੁੱਕੀ ਹਾਂ, ਮੇਰੇ ਮਾਤਾ ਪਿਤਾ ਭਰਾਤਾ ਜਾਂ ਕਿਸੇ ਹੋਰ ਸਕੰਧੀ ਦਾ ਹੁਨ ਕੋਈ ਜੋਰ ਨਹੀਂ ਰਿਹਾ, ਅਤੇ ਮੇਰੇ ਜੀਵਨ ਦਾ ਸਹਾਰਾ ਹੁਨ ਤੁਹਾਡੇ ਪੁਰ ਹੈ, ਭਾਵੇਂ ਦੁਖੀ ਰਖੋ ਤੇ ਭਾਵੇਂ ਸੁਖੀ ਰਖੋ, ਹੁਨ ਮੈਂ ਤੁਹਾਡੇ ਸ਼ਰਣ ਵਿੱਚ ਹਾਂ। ਪਾਠਕ ਗਣ ਇਨ੍ਹਾਂ ਗਾਉਣਾਂ ਨੇ ਨਿਰਾ ਸੁਗ੍ਰੀਵ ਦਾ ਦਿਲ ਹੀ ਨਾ ਹਲਾ ਦਿੱਤਾ ਕਿੰਤੂ ਸਬਦੀਆਂ ਅੱਖਾਂ ਤੋਂ ਅਥਰੂਆਂ ਦੀ ਵਰਖਾ ਕਰਾ ਦਿੱਤੀ। ਤੇ ਜਤਾ ਦਿੱਤਾ ਕਿ ਧੀਆਂ ਮਾਪਿਆਂ ਦੇ ਘਰ ਪਰਾਹੁਨੀਆਂ ਹੀ ਹੁੰਦੀਆਂ ਹਨ॥

ਜਦ ਲਾਵਾਂ ਫੇਰੇ ਹੋ ਚੁੱਕੇ ਤਾਂ ਪਦਮਰਾਗਾ ਨੂੰ ਸਖਿਆਂ ਸਹੇਲਿਆਂ ਲੈ ਗੀਆਂ ਅਤੇ ਹਨੂਮਾਨ ਜੀ ਮੋਤੀਮੰਦਰ ਵਿੱਚ ਆਬਿਰਾਜੇ॥

ਤਿਨ ਦਿਨਾਂ ਤੀਕਰ ਜਨੇਤ ਬੜੀ ਖਾਤਰਦਾਰੀ ਨਾਲ ਰੱਖੀ ਗਈ, ਕਿਸੇ ਨੂੰ ਕਿਸੇ ਤਰ੍ਹਾਂ ਦਾ ਉਲਾਮਾਂ ਦੇਨ ਦਾ ਅਵਸਰ ਨ ਮਿਲਆ, ਚੌਥੇ ਦਿਨ ਅੰਤ ਨੂੰ ਬੇਓੜਕਾ ਦਾਜ ਦੇ ਕੇ ਨੰਦ ਵਿਦਿਆ ਕਰਨ ਲੱਗੇ ਤਾਂ ਪਦਮਰਾਗਾ ਜੋ ਦੋ ਦਿਨ ਪਹਿਲੋਂ ਤੋਂ ਹੀ ਰੋ ਰੋ ਕੇ ਫਾਵੀ ਹੋ ਰਹੀ ਸੀ ਟੁਰਨ ਦਾ ਨਾਂ

Original with:
Language Department Punjab
Digitized by:
Panjab Digital Library

ਸੁਨਕੇ ਬੇਸੁਧ ਹੋ ਧਰਤੀ ਪੁਰ ਡਿੱਗ ਪਈ, ਮੋਹਨੀ ਨੇ ਓਸੇ ਵੇਲੇ ਉਠ ਕੇ ਗੋਦ ਵਿੱਚ ਬਠਾ ਲਿਆ, ਤੇ ਕਹਿਨ ਲੱਗੀ ਸਖੀ ! ਐਡੀ ਕਿਉਂ ਘਬਰਾਉਨੀ ਹੈਂ ਤੇ ਰੋ ਰੋ ਬੇਹਾਲ ਹੁੰਨੀ ਹੈ, ਸੱਚ ਹੈ ਮਾਂ ਪਿਓ ਦਾ ਵਿਛੋੜਾ ਕਿਸੇ ਨੂੰ ਚੰਗਾ ਨਹੀਂ ਲਗਦਾ ਹੈ ਪਰ ਕੀ ਕੀਤਾ ਜਾਏ ਸਾਡੇ ਸਭਨਾਂ ਦੇ ਅੱਗੇ ਇਹ ਦਿਨ ਔਨਾ ਹੈ । ਅਤ ਵਾਰੀ ੨ ਸਿਰ ਨੀਵੇਂ ਪਾ ਅਸੀ ਸਭੇ ਚਲੀਆਂ ਸਾਵਾਂਗੀਆਂ ਬਾਲਅਵਸਥਾ ਦਾ ਸਮਾ ਤੇ ਮਾਤਾ ਪਿਤਾ ਦਾ ਪਜ਼ਾਰ ਜਦੋਂ ਯਾਦ ਆਵੇਗਾ ਅਥਰੂ ਵਗਾਵਾਂ ਗੀਆਂ, ਸਖੀ ! ਧੀਆਂ ਮਾਪਿਆਂ ਦੇ ਘਰ ਪਰਾਹਨੀਆਂ ਹੁੰਦੀਆਂ ਹਨ, ਕੀ ਰਾਜਾ ਤੇ ਕੀ ਕੰਗਾਲ ਧੀਆਂ ਕਿਸੇ ਦੇ ਘਰ ਨਹੀਂ ਸਮਾਉਂਦੀਆਂ, ਹਾਂ ਏੱਨਾ ਜਰੂਰ ਹੈ ਕਿ ਮਾਪਿਆਂ ਨੇ ਵਰ ਘਰ ਵੇਖਕੇ ਵਿਆਹ ਦਿੱਤਾ ਤਾਂ ਧੀ ਸੁਖੀ ਹੋ ਅਨੰਦ ਨਾਲ ਰਹਿੰਦੀ ਹੈ ਨਹੀਂ ਤਾਂ ਕੁੜ ਕੁੜਕੇ ਭਾਗਾਂ ਨੂੰ ਰੋਂਦੀ ਹੋਈ ਜੀਵਨ ਦੇ ਦਿਨ ਗੁਜ਼ਾਰਦੀ ਹੈ ਪਿਆਰੀ ਸਖੀ ! ਤੈਨੂੰ ਤਾਂ ਘਬਰਾਨਾ ਜੋਗ ਨਹੀਂ, ਅੰਜਨਾ ਦੇਵੀ ਜਹੀ ਮੱਸ ਜਿਸ ਨੂੰ ਮਿਲਨੀ ਹੈ ਜੋਹੜੀ ਸ਼ੀਲ ਸੁਭਾਉ ਸ਼ਿਆਨੀ ਅਤੇ ਸਰਬ ਗੁਣਾਂ ਵਾਲੀ ਹੈ, ਪਿਆਰੀ ! ਹਨੂਮਾਨ ਜੀ ਦੀ ਨਾਰ ਕਹਾਏਂਗੀ ਓਨ੍ਹਾਂ ਨਾਲ ਪ੍ਰੇਮ ਪਾਕੇ ਸਾਡੀ ਸਮਨਾਂ ਦੀ ਪ੍ਰੀਤ ਨੂੰ ਭੁਲ ਜਾਏਂਗੀ ॥

ਨਿਰਮਲਾ—ਸਖੀ ! ਇਹੋ ਤਾਂ ਪਦਮਰਾਗਾ ਦੀ ਚਤ੍ਰਾਈ ਹੈ, ਕਲ ਬਾਲਸੁੰਦਰੀ ਨੂੰ ਉਪਦੇਸ਼ ਦੇਕੇ ਸਮਝਾ ਰਹੀ ਸੀ ਅਤੇ ਇਸਤ੍ਰੀ ਪੁਰਖ ਦਾ ਧਰਮ ਦੱਸ ਰਹੀ ਸੀ, ਅਜ ਅਪਨੀ ਵਾਰੀ ਆਈ ਤਾਂ ਰੋ ਰੋ ਕੇ ਸਾਨੂੰ ਛਡਾ ਰਹੀ ਹੈ ਤੇ ਮਾਪਿਆਂ ਦਾ ਪ੍ਰੇਮ ਜਤਾ ਰਹੀ ਹੈ ਸੱਚ ਪੁੱਛੋ ਤਾਂ ਏਹ ਨਿਰਾ ਦਿਖਾਵਾ ਹੈ, ਮਨ ਵਿੱਚ ਤਾਂ ਹਨੂਮਾਨ ਜੀ ਦੀ ਸੂਰਤ ਪਿਆਰੀ ਹੈ ।

ਨਿਰਮਲਾ ਦੀਆਂ ਗੱਲਾਂ ਸੁਨਕੇ ਪਦਮਰਾਗਾ ਨੇ ਸ਼ਰਮਾਕੇ ਮੂੰਹ ਮੋੜ ਲੀਆ ਅਤੇ ਧੀਮੀ ਅਵਾਜ਼ ਨਾਲ ਆਖਨ ਲੱਗੀ ਭੈਨ ! ਤੈਨੂੰ ਤਾਂ ਮਖੌਲ ਸੁਝਦੇ ਹਨ ਪਰ ਮੇਰੇ ਦਿਲ ਨੂੰ ਥਨ

Original with:
Language Department Punjab
Digitized by:
Panjab Digital Library

ਰਹੀ ਹੈ ਮੈਨੂੰ ਭਾਂ ਅਸ ਓਥੇ ਜਾਨਾ ਪਿਆ ਹੈ ਸਿਥੇ ਕੋਣ ਭੀ ਅਪਨਾ ਨਾਂ ਦਿਸੇਗਾ ॥

ਏਨੇ ਵਿੱਚ ਸੁਗ੍ਰੀਵ ਭੀ ਓਥੇ ਆਗਿਆ ਜਿਸਦੇ ਪਦਮਰਾਗਾ ਨੂੰ ਸੋਚ ਵਿੱਚ ਬੈਠੀ ਵਖ ਅੱਖਾਂ ਤੋਂ ਅਥਰੂ ਨਿਕਲ ਪਏ ਭਾਂ ਓਹ ਜਲਦੀ ਨਾਲ ਧੀ ਨੂੰ ਛਾਤੀ ਨਾਲ ਲਾਕੇ ਆਖਨ ਲੱਗਾ "ਪੁਤ੍ਰੀ ! ਉਦਾਸ ਕਿਉਂ ਹੋਗਈ ਹੈਂ ਭਲਾ ਤੇਰਾ ਵਿਛੋੜਾ ਮੈਥੋਂ ਕਦ ਸਹਾਰਿਆ ਜਾਂਦਾ ਹੈ ਪਰ ਕੀ ਕਰਾਂ ਮੇਰੇ ਕੁਝ ਵੱਸ ਨਹੀਂ ਸੰਸਾਰ ਦੀਆਂ ਰੀਤਾਂ ਨਾਲ ਦੱਧਾ ਹੋਇਆ ਹਾਂ ਮੇਰੀ ਭਾਂ ਕੁਝ ਗੱਲ ਹੀ ਨਹੀਂ ਵੱਡੇ ੨ ਰਾਜਿਆਂ ਮਹਾਰਾਜਿਆਂ ਦੇ ਘਰ ਭੀ ਭਾਂ ਲੜਕੀਆਂ ਨਹੀਂ ਸਮਾਉਂਦੀਆਂ ਤੂੰ ਭਾਂ ਆਪ ਸਿਆਨੀ ਹੈਂ ਮੇਰੀ ਕਹਿਨ ਦੀ ਕੀ ਗੱਲ ਹੈ ਪ੍ਰਮਾਤਮਾ ਤੈਨੂੰ ਸਦੀਵ ਪ੍ਰਸੰਨ ਰਖੇ ॥

ਇਹ ਕਿਹਾ ਅਰ ਪਦਮਰਾਗਾ ਨੂੰ ਲਿਆਕੇ ਪਾਲਕੀ ਵਿੱਚ ਬਠਾਇਆ ਅਤ ਹੱਥ ਜੋੜਕੇ ਪਵਨ ਜੀ ਅਰ ਹਨੂਮਾਨ ਨੂੰ ਇਸਦੀ ਸੌਪਨਾ ਕੀਤੀ ॥

ਪਾਠਕ ਗਣ ! ਜਿਸ ਵੇਲੇ ਪਦਮਰਾਗਾ ਨੂੰ ਮੁਖਪਾਲ ਵਿੱਚ ਬਠਾਇਆ ਗਿਆ ਭਾਂ ਇਸਨੇ ਜਾਰ ਜਾਰ ਰੋਨਾ ਅਰੰਭ ਕਰ ਦਿੱਤਾ ਜਿਸਦੇ ਰੋਨ ਦੀ ਆਵਾਜ ਨੂੰ ਸੁਨਕੇ ਸਭ ਦੇ ਅਥਰੂ ਨਿਕਲ ਪਏ ਜਿਵਂ ਨੰਦ ਇਥਂ ਵਿਦਿਆ ਹੋਈ ਸਾਰਿਆਂ ਦੇ ਮੁੰਹ ਤ ਉਦਾਸੀ ਛਾ ਗਈ ਜਿਵੇਂ ਭੀਕ ਨਿਗਾਹ ਦੌੜੀ ਦੇਖਦੇ ਰਹੇ ਅਰ ਅਥਰੂ ਬਹਾਦਿਲਦੇ ਅਰਮਾਨ ਕਡਦੇ ਰਹੇ ॥

ਆਹ ! ਇਹ ਕਿਆ ਅਫਸੋਸ ਦਾ ਸਮਾਂ ਹੈ ਜਦੋਂ ਕਿ ਅਸੀ ਅਪਨ ਦਿਲ ਦੇ ਟੁਕੜੇ ਨੂੰ ਉਸ ਪ੍ਰਦੇਸੀ ਪੁਰਸ਼ ਨਾਲ ਸ਼ਾਸ਼ਤ੍ਰ ਮਜਾਦਾ ਦੇ ਬੱਧੇ ਹੋਏ ਤਰ ਦੇ ਰਹੇ ਹਾਂ ਜਿਸਨੂੰ ਪਹਿਲੇ ਕਦੀ ਦੇਖਿਆ ਭੀ ਨਹੀਂ ॥

Original with:
Language Department Punjab
Digitized by:
Panjab Digital Library

ਤੇਤੀਵਾਂ ਅਧਜ਼ਾਯ ॥

++ঃ৩ঃ++

ਵਧਾਈ ਹੋਵੇ-ਡੋਲੀ ਆਗਈ

ਡੋਲੀ ਦਾ ਔਣਾ ਸੁਨਕੇ ਛੋਟੇ ਵੱਡੇ ਮਰਦ ਤੀਮੀਆਂ ਮੁਹੇ ਅਰ ਜੁਆਨ ਰਤਨ ਪੁਰ ਦੇ ਗਲੀ ਕੂਚਿਆਂ ਵਿੱਚ ਨਿਕਲ ਨਿਕਲ ਕੇ ਪੂਰਬੀ ਦਰਵਾਜੇ ਵਲ ਜਾ ਰਹੇ ਹਨ ਪਰ ਅਮੀਰ ਲੋਕਾਂ ਦੀਆਂ ਤੀਮੀਆਂ ਪਾਲਕੀਆਂ ਵਿੱਚ ਸਵਾਰ ਹੋ ਤੇ ਕਈ ਇਕ ਪੈਦਲ ਸੋਹਨੇ ਸੋਹਨੇ ਗਹਿਨੇ ਅਰ ਕੀਮਤੀ ਰੰਗ ਬਰੰਗੀ ਕਪੜੇ ਪਾਏ ਹੋਏ ਅੰਜਨਾਂ ਦੇਵੀ ਦੇ ਮਹਿਲ ਨੂੰ ਜਾ ਰਹੀਆਂ ਹਨ ॥

ਆਹਾ ! ਅੰਜਨਾਂ ਦੇਵੀ ਦਾ ਮਹਿਲ ਭੀ ਇਕ ਅਨੋਖੀ ਤਰਾਂ ਦਾ ਹੈ ਪਹਿਲੇ ਇਕ ਬੜਾ ਲਕੜ ਦਾ ਫਾਟਕ ਹੈ ਮਾਨੋ ਏਹੋ ਹੀ ਮਹਿਲ ਦਾ ਸਦਰ ਦਰਵਾਜਾ ਹੈ ਜਿਸ ਵਿੱਚੋਂ ਲੰਘ ਅੰਦਰ ਵੜਦਿਆਂ ਹੀ ਕੁਝ ਬਰਾਂਡੇ ਦਿਸਦੇ ਹਨ ਹਰ ਇਕ ਬਰਾਂਡੇ ਦੇ ਨਾਲ ਇਕ ਇਕ ਛੋਟੀ ਜਿਹੀ ਕੋਠਰੀ ਭੀ ਦਿਖਾਈ ਦੇਂਦੀ ਹੈ ॥

ਕਈ ਇਕਨਾਂ ਵਿਚ ਕੁਝ ਇਸਤ੍ਰੀਆਂ ਬੈਠੀਆਂ ਹੋਈਆਂ ਦਿਸਦੀਆਂ ਹਨ ਕੋਈ ਰੋਟੀ ਪਕਾਨ ਦ ਆਹਰ ਵਿੱਚ ਲਗੀ ਹੋਈ ਹੈ ਕੋਈ ਆਟਾ ਗੁਨ ਰਹੀ ਹੈ ਭਾਵੇਂ ਤਾਂ ਇਹ ਇਨਾਂ ਸਿਪਾਹੀਆਂ ਦਿਆਂ ਇਸਤ੍ਰੀਆਂ ਹਨ ਜਿਨਾਂ ਦੀ ਨੌਕਰੀ ਦਾ ਸੰਬੰਧ ਇਸ ਮਹਿਲ ਨਾਲ ਹੈ, ਬੇਸ਼ਕ ਇਹੋ ਠੀਕ ਹੈ ਕਿਉਂ ਕਿ ਓਹ ਦੇਖੋ ਇਕ ਸਿਪਾਹੀ ਜਿਸਦੀ ਵਰਦੀ ਮੰਜੀ ਤੇ ਪਈ ਹੋਈ ਹੈ ਅਰ ਆਪ ਰੋਟੀ ਖਾ ਰਿਹਾ ਹੈ ॥

Digitized with:
Language Department Punjab
Digitized by:
Panjab Digital Library

ਇਨਾਂ ਬਗਾਡ਼ਿਆਂ ਦੇ ਵਿੱਚ ਇਕ ਹੋਰ ਦਰਵਾਜਾ ਦਿਖਾਈ ਦੇਂਦਾ ਹੈ ਜਿਸਦੇ ਅੰਦਰ ਜਾਂਦਿਆਂ ਹੀ ਇਕ ਬਗੀਚੀ ਦਿਸਦੀ ਹੈ ਅਤੇ ਜਿਸ ਵਿੱਚ ਭਰਾਂ ਭਰਾਂ ਦੇ ਸੁਗੰਧਤ ਫੁਲ ਚਿਟੇ, ਲਾਲ, ਪੀਲੇ ਅਤ ਉਦੇ ਖਿੜੇ ਹੋਏ ਦਿਸ ਰਹੇ ਹਨ ਏਨ੍ਹਾਂ ਜਾਨੇ ਇਸ ਵਿੱਚ ਕੀ ਭੇਦ ਹੈ ਕਿ ਇਕ ਵਾਰੀ ਬਗੀਚੀ ਵਲ ਨਜਰ ਪੈਜਾਏ ਬਸ ਫਰ ਮੁੜਨ ਦਾ ਨਾਂ ਨਹੀਂ ਲੈਂਦੀ ਅਤ ਅਖ ਖੁੱਲੀ ਦੀ ਖੁੱਲੀ ਰਹਿ ਜਾਂਦੀ ਹੈ ਕਿਸ ਪ੍ਰਕਾਰ ਓਹ ਨਰਗਸ ਦਾ ਫੁਲ ਸਾਮਨੇ ਦਿਸ ਰਿਹਾ ਹੈ ।

ਇਸ ਛੋਟੀ ਜਿਹੀ ਬਗੀਚੀ ਵਿੱਚ ਪਟੜੀਆਂ ਭੀ ਬਹੁਤ ਸੁੰਦ੍ਰ ਬਨੀਆਂ ਹੋਈਆਂ ਹਨ ਜਿਨਾਂ ਦੁਵਾਰਾ ਟਹਿਲਨ ਕਰਕੇ ਮਜਾਜ਼ ਭਰ ਅਰ ਦਿਲ ਪ੍ਰਸੰਨ ਹੋ ਜਾਂਦਾ ਹੈ ਇਸ ਦੇ ਸਮਨੇ ਕੁਝ ਸੁੰਦ੍ਰ ਮਕਾਨ ਦਿਸਦੇ ਹਨ ਜੋ ਅੰਜਨਾਂ ਦੇਵੀ ਦੇ ਮਹਿਲ ਕਹਾਉਂਦੇ ਹਨ । ਇਨ੍ਹਾਂ ਦੀ ਛਤ ਪਖੱਰ ਦੀ ਹੈ ਅਰ ਚਾਰ ਬੁਰਜ ਇਕ ਦੂਜੇ ਦੇ ਆਮੋ ਸਾਮਨੇ ਬਨੇ ਹੋਏ ਹਨ ਜਿਨਾਂ ਤੇ ਸੋਨੇ ਦੀਆਂ ਕਲਸੀਨਾਂ ਸਥਿਰ ਹਨ । ਆਹਾ ! ਜਿਥੇ ਇਨਾਂ ਤੇ ਸੂਰਜ ਦੀਆਂ ਕਿਰਨਾਂ ਪਈਆਂ ਹਜ਼ਾਰਾਂ ਹੋਰ ਇਨਾਂ ਵਿੱਚੋਂ ਨਿਕਲ ਆਈਆਂ ਅਤੇ ਦੇਖਨ ਵਾਲਿਆਂ ਦੀਆਂ ਅੱਖਾਂ ਨੂੰ ਚੁੰਨਿਆ ਕਰ ਦੇਦੀਆਂ ਹਨ। ਕੀ ਸਮਰਥ ਹੈ ਜੋ ਕੋਈ ਨਜ਼ਰ ਭਰਕੇ ਦੇਖ ਸਕੇ ॥

ਦਰਵਾਜੇ ਵਿੱਚ ਵੜਦਿਆਂ ਇਕ ਛੋਟਾ ਜਿਹਾ ਕਮਰਾ ਦਿਸਦਾ ਹੈ ਅਤੇ ਇਸਦੇ ਅੱਗੇ ਇਕ ਹੋਰ ਵੱਡਾ ਕਮਰਾ ਅਰ ਅੱਗੇ ਜਾ ਕੇ ਇਕ ਹੋਰ ਬੜਾ ਭਾਰੀ ਦਲਾਨ ਹੈ ਜਿਸਦੀ ਸੁੰਦ੍ਰਤਾ ਦੀ ਬਨਾਨ ਵਿੱਚ ਬੜੀ ਖੂਬੀ ਨਾਲ ਕੰਮ ਲਿਆ ਗਿਆ ਹੈ ਅਰ ਥੱਲੇ ਇਕ ਬੜਾ ਮੁਲਾਂ ਦਾ ਲਾਲ ਗਲੀਚਾ ਵਿਛਿਆ ਹੋਇਆ ਹੈ ਜਿਸਤੇ ਅੰਜਨਾਂ ਦੇਵੀ ਰਾਨੀ ਕੇਤੂ ਮਤੀ ਅਰ ਹੋਰ ਬੜੀਆਂ ਇਸਤ੍ਰੀਆਂ ਬੈਠੀਆਂ ਹਨ ਅਰ ਕਈ ਅਜੇ ਆ ਆਕੇ ਬਹਿ ਰਹੀਆਂ ਹਨ ਅਰ ਗੌਨ ਵਜੌਨ ਵਿੱਚ

Original with:
Language Department Punjab
Digitized by:
Panjab Digital Library

ਲਗ ਮਨ ਪ੍ਰਸੰਨ ਕਰ ਰਹੀਆਂ ਹਨ । ਇੱਨੇ ਵਿੱਚ ਇਕ ਦਾਸੀ ਨੇ ਆਕੇ ਕਿਹਾ ॥

"ਵਧਾਈ ਹੋਵੇ ! ਡੋਲੀ ਆਗਈ"

ਆਹਾ ! ਇਸ ਗਲ ਦੇ ਸੁਨਦਿਆ ਹੀ ਅੰਜਨਾਂ ਦੇਵੀ ਦਾ ਕਲੇਜਾ ਮਾਰੇ ਖ਼ੁਸ਼ੀ ਦੇ ਉਛਲ ਪਿਆ ਉਸੇ ਵੇਲੇ ਈਸ਼ਰ ਦਾ ਗੁਨਾਵਾਦ ਗੌਂਦੀ ਹੋਈ ਸਾਰੀਆਂ ਇਸਤ੍ਰੀਆਂ ਦੇ ਨਾਲ ਬਗੀਚੀ ਭੀੜ ਆਈ ਹੋਵੇਗੀ ਕਿ ਬੜੀ ਧੂਮ ਧਾਮ ਨਾਲ ਹਨੁਮਾਮ ਜੀ ਪਾਲਕੀ ਵਿੱਚ ਬੈਠੇ ਹੋਏ ਦਰਵਾਜ਼ੇ ਤੇ ਪਹੁੰਚ ਗਏ ! ਇਨਾਂ ਨੂੰ ਦੇਖਦਿਆਂ ਹੀ ਅੰਜਨਾਂ ਦੇਵੀ ਦਾ ਮੂੰਹ ਖ਼ੁਸ਼ੀ ਨਾਲ ਲਾਲ ਅਤੇ ਦਿਲ ਬਾਗ ੨ ਹੋਗਿਆ ਓਹ ਦੇਖੋ ਮਾਰੇ ਖ਼ੁਸ਼ੀ ਦੇ ਜਾਮੇ ਵਿੱਚ ਫੁੱਲੀ ਨਹੀਂ ਸਮਾਉਂਦੀ ਅਰ ਘੜੀ ਮੁੜ। ਸਿਰ ਨੀਵਾਂ ਕਰ ਪ੍ਰਮਾਤਮਾ ਦੇ ਧੰਨਜਵਾਦ ਕਰ ਰਹੀ ਹੈ ਬਸੰਤਮਾਲਾ ਨੇ ਸਹਾਰਾ ਦੇ ਕੇ ਪਦਮਰਾਗਾ ਨੂੰ ਸੁਖਪਾਲ। ਵਿੱਚੋਂ ਉਤਾਰਿਆ ਅਰ ਅੰਜਨਾਂ ਦੇਵੀ ਨੇ ਅਤਿ ਖ਼ੁਸ਼ੀ ਨਾਲ ਮੁੰਡੇ ਅਰ ਕੁੜੀ ਦਾ ਮੱਥਾ ਚੁੰਮਿਆਂ ਅਰ ਸਭਨਾਂ ਇਸਤ੍ਰੀਆਂ ਨਾਲ ਈਸ਼ਰ ਦੇ ਗੁਨਾਂਵਾਦ ਗਾਉਂਦੀ ਹੋਈ ਪਦਮਰਾਗਾ ਨੂੰ ਦਲਾਨ ਵਿੱਚ ਲਿਆਈ। ਆਹਾ ! ਇਸ ਵੇਲੇ ਚਾਰੇ ਪਾਸਿਆਂ ਤੋਂ ਵਧਾਈ ੨ ਦੀਆਂ ਅਵਾਜਾਂ ਆਰਹੀਆਂ ਹਨ ਅਰ ਹਰ ਇਕ ਵਹੁਟੀ ਨੂੰ ਦੇਖ ੨ ਪ੍ਰਸੰਨ ਹੋਰਹੀ ਹੈ ॥

ਅੰਜਨਾ ਮਨ ਮੇਂ ਮਗਨ ਹੋ ਗਾਤੀ ਮੰਗਲ-
ਚਾਰ । ਦੇਨ ਵਧਾਈ ਨਗਰ ਕੀ ਆਈ ਸਭ
ਮਿਲ ਨਾਰ ॥ ਧੰਨ ਧੰਨ ਤੁਝ ਕੋ ਅੰਜਨਾਂ
ਧੰਨ ਇਹ ਹਨੂ ਕੁਮਾਰ । ਐਸੀ ਸੁੰਦ੍ ਪਦਮਨੀ

Original with:
Language Department Punjab
Digitized by:
Panjab Digital Library

ਜਿਸਨੇ ਵਿਆਹੀ ਨਾਰ ॥ ਜਾਂ ਨੈਨ ਮ੍ਰਿਗ ਸੇ ਅਧਿਕ ਹੈਂ ਮਸਤਕ ਚੰਦ੍ ਸਮਾਨ । ਦੁਲਾਹ ਦੁਲਹਨ ਪਿਆਰੀ ਰਸਭਰੇ ਖ਼ੂਸ਼ ਰਾਖੇ ਭਗ੍ਵਾਨ।

ਪਾਠਕ ਗਣ ! ਭਾਵੇਂ ਇਹ ਦਲਾਨ ਬੜਾ ਲੰਮਾ ਅਰ ਚੌੜਾ ਹੈ ਪ੍ਰੰਤੂ ਇਸ ਵੇਲੇ ਭਾਂ ਭਿਲ ਰਖੱਨ ਦੀ ਥਾਂ ਭੀ ਨਹੀਂ ਨਜ਼ਰ ਆਓਂਦੀ ਸਾਰਾ ਇਸਤ੍ਰੀਆਂ ਨਾਲ ਭਰਪੂਰਹੈ ਸਾਡੇ ਜਰਨੈਲਭੀ ਨਾਜਾਨੀਏ ਕਿਥੇ ਅਰ ਕਿਸ ਵੇਲੇ ਚਲੇ ਗਏ ਹਨ ਜੋ ਨਜ਼ਰ ਨਹੀਂ ਆਓਂਦੇ ਇਸ ਲਈ ਇੰਨੀਆਂ ਇਸਤ੍ਰੀਆਂ ਦਾ ਇਕਠ ਦੇਖਕੇ ਸਾਨੂੰ ਭੀ ਸ਼ਰਮ ਆਗਈ ਹੈ ਅਰ ਭਲਮਾਨਸੀ ਭੀ ਇਹੋ ਹੀ ਹੈ ਕਿ ਹੁਨ ਅਸੀ ਇਥੋਂ ਟੁਰ ਚਲੀਏ ਹਾਂ ! ਬੇਸ਼ਕ ਦੂਸਰੇ ਭਾਗ ਵਿੱਚ ਅਪਨੇ ਪਾਠਕਗਣਾਂ ਦੇ ਜਰੂਰ ਦਰਸ਼ਨ ਕਰਾਂਗੇ ਲੌ ਫਤੇ ਬੁਲਾਨੇ ਹਾਂ ਅਤੇ ਭੈਨਾਂ ਤੇ ਮਾਵਾਂ ਦੇ ਪੈਰੀਂ ਪੈਨੇ ਹਾਂ ਫੇਰ ਮਿਲਾਂਗੇ ॥

Original with:
Language Department Punjab
Digitized by:
Panjab Digital Library

੧ ੴ ਸਤਿਗੁਰ ਪ੍ਰਸਾਦਿ ॥

ਸ਼੍ਰੀਮਾਨ
ਹਨੂਮਾਨ ਜੀ ਦਾ ਜੀਵਨ ਚਰਿਤ੍ਰ ॥
ਦੂਜਾ ਭਾਗ
ਚੌਤੀਵਾਂ ਅਧਜ਼ਾਯ ॥
ਬਦਲਾ ਲੈਣ ਦਾ ਵਿਚਾਰ ॥

ਪ੍ਰਭੂ ਸਿਮਰਣ ਪਰਿਣਾਮ ਹੈ, ਦੇਖੋ ਪਰਮ ਅਨੂਪ । ਜਨ ਸਮੁਦਾਯ ਨਿਰਾਸਤਾ, ਧਾਰੇ ਆਸ਼ਾ ਰੂਪ ॥

ਹਾੜ ਦਾ ਮਹੀਨਾ ਹੈ ਦੁਪਹਿਰ ਦਾ ਵੇਲਾ ਹੈ ਜਦੋਂ ਕਿ ਸੂਰਜ ਦੇਵ ਭਾਂ ਅਪਨੇ ਤੇਜ ਨਾਲ ਪ੍ਰਿਥਵੀ ਨੂੰ ਅਤਯੰਤ ਤਪਾ ਰਹੇ ਹਨ ਅਰ ਉਸ ਦੀਆਂ ਤੇਜ ਕਿਰਨਾਂ ਐਸੀਆਂ ਦਿਸ ਰਹੀਆਂ ਹਨ ਮਾਨੋ ਪ੍ਰਿਥਵੀ ਵਿੱਚ ਤੀਰ ਖੁਭ ਰਹੇ ਹਨ ਮਨੁਖ ਕੀ! ਇਸ ਵੇਲੇ ਭਾਂ ਇਸ ਤਪੀ ਹੋਈ ਪ੍ਰਿਥਵੀ ਤੇ ਪਸ਼ੂ ਭੀ ਚਲੱਨ ਤੁਰਨ ਤੋ ਆਤੁਰ ਹੋ ਰਹੇ ਹਨ ॥

ਹਾਂ ! ਜੋ ਚੀਜ਼ਾਂ ਸੂਰਜ ਦੇ ਸਾਮਨੇ ਖੜੋ ਸੰਸਾਰ ਦੀ ਰਖਸ਼ਾ ਕਰਨੇ ਲਈ ਕਮਰ ਕੱਸੇ ਕਸ ਕੇ ਦ੍ਰਿੜ ਹਨ ਓਹ ਵਸਤੂ ਘਰ ਮੰਦਰ ਆਦਿਕ ਹਨ ਅਰ ਇਨਾਂ ਵਿੱਚ ਬ੍ਰਿਛ ਹਨ। ਭਾਵੇਂ ਸੂਰਜ ਨ ਉਨਾ ਨੂੰ ਭੀ ਅਪਨੇ ਤੇਜ ਨਾਲ ਤਪਾ ਰੂਪੀ ਧਪੇ ਮਾਰ ੨ ਕੇ ਧਰਮ ਹੀਨ ਕਰਨ ਦਾ ਯਤਨ ਕੀਤਾ ਪਰ ਮਗਰ ਓਹ ਇਕ ਮਹਾਤਮਾ ਜਨ ਦੀ ਨਿਆਈਂ ਜਿਸਨੇ

Original with:
Language Department Punjab
Digitized by:
Panjab Digital Library

ਅਪਨੇ ਦਿਲ ਵਿੱਚ ਪੱਕੀ ਦ੍ਰਿੜਤਾ ਕਰਲਈ ਹੈ ਕਿ ਸਿਵੋਂ ਭਕ ਹੋਵੇਗਾ ਉਪਕਾਰ ਕਰਨ ਤੋਂ ਨਹੀਂ ਹਟਾਂਗੇ । ਇਸ ਪ੍ਰਕਾਰ ਇਹ ਦੋਵੇਂ ਹੀ ਐਸੇ ਹਠੀ ਹਨ ਕਿ ਇਨਾਂ ਨੂੰ ਪੂਰੀ ੨ ਪ੍ਰੀਤਗਜ਼ਾ ਵਿੱਚ ਦੇਖਕਰ ਕੁਦਰਤ ਨੇ ਭੀ ਸੂਰਜ ਦੇਵਤਾ ਨੂੰ ਕਾਲ ਜੰਜੀਰ ਵਿੱਚ ਐਸਾ ਜਕੜ ਕੇ ਬੰਨਿਆ ਕਿ ਇਸ ਨੂੰ ਭੀ ਥੇਫਕਤ ਅਰ ਬੇਆਸ ਹੋਕੇ ਪਛਮ ਵਲ ਜਾਣਾ ਪਿਆ ॥

ਚੁਨ ਦਿਨ ਦਾ ਚੌਥਾ ਪਹਿਰ ਹੈ ਜਦ ਕਿ ਸਭ ਜੀਵ ਅਪਨੇ ੨ ਕੰਮ ਧੰਧੇ ਵਿੱਚ ਲਗ ਗਏ ਹਨ ਅਰ ਓਹੀ ਪਸੂ ਪੰਖੀ ਜੋ ਥੋੜਾ ਚਿਰ ਪਹਿਲੋਂ ਅਪਨੇ ੨ ਆਹਲਨਆਂ ਅਰ ਖੁੰਦਾਂ ਵਿੱਚ ਟੈਠੇ ਹੋਏ ਸਨ ਚੁਨ ਏਧਰ ਓਧਰ ਫਿਰਦੇ ਦਿਸ ਰਹੇ ਹਨ ਇਸ ਵੇਲੇ ਜਿਥੇ ਸਾਡਾ ਧਿਆਨ ਪਹੁੰਚਦਾ ਹੈ ਓਹ ਰੁਖਾਮੋਂ ਪਟਬਤ ਦੀ ਓਹ ਸਮਤਲ ਪ੍ਰਿਥਵੀ ਹੈ ਜੋ ਕਿਸਕਿੰਧਾ ਸ਼ਹਿਰ ਤੋਂ ਥੋੜੀ ਦੂਰ ਪੂਰਬ ਦੀ ਵਲ ਹੈ ਅਰ ਜਿਥੇ ਇਕ ਮਮੂਲੀ ਜੇਹਾ ਘਰ ਭੀ ਬਨਿਆ ਹੋਇਆ ਹੈ ਜਿਸਨੂੰ ਅਜ ਕਲ ਦੇ ਸਮੇਂ ਅਨੁਸਾਰ ਇਕ ਝੋਂਪੜੀ ਭੀ ਕਹੀਏ ਤਾਂ ਝੂਠ ਨਹੀਂ ਇਸਦੇ ਚਾਰੇ ਪਾਸੇ ਬਹੁਤ ਮੈਦਾ ਹਰੇ ੨ ਬ੍ਰਿਛ ਝੂਲਦੇ ਹੋਏ ਨਜ਼ਰ ਆਰਹੇ ਹਨ ਜਿਨ੍ਹਾਂ ਉਤੇ ਨਾਨਾ ਪ੍ਰਕਾਰ ਦੀਆਂ ਵੇਲਾਂ ਚੜੀਆਂ ਹੋਈਆਂ ਇਨਾਂ ਦੀ ਸੋਭਾ ਨੂੰ ਹੋਰ ਭੀ ਵਧਾ ਰਹੀਆਂ ਹਨ । ਇਨਾਂ ਬੇਲਾਂ ਦੇ ਰੰਗ ਬਰੰਗੀ ਬਸੰਤੀ, ਉਦੇ ਪੀਲੇ ਚਿੱਟੇ ਗੁਲਾਬੀ ਅਰ ਪਿਆਜ਼ੀ ਫੁਲ ਕਿਆ ਹੀ ਸੋਹਨੇ ਹਨ ਭਾਵੇਂ ਇਹ ਦਿਨ ਦੀ ਧੁਪ ਦੇ ਤੇਜ ਨਾਲ ਕੁਝ ਕੁਮਲਾਏ ਹੋਏ ਹੀ ਹਨ ਮਗਰ ਫਿਰ ਭੀ ਓਹ ਮਨੁਖਾਂ ਦੇ ਦਿਲ ਨੂੰ ਮੋਹਣ ਕਰਨ ਤੋਂ ਫਰਕ ਨਹੀਂ ਰਖਦੇ ਇਸ ਮਕਾਨ ਦੇ ਦਰਵਜੇ ਦੇ ਠੀਕ ਸਾਮਨੇ ਇਕ ਚਬੂਤਰਾ ਹੈ ਜੋ ਪ੍ਰਿਥਵੀ ਤੋਂ ਲਗ ਭਗ ਇਕ ਹੱਥ ਉੱਚਾ ਹੈ ਇਸ ਉਪਰ ਕਝ ਮਨੁਖ ਹੈਰਨ ਵਾਂਗ ਬੁਰਾ ਜਿਹਾ ਮੂੰਹ ਬਨਾਏ ਸਿਰ ਨੀਵਾਂ ਕਰ ਉਧੀ ਪਾਏ ਬੈਠ ਹੋਏ ਗਲਾਂ ਕਰ ਰਹੇ ਹਨ ਇਨਾਂ ਸਥਨਾਂ ਵਿੱਚੋ

Original with:
Language Department Punjab
Digitized by:
Panjab Digital Library

ਵਧੀਕ ਚਿੰਤਾਵਨ ਹੋਯਾ ਨ ਜੋਹੜਾ ਦਿਸ ਰਿਹਾ ਹੈ ਓਹ ਇਕ ਰਾਜਵੰਸ਼ ਦਾ ਬੜਾ ਭਾਰੀ ਸੂਰਮਾਂ ਪੁਰਖ ਹੈ ਅਰ ਜਿਸ ਨਾਲ ਵਾਰਤਾ ਲਾਪ ਕਰ ਰਿਹਾ ਹੈ ਓਹ ਭੀ ਬੀਰਤਾਈ ਅਰ ਬਹਾਦਰੀ ਵਿੱਚ ਇਸਦੇ ਬਰਬਰ ਹੀ ਹੈ ਪਰੰਤੂ ਅਜੇ ਅਵੈਲ ਉਮਰ ਹੀ ਹੈ ॥

ਆਹ ! ਪਹਿਲੇ ਗੱਲ ਕਰਨ ਵਾਲੇ ਦਾ ਵਾਰ ਵਾਰ ਹੱਥ ਉਠਾ ਕੇ ਅਕਾਸ਼ ਵਲ ਦੇਖਨਾ ਅਰ ਮਥੇ ਤੇ ਹੱਥ ਮਾਰਕੇ ਠੰਡੇ ਹਾਉਕੇ ਭਰਨਾ ਸੋਹਣਾ ਅਤਬਾਤ ਸਾਮਨੇ ਵਾਲੇ ਪੁਰਖ ਨੂੰ ਕੰਪਾਏਵਾਨ ਕਰ ਰਿਹਾ ਹੈ ਪਰੰਤੂ ਓਹ ਦੇ ਦਿਲ ਨੂੰ ਤੋੜ ਰਿਹਾ ਹੈ ਇਨਾਂ ਗਲਾਂ ਨੂੰ ਦੇਖਕੇ ਸਾਥੋਂ ਭੀਨਾ ਰਿਹਾਗਿਆ ਅਰ ਇਨਾਂਦੀ ਗਲ਼ ਬਾਤ ਨੂੰ ਸੁਨਨੇ ਦੀ ਚਾਹ ਕਰਕੇ ਅਰ ਅਪਨਾ ਪ੍ਰਨ ਪੂਰਾ ਕਰਨ ਲਈ (ਜੋ ਪਹਿਲੇ ਭਾਗ ਵਿੱਚ ਅਪਨੇ ਪਾਠਕ ਗਨਾਂ ਨਾਂਲ ਕਰ ਚੁਕੇ ਹਾਂ) ਅਗੇ ਵਧੇ। ਆਹਾ ! ਇਹ ਤਾਂ ਸਾਡਾ ਹੀ ਬੀਰ ਹਨੂਮਾਨ ਹੈ ਅਰ ਓਹ ਸੂਰਬੀਰ ਇਸਦਾ ਸੋਹਰਾ ਸੁਗ੍ਰੀਵ ਹੈ ਜੋ ਅਪਨੇ ਭਰਾ ਬਾਲੀ ਦੇ ਜੁਲਮ ਤੋਂ ਤੰਗ ਆਕੇ ਘਰ ਬਾਰ ਛਡ ਕੇ ਅਤੇ ਪਰਮ ਪ੍ਰੀਤਵਾਨ ਇਸਤ੍ਰੀ ਤੋਂ ਭੀ ਹੱਥ ਧੋ ਇਥੇ ਲੁਕ ਕੇ ਆ ਬੈਠਾ ਹੈ। ਅਰ ਇਸ ਵੇਲੇ ਹਨੂਮਾਨ ਨੂੰ ਕਹਿ ਰਿਹਾ ਹੈ ਕੀ ਕਦਾਂ ਕੁਝ ਸਮਝ ਨਹੀਂ ਪੈਂਦੀ ਕਿ ਮੈਨੂੰ ਤੁਨ ਕੀ ਕਹਨਾਂ ਚਾਹੀਦਾ ਹੈ ਤੁਹਾਨੂੰ ਏਥੇ ਔਨ ਦੀ ਇਸ਼ ਲਈ ਭੇਜ ਦਿਤੀ ਸੀ ਕਿ ਤੁਸੀ ਹੀ ਕਸ਼ਟ ਨੂੰ ਕਟਨ ਦੇ ਮੇਰੇ ਭਾਰੀ ਬਣੋ ਗੇ ਪਰੰਤੂ। ਅਮਸੋਸ ਹੈ ਮੇਰਾ ਵਿਚਾਰ ਝੂਠਾ ਨਿਕਲਿਆ ਤੁਸੀਂ ਭੀ ਉਸਦਾ ਸਾਮਨਾ ਕਰਨ ਦੀ ਸ਼ਕਤਿ ਨਹੀਂ ਰਖਦੇ ॥

ਹਨੂਮਾਨ—(ਕੁਝ ਸੋਚਕੇ) ਜੇਕਰ ਅਜਿਹੀ ਗਲ ਹੈ ਤਾਂ ਮੈਂ ਰਾਜਾ ਰਾਵਨ ਨੂੰ ਸਹਾਇਤਾ ਲਈ ਕਿਉ ਨਾਂ ਆਖਾਂ ਮੈਨੂੰ ਨਿਸ਼ਚਯ ਹੈ ਕਿ ਓਹ ਸਾਨੂੰ ਜਰੂਰ ਮਦਦ ਦੇਗਾ ॥

ਸੁਗ੍ਰੀਵ—ਕੀ ਕਿਹਾ ? ਰਾਵਨ ! ਓਹ ਤਾਂ ਬਾਲੀ ਦਾ

Original with:
Language Department Punjab
Digitized by:
Panjab Digital Library

ਨਾਮ ਸੁਨਕੇ ਹੀ ਕੋਹਾਂ ਨਸਦਾ ਹੈ ਯੁਧ ਦਾ ਭਾਂ ਨਾਂ ਹੀ ਨਾ ਲਵੋ ਭਲਾ ਦੇਖੋ ਤੁਹਾਡੇ ਲੋਗਾਂ ਦੀ ਸਹਾਇਤਾ ਨਾਲ ਓਹ ਕਿਸੇ ਤ੍ਰਾ ਬਲੀ ਤੇ ਚੜਾਈ ਭੀ ਕਰ ਦੇਵੇ ਅਰ ਉਸ ਨੂੰ ਅਪਨੇ ਅਧੀਨ ਭੀ ਕਰ ਲਵੇ ਤਾਂ ਮੈਂਨੂੰ ਬਿਨਾਂ ਸ਼ ਮ ਅਰ ਲਛਿਆ ਭਾਈ ਦੇ ਹੋਰ ਕੀ ਪ੍ਰਾਪਤ ਹੋਵੇਗਾ ? ਕੀ ਤੁਹਾਨੂੰ ਖਬਰ ਨਹੀਂ ਹੈ ਕਿ ਓਹ ਕਿਆ ਵਿਭਚਾਰੀ ਪੁਰਖ ਹੈ ਮਾਰੇ ਮੁਲਕ ਵਿੱਚ ਭਾਂ ਓਹਦੀ ਧਾਕ ਪਈ ਹੋਈ ਹੈ ਅਜੇ ਥੋੜਾ ਚਿਤ ਹੀ ਹੋਇਆ ਹੈ ਕਿ ਓਹ ਕਈ * ਇਕ ਇਸਤ੍ਰੀਆਂ ਨੂੰ ਜ਼ੋਰੋ ਜ਼ੋਰੀ ਪਕੜ ਲਿਆਇਆ ਸਾਂ ਕੋਈ ਐਹੋ ਜਿਹਾ ਪੁਰਖ ਨਹੀਂ ਜੋ ਉਸਦੇ ਦੁਰ ਚਾਲੀ ਕੰਮਾਂ ਨੂੰ ਦੇਖਕੇ ਦਿਲ ਵਿੱਚ ਨਾਂ ਸੜਦਾ ਹੋਵੇ ਮਗਰ ਓਹ ਵਿਚਾਰੇ ਕਰ ਹੀ ਕੀ ਸਕਦੇ ਹਨ ?

ਦੂਰ ਕਿੰਉ ਜਾਂਦੇ ਹੋ ਇਨਾਂ ਦਿਨਾਂ ਦੀ ਹੀ ਗਲ ਹੈ ਕਿਮੈਂ ਇਸੇ ਜਗਾਂ ਬੈਠਾ ਹੋਇਆ ਅਪਨੇ ਦੁਖਾਂਨੂੰ ਯਾਦ ਕਰਕੇ ਈਸ਼ੁਰ ਅਗੇ ਪ੍ਰਾਰਥਨਾ ਕਰ ਰਿਹਾ ਸਾਂ ਕਿ ਅਚਨ ਚੇਤ ਇਸ ਇਸਤ੍ਰੀ ਦੇ ਰੋਨ ਕੁਰਲੌਨ ਦੀ ਆਵਾਜ ਆਈ ਜਿਉਂ ਮੈਂ ਸਿਰ ਚੁਕ ਕੇ ਦੇਖਯਾਤਾਂ ਉਸੇ ਦੁਸ਼ਟ ਨੂੰ ਪਾਯਾ ਕਿ ਇਕ ਸੁੰਦ੍ਰੀ ਇਸਤ੍ਰੀ ਨੂੰ ਬਿਵਾਨ ਵਿੱਚ ਬਿਠਾਏ ਲਈ ਜਾਂਦਾ ਹੈ ਪਤਾ ਨਹੀਉਸ ਇਸਤ੍ਰੀ ਨੇ ਕੀ ਸੋਚਕੇ ਓਹ ਕਪੜਾ (ਉੰਗਲ ਨਾਲ ਦਿਖਾਕੇ) ਜਿਸ ਵਿੱਚ ਕੁਝ ਗਹਿਨਾ ਬੰਨਿਆ ਹੋਯਾ ਹੈ ਨੀਵੇਂ ਸੁਟ ਦਿਤਾ । ਕੀ ? ਅਜਿਹੇ ਮਨੁਖ ਤੋਂ ਤੁਸੀਂ ਆਸ ਕਰ ਸਕਦੇ ਹੋ ਕਿ ਓਹ ਮੇਰੀ ਇਸਤ੍ਰੀ ਨੂੰ ਜੋ ਅਪਨੀ ਸੁੰਦਤਾਈ ਵਿੱਚ ਸਭ ਤੋਂ ਵਧਕ ਹੈ ਛਡ ਦੇਗਾ ? ਨਹੀਂ । ਕਦੀ ਨਹੀਂ । ਪਰੰਤੂ ਓਹ ਉਸਨੂੰ ਦੇਖਕੇ ਮੇਰੇ ਹੀ ਲਹੂ ਦਾ ਤਿਹਾਇਆ ਹੋ ਜਾਏਗ ॥

ਸੁਗ੍ਰੀਵ ਅਜੇ ਆਪਨੀ ਗਲਨੂੰ ਪੂਰੀ ਭੀ ਨਹੀਂ ਕਰ

---

* ਦੇਖੋ ਬਾਲਮੀਕੀ ਰਾਮਾਇਣ ਉਤ੍ਰ ਕਾਂਡ ਸਰਗ ੧੭ ਸਫਾ ੯੭ ॥

Original with:
Language Department Punjab
Digitized by:
Panjab Digital Library

ਚਕਾ ਸੀ ਜੋ ਸਾਮਨੇ ਕੁਝ ਦੂਰ ਕਰਕੇ ਦੋ ਪੁਰਖ ਧਨੁਖ ਧਾਰੀ ਇਹ ਦੀ ਵਲ ਆਂਦੇ ਹੋਏ ਨਜ਼ਰ ਆਏ ਜਿਨਾਂ ਨੂੰ ਵੇਖਦੇ ਹੀ ਓਹ ਦੰਗ ਰਹਗਿਆ ਅਰ ਹਰਾਨ ਹੋਕੇ ਹਨੂਮਾਨ ਜੀ ਨਾਲ ਬੋਲਿਆ ! "ਦੇਖੋ ਨਾ ! ਓਹ ਸਾਮਨੇ ਕੌਨ ਆ ਰਹੇ ਹਨ ? ਕ੍ਰਿਪਾ ਕਰਕੇ ਛੇਤੀ ਜਾਕੇ ਮਲੂਮ ਕਰੋ ਕਿ ਕਿਧੇ ਬਾਲੀ ਦੇ ਜਾਸੂਸ ਤਾਂ ਨਹੀਂ ਹਨ"।

(ਪੈਂਤੀਵਾਂ ਅਧਜਾਯ)

—:o:—

ਅਨਗ੍ਰਹੀ ਸਹਾਇਤਾ

ਰੂਪ ਜਿਨੂੰ ਈਸ਼੍ਵਰ ਦੇਵੇ ਕ੍ਰੁਖਨ ਕਾ ਕਿਆ ਕਾਮ । ਚੰਦ੍ ਰੂਪ ਅਨੂਪ ਹੈ ਨਹੀਂ ਆਭਰਨ ਕਾ ਨਾਮ ॥

ਦੇਖੋ । ਓਹ ਕਿਹੋ ਜਿਹਾ ਸੁੰਦ੍ ਦਰਖ਼ ਨੀਕ ਜੁਆਨ ਹੈ ਓਹ ਗੁਣ ਜੋ ਇਕਬਲੀ ਸੂਰਬੀਰ ਸੇਨਾਪਤੀ ਵਿੱਚ ਹੋਨੇ ਚਾਹੀਦੇ ਹਨ ਸਭ ਇਸ ਵਿੱਚ ਮਾਲੂਮ ਹੁੰਦੇ ਹਨ । ਭਾਂਵੇ ਲਛਮਨ ਜੀ ਮੁਨੀ ਦਾ ਵੇਸ ਧਾਰੇ ਹੋਏ ਹਨ ਅਰਥਾਤ ਮ੍ਰਿਗਾਨ ਲੀਤੇ ਹੋਏ ਅਰ ਸਿਰ ਤੇ ਜਟਾ ਜੂਟ ਕੀਤਾ ਹੋਇਆ ਮਗਰ ਧਨੁਖ ਨੂੰ ਤਾਂ ਦੇਖੋ ਕਿ ਕਿਸ ਚਤਰਾਈ ਨਾਲ ਮੋਢੇ ਤੇ ਰਖਿਆ ਹੋਇਆ ਹੈ । ਧਿਆਨ ਕੀਤਿਆਂ ਮਲੂਮ ਹੁੰਦਾ ਹੈ ਕਿ ਇਸ ਵੇਲੇ ਕਿਸੇ ਦੀ ਢੂੰਢ ਵਿੱਚ ਇਸ ਦੀਆਂ ਅਖਾਂ ਲਗ ਰਹੀਆਂ ਹਨ ਓਹੋ ! ਇਨਾਂ ਦੇ ਸਾਥੀ ਸ੍ਰੀ ਮਹਰਾਜ

Original with:
Language Department Punjab
Digitized by:
Panjab Digital Library

ਰਾਮਚੰਦ੍ ਜੀ ਦੇ ਵਲ ਭਾਂ ਧਿਆਨ ਕਰੋ ਭਾਵੇਂ ਇਨਾਂ ਦਾ ਰੰਗ ਲਛਮਨ ਜੀ ਨਾਲੋਂ ਸਾਂਵਲਾ ਹੈ। ਨਹੀਂ। ਨਹੀ। ਸ਼ਾਮ ਮਗਰ ਅਤਯੰਤ ਦਿਲ ਹਰਨ ਮਨੋਹਰ ਹੈ ਇਨਾਂ ਦਾ ਚੇਹਰਾ ਦੇਖਨ ਨਾਲ ਭਾਂ ਮਨ ਭੀ ਨਹੀਂ ਭਰਦਾ ਅਖਾਂ ਦਿਆਂ ਪੁਤਲੀਆਂ ਫਿਰਨ ਦਾ ਨਾਂ ਹੀ ਨਹੀ ਲੈਂਦੀਆਂ ਸਚ ਹੈ ਗੋਦੜੀ ਵਿੱਚ ਲਾਲ ਨਹੀਂ ਲੁਕਿਆ ਰਹਿੰਦਾ। ਦੇਖਨ ਨੂੰ ਭਾਂ ਸਿਰ ਤੇ ਜਟਾ ਜੂਟ ਅਰ ਮੋਢੇ ਤੇ ਮ੍ਰਿਗਛਾਲਾ ਹੈ ਮਗ ਇਨਾਂ ਦਾ ਚੌੜਾ ਅਰ ਹਸਮੁਖਾ ਮਸਤਕ ਹਰਨ ਵਰੂ ਅਖਾਂ ਦੇਖਨ ਵਾਲੇ ਦੀਆਂ ਸਾਰੀਆਂ ਤਕਲੀਫਾਂ ਨੂੰ ਦੂਰ ਕਰ ਦੇਦੀਆਂ ਹਨ ਇਨਾਂ ਦਾ ਦਿਬ ਰੂਪ ਕ੍ਰੰਨਨ ਜਿਹਾ ਚੇਹਰਾ ਐਸਾ ਚਮਕ ਰਿਹਾ ਹੈ ਜਿਹਾ ਕਿ ਸੂਰਜ ਅਪਨੇ ਤੇਜ ਦਾ ਲਿਸ਼ਕਾਰਾ ਮਾਰਦਾ ਹੈ। ਕੁਟੰਬ ਕਬੀਲਾ ਅਰ ਸਾਥੀਆਂ ਦਾ ਵਿਛੋੜਾ, ਸ੍ਰੀ ਪਿਤਾ ਜੀ ਦੀ ਚਿੰਤਾ, ਪਰਮ ਪ੍ਰੀਤੀਵਾਨ ਪਿਆਰੀ ਇਸਤ੍ਰੀ ਦਾ ਅਜਿਹੇ ਘੋਰ ਬੀਆਬਾਨ ਜੰਗਲ ਵਿੱਚ ਖੋਯਾ ਜਾਨਾ ਕੁਝ ਥੋੜੀ ਸਿਹੀ ਗਲ ਨਹੀਂ ਹੈ। ਪਰੰਤੂ ਇਨਾਂ ਗਲਾਂ ਦੇ ਹੋਨ ਨਾਲ ਭੀ ਇਸ ਧਰਮ ਬੀਰ ਦੇ ਚਿਹਰੇ ਉਪਰ ਕਿਸੇਤਰਾਂ ਦੇ ਚਿੰਤਾ ਭੁਰ ਚਿਹਨ ਚਕ੍ ਪ੍ਰਭੀਤ ਨਹੀਂ ਹੁੰਦੇ॥

ਪਾਠਕ ਗਣ! ਆਪ ਹੈਰਾਨ ਹੋਵੋਗੇ ਕਿ ਰਾਮਾਇਣ ਦੇ ਕਵੀਸ਼ਰਾਂ ਨੈ ਭਾਂ ਰਾਮਚੰਦ੍ ਜੀ ਦੀ ਇਹ ਅਵਸਥਾ ਅਤਯੰਤ ਚਿੰਤਾਵਾਨ ਅਰ ਸ਼ੋਕਾ ਸਪਦ ਵਰਨਨ ਕੀਤੀ ਹੈ ਫੇਰ ਅਸੀਂ ਏਹ ਕੀ ਲਿਖ ਰਹੇ ਹਾਂ, ਨਹੀਂ। ਨਹੀਂ। ਇਹ ਉਨਾਂ ਦੀ ਭੁਲ ਹੈ ਅਰ ਉਸ ਮਹਾਤਮਾਂ ਦੀ ਪ੍ਰਤਿਸ਼ਟਾ ਵਿਚ ਇਕ ਕਲੰਕ ਹੈ ਕਿਉਂ ਕਿ ਮਹਾਰਾਜਾ ਰਾਮਚੰਦ੍ ਵਿਚ ਇਕ ਸ਼ਕਤੀ ਕੰਮ ਕਰ ਰਹੀ ਸੀ ਜਿਸ ਨੈ ਉਨਾਂ ਨੂੰ ਕਿਸੇ ਅਵਸਥਾ ਵਿੱਚ ਭੀ ਬੇਆਸ ਹੋਨੇ ਅਰ ਇਨਾਂ ਦੇ ਮੁਖ ਦੀ ਲਾਲੀ ਵਿੱਚ ਫ਼ਰਕ ਨਾਂ ਪੈਨ ਦਿਤਾ ਓਹ ਸ਼ਕਤੀ ਪਵਿਤ੍ ਵੇਦ ਦਾ ਯਥਾਰਥ ਗਿਆਨ ਸੀ। ਭਾਵੇਂ ਉਨਾਂ ਨੂੰ ਹਜਾਰਾਂ ਹੀ ਤਰਾਂ ਦਿਆਂ ਕਸ਼ਟਾਂ ਨੂੰ ਸਹਿਨਾ ਪਇਆ ਪਰੰਤੂ ਉਨਾਂਨੇ ਇਕ ਸ੍ਵਾਸ ਭਰ ਲਈ ਭੀ

Original with:
Language Department Punjab
Digitized by:
Panjab Digital Library

ਧਰਮ ਨੇਮ ਨੂੰ ਨਾਂ ਛਡਿਆ ਅਰ ਅਪਨਾ ਕਰਮ ਕਾਂਡ ਨਿਤ ਨੇਮ ਨਾਲ ਬਰਾਬਰ ਕਰਦੇ ਰਹੇ (ਜਿਸਦੀ ਸਾਖੀ ਰਾਮਾਇਣ ਵਿੱਚ ਭੀ ਮਿਲਦੀ ਹੈ) ਤਾਂ ਫੇਰ ਅਸੀ ਕਿਸਤਰਾਂ ਆਸ਼ਾ ਕਰ ਸਕਨੇ ਹਾਂ ਕਿ ਓਹ ਪੁਰਖ ਜਿਸਨੇ ਸੰਸਾਰ ਵਿੱਚ ਇਥੋਂ ਤਕ ਵਡਿਆਈ ਪਾਈ ਹੋਵੇ ਕਿ ਈਸ਼ੁਰ ਦਾ ਅਵਤਾਰ ਮੰਨਿਆ ਜਾਏ ਓਹੀ ਕਾਮ ਦੇਵ ਦੇ ਅਧੀਨ ਹੋਕੇ ਬਾਵਲਿਆਂ ਦੀ ਨਿਆਈਂ ਨਿਲਜਤਾਈ ਦੀਆਂ ਗਲਾਂ ਕਹਿੰਦਾ ਹੋਇਆ ਰੋਂਦਾ ਅਰ ਕੁਰਲਾਂਉਂਦਾ ਫਿਰੇ ਪਿਆਰੇ ਪਾਠਕ ! ਕਵੀਆਂ ਦੀ ਭੁਲ ਹੈ ਜਿਨਾਂ ਨੇ ਰੀਥਾਂ ਨੂੰ ਰੁਚਿਕ ਬਨਾਓਨ ਲਈ ਕਈਕ ਤਰਾਂ ਦੀਆਂ ਕਥਾਂ ਲਿਖ ਦਿਤੀਆਂ ਹਨ। ਮਹਾਰਾਜਾ ਰਾਮਚੰਦ੍ ਬਿਲਕੁਲ ਨਹੀਂ ਘਬਰਾਏ ਕਿੰਤੁ ਬੜੀ ਸ਼ਾਂਤਿ ਨਾਲ ਸੀਤਾ ਨੂੰ ਢੂੰਢ ਦੇ ਰਹੇ ਕਿੰਉਂ ਕਿ ਸਾਡਾ ਵਿਖਯ ਇਹ ਨਹੀ ਹੈ ਇਸ ਲਈ ਇਥੇ ਹੀ ਬਸ ਕਰਨੇ ਹਾਂ ਅਰ ਅਸਲੀ ਮਤਲਬ ਵਲ ਆਓਨੇ ਹਾਂ।

ਸੁਨੀਏ ! ਲਛਮਨ ਜੀ ਕੀ ਕਹ ਰਹੇ ਹੈਨ ॥

ਲਛਮਨ–(ਠੰਡਾ ਹਾਹੁਕਾ ਲੈਕੇ) ਹੇ ਜਨਕ ਦੁਲਾਰੀ ਅਰਥਾਤ ਹੇ ਜਨਕ ਪੁਤ੍ਰੀ ਤੂੰ ਤਾਂ ਸੰਸਾਰ ਦੇ ਛਤੀ ਪਦਾਰਥਾਂ ਨੂੰ ਛਡ ਅਰ ਦੁਖ ਕਬੂਲ ਕਰ ਇਸ ਬਨਬਾਸ ਵਿਚ ਸਾਡਾ ਸਾਥ ਕੀਤਾ ਸੀ। ਅਜ ਪਤਾ ਨਹੀਂ ਹੈ ਕਿ ਤੂੰ ਕਿਸ ਦਿਸ਼ਾ ਵਿਚ ਅਰ ਕਿਥੇ ਹੈਂ ? ਹਾਇ ! ਓਹ ਕੇਹੀ ਚੰਦ੍ਰੀ ਭੈੜੀ ਘੜੀ ਸੀ ਜਿਸ ਵੇਲੇ ਤੂੰ ਮੈਂਨੂੰ ਰਾਮਚੰਦ੍ ਜੀਦੀ ਸਹਾਇਤਾ ਨੂੰ ਜਾਨ ਲਈ ਕਹਿੰਦੀ ਸੀ ਮੈਂ ਭੀ ਕੁਝ ਨਾ ਸੋਚਿਆ, ਤੇਰੀਆਂ ਗਲਾਂ ਨੂੰ ਮੰਨਕੇ ਉਸ ਛਲ ਰੂਪੀ ਆਵਾਜ ਤੇ ਚਲਾ ਗਿਆ ! ਓਹੋ ! ਮੈਂ ਆਪਹੀ ਕੁਬੁਧ ਅਰ ਖੋਟੇ ਭਾਗਾਂ ਵਾਲਾਂ ਹਾਂ ਜਿਸਨੇ ਮਾਨਨੀਯ ਭਾਈ ਦੀ ਆਗਜਾ ਨੂੰ ਨਾ ਮੰਨਜਾ ਅਰ ਤੈਨੂੰ ਐਸੇ ਕਸ਼ਟ ਵਿਚ ਪਾਇਆ ਅਰ ਆਪ ਉਸਦੀਆਂ ਅਖਾਂ ਤੋਂ ਡਿਗ ਪਇਆ ਇਹ ਕਿਹਾ ਅਰ ਮੂਰਛਾ ਖਾਂ ਗਿਆ ॥

Original with:
Language Department Punjab
Digitized by:
Panjab Digital Library

ਰਾਮਚੰਦ੍—"ਲਛਮਨ ! ਹੁਨ ਚਿੰਤਾ ਫ਼ਿਕਰ ਕਰਨ ਨਾਲਛਾਂ ਕੁਝ ਬਨ ਨਾ ਹੀ ਨਹੀਂ ਪਰੰਤੂ ਧੀਰਜ ਅਰ ਸੰਤੋਖ ਦਾ ਵੇਲਾ ਹੈ ਕਿਉਂ ਕਿ ਜੋ ਕੰਮ ਦਿਲ ਨੂੰ ਦ੍ਰਿੜ ਅਰ ਪਕਿਆਂ ਰਖਨ ਤੇ ਹੁੰਦਾ ਹੈ ਓਹ ਚਿੰਤਾ ਫ਼ਿਕਰ ਕੀਤੀਆਂ ਨਹੀਂ ਹੁੰਦਾਯਾਦ ਰਖੋ ! ਜੋ ਪੁਰਸ਼ ਧੀਰਜ ਅਰ ਸੰਤੋਖ ਨਾਲ ਮੁਸੀਬਤ ਦਾ ਸਾਹਮਨਾ ਕਰਦਾ ਹੈ ਓਹੋ ਹੀ ਅਪਨਾ ਕੰਮ ਲੈ ਨਿਕਲ ਦਾ ਹੈ । ਭਾਵੇਂ ਕਰਮ ਬਲੀ ਹਨ ਮਗਰ ਉੱਦਮ ਭੀ ਤਾਂ ਕੁਝ ਚੀਜ ਹੈ ਪਰੰਤੂ ਇਸ ਨੂੰ ਸੋਚਨ ਲਈ ਆਦਮੀ ਨੂੰ ਭੀ ਤਾਂ ਕੁਝ ਸ਼ਕਤੀ ਹੋਨੀ ਚਾਹੀਦੀ ਹੈ ਅਰ ਓਹ ਤਦ ਹੀ ਪ੍ਰਾਪਤ ਹੋ ਸਕਦੀ ਹੈ ਜਦ ਪੁਰਖ ਨਿੰਸਚਿੰਤ ਹੋਵੇ ਤੇਰਾ ਇਹ ਬਾਲਕਪਨ ਮੇਰੇ ਸੰਤੋਖ ਹਠ ਅਰ ਉਦਮ ਵਿਚ ਵਿਘਨ ਦੇਨ ਵਾਲਾ ਹੋਵੇਗਾ । ਇਸ ਵਿਚ ਇਹ ਤਾਂ ਸੰਦੇਹ ਨਹੀਂ ਕਿ ਓਹ ਪ੍ਰਾਨ ਪਿਆਰੀ ਸਾਥੋਂ ਵਿਚੜੀ ਹੋਈ ਹੈ ਅਰ ਉਸ ਦੁਸ਼ਟ ਦੇ ਪੰਜੇ ਵਿਚ ਫਸ ਗਈ ਹੈ ਪਰ ਕੀ ਇਹ ਜਰੂਰੀ ਹੈ ਕਿ ਅਸੀ ਭੀ ਚਿੰਤਾਤੁਰ ਹੋਕੇ ਹੱਥ ਪੈਰ ਢਿਲੇ ਸੁਟਕੇ ਬੈਠ ਰਹੀਏ ਅਰ ਆਲਸ ਕਰੀਏ ਨਹੀਂ ! ਨਹੀਂ !! ਏਸਤਰਾਂ ਨਾਂ ਕਰੋ ਸੰਤੋਖ ਅਰ ਧੀਰਜ ਨਾਲ ਕੰਮ ਲਵੋ ਅਰ ਉਸਨੂੰ ਢੂੰਢਨ ਦਾ ਜਤਨ ਕਰੋ ॥

ਲਛਮਨ—(ਨਰਾਸ ਹੋਕੇ) ਜੋ ਕੁਝ ਆਪਨੇ ਕਿਹਾ ਹੈ ਸਭ ਸਤ ਹੈ ਪਰੰਤੂ ਮੈਂ ਕੀ ਕਰਾਂ ਮੇਰੇ ਤਾਂ ਹੋਸ਼ ਹਵਾਸ਼ ਉਡ ਰਹੇ ਹਨ ਅਰ ਕੁਝ ਸਮਝ ਵਿਚ ਨਹੀਂ ਔਦਾਂ ॥

ਇੰਨੇ ਵਿਚ ਖਬੇ ਪਾਸਿਓ ਇਕ ਪੁਰਖ (ਹਨੂਮਾਨ) ਨਜ਼ਰ ਆਇਆ ਜੋ ਸਿਰ ਨੀਵਾਂ ਨਿੰਮ੍ਰਤਾਈ ਨਾਲ ਹੱਥ ਜੋੜ ਕੇ ਆ ਖਲੋਤਾ ਰਾਮਚੰਦ੍ ਜੀ ਨੇ ਪਹਿਲੇ ਤਾਂ ਅਪਨੀ ਦ੍ਰਿਸ਼ਟੀ ਨਾਲ ਸਿਰ ਤੋਂ ਪੈਰਾ ਤਕ ਜਾਚਿਆ ਅਰ ਫੇਰ ਕਹਿਨ ਲਗੇ ।

ਰਾਮਚੰਦ੍—ਭਾਈ ਤੂੰ ਕੌਨ ਹੈ ਅਰ ਸਾਥੋਂ ਕੀ ਚਾਹਨਾ ਹੈ ॥

Original with:
Language Department
Digitized by:
Panjab Digital Library

ਹਨੂਮਾਨ-(ਦੱਥ ਜੋੜ ਕੇ) ਮਹਾਰਜ ! ਮੈਂਭੀ ਇਥੇ ਇਕ ਪ੍ਰਦੇਸੀ ਆਇਆ ਹਾਂ ਆਪ ਦੇ ਸੁੰਦ੍ ਰੂਪ ਨੂੰ ਦੇਖ ਕਰਕੇ ਮਾਲੂਮ ਹੁੰਦਾ ਹੈ ਕਿ ਆਪ ਛਤ੍ਰੀ ਕਿਸੇ ਰਾਜਵੰਸ਼ ਵਿਚੋਂ ਹੋ ਪਰੰਤੂ ਆਪ ਦੀ ਇਹ ਦਸ਼ਾ ਦੇਖ ਕੇ ਮੈਂ ਹੈਰਾਨ ਹੁੰਦਾ ਹਾਂ ਕਿ ਇਹ ਕੀ ਕਾਰਣ ਹੈ ਕ੍ਰਿਪਾ ਕਰਕੇ ਅਪਨੇ ਹਾਲ ਦਾ ਕਾਰਣ ਦਸਕੇ ਏਹ ਮੇਰਾ ਸੰਦੇਹ ਨਿਵਰਤ ਕਰੋ ॥

ਰਾਮਚੰਦ੍-ਅਸੀਂ ਦੋਵੇਂ ਰਾਜਾ ਦਸਰਥ ਅਜੁਧਿਆ ਨਰੇਸ਼ ਦੇ ਪੁਤ੍ਰ ਹਾਂ (ਸੈਨਤ ਕਰਕੇ) ਇਸਦਾ ਨਾਮ ਲਛਮਨ ਅਰ ਮੇਰਾ ਰਾਮ ਚੰਦ੍ ਹੈ ਪਿਤਾ ਜੀ ਦੇ ਹੁਕਮ ਅਨੁਸਾਰ ਚੌਦਾਂ ਵਰਿਹਾਂ ਦਾ ਬਨੇਬਾਸ ਲੀਤਾ ਹੈ (ਲਛਮਨ ਵਲ ਉਂਗਲ ਕਰਕੇ) ਇਸ ਪਰਮ ਪ੍ਰੀਤਵਾਨ ਭ੍ਰਾ ਨੇ ਭੀ ਸਾਥ ਦਿੱਤਾ ਹੈ ਅਰ ਆਗ੍ਯਾ ਪਾਲਕ ਇਸਤ੍ਰੀ ਭੀ ਵਿਛੋੜੇ ਨੂੰ ਸਹਿਨ ਦੀ ਸ਼ਕਤ ਨਾ ਰਖ ਕੇ ਨਾਲ ਆਈ ਤੇਰਾਂ ਵਰੇ ਤਾਂ ਅਮਨ ਅਮਾਨ ਨਾਲ ਇਸ ਬਨ ਵਿਚ ਬਿਤੀਤ ਹੋਏ ਪ੍ਰੰਤ ਹੁਨ ਚੌਧਵੇਂ ਵਰੇ ਇਸ ਅਲਾਕੇ ਵਿਚ ਇਹ ਮੁਸੀਬਤ ਪੇਸ਼ ਆਈ ਕਿ ਓਹ ਪਤਿਬ੍ਰਤਾ ਇਸਤ੍ਰੀ ਗੁਮ ਹੋ ਗਈ ਬੜੇ ਜਤਨ ਨਾਲ ਢੂੰਢ ਭਾਲ ਕਰਦਿਆਂ ੨ ਜਟਾਊ ਨਾਮੇ ਇਕ ਪੁਰਖ ਕੋਲੋਂ ਮਲੂਮ ਹੋਇਆ ਕਿ ਰਾਵਨ ਲੰਕਾ ਨਰੇਸ਼ ਉਸਨੂੰ ਬਿਵਾਨ ਵਿਚ ਬਿਠਾ ਲੈਗਿਆ ਹੈ ॥

ਹਨੂਮਾਨ-ਨੇ ਇਹ ਗਲਾਂ ਸੁਨਦਿਆਂ ਹੀ ਰਾਮਚੰਦ੍ ਜੀ ਦੇ ਪੈਰਾਂ ਤੇ ਸਿਰ ਰਖਿਆ ਪਰ ਰਾਮਚੰਦ੍ ਜੀ ਨੇ ਛੇਤੀ ਨਾਲ ਚੁਕਕੇ ਛਾਤੀ ਨਾਲ ਲਾ ਲਿਆ ਅਰ ਬੋਲੇ ॥

" ਤੁਸੀਂ ਪਹਿਲੋਂ ਦਸੋ ਕਿ ਤੁਸੀਂ ਹੋ ਕੌਨ "

ਹਨੂਮਾਨ-ਮਹਾਰਾਜ ! ਇਹ ਪੰਪਾ ਨਮੇ ਛੰਬ ਅਰ ਇਸਦੇ ਸਾਰੇ ਇਰਦ ਗਿਰਦ ਦੇ ਪਹਾੜ ਰਾਜਾ ਬਾਲੀ ਕਿਸਕਿੰਧਾ ਨਰੇਸ਼ ਦੀ ਮਲਕੀਅਤ ਹਨ ਅਰ ਉਸਦਾ ਛੋਟਾ ਭ੍ਰਾ ਸੁਗ੍ਰੀਵ ਮੇਰਾ ਸਹੁਰਾ ਹੈ ਜਿਸ ਨਾਲ ਬਾਲੀ ਦੀ ਐਥੋਂ ਤੀਕੁਰ ਦੁਸ਼ਮਨੀ

Original with:
Language Department Punjab
Digitized by:
Panjab Digital Library

ਹੈ ਕਿ ਉਸਦਾ ਘਰਬਾਰ ਲੁਟਕੇ ਉਸਨੂੰ ਬਾਹਰ ਕਢ ਦਿਤਾ ਹੈ ਅਰ ਓਹ ਵਿਚਾਰਾ (ਸੈਨਭ ਕਰਕੇ) ਜਾਂਨ ਬਚਾਕੇ ਉਸ ਮਕਾਨ ਵਿਚ ਲੁਕਿਆ ਬੈਠਾ ਹੈ ਕਿਉਂ ਕਿ ਓਹ ਓਹਦੇ ਸਾਮਨੇ ਹੋਨ ਦੀ ਸ਼ਕਤ ਨਹੀਂ ਰਖਦਾ ਆਪਨੇ ਜੋ ਰਾਵਨ ਦੀ ਬਾਬਤ ਸੁਨਿਆ ਹੈ ਓਹ ਬਿਲਕੁਲ ਠੀਕ ਹੈ ਸੁਗ੍ਰੀਵ ਨੇ ਅਪਨੀ ਅਖੀਂ ਓਹ ਨੂੰ ਦੇਖਿਆ ਹੈ ਅਰ ਹੋਰ ਇਥੋਂ ਤੀਕੁ ਕਿ ਉਸਦੇ ਪਾਸ ਇਕ ਦੁਪਟਾ ਅਰ ਕੁਝ ਗਹਿਨੇ ਉਸ ਪਤਿਬ੍ਰਤਾ ਇਸਤ੍ਰੀ ਨਹੀਂ ! ਨਹੀਂ !! ਮੇਰੀ ਮਾਤਾ ਦੇ ਸੁਟੇ ਹੋਏ ਹਨ। ਜਿਨਾਂ ਨੂੰ ਉਸਨੇ ਚਲਦੇ ਚਲਦੇ ਖਬਰੇ ਕੀ ਗਲ ਸੋਚ ਕੇ ਬਿਵਾਨ ਵਿਚੋਂ ਆਪ ਏਧਨ ਨੂੰ ਸੁਟ ਗਈ ਸੀ । ਜੇਕਰ ਆਪ ਸੁਗ੍ਰੀਵ ਦੀ ਇਸ ਮੁਸੀਬਤ ਵਿਚ ਸਹਾਇਤਾ ਕਰੋਗੇ ਤਾਂ ਨਿਸ਼ਚਾ ਹੈ ਪੂੰਤੂ ਪਕਾ ਪੂਰਾ ਯਕੀਨ ਹੈ ਕਿ ਓਹ ਭੀ ਅਪਨੀ ਰਾਜਧਾਨੀ ਨੂੰ ਅਪਨੇ ਹੱਥ ਵਿਚ ਕਾਇਮ ਕਰਕੇ ਆਪਦੀ ਭੀ ਤਨੋਂ ਮਨੋਂ ਹੋ ਮਦਦ ਕਰੇਗਾ ॥

ਹਨੁਮਾਨ ਦੀ ਇਸ ਗਲਬਾਤ ਨੂੰ ਸੁਨਕੇ ਮਹਾਰਾਜਾ ਰਾਮਚੰਦ੍ਰ ਜੀ ਬੜੇ ਪ੍ਰਸੰਨ ਹੋਏ ਅਰ * ਲਛਮਨ ਨੂੰ ਅਪਨੀ ਵਲ ਕਰਕੇ ਹਨੁਮਾਨ ਦੀ ਸ਼ੋਭਾ ਕਰਨੇ ਦੇ ਪਿਛੋਂ ਏਂਲੇ । ਸੁਖ ! ਇਸ ਗਲ ਦੀ ਤਾਂ ਕੋਈ ਪ੍ਰਵਾਹ ਨਹੀਂ ਕਿ ਓਹ ਸਾਡੀ ਮਦਦ ਕਰੇ ਯਾ ਨਾ ਕਰੇ ਪਰੰਤੂ ਜੇਕਰ ਠੀਕ ਓਹ ਅਨਜਾਣੀ

---

* ਇਸ ਵੇਲੇ ਰਾਮਚੰਦ੍ਰ ਜੀ ਨੇ ਜੋ ਕਥਨ ਹਨੁਮਾਨ ਜੀ ਦੀ ਉਸਤਤੀ ਲਈ ਕੀਤਾ ਹੈ ਓਹ ਸੋਚਨੇ ਯੋਗ ਹੈ ਓਹ ਕਥਨ ਕਰਦੇ ਹਨ "ਹੇ ਲਛਮਨ ! ਜੋ ਸ਼ੋਭਾ ਸ਼ਾਸਤ੍ਰਕਾਰਾਂ ਨੇ ਪੰਡਤਾਂ ਅਰ ਬੁਧੀਮਾਨ ਜਨਾਂ ਦੀ ਕੀਤੀ ਹੈ ਓਹ ਲਛਨ ਸਭ ਹਨੁਮਾਨ ਵਿਚ ਪ੍ਰਤੀਤ ਹੁੰਦੇ ਹਨ ਇਸਦੇ ਵਚਨ ਵਾਕਤੋਂ ਮਲੂਮ ਹੁੰਦਾ ਹੈ ਕਿ ਰਿਗ-, ਜੁਰ-ਅਥਰਵ ਅਰ ਸ਼ਾਮ ਵੇਦ ਦਾ ਗਿਆਤਾ ਹੈ ਅਰ ਵਯਾਕਰਣ ਭੀ ਭਲੀ ਪ੍ਰਕਾਰ ਜਾਨਦਾ ਹੈ (ਦੇਖੋ ਰਾਮਾਇਣ ਬਲਾਮੀਕੀ ਕਿਸਕਿੰਧਾ ਕਾਂਡ ਸਰਗ ੩ ਪੰਤ੍ਰੀ ੫) ॥

Digitized with
Language Department Punjab
Digitized by:
Panjab Digital Library

ਪ੍ਰਾਪਤ ਹੈ ਅਰ ਸਚਮੁਚ ਬਾਲੀ ਉਸ ਵਿਚਾਰੇ ਨਿਰਦੋਸ਼ ਤੇ ਜ਼ੁਲਮ ਕਰ ਰਿਹਾ ਹੈ ਜਿਸ ਪ੍ਰਕਾਰ ਕਿ ਭੁਸੀਂ ਕਹਿੰਦੇ ਹੋ ਤਾਂ ਅਸੀਂ ਛਤ੍ਰੀ ਹਾਂ ਅਰ ਸਾਡਾ ਧਰਮ ਹੈ ਕਿ ਦੁਖੀਆਂ ਅਰ ਕਮਜ਼ੋਰਾਂ ਦੀ ਸਹਾਇਤਾ ਕਰੀਏ ਇਹ ਕਹਕੇ ਅਗੇ ਨੂੰ ਤੁਰ ਪਏ ॥

ਜਦ ਸੁਗ੍ਰੀਵ ਨੇ ਹਨੂਮਾਨ ਨੂੰ ਬੜਾ ਖ਼ੁਸ਼ੀ ੨ ਆਉਂਦਾਂ ਦੇਖਿਆ ਤਾਂ ਜਲਦੀ ਨਾਲ ਉਠਕੇ ਅਗੋਂ ਲੈਨ ਲਈ ਅਗੇ ਵਧਿਆ ਅਰ ਹਨੂਮਾਨ ਜੀਤ ਉਨਾਂਦਾ ਹਾਲ ਸੁਨਕੇ ਬੜਾ ਪ੍ਰਸੰਨ ਹੋਇਆ ਮਹਾਰਾਜਾ ਰਾਮਚੰਦ੍ਰ ਜੀ ਨੂੰ ਮਿਲਕੇ ਲਛਮਨ ਨੂੰ ਮਿਲਿਆ ਅਰ ਗਲਾਂ ਕਰਦਾ ਹੋਇਆ ਇਨਾਂ ਨੂੰ ਇਸੇ ਥੜੇ ਤੇ ਲਿਆ ਕੇ ਦੁਪਟਾ ਅਰ ਗਹਿਨੇ ਦਿਖਾ ਪ੍ਰੇਮਾਭਰੀ ਦੀ ਗਲ ਬਾਤ ਕਰਕੇ ਅਰ ਪਿਛੋਂ ਅਪਨੀ ਸਾਰੀ ਸਿਰੋ ਪੈਰ ਤਕ ਵਿਯਸਥਾ ਕਹ ਸੁਨਾਈ ॥

ਜਦੋਂ ਨਵੀਨ ਪ੍ਰੇਮਦੀਆਂ ਗਲਾਂ ਬਾਤਾਂ ਮੁਕ ਚੁਕੀਆਂ ਤਾਂ ਹਨੂਮਾਨ ਜੀ ਨੇ ਇਸ ਸਮੇਂ ਦੀ ਰੀਤਿ ਮੂਜਬ ਅਗ ਬਾਲੀ ਜਿਸਦੇ ਆਲੇ ਦੁਆਲੇ ਫੇਰੇ ਲੈਕੇ ਮਿਤ੍ਰ ਤਾਈ ਦਾ ਪ੍ਰਨ ਕੀਤਾ ਦੂਸ੍ਰੇ ਦਿਨ ਮਹਾਰਾਜ ਰਾਮਚੰਦ੍ਰ ਜੀਨੇ ਸੁਗ੍ਰੀਵ ਨੂੰ ਉਸ ਨਾਲ ਜੁਧ ਕਰਨ ਲਈ ਤਿਆਰ ਕਰ ਦਿਤਾ ਅਰ ਆਪ ਸਹਾਇਤਾ ਕਰਨ ਲਈ ਤਿਆਰ ਹੋ ਗਏ ॥

(ਛੱਤੀਵਾਂ ਅਧਜ਼ਾਯ)

++:ॐ:++

ਬੁਰਿਆਈ ਦਾ ਫਲ

ਪ੍ਰਾਤਾਕਾਲ ਦਾ ਸੁਹੌਨਾ ਵੇਲਾ ਹੈ ਅਰ ਤਾਰੇ ਅਕਾਸ

Original with:
Language Department Punjab
Digitized by:
Panjab Digital Library

ਵਿਚ ਝਲ ਮਲ ਕਰਦੇ ਹੋਏ ਦਿਖਾਈ ਦੇ ਰਹੇ ਹਨ। ਅੰਮ੍ਰਿਤ ਵੇਲੇ ਦੇ ਠੰਡੇ ਮਧੁਰ ਹਵਾਦੇ ਬੁੱਲੇ ਸੁਤਿਆਂ ਹੋਇਆਂ ਪੁਰਖਾਂ ਤੇ ਜਾਦੂ ਦਾ ਕੰਮ ਕਰ ਰਹੇ ਹਨ। ਜਾਗਨਾ ਤਾਂ ਕਿਧੇ ਰਿਹਾ ਪਾਸਾ ਫੇਰਨਾਂ ਭੀ ਕਠਿਨ ਹੈ ਪ੍ਰੰਤੂ ਉਨਾਂ ਮਹਾਤਮਾਂ ਪੁਰਖਾਂ ਦੇ ਆਤਮਾ ਜਿਨਾਂ ਨੂੰ ਈਸ੍ਵਰ ਦਰਸ਼ਨ ਦੀ ਅਭਲਾਖਾ ਹੈ ਇਨਾਂ ਦੀ ਕੁਝ ਭੀ ਪ੍ਰਵਾਹ ਨ ਕਰਦਾ ਹੋਇਆ ਗਦ ਗਦ ਹੋ ਕਹ ਰਹੇ ਹਨ। "ਕਿ ਏਹ ਦੁਰਲਭ ਵੇਲਾ ਹੈ ਫੇਰ ਨਹੀਂ ਹੱਥ ਆਵੇਗਾ ਇਸ ਨੂੰ ਵਿਅਰਥ ਨਾ ਜਾਨ ਦੇਓ" ਇਸ ਪ੍ਰੇਰਨਾਂ ਨੂੰ ਪਾਂਦੇ ਹੀ ਮਹਾਤਮਾਂ ਜਨ ਤੜਕਾਲ ਉਠਕੇ ਜੰਗਲ ਪਾਨੀ ਤੋਂ ਵੇਹਲੇ ਹੋ ਇਸ਼ਨਾਨ ਕਰ ਨਿਤਕਰਮ ਅਰਥਾਤ ਭਜਨਾਦਿਕ ਈਸ੍ਵਰ ਉਪਾਸ਼ਨਾ ਵਿਚ ਲਗਜਾਂਦੇ ਹਨ ਇਸੇ ਪ੍ਰਕਾਰ ਰਾਜਾ ਬਾਲੀ ਕਿਸ਼ਕਿੰਧਾ ਨਰੇਸ਼ ਭੀ ਪ੍ਰਾਤਾ ਕਾਲ ਅਪਨੇ ਨਿਯਮਾਨੁਸਾਰ ਉਠਿਆ ਅਰ ਸ਼ਰੀਰਕ ਅਵਸ਼ਕਤੀ ਤੋਂ ਵਹਲੇ ਹੋ ਸੰਧਯਾਂ ਕਰਨ ਬਹ ਗਿਆ ਜਦ ਨਿਤ ਨੇਮ ਕਰ ਚੁਕਾ ਤਾਂ ਕਿਸੇ ਜਰੂਰੀ ਕੰਮ ਲਈ ਰਾਨੀ ਤਾਰਾਵਤੀ ਦੇ ਚੁਬਾਰੇ ਵਿਚ ਗਿਆ ਅਜੇ ਉਸਨੂੰ ਕੁਝ ਕਹਿਨ ਹੀ ਲਗਾ ਸੀ ਕਿ ਇਕ ਦਾਸੀ ਨੇ ਆਕੇ ਕਿਹਾ।

"ਮਹਾਰਾਜ! ਅਜ ਖਵਰੇ ਸੁਗ੍ਰੀਵ ਦੇ ਦਿਲ ਵਿਚ ਕੀ ਗਲ ਆਈ ਹੈ ਕਿ ਅਜਿਹੀਆਂ ਅਜੋਗ ਗਲਾਂ ਆਪਦੇ ਵਿਖਯ ਵਿਚ ਆਪਦੇ ਦੁਆਰੇ ਤੇ ਖੜੋਤਾ ਹੋਇਆ ਕਹਿ ਰਿਹਾ ਹੈ ਜਿਨਾਂ ਦੇ ਕਹਿਨ ਤੇ ਮੈਨੂੰ ਸ਼ਰਮ ਆਉਂਦੀ ਹੈ ਨਾ ਜਾਨੀਏ ਖਵਰੇ ਓਹ ਜੀਉਨ ਤੋਂ ਤੰਗ ਹੋ ਗਿਆ ਹੈ। ਇਸ ਦਾਸੀ ਦਾ ਵਚਨ ਸੁਨਕੇ ਜਿਸਨੂੰ ਮੌਤ ਦਾ ਸਨੇਹਾ ਕਿਹਾ ਜਾਏ ਤਾ ਸਚ ਚੈ ਬਾਲੀ ਦਾ ਚਿਹਰਾ ਮਾਰੇ ਗੁਸੇ ਦੇ ਲਾਲੋ ਲਾਲ ਹੋਗਿਆ ਸਿਰ ਤੋਂ ਪੈਰਾਂ। ਤੀਕ ਕੰਬਨੀ ਛਿੜ ਪਈ ਲਹੂ ਰਗਾਂ ਰਗਾਂ ਵਿਚ ਜੋਸ਼ ਮਾਰ ਉਠਿਆ ਅਰ ਇਹ ਛੇਤੀ ਹਥਿਆਰ ਲੈ ਘਰ ਤੋਂ ਬਾਹਰ ਨਿਕਲਿਆਂ ਭਾਵੇਂ ਰਾਨੀ ਤਾਰਾਵਤੀ ਛਿਓੜੀ ਤੀਕ ਪਿਛੇ ੨ ਕਹਿੰਦੀ ਹੀ ਆਈ ਕਿ ਮਲੂਮ ਹੁੰਦਾ ਹੈ ਕਿ

Original with:
Language Department Punjab
Digitized by:
Panjab Digital Library

ਸੁਗ੍ਰੀਵ ਨੂੰ ਕਿਸੇ ਬੜੇ ਸ਼ੂਰਮੇ ਦੀ ਸਹਾਇਤਾ ਮਿਲ ਗਈ ਹੈ ਨਹੀਂ ਤਾਂ ਓਹਨੂੰ ਐਨਾਂ ਹੌਸਲਾ ਕਦੀ ਭੀ ਨਾ ਪੈਂਦਾ ਤੁਹਾਡਾ ਓਥੇ ਜਾਨਾ ਇਸ ਵੇਲੇ ਠੀਕ ਨਹੀਂ ਪਰੰਤੂ ਓਹ ਕਿਸੇ ਗੱਲ ਦੀ ਭੀ ਪਰਵਾਹ ਨਾ ਕਰਦਾ ਹੋਇਆ ਸੁਗ੍ਰੀਵ ਤੇ ਜਾ ਪਇਆ ਜੋ ਉਸਨੂੰ ਵੇਖਦਿਆਂ ਹੀ ਓਥੋਂ ਨਸਿਆ ਅਰ ਫੇਰ ਦੋਵੇਂ ਨਜਰ ਤੋਂ ਅਲੋਪ ਹੋ ਗਏ ॥

ਰਾਨੀ ਤਾਰਾਵਤੀ ਉਦਾਸ ਜਿਹੀ ਹੋ ਦਾਸੀਆਂ ਸਹਿਤ ਚੁਬਾਰੇ ਵਿਚ ਆਕੇ ਬੈਠ ਗਈ ਹੈ । ਭਾਵੇਂ ਉਸਦੀਆਂ ਇਕੋ ਜਿਹੀਆਂ ਪ੍ਰੇਮਵਾਨ ਸਹੇਲੀਆਂ ਏਧਰ ਓਧਰ ਦੀਆਂ ਗਲਾਂ ਬਾਤਾਂ ਕਰ ਉਸਦਾ ਮਨ ਪ੍ਰਚਾਦੀਆਂ ਹਨ ਅਤ ਕਈ ਪ੍ਰਕਾਰ ਦੀਆਂ ਦਲੀਲਾਂ ਨਾਲ ਉਸਨੂੰ ਧੀਰਜ ਦੇਨਾਂ ਚਾਹੁੰਦੀਆਂ ਹਨ ਪਰ ਓਹਦਾ ਦਿਲ ਜੋ ਕਿਸੇ ਦੀ ਭੀ ਨਹੀਂ ਸੁਨਦਾ ਅਰ ਇਸ ਦਾਸੀ ਦੀ ਗਲ ਨੂੰ ਯਾਦ ਕਰਕੇ ਚਿੰਤਾ ਦੇ ਸਮੁੰਦ੍ ਵਿਚ ਗੋਤੇ ਮਾਰ ਰਿਹਾ ਹੈ । ਅਜੇ ਥੋੜਾ ਚਿਰ ਹੀ ਬੀਤਿਆ ਸੀ ਕਿ ਕੁਝ ਰੌਲੇ ਗੌਲੇ ਦੀ ਅਵਾਜ ਗੂੰਜਦੀ ਹੋਈ ਰਾਨੀ ਦੇ ਕੰਨ ਵਿਚ ਪਹੁੰਚੀ ਛੇਤੀ ਨਾਲ ਉਠਕੇ ਕੁਝ ਪੁਛਨਾ ਹੀ ਚੌਂਹਦੀ ਸੀ ਕਿ ਕਿਸੇ ਨੇ ਕਿਹਾ ! ਹਾਇ !! ਅਜਿਹਾ ਬਹਾਦਰ ਸੂਰਮਾ ਰਾਜਾ ਬਾਲੀ ਇਕ ਪਲ ਵਿਚ ਹੀ ਮਾਰਿਆ ਗਿਆ ਆਹ ! ਇਸ ਆਵਾਜ ਦੇ ਸੁਨਦੇ ਹੀ ਚਿੰਤਾ ਤੇ ਗਮੀ ਨੇ ਰਾਨੀ ਦੇ ਦਿਲ ਨੂੰ ਕਾਬੂ ਕਰ ਲਿਆ ਕਲੇਜਾ ਪਕੜ ਕੇ ਨੀਵੇਂ ਬਹ ਗਈ ਲਹੂ ਜਿਥੇ ਸੀ ਓਥੋ ਦਾ ਓਥੇ ਹੀ ਜਮ ਗਿਆ ਜਦੋਂ ਇਸਦਾ ਚਿਤ ਵਿਆਕੁਲ ਹੋ ਪਤਿ ਦੀ ਛੁੰਛ ਵਿਚ ਨਿਕਲ ਗਿਆ ਤਾਂ ਓਹ ਬਹੋਸ਼ ਹੋਕੇ ਧਰਤੀ ਡਿਗ ਪਈ ਪਰੰਤੂ ਦਰਸ਼ਨ ਅਭਲਾਖਾ ਨੇ ਸਭ ਨੂੰ ਅਪਨਾ ਹੀ ਹੱਥ ਦਿਖਾਇਆ ਦੇਖੋ । ਹੁਨ ਕੇਡੀ ਛੇਤੀ ਨਾਲ ਉਠਕੇ ਰੋਂਦੀ ਹੋਈ ਕੁਝ ਸਹੇਲੀਆ ਨਾਲ ਜਿਨਾਂ ਦੀਆਂ ਅਖਾਂ ਤੋਂ ਸੌਨ ਭਾਦ੍ਰੋ ਦੇ ਮੀਂਹ ਦੀ ਨਿਆਈਂ ਅਥਰੂ ਵਗ ਰਹੇ ਸਨ ਉਸ ਪਾਸੇ ਨੂੰ ਜਾ ਰਹੀ ਹੈ ਜਿਥੇ ਬੜੀ ਖਲਕਤ ਅਕਠੀ ਹੋਈ ਹੋਈ ਹੈ ॥

Original with:
Language Department Punjab
Digitized by:
Panjab Digital Library

ਹੈਂ ! ਕੀ ਬਾਲੀ ਮਾਰਿਆ ਗਿਆ ? ਨਹੀਂ ! ਨਹੀਂ !! ਅਜੇ ਤਾਂ ਓਹ ਜਿਉਂਦਾ ਹੈ ਪਰ ਰਾਮਚੰਦ੍ਰ ਜੀ ਦੇ ਇਕ ਹੀ ਬਾਨ ਨੇ ਉਸਨੂੰ ਬੇਸੁਧ ਕਰ ਦਿਤਾ ਹੈ ਅਰ ਹੁਨ ਵਿਚਾਰਾ ਕਿਸੇ ਘੜੀ ਦਾ ਹੀ ਪਰਾਹੁਨਾ ਹੈ ।

ਜਿਸ ਵੇਲੇ ਤਾਰਾਵਤੀ ਬਾਲੀ ਦੇ ਨੇੜੇ ਪਹੁੰਚੀ ਤਾਂ ਓਹਦੀ ਆਪਣੀ ਨੂੰ ਦੇਖ ਅਰ ਅਪਨੀ ਭਵਿਖਤ ਆਸ਼ਾ ਤੋਂ ਨਿਰਾਸ ਹੋ ਮੂਰਛਾ ਜਿਹੀ ਹੋ ਗਈ ਇਸ ਵੇਲੇ ਨਿਰਾਸ ਬਾਲੀਨੇ ਅਰਮਾਨ ਭਰੀ ਨਜਰ ਨਾਲ ਤਾਰਾ ਅਰ ਅੰਗਦ ਵਲ ਦੇਖਿਆ ਅਰ ਫੇਰ ਮੂਰਛਾ ਹੋ ਗਿਆ ਥੋੜੇ ਚਿਰ ਪਿਛੋਂ ਜਦ ਫੇਰ ਕੁਝ ਸੁਧ ਟਿਕਾਨੇ ਹੋਈ ਤਾਂ ਸੁਗ੍ਰੀਵ ਨੂੰ ਜੋ ਸਾਮਨੇ ਖੜੋਤਾ ਸੀ ਕਹਿਨ ਲਗਾ :-

ਬਾਲੀ–"ਹੇ ਸੁਗ੍ਰੀਵ ! ਜੇਕਰ ਤੂੰਹੀ ਮੇਰੀ ਮੌਤ ਦਾ ਕਾਰਨ ਹੈ ਅਰ ਮੇਰਾ ਹਿਰਦਯ ਤੇਰੇ ਇਸ ਕਰਮ ਤੋਂ ਚੂਰ ਚੂਰ ਹੋ ਰਿਹਾ ਹੈ ਪਰੰਤੂ ਇਹ ਮੇਰੀ ਅਖੀਰੀ ਸਿਖਿਆ ਹੈ ਜਿਸਦੇ ਪੂਰੇ ਹੋਨ ਦੀ ਮੈਂ ਤੈਥੋਂ ਆਸ਼ਾ ਰਖਨਾ ਹਾਂ ਅਰ ਓਹ ਇਹ ਹੈ ਕਿ ਮੇਰੇ ਪਿਛੋਂ ਅੰਗਦ ਅਰ ਤਾਰਾ ਵਲ ਧਿਆਨ ਰਖਨਾ ਅਰ ਓਨਾਂ ਨੂੰ ਕਿਸੇ ਤਰਾਂ ਭੀ ਦੁਖੀ ਨਾਂ ਹੋਨ ਦੇਨਾਂ ਮੈਨੂੰ ਪਕਾ ਵਿਸ਼੍ਵਾਸ ਹੈ ਕਿ ਅੰਗਦ ਭੀ ਕਦਾਚਿਤ ਤੇਰੀ ਆਗਿਆ ਭੰਗ ਨਾਂ ਕਰੇਗਾ ਇਹ ਕਹ ਹੀ ਰਿਹਾ ਸੀ ਕਿ ਕਾਲ ਭਗਵਾਨ ਨੇ ਬਾਲੀ ਦੇ ਜੀਵਨ ਦਾ ਦੀਵਾ ਬੁਝਾ ਦਿਤਾ ਅਰ ਓਹ ਸਦੀਵ ਕਾਲ ਲਈ ਨਿੰਚਿੰਤ ਹੋ ਘੂਕ ਸੌਂ ਗਿਆ ।

ਜਦ ਤਾਰਾ ਦੀ ਕੁਝ ਸੁਧ ਟਿਕਾਨੇ ਹੋਈ ਤਾਂ ਸ੍ਵਾਮੀ ਦੇ ਪ੍ਰੇਮ ਵਿਚ ਆ ਕੇ ਕੁਝ ਭੀ ਲਜਾ ਨਾ ਰਖ ਸਕੀ ਅਰ ਪਤੀ ਦੀ ਲਾਸ਼ ਨਾਲ ਚੰਮੜ ਗਈ ਅਰ ਬੜੇ ਜੋਰ ਨਾਲ ਪੁਕਾਰ ਕੇ ਕਹਿਨ ਲਗੀ "ਹੇ ਸ੍ਵਾਮੀ ! ਤੇਰੀ ਇਹ ਗਤਿ ਕਿਸ ਪ੍ਰਕਾਰ ਹੋਈ" ਪਰੰਤੂ ਜਦ ਕੁਝ ਉਤ੍ਰ ਨਾ ਮਿਲਿਆ ਤਾਂ ਉਸਨੂੰ ਨਿਸ਼੍ਚਯ ਹੋਗਿਆ ਕਿ ਪੰਛੀ ਦਾ ਪ੍ਰਲੋਕ ਗਮਨ ਹੋਗਿਆ ਹੈ

Original with:
Language Department Punjab
Digitized by:
Panjab Digital Library

ਭਾਂ ਭਾਰਾਵਤੀ ਸਿਰ ਪਿਟ ੨ ਕੇ ਦੁਹਾਈ ਦੇਨ ਲਗੀ ਭਰਤ ਦੇ ਪ੍ਰੇਮ ਨੇ ਹਿਰਦਯ ਸਾੜ ਦਿਤਾ ਅਰ ਨਿਰਾਸਤਾ ਅਪਨਾ ਵੇਗ ਪ੍ਰਬਲ ਦਿਖਾਨ ਲਗੀ ਅਨੁਮਾਦ ਅਪਨਾ ਹੀ ਰੌਲਾ ਪਾਓਨ ਲਗਾ ਸ਼ਰਮ ਹਯਾ ਭੀ ਉਡ ਗਈ ਦੁਪੱਟਾ ਸਿਰ ਤੋਂ ਲੈਹ ਕੇ ਮੋਢਿਆਂ ਤੇ ਆ ਪਿਆ ਤਾਂ ਸਿਰਦੇ ਵਾਲਾਂ ਨੇ ਘੁੰਦ ਦਾ ਕੰਮ ਦਿਤਾ ਅਰ ਇਹ ਬੇਹੋਸ਼ ਹੋ ਫੇਰ ਪਤੀ ਦੀ ਲਾਸ਼ ਨਾਲ ਚੰਮੜ ਗਈ ॥

ਤਾਰਾ ਨੂੰ ਇਸ ਦਿਸ਼ਾ ਵਿਚ ਤੇ ਬਾਲੀ ਨੂੰ ਮ੍ਰਿਤਯੂ ਛੋਜਾ ਉਤੇ ਲੇਟਿਆਂ ਦੇਖ ਸੁਗ੍ਰੀਵ ਦੇ ਮਨ ਦੀ ਵਾਗ ਫਿਰ ਗਈ ਅਰ ਨਾਲ ਹੀ ਭ੍ਰਾਤ੍ਰੀ ਭਾਵਦੇ ਪ੍ਰੇਮ ਦਾ ਜੋਸ਼ ਭਰ ਆਇਆ ਤਾਂ ਇਕ ਵਾਰਗੀ ਦਿਲ ਧੜਕ ਉਠਿਆ ਅਰ ਕਲੇਜਾ ਕੰਬ ਗਿਆ ਬੇਉਮੈਦੀ ਨਿਰਦਯਤਾ ਨੂੰ ਕੰਪਾਏਵਾਨ ਕਰਨ ਲਗੀ ਤਾਂ ਤਦ ਉਸਨੂੰ ਪਤਾ ਲਗਾ ਕਿ ਏਹ ਕੀ ਗਲ ਹੈ ਅਰ ਕੀ ਸੀ ਤੇ ਕੀ ਹੋਗਿਆ ਪਰੰਤੂ ਸੁਗ੍ਰੀਵ ਹੀ ਇਸ ਝਗੜੇ ਦਾ ਮੁਖ ਸੀ ਇਸ ਕਰਕੇ ਛਿਨਾਂ ਸਭਨਾਂ ਵਿਚਾਰਾਂ ਨੂੰ ਅੰਦਰ ਹੀ ਅੰਦਰ ਪੀ ਗਿਆ ਅਰ ਸਰੋਂ ਇਹ ਕਿ ਅਖਾਂ ਤੋਂ ਡਿਗੇ ਹੋਏ ਅਥਰੂ ਉਸਦੇ ਮਨ ਨੂੰ ਠੰਡਿਆਂ ਕਰਨ ਪਰ ਉਹ ਉਲਟੇ ਅੰਦਰ ਨੂੰ ਹੀ ਵਗਨ ਲਗ ਪਏ ਅਰ ਜਦੋਂ ਚਿੰਤਾ ਦੀ ਅਗ ਤੇ ਪਏ ਛਾਂ ਰੋਲਦੇ ਧੂੰਏਂ ਦੀ ਨਿਆਈ ਸ਼ੋਕਵਾਨ ਗੁਬਾਰ ਕਲੇਜਿਓਂ ਨਿਕਲ ਕੇ ਮਸਤਕ ਨੂੰ ਚੜ੍ਹਿਆ ਜਿਸਨੇ ਇਸਦੇ ਸਿਰਨੂੰ ਐਸਾ ਚਕਰ ਦਿੱਤਾ ਕਿ ਇਹ ਬੇਸੁਧ ਹੋ ਧੈਂ ਕਰਕੇ ਜਮੀਨ ਤੇ ਡਿਗ ਪਇਆ ਅਰ ਬੇਵਸ ਹੋਕੇ ਪੁਕਾਰ ਉਠਿਆ "ਹਾਇ! ਬਾਲੀ! ਤੂੰ ਮੈਥੋਂ ਸਦੀਵ ਲਈ ਵਿਛੜ ਗਿਓਂ" ਕੁਛ ਚਿਰ ਇਸੇ ਪ੍ਰਕਾਰ ਕੁਲਾਹਲ ਕਰਦਾ ਰਿਹਾ ਫੇਰ ਜਦ ਅੰਗਦ ਵਲ ਨਜਰ ਪਈ ਤਾਂ ਓਹਨੂੰ ਗਲ ਨਲ ਲਾਇਆ ਅਰ ਫੁਟ ਫੁਟ ਕੇ ਅਤਿ ਵਿਰਲਾਪ ਕਰਨ ਲੱਗਾ ਇਸਨੂੰ ਮਹਾਂਨ ਚਿੰਤਾਤੁਰ ਤਥਾ ਦੁਖਿਤ ਦੇਖਕੇ ਰਾਮਚੰਦ੍ਰ ਜੀ ਅਗੇ ਨੂੰ ਵਧੇ

Original with:
Language Department Punjab
Digitized by:
Panjab Digital Library

ਅਰ ਸਭਦੀ ਚਿੰਤਾ ਨੂੰ ਅਪਨੇ ਅੰਮ੍ਰਿਤ ਭਰੇ ਬਚਨਾਂ ਅਰ ਮਨੋਹਰ ਉਪਦੇਸ਼ਾਂ ਨਾਲ ਦੂਰ ਕਰ ਬਾਲੀ ਦਾ ਸੰਸਕਾਰ ਕਰਨ ਲਈ ਉਦਤ ਕੀਤਾ—

॥ ਚੌਪਈ ।

ਬਿਨ ਜਗਦੀਸ ਕੋਇ ਥਿਰ ਨਹੀਂ।
ਸਭ ਅਥਿਰ ਜਾਨੋ ਜਗ ਮਾਹੀਂ ॥
ਰਾਜਾ ਪ੍ਰਜਾ ਸਕਲ ਨਰ ਨਾਰੀ ।
ਕਾਲ ਗ੍ਰਾਸ ਕਰਿਓ ਸਭ ਭਾਰੀ ॥
ਇਸ ਵਿਚ ਕਛੂ ਨ ਹੋ ਅਭਿਮਾਨ ।
ਸਦੀਵਕਾਲ ਨ ਸਥਿਰ ਕੋਇ ਜਾਨ ॥
ਕੀਏ ਨਾਸ਼ ਖਿਨ ਮੇਂ ਬਡਭਾਗੀ ।
ਰਾਜ ਗਿਰਾਏ ਕੀਏ ਅਨੁਰਾਗੀ ॥

ਜਦ ਇਸ ਕੰਮ ਤੋਂ ਵੇਹਲੇ ਹੋਏ ਤਾਂ ਸੁਗ੍ਰੀਵ ਨੂੰ ਲਛਮਨ ਜੀ ਨੇ ਰਾਜ ਸਿੰਘਾਸਨ ਤੇ ਬਿਠਾ ਅੰਗਦ ਨੂੰ ਯੁਵਰਾਜ ਨਿਅਤ ਕੀਤਾ—ਅਮੀਰਾਂ ਵਜੀਰਾਂ ਅਰ ਅਹਿਲਕਾਰਾਂ ਨੇ ਮਰਯਾਦਾ ਅਨੁਸਾਰ ਰਾਜਭੇਟਾ ਦਿੱਤੀਆਂ ਜਗਾਂ ਜਗਾਂ ਮੰਗਲਾਚਾਰ ਅਰ ਖੁਸ਼ਿਆਂ ਹੋਨ ਲਗਿਆਂ ਅਰ ਲਛਮਨ ਜੀ ਦੀ ਇਸ ਕਾਰਜ ਨੀਤੀ ਨੂੰ ਦੇਖ ਕੇ ਛੋਟੇ ਵੱਡੇ ਸਭ ਵਡਿਆਈ ਅਰ ਸ਼ੋਭਾ ਦੇਨ ਲੱਗੇ ਅਰ ਧੰਨਜਵਾਦ ਕਰਨ ਲਗੇ ॥

ਦੂਸਰੇ ਦਿਨ ਸੁਗ੍ਰੀਵ ਸਭ ਦਰਬਾਰੀਆਂ ਸਹਿਤ ਰਾਮਚੰਦ੍ਰ ਜੀ ਦੇ ਚਰਨਾਂ ਵਿੱਚ ਹਾਜਰ ਹੋਇਆ ਅਰ ਹੱਥ ਜੋੜ ਕੇ ਕਹਿਨ ਲਗਾ ॥

Original with:
Language Department Punjab
Digitized by:
Panjab Digital Library

ਸੁਗ੍ਰੀਵ—ਆਪ ਦੀ ਇਸ ਕ੍ਰਿਪਾ ਦਾ ਮੈਂ ਤਨ ਮਨ ਨਾਲ ਧੰਨ ਵਾਦੀ ਹਾਂ ਪਰੰਤੂ ਮੈਂ ਕੀ ਕਰਾਂ ਕਿ ਇਸ ਆਸਾਨ ਦੇ ਲਾਨ ਦੀ ਸਮਰਥਾ ਮੇਰੇ ਵਿਚ ਨਹੀਂ ਇਹ ਕਹਕੇ ਰਾਮਚੰਦ੍ਰ ਜੀਦੇ ਚਰਣਾਂ ਵਿਚ ਡਿਗ ਪਇਆ ਪਰ ਉਨਾਂ ਨੇ ਛੇਤੀਨਾਲ ਉਠਾ ਕੇ ਅਪਨੇ ਗਲ ਨਾਲ ਲਾਇਆ ਅਰ ਕਿਹਾ ॥ "ਸੁਗ੍ਰੀਵ! ਤੁਮੀ ਕਿਸ ਧਿਆਨ ਚਿਵ ਹੋ ਇਹ ਕੋਈ ਅਸਾਨ ਦੀ ਗਲ ਨਹੀਂ ਇਕ ਦੂਸ੍ਰੇ ਦੀ ਆਪਤੀ ਕਾਲ ਵਿਚ ਸਹਾਇਤਾ ਕਰਨੀ ਮਨੁਖ ਦਾ ਧਰਮ ਹੈ ਬਲਵਾਨ ਅਨਿਆਇ ਕਾਰੀ ਤੋਂ ਨਿਬਲ ਅਰ ਦੀਨ ਨੂੰ ਬਚਾਨਾ ਛਤ੍ਰੀ ਦਾ ਧਰਮ ਹੈ ਫੇਰ ਦਸੋ ਥਾਂ ਕਿ ਅਸਾਨ ਕਿਸ ਗਲਦਾ ?

ਸੁਗ੍ਰੀਵ (ਕੁਝਚਿਰ ਚੁਪ ਰਹਨਦੇ ਪਿਛੋਂ)" ਅਛਾ ! ਜੋਕੁਝ ਆਪਨੇ ਕਿਹਾ ਹੈ ਸਤਜ ਹੈ ਪਰੰਤੂ ਮੈਂ ਕਦਾਚਿਤ ਸਹ ਨਹੀਂ ਸਕਦਾ ਕਿ ਸੀਤਾ ਜੀ ਦੁਖ ਅਰ ਚਿੰਤਾ ਵਿਚ ਰਹਿਨ ਅਰ ਅਸੀ ਉਨਾਂ ਦੇ ਕਲੇਸ਼ ਨੂੰ ਨਿਵਰਤ ਕਰਨ ਦਾ ਜਤਨ ਨਾ ਕਰੀਏ ? ਜੇਕਰ ਆਗਿਆ ਕਰੋ ਤਾਂ ਉਸ ਅਭਾਗੀ ਨਾਸੀਵ ਰਾਵਨ ਤੇ ਚੜਾਈ ਕੀਤੀ ਜਾਵੇ ਕਿਉਂ ਕਿ ਉਸ ਨਾਲ ਸ਼ਾਂਤੀ ਸੁਭਾਵ ਤੋਂ ਕੰਮ ਨਿਕਲਨਾਂ ਕਠਿਨ ਹੈ ॥

ਰਾਮਚੰਦ੍ਰ—(ਜਰਾ ਹਸ ਕੇ) ਐਡੀ ਛੇਤੀ ! ਵਰਖਾ ਰਿਤੁ ਵਿੱਚ ਸਮਨੀਕ ਵੈਦਕਾਂ ਅਰ ਸ਼ਾਸਤ੍ਰ ਕਾਰਾਂ ਨੇ ਯਾਤ੍ਰਾ ਕਰਨ ਮਨਾ ਲਿਖੀ ਹੈ ਇਸ ਲਈ ਅਜੇ ਸਾਨੂੰ ਮੌਨ ਰਹਨਾਂ ਚੰਗਾ ਹੈ ਹਾਂ ਇਸ ਵੇਲੇ ਵਿਚ ਤੁਸੀਂ ਫੌਜ ਅਰ ਰਸਦ ਆਦਕ ਦਾ ਪ੍ਰਬੰਦ ਕਰ ਲੌ ॥

ਸੁਗ੍ਰੀਵ—" ਸਤ ਬਚਨ ! " ਇਹ ਕਹਕੇ ਉਥੋਂ ਉਠ ਸ਼ਹਿਰ ਵਲ ਅਇਆ, ਹਨੂਮਾਨ, ਅੰਗਦ, ਨਲ ਅਰ ਨੀਲ ਨੂੰ ਬੁਲਾ ਕੇ ਯੁਧ ਦਾ ਸਮਿਆਨ ਅਕੱਠਾ ਕਰਨ ਲਈ ਨਿਅਤ ਕੀਤਾ ਅਰ ਆਪ ਭੀ ਇਸੇ ਕੰਮ ਵਿਚ ਲਗ ਗਿਆ ॥

Original with:
Language Department Punjab
Digitized by:
Panjab Digital Library

(ਸੈਂਤੀਵਾਂ ਅਧਜ਼ਾਯ)

—:o:—

ਹਨੂਮਾਨ ਜੀ ਦਾ ਵਜ਼ਾਖਜ਼ਾਨ ਅਰ ਰਾਵਨ ਦੇ ਨਾਸ਼ਦੀ ਤਦਬੀਰ ॥

———

ਦਿਨਦੇ ਤੀਜੇ ਪਹਿਰ ਦਾ ਵੇਲਾ ਹੈ ਜਦੋਂ ਕਿ ਮਹਾਂਬੀਲਾ ਪਰਬਤ ਦੀ ਉਸ ਇਕੋ ਜਿਹੀ ਧਰਤੀ ਤੇ ਜੋ ਕ੍ਰਿਸ਼ਨਾ ਨਦੀ ਦੇ ਦਖਿਨ ਵਿੱਚ ਅਰ ਤੰਗ ਭਦ੍ਰਾ ਦੇ ਉੱਤਰ ਵਿੱਚ ਅਸਥਿਤ ਹੈ ਇਕ ਅਤਿ ਸੁੰਦਰ ਦ੍ਰਿਸ਼ਜ਼ ਦਿਖਾਈ ਦੇ ਰਿਹਾ ਹੈ ਇਸ ਪਰਬਤ ਤੇ ਖੜੋਕੇ ਵੇਖਨ ਨਾਲ ਚਾਰੇ ਪਾਸੇ ਜੰਗਲ ਹੀ ਜੰਗਲ ਦਿਸਦਾ ਹੈ ਪਰ ਜ਼ਰਾ ਧਿਆਨ ਨਾਲ ਵੇਖਿਆ ਜਾਏ ਤਾਂ ਅਨੇਕਾਂ ਹੀ ਛੋਟੀਆਂ ੨ ਵਸਤੀਆਂ ਦਿਸ਼ਨ ਗੀਆਂ ਜਿਨਾਂ ਨੂੰ ਇਨਾਂ ਜੰਗਲੀ ਬ੍ਰਿਛਾਂ ਨੇ ਅਪਨੀ ਓਟ ਵਿੱਚ ਲੁਕਾ ਰਖਿਆ ਹੈ ਭਾਵੇਂ ਪ੍ਰਤਖਜ਼ ਨਹੀਂ ਮਾਲੂਮ ਹੁੰਦਿਆਂ ਪਰ ਸੰਝ ਹੋਨ ਕਰ ਜਾਨ ਪੈਂਦਾ ਹੈ ਕਿ ਦੱਖਿਨ ਦੀਆਂ ਵਸਤੀਆਂ ਵਿੱਚੋਂ ਅਵਸ਼ਜ਼ ਹੀ ਇਧਰ ਨੂੰ ਕੋਈ ਰਸਤਾ ਔਂਦਾ ਹੈ ਕਿਉਂਕਿ ਦੂਰ ਤੀਕਰ ਬ੍ਰਿਛ ਇਕ ਦੂਸਰੇ ਸਹਿਤ ਸਪਰਸ ਕਰਦੇ ਹੋਏ ਚਲੇ ਗਏ ਹਨ ਯਾ ਸਿਧੀ ਗਲ ਇਹ ਕਹੀਏ ਕਿ ਇਕ ਗਲੀ ਜੇਹੀ ਨਜ਼ਰ ਆਉਂਦੀ ਹੈ, ਬੇਸ਼ਕ ! ਸਾਡੀ ਗਲ ਠੀਕ ਹੈ ਓਹ ਦੇਖੋ ਬਹੁਤ ਸਾਰੇ ਲੋਕ ਗਲਾਂ ਕਰਦੇ ਹੋਏ ਓਸੇ ਪਾਸਿਓਂ ਆਰਹੇ ਹਨ ਅਰ ਹੁਨ ਇਸ ਥਗਾਂ ਪਹੁੰਚ ਕੇ ਦਰੀ ਗਲੀਚੇ ਆਦਿਕ ਵਿਛਾ ਰਹੇ ਹਨ ॥

ਅਜੇ ਥੋੜਾ ਚਿਰ ਹੀ ਬੀਤਿਆ ਹੋਵੇਗਾ ਕਿ ਓਥੇ ਐਨੀ ਖਲਕਤ ਇਕੱਠੀ ਹੋ ਗਈ ਕਿ ਓਸੇ ਫਰਸ਼ ਤੇ ਤਿਲ ਭਰ ਭੀ ਜਗਾਂ ਨਾ ਰਹੀ ਅਰ ਲੋਕ ਅਜੇ ਭੀ ਕਿੰਨੇ ਹੀ ਆ ਰਹੇ

Original with:
Language Department Punjab
Digitized by:
Panjab Digital Library

ਹਨ ਹਰ ਇਕ ਦਾ ਮੁੰਹ ਖੁਖੀ ਤੇ ਮੱਥਾ ਖਿੜਿਆ ਹੋਇਆ ਦਿਸਦਾ ਹੈ ਅਰ ਹਰ ਇਕ ਦੇ ਮੁਹੋਂ ਇਹੀ ਨਿਕਲ ਰਿਹਾ ਹੈ ਕਿ 'ਵੇਖੀਏ ਇਹ ਨਵੀਨ ਜਵਾਨ ਪੁਰਖ ਕੇਹੜੀ ਅਜਿਹੀ ਗਲ ਸੁਨੌਂਦ, ਹੈ ਜਿਸ ਲਈ ਹਰ ਇੱਕ ਛੋਟੇ ਤੋਂ ਵੱਡੇ ਤਕ ਨੂੰ ਇਥੇ ਅਕੱਠਾ ਕੀਤਾ ਗਿਆ ਹੈ"।

ਏਨੇ ਵਿੱਚ ਕੁਝ ਮਨੁਖ ਘੋੜਿਆਂ ਨੂੰ ਅਡੀ ਲਾਂਦੇ ਹੋਏ ਆਏ ਜਿਵੇਂ ਉਨਾਂ ਨੇ ਜਮੀਨ ਤੇ ਪੈਰ ਰਖਿਆ ਸਈਸਾਂ ਨੇ ਜੋ ਪਹਿਲਾਂ ਤੋਂ ਹੀ ਉਡੀਕ ਵਿਚ ਖੜੇ ਤੇ ਸਨ ਘੋੜਿਆਂ ਦੀਆਂ ਵਾਗਡੋਰਾਂ ਪਕੜ ਕੇ ਏਧਰ ਓਧਰ ਫੇਰਨਾ ਆਰੰਭ ਕਰ ਦਿੱਤਾ ਅਰ ਇਹ ਲੋਗ ਬੜੇ ਜਲ ਜਲਾਓ ਨਾਲ ਅਗੇ ਵਧਕੇ ਉਸ ਜਗਾਂ ਤੇ ਜੋ ਪਹਿਲਾਂ ਹੀ ਤੋਂ ਬੜੇ ਜਤਨ ਨਾਲ ਸਜਾਈ ਗਈ ਸੀ ਬੜੀ ਸਜ ਧਜ ਨਾਲ ਬੈਠ ਗਏ ਇਨਾਂ ਦੀ ਇਹ ਸ਼ਾਨ ਬਾਨ ਅਰ ਜਿਹਾ ਗੋਟੇ ਅਦਿਕ ਦਿਆਂ ਸੁੰਦਰ ਪੁਸ਼ਾਕਾਂ ਵੇਖਕੇ ਇਹ ਗੁਮਾਨ ਹੁੰਦਾ ਹੈ ਕਿ ਇਹੋ ਪੁਰਖ ਇਸ ਵੱਡੇ ਭਾਰੀ ਮਨੋ ਹਰ ਜਲਸੇ ਦੇ ਆਗੂ ਹਨ ਭਾਵੇਂ ਉਨਾਂ ਦੇ ਡਰ ਤੇ ਤਮਾਸ਼ਬੀਨਾਂ ਤੇ ਸਮੂਹ ਜਲਸੇ ਦੇ ਮੁੰਹ ਤੇ ਅਜਿਹੀ ਚੁਪ ਕਰਾਈ ਕਿ ਕੁਝ ਚਿਰ ਲਈ ਉਨਾਂ ਨੂੰ ਗੁੰਗਾ ਕਹੀਏ ਤਾਂ ਅਵਸ਼ਜ ਹੈ ਪਰੰਤੂ ਉਨਾਂ ਲੋਕਾਂ ਦੀਆਂ ਨਜਰਾਂ ਉਸ ਨਵੀਨ ਸੂਰਮੇ ਤੇ ਜੋ ਇਨਾਂ ਅਮੀਰਾਂ ਵਜ਼ੀਰਾਂ ਦੀ ਮਹਿਫ਼ਲ ਦੇ ਵਿਚਘਾਰ ਬੈਠਾ ਹੈ ਅਰ ਜਿਸਦੇ ਜੋੜਾਂ ਵਿਚ ਕੁਦਰਤੀ ਕਾਰੀਗਰ ਨੇ ਇਕ ਬਹਾਦਰ ਸੂਰਬੀਰ ਦੇ ਸਾਰੇ ਕਰਤਬ ਤੇ ਗੁਨ ਕੂਟ ੨ ਕੇ ਭਰੇ ਹਨ ਬੜੀ ਬੇਸਬਰੀ ਨਾਲ ਪੈ ਰਹੀਆਂ ਹਨ ਅਰ ਇਹੀ ਕਾਰਨ ਹੈ ਕਿ ਉਨਾਂ ਦੀ ਬੇਹਦ ਦਰਜੇ ਦੀ ਚਿਤਾਤੁਰੀ ਸੁਰਤ ਉਨਾਂ ਨੂੰ ਚੈਨ ਨਹੀਂ ਲੈਨ ਦੇਂਦੀ ਅਰ ਇਕ ਦੂਜੇ ਨਾਲ ਕੰਨਾਂ ਫੂਸੀ ਕਰਕੇ ਕਹ ਰਹੇ ਹਨ (ਉਂਗਲ ਦੀ ਸੈਨਤ ਕਰਕੇ) ਇਸ ਸੂਰਮੇਂ ਨੇ ਲੋਕਾਂ ਦੇ ਦਿਲ ਤੇ ਖਵਰੇ ਕੀ ਜਾਦੂ ਕਰ ਦਿੱਤਾ ਹੈ ਕਿ ਕੋਈ ਭੀ ਅਜਿਹਾ ਪੁਰਖ ਧਿਆਨ ਵਿਚ ਨਹੀਂ ਆਉਂਦਾ ਜੋ ਇਥੇ ਨਾਂ ਆਇਆ ਹੋਵੇ।

Original with:
Language Department Punjab
Digitized by:
Panjab Digital Library

ਦੂਸਾ—ਭਈ ! ਕਿੰਉ' ਨਾ ਆਵੇ ਅਜ ਚੌਂਹ ਪੰਜਾਂ ਦਿਨਾਂ ਤੋਂ ਵੱਡੇ ਵੱਡੇ ਵਿਦਆਂਧਰਾਂ ਅਰ ਅਮੀਰਾਂ ਦੀਆਂ ਮਸਲਸਾ ਹੁੰਦੀਆਂ ਅਰ ਦੀਵਾਨ ਲਗ ਰਹੇ ਹਨ ਮਸ਼ਵਰਿਆਂ ਦੇ ਬਾਜ਼ਾਰ ਗਰਮ ਹਨ ਈਸ਼ਵਰ ਜਾਨੇ ਅਸਲ ਵਿੱਚ ਗਲ ਕੀ ਹੈ ? ਸਾਨੂੰ ਤਾਂ ਇਸਤੋਂ' ਬਿਨਾਂ ਕਿ ਇਹ ਨਵੀਨ ਸੂਰਮ(ਪਵਨ) ਦਾ ਪੁਤ੍ਰ ਅਰ (ਸੁਗ੍ਰੀਵ) ਦਾ ਮਿਮਾਨ ਹੈ ਕੁਝ ਹੋਰ ਪਤਾ ਨਹੀਂ' ॥

ਇੰਨੇ ਵਿੱਚ ਓਹੀ ਨਵੀਨ ਬਹਾਦੁਰ ਜਿਸ ਦਾ ਨਾਮ ਹਨੂਮਾਨ ਹੈ ਸਮੂਹ ਗਨ ਦਿਵਾਨ ਵਿਚ ਇਕ ਦੇ ਕਥਨ ਅਨੁਸਾਰ ਖੜੋਤਾ ਸਭਨਾਂ ਦੀ ਨਜਰ ਓਸ ਪਾਸੇ ਲਗ ਗਈ ਅਰ ਉਸਨੇ ਅਪਨੇ ਮੁਖਵਾਕ ਤੋਂ ਇਸ ਪ੍ਰਕਾਰ ਵਜਾਬਯਾਨ ਦੇਨਾ ਆਰੰਭ ਕੀਤਾ ॥

"ਹੇ ਮਾਸ਼ੀਲਾ ਪ੍ਰਬਤ ਤੁਖਾਮੋਂ ਅਰ ਮੇਰੋ ਕੇ ਰਾਜਾ ਲੋਕੋ ! ਸੂਰਬੀਰੋ !! ਅਰ ਸੂਦਾਰੋ !!! ਪਹਿਲਾਂ ਇਸਦੇ ਕਿ ਮੈਂ ਆਪ ਲੋਕਾਂ ਦੀ ਸੇਵਾ ਵਿਚ ਕੁਝ ਬੇਨਤੀ ਕਰਾਂ ਇੰਨਾ ਕਹ ਦੇਨਾਂ ਅਵਸ਼ਜ ਸਮਝਦਾ ਹਾਂ ਕਿ ਆਪ ਲੋਕ ਕ੍ਰਿਪਾ ਕਰਕੇ ਅਪਨੇ ਦਿਲ ਵਿਚ ਇਸ ਖਿਆਲ ਨੂੰ ਕਦਾਚਿਤ ਜਗਾ ਨਾਂ ਦੇਨਾ ਕਿ ਮੈਂ ਕਿਸੇ ਅਪਨੇ ਸ਼ਾਖੀ ਡਿਕੇ ਨੂੰ ਜਾਨਕੇ ਆਪ ਲੋਕਾਂ ਨੂੰ ਇੰਨੇ ਦੂਰੋਂ ਦੂਰੋਂ ਪੈਂਡੇ ਦੀ ਟੱਚਲ ਕਰਾਈ ਹੈ ਯਾ ਇਸ ਵਿਚ ਮੇਰੀ ਕੋਈ ਅਪਨੀ ਗਰਜ਼ ਹੈ ਨਹੀਂ ! ਨਹੀਂ ! ਕਦਾਚਿਤ ਨਹੀਂ !!! ਪਰੰਤੂ ਅਪਨੇ ਦਸ਼ ਦੀ ਇਸ ਭੈੜੀ ਦਿਸ਼ਾ ਨੂੰ ਵੇਖ ਕੇ ਅਰ ਭਵਿਖਜਤ ਦਿਸ਼ਾ ਦੀਆਂ ਖਰਾਬੀਆਂ ਦੇ ਡਰ ਨਾਲ ਮੇਰਾ ਲਹੂ ਉਥਲਿਆ ਅਰ ਬਿਨਾ ਇਸ ਦੇ ਕਿ ਆਪ ਨੂੰ ਖੇਚਲ ਦਿਆਂ ਹੋਰ ਕੁਝ ਨਾਂ ਬਨ ਸਕਿਆ ਪਿਆਰੇ ਭਈਓ ! ਸਭ ਤੋਂ ਪਹਿਲਾਂ ਜਿਹੜੀਆਂ ਸੋਚਾਂ ਨੇ ਮੇਰੇ ਸਿਰ ਵਿਚ ਆਕੇ ਜਨੂਨ ਕੀਤੀ ਓਹ ਪੁਰਾਨੀ ਭਵਾਰੀਖ ਦੇ ਪੜਨ ਦਾ ਖੁਲਾਸਾ ਕਢਿਆ ਹੋਇਆ ਹੈ ਜਿਨਾਂ ਦੇ ਯਾਦ ਔਨ ਤੇ ਕਲੇਜਾ ਮੂੰਹ ਨੂੰ ਔਂਦਾਹੈ ਅਖਾਂ ਮਾਰੇ ਸ਼ਰਮ ਦੇ ਨੀਵੇਂ ਝੁਕਜਾਂਦੀਆਂ ਹਨ

Original with:
Language Department Punjab
Digitized by:
Panjab Digital Library

ਹਾਇ ! ਓਹ ਸਮਾਜ ਇਸ ਦੇਸ਼ ਲਈ ਕਿਹਾ ਨੇਸ਼ ਸੀ ਜਦੋਂ ਕਿ ਅਵਿਦਿਆ ਦੀਆਂ ਕਾਲੀਆਂ ਘਟਾਂ ਅਪਨੇ ਚਾਰੇ ਪਲੇ ਖਿਲਾਰੇ ਇਸਨੂੰ ਘੇਰੀ ਹੋਏ ਸਨ ਅਰ ਘਰ ਘਰ ਵਿਚ ਦੁਬਧਾ ਪਈ ਹੋਈ ਸੀ ਦੂਸ੍ਰੇ ਦੇਸ਼ ਦੇ ਲੋਕ ਬੜੀ ਭੈੜੀ ਨਜਰ ਨਾਲ ਦੇਖ ਦੇਖ ਬੁਰਾ ਹਾਲ ਕਰ ਰਹੇ ਸਨ। ਚਲਨ ਬੋਲਨ ਛਾਂ ਇਕ ਪਾਸੇ ਰਿਹਾ ਸਾਡੀ ਸ਼ਕਲ ਦੇਖਨ ਤੋਂ ਭਗ ਸਨ ਮਿਤ੍ਰੋ ! ਜੇਕਰ ਉਸ ਭਾਰੀਖ ਦੇ ਇਕ ੨ ਅਖਤ ਨੂੰ ਭੀਰਾਂ ਦੀਆਂ ਨੋਕਾਂਭੁ ਕਹੀਏ ਤਾਂ ਸਚ ਹੈ ਕਿੰਉ ਕਿ ਇਸਦਾ ਇਕ ੨ ਸ਼ਬਦ ਪਾਠਕ ਦੀ ਛਾਤੀ ਵਿਚ ਛੇਕ ਕਰਦਾ ਚਲਾ ਜਾਂਦਾ ਹੈ ਬੇਸ਼ਰਮੀ ਸਿਰ ਤੇ ਭਾਰ ਪਾ ਗਰਦਨ ਝੁਕਾ ਦੇਂਦੀ ਹੈ ਮੇਰੇ ਪਰਮ ਪਿਆਰੇ ਦੇਸ਼ੀ ਭਾਈਓ ! ਇਸ ਵਿਚ ਰਤੀ ਝੂਠ ਨਹੀਂ (ਸੈਨਤ ਕਰਕੇ) ਇਹ ਭਵਾਰੀਖ ਪਈ ਹੈ ਦੇਖ ਲਵੋ ਹਾਂ ਜੇਕਰ ਕੁਝ ਸੰਦੇਹ ਨਿਵਰਤ ਹੁੰਦਾ ਹੈ ਯਾਂ ਜਰਾ ਤਸਲੀ ਹੁੰਦੀ ਹੈ ਅਰ ਹੌਸਲਾ ਵਧਦਾ ਹੈ ਤਾਂ ਉਨਾਂ ਵਡਿਆਂ ਦੇ ਕਾਰਨਾਮੇ ਦੇਖਨ ਤੋਂ ਜੋ ਕਿ ਇਸ ਭਾਰੀਖ ਦੀ ਸਮਾਪਤੀ ਵਿਚ ਲਿਖੇ ਹਨ ਅਰ ਜਿਨਾਂ ਦੇ ਪੜਨ ਨਾਲ ਓਹ ਅਵਿਦਿਆ ਦਾ ਸਮਾਂ ਸੁਪਨਾ ਮਾਤ੍ਰ ਹੋ ਜਾਂਦਾਹੈ । ਇਸ ਵਿਚ ਰਤੀ ਸੰਦੇਹ ਨਹੀਂ ਕਿ ਉਨਾਂ ਨੂੰ ਬੜੀਆਂ ੨ ਤੰਗੀਆਂ ਪੇਸ਼ ਆਈਆਂ, ਮੁਸੀਬਤਾਂ ਝਲਨੀਆਂ, ਪਈਆਂ ਪਰੰਤੂ ਉਨਾਂ ਬਹਾਦੁਰਾਂਨੇ ਭੀ ਬੜੀ ਸੁਰਮਤਾਈ ਨਾਲ ਇਨਾਂਦਾ ਸਾਮਨਾ ਕੀਤਾ ਅਰ ਬੜੀ ਪਰਿਆਈ ਨਾਲ ਕੰਮ ਕਢੇ ਸਾਹਿਬੋ ! ਇਹ ਉਨਾਂ ਹੀ ਦੀ ਮੇਹਨਤ ਦਾ ਫਲ ਹੈ ਜੋ ਅਜ ਆਪ ਲੋਕ ਵਿਦਿਆਧਰ ਦੀਆਂ ਸਨਦਾਂ ਹਾਸਲ ਕਰਕੇ ਵਿਦਿਆਧਰ ਕਹਾਨ ਦੇ ਹਕਦਾਰ ਹੋਏ ਅਰ ਨਾਮਵਰੀ ਹਾਸਲ ਕੀਤੀ ਓਹੀ ਅਨਜ ਦੇਸ਼ੀ ਲੋਕ ਅਜ ਤੁਹਾਨੂੰ ਦਲੇਰੀ ਅਰ ਬਹਾਦਰੀ ਵਿਚ ਸੁਰਮੇ ਗਿਨਦੇ ਹਨ ਅਰ ਆਪ ਲੋਕਾਂਦੇ ਨਜੀਕ ਅਪਨੇ ਬੈਠਨ ਨੂੰ ਦੁਰਲਭ ਵਿਚਾਰਦੇ ਹਨ ਪਰੰਤੂ ਹਾਇ ਸ਼ੋਕ ! ਇਹ ਸਮਾਜ ਉਲਟ ਪੁਲਟ ਹੋਨ ਵਾਲਾ ਹੈ ਓਹੋ ਭਾਤ੍ਰ ਜੋ ਕੁਝ ੨ ਚਮਕ ਦਿਖੰਨ ਲਗਾ ਸੀ

Original with:
Language Department Punjab
Digitized by:
Panjab Digital Library

ਆਪ ਲੋਕਾਂ ਦੀ ਬੇਇਤਫਾਕੀ ਨਾਲ ਫੇਰ ਟੁਮਟੁਮੈਨ ਨ ਗ ਪਿਆ ਹੈ ਤੁਹਾਡੀ ਬੇ ਪ੍ਰਵਾਹੀ ਤੇ ਕਲਕਲ ਦੁਸ਼ਮਿਆਂ ਦਾ ਹੌਸਲਾਂ ਵਧਾ ਰਹੀ ਹੈ ਨੇਸ਼ ਦਿਨ ਅਖਾਂ ਪਾੜ ੨ ਦੇਖ ਰਿਹੇ ਹੈਨ ਓਹ ! ਸ਼ੋਕ !! ਆਪ ਲੋਕ ਇਸ ਪਾਸੇ ਧਿਆਨ ਹੀ ਨਹੀਂ ਕਰਦੇ ਦੁਸ਼ਮੀਆਂ ਕੌਮਾ ਭਾਵੇਂ ਸਾਡੇ ਤੇ ਕਿੰਨਾ ਹੀ ਜ਼ੁਲਮ ਕਿੰਉਂ ਨ ਕਰਨ ਸਾਡੀਆਂ ਆਬਾਦੀਆਂ ਚਾਹੇ ਮਿਟੀ ਵਿਚ ਕਿਉਂ ਨਾਂ ਰੁਲਾ ਦੇਨ ਆਪ ਲੋਕਾਂ ਦੇ ਕੰਨਾਂ ਤੇ ਜੂੰ ਭੀ ਨਹੀਂ ਰੜਕ ਦੀ ਅਰ ਰੜਕੇ ਕਿੰਉ ਆਪਨੂੰ ਭਾਂ ਨਾਂ ਕੋਈ ਦੁਖ ਪਹੁੰਚਿਆ ਹੈ ਦੁਖ ਭਾਂ ਉਨਾਂ ਵਿਚਾਵਿਆਂ ਨੂੰ ਜੋ ਆਪ ਦੀ ਪ੍ਰਜਾ ਹਨ ਯਾ ਆਪਦੇ ਛਤ੍ਰ ਛਾਇਆਂ ਹਨ ਯਾਦ ਰਖੋ ਇਹ ਖਿਆਲ ਆਪ ਨੂੰ ਬੜੀ ਭੁਲ ਵਿਚ ਪਾ ਰਿਹਾ ਹੈ ਆਪਦੇ ਰਾਜਸੀ ਕੰਮ ਜੋ ਕਰਨੇ ਹਨ ਮਾਮੂਲੀ ਜਿਹੇ ਨਹੀਂ ਹਨ ਈਸ਼ੁਰ ਦੇ ਹਜੂਰ ਆਪ ਹੀ ਇਨਾਂ ਗਲਾਂ ਦੇ ਕਸੂਰਵਾਰ ਮੰਨਤ ਹੋ ਜਾਓਗੇ ਦੁਨੀਆਂ ਆਪ ਨੂੰ ਹੀ ਬੁਰਿਆਈ ਦੇ ਨਾਮ ਨਾਲ ਯਾਦ ਕਰੇਗੀ ਅਰ ਉਨਾਂ ਵਿਚਾਰਿਆਂ ਗਰੀਬਾਂ ਦੀਆਂ ਹਾਵਾਂ ਤੁਹਾਡਾ ਨਸ਼ਟ ਕਰਨ ਗੀਆ ਜਰਾ ਸ਼ਾਖਤ੍ਰਾਂ ਨੂੰ ਭਾਂ ਵੇਖੋ, ਰਾਜਨੀਤੀ ਨੂੰ ਪੜੋ, ਸੋਚੋ ਵਿਚਾਰ ਕਰੋ ਅਰ ਧਿਆਨ ਕਰਕੇ ਦੇਖੋ ਕਿ ਸਾਡੇ ਕੀ ਨਿਅਮ ਹਨ, ਉਫ ! ਜਦ ਉਟਕਲਾ ਦੀ ਰਾਜ ਦੁਲਾਰੀ ਨੂੰ ਅਨਜ ਦੇਸ਼ ਦਾ ਰਾਜਾ ਜੋਰੋ ਜੋਰੀ ਪਕੜ ਕੇ ਲੈ ਗਿਆ ਕਿਸੇਨੇ ਚੂੰ ਭਕ ਭੀ ਨਾ ਕੀਤੀ ਨਰਿੰਦ੍ਰ ਵਿਦਿਆਧਰ ਦੀ ਇਸਤ੍ਰੀ ਰਾਕਸ਼ ਦੀਪ ਵਾਲੇ ਲੈਗਏ ਤਾਂ ਕਿਸ ਨੇ ਜਾਕੇ ਪੁਛ ਪ੍ਰਤੀਤ ਕੀਤੀ ? ਛੋਟੀਆਂ ਛੋਟੀਆਂ ਗਲਾਂ ਦਾ ਭਾਂ ਕੁਝ ਖ਼ਿਆਲ ਹੀ ਨਹੀਂ ਨਾ ਜਾਨੀਏ ਫੇਰ ਆਪ ਲੋਗ ਕਿਸ ਗਲ ਦੇ ਘੁਸੰਡ ਤੇ ਬੈਠੇ ਹੋ ਬਹਾਦਰੋ ! ਜਦ ਭੀਕ ਤੁਸੀ ਇਕ ਦੂਸ੍ਰੇ ਤੇਂ ਤਨੋਂ ਮਨੋਂ ਹੋ ਜਾਨ ਦੇਨ ਨੂੰ ਤਿਆਰ ਨਹੀਂ ਹੋਜਾਂਦੇ ਭਦ ਭੀਕ ਸਾਡੇ ਦੇਸ਼ ਦੀ ਉਨਤੀ ਦੀ ਕੋਈ ਆਸ਼ਾ ਨਹੀਂ ਯਾਦ ਰਖੋ ਜੇਕਰ ਇਹੋ ਦਿਸ਼ਾ ਰਹੀ ਤਾਂ ਤੁਹਾਡੇ ਸ਼ਤ੍ਰੂ ਇਕ ੨ ਨੂੰ ਗਜ਼ਪ ਕਰ ਜਾਨਗੇ ਅਰ ਫੇਰ

Digitized with:
Language Department Punjab
Digitized by:
Panjab Digital Library

ਤੁੰਸੀਂ ਦੇਖਦੇ ਦੇ ਦੇਖਦੇ ਹੀ ਰਹ ਜਾਉਗੇ ਅਰ ਤੁਹਾਡੀ ਇਹ ਸਾਰੀ ਬਹਾਦਰੀ ਦਲੇਰੀ ਸੂਰਮਤਾਈ ਅਤ ਜਵਾਣ ਮਰਦੀ ਮਿਟੀ ਵਿਚ ਰਲ ਜਾਏਗੀ ਅਰ ਨਤੀਜਾ ਇਹ ਹੋਵੇਗਾ ਕਿ ਤੁਸੀਂ ਅਨਜ ਜ਼ਾਤੀਆਂ ਅਗੇ ਸਿਰ ਨਿਵਾਂਉਦੇ ਫਿਰੋਗੇ ਅਰ ਫੇਰ ਕੁਝ ਨਾ ਬਨ ਪਏਗਾ ਖਵਰੇ ਕਈ ਇਕ ਭਾਈ ਇਸ ਧਿਆਨ ਵਿਚ ਹੋਨਗੇ ਕਿ ਰਾਕਸ਼ ਦੀਪ ਵਾਲੇ ਬੜੇ ਸੂਰਮੇ ਅਤੇ ਜਵਾਣ ਹਨ ਉਨਾਂ ਦਾ ਸਾਹਮਨਾ ਕਰਨ ਕਠਿਨ ਹੈ ਪ੍ਰੰਤੂ ਕਦਾ- ਚਿਤ ਨਹੀਂ ! ਕਦੀ ਨਹੀਂ !! ਇਹ ਧਿਆਨ ਉਨਾਂ ਦਾ ਅਸਤਯ ਹੈ ਅਸੀ ਕਮਜੋਰ ਨਹੀਂ ਕਿੰਤੂ ਓਹ ਕਮਜੋਰ ਹਨ ਜੋ ਹਰ ਇਕ ਵੇਲੇ ਸਾਡੀ ਸਹਾਇਤਾ ਦੇ ਚਾਹਨ ਵਾਲੇ ਹਨ ਜਿਹਾਕੁ ਆਪ ਲੋਕਾਂ ਤੇ ਦੋਸ਼ਨ ਹੈ ਪ੍ਰੰਤੂ ਉਨਾਂ ਵਿਚ ਇਕ ਭਾਰਤ ਕੰਮ ਕਰ ਰਹੀ ਹੈ ਜਿਸਨੇ ਤੁਹਾਡੇ ਹੌਸਲਿਆਂ ਨੂੰ ਢਾਹ ਦਿਤਾ ਹੈ ਅਰ ਓਹ ਇਤਫਾਕ ਹੈ ਜੋ ਤੁਹਾਡੀ ਫੇਟਿਤਫਾਕੀ ਤੇ ਪ੍ਰਬਲ ਹੋਰਿਹਾ ਹੈ ਹਾਇ ! ਉਨਾਂ ਬਨੋ ਬਾਸੀਆਂ ਦੀ ਮੁਸੀਬਤ ਦੀ ਚਿਤ੍ਰ ਰੂਪੀ ਸਦ ਮੇਰੀਆਂ ਅਖਾਂ ਅਗੇ ਆਜਾਂਦੀ ਹੈ ਝਾਂ ਸ਼ੀਰ ਦੇ ਲੂੰ ਕੰਡੇ ਖੜੇ ਹੋਜਾਂਦੇ ਹਨ ਆਹ ! ਓਹ ਕਿਸ ਵਿਚਾਰ ਨਾਲ ਇਨੀ ਦੂਰ ਦਾ ਪੈਂਡਾ ਕਰਕੇ ਆਪ ਦੇ ਦੇਸ਼ ਦੀ ਸੈਲ ਨੂੰ ਆਏ ਅਰ ਉਨਾਂ ਤੇ ਇਹ ਜੁਲਮ ! ਧ੍ਰਿਗ ਹੈ ਸਾਡੇ ਜੀਵਣ ਨੂੰ ਅਰ ਦਲੇਰੀ ਨੂੰ ! ਯਾਰੋ !! ਖਿਆਲ ਤਾਂ ਕਰੋ ਉਨਾਂਦੇ ਦੇਸ਼ ਦੇ ਲੋਕ ਸਾਨੂੰ ਕੀ ਖਿਆਲ ਕਰਨ ਗੇ ? ਅਸਾਂਨੇ ਅਪਨੀਆਂ ਇਸਤ੍ਰੀਆਂ ਪੁਤ੍ਰੀਆਂ ਆਦਿਕਾਂ ਦੀ ਤਾਂ ਕੁਝ ਪਰਵਾਹ ਨਾ ਕੀਤੀ ਪ੍ਰੰਤੂ ਓਹ ਇਕ ਅੰਨਜ ਦੇਸ਼ ਦੇ ਰਾਜੇ ਦਾ ਪੁਤ੍ਰ ਜੋ ਅਚਨ ਚੇਤ ਸਬਬ ਨਾਲ ਆਪ ਦੇ ਦੇਸ਼ ਵਿਚ ਆਗਿਆ ਹੈ ਅਰ ਉਨਾਂ ਨਾਲ ਇਹ ਧੋਕਾ ! ਇਹ ਛਲ !! ਰਾਕਸ਼ਦੀਪ ਵਾਲੇ ਜਾਲਮ ਕਰ ਜਾਨ ਅਰ ਆਪ ਭੁਜਦਿਲਿਆਂ ਦੀ ਭਰਾਂ ਸਾਹ ਵਟੀ ਚੁਪ ਰਹੋ—

ਪਾਠਕਗਨ ! ਨਵੀਨ ਪੁਰਸ਼ ਦੇ ਵਜਾਖਜਾਨ ਦਾ ਇਕ ੨ ਅਖਰ ਸੂਰਮਿਆਂ ਦੇ ਦਿਲ ਵਿਚ ਤੀਰ ਦੀ ਨਿਆਈ ਖੁਭ

Original with:
Language Department Punjab
Digitized by:
Panjab Digital Library

ਗਆ ਅਰ ਹੋਰ ਬਹੁਤ ਢਧੀਕ ਸੁਨਣ ਦੀ ਸਮਰਥਾ ਨਾ ਰਖਕੇ ਬੋਲ ਉਠੇ:-

ਸਭੋ ਸੂਰਮੇ -! "ਬਸ ਅਸੀ ਹੁਨ ਜ਼ਿਆਦਾ ਨਹੀਂ' ਸਹਾਰ ਸਕਦੇ ਅਰ ਨਾਹੀ ਹੋਰ ਕੁਝ ਸੁਨਣ ਦੀ ਸਮਰਥਾ ਰਖਨੇ ਹਾਂ ਆਪ ਉਨਾਂ ਬਨ ਢਾਸੀਆਂ ਦਾ ਹਾਲ ਦਸੋ ਕਿ ਉਨਾਂ ਲਤੇ ਕੀ ਜੀਸਮ ਹੋਇਆਂ ਅਤ ਓਹ ਕੌਨ ਹਨ ?

ਨਵੀਨਪੁਰਖ:-(ਕੰਬਦੇ ਹੋਏ) ਆਪ ਲੋਕਾਂ ਦੇ ਦਿਲ ਮੁਰਦਾ ਹੋਗਏ ਹਨ, ਉਪਕਾਰ ਕਰਨਾ ਭਾਂ ਜਨਦੇ ਹੀ ਨਹੀਂ ਸ਼ਰਾ ਆਪਹੀ ਸੋਚੋ ਕਿ ਜਦ ਤੁਸੀ ਅਪਨੇ ਦੇਸੀ ਭਾਈਆਂ ਦਾਹੀ ਆਪੋਵਿਚੀ ਭਲਾ ਨਹੀਂ ਕਰ ਸਕਦੇ ਭਾਂ ਇਕ ਪ੍ਦੇਸੀ ਦਾ ਕਦ ਕਰਸਕੋਗੇ ਉਨਾਂ ਬਨਬਾਸੀਆਂ ਦੀ ਮੁਸੀਬਤ ਸੁਨਕੇ ਕੀ ਕਰੋਗੇ ? ਦੁਖਭਰੀ ਕਹਾਨੀ ਕਹਨ ਲਈ ਭੀ ਭਾਂ ਦਿਲ ਚਾਹੀਏ ਉਨੂੰ ਫਿਰ ਦੁਬਾਰਾ ਕਹਿਨ ਭੇ ਮੇਰੇ ਹੋਸ਼ ਹਵਾਸ਼ ਉਡਦੇ ਜਾਂਦੇ ਹਨ ਸਿਰ ਚਕਰਾ ਉਂਦਾਹੈ ਪ੍ੰਤੂ ਜਦ ਉਨਾਂ ਬਨਬਾਸੀਆਂ ਦੀ ਦ੍ਰਿੜ ਭਾਈ ਅਰ ਦਲੇਰੀ ਦਾ ਧਿਆਨ ਆਉਦਾ ਹੈ ,ਜਿਸਨੇ ਇੰਨੀ ਸ਼ੋਕ ਦਾਯਕ ਦਿਸ਼ਾ ਵਿਚ ਭੀ ਹੁੰਦਿਆਂ ਸੁਗ੍ਰੀਵ ਦੀ ਇਸ ਦਿਸ਼ਾ ਨੂੰ ਦੇਖਕੇ ਭਰਮ ਨੂੰ ਹਥੋਂ ਨਹੀਂ ਜਾਨ ਦਿਤਾ ਅਰ ਬੜੀ ਦਲੇਰੀ ਅਰ ਸੂਰਮ ਤਾਈ ਨਾਲ ਉਸ ਬਾਲੀਦਾ ਜੋ ਅਪਨੇ ਆਪ ਨੂੰ ਸੂਰਮ ਤਾਈ ਵਿਚ ਬੜਾ ਵਡਾ ਸਮਝਦਾ ਸੀ ਕੰਮ ਕਰ ਦਿਤਾ ਭਾਂ ਧੀਰਜੀ ਹੁੰਦੀ ਹੈ ਕਿ ਓਹ ਸੂਰਮਾ ਸਾਡੀ ਸਹਾਇਤਾ ਦੀਭੀ ਕੁਝ ਪਰਵਾਹ ਨਹੀਂ' ਕਰਦਾ ਅਰ ਓਹ ਆਪ ਬਦਲਾ ਲੈ ਸਕਦਾ ਹੈ ਪ੍ੰਤੂ ਜੋ ਖਿਆਲ ਮੇਰੇ ਹਿਰਦੇ ਨੂੰ ਛੇੜ ਰਿਹਾਹੈ ਉਹ ਇਹ ਹੈ ਕਿ ਅਸੀ ਪਾਰਲੇ ਪਾਰਦੇ ਬੁਜਦਿਲ ਅਰ ਨਾਮਰਦ ਗਿਨੇ ਜਾਵਾਂਗੇ ਉਤ੍ਰੀ ਭਾਰਤ ਦੇ ਢਸਨੀਕ ਸਾਨੂੰ ਬੁਰਿਆਈ ਦੇਨ ਤੇ ਯਾਦ ਕਰਨ ਗੇ ਤਵਾਰੀਖਾਂ ਸਾਡੀ ਪਥਰ ਦਿਲੀ ਅਰ ਬੇਪ੍ਰਵਾਹੀ ਦੀਆਂ ਗਵਾਹੀਆਂ ਦੇਨ ਗੀਆਂ ਬਦਨਾਮੀ ਤੇ ਬੇਸ਼ਰਮੀ ਪ੍ਲੈ ਕਾਲ ਤਕ ਸਾਡੇ ਸਿਰ

Original with:
Language Department Punjab
Digitized by:
Panjab Digital Library

ਓ ਅਸਵਾਰ ਰਹੇ ਗੀ ਭਾਈਓ ! ਤੁਮੀਂ ਆਪ ਹੀ ਇਨਸਾਫ਼ ਕਰਕੇ ਦਸੋ ਕਿ ਸਹਾਇਤਾ ਕਰਨੀ ਚਾਹੀਦੀ ਹੈ ਯਾ ਚੁਪ ਕਰ ਚਾਹਿਨਾ ” ?-

(ਚਾਰੇ ਪਾਸਿਓਂ ਅਵਾਜ ਆਈ)

ਨਹੀਂ ! ਨਹੀਂ !! ਉਸ ਦੁਸ਼ਟ ਨੂੰ ਪੂਰੀ ਪੂਰੀ ਸਜਾ ਦਿਆਂ ਗੇ ਉਸ ਬਨਬਾਸੀ ਦੀ ਸਹਾਇਤਾ ਕਰ ਰਣ ਭੂਮੀ ਵਿਚ ਸਾਨ ਵਾਰ ਦਿਆਂ ਗੇ ਪਰ ਅਪਨੇ ਦੇਸ਼ ਨੂੰ ਬਦਨਾਮੀਂ ਦੁਆਂਨੀ ਨਹੀਂ ਸਹਾਰਾਂਗੇ ਜਰਾ ਉਸਦਾ ਹਾਲ ਤਾਂ ਦਸੋ !

ਨਵੀਨਪੁਰਖ-“ ਅਛਾ ਦੇਖਾਂ ਖਾਂ ਤੁਹਾਡੀ ਸਹਾਇਤਾ ਕਿਥੋਂ ਕੁ ਭੀਕਰ ਜਾਂਦੀ ਹੈ ”

ਪਿਆਰਿਓ-ਮਹਾਰਾਜਾ ਰਾਮਚੰਦ੍ਰ ਜੀ ਦੀ ਕਹਾਨੀ ਜਿਸ ਨੂੰ ਮੈਂ ਬਨਬਾਸੀ ਦੇ ਨਾਓ ਤੋਂ ਸਿਰਲਾਯਾ ਸੀ ਅਤਯੰਤ ਹੀ ਦਰਦ ਭਰੀ ਅਰ ਦੁਖ ਦਾਯਕ ਹੈ ਇਹ ਮਹਾਰਾਜਾ ਦਸਰਥ ਅਜੁਧਿਆ ਨਰੇਸ਼ ਕੌਸ਼ਲ ਦੇਸ਼ ਦੇ ਸਪੁਤ੍ਰ ਹਨ ਇਹ ਓਹੀ ਰਾਮਚੰਦ੍ਰ ਹਨ ਜਿਨਾਂ ਨੇ ਸੋਲਾਂ ਵਰਿਆਂ ਦੀ ਆਯੁ ਵਿਚ ਤਾੜਕਾ ਅਰ ਮਰੀਚ ਆਦਿਕ ਦੀ ਜੜ ਪੁਟ ਨਸ਼ਟ ਕਰ ਦਿਤਾ ਸੀ ਅਤ ਕਈ ਇਕ ਵਡੇ ਵਡੇ ਮਸ਼ਹੂਰ ਸੂਰਮਿਆਂ ਦੇ ਬੈਠਆਂ ਮਿਥਲਾ ਦੇਸ਼ ਦੇ ਰਾਜਾ ਜਨਕ ਦੀ ਰਾਜ ਪੁਤ੍ਰੀ ਨੂੰ ਓਹ ਧਨੁਖ ਜਿਸਨੂੰ ਦੇਖ ਵਡੇ ਵਡ ਸੂਰਬੀਰ ਅਰ ਇਥੋਂ ਤੀਕ ਕਿ ਧਨੁਖਧਾਰੀ ਭੀ ਘਬਰਾ ਗਏ ਸਨ ਇਕ ਛਿਨ ਭਰ ਵਿਚ ਤੋੜ ਕੇ ਵਿਆਹ ਲਿਆਏ ਸਨ ਇਨਾਂ ਦੇ ਪਿਤਾਨੇ ਇਨਾਂ ਨੂੰ ਸਭ ਗੁਨਾਂ ਵਿਚ ਭਰਪੂਰ ਦੇਖਜਾ ਤੁਾਂ ਅਪਨਾਂ ਰਾਜ ਪਾਟ ਇਨਾਂ ਦੇ ਹੱਥ ਵਿਚ ਦੇਨਾ ਚਾਹਿਆ ਪ੍ਰੰਤੂ ਇਨਾਂ ਦੀ ਮਤ੍ਰੇਈ ਮਾਤਾ ਕੇਕਈ ਇਸ ਗਲ ਨੂੰ ਨਾ ਦੇਖ ਸਕੀ ਅਰ ਉਸਨੇ ਅਪਨੇ ਪੁਤ੍ਰ ਭਰਤ ਨੂੰ ਰਾਜ ਤਿਲਕ ਅਰ ਰਾਮਚੰਦ੍ਰ ਜੀ ਨੂੰ ਚੌਦਾ ਵਰਿਆਂ ਦਾ ਬਨਬਾਸ ਦੇਨ ਲਈ ਰਾਜੇ ਨੂੰ ਜੋਰ ਦਿਤਾ ਗਲ

Original with:
Language Department Punjab
Digitized by:
Panjab Digital Library

ਇਹ ਕਿ ਰਾਜਾ ਦਸ਼ਰਥ ਨੂੰ ਰਾਣੀ ਕੈਕਈ ਨੇ ਕਿਸੇ ਸਮੇਂ ਵਿਚ ਅੱਤ ਕਠਿਨ ਤਾਈਦੇ ਸਮੇਂ ਮਦਦ ਦਿਤੀ ਸੀ ਅਰ ਰਾਜਾਂ ਨੇ ਇਸਦਾ ਬਦਲਾ ਦੇਨ ਲਈ ਬਚਨ ਦਿਤਾ ਹੋਇਆ ਸੀ ਇਸ ਲਈ ਇਸਨੇ ਇਸ ਨਾਜਕ ਵੇਲੇ ਅਪਨੇ ਇਕਰਾਰ ਨੂੰ ਪੂਰਾ ਕਰਨ ਲਈ ਜੋ ਕਿ ਛਤ੍ਰੀਆਂ ਦਾ ਪਰਮ ਧਰਮ ਹੈ ਕਲੇਜੇ ਤੇ ਹੱਥ ਰਖ ਲਿਆ ਪੁੱਤ੍ਰ ਅਜਿਹੇ ਲੈਕ ਨੇਕ ਸਾਹਿਬ ਕਦਰ ਸਪੁਤ੍ਰ ਨੂੰ ਅਪਨੀ ਜ਼ਬਾਨੀ ਜਿਸ ਨਾਲ ਕਿ ਇਸ ਪਹਿਲਾਂ ਓਹ ਰਾਮਚੰਦ੍ਰ ਨੂੰ ਰਾਜ ਤਿਲਕ ਦੇਨ ਦਾ ਹੁਕਮ ਦੇ ਚੁਕਾ ਸੀ ਹੁਨ ਚੌਦਾ ਵਰੇ ਬਨ ਵਿਚ ਰਹਿਨ ਲਈ ਹੁਕਮ ਦੇਨਾਂ ਕਠਿਨ ਹੋਗਿਆ ਅਰ ਸ਼ੋਕ ਸਾਗਰ ਵਿਚ ਡੁਬ ਗਇਆ ਜਿਵੇਂ ਹੀ ਰਾਮਚੰਦ੍ਰ ਜੀ ਨੂੰ ਇਸ ਹਾਲ ਤੋਂ ਮਲੂਮੀ ਹੋਈ ਉਸੇ ਵੇਲੇ ਛੇਤੀ ਨਾਲ ਪਿਤਾ ਨੂੰ ਧੀਰਜਵਾਨ ਕਰਕੇ ਅਰ ਫੇਰ ਮਾਤਾ ਨੂੰ ਹੌਸਲਾ ਦੇਕੇ ਬਨਬਾਸ ਲਈ ਤਿਆਰ ਹੋ ਗਏ ਛੋਟੇ ਭ੍ਰਾਤਾ ਲਛਮਨ ਇਨਾਂ ਦਾ ਵਿਛੋੜਾ ਨ ਸਹ ਸਕਿਆ ਅਰ ਇਨਾਂ ਦੇ ਨਾਲ ਹੀ ਜੁਰ ਪਇਆ ॥

ਮਥਲੇਸ਼ ਕੁਮਾਰੀ ਜਾਨਕੀ ਜੀ ਨੂੰ ਭਾਵੇਂ ਰਾਮਚੰਦ੍ਰ ਜੀ ਨੇ ਬਹੁਤ ਸਮਝਾਇਆ । ਅਰ ਤਰਾਂ ਤਰਾਂ ਦੇ ਜੰਗਲ ਵਿਚ ਰਹਿਨ ਦੇ ਦੁਖਜਨਤ ਬਿਤਾਂਤ ਸੁਣਾਏ ਪੁੱਤ੍ਰ ਉਸਨੇ ਇਕੋ ਹੀ ਗਲ ਤੇ ਦ੍ਰਿੜਤਾ ਰਖੀ "ਕਿ ਸ੍ਵਾਮੀ ਜੀ ਭਾਵੇਂ ਮਾਂਤਾ-ਪਿਤਾ ਭੈਣ ਅਰ ਭਾਈ ਕੁੰਟੰਬ-ਕਬੀਲਾ ਅਰ ਸਹੇਲੀਆਂ ਸਸ ਸੋਹਰਾ ਸਭੋ ਪਿਆਰੇ ਹਨ ਪੁੱਤ੍ਰ ਆਪ ਦੇ ਬਿਨਾਂ ਇਹ ਸਭੋ ਦੁਖਦਾਈ ਹਨ ਧਨ ਦੌਲਤ ਦਾਸੀਆਂ ਅਰ ਦਾਸ ਸਭ ਅਤਲਸ਼ ਅਰ ਮਖ਼ਮਲਾਂ ਦੀਆਂ ਸੇਜਾ ਅਰ ਫਰਸ਼ ਗਲੀਚੇ ਅਰ ਇਹ ਸਭ ਮਹਿਲ ਬਾਗ਼ ਬਾੜੀਆਂ ਆਦਿਕ ਬਿਨਾਂ ਆਪਦੇ ਮੈਂ ਕੈਂਦਰ ਅਰ ਚਿੰਤਾ ਦਾਯਕ ਹੋਨਗੇ ਜਿਸ ਪ੍ਰਕਾਰ ਸ੍ਵਾਰ ਬਿਨਾਂ ਆਤਮਾ ਦੇ ਅਰ ਮਛੀ ਜਲ ਦੇ ਬਿਨਾਂ ਜੀਉ'ਦੀ ਨਹੀਂ ਰਹ ਸਕਦੀ ਇਸੇ ਪ੍ਰਕਾਰ ਆਪਦੇ ਬਿਨਾਂ ਮੈਂ ਜੀਉਂਨਾ ਕਠਿਨ ਹੋ ਜਾਏਗਾ ਅਤੇ ਆਪਦੇ ਨਾਲ ਜੰਗਲ ਵਿਚ ਰਹਿਨਾਂ ਮੇਰੇ ਲਈ ਅਤਿ ਸਖਦਾਇਕ ਹੋਵੇਗਾ ਅਰ ਜੰਗਲੀ ਘਾਹ ਦਾ ਵਿਛੌਨਾ ਪ੍ਰ ਦੇ

Original with:
Language Department Punjab
Digitized by:
Panjab Digital Library

ਨਰਮ ਨਰਮ ਮਖਮਲੀ ਵਛੌਨਿਆਂ ਤੋਂ ਬਹੁਤ ਹੀ ਕੋਮਲ ਹੋਵੇਗਾ ਆਪਦੇ ਨਾਲ ਬੈਠ ਕੇ ਸੰਗਲੀ ਫਲਾਂ ਦਾ ਖਾਨਾ ਘਰ ਦੇ ਭਤੀ ਪਦਾਰਥਾਂ ਤੋਂ ਸੁਆਦੀ ਹੋਵੇ ਗਾ ॥

ਹੇ ਸ੍ਵਾਮੀ ! ਮੈਂ ਆਪਦੇ ਬਿਨਾਂ ਇਥੇ ਕਿਸੇ ਪ੍ਰਕਾਰ ਭੀ ਨਹੀਂ ਰਹ ਸਕਦੀ ਅਰ ਨਾਹੀ ਇਸਤ੍ਰੀ ਧਰਮ ਮੈਂਨੂੰ ਇਸ ਦੀ ਆਗਜ਼ਾ ਦੇਂਦਾ ਹੈ ॥

ਜਦ ਰਾਮਚੰਦ੍ਰ ਜੀ ਨੇ ਇਸਨੂੰ ਨਿਸ਼ਚਯ ਤੇ ਪਕਿਆਂ ਦੇਖਿਆ ਤਾਂ ਅਪਨੇ ਨਾਲ ਬਨ ਵਿਚ ਲਿਆਏ ਤੇਰਾਂ ਵਰੇ ਇਸ ਪਤਿ ਬ੍ਰਤਾਂ ਧਰਮ ਵਾਨ ਦੇਵੀ ਨੇ ਬੜੀ ਖ਼ੁਸ਼ੀ ਨਾਲ ਅਪਨੇ ਪਤਿ ਦੀ ਆਗਜ਼ਾ ਅਰ ਸ਼ਰਨ ਵਿਚ ਬਿਤੀਤ ਕੀਤੇ ਅਰ ਰਾਮਚੰਦ੍ਰ ਜੀ ਨੇ ਇਸ ਸਮੇਂ ਵਿਚ ਕਈ ਇਕ ਪਾਪੀਆਂ ਦਾ ਉਧਾਰ ਕਰ ਪ੍ਰਿਥਵੀ ਨੂੰ ਪਵਿਤ੍ਰ ਕੀਤਾ ਅੰਤ ਨੂੰ ਇਸ ਦੇਸ਼ ਦੀ ਸੈਲ ਕਾਰਨ ਪੰਚਬਟੀ ਨਾਮੇ ਅਸਥਾਨ ਵਿਚ ਡੇਰਾ ਕੀਤਾ ਜਿਥੇ ਸ੍ਰੂਪਨਖਾ ਰਾਵਨ ਦੀ ਭੈਣ ਉਨਾਂ ਦੇ ਛੋਤੇ ਭ੍ਰਾਤਾ ਲਛਮਨ ਉਤੇ ਮੋਹਤ ਹੋਕੇ ਪ੍ਰੇਮ ਜਤਾਨਓ ਲਗੀ ਲਛਮਨ ਜੀ ਨੇ ਉਸਨੂੰ ਇਸ ਗਲ ਤੋਂ ਮੋੜਨ ਲਈ ਬੜਾ ਜਤਨ ਕੀਤਾ ਪਰ ਅੰਤ ਨੂੰ ਇਸ ਦੇ ਬਹੁਤ ਝਗੜਾ ਕਰਨੇ ਤੇ ਉਸਦਾ ਨਕ ਕਟ ਉਸਦੀ ਇਸ ਜਿਦ ਕਰਨ ਦੀ ਸਜਾ ਦਿਤੀ ਤਦ ਓਹ ਰੋਂਦੀ ਪਿਟਦੀ ਅਰ ਕੁਰਲਾਂਦੀ ਹੋਈ ਅਪਨੇ ਭਾਈ ਖਰ ਅਰ ਦੂਖਨ ਕੋਲ ਗਈ ਅਰ ਉਨਾਂ ਨੂੰ ਬਦਲਾ ਲੈਨ ਤੇ ਪਕਿਆਂ ਕੀਤਾ ਖਰ ਅਰ ਦੂਖਨ ਭੈਣ ਦੀ ਇਹ ਦਸ਼ਾ ਦੇਖਕੇ ਸੜ ਥਲ ਕੋਲੇ ਹੋ ਗਏ ਅਰ ਚੌਦਾਂ ਹਜਾਰ ਰਾਕਸ਼ ਸੈਨਾਂ ਨਾਲ ਲੈ ਰਾਮਚੰਦ੍ਰ ਜੀ ਨਾਲ ਲੜਨ ਲਈ ਆਏ ਜਰਾ ਸੋਚਨ ਦੀ ਗਲ ਹੈ ਕਿ ਇਕ ਪਾਸੇ ਤਾਂ ਚੌਦਾ ਹਜਾਰ ਰਾਕਖੀ ਸੈਨਾਂ ਅਰ ਦੂਜੇ ਪਾਸੇ ਦੋਵੇਂ ਭਾਈ ਇਕਲੇ ਪਰ ਇਨਾਂ ਦੋਹਾਂ ਭਾਈਆਂ ਨੇ ਇਨਾਂ ਨੂੰ ਓਹ ਹੱਥ ਦਿਖਾਏ ਕਿ ਰਾਕਖੀ ਸੈਨਾਂ ਇਨਾ ਦਾ ਵਾਲ ਭੀ ਵਿਗਾ ਨਾਂ ਕਰ ਸਕੀ ਸਗੋਂ ਉਨਾਂ ਨੂੰ ਇਨਾ ਦੇ ਖੂਨੀ

Original with:
Language Department Punjab
Digitized by:
Panjab Digital Library

ਭੀੜਾਂ ਦੀ ਭੁਟਾ ਹੋਨਾਂ ਪਇਆ ਅਰ ਓਹ ਸਾਰੀ ਸੈਨਾ ਥੋੜੇ ਚਿਰ ਵਿਚ ਹੀ ਅਪਨ ਸੂਦ ਰਾਂ ਸਹਿਤ ਚਟਮ ਹੋ ਗਈ ਰਾਵਨ ਇਨਾਂਦਾ ਵਡਾ ਭੁਰਾ ਸਾਹਮਨਾਂ ਕਰਨ ਦੀ ਸ਼ਕਤ ਨ ਰਖ ਕੇ ਚੋਰਾਂ ਦੀ ਨਿਆਈਂ ਛਲ ਨਾਲ ਜਾਨਕੀ ਜੀ ਨੂੰ ਅਕਲੀ ਦੇਖ ਜੋਰੋ ਜੋਰੀ ਬਿਬਾਨ ਵਿਚ ਬਿਠਾ ਲੈ ਗਿਆ ਹੈ । ਜਿਸਨੂੰ ਸੁਗ੍ਰੀਵ ਨੇ ਜੋ ਓਸ ਵੇਲੇ ਅਪਨੀ ਹੀ ਚਿੰਤਾ ਫਿਕਰ ਵਿਚ ਬੈਠਾ ਹੋਇਆਸੀ ਅਪਨੀ ਅਖੀਂ ਦੇਖਿਆ ਜਦ ਰਾਮਚੰਦ੍ਰ ਅਰ ਲਛਮਨ, ਜਾਨਕੀ ਜੀ ਦੀ ਢੂੰਢ ਭਾਲ ਵਿਚ ਕਿਸਕਿੰਧਾ ਪਹੁੰਚੇ ਤਾਂ ਸੁਗ੍ਰੀਵ ਨੂੰ ਸ਼ੋਕਾਸਪਦ ਦੇਖਕੇ ਇਨਾਂ ਦੇ ਦਿਲ ਵਿਚ ਤ੍ਰਰਸ ਆਇਆ ਅਰ ਬਾਲੀ ਨੂੰ ਇਕ ਹੀ ਤੀਰ ਨਾਲ ਪ੍ਰਲਕ ਭੇਜ ਦਿਤਾ ਤੇ ਸੁਗ੍ਰੀਵ ਨੂੰ ਰਾਜ ਗਦੀ ਤੇ ਬਿਠਾਯਾ ਪਿਆਰੇ ਦੇਸ਼ੀ ਭਾਈਓ ! ਕੀ ਉਸ ਪਤਿਬ੍ਰਤਾ ਇਸਤ੍ਰੀ ਦੀਆਂ ਹਾਵਾਂ ਜਿਸਨੇ ਸੰਸਾਰਦੇ ਸੁਖਾਂ ਨੂੰ ਛਡਕੇ ਇਸਤ੍ਰੀ ਧਰਮ ਪਾਲਨ ਲਈ ਅਪਨੇ ਪਤੀ ਦੇ ਨਾਲ ਜੰਗਲ ਤੇ ਬੀਆਬਾਨ ਵਿਚ ਰਹਿਨਾ ਸ੍ਵੀਕਾਰ ਕੀਤਾ ਅਜਿਹੇ ਹੀਦੇ ਸ੍ਰੀਰ ਦਾ ਦੁਨੀਆਂ ਤੋਂ ਨਾਮ ਨਿਸ਼ਾਨ ਮੇਟਨ ਲਈ ਕਾਫੀ ਨਾ ਹੋਨ ਗੀਆਂ ? ਕੀ ਉਸ ਦੀਆਂ ਮਨੋ ਕਾਮਨਾਂ ਜਿਨਾਂ ਨੂੰ ਓਹ ਲੈਕੇ ਜੰਗਲ ਵਿਚ ਆਈ ਸੀ ਰਾਵਨ ਦੀਆਂ ਭਵਿਖਜਤ ਆਸ਼ਾ ਦੀ ਜੜ ਨਸ਼ਟ ਨਾ ਕਰ ਦੇਨ ਗੀਆਂ । ਪਿਆਰਿਓ ! ਦੇਖੋਗੇ ਕਿ ਰਾਵਨ ਕਿਸ ਪ੍ਰਕਾਰ ਦੁਖਿਤ ਹੁੰਦਾ ਹੈ ਇਹ ਮਤ ਸਮਝਨਾਂ ਕਿ ਰਾਮਚੰਦ੍ਰ ਜੀ ਅਕਲੇ ਹਨ ਕਦਾਚਿਤ ਇਹ ਨ ਸਮਝੇ ਕਿ ਓਹ ਸੁਰਮਾ ਬੇ ਸਹਾਇਕ ਅਰ ਅਨਸਾਇਕ ਸਮਿਗ੍ਰੀ ਹਨ ਅਰ ਉਸਦਾ ਰਾਵਨ ਨਾਲ ਲੜਨਾ ਕਠਨ ਹੈ ਨਹੀਂ ! ਨਹੀਂ !! ਓਹ ਅਕੇਲਾ ਨਹੀਂ !!! ਧਰਮ ਉਸਦਾ ਸਹਾਇਤਾ ਦਾਇਕ ਹੈ ਪ੍ਰਮਾਤਮਾ ਉਸਦਾ ਰਖਵਾਲਕ ਹੈ ਸਮਿਗ੍ਰੀ ਆਦਿਕ ਦੀ ਉਸਨੂੰ ਕੁਝ ਪ੍ਰਵਾਹ ਨਹੀਂ ਰਾਵਨ ਨੂੰ ਫਤੇ ਕਰਨ ਲਈ ਉਸਦਾ (ਰਾਵਨ ਦਾ) ਅਪਨਾ ਪਾਪ ਹੀ ਬਤੇਰਾ ਹੈ ਯਾਰੋ ! ਤੁਹਾਡੀ ਹਰ ਨੀ ਕਿਉਂ ਐਸੀ ਵਧ ਗਈ ਅਰ ਕਿਸ ਸੋਚ ਵਿਚ ਪੈਗਏ ਹੋ ? ਕੁਝ ਪ੍ਰਵਾਹ ਨਹੀਂ ! ਜੇ ਕਰ ਤੁਸੀਂ ਰਾਵਨ ਦੇ ਸਾਹਮਨਾ ਕਰਨ

Original with:
Language Department Punjab
Digitized by:
Panjab Digital Library

ਦਾ ਹੌਸਲਾ ਨਹੀਂ ਰਖਦੇ ਤਾਂ ਓਹ ਆਪ ਹੀ ਖਰ ਅਰ ਦੂਖਨ ਦੀ ਨਿਆਈਂ ਉਸ ਦਾ ਨਾਸ਼ ਕਰਨ ਲਈ ਤਿਆਰ ਹੈ ”॥

ਇਨਾਂ ਅੰਤ ਦਿਆਂ ਸ਼ਬਦਾਂ ਨੇ ਸਮੂਹਗਨ ਦੇ ਦਿਲਾਂ ਵਿਚ ਕੁਝ ਅਜਿ ਹਾ ਜੋਸ਼ ਭਰ ਦਿਤਾ ਕਿ ਓਹ ਮਾਰੇ ਗੁਸੇ ਦੇ ਥਰ ਥਰ ਕੰਬਨ ਲਗ ਗਏ ਅਭੇ ਉਚੀ ਨਾਰਾ ਮਾਰਕੇ ਏਲੇ “ਨਹੀਂ ! ਨਹੀਂ !! ਜਦੋਂ ਤੀਕ ਅਸੀਂ ਜਾਨਕੀ ਜੀ ਨੂੰ ਰਾਵਨ ਦੇ ਫੰਦੇ ਵਿਚੋਂ ਛੁਡਾ ਨਹੀਂ ਲਿਆਓਂਦੇ ਸਾਡੇ ਲਈ ਆਰਾਮ ਕਰਨਾ ਅਧਰਮ ਹੈ ”॥

ਇਸੇ ਪ੍ਰਕਾਰ ਅੰਗਦ, ਨਲ ਅਰ ਨੀਲ * ਆਦਿਕ ਬਾਨਰਦੀਪ ਦੇ ਹਰਇਕ ਭਾਗ ਵਿਚ ਪ੍ਰਚਾਰ ਕਰ ਸੈਨਾ ਇਕਤ੍ਰ ਕਰਨ ਦਾ ਜਤਨ ਕਰ ਰਹੇ ਸਨ ॥

---

* ਦੇਖੋ ਕਿਸਕਿੰਧਾ ਕਾਂਡ ਪਤ੍ਰਾ ੫੩ ਸੁਰਗ ੩੬ ॥

ਨੋਟ-ਪਾਠਕ ਗਨ ! ਹਨੂਮਾਨ ਜੀ ਦੇ ਵਖਾਖਯਾਨ ਸੁਨਕੇ ਖਵਰੇ ਆਪ ਲੋਕਾਂ ਦੇ ਦਿਲ ਵਿਚ ਇਹ ਖਿਆਲ ਉਤਪੱਨ ਹੋਗਿਆ ਹੋਵੇ ਕਿ ਅਸਾਂ ਨੇ ਇਕ ਨਵੀਨ ਹੀ ਵਿਖਯ ਅਪਨੇ ਦਿਲੋਂ ਘੜਕੇ ਲਿਖ ਦਿਤਾ ਹੈ ਪ੍ਰੰਤੂ ਇਹ ਬਿਲਕੁਲ ਨਹੀਂ ! ਅਸਾਂਨੇ ਕੋਈ ਨਵਾਂ ਵਿਖਯ ਨਹੀਂ ਲਿਖਯਾ ਅਰ ਨ ਹੀ ਐਸੀ ਮੰਦ੍ਰ ਪੁਸਤਕ ਦੇ ਪਵਿਤ੍ਰ ਵਿਖਯ ਵਿਚ ਕੋਈ ਹੱਥ ਹਿਲਾਨਾ ਚਾਹੁੰਦੇ ਹਾਂ ਅਸਾਂ ਤਾਂ ਕੇਵਲ ਬਾਲਮੀਕ ਜੀ ਦੇ ਇਨਾਂ ਸਾਦ੍ਰ ਭਰੇ ਸ਼ਬਦਾਂ ਦੀ ਜੋ ਅਮੋਲਕ ਹੀਰੇ ਦੀ ਨਿਆਈਂ ਚਮਕ ਰਹੇ ਹਨ ਭਾਵ ਕੀਤਾ ਹੈ ਦੇਖੋ (ਬਾਲਮੀਕੀ ਰਾਮਾਇਣ ਕਿਸਕਿੰਧਾ ਕਾਂਡ ਪਤ੍ਰਾ ੫੩ ਸੁਰਗ ੩੬) ਭਾਵੇਂ ਇਸ ਵਿਚ ਸਾਫ ਸ਼ਬਦਾਂ ਵਿਚ ਇਹ ਨਹੀਂ ਲਿਖਿਆ ਹੈ ਪ੍ਰੰਤੂ ਜੇਕਰ ਆਪ ਜਰਾ ਧਿਆਨ ਨਾਲ ਇਸ ਸੁਰਗ ਨੂੰ ਪੜ੍ਹੋ ਅਰ ਵਿਚਾਰ ਕਰੋ ਤਾਂ ਆਪਨੂੰ ਮਲੂਮ ਹੋਜਾਵੇਗਾ ਕਿ ਅਸਲ ਮਤਲਬ ਇਸਦਾ ਕੀ ਹੈ। ਸੁਰਗ ੩੭ ਪਤ੍ਰਾ ੫੪ ਦੀ ਚੌਥੀ ਸਤ੍ਰ ਵਿਚ ਜੋ ਸ਼ਬਦ

Original with:
Language Department Punjab
Digitized by:
Panjab Digital Library

(ਅਠਤੀਵਾਂ ਧਿਆਯ)

—:o:—

ਜਾਓ ਈਸ਼ੂਰ ਤੁਹਾਡੀ ਸਰਾਇਤਾ ਕਰਨ ॥

ਸ਼ਹਰ ਕਿਸਕਿੰਧਾ ਦੇ ਉਸ ਲੰਮੇ ਚੌੜੇ ਮਦਾਨ ਵਿਚ ਜ ਪੰਪਾ ਛੰਬ ਦੇ ਦਖਨ ਪੂਰਬ ਵਿਚ ਵਸਦਾ ਹੈ ਅਰ ਜਿਥੇ ਬਹੁਤ ਵਸੋ ਵਸਦੀ ਸੀ ਅਜ ਕੁਝ ਹੋਰਦਾ ਹੋਰ ਹੀ ਰੰਗ ਢੰਗ ਬਨਿਆ ਹੋਇਆਂ ਦਿਸਦਾ ਹੈ ਜਿਥੋਂ ਤੀਕਰ ਨਜਰ ਕੰਮ ਕਰਦੀ ਹੈ ਮਨੁਖ ਹੀ ਮਨੁਖ ਨਜਰ ਆਉਂਦੇ ਹਨ ਅਰ ਸੈਂਕੜੇ ਤੰਬੂ ਕਨਾਤਾਂ ਲਗੇ ਹੋਏ ਹਨ ਘੋੜਿਆਂ ਦੇ ਹਿਨਕਨ ਦੀ ਆਵਾਜ ਨਾਲ ਸਾਰਾ ਮੈਦਾਨ ਗੂੰਜ ਰਿਹਾ ਹੈ ਅਰ ਜਗਾਂ ਜਗਾਂ ਰੰਗ ਬਰੰਗੀ ਫਰੇਰੇ ਹਵਾ ਵਿਚ ਉਡਦੇ ਹੋਏ ਦਿਸ ਰਹੇ ਹਨ । ਜਿਨਾਂ ਨੂੰ ਦੇਖਕੇ ਵੈਦਿਖ ਤਿਆਰ ਕਹਿਨਾ ਪੈਂਦਾਂ ਹੈ ਕਿ ਕਿਸੇ ਸ਼ਤ੍ਰ ਨੇ ਬਾਲੀ ਦਾ ਪ੍ਰਲੋਕ ਗਮਨ ਸੁਨਕੇ ਕਿਸਕਿੰਧਾ ਤੇ ਚੜਾਈ ਕੀਤੀ ਹੈ ॥

ਅਵਸ਼ਜ ਇਹ ਸਾਂਝ ਵਿਚਾਰ ਠੀਕ ਹੈ ਕਿਉਂ ਕਿ

ਰਾਜਾ ਪੁਤ੍ਰ ਅਰ ਕਈ ਗ੍ਰੰਥ ਲਿਖੇ ਹੋਏ ਹਨ ਇਸ ਤੋਂ ਸਾਫ਼ ਮਲੂਮ ਹੁੰਦਾ ਹੈ ਕਿ ਬੜੇ ੧ ਲੋਕ ਅਰ ਵਿਦਵਾਨ ਜਨ ਮਹਾ ਰਾਜਾ ਰਾਮਚੰਦ੍ਰ ਜੀ ਦੇ ਨਾਲ ਜੁਧ ਲੰਕਾਵਿਚ ਨਾਲ ਸਨ ਬਾਲਮੀਕੀ ਰਾਮਾਇਣ ਆਰਨਜ ਕਾਂਡ ਸੁਰਗ ੪੦ ਪਤ੍ਰਾ ਪਏ ਵਿਚ ਮਾਰੀਚ ਦੇ ਹਾਲ ਤੋਂ ਕਿ ਰਾਵਨਦੇ ਨਾਂ ਕੇਵਲ ਅਨਯ ਜ਼ਾਤੀਆਂ ਇਸਦੇ ਵਿਰੁਧ ਹੋਗਈਆਂ ਸਨ ਇਥੋਂ ਤੀਕ ਕਿ ਉਸਦੀ ਪੂਜਾ ਭੀ ਉਸ ਤੋਂ ਤੰਗ ਆਈ ਹੋਈ ਸੀ ॥

Original with:
Language Department Punjab
Digitized by:
Panjab Digital Library

ਓਹ ਦੇਖੋ ਤਲਵਾਰਾਂ ਚਮਕ ਚਮਕ ਅਰ ਨੇਜੇ ਅਰ ਬਰਛੀਆਂ ਖੂਨ ਭਰੀਆਂ ਜੀਭਾਂ ਕਢ ੨ ਦੇਖਨ ਵਾਲੇ ਦਾ ਦਿਲ ਕੰਪਾਏ-ਵਾਨ ਕਰ ਰਹੀਆਂ ਹਨ । ਅਰ ਸੂਰਮੇ ਸਿਪਾਹੀ ਇਨਾਂ ਨੂੰ ਦੇਖ ੨ ਮਿਆਨਾਂ ਵਿਚ ਪਾ ਰਹੇ ਹਨ ਅਰ ਓਹ ਜਵਾਨ ਅਫਸਰ ਜੋ ਇਕ ਹੱਥ ਨਾਲ ਅਪਨੀਆਂ ਮੁਛਾਂ ਨੂੰ ਤਾ'ਓ ਦੇ ਰਿਹਾ ਹੈ ਦੂਸ੍ਰੇ ਨਾਲ ਕਿਸਕਿੰਧਾ ਦੀ ਵਲ ਮੈਨਤ ਕਰਕੇ ਅਪਨੇ ਸਿਪਾ-ਹੀਆਂ ਨੂੰ ਕੁਝ ਕਹ ਰਿਹਾ ਹੈ ਮਾਨੋ ! ਇਸ ਪ੍ਰਕਾਰ ਕਿ ਸਾਡੇ ਵਿਚਾਰ ਨੂੰ ਸਚਿਯਾਂ ਜਤਾ ਰਿਹਾ ਹੈ ਉਫ ! ਸੁਗ੍ਰੀਵ ਵਿਚਾਰੇ ਉਤੇ ਕਿਹੀ ਮੁਸੀਬਤ ਪੈ ਗਈ ਓਹਤਾਂ ਮਹਾਰਾਜਾ ਰਾਮਚੰਦ੍ਰ ਜੀ ਦੀ ਸਹਾਇਤਾ ਵਿਚ ਲਗਾ ਹੋਇਆ ਸੀ ਇਹ ਥਲਾ ਕਿਥੋਂ ਪਏ ਗਈ ?

ਪਾਠਕ ਗਨ ! ਬੜੇ ਅਚੰਭੇ ਅਰ ਤਜੁਬ ਨਾਲ ਸਾਡੀ ਨਿਗਾਹ ਅਖਾਂ ਤੋਂ ਨਿਕਲ ੨ ਕੇ ਉਸ ਮਾਮੂਲੀ ਜਹੀ ਵਸੋਂ ਤੇ ਪੈ ਰਹੀ ਸੀ ਅਰ ਦਿਲ ਵਿਚ ਕਈ ਪ੍ਰਕਾਰ ਦੇ ਵਿਚਾਰ ਉਤਪੰਨ ਹੋ ੨ ਕੇ ਚਿੰਤਾਤੁਰ ਬਨਾ ਰਹੇ ਸਨ ਕਿ ਅਚਾਨਕ ਉਸ ਤੰਬੂ ਨੂੰ ਦੇਖਨ ਤੋਂ ਜੋ ਬੋਹੜ ਦੇ ਦ੍ਰਖ਼ਤ ਦੇ ਸ਼ਜੇ ਪਾਸੇ ਗਡਿਆ ਹੋਇਆ ਹੈ ਸਾਡੇ ਮੁਰਝਾਏ ਹੋਏ ਦਿਲ ਨੂੰ ਕੁਝ ਢਸਲੀ ਜਿਹੀ ਹੋ ਗਈ ਹੈ ਕਿਉਂ ਕਿ ਉਸ ਵਿਚ ਸਾਡੇ ਅਪਨੇ ਬਹਾਦੁਰ ਜਰਨੈਲ ਦੇ ਹੋਨੇ ਦਾ ਭਰਮ ਪੈਦਾਂ ਹੈ ਆਹਾ ! ਓਹ ਦੇਖੋ ਹਨੂਮਾਨ ਬੜੇ ਮਾਨ ਸਹਿਤ ਰਾਜਾ ਰੀਂਦਮ ਆਵਨ ਨੂੰ ਮਿਲਕੇ ਹੁਨ ਗਜ ਨੂੰ ਮਿਲ ਰਿਹਾ ਹੈ । ਹੈ ! ਓਹ ਲੌ !! ਮਹਾਰਾਜਾ ਰਾਮਚੰਦ੍-ਲਛਮਨ ਅਰ ਸੁਗ੍ਰੀਵ ਆਦਿਕ ਭੀ ਉਸ ਬੜੇ ਤੰਬੂ ਤੋਂ ਨਿਕਲੇ ਹਨ ਜੋ ਰਾਜਾ ਸਾਮਵੰਤ ਅਰ ਸੁਖੈਨ ਦੇ ਤੰਬੂ ਦੇ ਵਿਚਘਾਰ ਲਗਾ ਹੋਇਆ ਹੈ । ਭਾਵੇਂ ਇਹ ਤੰਬੂ ਰਾਜਾ ਇੰਦ੍ ਜਾਨੋਂ ਦਾ ਹੈ ਅਰ ਮਲੂਮ ਹੁੰਦਾ ਹੈ ਕਿ ਇਹ ਸਭ ਲੋਗ ਯੁਧ ਲੰਕਾ ਦੇ ਲਈ ਤਿਆਰ ਹੋਕੇ ਆਏ ਹਨ ਕਿਉਂ ਕਿ ਰਾਮਚੰਦ੍ ਜੀ ਹਰ ਇਕ ਰਾਜੇ ਨੂੰ ਮਿਲਕੇ ਉਸਦੀ ਸੈਨਾਂ ਨੂੰ ਦੇਖ ਦੇ

Original with:
Language Department Punjab
Digitized by:
Panjab Digital Library

ਹੋਏ ਜਾ ਰਹੇ ਹਨ ਅਰ ਜਿਸ ਪਾਸੇ ਨਿਗਾਹ ਕਰਦੇ ਹਨ ਲੋਕਾਂਦੇ ਸਿਰ ਨਿਉਂਦੇ ਜਾਂਦੇ ਹਨ ਜਦੋਂ ਸਾਰੀ ਸੈਨਾਂ ਨੂੰ ਦੇਖ ਚੁਕੇ ਤਾਂ ਰਾਜਾ ਇੰਦ੍ਰਜਾਨੋਂ ਦੇ ਤੰਬੂ ਵਿਚ ਜੋ ਹੋਰਨਾਂ ਨਾਲੋਂ ਜਰਾ ਖੁਲਾ ਹੈ ਮੁੜਕੇ ਆਏ ਅਰ ਇਸ ਪ੍ਰਕਾਰ ਬਾਤ ਚੀਤ ਕਰਨ ਲਗੇ ॥

ਸੁਗ੍ਰੀਵ–(ਮਹਾਰਾਜਾ ਰਾਮਚੰਦ੍ ਜੀ ਨੂੰ) " ਮਹਾਰਾਜ ਉਸ ਦੁਸ਼ਟ ਬੇਸਮਝ ਰਾਵਣ ਨੂੰ ਸਜਾ ਦੇਨ ਦੇ ਲਈ ਹਰ ਇਕ ਰਾਜਾ ਕਮਰ ਕਸੀ ਤਿਆਰ ਹੈ ਅਰ ਹੁਨ ਆਪ ਦੀ ਆਗਜਾ ਦੀ ਡੇਰੀ ਹੈ "

ਰਾਮਚੰਦ੍–(ਕੁਝ ਚਿਰ ਸੋਚਨ ਦੇ ਪਿਛੋ) ' ਸੁਗ੍ਰੀਵ ! ਸਾਡਾ ਖਿਆਲ ਹੈ ਕਿ ਪਹਿਲੇ ਕਿਸੇ ਨੂੰ ਭੇਜਕੇ ਇਹ ਮਲੂਮ ਕਰ ਲਿਆ ਜਾਵੇ ਕਿ ਸੀਤਾ ਜੀ ਕਿਸ ਦਸ਼ਾ ਵਿਚ ਹੈਨ ? ਅਰ ਰਾਵਣ ਉਸਦੀ ਬਾਬਤ ਕੀ ਖਿਆਲ ਕਰਦਾ ਹੈ ? ਜੇਕਰ ਓਹ ਸੀਤਾ ਜੀ ਨੂੰ ਹੁਨ ਭੀ ਭੇਜ ਦੇਵੇ ਅਰ ਅਪਨੀ ਭੁਲ ਦੀ ਬਖਸ਼ੀਸ਼ ਕਰਾ ਲਵੇ ਤਾਂ ਅਸੀ ਭੀ ਜਿਸ ਲੜਾਈ ਦੇ ਟ ਬਖੇੜੇ ਨੂੰ ਜਾਨ ਦਿਆਂ ਗੇ ਕਿਉਂ ਕਿ ਜੁਧ ਵਿਚ ਦੋਹਾਂ ਪਾਸਿਆਂ ਨੂੰ ਚਲ ਤੇ ਤੰਗੀ ਹੋਵੇ ਗੀ ਅਰ ਮੁਫਤ ਵਿਚ ਖੂਨ ਖਰਾਬੀ ਹੋਵੇਗੀ ॥

ਸੁਗ੍ਰੀਵ–(ਹੱਥ ਜੋੜਕੇ) " ਮਹਾਰਾਜ ਓਹ ਬੜਾ ਪੈਕਾਰੀ ਪੁਰਖ ਹੈ ਬਿਨਾਂ ਆਪਨੇ ਹਠ ਤੋਂ ਤਾਂ ਓਹ ਕੁਝ ਜਾਨਦਾ ਹੀ ਨਹੀਂ !

ਰਾਮਚੰਦ੍–ਨਹੀਂ ਬਾਜੇਵੇਲੇ ਮਨੁਖ ਕ੍ਰੋਧਵਾਨੀ ਦਸ਼ਾ ਵਿਚ ਓਹ ਗਲਾਂ ਕਰ ਬੈਠਦਾ ਹੈ ਜਿਨਾਂਦਾ ਓਹ ਨੂੰ ਸੁਪਨੇ ਮਾਤ੍ ਭੀ ਖਿਆਲ ਨਹੀਂ ਹੁੰਦਾ !! ਹੋਸਕਦਾ ਹੈ ਕਿ ਸ੍ਰੂਪਨਖਾ ਨੇ ਉਸਦੇ ਭੋਗਨ ਦੀ ਅਗਨੀ ਨੂੰ ਭੜਕਾ ਦਿਤ ਹੋਵੇ ਅਰ ਉਸਨੇ ਕ੍ਰੋਧ ਵਿਚ ਆਕੇ ਇਸ ਪ੍ਰਕਾਰ ਇਹ ਗਲ ਕੀਤੀ ਹੋਵੇ ਅਰ ਹੁਨ ਓਹਦੇ ਖਿਆਲ ਉਲਟ ਪੁਲਟ ਹੋਗਏ ਹੋਵਨ ?"

Original with:
Language Department Punjab
Digitized by:
Panjab Digital Library

ਸਭ ਰਾਜਾ ਲੋਕ ਇਕ ਜਬਾਨ ਹੋਕੇ " ਮਹਾ ਰਾਜ ਆਪਦਾ ਖਿਆਲ ਠੀਕ ਹੈ ਪੰਤੂ ਓਹ ਅਜਿਹਾ ਹਠੀ ਹੈ ਕਿ ਸੋਚ ਵਿਚਾਰ ਨੂੰ ਭਾਂ ਨੇੜੇ ਹੀ ਨਹੀਂ ਔਣ ਦੇਂਦਾ ਅਰ ਨਾਹੀ ਕਿਸੇ ਨੂੰ ਹੌਸਲਾਂ ਪੈਦਾ ਹੈ ਜੋ ਉਸ ਪਾਪੀ ਜਾਲਮ ਨੂੰ ਇਸ ਗਲ ਤੋਂ ਮੋੜੇ "

ਇਨਾਂ ਗਲਾਂ ਨੂੰ ਸੁਨਕੇ ਰਾਮਚੰਦ੍ ਜੀ ਬੜੇ ਚਿੰਤਾਵਾਨ ਹੋਗਏ ਅਰ ਸਮੂਹ ਗਨ ਤੇ ਮੌਕ ਘਟਾ ਛਾ ਗਈ ਥੋੜਾ ਚਿਰ ਆਪ ਸਿਰ ਨੀਵਾਂ ਕਰ ਕੁਝ ਸੋਚਦੇ ਰਹੇ ਫੇਰ ਕਹਿਨ ਲਗੇ ਨਹੀਂ ! ਨਹੀਂ !! ਇਹ ਮੁਨਾਸਿਬ ਨਹੀਂ ਪਹਿਲੇ ਅਵਖਜ ਕਿਸੇ ਨੂੰ ਭੇਜਨਾਂ ਚਾਹੀਏ ॥

ਸੁਗ੍ਰੀਵ ਅਰ ਹੋਰਨਾਂ ਸਭਨਾਂ ਰਾਜਿਆ ਨੇ ਚਿੰਭਾਤੁਰ ਹੋਕੇ ਹਨੂਮਾਨ ਜੀ ਦੀ ਵਲ ਸੈਨਤ ਕੀਤੀ ਅਰ ਕਿਹਾ " ਮਹਾਰਾਜ ਇਨਾਂ ਦੇ ਬਗੈਰ ਹੋਰ ਕੋਈ ਅਜਿਹਾ ਨਜਰ ਨਹੀਂ ਆਓਂਦਾ ਜੋ ਇਸ ਕੰਮ ਨੂੰ ਪੂਰਾ ਕਰ ਸਕੇ ਕਿਉਂਕਿ ਇਕ ਤਾਂ ਇਹ ਕਿ ਵੇਦ ਸ਼ਾਸ਼ਤ੍ਰ ਦੇ ਗਯਾਤਾ * ਪੰਡਿਤ ਹਨ ਜੋ ਗਲ ਕਰਨਗੇ ਸੋਚ ਵਿਚਾਰ ਕੇਰ ਕਰਨਗੇ ਦੂਜਾ ਇਹ ਕਿ ਰਾਵਨ ਦੀ ਆਦਤ ਅਰ ਲੰਕਾ ਦੇ ਹਰ ਇਕ ਗਲੀ ਕੂਚੇ ਤੋਂ ਵਾਕਿਫ ਹਨ ॥

ਰਾਮਚੰਦ੍ ਜੀ ਸੁਗ੍ਰੀਵ ਦੀ ਇਹ ਗਲ ਬਾਤ ਸੁਨਕ ਬੜੇ ਪ੍ਰਸੰਨ ਹੋਏ ਅਰ ਹਨੂਮਾਨ ਜੀਨੂੰ ਅਪਨੀ ਮੁੰਦ੍ਰੀ ਉਤਾਰ ਕੇ ਦਿਤੀ ਅਰ ਕਿਹਾ ॥

" ਇਹ ਮੁੰਦ੍ਰੀ ਸੀਤਾ ਜੀ ਨੂੰ ਦੇ ਸਾਡੀ ਖੇਮ ਕੁਸ਼ਲ ਕਹਿਨਾ ਅਰ ਉਨਾਂ ਨੂੰ ਧੀਰਜ ਦੇਕੇ ਛੇਤੀ ਮੁੜਕੇ ਆਓਨਾ "

ਹਨੂਮਾਨ–"ਮਹਾਰਾਜ ਭਾਵੇਂ ਮੈਂ ਅਪਨੇ ਆਪਨੂੰ ਇਸ ਲੈਕ ਨਹੀਂ ਸਮਝਦਾ ਜਿਹਾ ਕਿ ਸੁਗ੍ਰੀਵਨੇ ਕਥਨ ਕੀਤਾਹੈ ਪਰ ਆਪਦੇ ਚਰਨਾਂ ਦੀ ਕ੍ਰਿਪਾ ਨਾਲ ਇਸ ਕੰਮ ਨੂੰ ਪੂਰਾ

---

* ਦੇਖੋ ਬਾਲਮੀਕੀ ਰਾਮਾਇਣ ਪੜ੍ਹਾ ੬੦ ਸੁਰਗ ੪੧ ॥

Original with:
Language Department Punjab
Digitized by:
Panjab Digital Library

ਕਰਨ ਲਈ ਜਤਨ ਕਰਾਂਗਾ ਇਹ ਕਹਕੇ ਮੁੰਦ੍ਰੀ ਪਗੜ ਲਈ ਅਰ ਰਾਮਚੰਦ੍ ਜੀਦੇ ਚਰਨਾਂ ਤੇ ਆਪਨੇ ਸਿਰ ਨੂੰ ਰਖਕੇ ਨਾਮ ਕਰ ਪ੍ਰਨਾਮ ਕਰਨ ਲਗਾ ਪਰ ਉਨਾਂ ਨੇ ਛੇਤੀ ਨਾਲ ਚੁਕ ਕੇ ਛਾਤੀ ਨਾਲ ਲਾ ਲਿਆ ਅਰ ਬੋਲੇ " ਅਛਾ ਭਾਈ ਜਾਓ ! ਈਸ਼੍ਵਰ ਤੁਹਾਡੀ ਸਹਾਇਤਾ ਕਰੇ "

ਸਦ ਹਨੂਮਾਨ ਚਲਨ ਲਈ ਤਿਆਰ ਹੋਇਆ ਤਾਂ ਸੁਗ੍ਰੀਵ ਨੇ ਕੁਝ ਸੋਚਕੇ ਅੰਗਦ, ਗਜ,ਤਾਰਾ, ਗੰਧਮਾਦਨ-ਜਾਮਵੰਤ ਅਰ ਸਰਭ ਨੂੰ ਅਪਨੀ ਵਲ ਕਰਕੇ ਕਿਹਾ । ਆਪ ਲੋਕ ਹਨੂਮਾਨ ਦੇ ਨਾਲ ਜਾਓ ਛਾ ਅਛਾ ਹੈ ਨਾ ਜਾਨੀਏ ਕਿਧ੍ਰੇ ਇਨਾਂ ਨੂੰ ਮਦਤ ਲੈਨ ਦੀ ਜਰੂਰਤ ਪੈ ਜਾਏ । ਪ੍ਰੰਤੂ ਪਹਿਲਾਂ ਇਸਦੇ ਕਿ ਆਪ ਲੰਕਾਂ ਦੀ ਵਲ ਆਂਖਾਂ ਕਰੋ ਪਹਿਲੇ ਸਭ ਤੋਂ ਕੁਵੇਰ ਦੇ ਮਕਾਨ ਪੋਹ ਕਰਸ-ਸਿੰਧਦੇਸ਼-ਗਾੜਾਨਦੀ ਅਰ ਮੈਨਾਕ ਪਰਬਤ ਤੇ ਜਾਨਾ ਕਿਉਂ ਕਿ ਰਾਵਨ ਇਨਾਂ ਜਗਾਂ ਤੇ ਭੀ ਔਦਾਂ ਜਾਂਦਾ ਹੈ ਇਸ ਵਿਚ ਕੋਈ ਸੰਦੇਹ ਨਹੀਂ ਕਿ ਸੀਤਾ ਜੀ ਓਥੇ ਮਿਲ ਜਾਵਨ ਅਰ ਸਾਡੀਆਂ ਮਨੋ ਕਾਮਨਾਂ ਪੂਰੀਆਂ ਹੋ ਜਾਨ "

ਇਹ ਸੁਨਦਿਆਂ ਹੀ ਸਭਨਾਂ ਨੇ ਵਾਰ ਵਾਰੀ ਰਾਮਚੰਦ੍ ਜੀਦੇ ਚਰਨਾਂ ਤੇ ਅਪਨਾ ਸਿਰ ਰਖਕੇ ਪ੍ਰਨਾਮ ਕੀਤਾ ਅਰ ਅਖੀਰ ਵਾਦ ਲਈ ਅਰ ਸੁਗ੍ਰੀਵ ਨੂੰ ਸੀਸ਼ ਨਵਾ ਪ੍ਰਨਾਮ ਕਰ ਓਥੋਂ ਤੁਰ ਪਏ। ਪ੍ਰੰਤੂ ਸ਼ੋਕ ਕਿ ਇੰਨੀ ਦੂਰੋ ਪੈਂਡਾਂ ਮਾਰ ਯਾਤ੍ਰਾ ਕਰ ਅਰ ਰਸਤੇ ਦੀਆਂ ਤਕਲੀਫ਼ਾਂ ਝਲ ਟਿਕਾਨੇ ਸਿਰ ਪਹੁੰਚੇ ਤਾਂ ਹਰਾਂਨੀ ਪ੍ਰੇਸ਼ਾਨੀ ਅਰ ਚਿੰਤਾ ਤੋਂ ਸਿਵਾ ਹੋਰ ਕੁਝ ਨਾ ਪ੍ਰਾਪਤ ਹੋਇਆ । ਭਾਂਰ,ਅੰਗਦ, ਜਾਮਵੰਤ ਨੇ ਹੱਥ ਪੈਰ ਢਿਲੇ ਛਡ ਦਿਤੇ ਅਰ ਗੰਧਮਾਦਨ ਮਥੇ ਤੇ ਹੱਥ ਰਖਕੇ ਬੈਠ ਗਿਆ ਇਨਾਂ ਦੀ ਇਹ ਦਸ਼ਾ ਦੇਖ ਕੇ ਹਨੂਮਾਨਜੀ ਬੋਲੇ (ਉਚੀ ਪੁਕਾਰ ਕੇ) ਯਾਰੋ ! ਤੁਹਾ ਨੂੰ ਇਸ ਦਿਸ਼ਾਂ ਵਿਚ ਦੇਖਕੇ ਮੈਂ ਹੈਰਾਨ ਹੋ ਰਿਹਾ ਹਾਂ ਜੇ ਤੁਹਾਡੇ ਹੌਸਲੇ ਇਨੇਹੀ ਅਜੇ ਢੈਗਏ ਹਨ ਤਾਂ ਅਗੇ ਅਜੇ ਕੀ ਕਰੋ ਗੇ ? ਜਰਾ ਧਿਆਨ ਤਾਂ ਕਰੋ

Original with:
Language Department Punjab
Digitized by:
Panjab Digital Library

ਭੁਸੀ ਲੱਗ ਉਸਦੀ ਢੂੰਢ ਲਈ ਨਿਕਲੇ ਹੋ ਜਿਸਦੇ ਰਹਿਨ ਬਹਿਨ ਦਾ ਕੋਈ ਥਾਂ ਟਿਕਾਨਾਂ ਨਹੀਂ ਦਸਿਆ ਗਿਆ ਕੁਝ ਪ੍ਰਵਾਹ ਨਹੀਂ ਜੇਕਰ ਇਥੇ ਨਾ ਕੰਮ ਬਨਿਆ ਤਾਂ ਅਜੇ ਮੈਨਾਕ ਪ੍ਰਬਤ ਬਾਕੀ ਹੈ ਓਥੇ ਦੇਖਾਂਗੇ ਲੰਕਾ ਵਿਚ ਢੂੰਢਾਂਗੇ । ਜੇਕਰ ਕਰਮਾਂ ਨੇ ਓਥੇ ਭੀ ਹਾਰ ਦਿਤੀ ਤਾਂ ਫੇਰ ਕਿਸੇ ਹੋਰ ਜਗਾਂ ਦੀ ਫਿਕਰ ਕਰਾਂਗੇ ਪ੍ਰੰਤੂ ਯਾਦ ਰੱਖੋ ਬਿਨਾਂ ਢੂੰਢ ਭਾਲ ਕੀਤਿਆਂ ਤੋਂ ਅਸੀਂ ਭੀ ਪਿਛਾਂ ਨਹੀਂ ਮੁੜਾਂਗੇ ਭਾਵੇਂ ਕੁਝ ਭੀ ਕਿਉਂ ਨਾ ਹੋਜਾਏ ਬਹਾਦਰੋ ! ਭਾਵੇਂ ਕਿਡੀ ਤੋਂ ਕਿਡੀ ਕਠਨਤਾਈ ਕਿੰਉਂ ਨਾ ਹੋਵੇ ਜੇਕਰ ਹਠ ਅਰ ਦਲੇਰੀ ਨਾਲ ਕੰਮ ਕਢਿਆਂ ਜਾਏ ਤਾਂ ਜਰੂਰ ਕੰਮ ਪੂਰਾ ਹੋ ਜਾਂਦਾ ਹੈ ਤੁਸੀ ਭੀ ਹਿੰਮਤ ਨਾਲ ਕੰਮ ਪੂਰਾ ਕਰਨ ਦਾ ਜਤਨ ਕਰੋ ਸਿਆਨਿਆਂ ਦਾ ਕੰਮ ਨਹੀਂ ਕਿ ਘਬਰਾ ਜਾਨ ਹਨੂਮਾਨ ਜੀ ਦੀਆ ਗਲਾਂਨੇ ਇਨਾਂ ਬੇਸ਼ਕਤਾਂ ਦਿਲਾਂ ਵਿਚ ਕੁਝ ਆਸਿਹਾ ਜੋਸ਼ ਉਨਾਂ ਦੇ ਵਿਚਾਤ ਇਕੋ ਦਮ ਹੋਰ ਦੇ ਹੋਰ ਹੋ ਗਏ ਚਿੰਤ ਦੇ ਨਿਸ਼ਾਨ ਜੋ ਮੁਖਾਂ ਤੋਂ ਦਿਸ ਰਹੇ ਸਨ ਜਾਂਦੇ ਰਹੇ ਅਰ ਓਹ ਸਭੇ ਜਨੇ ਉਚੀ ਨਾਰਾ ਮਾਰ ਕੇ ਕਹਿਨ ਲਗੇ "ਨਹੀਂ ! ਨਹੀਂ !! ਅਸੀ ਕਮ ਹਿੰਮਤੇ ਨਹੀਂ ਹਾਂ ਜਿਹਾ ਕਿ ਤੁਸੀਂ ਜਾਨਦੇ ਹੋ ਬੇਸ਼ਕ ਜਦ ਤਕ ਸੀਤਾ ਜੀਦਾ ਪਤਾ ਨਹੀਂ ਮਿਲਦਾ ਤਦ ਤੀਕ ਸਾਡੇ ਲੋਕਾਂ ਨੂੰ ਭੀ ਚੈਨ ਨਹੀਂ ਆਓਂਦਾ ॥

ਇਹ ਕਿਹਾ ਅਰ ਓਂਥੋਂ ਅਗੇ ਨੂੰ ਤੁਰ ਪਏ ਜਦ ਮੈਨਾਕ ਪਰਬਤ ਪਾਵਤ ਕਸ਼ਿਲਾ ਤੇ ਪਹੁੰਚੇ ਤਾਂ ਇਨਾਂ ਨੂੰ ਅਦਭੁਤ ਬਨੇ ਹੋਏ ਮਕਾਨਾਂ ਦੇ ਨਿਸ਼ਾਨ ਦਿਖਾਈ ਦਿਤੇ ਪ੍ਰੰਤੂ ਉਨਾ ਮਕਾਨਾਂ ਨੂੰ ਜਾਨ ਦਾ ਰਸਤਾ ਕਿਧ੍ਰੇ ਨਾ ਦਿਸਿਆ ਤਾਂ ਦਿਲ ਵਿਚ ਖਿਆਲ ਗੁਜਰਿਆ ਕਿ ਸੀਤਾ ਇਥੇ ਜਰੂਰ ਹੋਵੇਗੀ ਇਸ ਖਿਆਲ ਨ ਉਨਾਂ ਦੇ ਚਾਂਤ੍ਰਕ ਨਿਗਾਹ ਨੂੰ ਹੋਰ ਭੀ ਦੂਨਾਂ ਵਧਾ ਦਿਤਾ ਅਰ ਓਹ ਬੜੀ ਤੇਜੀ ਅਰ ਦਲੇਰੀ ਨਾਲ ਇਧਰ ਓਧਰ ਢੂੰਢਨ ਲਗੇ ਇਧਰ ਓਧਰ ਫਿਰਦਿਆਂ ਫਿਰਦਿਆਂ ਬੜੇ ਮੁਸ਼ਕਲ ਨਾਲ ਇਕ ਬੜੀ ਤੰਗ ਅਰ ਅੰਨੇਰੀ

Original with:
Language Department Punjab
Digitized by:
Panjab Digital Library

ਸੁਰੰਗ ਨਸਰ ਆਈ ਜੋ ਪਹਾੜਾਂ ਨੂੰ ਕਟ ਕੇ ਆਪ ਬਨਾਈ ਹੋਈ ਸੀ ਅਰ ਉਨਾਂ ਮਕਾਨਾਂ ਵਿਚ ਜਾਨਦਾ ਨਿਸ਼ਚਯ ਕਰਾਂਦੀ ਸੀ । ਉਸਨੂੰ ਦੇਖਦੇ ਹੀ ਸਭ ਖ਼ੁਸ਼ੀ ਨਾਲ ਕੁਦ ਪਏ ਅਰ ਬੜੀ ਪਸੰਨਤਾਈ ਨਾਲ ਇਸਦੇ ਅੰਦਰ ਚਲੇ ਗਏ ਕਿ ਰਾਵਣ ਨੇ ਜਰੂਰ ਸੀਤਾ ਜੀ ਨੂੰ ਇਥੇ ਹੀ ਲੁਕਾ ਕੇ ਰਖਿਆ ਹੋਵੇਗਾ ਸਦ ਕੁਝ ਦੂਰ ਇਸ ਸੁਰੰਗ ਦੇ ਅੰਦਰ ਚਲੇ ਗਏ ਤਾਂ ਅੰਨੇਰਾ ਅਤਿ ਕਰਕੇ ਬਹੁਤ ਵਧ ਗਿਆ ਅਰ ਅਜਿਹਾ ਘੁਪ ਘੋਰ ਹੋ ਗਇਆ ਕਿ ਓਹ ਆਪੋ ਵਿਚ ਇਕ ਦੂਜੇ ਨੂੰ ਭੀ ਨਾ ਦੇਖ ਸਕਦੇ ਸਨ ਪੈਰ ਠੋਕਰਾਂ ਖਾ ਖਾਕੇ ਹੋਰ ਭੀ ਸ਼ਰਮਿਦਿਆਂ ਕਰ ਰਹੇ ਸਨ ਬੇਹੋਥੀ ਅਰ ਘਬਰਾਹਟ ਕਾਲ ਦਾ ਸਨੇਹਾ ਦੇ ਰਹੀ ਸੀ ਦਿਲ ਘਬਰਾ ੨ ਕੇ ਹੱਥਾਂ ਵਿਚ ਉਛਲ ਰਿਹਾ ਸੀ ਜੀਵਨ ਦੀਆਂ ਘੜੀਆਂ ਕੋਈ ਪਲ ਭਰ ਦੀਆਂ ਪਰਾਹੁਨੀਆਂ ਦਿਸਦੀਆਂ ਸਨ ਪ੍ਰੰਤੂ ! ਸਾਡਾ ਬਹਾਦਰ (ਹਨੂਮਾਨ) ਇਨਾਂ ਸਭਨਾਂ ਦਾ ਹੌਸਲਾ ਵਧਾਓਦਾ ਹੋਇਆ ਅਗੋ ਅਗੋ ਸ਼ੇਰ ਨਰ ਦੀ ਨਿਆਈਂ ਜਾ ਰਿਹਾ ਸੀ ਕਿ ਉਂਏ ਹੀ ਕੁਝ ਚਾਨਨ ਜਿਹਾ ਮਲੂਮ ਪਇਆ ਅਰ ਇਨਾਂ ਦੇ ਟੁਟੇ ਹੋਏ ਦਿਲਾਂ ਨੂੰ ਕੁਝ ਧੀਰਜ ਹੋਈ ਤਾਂ ਕਦਮ ਭੀ ਬੜੀ ਫੁਰਤੀ ਨਾਲ ਅਗੇ ਪੈਨ ਲਗਾ ਅਰ ਥੋੜੇ ਚਿਰ ਵਿਚ ਇਹ ਸਭ ਚਨਨੇ ਵਿਚ ਪਹੁੰਚ ਗਏ ਆਹਾ ! ਇਥੋ ਦੀ ਸੋਭਾ ਦੇਖ ਕੇ ਸਭ ਤਕਲੀਫਾ ਭੁਲ ਗਈਆਂ ਅਰ ਓਹ ਇਨਾਂਦੇ ਚਿੰਤਾਤੁਰ ਦਿਲ ਬਦਲੇ ਗਏ-ਹੁਨ ਦੇਖੋ ਇਹ ਸਭੇ ਕਿਸ ਪ੍ਰਕਾਰ ਖ਼ੁਸ਼ੀ ਨਾਲ ਬਾਗ ਦੀ ਸੈਲ ਕਰਦੇ ਹੋਏ ਉਸ ਪਾਸੇ ਨੂੰ ਜਾ ਰਹੇ ਹਨ ਜਿਥੇ ਬੜੀਆਂ ਸੁੰਦ੍ਰ ਅਮਾਰਤਾਂ ਅਪਨੀ ਅਨੋਖੀ ਤਰਾਂ ਅਰ ਮਨ ਹਰਤ ਹੋਨੇ ਦੇ ਕਾਰਨ ਕਿਆ ਹੀ ਸ਼ੋਭਾਇਮਾਨ ਦਿਸ ਰਹੀਆਂ ਹਨ ਇਸ ਅਦਭੁਤ ਸੁੰਦਰ ਮਹਿਲ ਦੇ ਨੇੜੇ ਪਹੁੰਚ ਕੇ ਉਨਾਂ ਨੇ ਇਕ ਬ੍ਰਿਧ ਇਸਤ੍ਰੀ (ਤਾਪਸੀ) ਨੂੰ ਦੇਖਿਆਂ ਜੋ ਮ੍ਰਿਗ ਛਾਲੇ ਉਤੇ ਈਸ਼ੁਰ ਦੀ ਭਜਨ ਬੰਦਗੀ ਵਿਚ ਲਗੀ ਹੋਈ ਸੀ ਅਰ ਥੋੜੀ ਦੂਰ ਤੇ

Original with:
Language Department Punjab
Digitized by:
Panjab Digital Library

ਇਕ ਬੜਾ ਮੁੰਦ੍ ਬਿਵਾਨ * ਪਇਆ ਹੋਇਆਂ ਸੀ ਹਨੂਮਾਨ ਜੀਨੇ ਝੁਕ ਕੇ ਪ੍ਰਨਾਮ ਕੀਤਾ ਅਰ ਉਸ ਇਸਤ੍ਰੀ ਨੇ ਬੜੀ ਹੈਰਾਨੀ ਨਾਲ ਇਨਾਂ ਵਲ ਦੇਖ ਕੇ ਕਹਾ ॥

" ਤੁਸੀ ਕੌਨ ਹੋ ਅਰ ਅਜਿਹੀ ਕਠਨ ਜਗਾਂ ਤੇ ਕਿਸਤ੍ਰਹ ਔਨਾਂ ਹੋਇਆ ? " ਹਨੂਮਾਨ ਜੀ ਨੇ ਮਹਾਰਾਜਾ ਰਾਮਚੰਦ੍ ਜੀ ਦਾ ਦਰਦ ਭਰਿਆਂ ਬ੍ਰਿਤਾਤ ਅਜਿਹੀ ਸ਼ੀਲਤਾਈ ਨਾਲ ਉਸ ਨੂੰ ਕਹ ਸੁਨਾਈਆ ਜਿਸਨੂੰ ਸੁਨਦਿਆਂ ਹੀ ਉਸਦਾ ਸਰੀਰ ਕੰਬ ਉਠਿਆ ਅਰ ਠੰਡਾ ਹਾਹੁਕਾ ਭਰਕੇ ਕਿਹਾ " ਅਛਾ ਬੇਟਾ ਈਸ਼੍ਵਰ ਤੁਹਾਡੀ ਮਨੋ ਕਾਮਨਾਂ ਪੂਰੀ ਕਰੇ ਹੁਨ ਇਹ ਕਿ ਬਿਨਾਂ ਕੁਝ ਰੋਟੀ ਪਾਨੀ ਖੁਆਨ ਦੇ ਮੈਂ ਕੁਝ ਹੋਰ ਨਹੀ ਸਹਾਇਤਾਂ ਕਰ ਸਕਦੀ ॥

ਹਨੂਮਾਨ ਜੀ-(ਹੱਥ ਜੋੜ ਕਰ) " ਮਾਤਾ ਜੀ ਜੇਕਰ ਏਥੋਂ ਬਾਹਰ ਨਿਕਲਨਦਾ ਕੋਈ ਰਸਤਾ ਹੋਵੇ ਤਾਂ ਦਸੋ ! ਕਿੰਉ ਕਿ ਇਹ ਰਸਤਾਂ ਜਿਥੋਂ ਅਸੀ ਲੰਘਕੇ ਆਏ ਹਾਂ ਬੜਾ ਹੀ ਕਠਨ ਹੈ ਅਰ ਸਾਡੇ ਪਿਛਾਂ ਮੁੜ ਜਾਨ ਵਿਚ ਥੋੜਾ ਚਿਰ ਹੀ ਰਹ ਗਿਆ ਹੈ "

ਤਪਸਨੀ-ਸਚ ਹੈ ਜੋ ਕੁਝ ਤੁਸਾਂ ਕਿਹਾ ਹੈ ਠੀਕ ਹੈ ਜੋ ਪੁਰਖ ਇਸ ਸੁਰੰਗ ਵਿਚ ਇਕ ਵਾਰੀ ਆਨ ਵੜਿਆ ਪਰ ਫੇਰ ਪਿਛਾਂ ਨਾ ਮੁੜ ਸਕਿਆ (ਕੁਝ ਚਿਰ ਸੋਚਨ ਦੇ ਅੰਤ) ਅਛਾ ਤੁਸੀ ਜੋ ਉਪਕਾਰ ਦੀ ਖਾਤ੍ਰ ਇਨੀਆਂ ਦੁਕਲੀਫਾ ਉਠਾ ਰਹੇ ਹੋ ਇਸ * ਬਿਵਾਨ ਵਿਚ (ਸੈਨਤ ਕਰਕੇ) ਸਵਾਰ ਹੋਕੇ ਅਕਾਸ਼ ਮਾਰਗ ਤੋਂ ਚਲੇ ਜਾਓ ਇਥੇ ਹੁਨ ਬਹੁਤ ਚਿਰ ਠਹਿਰਨਾ ਅਛਾ ਨਹੀਂ "

---

* ਦੇਖੋ ਬਾਲਮੀਕੀ ਰਾਮਾਇਣ ਕਿਸਕਿੰਧਾ ਕਾਂਡ ਪਤ੍ਰਾ ੬੨ ਸੁਰਗ ੫੦

* ਬਾਲਮੀਕੀ ਰਾਮਾਇਨ ਪਤ੍ਰਾ ੬੫ ਸੁਰਗ ੫੩ ਕਿਸਕਿੰਧਾ ਕਾਂਡ ਚੌਥੀ ਸਤ੍ ਵਿਚ ਲਿਖਆ ਹੈ ਕਿ ਉਸ ਤਪਸਨੀ ਨੇ ਕਿਹਾ

Original with:
Language Department Punjab
Digitized by:
Panjab Digital Library

ਇਹ ਸੁਨਕੇ ਹਨੁਮਾਨ ਜੀ ਅਰ ਸਭ ਲੋਕ ਬੜੇ ਪ੍ਰਸੰਨ ਹੋਏ ਤਪਸਨੀ

"ਜਿੰਨੇ ਮੇਰੇ ਪੁੰਨਜਹਨ ਓਹ ਸਭ ਸੰਕਲਪ ਵਿਚ ਦੇਨੀ ਹਾਂ ਜਿਨਾਂ ਦ੍ਵਾਰਾ ਤੁਸੀਂ ਲੋਕ ਏਥੋਂ ਚਲੇ ਜਾਓ ਤੁਸੀਂ ਲੋਕ ਅਪਨੇ ਨੇਤ੍ਰ ਬੰਦਕਰ ਲੌ ਬਾਲਮੀਕ ਜੀ ਦਾ ਬਚਨ ਹੈ ਕਿ ਇਹ ਸੁਨ ਕੇ ਸਭਨਾਂ ਨੇ ਅਖਾਂ ਮੀਟ ਲਈਆਂ ਤਦ ਇਕ ਪਲ ਵਿਚ ਅਕਾਸ ਮਾਰਗ ਦ੍ਵਾਰਾ ਇਨਾਂ ਨੂੰ ਬਾਹਰ ਕਰ ਦਿਤਾ। ਭਾਵੇਂ ਇਸ ਵਿਖਯ ਨਾਲ ਸਾਡੀ ਲਿਖਤ ਦੀ ਪੂਰੀ ਪੂਰੀ ਸਾਖੀ ਨਹੀਂ ਹੋ ਸਕਦੀ ਪ੍ਰੰਤੂ ਕਿਆਸ ਕਰਕੇ ਸੋਚਨਾ ਚਾਹੀਦਾ ਹੈ ਕਿ ਓਹੀ ਬਿਵਾਨ ਜੋ ਓਥੇ ਪਇਆ ਹੋਇਆ ਸੀ ਤਪਸਨੀ ਨੇ ਇਨਾਂ ਨੂੰ ਦੇ ਦਿਤਾ ਹੋਵੇਗਾ ਕਿਉਂ ਕਿ ਅਕਾਸ ਮਾਰਗ ਤੋਂ ਚਲਨਾਂ ਅਰ ਸਮੁੰਦਰ ਨੂੰ ਪਾਰ ਕਰਨ ਦੇ ਹਾਲ ਇਸਨੂੰ ਭਾਖਤ ਦੇਂਦੇ ਹਨ—ਭਾਵੇਂ ਰਾਮਾਇਨ ਦੇ ਪੜ੍ਹਨ ਤੋਂ ਇਹ ਸਾਫ ਤਰਾਂ ਨਹੀਂ ਮਲੂਮ ਹੁੰਦਾ ਹਨੁਮਾਨ ਜੀ ਬਿਵਾਨ ਵਿਚ ਬੈਠ ਕੇ ਸਮੁੰਦ੍ਰ ਤੋਂ ਪਾਰ ਗਏ ਹੋਨ ਪ੍ਰੰਤੂ ਨੀਵੇਂ ਲਿਖਿਆਂ ਹੋਈਆਂ ਦਲੀਲਾਂ ਇਸ ਬਾਤ ਦੇ ਨਿਸ਼ਚਯ ਕਰਾਨ ਤੋਂ ਰੋਕਦੀਆਂ ਹਨ ਕਿ ਉਨਾਂ ਨੇ ਉਛਲ ਕੇ ਜਿਸਦੀ ਚੌੜਾਈ ਚਾਰ ਸੌ ਕੋਹ ਦੇ ਲਗ ਭਗ ਸੀ ਛਾਲ ਮਾਰ ਕੇ ਪਾਰ ਹੋ ਗਏ ਹੋਨ ॥

ਪ੍ਰਥਮ (ਸੁੰਦ੍ ਕਾਂਡ ਪਾਠ ੧ ਸੁਰਗ ੧ ਬਾਲਮੀਕੀ ਰਾਮਾਇਣ) ਵਿਚ ਲਿਖਦਾ ਹੈ ਕਿ "ਹਨੁਮਾਨ ਜੀ ਨੇ ਵਿਚਾਰ ਕੀਤਾ ਕਿ ਜਿਸ ਮਾਰਗ ਤੁੰ ਦੇਵਤਾ ਲੋਗ ਜਾਂਦੇ ਹਨ ਉਸ ਮਾਰਗ ਤੋਂ ਜਾਕੇ ਸੀਤਾ ਜੀ ਦੀ ਢੂੰਢ ਭਾਲ ਕਰਾਂਗਾ ਤੁਨ ਇਹ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਸਾਡੇ ਸ਼ਾਸਤ੍ਰਾਂ ਯਾ ਪੁਰਾਨਾਂ ਵਿਚ ਦੇਵਤਿਆਂ ਦਾ ਮਾਰਗ ਕਿਸ ਰਸਤੇ ਨੂੰ ਲਿਖਿਆ ਹੈ ਭਾ ਇਸਦਾ ਉਤ੍ਰ ਇਹੋ ਹੋਵੇਗਾ ਕਿ "ਅਕਾਸ਼ ਮਾਰਗ" ਅਰਥਾਤ ਧਰਤੀ ਤੋਂ ਕਈ ਭਾਗ ਉਚੇ ਬਿਵਾਨਾਂ ਵਿਚ ਬੈਠ ਕੇ ਯਾਤ੍ਰਾਂ ਕਰਦੇ ਸਨ ਅਰ

Original
Language Department Punjab
Digitized
Panjab University Library

ਇਸ ਉਚਿਆਈ ਨੂੰ ਸਿਆਨਿਆਂ ਨੇ ਦੇਵਤਿ ਮਾਂ ਦਾ ਮਾਰਗ ਦਸਿਆ ਹੈ ਦੂਜਾ ਜੇਕਰ ਇਕ ਸੁਰਮੇਂ ਤੋਂ ਭੀ ਸੂਰਮਾਂ ਅਕਾਸ਼ ਦੀ ਵਲ ਉਛਲ ਕੇ ਉਚੇ ਜਾਨਾ ਚਾਹੇ ਅਰ ਓਹ ਭਾਵੇਂ ਧਰਤੀ ਤੋਂ ਬਹੁਤ ਉਚੇ ਚਲਾ ਭੀ ਜਾਏ ਤਾਂ ਫੇਰ ਭੀ ਚੌਹ ਪੰਜਾਂ ਕਦਮਾਂ ਤੋਂ ਵਧੀਕ ਅਗੇ ਨਹੀਂ ਜਾ ਸਕਦਾ,"ਹਾਂ ! ਜੇਕਰ ਸਾਮਨੇ ਛਾਲ ਮਾਰਕੇ ਸਿਧਾ ਜਾਨ ਦਾ ਜਤਨ ਕਰੇ ਤਾਂ ਫੇਰ ਕੁਝ ਦੂਰ ਜਾ ਸਕਦਾ ਹੈ ਮਗਰ ਚਾਰ ਸੌ ਕੋਹ ਦਾ ਪੈਂਡਾ ਜਾਨਾ ਤੇ ਇਸ ਪ੍ਰਕਾਰ ਯਾਤ੍ਰਾ ਕਰਨੀ ਕਦਾਚਿਤ ਨਹੀਂ ਹੋ ਸਕਦੀ ਅਰ ਜੇਕਰ ਦੇਖੋ ਮੰਨਭੀ ਲੀਤਾ ਜਾਏ ਤਾਂ ਰਾਮਾਇਣ ਦੀ ਲਿਖਤ ਤੋਂ ਇਹਨਹੀ ਪਾਇਆਂ ਜਾਂਦਾ ਕਿ ਹਨੂਮਾਨ ਜੀਨੇ ਇਸ ਪ੍ਰਕਾਰ ਛਾਲ ਮਾਰੀ ਹੋਵੇ ਤੀਜਾ ਸੁੰਦ੍ਰਕਾਂਡ ਪਤ੍ਰਾ ੨ ਸੁਰਗ ੧ ਸਤ੍ ੧੭ ਬਾਲਮੀਕ ਜੀ ਹਨੂਮਾਨ ਜੀਦੇ ਓਚੇਂ ਚਲਨ ਦੀ ਇਸ ਪ੍ਰਕਾਰ ਸ਼ੋਭਾ ਕਰਦੇ ਹਨ-" ਹਨੂਮਨ ਜੀਦਾ ਪਰਛਾਵਾਂ ਅਜਿਹਾਂ ਮਲੂਮ ਹੁੰਦਾ ਹੈ ਜਿਸ ਤ੍ਰਹ ਜਹਾਜ ਪਿਆ ਜਾਂਦਾ ਹੈ । ਹਨੂਮਾਨ ਦਾ ਸਰੂਪ ਦੇਖਕੇ ਮੱਧ ਲੋਕ ਨਸਨ ਲਗੇ ਅਰ ਹਨੂਮਾਨ ਮੇਰੂ ਪ੍ਰਬਤ ਦੇ ਸਮਾਨ ਪ੍ਰਤੀਤ ਹੁਦੇ ਸਨ ਜਦ ਸਮੁੰਦ੍ ਦੇ ਵਿਚਪਾਰ ਗਏ ਤਾਂ ਅਜਿਹਾ ਜਾਨ ਪੈਂਦਾ ਸੀ ਜਿਸ ਪ੍ਰਕਾਰ ਗਰੁੜ ਜੀ ਅਰ ਫੇਰ ਜਦੋਂ ਅਗੇ ਗਏ ਤਾਂ ਜਿਸ ਤ੍ਰਹ ਬਦਲਾਂ ਵਿਚ ਚੌਦ੍ਮਾਂ ਕਦੀ ਗੁਪਤਕ ਦੀ ਪ੍ਰਗਟ" ਹੁਨ ਸਭ ਤੋਂ ਵਧ ਕੇ ਜਿਆਦਾਂ ਸੋਚਨ ਦੀ ਗਲ ਇਹ ਹੈ ਕਿ ਕੁਦਨ ਵਾਲੇ ਦਾ ਪ੍ਰਛਾਵਾਂ ਕਦੀ ਅਸਥਿਰ ਰਹਿੰਦਾ ਹੈ ਯਾ ਨਹੀ ? ਵਰਤਾਨਾਤ ਇਹੀ ਉਤ੍ਰ ਦੇਂਦਾ ਹੈ ਕਿ ਪ੍ਰਛਾਵਾਂ ਮਲੂਮ ਤਾਂ ਹੁੰਦਾ ਹੈ ਪਰ ਛੇਤੀ ਨਾਸ਼ ਹੋ ਜਾਂਦਾ ਹੈ । ਉਸ ਚੀਜ ਨਾਲੋਂ ਜਿਸਦੀ ਚਾਲ ਇਕ ਅੰਦਾਜੇ ਦੀ ਹੋਵੇ ਜੇਕਰ ਹਨੂਮਾਨ ਜੀ ਬਿਵਾਨ ਵਿਚ ਨਹੀਂ ਸਨ ਅਰ ਓਹ ਛੇਤੀ ਨਾਲ ਛਾਲ ਮਾਰਕੇ ਕੁਦ ਗਏ ਸਨ ਤਾਂ ਜਹਾਜਦੀ ਨਿਆਈਂ ਇਨਾਂਦਾ ਪ੍ਰਛਾਵਾਂ ਹੌਲੀ ਹੌਲੀ ਕਿਉ ਚਲ ਰਿਹਾ ਸੀ ਅਰ ਚਿਰਕਾਲ ਛੀਕਰ ਨਾਨਾ ਪ੍ਰਕਾਰ ਦੀਆਂ ਸ਼ਕਲਾਂ ਵਿਚ ਕਿਉਂ ਪ੍ਰਸਿਧ ਹੁਦਾ ਰਿਹਾ ਇਸ ਤੋਂ ਸਾਫ ਪ੍ਰਾਸਿਧ

Original with:
Language Department Punjab
Digitized by:
Panjab Digital Library

ਜੀ ਦਾ ਧੰਨਵਾਦ ਕਰਨ ਲਗੇ ਅਰ ਬਿਵਾਨ ਵਿਚ ਬੈਠ ਓਥੋਂ ਸਮੁੰਦਰ ਦੇ ਕਿਨਾਰੇ ਪਹੁੰਚੇ ਭਾਂ ਭਾਰ ਨੇ ਨ ਜਾਨੀਏ ਕੀ ਸੋਚਕੇ ਠੰਡਾ ਹਾਹੁਕਾ ਭਰਿਆ ਅਰ ਕੁਝ ਚਿਰ ਕੁਝ ਸੋਚਦਾ ਰਿਹਾ ਅਰ ਅੰਤ ਨੂੰ ਕਹਿਨ ਲਗਾ " ਆਹ ! ਕੀ ਸੀਤਾ ਜੀ ਦਾ ਹੁਨ ਕਿਧ੍ਰੇ ਪਤਾ ਨਾ ਮਿਲੇਗਾ। ਉਸ ਦੁਸ਼ਟ ਨੇ ਉਸਨੂੰ ਕਿਥੇ ਲੁਕਾ ਰਖਿਆ ਹੈ ਜੋ ਕੁਝ ਖੋਜ ਖੁਰਾ ਹੀ ਨਹੀਂ ਮਿਲਦਾ (ਜਾਮਵੰਤ ਨੂੰ ਅਪਨੀ ਵਲ ਕਰਕੇ) ਜਾਮਵੰਤ ਹੁਨ ਸੀਤਾ ਜੀ ਦੇ ਮਿਲਨ ਦੀ ਭਾਂ ਕੋਈ ਆਸ਼ਾ ਨਹੀਂਪੈਂਦੀ ਜਿਥੇ ਕਿਥੇ ਸਭ ਜਗਾਂ ਢੂੰਢਿਆ ਪਰ ਕੁਝ ਪਤਾ ਨਾ ਲਗਾ ਪਹਾੜਾਂ ਦੀਆਂ ਤੰਗ ਅੰਨੇਰੀਆਂ ਖੁੰਦ੍ਰਾਂ ਵਿਚ ਭੀ ਦੇਖਿਆ ਮਗਰ ਓਥੋਂ ਭੀ ਨਿਰਾਸਤਾਂ ਅਰ ਹੈਰਾਨੀ ਪ੍ਰੇਸ਼ਾਨੀ ਤੋਂ ਕੁਝ ਪ੍ਰਾਪਤ ਨਾਂ ਹੋਇਆ । ਕੁਬੇਰ ਸਿਧਦੇਸ਼-ਗੜ੍ਹਾ ਨਦੀਦੇ ਕੰਢੇ ਉਨਾਂ ਮਕਾਨਾਂ ਨੂੰ ਜਿਨਾਂ ਦਾ ਨਿਸ਼ਾਨ ਸੁਗ੍ਰੀਵ ਨੇ ਦਸਿਆਂ ਸੀ ਦੇਖ ਲਿਆ ਪਰ ਓਥੇਭੀ ਅਰ ਮਾਨ ਅਰ ਚਿੰਤਾ ਤੋਂ ਹੋਰ ਕੁਝਨਾ ਦਿਸਿਆ, ਹਾਂ ! ਭਾਵੇਂ ਹੋਵੇ ਭਾਂ ਲੰਕਾ ਵਿਚ ਹੋਵੇ ਇਸ ਵੇਲੇ ਭਾਂ ਓਸਦਾ ਕਿਧ੍ਰੇ ਪਤਾ ਨਹੀਂ ਲਗਦਾ ਪਰ ਲੰਕਾ ਵਿਚ ਜਾਨਕੀ ਜੀਦੀ ਖਵਰ ਨੂੰ ਜਾਨਾ ਖਾਲਾ ਜੀਦਾ ਵਾੜਾ ਨਹੀਂ ਕਿਧ੍ਰੇ ਉਸ (ਰਾਵਨ) ਨੂੰ ਖਵਰ ਹੋ ਜਾਏ ਭਾਂ ਓਹ ਜੀਊਂਦੇ ਜੀ ਖਲ ਉਧੜਵਾ ਸੁਟੇ । ਇਹ ਕਿਹਾ ਅਰ ਉਂਧੀ ਪਾਕੇ ਚੁਪ ਕਰ ਗਿਆ ਭਾਂ ਜਾਮਵੰਤ ਬੋਲਿਆ !

ਜਾਮਵੰਤ–ਭਈ ਇਸ ਬਹਾਦਰੀ ਦਾ ਭਕਮਾ ਭਾਂ ਹਨੁਮਾਨ ਜੀ ਨੂੰ ਦਿਤਾ ਗਿਆ ਹੈ ਕਿਉਂ ਕਿ ਓਹ ਉਸ (ਰਾਵਨ) ਨੂੰ ਭਲੀ ਪ੍ਰਕਾਰ ਜਾਨਦਾ ਹੈ ਅਰ ਲੰਕਾਦੀ ਹਰ ਜਗਾਂ ਤੋਂ ਵਾਕਬ ਹੈ ਦੂਸ੍ਰਾ ਇਸਦੇ (ਹਨੁਮਾਨ) ਵਡਿਆਂ ਦਾ ਰਾਵਣ ਦੀ ਵੰਡ ਨਾਲ ਵਰਤਨ ਵਿਹਾਰ ਚਲਿਆ ਔਦਾਂ ਹੈ ਅਰ ਇਹ ਆਪ

ਹੈ ਕਿ ਓਹ ਉਛਲ ਕੇ ਨਹੀਂ ਗਏ ਪੂੰਛ ਉਸ ਬਿਵਾਨ ਵਿਚ ਹੀ ਜੋ ਉਸ ਭਪਸਨੀ ਕੋਲੋਂ ਮਿਲਿਆ ਸੀ ॥

Original with:
Language Department Punjab
Digitized by:
Panjab Digital Library

ਲੰਕਾ ਵਿਚ ਕਈ ਵੇਰੀ ਜਾ ਚੁਕਾ ਹੈ ਇਸਦੇ ਮਿਤ੍ਰ ਭੀ ਓਥੇ ਸਤੁਰ ਹੋਨਗੇ ਅਰ ਇਨਾਂ ਨੂੰ ਓਥੇ ਦੇਖਕੇ ਕੋਈ ਭ੍ਰਮ ਭੀ ਨਾ ਕਰੇਗਾ ॥

ਜਾਮਵੰਤ ਦੀ ਗਲ ਬਾਤ ਸੁਨਕੇ ਚਿੰਤਾਵਾਨ ਚੇਹਰਿਆਂ ਤੇ ਕੁਝ ਰੌਨਕ ਸਹੀ ਆਗਈ ਆਸ਼ਾ ਨੇ ਨਿਰਾਸਤਾ ਨੂੰ ਕਢ ਕੇ ਹਿਰਦਆਂ ਤੇ ਆਪਨਾ ਦੋਬ ਜਮਾ ਲਿਆ ਹੈ ਪਹਿਲੇ ਤਾਂ ਸਭ ਹੌਲੀ ੨ ਗਲਾਂ ਕਰਦੇ ਰਹੇ ਅੰਤ ਨੂੰ ਅੰਗਦ ਨੇ ਕਿਹਾ:—

ਅੰਗਦ–" ਹਨੂਮਾਨ ਜੀ ਆਪਨੇ ਸੁਨਿਆ ਕਿ ਇਹ ਲੋਕ ਕੀ ਕਹ ਰਹੇ ਹਨ ? ਕਿਨਾਂ ਆਪਦੇ ਇਸ ਕੰਮ ਨੂੰ ਕੌਨ ਕਰਨ ਵਾਲਾ ਹੈ ਮੈਨੂੰ ਤਾਂ ਕੋਈ ਨਹੀਂ ਨਜਰ ਆਓਂਦਾ ਇਹ ਲੋਕ ਤਾਂ ਹੌਸਲੇ ਢਾਹ ਬੈਠੇ ਹਨ "

ਹਨੂਮਾਨ–ਹਾਂ ! ਹਾਂ !! ਮੈਂ ਸਭ ਸੁਨ ਰਿਹਾ ਹਾਂ ਜੇ ਕਰ ਇਹੀ ਗਲ ਹੈ ਤਾਂ ਲਓ ਇਥੇ ਕੀ ਡੇਰ ਹੈ ?–

ਇਹ ਕਿਹਾ ਅਰ ਇਕ ਦੋ ਆਦਮੀਆਂ ਨੂੰ ਨਾਲ ਲੈ ਬਿਵਾਨ ਵਿਚ ਬੈਠੇ " ਇਹਸਾ ਓਹਸਾ " ਅੰਤਨੂੰ ਨਜਰੋ ਅਲੋਪ ਹੋਗਿਆ ਅਰ ਕੁਝ ਚਿਰ ਪਿਛੋਂ ਸਮੁੰਦ੍ਰ ਨੂੰ ਪਾਰ ਕਰਕੇ ਕੇਟਾ ਚਲ ਪਰਬਤ ਤੇ ਬਿਵਾਨ ਨੂੰ ਉਤਾਰਿਆ । ਹੁਨ ਓਹ ਆਪ ਨਾ ਜਾਨੀਏ ਕਿਸ ਸੋਚ ਨਾਲ ਇਸ ਪਹਾੜਦੀ ਉਸ ਉਚੀ ਚੋਟੀ ਤੇ ਜੋ ਸਸੀ ਦਿਸ਼ਾ ਵਲ ਸਿਥਤ ਹੈ ਜਾ ਰਿਹਾ ਹੈ ॥

ਆਹਾ ! ਉਸ ਜਗਾਂ ਤੋਂ ਜਿਥੇ ਸਾਡਾ ਬਹਾਦੁਰ ਜਾ ਖੀੜੋਤਾ ਹੈ ਜੇਕਰ ਅਸੀ ਦਖਨ ਵਲ ਹੋਕੇ ਦੇਖੀਏ ਤਾਂ ਅਦਭੁਤ ਹੀ ਦ੍ਰਿਸ਼ ਦਿਖਾਈ ਦੇਂਦਾ ਹੈ ਜਿਧ੍ਰ ਦੇਖੀਏ ਸੂਰਜਦੀਆਂ ਓਹ ਕ੍ਰਿਨਾਂ ਜਿਨਾਂ ਦੀਆਂ ਸ਼ੋਖੀਆਂ ਹੁਨ ਮੰਧਜਾਂ ਦੇਵੀ ਦੇ ਆਓਰ ਤੇ ਮਾਤ ਪੈ ਚੁਕੀਆਂ ਹਨ । ਅਰ ਓਹੀ ਤੇਜੀ ਜਿਸ ਵਲ ਨਜ । ਚੁਕ ਕੇ ਦੇਖਨਾ ਕਠਨ ਮਲੂਮ ਹੁਦਾ ਸੀ ਪੀਲੀ ਪੈ ਗਈ ਹੈਨ ਪਰ ਫੇਰ ਭੀ ਲੰਕਾਂ ਦੀਆ ਇਨਾਂ ਉਚੀਆਂ ਸੁੰਦ੍ਰ ਇਮਾਰਤਾਂ

Original with:
Language Department Punjab
Digitized by:
Panjab Digital Library

ਭੇ ਪੈਕੇ ਕੁਝ ਅਦੁਭੁਤ ਹੀ ਆਨੰਦ ਪ੍ਰਾਪਤ ਕਰ ਰਹੀਆਂ ਹਨ ਅਰ, ਇਹੀ ਕਾਰਨ ਹੈ ਕਿ ਦੇਖਨ ਵਾਲੇ ਦਾ ਦਿਲ ਨਹੀਂ ਰਜਦਾ, ਹਾਂ ! ਨੀਵੇਂ ਨਜਰ ਕਰਨ ਤੋਂ ਕਈ ਇਕ ਅਮਾਰਤਾਂ ਦਾ ਦ੍ਰਿਸ਼ਜ ਜੋ ਉਸ ਖਾਈ ਦੇ ਜਲ ਵਿਚ ਜਿਸਨੇ ਸ਼ਹਿਰ ਲੰਕਾ ਦੇ ਚਾਰੇ ਪਾਸੇ ਘੇਰਾ ਪਾਇਆ ਹੋਇਆ ਹੈ ਅਰ ਜਿਸ ਉਤੇ ਸੂਰਜ ਦੀਆਂ ਕ੍ਰਿਨਾਂ ਅਪਨੀ ਚਾਲਾਕੀ ਦਿਖਾਈ ਜਾਂਦੀਆਂ ਹਨ । ਦੇਖਨ ਤੋਂ ਬੇਇਖਤਿਆਰ ਕਹਿਨਾ ਹੀ ਪੈਂਦਾ ਹੈ ਕਿ ਇਨਾਂ ਮਕਾਨਾਂ ਦੀਆਂ ਅਮਾਰਤਾਂ ਦੇਖਨ ਯੋਗਜ ਅਰ ਅਤਿ ਮਨੋਹਰ ਹਨ । ਦੇਖੋ ! ਸਾਰੇ ਮਹਿਲਾਂ ਦੀਆਂ ਕਲਸੀਆਂ ਜੋ ਦਿਖਾਈ ਦੇ ਰਹੀਆਂ ਹਨ ਸੁਨੈਰੀ ਹਨ ਅਰ ਬੜੇ ਸਿਆਨੇ ਕਾਰੀਗਰਾਂ ਦੀਆਂ ਬਨਾਈਆਂ ਹੋਈਆਂ ਸਾਖੀ ਦੇਂਦੀਆਂ ਹਨ ਸ਼ਹਿਰ ਲੰਕਾ ਦਾ ਓਤ੍ਰੀ ਦਰਵਾਜਾ ਜੋ ਇਥੋਂ ਪ੍ਰਤਖਜ ਦਿਸ ਰਿਹਾ ਹੈ ਕਿਹਾ ਖੁਲਾ ਅਰ ਓਚਾ ਹੈ ਅਰ ਦੋਹੀਂ ਪਾਸੀਂ ਦੋ ਬੜੇ ਸੂਰਮੇ ਨੰਗੀਆਂ ਤਲਵਾਰਾਂ ਮੋਢੇ ਤੇ ਰਖੇ ਹੋਏ ਕਿਸ ਪ੍ਰਕਾਰ ਛਾਤੀ ਤਾਨੇ ਖੜੋਤੇ ਹਨ ਜਿਨਾਂ ਨੂੰ ਇਹ ਬਹਾਦਰ ਬੜੇ ਚਿਰ ਤੋਂ ਦੇਖ ਰਿਹਾ ਹੈ ਕੁਝ ਚਿਰ ਤੀਕ ਤਾਂ ਹਨੂਮਾਨ ਜੀ ਇਸ ਵਲ ਦੇਖਦੇ ਰਹੇ ਅੰਤ ਨੂੰ ਖਵਰੇ ਨਾ ਜਾਨੀਏ ਕੀ ਸੋਚ ਕੇ ਨੀਵੇਂ ਆਏ ਅਰ ਅਪਨੇ ਸਾਥੀਆਂ ਨੂੰ ਅਪਨੀ ਵਲ ਕਰਕੇ ਕਹਨ ਲਗੇ ॥

" ਤੁਸੀ ਲੋਕਇਸ ਜਗਾਂ ਬਿਵਾਨ ਦਾ ਧਿਆਨ ਕਰੀ ਰਖੋ ਜਦ ਤੀਕ ਕਿ ਮੈਂ ਮੁੜਕੇ ਨਾਂ ਆਵਾਂ " ਇਹ ਕਹਕੇ ਕੁਝ ਸੋਚਦਾ ਹੋਇਆ ਓਥੋਂ ਤੁਰ ਪਇਆਂ ਜਦ ਸ਼ਹਿਰ ਥੋੜੀ ਦੂਰ ਹੀ ਰਹ ਗਿਆ ਤਾਂ ਦਿਲ ਹੀ ਦਿਲ ਵਿਚ ਕਹਿਨ ਲਗ " ਨਹੀਂ ! ਨਹੀਂ !! ਮੇਰਾ ਇਸ ਵੇਲੇ ਰਾਵਨ ਕੋਲ ਜਾਨਾ ਠੀਕ ਨਹੀਂ ਪ੍ਰੰਤੂ ਮੈਂਨੂੰ ਇਹ ਚਾਹੀਦਾ ਹੈ ਕਿ ਜਦ ਤੀਕਰ ਸੀਤਾ ਜੀ ਨੂੰ ਨਾ ਮਿਲ ਲਵਾਂ ਸਭਨਾਂ ਦੀਆਂ ਨਜਰਾਂ ਤੋਂ ਗੁਪਤ ਰਹਾਂ ਕਿਉਂ ਕਿ ਓਸ ਦੁਸ਼ਟ (ਰਾਵਨ) ਨੂੰ ਮੇਰੇ ਆਓਨ ਦੀਖਵਰ ਭੀ ਨਹੋਵੇ ਦੇਖੋ ਈਸ਼੍ਵਰ ਨ ਕਰੇ ਕਿਧਰੇ ਓਹ ਮੇਰੇ ਇਸ ਅਰਾਦੇ ਨੂੰ ਜਾ

Original with:
Language Department Punjab
Digitized by:
Panjab Digital Library

ਲਵੇ ਅਰ ਸੀਤਾ ਜੀਦੀ ਚਰਨ ਸੇਵਾ ਵਿਚ ਜਾਨ ਤੋਂ ਮਨ ਰਖੇ ਤਾਂ ਖ਼ਾਬੀ ਹੋਵੇਗੀ (ਆਪੇ ਹੀ) ਹੈਂ! ਤਾਂ ਫੇਰ ਮੈਂ ਸੀਤਾ ਜੀ ਨੂੰ ਕਿਸ ਤਰਾਂ ਢੂੰਢ ਸਕਨਾਂ ਹਾਂ ਮੈਨੂੰ ਤਾਂ ਇਹ ਭੀ ਮਲੂਮ ਨਹੀਂ ਕਿ ਓਹ ਕਿਸ ਜਗਾ ਹਨ ਜਦ ਤਕ ਮੈਂ ਕਿਸੇ ਨੂੰ ਅਪਨਾ ਭੇਤੀ ਨਹੀਂ ਬਨਾਓਂਦਾ ਤਦ ਠੀਕ ਕੰਮ ਪੂਰਾ ਹੋਨ ਦੀ ਆਸ਼ਾ ਨਹੀਂ ਹੋ ਸਕਦੀ ਨਹੀਂ! ਨਹੀਂ !! ਭੇਤ ਦਸਨ ਦੀ ਕੋਈ ਲੋੜ ਨਹੀਂ ਮੈਂ ਆਪੇ ਢੂੰਢ ਲਵਾਂਗਾ ਇਕ ਦਿਨ ਵਿਚ ਨਹੀਂ ਤਾਂ ਦੋ ਦਿਨਾਂ ਵਿਚ ਪਤਾ ਕਢ ਲਵਾਂਗਾ ਲੰਕਾ ਦੀ ਕੇੜੀ ਜਗਾਂ ਹੈ ਜਿਸਨੂੰ ਮੈ ਨਹੀਂ ਜਾਨਦਾ" ਇਹ ਕਹਕੇ ਓਥੇ ਹੀ ਖੜੋ ਗਿਆ ਅਰ ਕੁਝ ਚਿਰ ਸੋਚਨ ਦੇ ਅਨੰਤਰ ਕਹਿਨ ਲਗਾ "ਹਾਂ! ਠੀਕ ਇਹੀ ਹੈ ਮੈਂ ਇਸ ਤਰਹ ਹੀ ਕਰਾਂਗਾ" ਈਸ਼ੂਰ ਨਾਂ ਕਰੇ ਕਿ ਮੈਨੂੰ ਕੋਈ ਐਸ ਵੇਲੇ ਦੇਖ ਲਵੇ ਅਰ ਰਾਵਨ ਨੂੰ ਖਵਰ ਹੋ ਜਾਏ ਤਾਂ ਮੇਰੀ ਸਾਰੀ ਮੇਹਨਤ ਬੇਅਰਥ ਜਾਏ ਇਸ ਦਸ਼ਾ ਵਿਚ ਦੁਆਨੀ ਅਰ ਫ਼ਰਮਿੰਦਗੀ ਮੇਰਾ ਪਿਛਾ ਨਹੀ ਛਡਨ ਗੀਆਂ ਅਰ ਫੇਰ ਨਾ ਜਾਨਾਂ ਰਾਮਚੰਦ੍ ਅਰ ਸੁਗ੍ਰੀਵ ਦੇ ਦਿਲ ਵਿਚ ਕੀ ਗੁਜਰੇ ਤਾਂ ਫੇਰ ਹੁਨ ਮੈਨੂੰ ਕੀ ਕਰਨਾ ਚਾਹੀਦਾ ਹੈ ? ਇਹ ਕਿਹਾ ਅਰ ਅਤਿ ਚਿੰਤਾਤੁਰ ਹੋਕੇ ਓਥੇ ਹੀ ਖੜੇ ਗਿਆ ਅਰ ਕੁਝ ਚਿਰ ਵਿਚਾਰ ਕਰਦਾ ਰਿਹਾ ਬੜੀ ਸੋਚ ਅਰ ਵਿਚਾਰ ਦੇ ਪਿਛੋਂ ਇਕ ਖਿਆਲ ਇਸਦੇ ਸਿਰ ਵਿਚ ਫੁਰਕਿਆ ਜਿਸਦੇ ਨਾਲ ਹੀ ਇਸਦੇ ਚੇਹਰੇ ਦੀ ਰੰਗਤ ਭੀ ਬਦਲਗਈ ਅਰ ਮੂੰਹ ਵਿਚ ਚੁਸਤੀ ਜਿਹੀ ਆਗਈ ਅਰ ਮਨ ਹੀ ਮਨ ਵਿਚ ਇਸਤਰਾਂ ਕਹਿਨ ਲਗਾ "ਆਹਾ! ਸਿਹਰਾਸਟਰ ਨੂੰ ਕਿਉਂ ਨਾਂ ਮਿਲਾਂ ਓਹ ਭੀ ਤਾਂ ਇਥੇ ਹੀ ਰਹਿੰਦਾ ਹੈ ਅਰ ਮੇਰਾ ਬੜਾ ਪਰਮ ਪ੍ਰੀਤਵਾਨ ਮਿਤ੍ਰ ਤੇ ਭੇਤੀ ਹੈ ਓਹ ਕਿਸੇਤਰਾਂ ਭੀ ਮੇਰੇ ਕੰਮ ਦੀ ਕਿਸੇ ਨੂੰ ਖਵਰ ਨਹੀਂ ਕਰੇਗਾ ਇਹ ਕਿਹਾ ਅਰ ਉਪਰ ਦੀ ਵਲ ਦੇਖਕੇ ਵਾਹ! ਵਾਹ !! ਸੂਰਜ ਭੀ ਅਸਤ ਹੋਗਿਆ ਹੈ ਅਰ ਵੇਲਾ ਭੀ ਸੋਹਨਾ ਹੈ ਚਲੋ ਸਿਹਰਾਸਟਰ ਨੂੰ ਮਿਲਕੇ ਇਸ ਗਲ ਦਾ ਜਤਨ ਕਰੀਏ ॥

Original with:
Language Department Punjab
Digitized by:
Panjab Digital Library

(ਉਨਤਾਲੀਵਾਂ ਧਿਆਯ)

ਮੁਰਾਦ ਪੂਰੀ ਹੋਈ

ਰਾਤਕਾਲੀ ਅੰਨੇਰੀ ਹੈ ਅਸਮਾਨ ਤੇ ਜਗਾ ਜਗਾ ਕਾਲੇ ਬਦਲਾਂ ਦੇ ਟੁਕੜੇ ਖਿਲਰੇ ਹੋਏ ਹੋਰ ਭੀ ਹਨੇਰ ਮਾਰ ਰਹੇ ਹਨ ਕਿ ਹੱਥ ਨਹੀਂ ਲਭਦਾ, ਹਾਂ ! ਕਦੀ ਉਤ੍ਰ ਦਿਸ਼ਾ ਵਲੋਂ ਬਿਜਲੀ ਲਿਸ਼ਕਨ ਨਾਲ ਥੋੜਾ ਬਹੁਤਾ ਰਸਤਾ ਦਿਸ ਪੈਂਦਾ ਹੈ ਇਸ ਵਲੇ ਵਿਚ ਸਾਡਾ ਬਹਾਦੁਰ ਅਪਨੇ ਮਿਤ੍ਰ ਪਿਆਰੇ ਦੇ ਮਕਾਨ ਤੋਂ ਨਿਕਲ ਕੇ ਉਸ ਬਾਗ ਨੂੰ ਜਾ ਰਿਹਾ ਹੈ ਜੋਹੜਾ ਅਸ਼ੋਕ ਬਾਟਕਾ—ਦੇ ਨਾਓਂ ਤੋਂ ਮਸ਼ਹੂਰ ਹੇ । ਅਰ ਜਿਸਦੇ ਚਾਰੇ ਪਾਸੇ ਉਚੀ ਕੰਧ ਨਿਗਾਹਾਨ ਹੈ ਅਰ ਜੋ ਦੂਸ੍ਰੇ ਦੇ ਅੰਦਰ ਨਾ ਆਓਨ ਦੇਨ ਦਾ ਬੀੜਾ ਉਠਾ ਚੁਕੀ ਹੈ ਹਾਂ ! ਉਤ੍ਰ ਦਿਸ਼ਾ ਵਲ ਇਕ ਆਓਨ ਜਾਨ ਦਾ ਦਰਵਾਜਾ ਹੇ, ਜਿਸ ਉਤੇ ਇਕ ਬੜਾ ਭਾਰੀ ਜਵਾਨ ਖੜੋ ਪਹਿਰਾ ਦੇ ਰਿਹਾ ਹੈ ਅਰ ਰਾਵਨ ਦੀ ਆਗ੍ਯਾ ਬਿਨਾਂ ਕਿਸੇਨੂੰ ਅੰਦਰ ਨਹੀਂ ਵੜਨ ਦੇਂਦਾ । ਦਿਨਦੇ ਵੇਲੇ ਤਾਂ ਇਸਦੀ ਸ਼ਕਲ ਦੇਖਨ ਤੋਂ ਹੀ ਹਵਾਸ ਗੁਮ ਹੁੰਦੇ ਹਨ । ਅਰ ਰਾਤ ਨੂੰ ਇਸ਼ਦੀ ਤਲਵਾਰ ਚਮਕਦੀ ਹੋਈ ਦੂਰੋਂ ਅਜਿਹੀ ਭਯਾਨਕ ਮਲੂਮ ਪੈਂਦੀ ਹੈ ਕਿ ਦੇਖਨ ਵਾਲੇ ਦਾ ਮਾਰੇ ਡਰਦੇ ਕਲੇਜਾ ਬਾਹਰ ਆ ਜਾਂਦਾ ਹੈ। ਪਿਆਰੀ ਜਾਨਦੇ ਵਿਛੋੜੇ ਦਾ ਦ੍ਰਿਸ਼ਯ ਅਖਾਂ ਦੇ ਸਾਹਮਨੇ ਆਕੇ ਉਸਦੀ ਹਿੰਮਤ ਨੂੰ ਕਮਜੋਰ ਕਰ ਦੇਂਦਾ ਹੈ । ਆਹਾ ! ਜਿਵੇਂ ਹੀ ਇਸ ਬਹਾਦੁਰ ਸਿਪਾਹੀ ਨੂੰ ਕਿਸੇ ਦੇ ਆਓਨ ਦਾ ਵਹਿਮ ਹੋਇਆ । ਛੇਤੀ ਨਾਲ ਉਚੀ ਆਵਾਜ ਮਾਰਕੇ ਕਿਹਾ:—

Original with:
Language Department Punjab
Digitized by:
Panjab Digital Library

" ਕੌਨਹੈ ! ਜੋ ਇਸ ਵੇਲੇ ਆਪਨੀ ਮੌਤ ਨੂੰ ਗੋਦ ਵਿਚ ਲਏ ਹੋਏ ਆ ਰਿਹਾ ਹੈ " ?

ਹਨੂਮਾਨ–" ਭਾਈ ਮੈਂਨੂੰ ਆਪ ਨਾਲ ਕੁਝ ਕੰਮ ਹੈ "

ਸਿਪਾਹੀ–" ਇਸ ਵੇਲੇ ਇਥੇ ਕੰਮ ਕੁਮ ਦਾ ਕੋਈ ਮਤਲਬ ਨਹੀਂ ਇਸ ਪਾਸੇ ਆਓਨ ਦੀ ਸਖ਼ਤ ਮਨਾਹੀ ਹੈ ਜੇਕਰ ਜਾਨ ਪਿਆਰੀ ਹੈ ਤਾਂ ਓਥੋਂ ਹੀ ਪਿਠ ਦਿਖਾਂਦੇ ਨਜਰ ਆਓ"

ਹਨੂਮਾਨ–" ਭਾਈ ! ਓਹ ਕੰਮ ਐਸਾ ਜਰੂਰੀ ਹੈ ਕਿ ਜੀਵਨ ਭੀ ਓਹਦੇ ਅਗੇ ਕੁਝ ਸ਼ੈ ਨਹੀਂ "

ਸਿਪਾਹੀ–" ਬਸ ! ਬਸ !! ਬਹੁਤੀਆਂ ਗਲਾਂ ਨਾ ਬਨਾਓ ਨਹੀਂ ਤਾਂ ਇਹ ਦੇਖੋ " (ਤਲਵਾਰ ਨੂੰ ਸੂਤਕੇ)

ਹਨੂਮਾਨ–" ਅਛਾ ! ਜੋ ਈਸ਼ੂਰ ਕਰੇ ਹੁਨ ਮੈਂਨੂੰ ਭੀ ਪਿਛੇ ਮੁੜ ਨਾ ਧਿਕ੍ਕਾਰ ਹੈ "

ਸਿਪਾਹੀ–(ਕੁਝ ਸੋਚਕੇ) " ਤੂੰ ਕੌਨ ਹੈਂ ਅਰ ਇਥੇ ਕੀ ਕਮ ਹੈ ? "

ਹਨੂਮਾਨ–ਮੈਂ ਇਥੇ ਇਕ ਨਵੀਨ ਪ੍ਰਦੇਸੀ ਹਾਂ ਅਰ ਸੀਤਾ ਜੀ ਦੀ ਖ਼ਬਰ ਨੂੰ ਆਇਆ ਹਾਂ ॥

ਸਿਪਾਹੀ--(ਹਸਕੇ) ਵਾਹ ! ਅਛੀ ਕਹੀ ਸਿਧਾ ਇਹੋ ਕਿੰਉ ਨਹੀਂ ਕਹਿੰਦਾ ਕਿ ਤੇਰੇ ਲਹੂ ਦਾ ਭਿਹਾਇਆ ਹਾਂ ਹੇ ਬਾਵਲੇ ! ਅਸੀਂ ਭਨਖ਼ਾਹ ਇਸ ਗਲ ਦੀ ਲੈ ਰਹੇ ਹਾਂ ਇਸ ਲਈ ਕਿ ਬਿਨਾਂ ਹੁਕਮ ਮਹਾਰਾਜ ਦੇ ਸੀਤਾ ਨੂੰ ਕੋਈ ਨਾ ਮਿਲਨਾ ਪਾਏ। ਚਲ ਦੂਰ ਹੋ ! ਨਹੀਂ ਭੁਂ ਇਕ ਵਾਰ ਵਿਚ ਹੀ ਕੰਮ ਕਰ ਤਹ ਕਰ ਦਿਆਂਗਾ "

ਹਨੂਮਾਨ--ਭਾਈ ਇਸ ਵਿਚ ਆਪ ਦਾ ਕੀ ਹਰਜ ਹੈ ਮੈਂ ਹੁਨੇ ਉਨਾਂ ਨੂੰ ਮਿਲਕੇ ਛੇਤੀ ਮੁੜ ਆਵਾਂਗਾ ਗੁਸੇ ਕਿੰਉ ਹੁੰਦੇ ਹੋ ॥

Original with:
Language Department Punjab
Digitized by:
Panjab Digital Library

ਸਿਪਾਹੀ--" ਗੁਸੇ ਵਸੇ ਦੀ ਕੋਈ ਗਲ ਨਹੀਂ ਤੈਂਨੂੰ ਇਕ ਵਾਰੀ ਜੋ ਕਹ ਦਿਤਾ ਕਿ ਇਥੇ ਅਉਨ ਦਾ ਹੁਕਮ ਨਹੀਂ ਫੇਰ ਥਕ ਥਕ ਕਾਸ ਲਈ ਲਾਈ ਹੈ" ?

ਹਨੂਮਾਨ -"ਮੈਂ ਬਤੇਰਾ ਚਾਹਿਆ ਪ੍ਰੰਤੂ ਬਹੁਤ ਗਲਾਂ ਸਹੀਆਂ ਕਿੰਤੂ ਸ਼ੋਕ । ਮਲੂਮ ਹੁੰਦਾ ਹੈ ਕਿ ਤਰੀ ਜਿੰਦਗੀ ਦੀ ਵਾਗ ਤੇਰੇ ਹਥੋਂ ਛੁਟ ਗਈ ਹੈ –

ਹਨੂਮਾਨ ਜੀਦੇ ਮੁੰਹੋਂ ਇਸ ਗਲਦੇ ਨਿਕਲਨ ਦੀ ਡੇਰ ਹੀ ਸੀ ਕਿ ਸਿਪਾਹੀ ਸੁਨਕੇ ਸੜ ਥਲ ਗਿਆ ਅਰ ਅਤਿ ਕ੍ਰੋਧ ਵਿਚ ਭਰਿਆ ਹੋਇਆ ਥਰ ਥਰ ਕੰਥਦਾ ਹੋਇਆ ਤਲਵਾਰ ਲੈਕੇ ਹਨੂਮਾਨ ਤੇ ਜਾ ਟੁਟਿਆ--ਪਰ ਇਸ ਥਹਾਦੁਰ ਨੇ ਭੀ ਉਸਦੀ ਲਤ ਤਿਹਾਈ ਤਲਵਾਰ ਨੂੰ ਢਾਲਤੇ ਰੋਕਕੇ ਇਸ ਜੋਰ ਨਾਲ ਗੁਟਜ ਦਾ ਵਾਰ ਕੀਤਾ ਕਿ ਸਿਰ ਉਸ ਦਾ ਚੂਰ ਚੂਰ ਹੋ ਗਿਆ । ਅਰ ਚਫੇਰ ਖਾਂਦਾ ਹੋਇਆ ਧਰਤੀ ਤੇ ਤੁਲਦਾ ਨਜਰ ਆਇਆ ਅਰ ਇਧਰ ਚੰਦ੍ਰਮਾਂ ਨੇ ਇਸ ਕਾਲੀ ਰਾਤਦੇ ਅੰਨੇਰੀ ਚਦਰ ਨੂੰ ਪਾੜ ਕੇ ਬਦਲਾਂ ਨੂੰ ਹਟਾ ਚਾਨਨ ਕਰਨਾ ਆਰੰਭ ਕੀਤਾ ਅਰ ਇਹ ਸੂਰਮਾਂ ਬਾਗ਼ ਦੇ ਅੰਦਰ ਜਾ ਵੜਿਆ ॥

ਅਹਾ ! ਇਸ ਵੇਲੇ ਇਸਦੀ ਨਜਰ ਕਿਸ ਖ਼ੁਸ਼ੀ ਨਾਂਲ ਸੀਤਾ ਸੀ ਦੀ ਢੂੰਢ ਵਿਚ ਅਖਾਂ ਤੋਂ ਨਿਕਲ ਕੇ ਜਾ ਰਹੀ ਹੈ ਪਰ ਇਨਾਂ ਨੂੰ ਨਾਂ ਦੇਖ ਕੇ ਹਰਾਨੀ ਅਰ ਨਿਰਾਸਤਾ ਦੇ ਨਾਲ ਮੁੜਕੇ ਆਕੇ ਇਸ ਨੂੰ ਚਿੰਤਾ ਵਿਚ ਪਾ ਉਦਾਸ ਕਰ ਰਹੀ ਹੈ । ਪ੍ਰੰਤੂ ਇਹ ਜਰਾ ਭੀ ਆਸ਼ਾ ਨੂੰ ਨਾਂ ਛਡਦਾ ਹੋਇਆ ਅਗੇ ਹੀ ਅਗੇ ਕਦਮ ਵਧਾਏ ਜਾਂਦਾ ਹੈ । ਹੁਨ ਇਸ ਨੂੰ ਜਿਥੇ ਬੜੇ ਸੰਘਨੇ ਬ੍ਰਿਛ ਨਜਰ ਆਓਂਦੇ ਹਨ ਅਰ ਜਿਨਾਂਦੇ ਵਿਚਘਾਰੋਂ ਕੁਝ ਚਾਨਣ ਜਿਹਾ ਦਿਖਾਈ ਦੇਂਦਾ ਹੈ ਓਸ ਜਗਾਂ ਤੇ ਕਿਸੇ ਦੇ ਹੋਨਦਾ ਵਹਿਮ ਹੁੰਦਾ ਹੈ ਜਦ ਉਨਾਂ ਦਰਖਤਾਂ ਦੇ ਨੇੜੇ ਪਹੁੰਚਾ ਤਾਂ ਇਕ ਉਚੀ ਬੜੀ ਮ੍ਰੰਦ੍ਰ ਅਮਾਰਤ ਨਜਰ

Original with:
Language Department Punjab
Digitized by:
Panjab Digital Library

ਪਕੀ ਜਿਸਦੀ ਨੀਂਹ ਧਰਤੀ ਦੀ ਪਟੜੀ ਤੋਂ ਕੁਝ ਸਰਾ ਉਚੀ ਹੈ ਅਰ ਚਾਰੇ ਪਾਸੇ ਰਸਤੇ ਬਨੇ ਹੋਏ ਹਨ ਜਿਸਦੀ ਪਥਰੀ ਛਤ ਨੂੰ ਸੰਖ ਮਰਮਰ ਦੇ ਸੁੰਦ੍ਰ ਗੋਲ ਥੰਮਾ ਨੇ ਚੁਕਿਆ ਹੋਇਆ ਹੈ ਅਰ ਇਸ ਰਸਤੇ ਦੇ ਬਾਹਰ ਇਕ ਬੜਾ ਕਮਰਾ ਹੈ ਜਿਸ ਨੂੰ ਅਸੀ ਇਕ ਬਾਰਾਂਦਰੀ ਨਾਲ ਪ੍ਰਮਾਨ ਦੇ ਸਕਨੇ ਹਾਂ ਕੇ ਉਂਕਿ ਚਾਰੇ ਪਾਸੇ ਠੀਕ ਆਮੋ ਸਾਮਨੇ ਦ੍ਵਾਜੇ ਹਨ ਜਿਨਾਂ ਦ੍ਵਾਰੇ ਹਵਾ ਦੀ ਔਨ ਜਾਨ ਦੀ ਕੋਈ ਰੋਕ ਟੋਕ ਨਹੀਂ ਇਸ ਦੀਆਂ ਕੰਧਾਂ ਸੰਖ ਮਰਮਰ ਦੀਆਂ ਬਨੀਆਂ ਹੋਈਆਂ ਹਨ ਅਰ ਜਗਾਂ ਜਗਾਂ ਸੁਨਹਰੀ ਚਿਤ੍ਰ ਕਾਰੀਆਂ ਅਤਿ ਸੁੰਦ੍ਰਤਾਈ ਨਾਲ ਬਨੀਆਂ ਹੋਈਆਂ ਦਿਸ ਰਹੀਆਂ ਹਨ ਅਰ ਨਾਨਾ ਪ੍ਰਕਾਰ ਦੇ ਵਿਚ ਵਿਚ ੨ ਜ਼ਾਹਰਾਤ ਦੀ ਜੜਤ ਭੀ ਹੋਈ ਹੋਈ ਹੈ ਅਰ ਸਜਾਵਟ ਖ਼ੁਸ਼ੀ ਅਰ ਉਜਾਲੇ ਦੀਆਂ ਸ਼ੈਆਂ ਭੀ ਪਈਆਂ ਹੋਈਆਂ ਹਨ । ਉਤ੍ਰੇ ਦਲਾਨਵਿਚ ਇਕ ਸੁਨਹਰੀ ਪਲੰਘ ਡਠਾ ਹੋਯਾ ਹੈ। ਜਿਸਦੇ ਪਾਵੇ ਅਤਿ ਚਮਕ ਕੇ ਝੋਭਾ ਦਿਖਾ ਰਹੇਹਨ। ਪ੍ਰੰਤੂ ਇਸਤੇ ਸਉਨ ਵਾਲਾ ਮਾਮੂਲੀ ਜਿਹਾ ਆਦਮੀ ਜਾਨ ਪੈਂਦਾ ਹੈ। ਕਿਉਂਕਿ ਨਾ ਤਾਂ ਕੋਈ ਸੁੰਦਰ ਸੇਜਾਹੀ ਦਿਸਦੀ ਹੈ ਅਰ ਨਾਹੀ ਕੋਈ ਉਜਲਾ ਸਾਫ ਜਿਹਾ ਬਿਸਤ੍ਰਾ ਦਿਖਾਈ ਦੇਂਦਾ ਹੈ ਹਾਂ ! ਇਕ ਮਾਮੂਲੀ ਜਿਹੀ ਚਦਰ ਲਈ ਹੋਈ ਪਾਸਾ ਮੋੜੇ ਕੋਈ ਪਿਆ ਹੈ । ਅਰ ਉਸਦੇ ਸਜੇ ਪਸੇ ਇਕ ਬ੍ਰਿਧ ਇਸਤ੍ਰੀ (ਤ੍ਰਿਜਟਾ) ਆਸਨ ਉਤੇ ਬੈਠੀ ਹੈ । ਪਾਠਕ ਗਨ ! ਇਸ ਦ੍ਰਿਸ਼ਨ ਨੂੰ ਦੇਖਕੇ ਹਨੁਮਾਨ ਜੀਦੀ ਹੋਰ ਭੀ ਹੈਰਾਨੀ ਵਧੀ । ਅਰ ਅਤਿ ਦਿਲ ਟਿਕਨ ਨਾਲ ਅਪਨੇ ਆਪ ਨੂੰ ਬ੍ਰਿਛਾਂਦੀ ਖੁਨੀਆਂ ਵਿਚ ਲੁਕੌਂਦਾ ਹੋਇਆ ਉਸਦੀ ਅਸਲੀ ਗਲ ਮਲੂਮ ਕਰਨ ਲਈ ਅਗੇ ਵਧਿਆ ਅਜੇ ਥੋੜਾ ਚਿਰ ਹੀ ਬੀਤਿਆ ਹੋਵੇਗਾ ਕਿ ਉਸ ਸ੍ਰੀਰ ਵਿਚੋਂ ਠੰਡੇ ਹਾਹੁ ਕਿਆਂ ਦੀ ਹਨੇਰੀ ਨੇ ਵਗਕੇ ਨਾਂ ਕੇਵਲ ਉਸ ਇਸਤ੍ਰੀ ਦਾ ਦਿਲ ਹਿਲਾ ਦਿਤਾ ਪ੍ਰੰਤੂ ਇਸ ਬਹਾਦੁਰ ਨੂੰ ਹੋਰ ਭੀ ਚਿੰਤਾ ਵਿਚ ਘੋਰ ਇਕ ਕਦਮ ਅਗੇ ਵਧਨ ਤੇ ਤਿਆਰ ਕੀਤਾ । ਆਹਾ ! ਉਏ

Original with:
Language Department Punjab
Digitized by:
Panjab Digital Library

ਹੀ ਉਸਨੇ ਪੈਰ ਅਗੇ ਰਖਿਆ ਹੀ ਸੀ ਕਿ ਉਸ ਪੁਰਖ ਨੂੰ ਜਿਸਦੀ ਬਾਬਤ ਕਈ ਇਕ ਪ੍ਰਕਾਰ ਦੇ ਸ਼ੰਕਾਪਨ ਉਤਪੰਨ ਹੁੰਦੇ ਸਨ ਅਰ ਸ੍ਰੀਰ ਵਿਚ ਨੀਵੇਂ ਉਚੇ ਲਹ ਚੜ ਰਹੇ ਸਨ ਪਲੰਗ ਤੇ ਬੈਠਾ ਸਿਰ ਨੀਵੇਂ ਪਾਏ ਹੋਏ ਦੇਖਿਆ ਸੁੰਦ ਕਾਲੇ ਵਾਲ ਦੋਵਾਂ ਗਲਾਂ ਤੇ ਲਟਕੇ ਹੋਏ ਸਨ ਅਰ ਇਨਾਂ ਦੇ ਵਿਚੋਂ ਉਸ ਚੰਦ੍ਰਮਾਂ ਦੀ ਨਿਆਈਂ ਜੋ ਬਦਲਾਂ ਦੀ ਕਾਲੀ ਘਟਾਂ ਵਿਚ ਦਿਸਦਾ ਹੈ ਇਸਦਾ ਚੇਹਰਾ ਦਿਖਾਈ ਦਿਤਾ ਭਾਂ ਇਸਨੂੰ ਦੇਖਦੇ ਹੀ ਹਨੁਮਾਨ ਦੇ ਸਭ ਵਹਿਮ ਦੂਰ ਹੋ ਗਏ। ਅਰ ਸੀਤਾ ਜੀ ਦੇ ਹੋਨ ਦਾ ਗੁਮਾਨ ਹੋਇਆ ਅਥ ਹੁਨ ਅਹ ਅਤਿ ਬੇਸਬਰੀ ਨਾਲ ਅਖਾਂ ਪਾੜ ਪਾੜ ਕੇ ਉਸਦੀ ਵਲ ਦੇਖਨ ਲਗਾ ਇੰਨੇ ਵਿਚ ਉਸ ਬੁਢੀ ਇਸਤ੍ਰੀ ਨੇ ਕਿਹਾ " ਸੀਤਾ ! ਤੇਰਾ ਦਿਨ ਰਾਤ ਦਾ ਰੋਨਾ ਕੁਰਲਾਓਨਾ ਅਰ ਉਦਾਸੀ ਨੇ ਦੇਖ ਤੇਰੀ ਕੀ ਦੀਸ਼ਾ ਕਰ ਦਿਤੀ ਹਰ ਵੇਲੇ ਦਾ ਉਦਾਸ ਰਹਿਨਾ ਅਛਾ ਨਹੀਂ "

ਸੀਤਾ--"ਹੇ ਪਿਆਰੀ ਮਾਤਾ ! ਜੋ ਕੁਝ ਆਪਨੇ ਕਿਹ ਹੀ ਸਤ ਹੈ ਅਰ ਠੀਕ ਹੈ ਮੈਂ ਆਪ ਦੀ ਭਨੋਂ ਮਨੋਂ ਧੰਨਵਾਦ ਹਾਂ ਅਰ ਆਪਦੀ ਪਵਿਤ੍ਰ ਜੀਭ ਦੀ ਭਵੀਰ ਹੈ ਜਿਸਨੇ ਮੇਰੇ ਵਿਆਕੁਲ ਹੋਏ ਹੋਏ ਦਿਲ ਨੂੰ ਟਿਕਾਨੇ ਰਖਿਆ ਹੋਇਆ ਹੈ ਅਰ ਵੇਲੇ ਕੁਵੇਲੇ ਤੇਰੀਆਂ ਧੀਰਜ ਦੀਆਂ ਗਲਾਂ ਮੇਰੇ ਗਮੀ ਦੇ ਪਰਬਤ ਦਾ ਭਾਰ ਹੌਲਾ ਕਰਦੀਆਂ ਹਨ ਨਹੀਂ ਤਾਂ ਮੈਂਨੂੰ ਇਹ ਤਾਕਤ ਕਿਥੇ ? ਜੋ ਅਜਿਹੇ ਚਿੰਤਾ ਗ਼ਮ ਦੀ ਸੈਨਾਂ ਦਾ ਸਾਹਮਨਾ ਕਰਦੀ। ਮਾਤਾ ! ਮੈਂ ਥਤੇਰਾ ਅਪਨੇ ਨਾ ਮੈਭਲ ਨ ਵਾਲੇ ਦਿਲ ਨੂੰ ਸੰਭਾਲਨੀ ਹਾਂ ਕਈ ਇਕ ਖਿਆਲਾਂ ਨੂੰ ਟਾਲਨੀ ਹਾਂ। ਪ੍ਰੰਤੂ ਜਦ ਮੈਂਨੂੰ ਅਪਨੇ ਪ੍ਰਨ ਦੀ ਸੋਚ ਕਿ ਜਿਸਨੂੰ ਮੈਂ ਕਰਕੇ ਉਜਾੜ ਬੀਆਬਾਨ ਵਿਚ ਆਈ ਸਾਂ ਨਾ ਪੂਰੇ ਹੋਨੇ ਤੇ ਯਾਦ ਆਉਂਦਾ ਹੈ ਤਾਂ ਇਹ ਦਿਲ ਮਛੀ ਦੀ ਨਿਆਈਂ ਬਿਨਾਂ ਜਲ ਦੇ ਤੜਪ ਤੜਪ ਕੇ ਨੀਵੇਂ ਬੈਠ ਜਾਂਦਾ ਹੈ। ਆਹ ! ਮੈਂ ਕਿਹੀ ਅਭਾਗਨ ਹਾਂ ਕਿ ਇਸ ਵੇਲੇ ਵਿਚ ਸਵਾਮੀ ਜੀ ਦੀ ਟਹਿਲ ਸੇਵਾ ਕਰਨੀ ਤਾਂ ਇਕ

Original with:
Language Department Punjab
Digitized by:
Panjab Digital Library

ਪਾਸੇ ਰਹੀ ਉਲਟਾ ਮੈਂ ਹੀ ਅਕ੍ਰਮਨ ਉਨਾਂ ਦੀ ਚਿੰਤਾ ਦਾ ਕਾਰਨ ਹੋਈ । ਅਛਾ ਹੁੰਦਾ ! ਜੇ ਮੈਂ ਮਰ ਜਾਂਦੀ ਉਨਾਂ ਦੇ ਦਿਲ ਨੂੰ ਸਬਰ ਭਾਂ ਆ ਜਾਂਦਾ । ਹਾਇ ! ਮੈਂ ਕੀ ਜਾਨਾਂ ਕਿ ਓਹ ਕਿਥੇ ਕਿਥੇ ਭਟਕਦੇ ਫਿਰਦੇ ਹੋਨਗੇ ਇਨਾਂ ਨੂੰ ਪਰਬਤਾਂ ਦੀਆਂ ਔਖੀਆਂ ਘਾਟੀਆਂ ਦੀਆਂ ਯਾਤ੍ਰਾਂ ਕਰਦਿਆਂ ਕੀ ਕੀ ਕਠਨਤਾਈਆਂ ਹੁੰਦੀਆਂ ਹੋਨ ਗੀਆਂ ਉਫ ! ਕਿਧ੍ਰੇ ਲਛਮਨ ਵਿਚਾਰੇ ਨੂੰ ਬੁਰਿਆਈ ਨ ਦੇਨ ਕਿ ਓਹ ਮੈਨੂੰ ਅਕਲਿਆਂ ਛਡ ਕਿੰਉਂ ਕਰ ਚਲਾ ਗਿਆ (ਕੁਝ ਚਿਰ ਚੁਪ ਕਰ ਕੇ) ਆਹ ! ਭਾਂ ਹੁਨ ਉਨਾਂ ਨੂੰ ਕੌਨ ਸਮਝਾਏ ਕਿ ਓਹ ਵਿਚਾਰਾ ਨਿਰਦੋਸ਼ ਹੈ ਓਹਦੀ ਕੋਈ ਭੁਲ ਨਹੀਂ ਮੈ ਹੀ ਜਿਦ ਨਾਲ ਉਸਨੂੰ ਕਹਕੇ ਭੇਜਿਆ ਸੀ ਹਾਇ ! ਮੇਰੀ ਜਾਨ ਕਹੀ ਬਿਰਹਮ ਅਚ ਢੀਠ ਹੈ ਕਿ ਨਿਕਲਦੀ ਹੀ ਨਹੀਂ । ਜਮਦੂਤ ਭੀ ਉਸਤੋਂ ਡਰਦਾ ਹੈ ਹੇ ਪ੍ਰਮਾਤਮਾ ! ਮੈਂ ਕੇਹੜਾ ਅਜਿਹਾ ਪਾਪ ਕੀਤਾ ਹੈ ਜਿਸਦੇ ਬਦਲੇ ਇਹ ਬੁਰਾ ਦਿਨ ਮੈਨੂੰ ਦੇਖਨਾ ਪ੍ਰਾਪਤ ਹੋਇਆ ਰਾਵਨ ਦੀਆਂ ਦੁਖਤ ਗਲਾਂ ਸਹਨੀਆਂ ਪਈਆਂ ਹੇ ਧਰਤੀ ਮਾਤਾ ! ਤੂੰ ਹੀ ਭਰਮ ਖਾ ਅਰ ਪਾਟ ਜਾ ਕਿ ਮੈਂ ਤੇਰੇ ਵਿਚ ਸਮਾ ਜਾਵਾਂ ਅਰ ਇਹ ਹਰ ਵੇਲੇ ਦਾ ਕਲੀਆ ਨਿਬੜ ਜਾਏ । ਹਾਇ ਹੁਨ ਭਾਂ ਬਿਨਾਂ ਇਸਦੇ ਕਿ ਮੋਤ ਆ ਜਾਵੇ ਛੁਟਕਾਰਾ ਨਹੀਂ ਇਹ ਕਿਹੀ ਅਰ ਚੁਪ ਕਰ ਗਈ ਯਾ ਇਸਤਰਾਂ ਸਮਝੋ ਕਿ ਚਿੰਤਾ ਰੂਪੀ ਪਰਬਤ ਉਸਦੇ ਨਰਮ ਸਿਰ ਤੇ ਟੁਟ ਪਇਆ ਅਤ ਕਮਜੋਰ ਗਰਦਨ ਟੇਡੀ ਹੋ ਗਈ ॥

ਅਹਾ ਇਸ ਵੇਲੇ ਇਸਦੀ ਚਿੰਤਾ ਅਰ ਤੜਫੀੜ ਦਾ ਅੰਦਾਜਾ ਕੌਨ ਕਰ ਸਕਦਾ ਹੈ । ਕਟੇ ਭਾਂ ਸ਼ਰੀਰ ਵਿਚ ਲਹੂ ਦਾ ਨਾਓ ਨਿਸ਼ਾਨ ਨਹੀਂ ਸਾ । ਪ੍ਰਮੇਸ਼ੁਰ ਜਾਨੇ ਇਸ ਵੇਲੇ ਇਸ ਦੀ ਨਿਗਾਹ ਕਿਸ ਢੂੰਢਵਿਚ ਹੈ ਕਿ ਪਲਟਨ ਦਾ ਨਾਂਓ ਹੀ ਨਹੀਂ ਲੈਦੀ । ਸੀਤਾ ਜੀ ਦਾ ਗ਼ਮ ਅਰ ਫਿਕਰ ਦੇਖ ਕੇ ਚੰਦ੍ਰਮਾਂ ਭੀ ਨ ਸਹਾਰ ਸਕਿਆ ਅਰ ਬਦਲ ਰੂਪੀ ਪੜਦਾ ਕਰ ਮੁੰਹ ਲੁਕਾ ਲਿਆ । ਪਰ ਮੁੜ ਮੁੜ ਇਸਦਾ ਨਸਰ ਬਰਾ ਕੇ ਬਦਲਾਂ ਦਾ

Original with:
Language Department Punjab
Digitized by:
Panjab Digital Library

ਓਟ ਵਿਚੋਂ ਦੇਖਨਾ ਸੀਤਾ ਚਿੱਤਾ ਤੋਂ ਦਸ ਰਿਹਾ ਹੈ ਕਿ ਠੀਕ ਹੀ ਸੀਤਾ ਜੀ ਦੇ ਗਮ ਨੇ ਇਸ ਨੂੰ ਭੀ ਚਿੰਤਾਤੁਰ ਬਨਾ ਦਿਤਾ ਹੈ ਐ ਲੋ! ਪਾਨੀ ਦੀਆਂ ਬੂੰਦਾਂ ਭੀ ਡਿਗਨ ਲਗ ਪਈਆਂ ਹਨ ਜਿਨਾਂ ਨੂੰ ਦੇਖਕੇ ਕਿਆਸ ਆਉਂਦਾ ਹੈ ਕਿ ਨਹੀਂ ! ਨਹੀ !! ਏਹ ਪਨੀ ਨਹੀਂ ਪ੍ਰੰਤੂ ਉਸੇ ਦੇ ਅਥਰੂ ਹਨ।

ਪਾਠਕਗਨ ! ਸੀਤਾ ਜੀ ਨੂੰ ਇਸ ਦਿਸ਼ਾਂ ਵਿਚ ਦੇਖਕੇ ਹਨਮਾਨ ਜੀ ਦਾ ਮਨੀਰ ਕੰਪਾਇਵਾਨ ਹੋਗਿਆ ਇਸ ਦੀਆਂ ਸਾਰੀਆਂ ਤਾਕਤਾਂ ਛਿਨ ਭਰ ਲਈ ਆਪਨਾ ਕੰਮ ਛਡ ਬੈਠੀਆਂ ਨਹੀਂ ! ਨਹੀਂ !! ਸਭ ਮਿਲਕੇ ਇਸਦੇ ਸਿਰ ਤੇ ਟੁਟ ਪਈਆਂ ਅਰ ਕਈ ਪ੍ਰਕਾਰ ਦੇ ਖਿਆਲ ਉਤਪੰਨ ਹੋਕੇ ਇਸਕੇ ਚਿਤਾਵਾਨ ਦਿਲ ਨੂੰ ਚੁੰਭੀਆਂ ਭਰਨ ਲਗੇ ਹਨੁਮਾਨ ਸਮੇਂ ਦੇ ਉਲਟ ਪੁਲਟ ਨੂੰ ਧਿਕਾਰ ਕਰ ਹੀ ਰਿਹਾ ਸੀ ਕਿ ਨੈਨੀ ਦੇ ਫੇਰਨੇ ਸੀਤਾ ਜੀ ਦਾ ਦੁਬਧਾ ਚਿਤ੍ਰ ਅਗੇ ਲਿਆ ਰਖੀਆ ਅਰ ਇਸਦਾ ਦ੍ਰਿਸ਼ਜ ਭਦੋਂ ਦਿਲ ਰੂਪੀ ਸ਼ੀਸੇ ਤੇ ਪਇਆ ਇਸਨੂੰ ਬਾਲ ਅਵਸਥਾ ਦਾ ਸਮਾਂ ਜੋ ਮਹਾਰਾਜਾ ਰਾਮਚੰਦ੍ ਪਾਸੋਂ ਸੁਨਿਆ ਸਾ ਯਾਦ ਆਗਿਆ ਭਾਂ ਬੇਵਸ ਹੋ ਇਸ ਪ੍ਰਕਾਰ ਕਹਿਨ ਲਗਾ " ਹੇ ਨਿਰਦਈ ਵਿਧਾਤਾ ! " ਤੇਰੀ ਨਿਰਦਯਤਾ ਭਕ ਕੋਈ ਨਾ ਪਹੁੰਚ ਸਕਿਆ। ਆਹ ! ਇਹ ਓਹੋ ਸੀਤਾ ਹੈ ਜੋ ਰਾਜਾ ਜਨਕ ਦੀਆਂ ਅਖਾਂ ਦੀ ਪੁਤਲੀ ਅਰ ਮਾਤਾ ਦੀ ਰੋਸ਼ਨੀ ਅਰ ਜਿਸ ਲਈ ਥੜੇ ਥੜੇ ਰਾਜਾ ਮਹਾਰਾਜਾ ਧਨੁਖ ਦੇਨਾਂ ਟੁਟਨ ਤੋਂ ਸ਼ਰਮਿੰਦੇ ਹੋ ਮੁੜ ਗਏ ਸਨ । ਅਰ ਰਾਜਾ ਦਸਰਤ ਦੀ ਵੰਸ਼ ਜਿਸ ਵੇਲੇ ਇਸ ਰਾਜ ਕੁਮਾਰੀ ਦਾ ਵਿਆਹ ਰਾਮਚੰਦ੍ ਨਾਲ ਹੋਇਆ ਸੀ ਮਾਰੇ ਖੁਸ਼ੀ ਦੇ ਜਾਮੇ ਵਿਚ ਫੁਲੀ ਨਹੀਂ ਸਮਾਓ ਦੀ ਸੀ ਹਾਇ ! ਦੇਖ ਓਹੀ ਇਹ ਪਤੀਬ੍ਰਤਾ ਸੀਤਾ ਹੈ ਜਿਸਨੇ ਸਭ ਸੁਖਾਂ ਅਤ ਪਦਾਰਥਾਂ ਨੂੰ ਤਿਆਗ ਜੋਗੀਆਨਾ ਵੇਸ ਸ੍ਵੀਕਾਰ ਕਰ ਰਾਮਚੰਦ੍ ਨਾਲ ਇਸ ਗਲ ਲਈ ਰਹਿਨਾ ਕਬੂਲ ਕੀਤਾ ਸੀ ਕਿ ਉਨਾਂ ਦੇ ਦੁਖ ਵਿਚ ਹਥ ਵਟਾਵੇ ਅਰ ਅਪਨੇ ਪਤੀ ਬ੍ਰਤ ਧਰਮ ਨੂੰ ਪਾਲਨ ਕਰੇ । ਪ੍ਰੰਤੂ ਹੇ ਦੁਨੀਆ ਤੂੰ

Original with:
Language Department Punjab
Digitized by:
Panjab Digital Library

ਬੜੀ ਬਕਦਰ ਅਰ ਤੇਤੇ ਚਸ਼ਮ ਹੈਂ। ਹੇ ਰਾਵਨ! ਤੂੰ ਬੜਾ ਜ਼ਾਲਮ ਅਰ ਪਾਪੀ ਹੈ ਤੈਂਨੂੰ ਰਤੀ ਭੀ ਇਨਾਂ ਦੇ ਅਜਿਹੇ ਹਾਲ ਤੇ ਤਰਸ ਨਾ ਆਇਆ ਅਰ ਤੂੰ ਇਸ ਪਤਿਬ੍ਰਤਾ ਦੀਆਂ ਇਛਾਂ ਦਾ ਖੂਨ ਕਰ ਦਿਤਾ। ਮਹਾਰਾਜਾ ਰਾਮਚੰਦ੍ਰ ਦਾ ਦਿਲ ਦੁਖਾਕੇ ਲਛਮਨ ਨੂੰ ਅਪਨੀ ਮ੍ਰਿਤਯੂ ਲਈ ਤਿਆਰ ਕਰਾਇਆ ਪਰ ਯਾਦ ਰਖ! ਓਹ ਦਿਨ ਨੇੜੇ ਹੀ ਆਓਂਦਾ ਜਾਂਦਾ ਹੈ ਕਿ ਤੂੰ ਅਪਨੇ ਕੀਤੇ ਦਾ ਫਲ ਪਾਏਂਗਾ। ਅਰ ਬਿਨਾਂ ਇਸਦੇ ਕਿ ਤੂੰ ਪਛੋਤਾ ਕਰੇਂ? ਹੋਰ ਕੁਝ ਨਹੀਂ ਬਨੇਗਾ॥

ਪਾਠਕ ਗਨ! ਇਨਾਂ ਸ਼ਬਦਾਂ ਦੇ ਸੁਨਨੇ ਤੋਂ ਸੀਤਾ ਜੀ ਦੇ ਦਿਲ ਰੂਪੀ ਜਹਾਜ ਜੋ ਚਿੰਤਾ ਅਰ ਫਿਕਰ ਦੇ ਸਮੁੰਦਰ ਦੀਆਂ ਲਹਿਰਾਂ ਵਿਚ ਝੂਕੇ ਖਾ ਰਿਹਾ ਸੀ ਸੁਨਦੇ ਹੀ ਕੰਢੇ ਦੇ ਨੇੜੇ ਆ ਪਹੁੰਚਾ ਅਰ ਓਹ ਭੈੜੇ ਖਿਆਲ ਜੋ ਇਧਰ ਉਧਰ ਭਟਕ ਰਹੇ ਸਨ ਇਕ ਪਾਸੇ ਹੋਏ। ਓਹੀ ਨਜਰ ਜੋ ਥੋੜੀ ਦੇਰ ਵਿਚ ਪਲਟਨ ਦਾ ਨਾਂ ਨਹੀਂ ਲੈਂਦੀ ਸੀ ਛੇਤੀ ਨਾਲ ਕੰਨਾਂ ਦੀ ਸੈਨਤ ਸੁਨਦੇ ਹੀ ਇਸੇ ਪਾਸੇ ਨੂੰ ਲਗ ਗਈ। ਜਿਸ ਪਾਸਿਓਂ ਅਵਾਜ ਆਈ ਸੀ ਅਰ ਰਾਮਚੰਦ੍ਰ ਜੀਦੇ ਨਾਂਓ ਦੇ ਪ੍ਰੇਮ ਦਾ ਜੋਸ਼ ਦਿਲ ਵਿਚ ਪੈਦਾ ਹੋਇਆ ਅਰ ਰਸਨਾਂ ਨੇ ਬੇ ਇਖਤਿਆਰ ਹੋ ਉਚੀ ਪੁਕਾਰ ਕੇ ਕਿਹਾ :—

"ਭਾਈ ਤੂੰ ਕੌਨ ਹੈਂ? ਜੋ ਉਸ ਦੁਖਦਾਈ ਦੀ ਦਸ਼ਾ ਪਰ ਸ਼ੋਕ ਕਰ ਰਿਹਾ ਹੈਂ ਕ੍ਰਿਪਾ ਕਰਕੇ ਮੈਂਨੂੰ ਦਰਸ਼ਨ ਦੇ"

ਹਨੂਮਾਨ ਨੇ ਛੇਤੀ ਨਾਲ ਆਕੇ ਪ੍ਰਨਾਮ ਕੀਤਾ ਅਰ ਬੜੇ ਅਦਬ ਸਹਿਤ ਹੱਥ ਜੋੜਕੇ ਖੜੋ ਗਿਆ ਮਗਰ ਇਸਨੂੰ ਦੇਖਕੇ ਸੀਤਾ ਜੀ ਝਕ ਗਈ ਅਰ ਬੜੀ ਦੇਰ ਤੀਕ ਚੁਪ ਚਾਪ ਕੁਝ ਸੋਚਦੀ ਰਹੀ ਅਰ ਅੰਤ ਨੂੰ ਇਸ ਪ੍ਰਕਾਰ ਕਹਿਨ ਲਗੀ "ਤੁਸੀ ਕੌਨ ਹੋ ਅਰ ਇਥੇ ਕਿਸਤ੍ਰਹ ਔਨਾ ਹੋਇਆ"

Original with:
Language Department Punjab
Digitized by:
Panjab Digital Library

ਹਨੁਮਾਨ–" ਮਾਤਾ ! ਮੈਂ ਸਾਡ ਦਾ * ਬਾਨਰ ਅਰ ਮਹਾਰਾਜ ਰਾਮਚੰਦ੍ ਜੀਦਾ ਸੇਵਕ ਹਾਂ ਅਰ ਆਪਦੀ ਖਵਰ ਨੂੰ ਆਇਆ ਹਾਂ "

ਸੀਤਾ–(ਜਰਾ ਧਿਆਨ ਨਾਲ ਦੇਖਕੇ) " ਕੀ ਕਿਹਾ ਸ੍ਵਾਮੀ ਜੀਦਾ ਦਾਸ ! ਕਦ ਤੂੰ ? ਮੈਂ ਭਾਂ ਤੈਨੂੰ ਕਦੀ ਨਹੀਂ ਦੇਖਿਆ ਸਚ ਦਸੋ ! ਦੇਖਨਾ ਕੋਈ ਛਲ ਨਾਂ ਕਰਨਾਂ ਮੈਂ ਅਨਾਥ ਹਾਂ "

ਹਨੁਮਾਨ–" ਮਾਤਾ ! ਆਪ ਧੀਰਜ ਰਖੋ ਕਿਸੇ ਤਰਾਂ ਨਾਂ ਘਬਰਾਓ । ਮੈਂ ਉਨਾਂ ਦਾ ਹੀ ਸੇਵਕ ਹਾਂ (ਮੁੰਦਰੀ ਕਢਕੇ) ਇਹ ਦੇਖੋ ਮਹਾਰਾਜ ਦੀ ਮੁੰਦ੍ਰੀ ਹੈ ਜੋ ਉਨਾਂ ਨੇ ਇਕ ਨਿਸ਼ਾਨੀ ਦੀ ਨਿਆਈਂ ਆਪ ਨੂੰ ਦਿਖਾਉਨ ਲਈ ਦਿਤੀ " ਇਹ ਕਹਕੇ ਸੁਗ੍ਰੀਵ ਅਰ ਬਾਲੀ ਦੀ ਸਾਰੀ ਵਿਅਸਥਾ ਕਹ ਸੁਨਾਈ । ਸੀਤਾ ਜੀ ਕੁਝ ਚਿਰ ਅੰਗੂਠੀ ਲੈਕੇ ਸੋਚਦੀ ਰਹੀ ਅਰ ਕਈ ਤਰਾਂ ਦੇ ਖਿਆਲ ਇਸਦ ਦਿਲ ਵਿਚ ਉਭਪਨ ਹੁੰਦੇ ਰਹੇ । ਅੰਤ ਨੂੰ ਸੋਚ ਨੇ ਇਹੀ ਫੈਸਲਾ ਦਿਤਾ ਕਿ ਜੋ ਕੁਝ ਇਸਨੇ ਕਿਹਾ ਸਚ ਹੈ ॥

ਸੀਤਾ–ਭਾਂ ਮੈਂਨੂੰ ਕਦ ਤੀਕ ਇਥੇ ਰਹਿਨਾ ਹੋਵੇਗਾ ?

---

* ਸਾਡੇ ਓਹ ਭੋਲੇ ਭਾਲੇ ਪਾਠਕ ਜਿਨਾਂ ਦੇ ਦਿਲ ਵਿਚ ਖਵਰੇ ਅਜੇ ਤਕ ਕੁਝ ਸ਼ਕ ਹੋ । ਕਿ ਹਨੁਮਾਨ ਜੀ ਆਦਮੀ ਨਹੀਂ ਸਨ ਪ੍ਰੰਤੂ ਬਾਂਦਰ । ਸੀਤਾ ਜੀਦੇ ਇਸ ਵਾਕਯ ਨੂੰ ਜਰਾ ਸੋਚਨ ਕਿ ਠੀਕ ਸਾਨੂੰ ਪਸ਼ੂ ਤੋਂ ਭੀ ਪੁਛਨ ਦੀ ਜਰੂਰਤ ਹੈ ਕਿ ਤੁਸੀ ਕੌਨ ਹੋ ? ਨਹੀਂ ! ਕਦਾਚਿਤ ਨਹੀਂ !! ਇਸਦੀ ਤਾਂ ਸ਼ਕਲ ਦੇਖਕੇ ਪਛਾਨ ਸਕਦੇ ਹੋ ਕਿ ਓਹ ਫਲਾਨੀ ਤਰਾਂਦਾ ਪਸੂ ਹੈ ਅਰ ਇਹ ਪ੍ਰਸ਼ਨ ਕੇਵਲ ਇਨਸਾਨ ਤੇ ਹੀ ਲਗ ਸਕਦਾ ਹੈ ਜੋ ਨਾਨਾ ਜ਼ਾਤੀਆਂ ਅਰ ਫਿਰ ਕਿਆ, ਵਿਚ ਵੰਡੇ ਹੋਏ ਹਨ ਦੇਖੋ ਬਾਲ ਮੀਕੀ ਰਾਮਾਇਣ ਸੁੰਦ੍ ਕਾਂਡ ਪਤ੍ਰਾ ੪੧ ਸੁਰਗ ੨੪ ॥

Original with:
Language Department Punjab
Digitized by:
Punjab Digital Library

ਹਨੂਮਾਨ–" ਮਾਤਾ ! ਆਪ ਕੁਝ ਚਿੰਤਾ ਨਾਂ ਕਰੋ ਹੁਨ ਕੇਵਲ ਮੇਰੇ ਜਾਵਨ ਦੀ ਹੀ ਡੇਰ ਹੈ ਆਪ ਦੇਖੋ ਗੇ ਕਿ ਬਾਨਰ ਲੋਗ ਇਸ ਦੇ ਹੰਕਾਰ ਨੂੰ ਕਿਸ ਤਰਾਂ ਤੋੜ ਦੇ ਹਨ ਅਰ ਇਸਦੀ ਦਲੇਰ ਫੌਜ ਨੂੰ ਜਿਸਤੇ ਇਸਨੂੰ ਬੜਾ ਗੁਮਾਨ ਹੈ ਕਿਸ ਪ੍ਰਕਾਰ ਪਛਾੜਨੇ ਹਾਂ "

ਸੀਤਾ–" ਬੇਟਾ ਤੇਰੀਆਂ ਗਲਾਂ ਸੁਨਕੇ ਮੇਰੇ ਟੁਟੇ ਹੋਏ ਦਿਲ ਨੂੰ ਕੁਝ ਧੀਰਜ ਹੋਈ ਹੈ ਪ੍ਰਮਾਤਮਾ ਤੇਰੀ ਹਿੰਮਤ ਵਿਚ ਬਰਕਤ ਦੇਵ ਅਰ ਹੌਸਲਾ ਵਧਾਵੇ (ਹਥੋਂ ਚੂੜੀ ਨੂੰ ਲਾਹ ਕੇ) ਇਹ ਚੂੜੀ ਸ੍ਵਾਮੀਜੀ ਨੂੰ ਦੇ ਦੇਨਾਂ ਅਰ ਹੱਥ ਜੋੜ ਕੇ ਮੇਰੀ ਵਲੋਂ ਬੇਨਤੀ ਕਰਨਾਂ ਕਿ ਸ਼ਾਂਤੀ ਅਰ ਧੀਰਜ ਨਾਲ ਕੰਮ ਕਢਨ । ਰਾਕਸ਼ ਲੋਗ ਬੜੇ ਬਦਨੀਅਤ ਫਰੇਬੀ–ਮਕੱਾਰ ਅਰ ਦੁਸ਼ਟ ਹਨ ਕਿਧੇ ਇਨਾ ਦੇ ਧੋਕੇ ਵਿਚ ਨਾਂ ਆ ਜਾਨਾਂ । ਬੜੀ ਚਤਰਾਈ ਨਾਲ ਕੰਮ ਲੈਨਾਂ–"

ਹਨੂਮਾਨ–(ਚੂੜੀ ਲੈ ਕੈ) ਆਪ ਇਨਾਂ ਗਲਾਂ ਤੋਂ ਨਿਚਿੰਤ ਰਹੀਏ– ਅਸੀ ਲੋਕ ਇਨਾਂ ਦੀ ਜੜ ਤੋਂ ਅਛੀ ਤਰਾਂ ਵਾਕਫ ਹਾਂ ॥

ਪਾਠਕ ਗਨ ! ਇਥੇ ਤਾਂ ਇਸ ਪ੍ਰਕਾਰ ਗਲਾਂ ਬਾਤਾਂ ਹੋ ਰਹੀਆਂ ਸਨ ਉਧਰ ਸਿਪਾਹੀ ਦੀ ਲਾਸ਼ ਨੂੰ ਦੇਖ ਕੇ ਰਾਵਨ ਨੂੰ ਖਵਰ ਕੀਤੀ ਗਈ ਅਰ ਕਈ ਇਕ ਜੰਗੀ ਦਲੇਰ ਆਦਮੀ ਇਸਦੇ ਖੂਨ ਕਰਨ ਵਾਲੇ ਦੀ ਢੂੰਢ ਵਿਚ ਨਿਕਲੇ । ਓਹ ਦੇਖੋ ਕਿਹੇ ਦੈਂਤੀ ਚਲੇ ਆਂਉਦੇ ਹਨ । ਇਹਲੋ ! ਹੁਨ ਇਸ ਪਾਸੇ ਨੂੰ ਭੀ ਆਉਨ ਲਗੇ ॥

Original with:
Language Department Punjab
Digitized by:
Panjab Digital Library

(ਚਾਲੀਵਾਂ ਧਿਆਯ)

—:o:—

ਰਾਵਨ ਦੇ ਦਰਬਾਰ ਵਿਚ ਹਨੂਮਾਨ ਜੀ ਦੀ ਬੇਧੜਕ ਗਲ ਬਾਤ

ਦਿਨ ਦੇ ਪਹਿਲੇ ਪਹਿਰ ਦਾ ਵੇਲਾ ਹੈ। ਅਤ ਦਿਨ ਭੀ ਕੋੜਾ ਉਸੀ ਸਵੇਰੇ ਦਾ ਜਿਸ ਵਿਚ ਸੂਰਮਾ ਹਨੂਮਾਨ ਅਸ਼ੋਕਬਾਗ ਵਿਚ ਗਿਆਸੀ । ਇਸ ਵੇਲੇ ਸੂਰਜ ਦੀਆਂ ਤੀਖਨ ਕਿਰਨਾਂ ਧਰਤੀ ਤੇ ਜਗਾਂ ਜਗਾਂ ਧੁਪ ਦੇ ਫਰਸ਼ ਵਿਛਾਂ ਰਹੀਆਂ ਹਨ ॥

ਘਰਾਂ ਦੀਆਂ ਕੰਧਾਂ ਦੇ ਪਰਛਾਂਵੇਂ ਜੋ ਥੋੜਾ ਚਿਰ ਪਹਿਲੋਂ ਬੜੇ ਅਮਨ ਚੈਨ ਨਾਲ ਧਰਤੀ ਤੇ ਦਿਸ ਰਹੇ ਸਨ ਇਨਾਂ ਨੂੰ ਦੇਖਦਿਆਂ ਹੀ ਕਮਜੋਰ ਪੁਰਖਾ ਦੀ ਨਿਆਈਂ ਪਿਛੇ ਹਟ ਰਹੇ ਹਨ ਪਰ ਸੂਰਜ ਦੀਆਂ ਤੇਜ ਕਿਰਨਾਂ ਇਨਾਂ ਦਾ ਪਿਛਾ ਹੀ ਨਹੀਂ ਛਡ ਦੀਆਂ ਮਗਰ ਵ ਲਗੀਆਂ ਜਾਂਦੀਆਂ ਹਨ । ਦੇਖੋ ! ਜਿਥੇ ਥੋੜਾ ਚਿਰ ਪਹਿਲੋਂ ਪਰਛਾਵਾਂ ਸੀ ਹੁਨ ਓਥੇ ਧੁਪ ਧਰਤੀ ਨਾਲ ਮਿਲ ਰਹੀ ਹੈ । ਇਸੇ ਪ੍ਰਕਾਰ ਪੁਰਖ ਦੀ ਜਿੰਦਗੀ ਦੀਆਂ ਘੜੀਆਂ ਹੌਲੀ ਹੌਲੀ ਬਦਲ ਦੀਆਂ ਜਾਰਹੀਆਂ ਹਨ । ਮੂਲ ਗਲ ਕੀ ! ਇਹ ਓਹ ਵੇਲਾਹੈ ਕਿਸੂਰਜ ਦੇਵਤਾ ਸੰਸਾਰ ਦੀ ਖਾਤ੍ਰਦਾਰੀ ਵਿਚ ਲਗਾ ਹੋਇਆ ਹੈ । ਬਜਾਰਾਂ ਵਿਚ ਵਨਜ ਵਿਹਾਰ ਕਾਰ ਹੋ ਰਹੇ ਹਨ । ਇਸ ਵੇਲੇ ਸਾਡਾ ਧਿਆਨ ਜੋ ਪਹੁੰਚਦਾ ਹੈ ਝਾਂ ਓਹ ਲੰਕਾ ਸ਼ਹਰ ਦੇ ਸ਼ਾਹੀ ਦਰਬਾਰ ਦੀ ਓਹ ਚੌੜੀ ਛਿਓੜੀ ਹੈ ਜਿਸਦੇ ਇਕ ਪਾਸੇ ਤਾਂ ਆਮ ਖੁਲਾ ਰਸਤਾ ਹੈ ਅਰ ਤਿੰਨੇ ਪਾਸੇ ਬੜੀਆਂ ਉਚੀਆਂ ਅਮਾਰਤਾਂ ਅਕਾਸ਼ ਨਾਲ ਗਲਾਂ ਕਰ ਰਹੀਆਂ ਹਨ ਜਿਨਾਂ ਦੀਆਂ ਤਰਾਂ ਤੇ ਚਾ ਦੀਆਂ ਸੁਨਹਰੀ ਕਲਸੀਆਂ ਦੂਰੋਂ ਚਮਕ ਵ ਕੇ ਕਾਰੀਗਰਾਂ

Original with:
Language Department
Digitized by:
Panjab Digital Library

ਦੀ ਮੇਹਨਤ ਅਰ ਸੋਨੇ ਦਾ ਬਹੁਤ ਹੋਨਾ ਪ੍ਰਗਟ ਕਰ ਰਹੀਆਂ ਹਨ । ਜਿਨਾਂ ਨੂੰ ਦੇਖਕੇ ਬੇਅਖਿਤਿਆਰ ਕਹਿਨਾ ਪੈਂਦਾ ਹੈ ਕਿ ਸਿਓਂਨੇ ਦੇ ਬਹੁਤ ਜ਼ਿਆਦਾ ਹੋਨ ਕਰਕੇ ਇਥੇ ਇਸਦੀ ਓਹ ਕਦਰ ਨਹੀਂ ਜੋ ਦੂਸ੍ਰੇ ਦੇਸਾਂ ਵਿਚ ਹੁੰਦੀ ਹੈ। ਭਾਵੇਂ ਸਾਰੇ ਮਹਿਲ ਅਪਨੀ ਅਨੋਖੀ ਵਜਾ ਰਖਨ ਨਾਲ ਅਤਿ ਮਨੋਹਰ ਅਰ ਸੁੰਦਰ ਹਨ। ਪ੍ਰੰਤੂ ਓਹ ਮਹਿਲ ਜਿਥੇ ਇਕ ਫਰੇਰਾ ਹਵਾ ਵਿਚ ਉਡਦਾ ਹੋਇਆ ਦਿਖਾਈ ਦੇਂਦਾ ਹੈ ਇਨਾਂ ਸਭਨਾਂ ਤੋਂ ਵਧ ਗਿਆ ਹੈ ਇਸ ਦੀਆਂ ਸੁਨਹਿਰੀ ਕਲਸੀਆਂ ਸ਼ਹਿਰ ਦੀਆ ਸਾਰੀਆਂ ਅਮਰਤਾਂ ਨੂੰ ਬੜੀ ਨੇਸ਼ ਅਰ ਹੰਕਾਰ ਨਾਲ ਘੂਰ ਰਹੀਆਂ ਹਨ । ਇਸਦੇ ਸਦਰ 'ਦਰਵਾਜੇ ਦੇ ਸਾਮਨ ਇਕ ਫੁਲਵਾ ੜਿਹੈ ਜਿਸ ਵਿਚ ਭਰਾਂ ਭਰਾਂ ਦੇ ਫੁਲ ਖਿੜੇ ਹੋਏ ਕਿਹੇ ਸੁਗੰਧਤ ਭਰੇ ਅਰ ਮਨੋਹਰ ਹਨ ਕਿ ਦੇਖਨ ਵਾਲੇ ਦੀ ਤਬੀਅਤ ਹੀ ਨਹੀਂ ਰਜਦੀ । ਖਵਰੇ ਇਹ ਆਮਦੇ ਖੁਸ਼ ਦਿਲੀ ਵਾਸਤੇ ਬਨਾਈ ਗਈ ਹੈ । ਆਹਾ ! ਉਏ' ਹੀ ਇਸ ਦਰਵਾਜੇ ਤੋਂ ਅਗੇ ਲੰਘੀਏ ਤਾਂ ਇਕ ਛਿਓਂੜੀ ਹੈ ਅਰ ਇਸਦੇ ਪਿਛੋਂ ਇਕ ਚੌੜਾ ਜਿਹਾ ਦਲਾਨ ਦਿਸਦਾ ਹੈ ਜਿਸਦਾ ਸ਼ਤਰੰਜੀ ਫ਼ਰਸ਼ ਕਾਲਾ ਤੇ ਚਿਟਾ ਪਥਰ ਦਾ ਬਨਿਆ ਹੋਇਆ ਸ਼ੀਸ਼ੇ ਦੀ ਨਿਆਈ ਸਾਫ਼ ਅਰ ਚਮਕ ਦਾਰ ਹੈ ਇਸ ਵਿਚ ਪੈਰ ਰਖਦੇ ਹੀ ਪਹਿਲੇ ਜਿਸ ਚੀਜ ਤੇ ਨਜਰ ਪੈਂਦੀ ਹੈ ਓਹ ਇਕ ਅਤਿ ਸੁੰਦ੍ਰ ਅਰ ਕੀਮਤੀ ਲਾਲ ਗਲੀਚਾ ਹੈ ਜਿਸਨੇ ਇਸ ਸ਼ਤਰੰਜੀ ਫ਼ਰਸ਼ ਦੇ ਕੁਝ ਅਧੇ ਹਿਸੇ ਨੂੰ ਅਪਨੇ ਪਲੇ ਵਿਚ ਲੁਕਾ ਰਖਿਆ ਹੈ । ਅਰ ਠੀਕ ਵਿਚਘਾਰ ਇਕ ਜੜਾਉ' ਸੁੰਦ੍ਰ ਸਿੰਘਾਸਨ ਹੈ ਜਿਸ ਉਤੇ ਮਹਾਰਾਜਾ ਰਾਵਣ ਜਿਸਦਾ ਗੋਰਾ ਨੰਗ-ਵਡਾ ਸਿਰ-ਹਰਨ ਵਾਂਗੂ ਮੋਟੀਆਂ ਅਖਾਂ-ਅਰ ਇਸ ਤੇ ਕਾਲੀ ਦਾੜੀ ਗੋਲ ਚਿਹਰੇ ਦੀ ਸਜਾਓਟ ਨੂੰ ਹੋਰ ਭੀ ਦੂਨਾਂ ਕਰ ਰਹੀ ਹੈ। ਇਹ ਇਸ ਵੇਲੇ ਇਸ ਪੁਰਖ ਨੂੰ ਜੋ ਬੜੀ ਸੁੰਦ੍ਰ ਪੁਸ਼ਾਕ ਪਾਏ ਇਸਦੇ ਸਜੇ ਪਾਸੇ ਬੈਠਾ ਹੈ ਕਹ ਕਿਹ ਰਿਹਾ ਹੈ—

" ਮੰਤ੍ਰੀ ਜੀ ਆਪਨੇ ਕੁਝ ਮਲੂਮ ਕੀਤਾ ਹੈ ਕਿ ਇਹ ਕੌਨ

Original with:
Language Department Punjab
Digitized by:
Panjab Digital Library

ਆਦਮੀ ਹੈ ? ”

ਮੰਤ੍ਰੀ–“ ਮਹਾਰਾਜ ! ਮਲੂਮ ਕੀ ! ਮੈਂ ਉਸਨੂੰ ਅਪਨੀ ਅਖੀਂ ਦੇਖਿਆ ਹੈ ਓਹੀ ਪਵਨ ਦਾ ਪੁਤ੍ਰ ਜਿਸਨੇ ਮੰਗਲ ਪੁਰ ਦੀ ਲੜਾਈ ਵਿਚ ਵਰਣ ਨੂੰ ਹਰਾਇਆ ਸੀ ”

ਰਾਵਣ (ਹਰਾਨੀ ਵਿਚ ਆਕੇ) “ ਹੈਂ ! ਕੀ ਕਿਹਾ ਪਵਨ ਦਾ ਪੁਤ੍ਰ ! ਹਨੁਮਾਨ ”

ਮੰਤ੍ਰੀ--ਜੀ ਹਾਂ ! ਓਹੋ !! –

ਰਾਵਨ–“ ਨਹੀਂ ! ਨਹੀਂ !! ਕਦਾਚਿਤ ਨਹੀਂ !!! ਤੁਸੀਂ ਭੁਲ ਵਿਚ ਹੋ । ਤੁਹਾਡੀਆਂ ਅਖਾਂ ਨੇ ਤੁਹਾਨੂੰ ਧੋਖਾ ਦਿਤਾ ਹੋਨਾ ਹੈ ਕੋਈ ਹੋਰ ਹੋਵੇਗਾ ॥ ”

ਮੰਤ੍ਰੀ--“ ਮਹਾਰਾਜ ! ਹੱਥ ਕੰਗਨ ਨੂੰ ਆਰਸੀ ਕੀ ? ਓਹ ਆਪ ਖੁਸ਼ੀ ਨਾਲ ਮੇਘਨਾਥ ਕੁਮਾਰ ਦੇ ਨਾਲ ਆਰਿਹਾ ਹੈ ਹੁਨੇ ਦੇਖ ਲੈਨਾਂ ”

ਇੰਨੇ ਵਿਚ ਹਾਲ ਪੁਕਾਰ ਦੀ ਅਵਾਜ ਆਈ ਸਭ ਦੀਆਂ ਨਿਗਾਹਾਂ ਬੇਹਰਾਸੀਆਂ ਅਖਾਂ ਤੋਂ ਨਿਕਲ ਕੇ ਦਰਵਜੇ ਦੀ ਵਲ ਦੌੜੀ ਆਂ ਜਾਂਦੀਆਂ ਹਨ ਅਰ ਥੋੜੇ ਚਿਰ ਵਿਚ ਖਲਕਤ ਦੀ ਭੀੜ ਭਾੜ ਇੰਨੀ ਅਕਠੀ ਹੋਗਈ ਕਿ ਸਾਰਾ ਅੰਦਰ ਭਰ ਗਿਆ ਅਰ ਆਦਮੀ ਤੇ ਆਦਮੀ ਡਿਗਨ ਲਗਾ । ਬੜੀ ਹੀ ਮੁਸ਼ਕਲ ਨਾਲ ਮੇਘਨਾਥ ਤੇ ਹਨੁਮਾਨ ਅਗੇ ਵਧੇ । ਹਨੁਮਾਨ ਦੀ ਸ਼ਕਲ ਦੇਖਦੇ ਹੀ ਰਾਵਨ ਦਾ ਚੇਹਰਾ ਮਾਰੇ ਕ੍ਰੋਧ ਦੇ ਲਾਲੋ ਲਾਲ ਹੋ ਗਿਆ । ਅਖਾਂ ਵਿਚੋਂ ਲਾਟਾਂ ਨਿਕਲ ਕੇ ਨਜਰਾਂ ਵਿਚੋਂ ਚਿੰਗਾੜਿਆਂ ਉਡਨ ਲਗੀਆਂ ਦਿਲ ਕਲੇਜਿਓਂ ਬਾਹਰ ਹੋਤੜਪਨ ਲਗਾ ਮਾਨੋ ਕਲੇਜੇ ਵਿਚ ਸੁਈ ਚੁਭ ਗਈ ਬੜਾ ਕ੍ਰੋਧ ਵਾਨ ਹੋ ਕੇ ਹਨੁਮਾਨ ਨੂੰ ਕਹਿਨ ਲਗਾ ॥

“ ਕੀ ? ਰਨਧੀਰ ਭੇਰੀ ਹੀ ਚਲਾਕੀ ਦਾ ਸ਼ਿਕਾਰ ਹੋਇਆ

Original with:
Language Department Punjab
Digitized by:
Panjab Digital Library

ਹੈ, ਇਹ ਦੂਤਾਂ ਦਾ ਕੰਮ ਕਦ ਤੋਂ ਕਰਨਾਂ ਆਰੰਭ ਕੀਤਾ ਹੈ ਅਰ ਦੂਤ ਭੀ ਕਿਸਦੇ ਬਨੁਬਾਸੀ ਦੇ-- ਸ਼ਰਮ ਸ਼ਰਮ !! "

ਹਨੁਮਾਨ-" ਮਹਾਰਾਜ ! ਸ਼ਾਂਤੀ ਅਰ ਧੀਰਜ ਨਾਲ ਗਲ ਕਰੋ। ਗੁਸੇ ਹੋਨ ਦੀ ਕੋਈ ਗਲ ਨਹੀ ਮੈਂ ਦੂਤ ਨਹੀਂ ਹਾਂ ਪ੍ਰੰਤੂ ਆਪਦਾ ਓਹੀ ਪੁਰਾਨਾਂ ਸ਼ੁਭ ਚਿੰਤਕ ਦਾਸ ਹਾਂ ਅਰ ਇਹੀ ਗਲ ਹੈ ਜਿਸਨੇ ਮੈਨੂੰ ਇਥੇ ਆਓਨ ਤੇ ਜੋਰ ਦਿਤਾ ਹੈ ਨਹੀਂ ਤਾਂ ਮੇਰਾ ਹੌਂਸਲਾ ਕਿਥੇ ਜੋ ਆਪ ਦੇ ਵਰੁਧ ਚਲਦਾ ॥

ਰਾਵਨ--" ਵਾਹ ! ਅਛੀ ਕਹੀ ! ਅਛੀ ਸੁਖ ਚਾਹਤਾ ਸਤਾਈ ਕਿ ਉਸ ਵਿਚਾਰੇ ਸਿਪਾਹੀ ਦਾ ਨਾਹਕ ਖ਼ੂਨ ਕੀਤਾ ਮੇਰੇ ਹੁਕਮ ਦੀ ਕੁਝ ਪ੍ਰਵਾਹ ਨਾ ਕੀਤੀ ਜੋਰੋ ਜੋਰੀ ਬਾਗ਼ ਵਿਚ ਜਾ ਵੜਿਓਂ। ਕੀ ਇਸੇ ਦਾ ਨਾਓਂ ਸ਼ੁਭਚਿੰਤਕਤਾ ਹੈ ?

ਹਨੁਮਾਨ--ਮਹਾਰਾਜ ! ਸ਼ੁਭ ਸਮਝ ਨੇ ਉਸ ਵੇਲੇ ਇਹੋ ਸਲਾਹ ਦਿਤੀ ਕਿ ਬਿਨਾ ਆਗਿਆ ਪਾਨਤੋਂ ਸੀਤਾ ਨੂੰ ਮਿਲਾਂ ਅਰ ਇਸੇ ਗਲ ਨੇ ਰਨਧੀਰ ਦੇ ਮਾਰਨ ਨੂੰ ਉਦਿਤ ਕੀਤਾ "

ਰਾਵਨ--(ਕ੍ਰੋਧ ਨਾਲ ਭਿਉੜੀ ਚੜਾ ਕੇ) " ਓਹ ਕੇੜੀ ਗਲ ਹੈ ਜਿਸਨੇ ਤੈਨੂੰ ਅਜਿਹੀ ਭੈੜੀ ਹਰਕਤ ਕਰਨ ਤੇ ਉਦਿਤ ਕੀਤਾ ? "

ਹਨੁਮਾਨ " ਰਾਮਚੰਦ੍ਰ ਜੀ ਦੀ ਆਪਤੀ ਦਸ਼ਾ ਨੂੰ ਦੇਖਕੇ ਕੋਨ ਪਥਰ ਦਿਲ ਭੀ ਆਦਮੀ ਹੈ ਜੋ ਅਥਰੂ ਨਾ ਕੇਰੇ ਅਰ ਮੋਮ ਜਿਆਈ ਨਾ ਦਿਲ ਹੋ ਜਾਏ ਸਰਾ ਸੋਚੋ ਤਾਂ ਸਹੀ ਉਨਾਂ ਨੇ ਕਿਸ ਦਸ਼ਾ ਵਿਚ ਅਰ ਕਿਉਂ ਬਨੁਬਾਸ ਲਇਆ ! ਕੇਵਲ ਇਸ ਲਈ ਕਿ ਦੁਨੀਆਂ ਵਿਚ ਇਹ ਸ਼ੁਭ ਪ੍ਰਮਾਨ ਪ੍ਰਗਟ ਹੋਵੇ ਕਿ ਔਲਾਦ ਨੂੰ ਮਾਤਾ ਪਿਤਾ ਦਾ ਇਸ ਪ੍ਰਕਾਰ ਆਗਿਆ ਕਾਰੀ ਰਹਿਨਾ ਚਾਹੀਦਾ ਹੈ। ਰਾਜ ਨੂੰ ਤਿਆਗ ਮੁਨੀ ਵਸ ਧਾਰਨ ਕਰ ਲੋਕਾਂ ਨੂੰ ਦਿਖਾ ਦਿਤਾ ਕਿ ਧਰਮ ਅਗੇ ਧਨ ਕੁਝ ਭੀ ਨਹੀਂ, ਆਹ ! ਸੀਤਾ ਜੀਦਾ ਇਸ ਦਿਸ਼ਾ ਵਿਚ ਉਨਾਂ

Original with:
Language Department Punjab
Digitized by:
Panjab Digital Library

ਤੋਂ ਵਿਛੜਨਾ ਕੁਝ ਥੋੜੀ ਜਿਹੀ ਗਲ ਨਹੀਂ । ਆਪਹੀ ਕਹੀਏ । ਕਿ ਮਨੁਖ ਜੋ ਸਭਨਾਂ ਤੋਂ ਸ੍ਰੇਸ਼ਟ ਜੀਵ ਕਹਾਉਂਦਾ ਹੈ ਇਸ ਲਈ ਕਿ ਉਹ ਭਲੇ ਬੁਰੇ ਦੀ ਪਹਿਚਾਨ ਕਰ ਸਕਦਾ ਹੈ । ਇਕ ਦੂਜੇ ਦੀ ਆਪਤੀ ਵਿਚ ਸਹਾਇਕ ਹੋਸਕਦਾ ਹੈ ਆਪ ਹੀ ਨਿਆਂਓ ਕਰੀਏ ਕਿ ਮੈਂ ਉਨਾਂ ਦੀ ਇਹ ਦਿਸ਼ਾ ਦੇਖਕੇ ਕਿਸਤਰਾਂ ਚੁਪ ਰਹ ਸਕਦਾ ਸਾਂ ? "

ਰਾਵਨ--" ਕੀ । ਇਹ ਉਨਾਂ ਦਾ ਧਰਮ ਸੀ ਕਿ ਸੁਪਨਖਾ ਨੂੰ ਭੈੜੀ ਨਜਰ ਨਾਲ ਦੇਖਦੇ ਖਰ ਅਰ ਦੂਖਨ ਆਦਿਕ ਨੂੰ ਮਾਰਦੇ ',

ਹਨੂਮਾਨ--" ਸੁਪਨਖਾ ਦੀ ਬਾਬਤ ਬਿਲਕੁਲ ਝੂਠ ਅਰ ਸ੍ਰਾਸਰ ਦੋਖ ਹੈ । ਆਪ ਅਜਿਹੀਆਂ ਗਲਾਂ ਦੀ ਉਨਾਂ ਤੋਂ ਕਦਾਚਿਤ ਆਸ਼ਾ ਨਾਂ ਰਖੋ ਹਾਂ ! ਉਨਾਂ ਨੇ ਖਰ ਅਰ ਦੂਖਨ ਨੂੰ ਜਰੂਰ ਮਾਰਿਆ ਹੈ ਪ੍ਰੰਤੂ ਓਹ ਕਿਉਂ ? ਅਪਨੀ ਜਾਨ ਬਚਾਓਨ ਲਈ ਜੋ ਕਿਸੇ ਤਰਾਂ ਭੀ ਸ਼ਾਸ਼ਤ੍ਰਾਂ ਦੇ ਵਿਰੁਧ ਨਹੀਂ ਹੈ- ਕੀ ਉਨਾਂ ਨੂੰ ਸ਼ਰਮ ਨਾਂ ਆਈ ਕਿ ਚੌਦਾਂ ਹਜਾਰ ਸਿਪਾਹੀ ਲੈਕੇ ਉਨਾਂ ਤੇ ਚੜਾਈ ਕਰ ਦਿਤੀ । ਮਗਰ ਇਨਾਂ ਦੋਹਾਂ ਦੀ ਬਹਾਦਰੀ ਅਰ ਧੀਰਜ ਨੂੰ ਵੇਖੋ ਕਿ ਕਿਸ ਪ੍ਰਕਾਰ ਇਨਾਂ ਸਭਨਾਂ ਦਾ ਨਸ਼ਟ ਕਰ ਰਣ ਭੂਮੀ ਵਿਚ ਮਿਟੀ ਨਾਲ ਮੇਲ ਦਿਤਾ (ਕੁਝ ਸੋਚਕੇ) ਆਹਾ ! ਮੈਂ ਸਮਝ ਗਿਆ ਇਹੀ ਕਾਰਨ ਹੈ ਜਿਸਨੇ ਆਪਨੂੰ ਇਸ ਖੋਟੇ ਵਿਚਾਰ ਤੇ ਉਦਿਤ ਕੀਤਾ ਨਹੀਂ ਤਾਂ ਆਪ ਜਿਹੇ ਵਿਦ੍ਵਾਨ ਤੋਂ ਅਜਿਹੀ ਆਸ਼ਾ ਕਦ ਹੋ ਸਕਦੀ ਸੀ "

ਰਾਵਨ-" ਅਜ ਤੇਰੀ ਬਾਤ ਚੀਤ ਅਜਿਹੀ ਬੇਅਦਬੀ ਦਾ ਭਾਗ ਕਿਉਂ ਲਈ ਜਾਂਦੀ ਹੈ ਕੀ ? ਪ੍ਰਾਚੀਨ ਰਾਹ ਰਸਮ ਤੇ ਇਕੋ ਵਾਰੀ ਪਾਣੀ ਪਾ ਦਿਤਾ ? "

ਹਨੂਮਾਨ-ਨਹੀਂ ! ਨਹੀਂ !! ਮੈਂ ਆਪਦਾ ਉਸੇ ਤਰਾਂ ਹੀ ਸਹਾਇਕ ਹਾਂ । ਪ੍ਰਾਨ ਵਾਰਨ ਲਈ ਤਿਆਰ ਹਾਂ, ਮੈਨੂੰ ਆਪਦੀ ਭਲਿਆਈ ਦਾ ਹਰ ਵੇਲੇ ਧਿਆਨ ਲਗਾ ਰਹਿੰਦਾ ਹੈ ਬ੍ਰਤੀ ਤਾਂ ਇਥੇ ਅਓਨ ਦੀ ਇਹ ਗਲ ਹੈ ਕਿ ਆਪਨੂੰ ਸਮਝਾ ਕੇ

Original with:
Language Department Punjab
Digitized by:
Panjab Digital Library

ਸੀਤਾ ਜੀ ਨੂੰ ਲੈ ਜਾਵਾਂ ਅਰ ਰਾਮਚੰਦ੍ ਜੀ ਤੋਂ ਭੁਲ ਬਖਸ਼ਾਓਨ ਲਈ ਪ੍ਰਾਰਥਨਾਂ ਕਰਾਂ ਇਹ ਕਿ ਝਗੜੇ ਭੀਕਰ ਨਾਂ ਗਲ ਪਹੁੰਚੇ ॥

ਰਾਵਣ (ਮੁਸਕ੍ਰਾ ਕੇ) " ਓਹੋ ! ਭਾਵੇਂ ਇਹੋ ਵਿਚਾਰ ਤੈਨੂੰ ਏਥੇ ਲਿਆਇਆ ਹੈ ਅਸੀ ਤਾਂ ਜਾਨਦੇ ਸਾਂ ਕਿ ਤੂੰ ਬੜਾ ਬੁਧਿਮਾਨ ਅਰ ਲੈਕ ਹੈਂ ਅਰ ਹਰ ਇਕ ਗਲ ਅਛੀ ਤਰਾਂ ਜਾਨ ਬੁਝ ਸਕਦਾ ਹੈਂ । ਸ਼ੋਕ ! ਸਾਡੀ ਸਮਝ ਨੇ ਸਾਨੂ ਹੀ ਧੋਖਾ ਦਿਤਾ ਭਾਈ ਜਰਾ ਹੋਸ਼ ਦੀ ਦਵਾ ਕਰ । ਕੀ ! ਉਨਾਂ ਬਨ ਬਾਸੀਆਂ ਤੋਂ ਜਿਨਾਂ ਦਾ ਨਾਓ ਲੈਨ ਤੇ ਸ਼ਰਮ ਔਂਦੀ ਹੈ ਸਾਡੇ ਲਈ ਮਾਫ਼ੀ ਦੀ ਪ੍ਰਾਰਥਨਾ ਕਰੇਂਗਾ ਅਜਿਹੀ ਗਲ ਮੂੰਹੋਂ ਕਢਦਿਆਂ ਤੈਨੂੰ ਸ਼ਰਮ ਨਾਂ ਆਈ ! ਕੀ । ਤੇਰੇ ਕਹਿਨ ਨਾਲ ਮੈਂ ਉਸ ਅਨੂਪ ਸੁੰਦ੍ ਸਰੂਪਾ ਦੇਵੀ ਨੂੰ ਜਿਸਨੇ ਮੇਰੇ ਕਲੇਜੇ ਵਿਚ ਅਪਨਾ ਘਰ ਬਨਾ ਲਿਆ ਹੈ ਭਜ ਦਿਆਂ ਗਾ । ਕਦੀ ਨਹੀਂ ! ਜਾਓ ਉਨਾਂ ਨੂੰ ਕਹ ਦਿਓ ਕਿ ਇਸ ਵਿਅਰਥ ਵਿਚਾਰ ਨੂੰ ਅਪਨੇ ਦਿਲ ਵਿਚੋਂ ਕਢ ਦਿਓ ਨਹੀਂ ਤਾਂ ਪ੍ਰਾਨਾਂ ਤੋਂ ਭੀ ਹੱਥ ਧੋ ਬੈਠੋਗੇ " ॥

ਹਨੂਮਾ—" ਮਹਾਰਾਜ ਮਾਮਲਾ ਅਤਿ ਸੋਚਨੇ ਯੋਗ ਹੈ ਅਛੀ ਤਰਾਂ ਵਿਚਾਰ ਸਮਝ ਕੇ ਜਵਾਬ ਦਿਓ ਈਸ਼ੂਰ ਦੀ ਕ੍ਰਿਪਾ ਨਾਲ ਆਪਤਾਂ ਚਾਰੇ ਵੇਦ ਤੇ ਛੀਏ ਸ਼ਾਸ਼ਤ੍ਰਾਂ ਦੇ ਗਯਾਤਾ ਹੋ ਭਲੇ ਬੁਰੇ ਦੀ ਵਿਚਾਰ ਸਮਝ ਸਕਦੇ ਹੋ । ਹਰਾਨੀ ਦੀ ਗਲ ਹੈ ਕਿ ਆਪ ਜਿਹੇ ਵਿਦ੍ਵਾਨ ਦਾ ਪਰ ਇਸਤ੍ਰੀ ਦੀ ਬਾਬਤ ਅਜਿਹਾ ਧਿਆਨ ਹੋਵੇ ॥

ਅਪ੍ਰਾਧ ਖਿਮਾ ਕੀਜੀਏ ! ਕੀ ਮੰਦੋਦਰੀ ਆਦਿਕ ਰਾਨੀਆ ਸੀਤਾ ਜੀ ਤੋਂ ਸੁੰਦ੍ਰਤਾਈ ਵਿਚ ਘਟ ਹਨ ? ਨਹੀਂ । ਮੇਰੇ ਨਜਦੀਕ ਜਿਸ ਗਲ ਨੇ ਇਸ ਭੈੜੇਦ੍ਰਤਾ ਵਿਚਾਰ ਤੇ ਉਦਿਤ ਕੀਤਾ ਹੈ ਓਹ ਓਹੀ ਸ਼ੂਪਨਖਾ ਦੀ ਚੁਗਲੀ ਖਰ ਅਰ ਦੂਖਨ। ਦੀ ਮ੍ਰਿਤ੍ਯੂ ਦੀ ਗਲ ਹੈ। ਇਸ ਵਿਚ ਕੋਈ ਸੰਦੇਹ ਨਹੀਂ ! ਪੁਰਖ ਦੈਵ ਵਾਨ ਹੋਇਆ ਹੋਇਆ ਅਯੋਗ ਕੰਮ ਭੀ ਕਰ ਲੈਂਦਾ ਹੈ ਕ

Original with:
Language Department Punjab
Digitized by:
Panjab Digital Library

ਹੁਨ ਭੀ ਕੁਝ ਨਹੀਂ ਵਿਗੜਿਆ ਸੀਤਾ ਜੀ ਨੂੰ ਮੇਰੇ ਨਾਲ ਭੇਜ ਦਿਓ । ਸੰਸਾਰ ਵਿਚ ਧਰਮ ਦਾ ਰੁਤਬਾ ਸਭ ਤੋਂ ਸੇਸ਼ਟ ਅਰ ਉਤਮ ਹੈ ਇਸ ਨੂੰ ਕਲੰਕ ਨਾ ਲਾਓ । ਆਪ ਹੀ ਵਿਚਾਰ ਕਰੀਏ ਜੋ ਪੁਰਖ ਹੋ ਕੇ ਸਭਨਾਂ ਕਾਰਜਾ ਤੋਂ ਪਤਤ ਹੈ ਜਾਏ ਧਰਮ ਅਧਮ ਦਾ ਵਿਚਾਰ ਨਾ ਕਰੇ ਕੀ ਕਹੋ ਸੰਸਾਰ ਵਿਚ ਕੁਜੀ ਅਰ ਨੀਚਤਾਈ ਦ੍ਰਿਸ਼ੀ ਨਾਲ ਨਾ ਦੇਖਿ ਆ ਜਾਏਗਾ ? ”

ਰਾਵਨ—“ ਹਾਂ ! ਹਾਂ !! ਮੈਂ ਸਭ ਕੁਝ ਜਾਨਦਾਹਾਂ ਆਪ ਦੇ ਸਿਖਜਾ ਦੇਨ ਦੀ ਕੋਈ ਲੋੜ ਨਹੀਂ ਜੋ ਹੋਇਆ ਸੋ ਹੋਇਆ ਪਰ ਹੁਨ ਭਾਂ ਓਹ ਗਲ ਹੈ । ਕਿ ਸਿਰ ਜਾਏ ਪਰ ਸਿਰੜ ਨਾ ਜਾਏ । ਅਸੀ ਅਪਨੀ ਪ੍ਰਤਗਜਾ ਤੋਂ ਕਦੀ ਨਹੀਂ ਹਟ ਸਕਦੇ ਜਦ ਤੀਕ ਸੀਤਾ ਜੀ ਨੂੰ ਅਤਨੇ ਮਹਿਲ ਦੀ ਰਾਨੀ ਨਹੀ ਬਨਾ ਲੈਂਦਾ ਧੀਰਜ ਨਹੀਂ ਆਓਦੀ ਸ਼ਾਭੀ ਨਹੀਂ ਹੁੰਦੀ ਹੀ ਹੋਇਆ ਮੰਦੋਦਰੀ ਆਦਿਕ ਰਾਨੀਆਂ ਨਿਹੈਚ ਹੀ ਸੁੰਦ੍ ਅਰ ਰੂਪਵਾਨ ਹਨ ਪ੍ਰੰਤੂ ਇਸ ਜਿਸ ਦੀ ਪਿਆਰੀ ਸੂਰਤ ਨੇ ਸਾਡੇ ਦਿਲ ਨੂੰ ਕਾਬੂ ਕੀਤਾ ਹੈ ਓਹ ਸੀਤਾ ਹੀ ਹੈ । ਜਿਸ ਪ੍ਰਕਾਰ ਚੰਦ੍ਰਮਾਂ ਦੀ ਚਾਂਦਨੀ ਦੇਖਕੇ ਚਕੋਰ ਨੂੰ ਤ੍ਰਿਪਤ ਨਹੀਂ ਹੁੰਦੀ ਇਸੇ ਤਰਾ ਬਿਨਾਂ ਦੇਖੇ ਸੀਤਾ ਦੇ ਸਾਡੇ ਹ੍ਰਿਦਯ ਦੀ ਦਸਾ ਹੈ। ਜੋਤੀ ਜੋਤੀ ਹੀ ਹੈ ਕੀ ਅਗ ਦੀ ਅਰ ਕੀ ਦੀਵੇ ਦੀ । ਪ੍ਰੰਤੂ ਪਤੰਗ ਦੋਹਾਂ ਤੇ ਕਿਉਂ ਨਹੀਂ ਪ੍ਰਾਨ ਦੇਂਦਾ ਇਹੋ ਕਾਰਨ ਹੈ ਕਿ ਜਹੜਾ ਮਨ ਨੂੰ ਭਾਇਆ ਉਸੇ ਦੇ ਫੰਦੇ ਵਿਚ ਫਸ ਗਿਆ ”

ਹਨੂਮਾਨ—“ ਮਹਾਰਾਜ ! ਸੀਤਾ ਜੀਨੂੰ ਸਭ ਇਸਤ੍ਰੀਆ ਸਮਾਨ ਨਾਂ ਗਿਨੋ ਓਹ ਪਤਿਬ੍ਰਤਾ ਹੈ । ਉਸ ਦੀਆਂ ਹਾਵ ਕੋਈ ਇਹੋ ਜਿਹੀਆਂ ਮਾਮੂਲੀ ਹਾਵਾਂ ਨਹੀਂ ਪ੍ਰੰਤੂ ਅਕਾਸ ਨੂੰ ਹਿਲਾ ਦੇਨ ਵਾਲੀਆਂ ਹਨ । ਜਿਸਨੇ ਜਰਾ ਭੀ ਉਸਦੇ ਵਿਖਯ ਵਿਚ ਬੁਰਾ ਵਿਚਾਰ ਕੀਤਾ ਬਸ ਇਹੋ ਸਮਝੋ ਕਿ ਦੀਨ ਦੁਨੀਆਂ

Original with:
Language Department Punjab
Digitized by:
Panjab Digital Library

ਤੋਂ ਗਇਆ। ਮੈਂ ਆਪ ਨੂੰ ਸਚ ਕਹਿਨਾ ਹਾਂ ਕਿ ਆਪ ਇਸ ਖੋਟੇ ਵਿਚਾਰ ਨੂੰ ਦਿਲੋਂ ਬਾਹਰ ਕਢ ਦਿਓ ਮਹਾਰਾਜਾ ਰਾਮਚੰਦ੍ਰ ਨੂੰ ਕੋਈ ਮਮੂਲੀ ਜਿਹਾ ਆਦਮੀ ਨਾ ਜਾਨੋ ਉਸਦੀ ਸੂਰਮਤਾਈ ਬਹਾਦਰੀ ਅਰ ਧੀਰਜ ਦਾ ਅਨੁਮਾਨ ਖਰ ਅਰ ਦੂਖਨ ਦੇ ਫਲ ਤੋਂ ਦੇਖ ਲਓ ਉਸਦੇ ਜਾਨਮਾਰ ਤੀਰਾਂ ਦਾ ਹਾਲ ਪੁਛਨਾ ਹੋਵੇ ਤਾਂ ਅੰਗਦ ਤੋਂ ਮਲੂਮ ਕਰੀਏ। ਜਿਸਦਾ ਪਿਤਾ ਬਾਲੀ ਵਰਤਮਾਨ ਸਮਯ ਦੇ ਸਭਨਾਂ ਸੂਰਮਯਾਂ ਵਿਚੋਂ ਬੜਾ ਸੂਰਮਾ ਗਿਨਿਆ ਜਾਂਦਾਸੀ ਇਕਹੀ ਤੀਰ ਲਗਨ ਨਾਲ ਪ੍ਰਲੋਕ ਗਮਨ ਕਰਗਇਆ। ਆਪਦੇ ਵਾਰਤਾਲਾਪ ਤੋਂ ਬੜੇ ਭੈੜੇ ਸਗਨ ਪ੍ਰਗਟ ਹੁੰਦੇ ਹਨ ਮਲੂਮ ਹੁੰਦਾ ਹੈ ਕਿ ਆਪ ਕਾਮ ਦੇਵ ਦੇ ਵਸ ਹੋਕੇ ਵੈਰ ਨੂੰ ਨਾਸ਼ ਅਰ ਪਰਜਾ ਨੂੰ ਉਜਾੜਨ ਲਗੇਹੋ ਹਾਇ! ਏਸ ਚੰਡਾਲ ਕਾਮਨੇ ਜਿਸਨੂੰ ਵਸ ਵਿਚ ਕੀਤਾ ਨਾਂ ਕੇਵਲ ਉਸਨੂੰ ਹੀ ਉਜਾੜਿਆ ਪ੍ਰੰਤੂ ਉਸਦੇ ਗੁਆਂਢੀਆਂ ਨੂੰ ਭੀ ਲੈ ਗਲਿਆ। ਜੇਹੜਾ ਇਸ ਦੁਸ਼ਟ ਕਰਮ ਦਾ ਸੇਵਕ ਬਨਿਆ ਨੇਕੀ ਦੀ ਜੜ ਪੁਟਕੇ ਬੁਰਿਆਈ ਦਾ ਸਿਰੋ ਮਨਿ ਬਨਿਆ। ਸੰਸਾਰ ਵਿਚ ਨੀਚਤਾਈ ਦੀ ਦ੍ਰਿਸ਼ਟੀ ਨਾਲ ਦੇਖਿਆ ਗਿਆ। ਸ਼ੋਭ ਦੀ ਜਗਾ ਹੈ ਕਿ ਆਪ ਜਿਹੇ ਬੁਧਿਮਾਨ ਗੁਨੀ ਇਸ ਚੰਡਾਲ ਕਾਮਦੇ ਫੰਦੇ ਵਿਚ ਫਸੋ। ਪ੍ਰਮੇਸ਼ੁਰ ਦੇ ਵਾਸਤੇ ਅਪਨੇ ਹਾਲ ਤੇ ਤਰਸ ਕਰੋ ਅਰ ਮੀਤਾ ਜੀਨੂੰ ਨਾਲ ਲੈ ਰਾਮਚੰਦ੍ਰ ਜੀ ਤੋਂ ਮਾਫੀ ਮੰਗੋ ਇਸ ਵਿਚ ਜਰਾ ਸੰਦੇਹ ਨਹੀਂ ਕਿ ਮੇਰੀਆਂ ਇਸ ਵੇਲੇ ਦੀਆ ਗਲਾਂ ਆਪਨੂੰ ਤਾਂ ਤੇਜ ਅਰ ਕੌੜੀਆਂ ਲਗਦੀਆਂ ਹੋਨ ਗੀਆਂ ਪ੍ਰੰਤੂ ਆਪ ਨੂੰ ਯਾਦ ਰਹੇ ਕਿ ਓਹ ਵੇਲਾ ਨੇੜੇ ਹੀ ਔਨ ਵਾਲਾ ਹੈ ਜਦ ਕਿ ਆਪ ਇਸ ਵੇਲੇ ਨੂੰ ਯਾਦ ਕਰਕੇ ਪਛਤ ਓਗੇ। ਅਰ ਮੇਰੀਆਂ ਇਨਾਂ ਗਲਾਂ ਨੂੰ ਬੜੇ ਮਾਨ ਦੀ ਨਜਰ ਨਾਲ ਯਾਦ ਕੀਤਾ ਕਰੋਗੇ"

ਰਾਵਨ-(ਜੋਸ਼ ਵਿਚ ਆਕੇ) ਅਹ! ਬੇ ਸਮਝ! ਬਸ ਚੁਪ ਰਹੋ!! ਜਿਆਦਾ ਬਕ ਬਕ ਨਾਂ ਕਰ। ਤੇਰੇ ਵਡਿਆਂ ਦਾ ਬੜਾ ਲਿਹਾਜ ਕੀਤਾ ਹੈ ਉਨਾਂਦੇ ਅਸਾਨ ਦੇ ਭਾਰ ਨੂੰ ਅਛੀ ਤਰਾਂ

Original with:
Language Department Punjab
Digitized by:
Panjab Digital Library

ਸਾਚਿਆ ਅਰ ਇਹੀ ਕਾਰਨ ਹੈ ਸਿਮਨੇ ਸਾਨੂੰ ਤੇਰੀ ਬੇਅਦਬੀ ਦੀਆਂ ਬਾਤਾਂ ਸੁਨਕੇ ਚੁਪ ਕਰਨ ਲਈ ਉਦਿਤ ਕੀਤਾ ਪਰ ਸ਼ੋਕ ਤੇਰੀ ਮੌਤ ਨੇ ਤੈਨੂੰ ਘੇਰਿਆ ਹੋਇਆ ਹੈ । ਨਹੀਂ ਤਾਂ ਤੇਰੀ ਇਹ ਤਾਕਤ ਕਿਥੇ ਜੋ ਇਸ ਤਰਾਂ ਨਿਰਭਯ ਹੋਕੇ ਜਿਮੀ ਅਸਮਾਨ ਦੀਆਂ ਟਾਕੀਆਂ ਪਾੜੇ' ਅਰ ਅਨਰਥ ਦੇ ਸ਼ਬਦ ਬੋਲੇ'। ਮੈਂ ਸਚ ਕਹਿਨਾਂ ਹਾਂ ਕਿ ਜੇਕਰ ਹੋਰ ਕੋਈ ਇਸਤਰਾਂ ਕੰਮ ਕਰਦਾ ਤਾਂ ਉਸੇ ਵੇਲੇ ਉਸਦੀ ਜਬਾਨ ਬਾਹਰ ਖਿਚ ਲੈਂਦਾ ਪੁੱਤ੍ਰ ਤੇਰੀ ਇਸ ਛੋਟੀ ਜਿਹੀ ਜਾਨ ਤੇ ਤਰਸ ਆਉਂਦਾ ਹੈ ਪਰ ਹੁਨ ਜੇ ਤੂੰ ਭਲਾ ਚਾਹਨਾ ਹੈ ਤਾਂ ਮੇਰੀਆਂ ਅਖਾਂ ਸਾਮਨਿਓਂ ਦੂਰ ਹੋਜਾ ਨਹੀਂ ਤਾਂ ਇਕੋ ਵਾਰ ਵਿਚ ਤੇਰਾ ਕੰਮ ਤਮਾਮ ਕਰ ਦਿਆਂ ਗਾ ਅਰ ਉਨਾਂ ਬਨਬਾਸੀਆਂ ਨੂੰ ਕਹ ਦੇ ਕਿ ਚਾਦਰ ਤਾਨ ਕੇ ਸਉਂ ਰਹਨ ਜੇਕਰ ਕੁਝ ਬਲ ਦਾ ਘੁਮੰਡ ਕਰਨ ਤਾਂ ਮੇਰੀ ਵਲੋਂ ਭੀ ਕੋਈ ਮਨਾਹੀ ਨਹੀਂ ਹੈ "

ਹਨੁਮਾਨ (ਤਿਊੜੀ ਚੜ੍ਹਾਕੇ) " ਮੇਰਾ ਭੀ ਇਸੇ ਗਲ ਤੇ ਬਾਰ ੨ ਜੋਰ ਦੇਨਾ ਕਿ ਰਾਮਚੰਦ੍ਰ ਜੀ ਦੀ ਕ੍ਰੋਧ ਅਗਨੀ ਨੂੰ ਬੁਝਾ ਦਿਓ' ਇਸੇ ਲਈ ਸੀ ਕਿ ਸਾਡੇ ਵਡਿਆਂ ਦੀ ਆਪ ਨਾਲ ਪ੍ਰਾਚੀਨ ਰਾਹ ਰਸਮ ਚਲੀ ਆਉਂਦੀ ਹੈ ਨਹੀਂ ਤਾਂ ਸਾਨੂੰ ਕੀ! ਤੁਹਾਡੀ ਵੰਸ਼ ਤੇ ਤੁਸੀਂ ਆਪ ਪਵੋ ਚੁਲੇ ਵਿਚ ਯਾ ਤੁਲੋ ਮਿਟੀ ਵਿਚ ਪੁੱਤ੍ਰ ਇਹ ਯਾਦ ਰਖੀਂ ਕਿ ਜਿਨਾਂ ਜਿਨਾਂ ਲੋਕਾਂ ਨੇ ਰਾਮਚੰਦ੍ਰ ਦੀ ਆਪਤੀ ਵਿਚ ਸਹਾਇਤਾ ਕਰ ਦੁਖਦਾ ਭਾਗ ਵੰਡਿਆ ਹੈ ਉਨਾਂ ਦੀ ਜੰਗੀ ਤਾਕਤ ਨੂੰ ਦੇਖਕੇ ਬੇਅਖਿਤਿਆਰ ਕਹਿਨਾ ਪੈਂਦਾ ਹੈ ਕਿ ਲੰਕਾ ਦੀ ਬਰਬਾਦੀ ਅਰ ਆਪ ਦੀ ਇਜਤ ਨਸ਼ਟ ਹੋਨਦਾ ਪੂਰਾ ਪੂਰਾ ਪ੍ਰਬੰਧ ਹੋ ਚੁਕਾ ਹੈ । ਕੇਵਲ ਮੇਰੇ ਹੀ ਜਾਨ ਦੀ ਡੋਰ ਹੈ-ਨਹੀਂ ! ਨਹੀਂ !! ਇਸ ਪ੍ਰਕਾਰ ਸਮਝੀਏ ਕਿ ਬਾਦ੍ਰ ਦੇ ਗੁਦਾਮ ਵਿਚ ਚਿੰਗਾੜੀ ਸੁਟਨ ਦੀ ਕਸਰ ਬਾਂਕੀ ਹੈ ਓਹ ਭੀ ਪੁਖ ਰਹੀ ਹੈ ਕੇਵਲ ਹੱਥ ਵਧਾਓਨ ਦੀ ਡੋਰ ਹੀ ਰਹ ਗਈ ਹੈ ਕਿ ਭੜਾਖ । ਪੜਾਖ ॥ ਦੀ ਆਵਾਜ

Original with
Language Dept. Govt. Punjab
Digitized by
Panjab Digital Library

ਆਈ ਅਰ * ਲੰਕਾ ਦਾ ਤੈਖ਼ਤਾ ਉਲਟਿਆ "

ਹਨੂਮਾਨ ਦੀ ਜੋਸ਼ ਭਰੀ ਬਾਨੀ ਸੁਨਕੇ ਸਮੂਹ ਗਨ ਦੇ ਲੰ ਕੰਢੇ ਖੜੇ ਗਏ ਉਂਗਲਾਂ ਮੂੰਹ ਵਿਚ ਪਾ ਪਾ ਕੇ ਚਿਥਨ ਲਗੇ ਅਰ ਬੜੀ ਹਰਾਨੀ ਨਾਲ ਹਨੂਮਾਨ ਵਲ ਦੇਖਨ ਲਗ ਗਏ ਅਰ ਇਕ ਚੁਪ ਚਾਪ ਜਿਹੀ ਹੋ ਗਈ ਜਿਸਨ ਸਭਨਾਂ ਨੂੰ ਗੋਦੀ ਵਿਚ ਲੈ ਲਇਆ । ਰਾਵਨ ਦੇ ਦਿਲ ਦੀ ਦਸ਼ਾ ਤਾਂ ਈਸ਼ੂਰ ਜਾਨੇ ਕਿਹੀ ਹੈ ਪਰ ਉਸਦੇ ਮਥੇ ਦੇ ਵਟ ਗੁਸੇ ਦੀ ਮੂਰਤੀ ਬਨਾ ਬਨਾ ਉਸਦੀ ਕ੍ਰੋਧ ਅਗਨੀ ਨੂੰ ਜ਼ਲਤ ਕਰ ਰਹੇ ਹਨ । ਅਖਾਂ ਲਾਲ ਲਹੂ ਲੁਹਾਨ ਹੋਕੇ ਚਿਹਰਾ ਕ੍ਰੋਧ ਵਾਨ ਹੋ ਗਿਆ ਝਲਵਾਰ ਲੈਕੇ ਉਠਿਆ ਮਗਰ ਭਭੀਖਨ (ਰਾਵਨ ਦਾ ਭਰਾ) ਨੇ ਜੋ ਇਸਦੇ ਸਜੇ ਪਾਸੇ ਬੈਠਾ ਹੋਇਆ ਸੀ ਤੇ ਇਸ ਦ੍ਰਿਸ਼ਜ ਨੂੰ ਦੇਖ ਰਿਹਾ ਸਾ ਛੇਤੀ ਨਾਲ ਉਸਨੂੰ ਪਗੜ ਲਿਆ ਅਰ ਬੋਲਿਆ:-

---

* ਪ੍ਰਥਮ ਇਸਦੇ ਇਹ ਕਿ ਲੰਕਾ ਦੇ ਸਾੜਨ ਦੀ ਬਾਬਤ ਕੋਈ ਸੰਮਤੀ ਪ੍ਰਗਟ ਕਰੀਏ । ਪਰ ਪਹਿਲਾਂ ਇਸ ਵੇਲੇ ਦੇ ਆਚਾਰ ਦਾ ਦੇਖਨਾ ਅਵਸ਼ਜ ਹੈ ਕਿ ਉਨਾਂ ਤੋਂ ਕੀ ਪ੍ਰਸਿਧ ਹੁੰਦਾ ਹੈ ।

ਸੁੰਦ੍ਰਕਾਂਡ ਪੜ੍ਹਾ ੪੯ ਸੁਰਗ ਪ੨-ਪ੍ਰਥਮ ਭਬੀਖਨ ਦੇ ਕਹਿਨੇ ਅਨੁਸਾਰ ਰਾਵਨ ਨੇ ਹਨੂਮਾਨ ਦੀ ਜਾਨ ਬਖਸ਼ੀ ਕੀਤੀ ਅਰਥਾਤ ਪ੍ਰਾਨਾਂ ਦੇ ਛਡਨ ਦਾ ਪ੍ਰਨ ਦਿਤਾ ਤਾਂ ਫੇਰ ਕਿਸ ਤਰਾਂ ਹੋ ਸਕਦਾ ਹੈ ਕਿ ਇਸਨੇ ਦੁਬਾਰ ਅਜਿਹੀ ਅਯੋਗ ਦੰਭਕਾ ਸੋਚੀ ਹੋਵੇ ਹਾਂ ! ਜੇਕਰ ਮਾਫ਼ੀ ਦੇਨ ਦੇ ਪਿਛੋਂ ਹਨੂਮਾਨ ਉਸ ਨਾਲ ਬੇ ਅਦਬੀ ਨਾਲ ਪੇਸ਼ ਆਉਂਦਾ ਯਾ ਕੋਈ ਕਲੇਸ਼ ਪਹੁੰਚਾਂਨ ਦਾ ਯਤਨ ਕਰਦਾ ਤਾਂ ਸੰਭਵ ਸੀ ਕਿ ਓਹ ਭੀ ਅਪਨੇ ਵਿਚਾਰਾਂ ਨੂੰ ਬਦਲ ਲੈਂਦਾ ਪ੍ਰੰਤੂ ਇਨਾਂ ਦੋਹਾਂ ਵਿਚੋਂ ਕੋਈ ਗਲ ਨਹੀਂ ਹੋਈ (ਦੇਖੋ ਸੁਰਗ ਪ੨ ਪੜ੍ਹਾ ਪ੧) ਤਾਂ ਫੇਰ ਕਿਸ ਪ੍ਰਕਾਰ ਹੋ ਸਕਦਾ ਹੈ ਕਿ ਈਮਾਨ ਪੁਰਖ ਬਿਨਾਂ ਕਿਸੇ ਪਲ ਭਰ ਵਿਚ ਅਪਨੇ ਵਿਚਾਰਾਂ ਨੂੰ ਬਦਲ ਲਏ ॥

Original with:
Language Department Punjab
Digitized by:
Panjab Digital Library

"ਹੈਂ। ਹੈਂ॥ ਕੀ ਕਰਦੇ ਹੋ-ਦੂਤ ਤੇ ਵਾਰ ਕਰਨਾ ਤੇਰੀ ਇਜਤ ਦੇ ਵਿਰੁਧ ਹੈ। ਐਵੇਂ ਖਾਮਖਾਹ ਤੁਸਾਂ ਬੈਠੇ ਬਿਠਾਇਆਂ ਸਿਰ ਪੀੜ ਖਰੀਦ ਲਈ!"

ਹਨੂਮਾਨ-(ਛੇਤੀ ਨਾਲ) ਬੇਅਦਬੀ ਮਾਫ। ਸਿਰੀ ਪੀੜ। ਇਹ ਕਿੰਉ ਨਹੀਂ ਕਹਿੰਦੇ ॥ ਕਿ ਸਿਰ ਪੀੜ ਤਾਂ ਹੋਵੇ ਗੀ ਸਿਰ ਭੀ ਨਾਲ ਨਾਂ ਰਹੇਗਾ॥

ਇਸ ਸ਼ਬਦ ਨੂੰ ਸੁਨਕੇ ਰਾਵਨ ਦਾ ਜੋਸ਼ ਹੋਰ ਭ ਭਟਕਿਆ ਭਭੀਖਨ ਨੂੰ ਕ੍ਰੋਧ ਨਾਲ ਪਿਛੇ ਹਟਾ ਦਿਤਾ ਅਰ ਦੋ ਚਾਰ ਅਜਿਹੀਆਂ ਕਠਨ ਗਲਾਂ ਸੁਨਾਂਈਆਂ ਕਿ ਓਹ ਵਿਚਾਰਾ ਸ਼ਰਮਿੰਦਾ ਹੋ ਚੁਪ ਕਰਗਿਆ। ਅਰ ਰਾਵਨ ਨੇ ਪੁਕਾਰ ਕੇ ਅਪਨੇ ਪੁਤ੍ਰ ਮੇਘ ਨਾਥ ਨੂੰ ਕਿਹਾ।

"ਖਵਰ ਦਾਰ ਇਹ ਜਾਨਾ ਨਾਂ ਪਾਏ"

ਉਡ। ਇਸ ਹੁਕਮ ਦੇ ਸੁਨਨ ਦੀ ਡੇਰੀ ਹੀ ਸੀ ਕਿ ਕਾਵਾਂ ਦੀ ਨਿਆਈਂ ਇਹ ਲੋਕ ਸਾਡੇ ਸ਼ੇਰ ਬਹਾਦਰ ਤੇ ਟੂਟ ਪਏ ਪਰ ਇਸਨੂੰ ਦੇਖੀਏ ਕਿਸ ਪ੍ਰਕਾਰ ਸੂਰਮਤਾਈ ਅਰ ਦਲੇਰੀ ਨਾਲ

(ਦੂਜਾ)-ਭਾਵੇਂ ਰਾਮਾਇਣ ਦੇ ਲਿਖਤ ਤੋਂ ਇਹ ਕਦਾਚਿਤ ਨਹੀਂ ਪਾਇਆ ਜਾਂਦਾ ਕਿ ਹਨੂਮਾਨ ਬਾਂਦਰ (ਪਸ਼ੂ) ਸੀ ਪ੍ਰੰਤੂ ਜੇਕਰ ਇਸ ਵੇਲੇ ਦੇ ਲਈ ਅਜਿਹਾ ਮੰਨ ਭੀ ਲੀਤਾ ਜਾਏ ਤਾਂ ਕਿਸ ਤਰਾਂ ਹੋ ਸਕਦਾ ਹੈ ਕਿ ਅਨੇਕਾਂ ਹੀ ਰਾਕਸ਼ਾਂ ਦੇ ਹੁੰਦਿਆਂ ਜਿਸਦੀ ਗਿਨਤੀ ਤੁਲਸੀ ਦਾਸ ਜੀ ਨੇ ਕਰੋੜਾਂ ਹੀ ਲਿਖੀ ਹੈ (ਦੇਖੋ ਤੁਲਸੀ ਰਾਮਾਇਣ ਛਾਪਾ ਬੰਬਈ ਪਤ੍ਰਾ ੬੮੮ ਤੋਂ ੬੮੧ ਤਕ) ਇਕ ਬਾਂਦਰ ਨੂੰ ਜਦੋਂ ਕਿ ਇਸਨੂੰ ਘਸੀਟਦਿਆਂ ਹੋਏ ਲੰਕਾ ਦੇ ਗਲੀ ਕੂਚੇ ਵਿਚ ਲਜਾ ਰਹੇ ਸਨ ਇਕ ਲੋਹੇ ਦੇ ਥੰਮ ਦੀ ਵੇਲਪੁਟਨ ਦਿਤੀ ਹੋਵੇ ਜਿਸ ਨਾਲ ਹਨੂਮਾਨ ਨੇ ਰਾਕਸ਼ਾਂ ਨੂੰ ਮਾਰ ਨਸਾਇਆ ਅਰ ਆਪ ਲੰਕਾ

Digitized with:
Language Department Punjab
Digitized by:
Panjab Digital Library

ਗੁਰਜ ਘੁਮਾਓਦਾ ਹੋਇਆ ਪਿਛੇ ਹਟ ਰਿਹਾ ਹੈ ਕਿ ਇਕ ਭੀ ਤਾਂ ਨਜਦੀਕ ਨਹੀਂ ਆਉਂਨੇ ਪਾਂਦਾ ਹਾਇ ! ਹਾਇ !! ਓਹ ਗਭ੍ਰੂ ਜਵਾਨ ਅਖ਼ਯ ਕੁਮਾਰ (ਰਾਵਨ ਦਾ ਪੁਤ੍ਰ) ਇਕ ਹੀ ਗੁਰੰਜ ਦੇ ਲਗਨ ਨਾਲ ਕਿਸ ਪ੍ਰਕਾਰ ਧਰਤੀ ਤੇ ਪਇਆ ਤੜਪ ਰਿਹਾ ਹੈ ਭਾਵੇਂ ਮੇਘਨਾਥ ਅਰ ਕੁਝ ਸਾਥੀ ਇਸਦੇ ਪਿਛੇ ਵਿਚ

ਦੇ ਮਹਲਾਂ ਤੇ ਚੜ ਕੇ ਘਰਾਂ ਨੂੰ ਸਾੜਨਾ ਆਰੰਭ ਕੀਤਾ ਹੋਵੇ ਜੇਕਰ ਇਹ ਭੀ ਮਨ ਲਿਆ ਜਾਏ ਤਾਂ ਅਕਲ ਨਹੀਂ ਮੰਨਦੀ ਕਿ ਇਸ ਪ੍ਰਕਾਰ ਹੋਇਆ ਹੋਵੇ ਕਿੰਉ ਲੰਕਾ ਦੇ ਘਰ ਪਕੇ ਬਨੇ ਹੋਏ ਸਨ ਅਰ ਪਕੇ ਮਕਾਨਾਂ ਨੂੰ ਜਦ ਭਖ ਅੰਦਰੋਂ ਨਾਂ ਅਗ ਲਾਈ ਜਾਏ ਉਨ੍ਹਾਂ ਦਾ ਸੜਨਾਂ ਬੜਾ ਕਠਨ ਹੈ (ਦੇਖੋ ਸੁੰਦਰ ਕਾਂਡ ਪਤ੍ਰਾ ੫੪) ਹਾਂ ਜੇਕਰ ਪਰਾਲੀ ਯਾ ਘਾਹ ਫੂਸ ਦੇ ਛਪਰ ਆਦਿਕ ਹੁੰਦੇ ਤਾਂ ਬਿਨਾਂ ਹੀਲੇ ਹੁਜਤ ਦੇ ਸਾਨੂੰ ਮੰਨਨਾ ਪੈਂਦਾ ਕਿ ਇਹ ਠੀਕ ਹੀ ਹੈ ਮਗਰ ਰਾਮਾਇਣ ਤੋਂ ਇਸਤਰਾਂ ਕਦਾਚਿਤ ਨਹੀਂ ਪਾਇਆ ਜਾਂਦਾ ॥

(ਝੀਜਾ)-ਇਕ ਥੋੜੇ ਜਿਹੇ ਚਿਰ ਵਿਚ ਸਾਰੀ ਲੰਕਾ ਜੋ ਇਕ ਪਕੇ ਚੂਨੇ ਗਜਦੀ ਬਨੀ ਹੋਈ ਸੀ । ਬਿਨਾਂ ਭਭੀਖਨ ਦੇ ਘਰ ਅਰ ਆਮੋਗ ਬਾਗ ਦੇ ਸੜਕੇ ਕੋਲੇ ਸੁਆਹ ਹੋ ਜਾਨਾ ਕਿਹਾ ਕਿ ਇਸ ਸੁਰਗ ਤੋਂ ਪ੍ਰੀਤ ਹੁੰਦਾ ਹੈ ਅਤਿ ਚਕ੍ਰਿਤ ਹਰਾਨ ਦਾਯਕ ਹੈ ॥

ਚਾਹੇ ਕੁਹ ਭੀ ਕਿੰਉਂ ਨਾ ਹੋਵੇ ਅਸੀਂ ਇਸਨੂੰ ਭੀ ਮੰਨ ਲੈਂਦੇ ਜੇਕਰ ਇਹ ਲਿਖੇ ਵਿਖਯ ਸਾਨੂੰ ਸੰਤੋਖ ਦਾਯਕ ਹੁਤ੍ਰ ਦੇਂਦੇ ॥

ਪ੍ਰਿਥਮ-ਜਦੋਂ ਜਿਉ ਪਾਖ਼ਸ਼ ਰਾਕਸ਼ ਕੁੰਭਕਰਨ ਨੂੰ ਜਗਾਓਨ ਗਿਆ ਤਾਂ ਸਾਰਾ ਵ੍ਰਿਤਾਂਤ ਸੀਤਾ ਦੇ ਲਿਆਓਨ ਅਰ ਹਨੂਮਾਨ ਦੇ ਆਓਨ ਦਾ ਉਸਨੂੰ ਕਹ ਸੁਨਾਯਾ ਪ੍ਰੰਤੂ ਲੰਕਾ ਦੇ ਸਾੜਨ ਦਾ ਬਿਲਕੁਲ ਕੁਝ ਭੀ ਵਰਨਨ ਨਹੀਂ ਕੀਤਾ ਕਿੰਉ ਜੋ ਸੁਰਗ ੫੩ ਪਤ੍ਰਾ ੬੫ ਸੁੰਦ੍ਰ ਕਾਂਡ ਦੇ ਦਖਨ ਤੋਂ ਮਲੂਮ ਹੁੰਦਾ ਹੈ ਕਿ ਹਮਾਰਾ

Original with:
Language Department Punjab
Digitized by:
Panjab Digital Library

ਲਗੇ ਹੋਇ ਹਨ ਪ੍ਰੰਤੂ ਹੁਨ ਥੋੜਦਿਲੇ ਨਸਰ ਤੋਂ ਅਸਿਹੇ ਗੁਪਤ ਹੋਏ ਹਨ ਜਿਸ ਪਕਾਰ ਖੇਤੇਦੇ ਸਿਰਤੋਂ ਸਿੰਗ ਹਾਂ ! ਹਾਂ !! ਇਸ ਵੇਲੇ ਲੰਕਾ ਵਿਚ ਖੁਬ ਕੁਲਾਹਲ ਮਚ ਰਿਹਾ ਹੈ ਚਾਰੇ ਪਾਸਿਓਂ ਹਾ ਹਾ ਕਾਰ ਦੀ ਆਵਾਸ ਆ ਰਹੀ ਹੈ। ਮਰਦ ਤੇ ਬੀਮੀਆਂ ਮਕਾਨਾਂ ਦੀਆਂ ਛਤਾਂ ਤੇ ਖੜੋਤਿਆਂ ਹੋਏ ਇਸ ਦ੍ਰਿਸ਼ਨ ਨੂੰ ਦੇਖ ਹਨੂਮਾਨ ਦੀ ਬਹਾਦਰੀ ਤੇ ਵਾਹ ਵਾਹ ਕਰ ਰਹੇ ਹਨ ਅਰ ਇਹ ਬਾਲ ਬਚੇ ਅਰ ਇਸਤ੍ਰੀਆਂ ਸੜਕੇ ਦਗਧ ਹੋ ਗਈਆਂ ਸਨ ਅਰ ਹਜ਼ਰ ਭਿਗ ਕੇ ਮਰ ਗਇਆਂ ਸਨ (ਦੇਖੋ ਪਤ੍ਰਾ ੬੮ ਤੇ ੬੯ ਸੁਰਗ ੬੦ ਲੰਕਾਕਾਂਡ)

(ਦੂਜਾ)—ਹਨੂਮਾਨ ਦੇ ਜਾਨਦੇ ਪਿਛੋਂ ਜਦ ਰਾਵਨ ਨੇ ਉਨਾਂ ਲੋਕਾਂ ਨੂੰ ਬੁਲਾਇਆ ਜੋ ਉਸ ਵੇਲੇ ਹਾਜਰ ਨਹੀਂ ਸਨ । ਤਾਂ ਪਰ ਹਸਤ ਮੰਤ੍ਰੀ ਨੇ ਆਕੇ ਕਿਹਾ ਕਿ ਆਪ ਚਿੰਤਾਤੁਰ ਕਿੰਉ ਹੁੰਦੇ ਹੋ। ਮੈਂ ਆਪ ਦਾ ਓਹ ਸੈਨਾ ਪਤਿ ਹਾਂ ਜਿਸ ਪਾਸੋਂ ਦੇਵਤਾ- ਦਨਵ-ਗੰਧ੍ਰ ਰਾਛ ਅਰ ਰਾਕਸ਼ ਲੋਗ ਡਰਦੇ ਹਨ ਬਾਨਰਾਂ ਦੀ ਕੀ ਸ਼ਕਤੀ ਹੈ ਜੋ ਦੰਮ ਮਾਰ ਸਕਨ ਸ਼ੋਕ ! ਮੈਂ ਉਸ ਵੇਲੇ (ਜਦ ਹਨੂਮਾਨ ਆਇਆ ਸੀ) ਅਪਨੇ ਘਰ ਵਿਚ ਅਨੰਦ ਵਿਚ ਰਤਿਆ ਮਗਨ ਸਾਂ । ਹਨੂਮਾਨ ਧੋਕਾ ਦੇਕੇ ਚਲਾ ਗਇਆ ਭਾਂ ਕੀ ਪ੍ਰਵਾਹ ਹੈ ? (ਲੰਕਾ ਕਾਂਡ ਪਤ੍ਰਾ ੮ ਸੁਰਗ ੮) ਪਾਠਕ ਗਨ ! ਜਰਾ ਧਿਆਨ ਨਾਲ ਸੋਚੋ ਭਾਂ ਸਹੀ ਕਿ ਲੰਕਾ ਵਿਚ ਭਾਂ ਅਜਿਹੀ ਕੁਲਾਹਲ ਮਚੇ ਕਿ ਕੋਈ ਘਰ ਸੜਨਤੋਂ ਨਾਂ ਬਚੇ ਤੇ ਖ਼ਾਸ ਇਸੇ ਮੰਤ੍ਰੀ ਦਾਹੀ ਜਿਸ ਪ੍ਰਕਾਰ ਕਿ ਪਤ੍ਰਾ ੬੬ ਸੁਰਗ ੫੬ ਸੁੰਦ੍ਰ ਕਾਂਡ ਤੋਂ ਪ੍ਰਗਟ ਹੁੰਦਾ ਹੈ ਕਿ ਮਤ ਤੋਂ ਪਹਿਲਾਂ ਸਾੜਿਆ ਗਿਆ ਸੀ ਭਾਂ ਫੇਰ ਇਸਦਾ ਇਹ ਕਹਿਨਾ ਕਿ ਮੈ ਆਪਨੇ ਘਰ ਵਿਚ ਅਨੰਦ ਵਿਚ ਮਗਨ ਸਾਂ ਏਂ ਕੀ ਤਤਪਰਜ ਰਖਦਾ ਹੈ ? ਆਪ ਹੀ ਨਿਆਂ ਕਰੋ ॥

(ਤੀਜਾ) ਦੁਰਮੁਖ਼ਜ ਮੰਤ੍ਰੀ ਰਾਵਨ ਨੂੰ ਕਹਿੰਦਾ ਹੈ ਕਿ ਆਪ ਕਿੰਉ ਚਿੰਤਾ ਕਰਦੇ ਹੋ ? ਬਾਨਰ ਲੋਕ ਕਦੀ ਜਿਤ ਨਹੀਂ ਸਕਦੇ ਕੀ ਹੋਇਆ ਓਹ ਹਨੂਮਾਨ ਧੋਕੇ ਵਿਚ ਇਸ

Original with:
Language Department Punjab
Digitized by:
Panjab Digital Library

Missing Page

Original with:
Language Department Punjab
Digitized by:
Panjab Digital Library

Missing Page

Original with:
Language Department Punjab
Digitized by:
Panjab Digital Library

ਬਹਾਦਰ ਕਿਸ ਪ੍ਰਕਾਰ ਸਾਵਧਨੀ ਨਾਲ ਅਪਨੇ ਸ਼ਤ੍ਰੂਆਂ ਨੂੰ ਮਾਰਦਾ ਹੋਇਆ ਸ਼ਹਿਰ ਲੰਕਾ ਤੋਂ ਬਾਹਰ ਨਿਕਲ ਗਿਆ ਹੈ ਅਰ ਕੋਟਾਰਲ ਪਰਬਤ ਦੇ ਨੇੜੇ ਪਹੁੰਚਾ ਹੀ ਸੀ ਕਿ ਮੇਘਨਾਥ ਸਹਾਇਤਾ ਲਈ ਇਕ ਬੜਾ ਭਾਰੀ ਜੰਗੀ ਸੈਨਾਂ ਦਾ ਸਬਾ

ਪ੍ਰਕਾਰ ਕਰ ਗਿਆ ਓਹਤਾਂ ਚੋਰਾਂ ਦੀ ਨਿਆਈਂ ਆਇਆ ਸੀ-ਲੰਕਾ ਕਾਂਡ ਪੜ੍ਹਾ ੯ ਸੁਰਗ ੮) ਪਾਠਕ ! ਉਪਰ ਲਿਖੀਆਂ ਗਲਾਂ ਨੂੰ ਤੋਲੋ ਅਰ ਵਿਚਾਰ ਕਰੋ ਕਿ ਇਨਾਂ ਤੋਂ ਕੀ ਪ੍ਰਗਟ ਹੁੰਦਾ ਹੈ॥

ਇਨਾਂ ਤੋਂ ਖਿਨਾਂ ਹੋਰ ਕਈ ਇਕ ਵਰਨਨ ਹਨ ਜਿਨਾਂ ਤੋਂ ਲੰਕਾ ਦਾ ਸਾੜਿਆ ਜਾਨਾ ਕਦਾਚਿਤ ਸਿਧ ਨਹੀਂ ਹੋਸਕਦਾ ਅਰ ਨਾਹੀ ਤੁਲਸੀ ਕ੍ਰਿਤ ਅਰ ਬਾਲਮੀਕੀ ਰਾਮਾਇਣ ਇਸ ਵਿਖਯ ਵਿਚ ਇਕੋ ਮਤ ਹੀ ਹਨ ਪ੍ਰੰਤੂ ਇਨਾਂ ਦੋਹਾਂ ਦੇ ਬਿਆਨ ਵਿਚ ਬੜਾ ਭਾਰੀ ਵਿਰੁਧ ਹੈ ਤੁਲਸੀ ਕ੍ਰਿਤ ਰਾਮਾਇਣ ਛਾਪਾ ਬੰਬਈ ਪੜ੍ਹਾ ੬੯੯ ਤੋਂ ੬੯੧ ਤਕ ਪੜਨ ਦੀ ਖੇਚਲ ਕਰੋ ॥

(ਚੌਥਾ)—ਸਾਰੇ ਵੇਦ ਸ਼ਾਸ਼ਤ੍ਰ ਵਰਨਨ ਕਰਦੇ ਹਨ ਕਿ ਨਰਦੋਸ਼ ਦਾ ਖੂਨ ਅਰ ਕਿਸੇ ਦੇ ਮਕਾਨ ਨੂੰ ਸਾੜਨਾ ਬੜਾ ਭਾਰੀ ਦੋਸ਼ ਹੈ ਭਾਂ ਕਿਉਂ ਕਰ ਮੰਨਨੇ ਯੋਗ ਹੋ ਸਕਦਾ ਹੈ ਕਿ ਹਨੂਮਾਨ ਜਿਹੇ ਬੁਧੀਮਾਨ ਪੁਰਖ ਨੇ ਜਿਸਨੂੰ ਰਾਮਾਇਣ ਵਿਚ ਪੰਡਿਤ ਅਰ ਧਰਮਾਤਮਾ ਮੰਨਿਆ ਗਿਆ ਹੈ ਇਸ ਪ੍ਰਕਾਰ ਕੀਤਾ ਹੋਵੇ ਨਹੀਂ ! ਕਦਾਚਿਤ ਨਹੀਂ । ਕਦੀ ਭੀ ਹਨੂਮਾਨ ਨੇ ਇਸ ਤਰਾਂ ਨਹੀਂ ਕੀਤਾ ਭਾਂ ਫਿਰ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਇਹ ਮਾਮਲਾ ਕੀ ਸੀ ਜਿਸਤੋਂ ਐਨਾਂ ਵਧਾ ਵਧਾ ਦਿਤਾ ?

ਪਾਠਕਗਨ ! ਸਿਆਨਿਆਂ ਨੇ ਸੜਨਾ ਯਾਂ ਸਾੜਨਾਂ ਤਿੰਨ ਪ੍ਰਕਾਰ ਦਾ ਵਰਨਨ ਕੀਤਾ ਹੈ । ਪ੍ਰਿਥਮ ਅਗ ਨਾਲ ਦੂਜ ਕਿਸੇ ਨੂੰ ਦੇਖਕੇ ਈਰਖਾ ਕਰਨੀ ਭੀਜੇ ਕਿਸੇ ਦੇ ਕਠੋਰ ਵਚਨਾਂ ਨੂੰ ਸੁਨਕੇ ਯਾ ਭਵਿਖਯਤ ਆਪਤੀਆਂ ਦੀ ਸੰਭਾਵਨਾ ਨਾਲ । ਕਿਉਂ ਕਿ ਪ੍ਰਿਥਮ ਵਰਨਨ ਤੋਂ ਭਾਂ ਸ਼ੀਰ ਸੜਕੇ ਸੁਆਹ ਹੋ ਜਾਂਦਾ ਹੈ ਪ੍ਰੰਤੂ ਮਨੁਖ ਦਾ ਹਿਰਦਯ ਜੋ ਕਵਲ ਦੀ

Original with:
Language Department Punjab
Digitized by:
Panjab Digital Library

ਆ ਗਇਆ। ਪਰ ਸਾਡੇ ਜਰਨੈਲ ਬਹਾਦਰ ਨੇ ਛੇਤੀ ਚੜਕ ਇਨਾਂ ਸਭਨਾਂ ਨੂੰ ਅਜਿਹੀ ਝੌਲੀ ਦਿਤੀ ਕਿ ਇਹ ਸਾਰੇ ਲੋਗ

ਨਿਆਈਂ ਖ਼ੁਸ਼ੀ ਵਿਚ ਹੋਇਆ ੨ ਪਦਮ ਦੀ ਨਿਆਈਂ ਖਿੜਅ' ਹੋਇਆ ਹੁੰਦਾ ਹੈ ਉਪਰ ਲਿਖੀਆਂ ਗਲਾਂ ਦੇ ਹੋਨ ਨਾਲ ਇਸਤਰਾਂ ਸੁੰਗੜ ਜਾਂਦਾ ਹੈ ਜਿਸ ਤਰਾ ਥੋੜੀ ਜਿਹੀ ਅਗ ਨਾਲ ਝਲੁਸਿਆ ਚਮੜਾ, ਸੋ ਇਹੀ ਅੰਤਰ ਦਿਸ਼ਾ ਲੰਕਾ ਨਿਵਾਸੀਏਆਂ ਨਹੀਂ ਤਾਂ ਵਾਸ ਕਿ ਸਮਝੀਏ ਤਦ ਵਿਚ ਲੰਕਾ ਨਹੀ ਸਾੜੀ ਗਈ ਜਿਸ ਪ੍ਰਕਾਰ ਕਿ ਸਭ ਜਗਾਂ ਗਲਤੀ ਨਾਲ ਮਸ਼ਹੂਰ ਹੈ ਪਰੰਤੂ ਲੰਕਾ ਨਿਵਾਸੀ ਅਰ ਰਾਵਨ ਦਾ ਦਿਲ ਹਨੂੰਮਾਨ ਜੀ ਦੇ ਵਾਰਤਾਲਾਪ ਅਰ ਬੀਰ ਬਚਨਾਂ ਨੂੰ ਦੇਖਕੇ ਭਵਿਖਯਤ ਤਬਾਹੀ ਨੂੰ ਸੁਨਕੇ ਸੜ ਗਿਆ ਸਾ ਇਸੇ ਤਰਾਂ ਲੰਕਾ ਕਾਂਡ ਪਤ੍ਰ ੯੬ ਸੁਰਗ ੭੫ ਵਿਚ ਦੁਬਾਰਾ ਲੰਕਾਦਾ ਦਗਧ ਹੋਜਾਨਾ ਲਿਖਿਆ ਹੈ ਜੋ ਬਿਨਾਂ ਦਗਧ ਸ਼ਬਦ ਦੇ ਹੋਰ ਕੁਝ ਪ੍ਰਗਟ ਨਹੀਂ ਕਰਦਾ ਮਗਰ ਜਦ ਅਸੀਂ ਇਸਤੇ ਭੀ ਸੋਚਨੇ ਹਾਂ ਤਾਂ ਮਲੂਮ ਹੁੰਦਾ ਹੈ ਕਿ ਲਛਮਨ ਅਰ ਹਨੁਮਾਨ ਆਦਿਕ ਦੇ ਅਦੋਗਤ ਹੋਨੇ ਤੇ (ਜਿਨਾਂਦਾ ਵਰਨਨ ਅਗੇ ਆਵੇਗਾ) ਉਨਾਂ ਲੋਕਾਂਦੇ ਦਿਲ ਕੰਪਾਇਵਾਨ ਹੋਗਏਸਨ ਅਰ ਨਿਸ਼ੁਯ ਹੋਗਿਆ ਸੀ ਕਿ ਹੁਨ ਰਾਮਚੰਦ੍ ਜੀ ਆਵਸ਼ਯ ਜਿਤ ਜਾਨਗੇ ਇਸ ਲਈ ਓਹਨਾਂ ਲਕਾਂ ਨਵਾਸੀਆਂ ਦੇ ਹੌਸਲੇ ਟੁਟ ਗਏ ਸਨ ਅਰ ਲੈਕ ਮਹਾਤਮਾ ਕਵੀ ਬਾਲਮੀਕ ਜੀਨੇ ਉਨਾਂ ਦੇ ਵਧੇ ਹੋਏ ਦੁਖ ਚਿੰਤਾ ਨੂੰ ਉਨਾਂ ਦੇ ਸੜਨ ਨਾਲ ਉਪਮਾ ਦਿਤੀ ਸੀ ਜਿਸਦੀ ਵਾਸਤਵ ਕਿਤਾ ਦਾ ਕੁਝ ਭੀ ਧਿਆਨ ਨਾਂ ਕਰਕੇ ਕਵੀਆਂ ਨੇ ਭੀ ਦੁਬਾਰਾ ਲੰਕਾ ਦਾ ਸਾੜਨਾ ਵਰਨਨ ਕੀਤਾ ॥

ਜਿਥੋਂ ਤਕ ਅਸੀਂ ਰਾਮਾਇਨ ਨੂੰ ਦੇਖਨੇ ਹਾਂ ਮਲੂਮ ਹੁੰਦਾ ਹੈ ਕਿ ਦੂਸੇ ਧਰਮੀ ਯਾ ਅਨਜ ਜਾਤੀ ਦੀ ਅਵਿਦਿਆ ਦੀ ਕ੍ਰਿਪਾ * ਹੈ ਜਿਸਤੋਂ ਬ੍ਰਤ ਮਸਾਲ ਲਾ ਲਾਕੇ ਰਾਮਾਇਣ ਵਿਚ ਲਿਖੇ ਗਏ ਹਨ। ਜਿਨਾਂਦੇ ਕਾਰਨ ਅਜ ਅਨਜ ਦੇਸ਼ ਵਾਲੇ

Original with:
Language Department Punjab
Digitized by:
Panjab Digital Library

ਇਧਰ ਓਧਰ ਢੂੰਢ ਵਿਚ ਰਹੇ ਅਰ ਇਹ ਬਿਵਾਨ ਵਿਚ ਬੈਠ ਕੇ ਅਕਾਸ਼ ਮਾਰਗ ਤੋਂ ਸਮੁੰਦ੍ ਨੂੰ ਪਾਂਰ ਕਰਦਾ ਹੋਇਆ ਦਿਖਾਈ ਦਿਤਾ ਇਸਨੂੰ ਦੇਖਦੇ ਹੀ ਮੇਘਨਾਥ ਦਾ ਰੰਗ ਫਕ ਹੋਗਿਆ ਸ਼ਰਮ ਅਰ ਚਕ੍ਰਿਤਾਨੇ ਸਭਦੇ ਸਿਰ ਨੀਵਾਂ ਝੁਕਾ ਦਿਤੇ । ਦੇਖੀਏ ਇਹ ਕਿਸ ਪ੍ਰਕਾਰ ਬੁਰਾ ਮੁੰਹ ਬਨਾਏ ਜੀਵਨ ਨੂੰ ਮ੍ਰਤ੍ਯੂ ਦੇ ਮਹਤਵ ਦੇਂਦੇ ਹੋਏ ਅਰ ਅਖਾਂ ਤੋਂ ਧਰਤੀ ਘਿਨ ਵਸਾਓਂਦੇ ਹੋਏ ਪਿਛਾਂ ਮੁੜਕੇ ਜਾ ਰਹੇ ਹਨ ।

(ਇਕਤਾਲੀਵਾਂ ਧਿਆਯ)

—:o:—

ਸੈਨਾਂਅਕਠ

ਹੁਨ ਸਾਡਾ ਧਿਆਨ ਸਾਨੂੰ ਲੈਕੇ ਕਿਸਕਿੰਧਾ ਦੇ ਉਸ

ਉਸਨੂੰ ਮਿਥਯਾ ਜਾਂਨਦੇ ਹਨ । ਦੇਖੀਏ ਕਿਥੇ ਰਾਮਾਇਣ ਜਿਸਨੂੰ ਅਠ ਲਖ ਵਰ੍ਹੇ ਹੋ ਗਏ ਹਨ। ਅਰ ਕਿਥੇ ਮਹਾ ਭਾਰਤ ਜਿਸਨੂੰ ਪੰਜਹਜਾਰ ਵਰ੍ਹੇ ਦੇ ਲਗ ਭਗ ਬਿਤੀਤ ਹੋ ਚੁਕੇ ਹਨ (ਦੇਖੋ ਲੰਕਾ ਕਾਂਡ ਪਤ੍ਰਾ ੯੯ ਸੁਰਗ ੮੦) ਪਰ ਲੋ ਕ ਰਾਮਾਇਣ ਵਿਚ ਮਹਾਭਾਰਤ ਦੇ ਵਰਨਨ ਐਵੇਂ ਵਿਰਥ ਹੀ ਘੁਸੇੜ ਦਿਤੇ ਹਨ ਇਸਤੋ ਸਾਫ ਪ੍ਰਸਿਧ ਹੈ ਕਿ ਵਾਸਤਵ ਵਿਚ ਬਾਲਮੀਕ ਜੀ ਦੇ ਕਵਿਤਾ ਦੀ ਨਕਲ ਨਹੀਂ ਪੁੰਜ ਇਹ ਮੰਨਨਾ ਪੈਂਦਾ ਹੈ ਕਿ ਓਹ ਗੁਪਤ ਹੋ ਗਈ ਹੋਵੇਗੀ ਅਰ ਮਹਾਭਾਰਤ ਦੇ ਸਮਯ ਦੇ ਅੰਤ ਲੋਕਾਂ ਨੇ ਜਬਾਨੀ ਸੁਨਕੇ ਸੁਨੇ ਸੁਨਾਏ ਬ੍ਰਿਤਾਂਤ ਲਿਖ ਦਿਤੇ ਅਰ ਇਹੋ ਕਾਰਨ ਹੈ ਕਿ ਅਰਥਾਂ ਦੇ ਅਨਰਥ ਹੋ ਗਏ ॥

Original with:
Language Department Punjab
Digitized by:
Panjab Digital Library

ਚੌੜੇ ਮਦਾਨ ਵਿਚ ਜੋ ਪੰਪਾ ਛੰਬ ਦੇ ਨੇੜੇ ਹੀ ਸਿਥਤ ਹੈ ਅਰ ਜਿਥੇ ਬਹੁਤ ਸਾਰੇ ਤੰਬੂ ਲਗੇ ਹੋਏ ਹਨ ਇਸ ਵੇਲੇ ਪਹੁੰਚਾ ਹੈ। ਜਦੋਂ ਕਿ ਸੂਰਜ ਦੇਵਤਾ ਕੇਸਰੀ ਚਦਰ ਲਏ ਹੋਏ ਸੰਸਾਰਦੀ ਵਿਅਸਥਾ ਨੂੰ ਵਿਅਰਥ ਜਤਦਿਆਂ ਹੋਇਆਂ ਪਛਮ ਦਿਸ਼ਾ ਨੂੰ ਜਾ ਰਿਹਾ ਹੈ ਅਰ ਸੰਧਯਾ ਦੇਵੀ ਦੇ ਆਗਮਨ ਤੋਂ ਉਨਾਂ ਲੋਕਾਂ ਦਾ ਆਤਮਾ ਜਿਨਾਂ ਨੂੰ ਕੁਝ ਪ੍ਰਮਾਤਮਾ ਦੀ ਲਗਨ ਹੈ ਕੰਵਲ ਦੀ ਨਿਆਂਈਂ ਖਿੜ ਕੇ ਏਕਾਂਤ ਪਵਿਤ੍ਰ ਸਥਾਨ ਵਿਚ ਬੈਠ ਧਰਮ ਨਿਅਮ ਪੂਰਾ ਕਰਨ ਦੀ ਯਾਦ ਕਰਾ ਰਿਹਾ ਹੈ ਪ੍ਰੰਤੂ ਉਨਾਂ ਲੋਕਾਂ ਦਾ ਦਿਲ ਜੋ ਇੰਦ੍ਰੀ ਜਿਤ ਕਾਮਨਾਂ ਦੇ ਵਸ ਵਿਚ ਹੋਕੇ ਦਿਲ ਦੀਆਂ ਅਧਿਕ ਉਜਲਤਾ ਘੜੀਆਂ ਨੂੰ ਅਤਿ ਬਿਸਮਿਤ ਅਰ ਹਰਾਨੀ ਨਾਲ ਅਤਿ ਅੰਧੇਰੀ ਰਾਤ ਦੇ ਉਜੋਕ ਵਿਚ ਇਸ ਚਾਹ ਨਾਲ ਗਿਨ ਰਹੇ ਸੇ ਕਿ ਕਦ ਓਹ ਇਨਾਂ ਨੂੰ ਅਪਨੀ ਗੋਦ ਵਿਚ ਬਿਠਾਏ ਅਰ ਇਹ ਅਪਨੇ ਦੁਰਾਚਾਰ ਕੰਮਾ ਵਿਚ ਲਗਨ । ਝਲੂਸੇ ਹੋਏ ਚਮੜੇ ਦੀ ਤਰਾਂ ਸੁਕਦੇ ਜਾ ਰਹੇ ;ਹਨ । ਆਹ ! ਸ਼ੋਕਾਸਪਦ ਦਿਸ਼ਾ ਹੈ ਉਨਾ ਲੋਕਾਂ ਦੀ ਜੋਧਰਮ ਆਧਰਮ ਦਾ ਵਿਚਾਰ ਨਹੀਂ ਕਰਦੇ ਪਿਆਰੇ ਮਿਤ੍ਰੋ ! ਦਿਨ ਨੂੰ ਸੂਰਜ ਭਗਵਾਨ ਪ੍ਰਕਾਸ਼ ਕਾਰ |ਦੀਆਂ ਕ੍ਰਿਨਾਂ ਉਨਾਂ ਦਾ ਲਹੂ ਖੁਸ਼ਕ ਕਰਨ ਵਿਚ ਦਰੇਗ ਨਹੀਂ ਕਰਦੀਆਂ ਅਰ ਰਾਤ ਨੂੰ ਸੁੰਦ੍ਰ ਮਨੋਹਰ ਤਾਰੇ ਅਖਾਂ ਕਢ ਕਢ ਉਨਾਂ ਦੇ ਆਤਮਾਂ ਨੰ ਪਾਪ ਕਰਨ ਤੋਂ ਰੋਕਨ ਲਈ ਜਤਨ ਕਰਦੇ ਹਨ । ਪ੍ਰੰਤੂ ਕਾਮੀ ਇਛਾਂਦੇ ਵਸ ਵਿਚ ਹੋਏ ੨ ਕੁਝ ਅਜਿਹੇ |ਮਤੇ ਹੋਏ ਹਨ ਕਿ ਉਨਾਂ ਸਭਨਾਂਦੀ ਕੁਝ ਪ੍ਰਵਾਹ ਨਹੀਂ ਕਰਦੇ। ਅਰ ਅਪਨੇ ਆਤਮਾ ਦਾ ਖ਼ੂਨ ਕਰਦੇ ਹੋਏ ਪਾਪ ਕਰਨ ਲਈ ਤਿਆਰ ਹੋਜਾਂਦੇ ਹਨ ਇਸ ਵੇਲੇ ਸਾਡੇ ਮਹਾਰਾਜਾ ਰਾਮਚੰਦ੍ਰ ਜੀ ਅਪਨੇ ਮਾਨਸਿਕ ਵਿਚਾਰਾਂ ਨੂੰ ਅੰਦਰ ਹੀ ਅੰਦਰ ਦਮਨ ਕੀਤੇ ਹੋਏ ਇਸ ਪ੍ਰਕਾਰ ਬੈਠੇ ਹੋਏ ਹਨ ਜਿਸ ਪ੍ਰਕਾਰ ਇਕ ਖਿੜਨ ਵਾਲੀ ਕਲੀ ! ਇੰਨੇ ਵਿਚ ਸ੍ਰੀ ਲਛਮਨ ਜੀ ਚਿੰਤਾਤੁਰ ਸ੍ਰੀਰਤਬਨਾਏ ਅਰ ਸਿਰ ਝੁਕਾਏ ਹੋਏ ਆਕੇ ਬੈਠ ਗਏ ਅਰ ਬੋਲੇ ॥

Original with:
Language Department Punjab
Digitized by:
Panjab Digital Library

"ਮਹਾਰਾਜ! ਹਨੂਮਾਨ ਅਜੇ ਭੀਕ ਮੁੜਕੇ ਨਹੀਂ ਆਇਆ"।

ਰਾਮਚੰਦ੍ਰ-" ਹਨੂਮਾਨ ਅਜ ਨਹੀਂ ਕਲ ਆਜਾਇਗਾ ਮਗਰ ਤੁਹਾਡਾ ਹਰ ਵੇਲੇ ਚਿੰਤਾਤੁਰ ਰਹਿਨਾਂ ਅਛਾ ਨਹੀਂ। ਦੇਖੋ! ਵਡਿਆਂ ਦਾ ਕਥਨ ਹੈ ਕਿ ਜੋ ਦਿਨ ਜੀਵਨ ਦੇ ਦਿਨਾਂ ਵਿਚ ਛਿਨ ਬਿਪਤਾਦੇ ਔਨ ਉਨਾਂ ਨੂੰ ਭੀ ਸੁਖ ਦਾਇਕ ਸਮਝ ਕੇ ਵਿਤੀਤ ਕਰਨੇ ਚਾਹੀਏ ਅਰ ਉਤਮ ਜਾਨਨੇ ਚਾਹੀਏ ਕਿੰਉ ਕਿ ਬਿਨਾਂ ਦੁਖ ਅਰ ਕਲੇਸ਼ ਸਹਿਨ ਦੇ ਸੁਖ ਭੀ ਪ੍ਰਾਪਤ ਨਹੀਂ ਹੋ ਸਕਦਾ ਸ਼ਤ੍ਰੂ ਦੇ ਸਾਹਮਨੇ ਵਿਚ ਬੁਜਦਿਲੀ ਦੇ ਵਿਚਾਰ ਨੂੰ ਦਿਲ ਵਿਚ ਜਗਾ ਦੇ ਕੇ ਬੁਜਦਿਲ ਨਹੀਂ ਬਨਨਾਂ ਚਾਹੀਦਾ ਕਠਨਤਾਈ ਦੇ ਸਮਯ ਵਿਚ ਬੇਆਸ ਅਰ ਹਰਾਨ ਪਰੇਸ਼ਾਨ ਹੋਨਾ ਉਚਿਤ ਨਹੀਂ ਜਵਾਨ ਮਰਦ ਬਨੋ! ਕਮਰ ਕਸੋ ਦ੍ਰਿੜਤਾਈ ਰਖੋ !! ਅਰ ਈਸ਼੍ਵਰ ਤੇ ਭਰੋਸਾ ਰਖੋ !!! ਦੇਖੋ ਭਵਿਖਜਤ ਵਿਚ ਅਜੇ ਕੀ ਕੀ ਹੁੰਦਾ ਹੈ॥

ਲਛਮਨ ਕੁਝ ਜਵਾਬ ਦੇਨ ਹੀ ਲਗਾ ਸੀ ਕਿ ਇਨੇ ਵਿਚ ਸੁਗ੍ਰੀਵ-ਹਨੂਮਾਨ-ਅੰਗਦ ਆਦਿਕ ਖੁਸ਼ੀ ਖੁਸ਼ੀ ਹਸਦੇ ਹੋਏ ਤੰਬੂ ਵਿਚ ਆ ਨਿਕਲੇ ਜਿਨਾਂ ਨੂੰ ਦੇਖਦੇ ਹੀ ਲਛਮਨ ਜੀਦੇ ਚਿਹਰੇ ਤੇ ਪ੍ਰਸਨਤਾ ਜਿਹੀ ਆਗਈ ਅਰ ਹਨੂਮਾਨ ਜੀ ਤੋਂ ਕੁਝ ਪੁਛਨਾਂ ਚਾਹਿਆ ਪਰ ਉਸਨੇ ਇਹ ਕਿ ਲਛਮਨ ਜੀ ਨੂੰ ਕੁਝ ਗਲ ਦਸੇ ਪ੍ਰੰਤੂ ਅਪਨੇ ਆਪ ਨੂੰ ਰਾਮਚੰਦ੍ਰ ਜੀ ਦੇ ਚਰਨਾਂ ਤੇ ਡੇਗ ਦਿਤਾ ਅਰ ਇਨਾਂ ਨੇ ਛੇਤੀ ਨਾਲ ਚੁਕ ਕੇ ਛਾਤੀ ਨਾਲ ਲਾ ਲਿਆ ਅਰ ਇਸੇ ਪ੍ਰਕਾਰ ਸਭ ਇਕ ਦੂਜੇ ਦੇ ਪਿਛੋਂ ਪ੍ਰਨਾਮ ਕਰਦੇ ਹੋਏ ਅਰ ਇਹ ਖ਼ਬਰ ਇਕ ਪਲ ਵਿਚ ਹੀ ਸਾਰੀ ਛਾਉਨੀ ਅੰਦਰ ਮਚ ਗਈ ਕਿ ਹਨੂਮਾਨ ਆਦਿਕ ਸੀਤਾ ਜੀ ਦੀ ਖਬਰ ਲੈਕੇ ਮੁੜ ਆਏ ਹਨ। ਸਾਰੇ ਰਾਜੇ ਮਹਾਰਾਜੇ ਜੋ ਓਥੇ ਅਪਨੇ ਅਪਨੇ ਤੰਬੂਆਂ ਵਿਚ ਬੈਠੇ ਹੋਏ ਸਨ। ਸਭ ਅਕਠੇ ਹੋ ਓਥੇ ਆਓਨ ਲਗੇ। ਅਰ ਸਾਡੇ ਬਹਾਦਰ ਨੇ ਸਭ ਤੋਂ ਪ੍ਰਥਮ ਸੀਤਾ ਜੀ ਦਾ ਚੂੜਾ ਰਾਮਚੰਦ੍ਰ ਜੀ ਦੇ ਅਗੇ ਰਖਿਆ। ਅਰ ਅੰਤ

Original with:
Language Department Punjab
Digitized by:
Panjab Digital Library

ਨੂੰ ਸਭ ਹਾਲ ਸਿਰਤੋਂ ਪੈਰਾਂ ਤੀਕ ਕਹ ਸੁਨਾਇਆ । ਰਾਵਨ ਦੀਆਂ ਹੰਕਾਰ ਭਰੀਆਂ ਗਲਾਂ ਸੁਨ ਸਮੂਹ ਗਨ ਦੇ ਚਿਹਰੇ ਗੁਸਿਆਂ ਦੇ ਲਾਲੋ ਲਾਲ ਹੋ ਗਏ ਅਰ ਉਸ ਦੀਆਂ ਗਰੂਰ ਭਰੀਆਂ ਵਿਚਾਰਾਂ ਦੇ ਚਿੰਗਾੜੇ ਇਨਾਂ ਲੋਕਾਂ ਦੇ ਕੰਨਾਂ ਵਿਚੋਂ ਲੰਘ ਇਨਾਂ ਦੇ ਸਿਰ ਵਿਚ ਸਿਥਤ ਹੋਨੇ ਦੀ ਡੇਰ ਹੀ ਸੀ ਕਿ ਧੂਆਂ ਬਨ ਬਨ ਕੇ ਅਖਾਂ ਵਿਚੋਂ ਨਿਕਲਨ ਲਗਾ ਥੋੜਾ ਚਿਰ ਤਾਂ ਚੁਪ ਚਾਪ ਵਰਤੀ ਰਹੀ ਅੰਤ ਨੂੰ ਗਜ ਨੇ ਕਿਹਾ :—

" ਬਸ ਹੁਨ ਬਹੁਤ ਚਿਰ ਲਾਉਨ ਦਾ ਵੇਲਾ ਨਹੀਂ ਰਾਵਨ ਦੀ ਹੰਕਾਰ ਭਰੀ ਵਿਚਾਰ ਦਾ ਉਤੂ ਸਾਡੀਆਂ ਤਲਵਾਰਾਂ ਦੀਆਂ ਜਬਾਨਾਂ ਅਰ ਨੇਜਿਆਂ ਦੀਆਂ ਨੋਕਾਂ ਭਲੀ ਪ੍ਰਕਾਰ ਦੇਨ ਗੀਆਂ । ਸਾਨੂੰ ਪਹਿਲੇ ਹੀ ਨਿਸ਼ਚਯ ਸੀ ਕਿ ਓਹ ਕੁਕਰਮੀ ਕਦੀ ਸਿਧੇ ਰਸਤੇ ਨਹੀ ਭੁਰੇਗਾ " ਅਰ ਚਾਰੇ ਪਾਸਿਓਂ ਇਹੋ ਅਵਾਜ ਆਈ ! ਮੂਲ ਗਲ ਕੀ ਓਸੇ ਵੇਲੇ ਸਲਾਹ ਕਰਕੇ * ਨੀਲ ਨੂੰ ਰਸਦ ਪਾਨੀ ਅਕਠਾ ਕਰਨ ਲਈ ਨਿਅਤ ਕੀਤਾ । ਅਰ ਰਿਸ਼ਭ ਅਰ ਬਲੀਮੁਖ ਨੂੰ ਸਫਰ ਮੈਨਾਂ ਦੀ ਪਲਟਨ ਦਾ ਮੁਖੀ ਕਰਕੇ ਪ੍ਰਾਤਾ ਕਾਲ ਹੀ ਚਲਨ ਦੀ ਆਗਜਾ ਦਿਤੀ ਗਈ ॥

ਪ੍ਰਾਤਾ ਕਾਲ ਹੁੰਦਿਆਂ ਹੀ ਅਨੇਕ ਫੌਜ ਕਿਸਕਿੰਧਾ ਤੋਂ ਤੁਰਕੇ ਸਤਵੇਂ ਦਿਨ ਮੈਧਜਾ ਦੇ ਵੇਲੇ ਸਮੁੰਦ੍ਰ ਦੇ ਕੰਢੇ ਪਹੁੰਚੀ। ਨਿਯਮ ਅਨੁਸਾਰ ਸਭਨਾਂ ਨੇ ਮੈਧਜਾ ਕਰ ਅੰਤਨੂੰ ਰੋਟੀ ਪਾਣੀ ਖਾਦਾ । ਫੇਰ ਸਾਰੇ ਰਾਜੇ ਮਹਾਰਾਜੇ ਰਾਮਚੰਦ੍ਰ ਦੇ ਨਿਵਾਸ ਸਥਾਨ ਵਿਚ ਆਏ ਅਰ ਸਮੁੰਦ੍ਰ ਤੋਂ ਪਾਰ ਹੋਨੇ ਦੇ ਵਿਖਯ ਵਿਚ ਸਲਾਹ ਕਰਨ ਲਗੇ ਅੰਤ ਨੂੰ ਇਹ ਸਲਾਹ ਪਕੀ ਹੋਈ ਕਿ ਸਮੁੰਦ੍ਰ ਤੇ ਇਕ ਪੁਲ ਬੰਨਿਆ ਜਾਏ । ਜਿਸ ਤੋਂ ਸੈਨਾਂ ਦੇ ਪਾਰ ਉਤਰਨ ਵਿਚ ਕੋਈ ਕਲ ਕਲੇਸ਼ ਨਾ ਹੋਵੇ ਅਰ ਇਸ ਕੰਮ ਨੂੰ ਬੁਧਿਮਾਨ ਅੰਜੀਨੀਅਰ ਬਿਸੁਕਰਮਾਂ ਦੇ ਸਪੁਤ੍ ਨਲ ਦੇ ਸਪੁਰਦ

* ਲੰਕ ਕਾਂਡ ਸੁਰਗ ੧੪

Digitized by: Language Department Punjab
Digital Library

ਕੀਤਾ ਜਿਸਨੇ ਇਸ ਜਿਮੇਵਾਰੀ ਨੂੰ ਬੜੀ ਖ਼ੁਸ਼ੀ ਨਾਲ ਮਨਜ਼ੁਰ ਕੀਤਾ ਅਰ ਇਸ ਵੇਲੇ ਸਿਪਾਹੀਆਂ ਨੂੰ ਸਮਿਗ੍ਰੀ ਅਕਠੀ ਕਰਨ ਦਾ ਹੁਕਮ ਦਿਤਾ ਜਿਹਾ ਕਿ ਵੇਖੀਏ ਹਰ ਇਕ ਸਿਪਾਹੀ ਕਿਸ ਪ੍ਰਕਾਰ ਦਲੇਰੀ ਨਾਲ ਸਿਰ ਤੋੜਕੇ ਸਤਨ ਕਰ ਮਸਾਲਾ ਇਕਤ੍ਰ ਕਰ ਰਹੇ ਹਨ ਦਸ ਵੀਹ ਪੰਜਾਹ ਕੋਹਾਂ ਦਾ ਕੁਝ ਵਿਚਾਰਹੀ ਨਹੀਂ ਜਿਥੋਂ ਜੋ ਚੀਜ ਮਿਲੀ ਛੇਤੀ ਲਿਆਈ ਗਈ ਅਰ ਪੁਲ ਦੀ ਤਿਆਰੀ * ਦਾ ਆਰੰਭ ਹੋ ਗਿਆ ॥

(ਬਿਤਾਲੀਵਾਂ ਧਿਆਯ)

—:o:—

ਰਾਵਣ ਦਾ ਦਰਬਾਰ

ਪ੍ਰਾਤਾਕਾਲ ਦਾ ਸੁਹੌਨਾ ਵੇਲਾ ਹੈ । ਲੰਕਾ ਦੇ ਰਾਜ ਮਹਿਲਾਂ ਵਿਚ ਜਗਾਂ ਜਗਾਂ ਹਵਨ ਹੋ ਰਹੇ ਹਨ ਅਰ ਸ਼ਾਮਵੇਦ ਦੇ ਛੰਦ ਪੰਡਿਤ ਲੋਕ ਕੁਝ ਅਜਿਹੀ ਸੁਰ ਨਾਲ ਪੜਦੇ ਹਨ ਕਿ ਇਨਾਂ ਦੀ ਆਵਾਜ ਕੰਨਾਂ ਵਿਚ ਪਹੁੰਚਦੇਹੀ ਦਿਲ ਦੀਆਂ ਸਾਰੀਆਂ ਤਕਲੀਫਾਂ ਦੂਰ ਕਰ ਦੇਂਦੀਆਂ ਹਨ । ਸੁਗੰਧਿਤ ਕਰ ਰਹੀਆਂ ਹਨ । ਅਰ ਹਿਰਦਾ ਕਮਲ ਫੁਲ ਦੀ ਨਿਆਈਂ ਪ੍ਰਫੁਲਿਤ ਹੋ ਜਾਂਦਾ ਹੈ ਅਰ ਬੇ ਇਖਤਿਆਰ ਦਿਲ ਇਹੀ ਚਾਹੁੰਦਾ ਹੈ ਕਿ ਸਭ ਕੰਮ ਛਡਕੇ ਇਨਾਂ ਮਨੋ ਹਰ ਪਵਿਤ੍ਰ ਸ਼ਬਦਾਂ ਨੂੰ ਸੁਨਿਆ ਕਰੀਏ ਓਹ ਲੰਕਾ ਦਾ ਦਰਬਾਰ ਖਾਸ ਹੈ । ਜਿਥੇ ਇਸ ਵੇਲੇ ਰਾਵਨ ਰਾਜ ਸਿੰਘਾਸਨ ਤੇ ਅਰੂੜ ਹੈ / ਭਭੀਖ਼ ਅਰ ਮੇਘਨਾਥ ਭੀ ਬੜੀ ਸਜ ਧਜ ਨਾਲ ਇਸਦੇ ਖਬੇ ਪਾਸੇ ਬੈਠੇ ਹਨ ਮੰਤ੍ਰੀ ਅਰ ਹੋਰ ਸੈਨਾਪਤਿ ਅਪਨੀ ਅਪਨੀ ਜਗਾਂ ਤੇ ਨਿਅੱਤ ਹਨ । ਪਰ ਸਭ ਆਗਮੀ ਸਮਯ ਦੀ ਪ੍ਰਤਿਖਯਾ

Original with:
Language Department Punjab
Digitized by:
Panjab Digital Library

ਦੇ ਲਈ ਅਜਿਹੇ ਮੌਨ ਧਾਰੇ ਸਥਿਤ ਹਨ ਜਿਸ ਪ੍ਰਕਾਰ ਇਕ ਯੋਗੀਸ਼ੁਰ ਪ੍ਰਮਾਤਮਾ ਦੀ ਭ੍ਰਮਨ ਬੰਦਗੀ ਵਿਚ ਸਮਾਧੀ ਲਾਏ ਹੋਏ ਪ੍ਰੰਤੂ ਨਹੀਂ ਪ੍ਰਮਾਤਮਾ ਦੇਭ੍ਰਮ ਸ਼ਕਤੀ ਪ੍ਰਤਾਪ ਤੋਂ ਉਨਾਂ ਦਾ ਮੁਖ ਭਾਂ ਪ੍ਰਫੁਲਤ ਕੌਲ ਫੁਲ ਦੀ ਨਿਆਈਂ ਖਿੜਿਆ ਹੋਇਆ ਈਸ਼ੁਰ ਸ਼ਕਤੀ ਨੂੰ ਪ੍ਰਗਟ ਕਰਦਾ ਹੈ ਪ੍ਰੰਤੂ ਇਥੇ ਬੈਠਿਆਂ ਹੋਇਆਂ ਸਮੂਹ ਗਨਦੇ ਮੁੰਹਤੇ ਕੁਝ ਕੁਝ ਹਰਾਨੀ ਪ੍ਰੇਸ਼ਾਨੀ ਪ੍ਰਗਟ ਹੁੰਦੀ ਹੈ। ਆਹ ! ਰਾਵਣ ਦੇ ਮੂੰਹ ਵਲ ਭਾਂ ਦੇਖੀਏ ! ਕਿਹਾ ਪੀਲਾ ਸਿਹਾ ਪ੍ਰਤੀਤ ਹੁੰਦਾ ਹੈ ਚਿੰਤਾਤੁਰੀ ਅਰ ਉਦਾਸੀ ਨਤਾ ਉਦਤ ਹੋਰਹੀ ਹੈ। ਨਾਨਾ ਪ੍ਰਕਾਰ ਦੇ ਵਿਚਾਰ ਅਰ ਖਿਆਲ ਉਤਪੰਨ ਹੋ ਹੋਕੇ ਇਸਦੇ ਦਿਮਾਗ ਵਿਚ ਚਕਰ ਖਾ ਰਹੇ ਹਨ ਅਰ ਚਿੰਤਾ ਦੇ ਭਾਰ ਨਾਲ ਗਿਚੀ ਨੀਵੀਂ ਹੁੰਦੀ ਜਾਂਦੀ ਹੈ। ਸਮੂਹ ਗਨ ਦਰਬਾਰੀਆਂ ਵਿਚੋਂ ਕੋਈ ਭੀ ਪ੍ਰਸੰਨ ਨਹੀਂ ਦਿਸਦਾ। ਬੜੇ ਚਿਰ ਤੀਕ ਚੁਪਚਾਪ ਵਰਤੀ ਰਹੀ ਅਰ ਅੰਤ ਨੂੰ ਰਾਵਨ ਨੇ ਕਿਹਾ ॥

ਰਾਵਨ " ਹੈਂ ! ਫੇਰ ਰਾਮਚੰਦ੍ਰ ਨੇ ਐਨੀ ਫੌਜ ਕਿਥੋਂ ਅਕਤ੍ਰ ਕਰ ਲਈ ; ਉਸਦੇ ਕੋਲ ਤਾਂ ਖੇਦ ਫਿਕਰ-ਚਿੰਤਾ-ਕਲੇਸ਼-ਯਾ ਸ਼ੋਕ ਦੀ ਸੈਨਾਂ ਹੋਨੀ ਚਾਹੀਦੀ ਸੀ। ਕਿ ਇਹ ਸੂਰਮੇ ਦਲੇਰ ਜੰਗੀ ਸਿਪਾਹੀਆਂ ਦਾ ਜਥਾ ਉਸਨੂੰ ਕਿਥੋਂ ਪ੍ਰਾਪਤ ਹੋ ਗਇਆ ? ਇਹ ਸਭ ਸੁਗ੍ਰੀਵ ਦਾ ਪੁਰਸ਼ਾਰਥ ਹੈ ॥

ਮੰਤ੍ਰੀ—" ਮਾਹਰਾਜ ! ਇਸ ਵੇਲੇ ਸਮੁੰਦ੍ਰ ਦੇ ਪਾਰ ਕਈਆਂ ਕੋਹਾਂ ਵਿਚ ਸੈਨਾਂ ਹੀ ਸੈਨਾਂ ਦਿਸਦੀ ਹੈ ਜਿਥੋਂ ਤਕ ਨਿਗਾਹ ਕੰਮ ਕਰਦੀ ਹੈ ਲਖੂ ਤਿਹਾਈਆਂ ਹਥਿਆਰਾਂ ਦੀਆਂ ਜਬਾਨਾਂ ਅਰ ਨੇਜਜਾਂ ਦੀਆਂ ਨੋਕਾਂ ਚਮਕਦੀਆਂ ਹਨ ਅਰ ਸਮੁੰਦ੍ਰ ਨੂੰ ਪਾਰ ਕਰਨ ਲਈ ਬੜੇ ਜਤਨ ਨਾਲ ਅਰ ਪੁਰਸ਼ਾਰਥ ਨਾਲ ਪੁਲ ਬੰਨ ਰਹੇ ਹਨ ਨਿਸ਼ਚਯ ਹੈ ਕਿ ਓਹ ਇਕ ਦੋ ਦਿਨਾਂ ਵਿਚ ਹੀ ਇਸਦੇ ਪਾਰ ਉਤਰ ਆਉਨ ਗੇ ॥ "

ਰਾਵਨ—" ਹੈਂ ! ਇੰਨੀ ਸੈਨਾਂ ਅਰ ਹੁਨ ਸਮੁੰਦ੍ਰ ਪਾਰ

Original with:
Language Department Punjab
Digitized by:
Panjab Digital Library

ਉੱਡਣ ਲਈ ਪੁਲ ਬੰਨਿਆ ਜਾ ਰਿਹਾ ਹੈ ਇਹ ਕਿਹਾ ਅਰ ਕ੍ਰੋਧਵਾਨ ਹੋ ਮੰਤ੍ਰੀ ਵਲ ਦੇਖਨ ਲਗਾ "

ਮੰਤ੍ਰੀ–"ਮਹਾਰਾਜ ! ਜੋ ਕੁਝ ਮੈਂ ਪ੍ਰਾਰਥਨਾ ਕੀਤੀ ਹੈ ਓਹ ਸੁਨੀ ਹੋਈ ਨਹੀਂ ਪ੍ਰੰਤੂ ਅਪਨੀ ਅਖੀਂ ਦੇਖਯਾ ਹੈ ਕਿ ਸਾਰੇ ਥਾਨਰਦੀਪ ਦੇ ਬਹਾਦਰ ਲੜਨ ਨੂੰ ਤਿਆਰ ਹਨ "

ਇਨਾਂ ਸ਼ਬਦਾਂ ਨੂੰ ਸੁਨਕੇ ਰਾਵਨ ਦੇ ਸ਼ੀਰ ਵਿਚ ਕਪਕਪੀਨ ਜਿਹੀ ਹੋਨ ਲਗ ਪਈ ਅਰ ਮੰਤ੍ਰੀ ਦੇ ਮੁੰਹ ਵਲ ਦੇਖਦੇ ਦਾ ਦੇਖਦਾ ਰਹ ਗਿਆ। ਪਾਠਕ ਗਨ ! ਦੇਖੀਏ ਇਹ ਓਹ ਰਾਵਨ ਹੈ ਜੇਹੜਾ ਕਿਸੇ ਨੂੰ ਅਪਨੇ ਬਰਾਬਰ ਨਹੀਂ ਜਾਂਨਦਾ ਸੀ। ਇਸ ਵੇਲੇ ਦਸ ਕਰੋੜ * ਸੈਨਾਂ ਦੇ ਹੁੰਦਿਆਂ ਕਿਹਾ ਹੀ ਘਬਰਾ ਰਿਹਾ ਹੈ। ਤਰਾਂ ਤਰਾਂ ਦੇ ਖਿਆਲ ਉਤਪੰਨ ਹੋ ਹੋਕੇ ਇਸ ਬਹਾਦਰ ਦੇ ਦਿਲ ਵਿਚ ਕਲੇਸ਼ ਉਤਪੰਨ ਕਰ ਰਹੇ ਹਨ ਅਰ ਪ੍ਰੇਸ਼ਾਨ ਕਰ ਰਹੇ ਹਨ ਚਿਹਰੇ ਤੇ ਓਹ ਰੌਨਕ ਦਿਸਦੀ ਹੀ ਨਹੀਂ ਸਾਰੇ ਸ਼ਰੀਰਕ ਜੋੜ ਢਿਲੇ ਪੈ ਗਏ ਹਨ ਓਹੋ ਰਾਜ ਦਰਬਾਰ ਜਿਸ ਵਿਚ ਬਹਾਦਰਾਂ ਦੀ ਜੋਖਭਰੀ ਵਾਰਤਾਲਾਪ ਵਜਾਖਯਾਨ ਅਰ ਬਾਤਚੀਤ ਹੁੰਦੀ ਸੀ ਅਰ ਬੁਜਦਿਲਿਆਂ ਦਾ ਹੌਸਲਾ ਵਧਾਓਂਦੀ ਸੀ ਅਜ ਉਸੇ ਵਿਚ ਆਲਸਤਾ ਤੇ ਨਿਰਾਸਤਾ ਟਪਕ ਰਹੀ ਹੈ ਅਰ ਚਾਰੇ ਪਾਸਿਓਂ ਉਦਾਸੀ ਦਾ ਮੀਂਹ ਵਸ ਰਿਹਾ ਹੈ ਇਹ ਸਭ ਕਿੰਉ ? ਧਰਮ ਅਧਰਮ ਦਾ ਨਾ ਜਾਨਨਾ ਅਰ ਕਾਮਦੇਵ ਦੇ ਵਸ ਹੋਨਦਾ ਫਲ ! ਪਿਆਰੇ ਸਜਨੋ !! ਰਾਵਨ ਨੂੰ ਇਸ ਪ੍ਰਕਾਰ ਚਿੰਤਾਤੁਰ ਅਰ ਉਦਾਸ ਦੇਖਕੇ ਪ੍ਰਹਸਤ ਮੰਤ੍ਰੀ ਬੋਲਿਆ "

" ਮਹਾਰਾਜ ਆਪ ਕਿੰਉ ਫਿਕਰ ਕਰਦੇ ਹੋ ਅਸੀਂ ਲੋਕ ਆਪ ਤੋਂ ਜਾਨ ਤੀਕ ਕੁਰਬਾਨ ਕਰਦਿਆਂਗੇ ਅਰ ਆਪਦਾ

---

* ਦੇਖੋ ਬਾਲਮੀਕੀ ਰਾਮਾਇਣ ਲੰਕਾ ਕਾਂਡ ਪਤ੍ਰਾ ੧੯ ਸੁਰਗ ੨੪ ॥

Original with:
Language Department Punjab
Digitized by:
Panjab Digital Library

ਵਾਲ ਭੀ ਨਾ ਵਿੰਗਾ ਹੋਨ ਦਿਆਂਗੇ ਪੁੰਤੂ ਜੇਕਰ ਆਪ ਕੀ ਇਹ ਦਸ਼ਾ ਰਹੀ ਤਾਂ ਸਾਡੇ ਭੀ ਹੌਸਲੇ ਇਸੀ ਪ੍ਰਕਾਰ ਉਭਰ ਉਭਰ ਕੇ ਫੈਠ ਜਾਨ ਗੇ ਜਿਹਾ ਕੁ ਪਾਣੀ ਦਾ ਬੁਲਬੁਲਾ "

ਦੁਰਮੁਖ-" ਮਹਾਰਾਜ ! ਆਪ ਤਾਂ ਵਿਅਰਥ ਚਿੰਤਾ ਕਰਦੇ ਹੋ। ਰਾਮਚੰਦ੍ਰ ਜੀ ਦੀ ਕੀ ਸਮ੍ਰਥਾ ਹੈ ਜੋ ਸਾਡੇ ਲੋਕਾਂ ਦਾ ਸਾਮਨਾ ਕਰੇ । ਕੁਝ ਪ੍ਰਵਾਹ ਨਹੀਂ ਜੇਕਰ ਬਾਨਰ ਲੋਕ ਉਸਦੀ ਸਹਾਇਤਾ ਭੀ ਦ੍ਰਿੜ ਹਨ, ਜਰਾ ਧਿਆਨ ਤਾਂ ਕਰੋ ਇੰਦ੍ਰ ਯਮਰਾਜ ਕੁਬੇਰ-ਵਰਨ ਆਦਿਕ ਕੀ ! ਉਸਤੋਂ ਘਟ ਸਨ ? ਪਰ ਕਿਹੇ ਘਟੇ ਅਰ ਮਾਰੇ ਗਏ ਕਿ ਜਿਸ ਪ੍ਰਕਾਰ ਹਾਥੀ ਦੇ ਪੈਰਾਂ ਵਿਚ ਕੀੜੀ ਦਲੀ ਜਾਂਦੀ ਹੈ ਬਸ ਇਨਾਂ ਨੂੰ ਭੀ ਭਦ ਤਕ ਹੀ ਜਾਨੋ ਜਦ ਤਕ ਸਾਹਮਨਾ ਨਹੀਂ ਹੁੰਦਾ "

ਰਾਵਨ-" ਇਸ ਵੇਲੇ ਜੋ ਆਪ ਇਸ ਪ੍ਰਕਾਰ ਗਲ; ਬਨਾ ਰਹੇ ਹੋ ਉਸ ਵੇਲੇ ਕਿਥੇ ਸੌ ? ਜਦ ਹਨੂਮਾਨ ਭਰੀ ਸਭ, ਵਿਚੋਂ ਮੇਰੀ ਇਜਤ ਨੂੰ ਮਿਟੀ ਵਿਚ ਰੋਲ ਗਇਆ ਅਕੱਲ, ਮੇਘਨਾਥ ਇਸਦੇ ਲੜਨ ਨੂੰ ਨਿਕਲਿਆ। ਅਰ ਤੁਹਾਡੇ ਲੋਕਾਂ ਦੀ ਸ਼ਕਲ ਤਕ ਨਾ ਦਿਸੀ "

ਪ੍ਰਹਸਤ-" ਮਹਾਰਾਜ ! ਸਾਨੂੰ ਤਾਂ ਖਬਰ ਹੀ ਪਿਛੋਂ ਹੋਈ ਸੀ ਮੈਂ * ਤਾਂ ਉਸ ਵੇਲੇ ਆਨੰਦ ਵਿਚ ਮਗਨ ਹੋਇਆ ਅਪਨੇ ਘਰ ਬੈਠਾ ਹੋਯਾ ਸਾਂ ਇਸਦੇ ਬਿਨਾਂ ਕਿ ਓਹ ਥੇ ਖਬਰ ਆਇਆ ਹੋਵੇ ਅਰ ਧੋਕਾ ਦੇਕੇ ਚਲਿਆ ਗਿਆ ਹੋਵੇ ਕੁਝ ਮਲੂਮ ਨਹੀਂ ਹੋਇਆ "

ਦੁਰਮੁਖ-(ਝਿਉੜੀਕੇ)" ਮਹਾਰਾਜ ਅਜਿਹਾ ਕਦੀ ਨਹੀਂ ਹੋ ਸਕਦਾ ਕਿ ਬਾਨਰ ਲੋਕ ਸਾਡਾ ਸਾਹਮਨਾ ਕਰਨ। ਕੀ ਹੋਇਆ ਜੋ ਇਕ ਆਦਮੀ ਚੋਰਾਂ ਦੀ ਨਿਆਈਂ ਆਇਆ ਅਰ ਧੋਕਾ ਦੇ ਕੇ ਚਲਿਆ ਗਇਆ "

---

* ਲੰਕਾ ਕਾਂਡ ਸੁਰਗ ਖ ਪੜ੍ਹਾ ੮ ।

Original with:
Language Department Punjab
Digitized by:
Panjab Digital Library

ਰਾਵਨ–" ਮੰਨਿਆਂ ਕਿ ਆਪਲੋਗ ਉਸ ਵੇਲੇ ਹਾਜਰ ਨਾ ਸੌ ਪਰ ਜੋ ਇਥੇ ਸਨ ਉਨਾਂ ਨੇ ਕੀ ਕਰ ਲਿਇਆ ਜੋ ਤੁਸਾਂ ਨੇ ਨਾ ਕੀਤਾ। ਕੀ ਇਹ ਬਰਮ ਦੀ ਗਲ ਨਹੀਂ ਕਿ ਓਹ ਅਕੱਲਾ ਅਰ ਅਸੀਂ ਐਨੇ "

ਇੰਨੇ ਵਿਚ ਕੁੰਭ ਕਰਨ ਆਗਿਆ ਅਰ ਓਹ ਰਾਵਣ ਦੀ ਬਾਤ ਚੀਤ ਸੁਨਕੇ ਬੋਲਿਆ :–

ਰਾਜਨ ! " ਹੁਨ ਇਸ ਤਰਾਂ ਦੀਆਂ ਗਲਾਂ ਬਾਤਾਂ ਕਰਕੇ ਕਿੰਉ' ਚਿੰਤਾਤੁਰ ਹੋ ਰਹੇ ਹੋ ? ਆਪ ਭਲੀ ਪ੍ਰਕਾਰ ਜਾਨਦੇ ਹੋ ਕਿ ਸਚ ਅਗੇ ਝੂਠ ਦੀ ਕੋਈ ਥਾਓਂ ਨਹੀਂ ਫੇਰ ਇਹ ਕਦ ਹੋ ਸਕਦਾ ਹੈ ਕਿ ਇਹ ਲੋਗ ਉਸ ਬਹਾਦਰ ਪਰ ਜਿਸਦਾ ਆਤਮਾ ਸਬਜ ਨਾਲ ਪ੍ਰਕਾਸ਼ਤ ਸੀ ਕਿੰਉਂ ਕਰ ਉਸਦੇ ਸਾਹਮਨਾ ਕਰਨ ਦੀ ਸਮ੍ਰਥਾ ਕਰ ਸਕਦੇ ? ਰਾਜਨ ! ਝੂਠਦੇ ਖਲਵਾੜੇ ਨੂੰ ਨਾਸ਼ ਕਰਨ ਲਈ ਸਚਿਆਈ ਦੀ ਇਕੋ ਚਿੰਗਾੜੀ ਬਹੁਤ ਹੈ । ਹਾਇ ਸ਼ੋਕ ! ਆਪ ਜਿਹੇ ਬੁਧੀਮਾਨ ਵਿਦ੍ਵਾਨ ਇੰਦ੍ਰੀਆਂ ਦੇ ਵਸ ਹੋ ਜਾਨ ਉਫ ! ਇਹ ਲਛਨ ਦੇਸ਼ ਦੇ ਨਾਸ਼ ਅਰ ਰਾਜ ਦੇ ਨਸ਼ਟ ਕਰਨ ਦੇ ਨਸਤਰ ਆਓ'ਦੇ ਹਨ। ਬੜੇ ਹੀ ਉਤਮ ਭਾਗ ਹੋਨ ਜੋ ਆਪ ਰਾਮਚੰਦ੍ ਨੂੰ ਜਿਤ ਸਕੋ (ਰਾਵਨ ਨੂੰ ਅੰਤ ਦੇਖਕੇ) ਪ੍ਰੰਤੂ ਕੁਝ ਪ੍ਰਵਾਹ ਨਹੀਂ ਇਕ ਵਾਰੀ ਭਾਂ ਰਾਮਚੰਦ੍ ਕੀ ਸਾਰੇ ਬਾਨਰ ਬੰਸੀਆਂ ਨੂੰ ਓਹ ਹਥ ਦਿਖਾਵਾਂ ਗਾ ਕਿ ਫਰ ਇਸ ਪਾਸੇ ਦਾ ਕਦੀ ਨਾਂਓ ਨਾਂ ਲੈਨ ਗੇ ਅਰ ਜਦ ਤਕ ਮੇਰੇ ਦਮ ਵਿਚ ਦਮ ਹੈ ਆਪਦਾ ਵਾਲ ਤਕ ਨਾਂ ਵਿੰਗਾ ਹੋਨ ਦਿਆਂ ਗਾ "

ਭਭੀਖਨ–ਜੋ ਇਨਾਂ ਸਭਨਾਂ ਦੀਆਂ ਗਲਾਂ ਸੁਨ ਰਿਹ ਸੀ ਬੇ ਅਖ਼ਤਿਆਰ ਗੁਸੇ ਵਿਚ ਆਕੇ ਬੋਲ ਉਠਿਆ ਮਹਾਰਾਜ ਮੈਂ ਸਚ ਕਹਿਨਾਂ ਹਾਂ ਕਿ ਇਹ ਮੰਤ੍ਰੀ ਆਦਿਕ ਜਿੰਨੇ ਹਨ ਸਭ ਝੂਠੇ ਅਰ ਖੁਸ਼ਾਮਦੀ ਹਨ ਇੰਨਾਂ ਵਿਚ ਕਿਸੇ ਦਾ ਹੌਸਲਾ ਨਹੀਂ ਜੋ ਰਾਮਚੰਦ੍ ਜੀ ਦਾ ਸਾਮਨਾ ਕਰ ਸਕਨ ਇਹ ਆਪਦੇ ਮਿਤ੍

Original with:
Language Department Punjab
Digitized by:
Panjab Digital Library

ਨਹੀਂ ਪ੍ਰੰਤੂ ਦੁਸ਼ਮਨ ਹਨ ਆਪ ਦੇਖ ਚੁਕੇ ਹੋ ਕਿ ਅਕਲੇ ਰਾਮ-ਚੰਦ੍ਰ ਨੇ ਚੌਦਾ ਹਜ਼ਾਰ ਰਾਕਸ਼ਸਾ ਦਾ ਨਾਮ ਨਿਸ਼ਾਨ ਮੇਟ ਦਿਤਾ ਅਰ ਹੁਨ ਤਾਂ ਸਾਰੇ ਬਾਨਰਦੀਪ ਵਾਲੇ ਉਨਾਂਦੇ ਨਾਲ ਮਦਤਗੀਰ ਜਾਨ ਕੁਰਬਾਨ ਕਰਨ ਤੇ ਤਿਆਰ ਹਨ । ਇਨਾਂ ਗਲਾਂ ਨੂੰ ਛਡਕੇ ਕੇਵਲ ਹਨੁਮਾਨ ਦੀ ਬਹਾਦੁਰੀ ਤੇ ਤਾਂ ਧਿਆਨ ਕਰੋ ਕਿ ਓਹ ਕਿਸ ਪ੍ਰਕਾਰ ਬਲ ਦਿਖਾਕੇ ਸਾਫ ਨਿਕਲ ਗਿਆ ਮੇਘਨਾਥ ਅਦਿਕ ਉਸਦਾ ਕੁਝ ਭੀ ਨ ਕਰ ਸਕੇ ਅਰ ਹੁਨ ਕਿਸ ਪ੍ਰਕਾਰ ਕਹ ਸਕਦੇ ਹਨ ਕਿ ਅਸੀਂ ਰਾਮਚੰਦ੍ਰ ਆਦਿਕ ਨੂੰ ਜਿਤਾਂਗੇ ਇਹ ਬਿਲਕੁਲ ਝੂਠ ਅਰ ਅਸੰਭਵ ਹੈ ਮੇਰੀ ਬੁਧੀ ਅਨੁਸਾਰ ਇਹੋ ਅਛਾ ਹੈ ਕਿ ਆਪ ਸੀਤਾ ਜੀ ਨੂੰ ਭੇਜ ਦੇਓ ਅਰ ਆਪਨੀ ਇਜਤ ਦੀ ਰਖਜਾ ਕਰੋ—

ਮੇਘਨਾਥ (ਕ੍ਰੋਧਵਾਨ ਹੋਕੇ) ਚਾਚਾ ਸ਼ੋਕ ! ਤੁਸੀ ਵਡੇ ਹੋਕੇ ਅਜਿਹੀਆਂ ਦਿਲ ਛਡੀਆਂ ਗਲਾਂ ਕਰਦੇਹੋ ਕਿ ਦੁਸ਼ਮਨਾਂ ਦੇ ਭੀ ਹੌਸਲੇ ਢਾਂਹਦੇ ਹੋ ਅਜਿਹਾ ਡਰਪੋਕ ਹੋਨਾਂ ਅਛਾ ਨਹੀਂ ਜੇਕਰ ਪਿਤਾ ਜੀ ਤੋਂ ਕੋਈ ਓਹੋ ਜਿਹੀ ਗਲ ਹੋਭੀ ਗ ਈ ਹੈ ਤਾਂ ਕੋਈ ਪ੍ਰਵਾਹ ਨਹੀਂ ਪਰ ਸਾਨੂੰ ਭੀ ਹੁਨ ਡਰਕੇ ਸੀਤਾ ਨੂੰ ਭੇਜਨ ਦੀ ਸਲਾਹ ਦੇਨੀ ਅਛੀ ਨਹੀ ਹੈ ਕਿਉਂ ਕਿ ਮਰਦ ਦੀ ਇਕ ਗਲ ਹੁੰਦੀ ਹੈ ਕਿਸਦੀ ਤਾਕਤ ਹੈ ਜੋ ਮੇਰੇ ਸਾਮਨੇ ਖਲੋਵੇ ਇੰਦ੍ਰ-ਯਮਰਾਜ ਆਦਿਕ ਤਾਂ ਮੇਰਾਮੁੰਹ ਦੇਖਕੇ ਹੀ ਭਯਵਾਨ ਹੁੰਦੇ ਹਨ ਰਾਮਚੰਦ੍ਰ ਆਦਿਕ ਕੀ ਚੀਜ ਹਨ ?''

ਭਭੀਖਨ-''ਮੇਘਨਾਥ ! ਇਸ ਗਲ ਵਿਚ ਰਤੀ ਸੰਦੇਹ ਨਹੀ ਕਿ ਤੂੰ ਬੜਾ ਸੂਰਮਾ ਦਲੇਰ ਹੈਂ ਪਰ ਦੇਖੋ ਧਰਮ ਸ਼ਾਸ਼ਤ੍ਰਾਂ ਦਾ ਭੀ ਹੁਕਮ ਹੈ ਕਿ ਜੇਕਰ ਪਿਤਾ ਕੋਈ ਅਜਿਹਾ ਕੰਮ ਕਰੇ ਜੋ ਧਰਮ ਦੇ ਵਿਰੁਧ ਅਰ ਇਸਦੀ ਇਜਤ ਦੇ ਅਯੋਗ ਹੋਵੇ ਅਰ ਜੋ ਵੰਸ ਦੇ ਨਾਸ਼ ਦਾ ਕਾਰਕ ਹੋਵੇ । ਤਾਂ ਇਸ ਦਿਸਾ ਵਿਚ ਸੰਤਾਨ ਨੂੰ ਚਾਹੀਏ ਕਿ ਮਾੜਾ ਪਿਤਾ ਨੂੰ ਸਮਝਾ ਕੇ ਸਿਧੇ ਰਸਤੇ ਪਾਨ ਜੇ ਕਰ ਓਹ ਨ ਮੰਨਨ ਤਾਂ ਉਨਾਂ ਤੋਂ ਵਖਰਾ ਹੀ ਹੋ ਜਾਵੇ ਇਸ ਲਈ ਹੇ ਮੇਘਨਾਥ

Original with:
Language Department Punjab
Digitized by:
Panjab Digital Library

ਤੇਰਾ ਧਰਮ ਹੈ ਕਿ ਮਹਾਰਾਜ ਨੂੰ ਸਮਝਾ ਕੇ ਇਸ ਨੂੰ ਇਸਾਵਅਰਥ ਵਿਚਾਰ ਤੋਂ ਮੋੜੇਂ ਨਹੀਂ ਤਾਂ ਯਾਦ ਰਹੇ ਕਿ ਵਿਦ੍ਵਾਨਾਂ ਦੇ ਨਜੀਕ ਤੂੰ ਅਕਲ ਵਾਲਾ ਨਹੀਂ ਗਿਨਿਆਂ ਜਾਏਗਾਂ (ਰਾਵਨ ਵਲ ਮੈਨਤ ਕਰਕੇ) ਮੈਂ ਸਚ ਕਹਿਨਾਂ ਹਾਂ ਕਿ ਸੀਤਾ ਜੀ ਨੂੰ ਭੇਜਕੇ ਆਪ ਨਿੰਚਿੰਤ ਹੋਕੇ ਰਾਜ ਕਰੀਏ"

ਭਭੀਖਨ-ਦੀਆਂ ਗਲਾਂ ਸੁਨਕੇ ਰਾਵਨ ਦਾ ਚਿਹਰਾ ਮਾਰੇ ਕ੍ਰੋਧ ਦੇ ਲਾਲੋ ਲਾਲ ਹੋ ਗਿਆ ਅਰ ਅਤਿ ਭਯਵਾਨ ਕ੍ਰੋਧ ਵਿਚ ਰਤਾ ਬੋਲਿਆਃ-

ਭਭੀਖਨ ! "ਮੈਂਨੂੰ ਬੜਾ ਅਮਸੋਸ ਹੈ ਕਿ ਕਛ ਵਿਚ ਸਰਪ ਅਤਥਾਤ ਗ੍ਰਹ ਸ਼ਤ੍ਰੂ ਜੋ ਸੁਨਦੇ ਸਾਂ ਤੂੰਹੇ ਹੀ ਨਿਕਲੇਓਂ ਮੈਂਨੂੰ ਚੰਗੀ ਤਰਾਂ ਮਲੂਮ ਹੋ ਗਿਆ ਹੈ ਕਿ ਤੂੰ ਅੰਦ੍ਰੋ ਅੰਦ੍ਰੋ ਰਾਮਚੰਦ੍ਰ ਨਾਲ ਪ੍ਰੀਤੀ ਰਖਨਾ ਹੈ ਅਰ ਮੇਰਾ ਜਾਨ ਮਾਰੂ ਹੈ ਭਲਾ ਹੁਨ ਮੇਘਨਾਥ ਨੂੰ ਕਿੰਉਂ ਥਕਾਰਿਹਾ ਹੈ ? ਸ਼ੋਕ ! ਤੂੰ ਹੈਂ ਮੇਰਾ ਭਰਾ ਨਹੀਂ ਭਾਂ ਹੁਨੇ ਇਨਾਂ ਗਲਾਂ ਦਾ ਫਲ ਪਾ ਲੈਂਦੇ ਹੁਨ ਸੁਖ ਇਸੇ ਵਿਚ ਹੈ ਕਿ ਮੇਰੀਆਂ ਅਖਾਂ ਤੋਂ ਦੂਰ ਹੋ ਜਾਓ। ਤੁਹਾਡਾ ਇਥੇ ਰਹਿਨਾਂ ਮੇਰੇ ਲਈ ਉਸ ਬਨਾਓਟੀ ਹਾਥੀ ਦੀ ਨਿਆਈਂ ਹੈ ਜਿਸ ਨੂੰ ਜੰਗਲੀ ਹਾਥੀ ਅਪਨੇ ਆਕ੍ਰਮਨ ਅਸਲ ਜਾਂਨਕੇ ਫੰਦਕ ਦੇ ਫੰਦੇ ਵਿਚ ਆ ਜਾਂਦੇ ਹਨ"

ਭਭੀਖਨ--ਮਹਾਰਾਜ ! ਜੇਕਰ ਆਪ ਦਾ ਅਸਿਹਾ ਹ ਖਿਆਲ ਹੈ ਤਾਂ ਲਓ ਮੇਰੀ ਭੀ ਨਮਸਕਾਰ ਹੈ ਕਿਹਾ ਅਰ ਅਪਨੇ ਮੰਤ੍ਰੀਆਂ ਨੂੰ ਨਾਲ ਲੈ ਬਿਵਾਨ ਵਿਚ ਬੈਠ ਰਾਮਚੰਦ੍ਰ ਜੀ ਦੇ ਕੋਲ ਚਲਾ ਗਿਆ ॥

ਜਦ ਭਭੀਖਨ ਚਲਾ ਗਇਆ ਤਾਂ ਰਾਵਨ ਨੇ ਸੁਕ ਅਰ ਸਾਰਨ ਮੰਤ੍ਰੀਆਂ ਨੂੰ ਹਾਲ ਮਲੂਮ ਕਰਨ ਲਈ ਮਹਾਰਾਜਾ ਰਾਮ ਚੰਦ੍ਰ ਜੀ ਦੀ ਸੈਨਾਂ ਵਿਚ ਭੇਜਿਆ ਅਰ ਮੇਘਨਾਥ ਆਦਿਕ ਨੂੰ ਯੁਧ ਦੀ ਸਾਮਗ੍ਰੀ ਇਕਤ੍ਰ ਕਰਨ ਦੀ ਅਗਿਆ ਦਿਤੀ ॥

Original with:
Language Department Punjab
Digitized by:
Panjab Digital Library

ਤ੍ਰਿਤਾਲੀਵਾਂ ਧਿਆਯਾ ॥

—:o:—

ਸਲਾਹ

ਅਸੀਂ ਅਪਨੇ ਪਾਠਕਗਨਾਂ ਨੂੰ ਜਿਸ ਥਾਉਂ ਦੀ ਸੈਲ ਕਰਾਨਾ ਚਾਹੁੰਨੇ ਹਾਂ ਓਹ (ਸਮੈਲਗਿਰ) ਪਰਬਤ ਹੈ ਸ਼ਹਿਰ ਲੰਕਾ ਦੇ ਦਖਨ ਵਿਚ ਥੋੜੀਹੀ ਵਾਟ ਤੇ ਸਿਥਤ ਹੈ। ਯਦਯ ਇਹ ਪ੍ਰਥਤ ਉਚਆਈ ਵਿਚ ਕੋਈ ਅਸਿਹਾ ਉਚਾ ਨਹੀ ਜਿਸ ਪਰਕਾਰ ਕਿ ਹੋਰ ਪਹਾੜ ਹਨ ਪ੍ਰੰਤੂ ਲੰਮਾਈ ਚੌੜਾਈ ਵਿਚ ਸਭਨਾਂ ਪਹਾੜਾਂ ਤੋਂ ਵਧਕੇ ਇਸਤ ਰਖਦਾ ਹੈ। ਇਸ ਉਤੇ ਖੜੇਨੇ ਤੇ ਜੋ ਦ੍ਰਿਸ਼ਜ ਪ੍ਰਕ੍ਰਿਤਕ ਦਿਖਾਈ ਦਦਾ ਹੈ ਓਹ ਅਤਿ ਹੀ ਮਨੋਹਰ ਅਰ ਸੁੰਦ੍ਰ ਹੈ। ਇਕ ਪਾਸੇ ਛਾਂ ਸਮੁੰਦ੍ਰ ਦਾ ਜਲ ਬੜੇ ਜੋਰ ਨਾਲ ਅਪਨੀਆਂ ਅਨੂਠੀਆਂ ਲਹਿਰਾਂ ਮਾਰਦਾ ਹੋਇਆ ਦਿਸ ਰਿਹਾ ਹੈ ਜਿਸ ਉਤੇ ਸੂਰਜ ਭਗਵਾਨ ਦੀਆਂ ਤੀਖਨ ਕਿਰਨਾਂ ਪੈਕੇ ਹੋਰ ਭੀ ਅਦਭੁਤ ਦ੍ਰਿਸ਼ ਦਿਖਾ ਰਹੀਆਂ ਹਨ ਦੂਸਰੇ ਪਾਸੇ ਸ਼ਹਿਰ ਲੰਕਾ ਦੀ ਸੁੰਦ੍ਰਤਾ ਕਸੀ ਅਦਭੁਤ ਦਿਸ ਰਹੀ ਹੈ ਅਰ ਸਜੇ ਖਬੇ ਉਚੇ ਉਚੇ ਹਰੇ ਭਰੇ ਬ੍ਰਿਛਨ ਪਵਨ ਦੀ ਲਹਰ ਵਿਚ ਮਸਤ ਹੋਏ ਹੋਏ ਝੂਲਦੇ ਹੋਏ ਕਿਆ ਹੀ ਸ਼ੋਭਾ ਦਿਖਾ ਰਹੇ ਹਨ ਅਰ ਇਨਾਂ ਦੇ ਵਿਚਯਾਰ ਥਾਂ ਥਾਂ ਤੰਬੂ ਲਗੇ ਹੋਏ ਹਨ। ਰੰਗ ਬਰੰਗੀ ਫਰੇਰੇ ਉਡ੍ਰ ਕੇ ਹੋਰ ਭੀ ਸ਼ੋਭਾ ਪ੍ਰਗਟ ਕਰ ਰਹੇ ਹਨ ਇਨਾਂ ਸਭਨਾਂ ਤੰਬੂਆਂ ਦੇ ਵਿਚ ਓਹ ਤੰਬੂ ਜੋ ਅਪਨੇ ਸਮਸਤ ਤੰਬੂਆਂ ਦੇ ਕਾਰਨ ਕਿਆ ਹੀ ਵਡਾ ਅਰ ਸੁੰਦ੍ਰ ਦਿਖਾਈ ਦੇ ਦਾ ਹੈ ਅਰ ਜਿਸਦੇ ਆਲੇ ਦੁਆਲੇ ਸੂਰਮੇ ਜੁਆਨ ਨੰਗੀਆਂ ਭਲਵਾਰਾਂ ਹਥਾਂ ਵਿਚ ਲਈ ਹੋਏ ਫਿਰ ਰਹੇ ਹਨ। ਅਰ ਓਹ ਜੋ ਸਭਤੋਂ ਉਚਾ ਫਰੇਰਾ ਹਵਾਂ ਵਿਚ ਉਡਦਾ ਹੋਇਆ ਸ਼ਤ੍ਰੂ ਦੇ ਹੌਸਲੇ ਨੂੰ ਢਾਹ ਰਿਹਾ ਹੈ ਮਹਾਰਾਜਾ ਰਾਮਚੰਦ੍ ਦਾ ਹੈ ਜਿਸ ਵਿੱਚ ਥਾਨਰ ਦੀਪ ਦੇ ਰਾਜ ਅਰ ਸ੍ਰਦਾਰ ਬਠੇ ਅੰਗਦ ਦੇ*ਅਕ੍ਰਿਤ ਮੁੜ ਆਓਨੇ ਅਰ ਰਾਵਨ ਦਾ ਅਦੂਰ ਦਰਸ਼ਤਾ ਪਰ ਸ਼ੋਕ ਕਰ ਰਹ ਹਨ ॥

* ਮਹਾਰਾਜਾ ਰਾਮਚੰਦ੍ ਨੇ ਅੰਗਦ ਨੂੰ ਭੇਜਕੇ ਇਕ ਵਾਰੀ

Original with:
Language Department Punjab
Digitized by:
Panjab Digital Library

ਸੁਗ੍ਰੀਵ–" ਮਹਾਰਾਜ ! ਆਪ ਭਾਂ ਐਵੇਂ ਅਮਸੌਸ ਕਰ ਰਹੇ ਹੋ। ਓਹ ਅਕਲ ਦਾ ਅੰਨਾਂ ਵੈਸ ਦਾ ਦੁਸ਼ਮਨ ਜਦ ਤਕ ਰਣਭੂਮੀ ਦਾ ਸੁਆਦ ਨਾ ਦੇਖ ਲਏ ਗਾ ਮੁੜੇਗਾ ਨਹੀਂ "

† ਸੁਖੈਨ–" ਨਿਸੰਦੇਹ ! ਸੁਗ੍ਰੀਵ ਸਚ ਕਹਿੰਦਾ ਹੈ । ਹੁਨ ਚਿੰਤਾਓਨਾ ਅਛਾ ਨਹੀਂ ਜਿਥੋਂ ਤਕ ਹੋਵੇ ਛੇਤੀ ਕਰੋ ਲੰਕਾ ਨੂੰ ਘੇਰਾ ਪਾ ਲਈਏ ਭਾਂ ਚੰਗਾ ਹੈ " ॥

ਭਭੀਖਨ–" ਆਹਾ ! ਤੁਸੀਂ ਲੋਕ ਕਿਸ ਖਿਆਲ ਵਿਚ ਹੋ ਕੀ ਸੋਚ ਰਹੇ ਹੋ । ਰਾਵਨ ਭਾਂ ਅਪਨਾ ਸਭ ਪ੍ਰਬੰਧ ਕਰਕੇ ਲੜਾਈ ਕਰਨ ਲਈ ਤਿਆਰ ਬੈਠਾ ਹੈ ॥

ਸੁਗ੍ਰੀਵ–ਕਿੰਉ ! ਕੁਝ ਖਵਰ ਮਿਲੀ ?

ਭਭੀਖਨ ਹਾਂ ! ਹਾਂ !! ਅਜੇ ਹੁਨੇ ਮੇਰੇ ਮੰਤ੍ਰੀਆਂ ਨੇ ਆਕੇ ਖਵਰ ਦਿਤੀ ਹੈ ਕਿ ਅੰਗਦ ਦੇ ਆਓਨ ਤੋਂ ਪਿਛੋ ਵਤ੍ਵਨ ਨੇ ਪੂਰਬੀ ਦਰਵਾਜੇ ਤੇ ਪ੍ਰਹਸਤ ਮੰਤ੍ਰੀ ਉਤ੍ਰੀ ਤੇ ਮਹੋਦਰ ਪਛਮੀ ਤੇ

ਹੋਰ ਰਾਵਣ ਨੂੰ ਸਮਝਾਨ ਦਾ ਜਤਨ ਕੀਤਾ । ਪੂੰਤੂ ਬੇ ਨਸੀਬ ਅਭਾਗੀ ਰਾਵਨ ਅਪਨੇ ਹਟ ਤੋਂ ਨਾ ਫਿਰਿਆ । ਕਈਆਂ ਰ ਮਾਇਣਾਂ ਦੇ ਕਵੀਸ਼ਰਾਂ ਨੇ ਲਿਖਿਆ ਹੈ ਕਿ ਅੰਗਦ ਨੇ ਰਾਵਨ ਦੇ ਦਰਬਾਰ ਵਿਚ ਜਾਕੇ ਪੈਰ ਇਸ ਸ਼ਰਤ ਤੇ ਜਮਾਇਆ ਸੀ ਕਿ ਜੇ ਕਰ ਰਾਵਨ ਯਾ ਇਸਦਾ ਕੋਈ ਭੀ ਸੂਰਮਾ ਜੁਆਨ ਇਸਦੇ ਪੈਰ ਨੂੰ ਧਰਤੀ ਤੋਂ ਉਤੇ ਚੁਕ ਲੈਗਾ ਭਾ ਓਹ ਬਿ.ਂ ਕਿਸੇ ਹੀਲੇ ਹੁਜਤ ਦੇ ਮਹਾਰਾਜ ਰਾਮਚੰਦ੍ ਨੂੰ ਯੁਧ ਕਰਨੇ ਤੋਂ ਮਨਾ ਅਰ ਸੀਤਾ ਨੂੰ ਇਸੇ ਦਿਸ਼ਾ ਵਿਚ ਛਡਨ ਤੇ ਤਿਆਰ ਕਰੇ ਗਾ ਪੂੰਤੂ ਬਾਲਮੀਕੀ ਰਾਮਾਇਣ ਤੋਂ ਇਹ ਕਦਾਚਿਤ ਨਹੀਂ ਪ੍ਰਗਟ ਹੁੰਦਾ ਅਰ ਨਾ ਹੀ ਕਿਸੇ ਧਰਮੀ ਦੇ ਕਵੀਸ਼ਰ ਨੇ ਇਸ ਨੂੰ ਪ੍ਰਸਿਧ ਕੀਤਾ ਹੈ (ਦੇਖੋ ਬਾਲਮੀਕੀ ਰਾਮਾਇਣ ਲੰਕਾ ਕਾਂਡ ਸੁਰਗ ੪੧ ਪਤ੍ਰਾ ੪੪)

† ਇਹ ਰਾਜਾ ਧਰਮਰਾਜ ਦਾ ਪੁਤ੍ਰ ਸੀ ॥

Original with:
Language Department Punjab
Digitized by:
Panjab Digital Library

ਮੇਘਨਾਥ ਅਰ ਦਖਨੀ ਤੇ ਸਕਸਾਰਨ ਨੂੰ ਅਨਗਿਨਤ ਸੈਨਾਂ ਦੇਕੇ ਨਿਅਤ. ਕੀਤਾ ਹੈ ॥

ਸੁਗ੍ਰੀਵ ਹਰਾਨੀ ਨਾਲ ਰਾਮਚੰਦ੍ ਜੀ ਦੀ ਵਲ ਦੇਖਨ ਲਗਾ ਤਦ ਰਾਮਚੰਦ੍ ਜੀ ਨੇ ਕਿਹਾ—

ਰਾਮਚੰਦ੍—(ਕੁਝ ਚਿਰ ਸੋਚਨ ਦੇ ਅਨੰਤ੍) ਹਛਾ ਪ੍ਰਹਸਤ ਦੇ ਸਾਹਮਨੇ ਲਈ ਭਭੀਖਨ-ਅਰ ਕਮੋਦ-ਮਹੋਦਰ ਨਾਲ ਸਤਬਲੀ ਅਰ ਅੰਗਦ ਮੇਘਨਾਥ ਨਾਲ-ਤੁਸੀ (ਸੁਗ੍ਰੀਵ) ਅਰ ਗਜ ਸਕਸਾਰਨ ਦੇ ਸਾਹਮਨੇ ਲਈ ਆਸੀ ਅਰ ਹਨੂਮਾਨ ਰਹਾਂਗੇ। ਸੇਬਬਰਨ-ਹੇਮ ਕੋਟ ਪਲੋ ਪਗਮ ਹਾਸਾ ਸੁਰਜ ਦੇ ਪੁਤ੍ ਅਰ ਸੁਮਖ ਅਰ ਦ੍ਮੁਖ ਬ੍ਰਹਮਾ ਦੇ ਪੁਤ੍ ਛਾਵਨੀ ਅਰਥਾਤ ਏਥੋਂ ਦੀ ਰਖਯਾ ਕਰਨ ਗੇ । ਗ੍ਰਾਛ ਗੋਈ ਨਲ-ਨੀਲ ਅਰ ਜਾਮਵੰਤ ਇਹ ਪੰਜੇ ਸਾਡੇ ਲੋਕਾਂ ਦੀ ਸਹਾਇਤਾ ਲਈ ਰਹਨ ਗੇ ਅਰਯੁਧ ਸਮਯ ਵਿਚ ਜਿਸਨੂੰ ਨਿਰਬਲ ਦੇਖਨ ਸਹਾਇਤਾ ਨੂੰ ਪਹੁੰਚ ਜਾਵਨ ॥

ਲਛਮਨ—(ਹਥ ਜੋੜਕੇ) " ਮਹਾਰਾਜ ! ਮੈਂ ਆਪ ਨੂੰ ਅਕਲਿਆਂ ਨਹੀਂ ਜਾਨ ਦਿਆਂ ਗਾ ਅਰ ਆਪਦੇ ਚਰਨਾਂ ਦੇ ਨਾਲ ਹੀ ਰਹਾਂਗਾ ,,

ਰਾਮਚੰਦ੍—(ਕੁਝ ਚਿਰ ਸੋਚਨ ਦੇ ਅਨੰਤ੍) ਅਛਾ ! ਤੁਸੀ ਭੀ ਉਤ੍ਰੀ ਦ੍ਵਾਰ ਤੇ ਸਾਡੇ ਨਾਲ ਰਹਿਨਾ ॥

(ਚੁਤਾਲੀਵਾਂ ਧਿਆਯਾ)

—:o:—

ਕਿਲਾ ਲੰਕਾ ਦਾ ਘੇਰਾ

ਪ੍ਰਾਤਾ ਕਾਲ ਦਾ ਵੇਲਾ ਹੈ ਸਮੈਲ ਗਿਰ ਪਰ੍ਬਤ ਦੇ ਇਰਦੇ ਗਿਰਦੇ ਦਾ ਮੈਦਾਨ ਜਿਥੇ ਰਾਤ੍ਰੀ ਭਰਦਾ ਘੁਪ ਘੋਰ ਹਨੇਰਾ ਯ

Original with:
Language Department Punjab
Digitized by:
Panjab Digital Library

ਚੁਪ ਚਾਪ ਅਪਨਾ ਭਯਾਨਕ ਦ੍ਰਿਸ਼ਜ ਦਿਖਾਂ ਰਿਹੀ ਸੀ ਇਸ ਵੇਲ ਬਾਨਰ ਦੀਪ ਦੇ ਬਹਾਦਰਾਂ ਅਰ ਸੂਰਮਿਆਂ ਨਾਲ ਭਰਿਆ ਹੋਇਆ ਹੈ। ਜੰਗੀ ਜੁਆਨ ਦਲੇਰ ਨਾਨਾ ਪ੍ਰਕਾਰ ਦੀਆਂ ਵਰਦੀਆਂ ਪਾਏ ਹੋਏ ਖੜੋਤੇ ਹਨ। ਇਨਾਂ ਦੇ ਤੇਸ ਚਾਲ ਘੋੜੇ ਸਿਨਾਂ ਦੀ ਰਗ ਰਗ ਵਿਚ ਤੇਜੀ ਭਰਪੂਰ ਹੋਈ ਹੋਈ ਉਨਾਂ ਨੂੰ ਚੁਪ ਚਾਪ ਖੜੋਨ ਦੀ ਆਗਜਾ ਨਹੀਂ ਦੇਂਦੀ ਸਿਰਾਂ ਨੂੰ ਹਿਲਾ ਹਿਲਾ ਅਰ ਪੈਰਾਂ ਨੂੰ ਚੁਕ ਚੁਕ ਕੇ ਧਰਤੀ ਤੇ ਮਾਰ ਕਨੌਤੀਆਂ ਬਦਲ ਰਹੇ ਹਨ ਜਿਨਾਂ ਉਤੇ ਸਵਾਰ ਬਰਕਸ਼ਾਂ ਨੂੰ ਭੀੜਾਂ ਨਾਲ ਭਰੇ ਹੋਏ ਅਰ ਜਾਨ ਮਾਰਨੇਜਿਆਂ ਨੂੰ ਹਥ ਵਿਚ ਲਈ ਬੈਠੇ ਹਨ। ਅਰ ਵਾਗਾਂ ਇਸ ਜੋਰ ਨਾਲ ਖਿਚੇ ਹੋਏ ਹਨ ਕਿ ਇਨਾਂ ਵਿਚਾਰਿਆਂ ਦੀਆਂ ਗਰਦਨਾਂ ਭੀ ਦੂਰੀਆਂ ਹੁੰਦੀ ਆਂਜਾਦੀਆਂ ਹਨ। ਪ੍ਰੰਤੂ ਅਸਵਾਰ ਇਨਾਂ ਗਲਾਂ ਦੀ ਜਰਾਂ ਭੀ ਪਰ ਵਾਹ ਨਾ ਕਰਕੇ ਕਿਸੇ ਆਓਨ ਵਾਲੀ ਘੜੀ ਦੀ ਉਡੀਕ ਵਿਚ ਖੜੋਤੇ ਦਿਸ ਰਹੇ ਹਨ।

ਇਨਾਂ ਦੇ ਅਗੇ ਅਨਗਿਨਤ ਪੈਦਲ ਸੈਨਾਂ ਨੰਗੀਆਂ ਭਲਵਾਰਾਂ ਮੋਢਿਆਂ ਤੇ ਰਖੇ ਹੋਏ ਇਸ ਪ੍ਰਕਾਰ ਪਲਾਂਘ ਬੰਨੀ ਖੜੋਤੀ ਹੈ ਕਿ ਸੂਰਜ ਦੀਆਂ ਤੀਖਨ ਕਿਰਨਾਂ ਇਨਾਂ ਭਲਵਾਰਾਂ ਤੇ ਘਬਰਾ ਕੇ ਪੈਂਦੀਆਂ ਹਨ ਅਰ ਪਰੇਸ਼ਾਨ ਹੋ ਹੋਕੇ ਇਧਰ ਓਧਰ ਖਿਲਰ ਜਾਂਦੀਆਂ ਹਨ। ਦੂਰੋਂ ਦੇਖਨ ਵਾਲੇ ਦੀ ਨਜਰ ਉਨਾਂ ਤੇ ਪੈ ਪੈਕੇ ਇਕ ਲੋਹੇ ਦੀ ਕੰਧ ਦਾ ਧੋਖਾ ਪ੍ਰਗਟ ਕਰ ਜਾਂਦੀ ਹੈ। ਇਨਾਂਦੇ ਅਗੇ ਓਹ ਸੂਰਮੇ ਸਪਾਹੀ ਹਨ ਜੋ ਗੁਰਜ ਯੁਧ ਵਿਚ ਪ੍ਰਬੀਨ ਚਤ੍ਰ ਅਰ ਅਡਿਭੀ ਹਨ ਅਰ ਜੋ ਇਨਾਂ ਦੇ ਅਗੇ ਹਨ ਭੀਰ ਕਮਾਨਾਂ ਦੇ ਚਲਾਨ ਵਾਲੇ ਹਨ। ਜਿਨਾਂਦੇ ਭੀਰ ਅਸਗਾਰ ਦੀ ਨੀਆਈਂ ਮੁਸ਼ਟੀ ਭਰ ਕਾਲ ਰੂਪੀ ਜੀਭਾ ਕਢ ਕਢ ਭਯਾਨਕ ਦ੍ਰਿਸ਼ਜ ਦਿਖਾ ਰਹੀ ਹਨ ਜਦ ਸਾਰੀ ਸੈਨਾਂ ਨਿਅਮ ਅਨੁਸਾਰ ਇਕੋ ਜਿਹੀ ਪਲਾਂਘ ਨੂੰ ਖੜੋ ਗਈ। ਤਾਂ ਹਰ ਇਕ ਸੈਨਾਂ ਪਤਿ ਅਪਨੇ ਅਪਨੇ ਅਧੀਨ ਸੈਨਾਂ ਦਾ ਜੋਸ਼ ਭਰੇ ਸ਼ਬਦਾਂ ਨਾਲ ਹੌਸਲਾ ਵਧਾਓਨ ਲਗਾ। ਭਾਵੇਂ ਇਸ ਵੇਲੇ ਕਈ ਇਕ ਨਾਂਮੀਆਂ

Original with:
Language Department Punjab
Digitized by:
Panjab Digital Library

ਅਰ ਪ੍ਰਸਿਧਕਾਂ ਦੀਆਂ ਆਵਾਜਾਂ ਸੁਨਾਈ ਦੇ ਰਹੀਆਂ ਹਨ ਪ੍ਰੰਤੂ ਸਭ ਤੋਂ ਜੋਸ਼ ਭਰੀ ਆਵਾਜ ਜੋ ਸਾਡੇ ਕੰਨਾਂ ਵਿਚ ਗੂੰਜ ਰਹੀ ਹੈ ਓਹ ਬਹਾਦਰ ਜਰਨੈਲ ਹਨੂਮਾਨ ਦੀ ਹੈ ਜੋ ਸੁਨੀਏ ਕੀ ਕਹ ਰਹੇ ਹਨ ॥

" ਬਹਾਦਰੋ ! ਭਲੇ ਕਰਮਾਂ ਨੂੰ ਓਹ ਵੇਲਾ ਆ ਗਇਆ ਹੈ ਜਿਸ ਦੀ ਤੁਸੀ ਚਿਰ ਕਾਲ ਤੋਂ ਉਡੀਕ ਕਰ ਰਹੇ ਸਉ । ਅਰ ਤੁਹਾਡੇ ਦਿਲ ਦੇ ਪ੍ਰਵਾਹ ਮਨ ਹੀ ਮਨ ਵਿਚ ਘੁਮਨ ਘੇਰੀਆਂ ਖਾ ਰਹੇ ਸਨ ਅਜ ਤੁਹਾਡੀਆਂ ਇਨਾਂ ਭਲਵਾਨਾਂ ਦਾ ਕਰਭ ਜੋ ਚਿਰ ਕਾਲ ਤੋਂ ਪਈਆਂ ਹੋਈਆਂ ਮਿਆਨਾਂ ਵਿਚ ਤੜਪ ਰਹੀਆਂ ਸਨ । ਦੇਖਨ ਦਾ ਵੇਲਾ ਮਿਲਿਆ ਹੈ । ਮੈਂਨੂੰ ਇਸ ਗਲ ਦੇ ਕਹਿਨ ਦੀ ਕੋਈ ਲੋੜ ਨਹੀਂ । ਕਿ ਬਾਨਰ ਦੀਪ ਦੇ ਕਰਮਾਂ ਦਾ ਨਿਬੇੜਾ ਆਪ ਹੀ ਲੋਕਾਂ ਦੇ ਹੌਸਲਿਆਂ ਤੇ ਨਿਰਭਰ ਹੈ ਕਿਉਂਕਿ ਤੁਸੀਂ ਲੋਗ ਆਪ ਅਪਨੇ ਦੇਸ਼ ਦੀ ਤਕਲੀਫ ਨੂੰ ਜਾਨ ਰਹੇ ਹੋ ਅਰ ਇਸ ਦੀ ਸੁਤੰਤ੍ਰਤਾ ਦਾ ਬੀੜਾ ਉਠਾ ਚੁਕੇ ਹੋ ਅਰ ਇਸ ਹਾਲ ਨੂੰ ਜਤਾ ਦੇਨਾ ਮੈਂ ਅਪਨਾ ਫਰਜ ਸਮਝਨਾ ਹਾਂ ਕਿ ਜੇਕਰ ਜਰਾ ਭੀ ਤੁਹਾਡੇ ਲੋਕਾਂ ਵਲੋਂ ਸੁਸਤੀ ਹੋਈ ਤਾਂ ਯਾਦ ਰਖਨਾਂ ਕਿ ਕੇਵਲ ਤੁਹਾਨੂੰਹੀ ਸ਼ਰਮਿੰਦਗੀ ਨਾ ਉਠਾਨੀ ਪਏ ਗੀ ਪ੍ਰੰਤੂ ਬਾਨਰਦੀਪ ਦਾ ਬਚਾ ਬਚਾ ਇਸ ਕਾਇਰਤਾ ਅਰ ਬੁਜਦਿਲੀ ਦਾ ਭਾਗੀ ਹੋਵੇਗਾ । ਰਾਕਸ਼ ਲੋਗ ਪਹਿਲਾ ਤੋਂ ਵਧ ਕੇ ਕੁਕਰਮ ਕਰਨ ਗੇ ਅਰ ਕਲੇਸ਼ ਦੇਨਗੇ । ਅਰ ਬਿਨਾਂ ਇਸਦੇ ਕਿ ਤੁਹਾਡੇ ਦੇਸ਼ਭੇ ਜੀਵਨ ਮ੍ਰਿਤ੍ਯੂ ਪਦ ਦਾ ਪਰਿਮਾਨ ਪ੍ਰਗਟ ਹੋਵੇ ਹੋਰ ਕੁਝ ਨਾਂ ਬਨ ਪਏ ਗਾ ਬਹਾਦਰੋ ਰਨ ਭੂਮੀ ਵਿਚ ਸ਼ਤ੍ਰੂ ਦੇ ਸਾਹਮਨੇ ਵਿਚ ਸਿਪਾਹੀ ਦਾ ਜਾਨ ਦੇ ਦੇਨਾ ਧਰਮ ਹੈ । ਇਸ ਨਾਜ਼ਕ ਵੇਲੇ ਉਨਾਂ ਨੂੰ ਜੋਸ਼ ਦੇਨ ਦੀ ਕੋਈ ਲੋੜ ਨਹੀਂ ਹੋਇਆ ਕਰਦੀ ਹਾਂ ! ਇਨਾਂ ਜਰੂਰ ਸੋਚ ਵਿਚਾਰ ਕਰ ਲਵੋ ਕਿ ਜੇਕਰ ਤੁਹਾਡੇ ਲਸ਼ਕਾਂ ਵਿਚੋਂ ਕੋਈ ਬੁਜਦਿਲਾ ਹੋਵੇ ਰਨਦੇ ਨਾਓਂ ਤੋਂ ਡਰੇ ਯਾ ਜਿਸਨੂੰ ਅਪਨੀ ਜਾਨ ਪਿਆਰੀ ਹੋਵੇ ਓਹ ਖੁਸ਼ੀ ਨਾਲ ਬੇ ਖਟਕ ਹਥਿਆਰ ਸੁਟਕੇ ਹੁਨੇ ਚਲਾ ਜਾਏ ਸਾਨੂੰ ਭੀ ਓਹਦੀ ਕੋਈ ਲੋੜ ਨਹੀਂ ॥

Original with:
Language Department Punjab
Digitized by:
Panjab Digital Library

ਸਿਪਾਹੀ-(ਉਚੀ ਨਾਰਾ ਮਾਰਕੇ) ਨਹੀਂ ! ਨਹੀਂ !! ਸਾਡੇ ਵਿਚੋਂ ਕੋਈ ਅਜਿਹਾ ਬੁਜਦਿਲਾ ਨਹੀਂ ਹੈ। ਅਸੀਂ ਲੋਰਾ ਜਾਨ ਤੇ ਖੇਲਨ ਨੂੰ ਤਿਆਰ ਹਾਂ। ਹੁਨੇ ਹੀ ਆਪ ਦੇਖੋਗੇ ਕਿ ਅਸੀਂ ਕਿਸ ਪ੍ਰਕਰ ਰਾਕਸ਼ਾਂ ਨੂੰ ਮਾਰ ਹਥ ਦਿਖਾ ਓਨੇ ਹਾਂ। ਸਾਡੇ ਤੀਰ ਕਿਸ ਤਰਾਂ ਉਨਾਂ ਦੇ ਅਪਵਿਤ੍ਰ ਸ਼ਰੀਰਾਂ ਵਿਚ ਛੇਦ ਕਰਕੇ ਉਨਾਂ ਨੂੰ ਮਿਟੀ ਵਿਚ ਰੁਲਾਓਂਦੇ ਹਨ ਮਹਾਰਾਜ ! ਆਪ ਧੀਰਜ ਰਖੋ ਸਾਡੇਲੋਕਾਂ ਵਿਚੋਂ ਕੋਈ ਅਜਿਹਾ ਭਰਪੋਰ ਨਹੀ ਜੋ ਰਣਭੂਮੀ ਵਿਚ ਪਿਠ ਦਿਖਾਕੇ ਛਤ੍ਰੀਆਂ ਦੇ ਨਾਓਂ ਨੂੰ ਕਲੰਕ ਲਾਏ। ਅਰ ਬਾਨਰ ਦੀਪ ਦਾ ਸ਼ਤ੍ਰੂ ਬਨੇ ਅਸੀਂ ਰਾਜਪੂਤੀ ਵੰਸ਼ ਵਿਚ ਇਸ ਲਈ ਜਨਮ ਨਹੀਂ ਲਇਆ ਕਿ ਜਾਨ ਲੁਕਾ ਕੇ ਘਰ ਜਾ ਬੈਠੀਏ ਸਾਡਾ ਰਾਜਪੂਤੀ ਲਹੂ ਸਾਡੇ ਸ਼ਰੀਰਾਂ ਵਿਚ ਜੋਸ਼ ਮਾਰ ਰਿਹਾ ਹੈ। ਸਾਡੀਆਂ ਲਹੂ ਭਿਹਾਣੀਆਂ ਤਲਵਾਰਾਂ ਅਰ ਜਾਨ ਮਾਰ ਤੀਰ ਸ਼ਤ੍ਰੂ ਦੇ ਸ਼ਰੀਰ ਵਿਚ ਬਧ ਲਈ ਅਧੀਰਤਾ ਨਾਲ ਆਪ ਦੀ ਆਗਜਾ ਦੀ ਉਡੀਕ ਕਰਕੇ ਰਹੇ ਹਨ"

ਹਨੂਮਾਨ-"ਪ੍ਰਸੰਨ ਹੋਕੇ ਹਾਂ ! ਹਾਂ !! ਤੁਹਾਡੇ ਲੋਕਾਂਤੇ ਅਜਿਹੀ ਹੀ ਆਸ਼ਾ ਹੈ ਅਰ ਮੈਨੂੰ ਪੂਰਾ ਪੂਰਾ ਨਿਸ਼ਚਯ ਹੈ ਕਿ ਤੁਹਾਡੇ ਹਥੋਂ ਹੀ ਉਨਾਂ ਦਾ ਨਾਸ਼ ਹੋਨਾਂ ਹੈ ਅਰ ਇਸ ਗਲ ਦਾ ਪਕਾ ਪਕਾ ਵਿਸ਼ਵਾਸ ਹੈ" ਇਸ ਪ੍ਰਕਾਰ ਸਾਡਾ ਬਹਾਦੁਰ ਜਰਨੈਲ ਕਹ ਹੀ ਰਿਹਾ ਸਾ ਕਿ ਮੰਖ ਦੀ ਜੋਸ਼ ਭਰੀ ਧੁਨੀ ਗੂੰਜਦੀ ਹੋਈ ਕੰਨਾਂ ਵਿਚ ਪਹੁੰਚੀ ਜਿਸਨੂੰ ਸੁਨ ਦੇ ਹੀ ਸਭ ਸੈਨਾਂ ਲੰਕਾ ਦੇ ਕਿਲੇ ਤੇ ਟੁਟ ਪਈ। ਸਵਾਰਾਂ ਦੇ ਆਗਮਨ ਤੋਂ ਧਰਤੀ ਥਰ ਥਰ ਕੰਬਣ ਲਗ ਗਈ ਰਥਾਂ ਅਰ ਹਥਿਆਰਾਂ ਦੀ ਝਨ ਝਨ ਅਰ ਗੁਰਜਾਂ ਦੀ ਧੁਤੋਂ ਬਲੀ ਚੋਟ ਕਿਲਾ ਲੰਕਾ ਦੇ ਦਰਵਾਜੇ ਤੇ ਪੈਨ ਨ ਲਗ ਅਕਾਸ਼ਗੀਜ ਉਠਿਆ। ਤੀਰਾਂ ਦੀ ਧੜਾ ਧੜ ਵਰਖਾ ਨਾਲ ਸੂਰਜਾ ਭਗਵਾਨ ਦੀਆਂ ਕਿਰਨਾਂ ਭੀ ਮਧਮ ਪਏ ਗਈਆਂ। ਜੰਗੀ ਵਾਜਿਆਂ ਦੀਆਂ ਅਵਾਜਾਂ ਪਵਨ ਵਿਚ ਗੂੰਜ ਕੇ ਸੂਰਮਿਆਂ ਦਾ ਜੋਸ਼ ਵਧਾਓਨ ਲਗੀਆਂ ॥

Original with:
Language Department Punjab
Digitized by:
Panjab Digital Library

ਓਧਰੋਂ ਕਿਲੇ ਤੋਂ ਸੈਨਾਂ ਪਤਿਆਂ ਪ੍ਰਹਸਤ ਅਰ ਮੇਘਨਾਥ ਆਦਿਕ ਦੇ ਸੂਰਮੇ ਅਰ ਬਹਾਦਰ ਸਿਪਾਹੀਆਂ ਨੇ ਭੀ ਅਪਨੇ ਜਾਨ ਮਾਰ ਤੀਰਾਂ ਨਾਲ ਪੂਰਨ ਉੜ੍ਹ ਦੇਕੇ ਬਾਨਰ ਲੋਕਾਂ ਦਾ ਨਕ ਵਿਚ ਦਮ ਲਿਆ ਦਿਤਾ ਕੀ ਗਲ ? ਜੋ ਇਕ ਤੀਰ ਭੀ ਖਾਲੀ ਜਾਏ ਆਹ ! ਪਲ ਭਰ ਵਿਚ ਬਹਾਦੁਰਾਂ ਦੇ ਲਹੂ ਨਾਲ ਧਰਤੀ ਲਾਲ ਹੋ ਗਈ। ਮੈਂਕੜੇ ਜਖਮੀ ਘਾਇਲ ਹੋਏ ਹੋਇਆਂ ਦੇ ਜਖਮ ਅਪਨੇ ਭੁਹਾਰੇ ਚਲਾ ਚਲਾ ਲਹੂ ਉਛਾਲ ਰਹੇ ਹਨ ਅਰ ਕਈ ਇਕ ਅਧਮੋਏ ਹੋਏ ਧਰਤੀ ਤੇ ਤੜਪ ਰਹੇ ਹਨ ਪਰ ਬਾਨਰ ਲੋਕ ਜੰਗੀ ਵਿਚਾਰਾਂ ਦੀ ਧੁਨ ਵਿਚ ਕੁਝ ਇਸ ਪ੍ਰਕਾਰ ਮਸਤ ਹਨ ਕਿ ਉਨਾਂ ਦੀ ਵਲ ਜਰਾ ਧਿਆਨ ਨਹੀਂ ਕਰਦੇ ਹਾਂ ! ਰਾਕਸ਼ ਇਨਾਂ ਦੀ ਇਹ ਦਿਸ਼ਾ ਦੇਖ ਦੇਖ ਨਾਰੇ ਮਾਰ ਮਾਰ ਰਾਵਨ ਦੀ ਜੈਜੈ ਕਾਰ ਦੀ ਆਵਾਜ਼ ਬੁਲਾ ਰਹੇ ਹਨ। ਬਹਾਦੁਰ ਹਨੂਮਾਨ ਅੰਗਦ ਅਰ ਸੁਗ੍ਰੀਵ ਇਨਾਂ ਆਵਾਜ਼ਾਂ ਤੋਂ ਜਾਰ ਭੀ ਨਹੀ ਘਬਰਾਉਂ ਦੇ ਅਰ ਅਪਨੀਆਂ ਬਾਵਾਂ ਦੇ ਬਲ ਦਾ ਭਰੋਸਾ ਰਖਦੇ ਹੋਏ ਬੜੇ ਜੋਰ ਨਾਲ ਕਮਾਨਾਂ ਨੂੰ ਤਾਨ ਤਾਨ ਕੇ ਤੀਰਾਂ ਨੂੰ ਛਡ ਰਹੇ ਹਨ। ਜੇਕਰ ਕੁਝ ਖਿਆਲ ਦਿਲ ਵਿਚ ਆਉਂਦਾ ਹੈ ਤਾਂ ਇਹ ਕਿ ਰਾਵਨ ਦੀ ਸੈਨਾਂ ਤਾਂ ਉਚੇ ਕਿਲੇ ਦੇ ਛੋਕਾਂ ਵਿਚੋਂ ਇਨਾਂ ਦਾ ਨਿਸ਼ਾਨਾ ਬਨਾ ਰਹੀ ਹੈ ਅਰ ਇਨਾਂ ਦੇ ਛੀਰ ਵਿਅਰਥ ਜਾਂਦੇ ਹਨ ਅਰਇਹੀ ਕਾਰਨ ਹੈ ਕਿ ਹੁਨ ਸਾਰੀ ਸੈਨਾਂ ਦਰਵਾਜਿਆਂ ਤੇ ਆਕਰਮਨ ਹੋਈ ਹੈ ਕਿ ਇਨਾਂ ਨੂੰ ਤੋੜਕੇ ਅੰਗਦ ਚਲੇ ਜਾਨ ਭਾਵੇਂ ਰਾਕਸ਼ ਇਨਾਂ ਨੂੰ ਪਿਛੇ ਹਟਾਨ ਦੇ ਕਈ ਜਤਨ ਕਰ ਰਹੇ ਹਨ ਪੈਤੂ ਨਹੀ ! ਬਾਨਰ ਲੋਗ ਉਨਾਂ ਦੇ ਜਾਨ ਮਾਰ ਤੀਰਾਂ ਅਰ ਅਪਨੀ ਪਿਆਰੀ ਜਾਨ ਦੀ ਜਰਾ ਭੀ ਪ੍ਰਵਾਹ ਨ ਕਰਦੇ ਹੋਏ ਬੇ ਧੜਕ ਦਰਵਾਜਿਆਂ ਨੂੰ ਤੋੜ ਰਹੇ ਹਨ ਉਫ ! ਕਿਸ ਜੋਰ ਨਲ ਗੁਰਜ ਚਲਾ ਰਹੇ ਹਨ ਜਿਨਾਂ ਦੀ ਧਮਕ ਤੋਂ ਕੰਨਾਂ ਵਿਚ ਝਪੇ ਭੀ ਆ ਗਏ ਹਨ ਆ ਹਾ ਹਾ ! ਓਹ ਲੌ !! ਉਤ੍ਰੀ ਦਰਵਾਜਾ ਤਾਂ ਟੁਟ ਗਇਆ ਅਰ ਬਾਨਰ ਲੋਗ ਛਾਤੀਆਂ ਕਢੇ ਹੋਏ ਸ਼ੇਰ ਬਹਾਦੁਰ ਦੀ ਨਿਆਈ ਗਜਦੇ ਹੋਏ ਅੰਦਰ ਜਾ ਵੜੇ ਹਨ ਪਰ ਪ੍ਰਹਸਤ ਦੀ

Original with:
Language Department Punjab
Digitized by:
Panjab Digital Library

ਸੈਨਾਂ ਨ ਬੜੀ ਸੂਰਮਤਾਈ ਨਾਲ ਸਾਹਮਨਾ ਕਰਕੇ ਓਥੇ ਹੀ ਰੋਕ ਦਿਤਾ ਅਰ ਇਕ ਪੈਰ ਭੀ ਤਾਂ ਅਗੇ ਨਾ ਵਧਨ ਦਿਤਾ ਪ੍ਰਭੂ ਬੰਦਨ ਮਾਲੀ ਅਰ ਜੰਮੂਮਾਲੀ ਦੀ ਅਧੀਨ ਸੈਨਾਂ ਨੇ ਇਸ ਸੂਰਮਤਾਈ ਤੋਂ ਓਹ ਸਸ ਖਟਿਆ ਕਿ ਬੇਅਖਤਿਆਰ ਬਾਨਰੀ ਸੈਨਾਂ ਨੂੰ ਪਿਛੇ ਹਟਨਾ ਪਇਆ ਅਰ ਉਸ ਚੌੜੇ ਮਦਾਨ ਵਿਚ ਜੋ ਕਿਲਾ ਲੰਕਾ ਦੇ ਬਾਹਰ ਸਥਿਤ ਸੀ ਪਰਸਪਰ ਯੁਧ ਹੋਨਾ ਆਰੰਭ ਹੋ ਗਇਆ ਇਕ ਛਿਨ ਭਰ ਵਿਚ ਚਮਕਦੀਆਂ ਹੋਈਆਂ ਤਲਵਾਰਾਂ ਨੇ ਅਨਗਿਨਤ ਸੈਨਾਂ ਨੂੰ ਬੇਡਰ ਕਰਕੇ ਧਰਤੀ ਤੇ ਸਦੀਵ ਲਈ ਸੁਆ ਦਿਤਾ ਨੰਜੇ ਅਰ ਬਰਛੀਆਂ ਅਪਨੀਆਂ ੨ ਲੰਮੀਆਂ ਸੀਭਾਂ ਕਢ ਸੂਰਮਿਆਂ ਦਾ ਲਹੂ ਚਟਨ ਲਗੀਆਂ ਜਾਨ ਮਾਰ ਗੁਰਜਜਿਸਦੇ ਸਿਰ ਤੇ ਪਇਆ ਤਹ ਕਰ ਸੁਟਿਆ ਅਰ ਬੇਹੋਸ਼ ਹੋ ਧਰਤੀ ਤੇ ਡਿਗ ਪਇਆ ਪਰਸਪਰ ਤਲਵਾਰਾਂ ਬੜੇ ਜੋਰ ਨਾਲ ਅਪਨਾ ਕੰਮ ਕਟਨ ਲਗੀਆਂ ।

॥ ਚੌਪਈ ॥

ਕੀਓ ਅਕਰਮਨ ਜਬ ਹਨੂਮਾਨਾ ।
ਭਜੋ ਤਬੀ ਅਤਿ ਮਹਾ ਸੰਗ੍ਰਾਮਾ ।
ਤੋੜ ਦਿਓ ਪ੍ਰਹਸਤ ਅਭਿਮਾਨਾ ।
ਗਜੋ ਸ਼ਕਤ ਨਾਂ ਰਣ ਮੇਂ ਆਨਾ ॥

ਮੇਘਨਾਥ ਪਰਹਸਤ ਨੂੰ ਪਰਾਜਿਤ ਦੇਖ ਕੁਮਕ ਲਈ ਪਹੁੰਚਿਆ ਅਰ ਸਿੰਘ ਸੂਰਮੇ ਦੀ ਨਿਆਈਂ ਗਜਦਾ ਹੋਇਆ ਆਕਰਮਨ ਕਰਨ ਲਗਾ । ਪਰ ਦੇਖੀਏ ! ਬਹਾਦਰ ਲਛਮਨ ਨੇ ਕਿਸ ਪ੍ਰਕਾਰ ਰੋਕ ਦਿਤਾ ਹੈ ਅਰ ਮਹਾਰਾਜਾ ਰਾਮਚੰਦ੍ਰ ਨੇ ਲਛਮਨ ਦੀ ਇਹ ਦਲੇਰੀ ਨੂੰ ਦੇਖ ਜੋਸ਼ ਭਰੀ ਆਵਾਜ ਸਹਿਤ ਸ਼ਾਬਾਸ਼ੇ ! ਸ਼ਾਬਾਸ਼ੇ !! ਦਾ ਨਾਰਾ ਮਾਰਿਆ ਓਧਰ ਜੰਗੀ ਢੋਲ ਦੀ ਦਿਲ

Original with:
Language Department Punjab
Digitized by:
Panjab Digital Library

ਹਿਲਾ ਦੇਨ ਵਾਲੀ ਆਵਾਜ ਨਾਲ ਮੈਦਾਨ ਗੂੰਜ ਉਠਿਆ ਅਰ ਬਹਾਦਰ ਸੁਖੈਨ ਦੇ ਸੈਖ ਦੀ ਆਵਾਜ ਸੁਨਦੇ ਗਜ ਅਰ ਗੁਵਾਰ ਭੀ ਪਹੁੰਚ ਗਏ। ਮੇਘਨਾਥ ਨੇ ਕ੍ਰੋਧ ਵਿਚ ਆਕੇ ਇਸ ਜੋਰ ਨਾਲ ਗੁਰਜ ਦਾ ਲਛਮਨ ਤੇ ਵਾਰ ਕੀਤਾ ਕਿ ਜੇਕਰ ਇਸ ਦੇ ਸਿਰ ਤੇ ਲਗ ਜਾਂਦਾ ਤਾਂ ਸਿਰ ਫਿਤੀ ੨ ਹੋ ਜਾਂਦਾ ਪੰਤੂ ਰਥਵਾਨ ਨੂੰ ਦੇਖੀਏ! ਕਿਸ ਚਤੁਈ ਨਾਲ ਰਥ ਨੂੰ ਚਕਰ ਦੈਕੇ ਸਾਫ ਬਚਾ ਲਿਆ ਰਥਵਾਨ ਦੀ ਇਸ ਚਲਾਕੀ ਨੇ ਮੇਘਨਾਥ ਦੇ ਜੋਸ਼ ਨੂੰ ਹੋਰ ਭੀ ਦੂਨਾ ਵਧਾ ਦਿਤਾ ਅਰ ਗੁਸੇ ਵਿਚ ਆਕੇ ਤੀਰਾਂ ਦੀ ਬਰਖਾ ਕਰਨ ਲਗਾ ਜਿਸਦਾ ਉਤ੍ਰ ਲਛਮਨ ਬਹਾਦਰ ਪੁਰਨਤਾਈ ਨਾਲ ਦੇ ਰਿਹਾ ਹੈ ਗਜ ਅਰ ਗੁਾਰਾ ਨੇ ਭੀ ਲਹੁ ਤਿਹਾਏ ਤੀਰਾਂ ਦੀ ਬਰਖਾ ਨਾਲ ਰਾਕਸ਼ਾਂ ਨੂੰ ਪਰੇਸ਼ਾਨੀ ਅਰ ਹਰਾਨੀ ਵਿਚ ਪਾ ਦਿਤਾ ਨੇੜੇ ਹੀ ਸਾ ਕਿ ਰਾਕਸ਼ ਲੋਕ ਪਿਛੇ ਨੂੰ ਨਸ ਦੇ ਦਿਸਦੇ ਪਰ ਪਰਹਸਤ ਅਰ ਨਿਕੁੰਭ ਦੇ ਸਹਾਇਤਾ ਅਰਥ ਔਨੇ ਤੇ ਉਨਾਂ ਦੇ ਹੌਸਲੇ ਪਕੇ ਹੋ ਗਏ ਅਰ ਉਖੜੇ ਹੋਏ ਪੈਰ ਫਿਰ ਜੰਮ ਗਏ ਅਰ ਬੜੇ ਜੋਰ ਨਾਲ ਲਲਕਾਰ ਦੇ ਹੋਏ ਹਮਲਾ ਕਰਨ ਲਗੇ ਆਹ! ਰਾਕਸ਼ਾਂ ਨੇ ਰਾਵਨ ਦੀ "ਜੈ" ਦਾ ਸ਼ਬਦ ਕਹ ਕੇ ਆਕਰਮਣ ਕਰਨਾ ਹੀ ਸੀ ਕਿ ਮਹਾਰਾਜਾ ਰਾਮਚੰਦ੍ਰ ਜੀ ਦੀ ਸੈਨਾ ਵਿਚ ਜੋਸ਼ ਅਗਨੀ ਭੜਕੀ ਅਰ ਬਹਾਦਰੀ ਦੀ ਮਦ ਵਿਚ ਮਸਤ ਹੋਕੇ ਦਲੇਰੀ ਅਰ ਸੂਰਮਤਾਈ ਦੇ ਦਰਯਾ ਵਿਚ ਗਰਕ ਹੋ ਕਿ ਸੋਨੂੰ ਕਿਸੇ ਦੀਖਵਰ ਨਾ ਰਹੀ ਅਰ ਜਾਨਮਾਰਾਂ ਭਲਵਾਰਾਂ ਬਹਾਦਰਾਂ ਦੀਆਂ ਪਕੀਆਂ ਹਡੀਆਂ ਤੋੜਨ ਲਗੀਆਂ ਤੇਜ ਬਰਛੀਆਂ ਅਰ ਲਹੁ ਤ੍ਰਿਖਾਵੰਤ ਨੇਜੇ ਪਸਲੀਆਂ ਤੋਂ ਲਹੁ ਦੀਆਂ ਨਦੀਆਂ ਵਗਾਉਨ ਲਗੇ। ਇਕ ਪਲ ਵਿਚ ਹਜਾਰਾਂ ਜਾਨਾਂ ਸੁਆਹ ਹੋ ਗਈਆਂ। ਅੰਗਦ ਅਰ ਹਨੂਮਾਨ ਦੇ ਉਤੋਂ ਥੱਲੀ ਹਮਿਲਆਂ ਨੇ ਰਾਵਨ ਦੀ ਸੈਨਾਂ ਵਿਚ ਥਰਥਲੀ ਲਿਆਦਿਤੀ ਉਨਾਂ ਦੇ ਪੈਰ ਰਨਭੂਮੀ ਤੋਂ ਉਖੜ ਗਏ। ਸੁਖੈਨ ਦੇ ਬਹਾਦਰ ਸਿਪਾਹੀ ਤਾਂ ਇਹ ਕਹ ਰਹੇ ਹਨ ਕਿ ਸਿਸ ਤਰਾਂ ਹੋਵੇ ਇਨਾਂ ਦਾ ਅਜ ਹੀ ਨਿਬੇੜ ਦਈਏ ਪਰ ਸਚਾ ਦਿਲੀ ਸੂਰਜ ਭਗਵਾਨ ਬਹੁਤ ਵਿਨਾਸ਼ ਨਾ ਦੇਖ ਸਕਿਆ ਅਰ

Original with:
Language Department Punjab
Digitized by:
Digital Library

ਪਛਮ ਵਿਚ ਜਾ ਲੁਕਿਆ ਅਰ ਅਵਖਜਹੀ ਸੁਤਬੀਰਾਂ ਨੂੰ ਅਸਦੇ ਜੋਸ਼ ਨੂੰ ਕਲ ਉਤੇ ਰਖਨਾ ਪਇਆ ॥

(ਪੰਤਾਲੀਵਾਂ ਧਿਆਯਾ)

—:o:—

ਖੂਨ ਦੀ ਰਾਤ

ਅਧੀ ਰਾਤਦਾ ਵੇਲਾ ਹੈ ਅਰ ਰਾਤ ਭੀ ਕਿਹੀ ਅੰਨੇਰੀ ਕਿ ਹਥ ਨੂੰ ਹਥ ਨਹੀਂ ਲਭਦਾ ਘੁਪ ਘੋਰ ਅੰਨੇਰਾ ਚਾਰੇ ਪਾਸੇ ਸੰਸਾਰ ਵਿਚ ਛਾਇਆ ਹੈ ਸਮਸਤ ਸੰਸਾਰ ਵਿਚ ਅੰਧਕਾਰ ਸਮਯ ਪ੍ਰਤੀਤ ਹੁੰਦਾ ਹੈ ਸਮੇਲ ਗਿਰ ਪਰਬਤ ਦੀਆਂ ਉਚੀਆਂ ੨ ਚੋਟੀਆਂ ਇਸ ਵੇਲੇ ਅਤਿ ਭਯਾਨਕ ਦਖਾਈ ਦੇਦੀਆਂ ਹਨ। ਪ੍ਰੰਤੂ ਇਸਦੀ ਇਸ ਇਕੋ ਜਹੀ ਪ੍ਰਿਥਵੀ ਤੇ ਜਿਥੇ ਕਿਸੇ ਪਰ ਕ੍ਰਿਤਮ ਚਾਨਨ ਦਾ ਉਜਾਲਾ ਹੋ ਰਿਹਾ ਹੈ ਅਰ ਬਹੁਤ ਸਾਰੇ ਤੰਬੂ ਲਗੇ ਹੋਏ ਦਿਖਾਈ ਦਿੰਦੇ ਹਨ। ਕਈ ਇਕ ਆਦਮੀਆਂ ਦੇ ਬੋਲਨ ਦੀ ਆਵਾਸ ਆ ਰਹੀ ਹੈ ਜੋ ਪ੍ਰਾਯਾ ਓਹੀ ਹਨ ਜੋ ਮਹਾਰਾਜਾ ਰਾਮਚੰਦ੍ਰ ਜੀ ਦੀ ਛਾਂਵਨੀ ਦੇ ਰਖਵਾਲੇ ਹਨ। ਆਹਾ! ਨਿਸੰਦੇਹ ਇਹੀ ਠੀਕ ਹੈ ਓਹ ਦੇਖੀਏ। ਸਭ ਸੈਨਾਂ ਦੇ ਆਲੇ ਦੁਆਲੇ ਕਿਹੇ ਕਿਹੇ ਸੈਗੀ ਜੁਵਾਨ ਸੂਰਮੇ ਨੰਗੀਆਂ ਤਲਵਾਰਾਂ ਮੋਢਿਆਂ ਤੇ ਰਖੇ ਹੋਏ ਰਖਵਾਲੀ ਲਈ ਉਦਤ ਹੋ ਇਸ ਪ੍ਰਕਾਰ ਖੜੋਤੇ ਹਨ ਕਿ ਇਨਾਂ ਦੇ ਨਿਗਾਹ ਪੈਨ ਨਾਲ ਅਖਾਂ ਕੰਧ ਦਾ ਧੋਖਾ ਖਾ ਜਾਂਦੀਆਂ ਹਨ। ਕੀ ਸਮੂਥਾ ਕਿ ਇਨਾਂ ਦੀ ਆਗਜਾ ਦੇ ਬਗੈਰ ਪੰਛੀ ਭੀ ਅੰਦਰ ਜਾ ਸਕੇ ਯਾ ਕਿਧੇ ਨੇੜੇ ਫਟਕ ਜਾਏ ?—

ਪਾਠਕਗਨ! ਅਜਿਹਾ ਘੋਰ ਈਦੀ ਕੇਵਲ ਇਕ ਜਗਾ ਹੀ ਅਥਤ ਨਹੀਂ ਕਿੱਤੂ ਤਿਨੀਂ ਥਾਈਂ ਇਕੋ ਜਿਹੇ ਦੇ ਦੇਸੋਂ ਗਸ ਦੀ

Original with:
Language Department Punjab
Digitized by:
Panjab Digital Library

ਵਿਥ ਤੇ ਰਖਵਾਲੇ ਖੜੋਤੇ ਹਨ ਤਾ ਕਿ ਰਾਤ ਦੇ ਵੇਲੇ ਸ਼ਤ੍ਰੂ ਹਮਲਾ ਨਾ ਕਰ ਸਕਨ, ਹੈਂ ! ਇਹ ਲੋਕ ਗਲਾਂ ਕਰਦੇ ਕਰਦੇ ਇਕੋ ਵਾਰੀ ਹੀ ਕਿਉਂ ਚੁਪ ਕਰ ਗਏ ਇਨਾਂ ਦੀਆ ਜਬਾਨਾਂ ਕਿਉਂ ਠਿਠਕ ਗਈਆਂ ? ਕੀ ਇਨਾਂ ਨੂੰ ਨੀਦ ਨੇ ਦਬਾ ਲਇਆ ਹੈ ਯਾ ਬੋਲਨਦੀ ਮਨਾਹੀ ਹੋ ਗਈ ਹੈ ? ਨਹੀਂ ਮਹਾਰਾਜ ! ਦਾਲ ਵਿਚ ਕੁਝ ਕਾਲਾ ਕਾਲਾ ਦਿਸ ਦਾ ਹੈ ਓਹ ਦੇਖੀਏ ! ਇਕ ਅਸਾਧਾਰਨ ਮਮਲੀ ਜਿਹੀ ਰੋਸ਼ਨੀ ਦੀ ਚਮਕ ਨੇ ਨੇਵਾਸਤਵ ਵਿਚ ਪਹਿਲੇ ਚਕਰ(ਬਰੈਗਡ) ਵਿਚੋਂ ਆ ਰਹੀ ਹੈ ਉਸ ਨੇ ਇਨਾਂ ਦਾ ਮੁਖ ਬੰਦ ਕਰ ਸੁਚੇਤ ਕਰ ਦਿਤਾ ਹੈ ਅਰ ਇਹੋ ਕਾਰਨ ਹੈ ਕਿ ਇਹ ਲੋਕ ਬੜੀ ਹਰਾਨੀ ਨਾਲ ਇਸ ਦੀ ਵਲ ਦੇਖਰਹੇ ਹਹ ਨਾ ਜਾਨੀਏ ਇਸ ਵਿਚ ਕੀ ਭੇਦ ਹੈ ਕਿ ਦੇਖਦੇ ਦੇਖਦੇ ਹੀ ਸਾਰੀ ਸੈਨਾਂ ਵਿਕਹਲ ਜੁਲੀ ਮਚ ਗਈ ਅਰਜੁਨ ਹਰ ਇਕ ਸਿਪਾਹੀ ਸ਼ਸ਼ਤ੍ਰ ਅਸ਼ਤ੍ਰ ਧਾਰਨ ਕੀਤੇ ਹੋਏ ਉਤ੍ਰ ਤੇ ਪੁਰਬ ਦੀ ਵਲ ਜਾ ਰਿਹਾ ਹੈ ਪਲ ਹੀ ਪਲ ਵਿਚ ਕੀ ਬਹੁਤ ਸਾਰੇ ਸਿਪਾਹੀ ਅਗੇ ਪਿਛੇ ਹੋਨ ਇਕ ਇਕ ਗਜ ਦੀ ਵਿਥ ਤੇ ਪਲਾਂਘ ਬੰਨ ਕੇ ਖੜੇ ਗਏ ਅਚਕ ਚੇਤ ਉਸੇ ਵੇਲੇ ਂਖ ਦੀ ਦੂਰੋਂ ਆਵਾਜ ਗੂੰਜਦੀ ਹੋਈ ਇਨਾਂ ਦੇ ਕੰਨਾਂ ਵਿਚ ਆਈ ਆਹਾ ! ਇਹ ਆਵਾਜ ਨਹੀਂ ਸੀ ਪ੍ਰੰਤੂ ਕਿਸੇ ਕਮਾਨੀ ਦਾਰ ਕਲਾ ਦੀ ਕੂਕ ਸੀ ਜਿਸਦੀ ਆਵਾਜ਼ ਸੁਨਦਿਆਂ ਹੀ ਸਾਰੀ ਸੈਨਾਂ ਦਾ ਸਜਾ ਪੈਰ ਉਠਿਆ ਅਰ ਓਹ ਮੱਭ ਦੇ ਸਭ ਇਸ ਪ੍ਰਕਾਰ ਤੇਜੀ ਨਾਲ ਅਗੇ ਵਧੇ ਜਿਸ ਪ੍ਰਕਾਰ ਅਜ ਕਲ ਦੀ ਕਵੈਦੀ ਸੈਨਾਂ ਅਰਥਾਤ " ਕੁਵਿਕ ਮਾਰਚ " ਦੀ ਅਵਾਜ ਨਾਲ ਜਾਂਦੀ ਹੈ। ਬਹਾਦਰ ਹਨੂਮਾਨ ਨੇ ਜੋ ਸਜੇ ਪਾਸੇ ਅਗੇ ਅਗੇ ਜਾ ਰਿਹਾ ਸੀ ਕੁਝ ਅਜਿਹੇ ਸ਼ਬਦ ਕਿਹੇ ਜਿਨਾਂ ਨੂੰ ਸੁਨਦੇ ਹੀ ਉਸਦੀ ਅਧੀਨ ਸੈਨਾਂ ਤਿੰਨਾ ਹਿਸਿਆਂ ਵਿਚ ਵਿਭਕਤ ਹੋਗਈ ਅਰ ਇਸੇ ਪ੍ਰਕਾਰ ਜਾਮਵੰਤ-ਅੰਗਦ ਆਦਿਕ ਭੀ ਆਪਨੇ ਆਪਨੇ ਸਿਪਾਹੀਆਂ ਨੂੰ ਲੈਕੇ ਅਗੇ ਵਧੇ ਅਰ ਅਜੇ ਥੋੜੀ ਦੂਰ ਹੀ ਗਏ ਹੋਨਗੇ ਕਿ ਸ਼ਤ੍ਰੂ ਨੇ ਭੀਜੇ ਚਕਰਤੇ ਹਮਲਾ ਕਰ ਦਿਤਾ ਅਰ ਨੀਲ ਨੇ ਜਿਸਦੇ ਅਧੀਨ ਇਹ ਵਿਭਾਗ ਸੀ ਇਸ ਪ੍ਰਕਾਰ

Original wit
Language Department Punjab
Digitized by:
Panjab Digital Library

ਜ਼ੋਰ ਨਾਲ ਸੰਖ ਵਜਾਇਆ ਕਿ ਅਕਾਸ਼ ਗੂੰਜ ਉਠਿਆ। ਪਸ਼ੂ ਪੰਖੀ ਭੀ ਭਯਭੀਤ ਹੋਕੇ ਅਪਨੇ ਅਪਨੇ ਥਾਂ ਟਿਕਾਨਿਆਂ ਅਰ ਘੌਸਲਿਆਂ ਵਿਚ ਦਬਕ ਗਏ। ਅਰ ਇਸੇ ਵੇਲੇ ਵਿਚ ਸਾਡਾ ਬਹਾਦਰ ਜਰਨੈਲ ਸੈਨਾਂ ਨੂੰ ਲੈਕੇ ਸ਼ਤ੍ਰੂ ਦਾ ਸਾਹਮਨਾ ਕਰਨ ਲਈ ਜਾ ਡਟਿਆ। ਅਰ ਬੜਾ ਕ੍ਰੋਧਵਾਨ ਹੋਕੇ ਲੜਿਆ ਅਰ ਦੋਹਾਂ ਪਾਸਿਆਂ ਦੇ ਸਿਪਾਹੀ ਭੀਰ ਛਡਨ ਲਗੇ ਆਹ ! ਇਸ ਵੇਲੇ ਜੇਕਰ ਕੁਝ ਆਵਾਜ ਸੁਨਾਈ ਦਿੰਦੀ ਹੈ ਤਾਂ ਇਹੋ ਕਿ "ਮਾਰਲੌ ! ਮਾਰ ਲੌ !! ਖਵਰ ਦਾਰ ਜਾਨੇ ਨਾ ਪਾਵਨ" ਥੋੜੇ ਚਿਰ ਵਿਚ ਹੀ ਅਨ ਗਿਨਤ ਬਹਾਦਰ ਅਪਨੀ ਬੀਰਤਾ ਦਿਖਾ ੨ ਲਹੁ ਦੀਆਂ ਚਦਰਾਂ ਲੈ ਲੈ ਮ੍ਰਿਤ੍ਯੂ ਸੇਜਾ ਤੇ ਲੇਟ ਗਏ ਕਈ ਧੜ ਸਿਰ ਤੋਂ ਵਖਰੇ ਹੋ ਹੋ ਅਥਿਰ ਸੰਸਾਰਦੀ ਸਾਖੀ ਦੇਨ ਲਗ ਪਏ ਜਦ ਤਕ ਸੈਨਾਂ ਵਿਚ ਕੁਝ ਅੰਤਰ ਰਿਹਾ ਭੀਰ ਮੀਂਹ ਦੀ ਨਿਆਈ, ਵਰਖਾ ਕਰ ਜਾਨਦਾਰ ਸ਼ੂਰਾਂ ਵਿਚ ਖ਼ੁਭਦੇ ਰਹੇ ਪ੍ਰੰਤੂ ! ਹੁਨ ਤ ਤਲਵਾਰ ਦੀ ਖਟਾ ਖਟ ਯਾ ਗੁਰਜ ਦੀ ਦਿਲ ਹਿਲਾ ਦੇਨ ਵਾਲਾਂ ਆਵਾਜ਼ ਸੂਰਮਿਆਂ ਦੀਆਂ ਪਕੀਆਂ ਹਡੀਆਂ ਨੂੰ ਤੋੜ ਦੀ ਹਈ ਆ ਰਹੀ ਹੈ ਯਾ ਅਖਾਂ ਨੂੰ ਨੀਆਂ ਕਰਨ ਵਾਲੀਆਂ ਬਰਛੀਆਂ ਅਰ ਨੇਜ਼ਿਆਂ ਕੀਆਂ ਭੇਜ ਨੋਕਾਂ ਜੰਗੀ ਸੂਰਮਿਆਂ ਦੀਆਂ ਪਸਲੀਆਂ ਨੂੰ ਛੇਦ ਦੀਆਂ ਹੋਈਆਂ ਦਿਖਾਈ ਦੇਂਦੀਆਂ ਹਨ ਆਹ ! ਸੈਨਾਂ ਪਛਿ ਧੂਮਰ ਦੇ ਸਿਰਤੇ ਅੰਗਦ ਨੇ ਇਕ ਇਸ ਪ੍ਰਕਾਰ ਗੁਰਜ ਦਾ ਵਾਰ ਕੀਤਾ ਕਿ ਵਿਚਾਰਾ ਸਹ ਨਾ ਸਕਿਆ ਅਰ ਪਟੜੇ ਸਮਾਨ ਪੜਾਖ ਕਰਦਾ ਧਰਤੀ ਤੇ ਡਿਗ ਪਇਆ ਇਸਨੂੰ ਡਿਗ ਦਿਆਂ ਦੇਖ ਰਾਵਨ ਦੀ ਸੈਨਾਂ ਵਿਚ ਹਲ ਜੁਲੀ ਮਚ ਗਈ ਸਭਦੇ ਸਭ ਕ੍ਰੋਧ ਵਿਚ ਆ ਕੇ ਰਾਮਚੰਦ੍ਰ ਦੀ ਸੈਨਾਂ ਤੇ ਟੁਟ ਪਏ ਆਹ ! ਮੇਘਨਾਥ ਅਰ ਪਰਹਸਤ ਨੂੰ ਦੇਖੀਏ ! ਕਿਹੇ ਜੋਸ਼ ਵਿਚ ਆਕੇ ਬਾਨਰੀ ਸੈਨਾਂ ਨੂੰ ਕਟ ਰਹੇ ਹਨ ਅੰਗਦ ਬਿਚਾਰਾ ਭਾਵੇਂ ਘਾਇਲ ਹੋਕੇ ਲਹੁਓ ਲੁਹਾਨ ਹੋਇਆ ਹੋਇਆ ਹੈ ਪਰ ਫੇਰ ਭੀ ਲੰਕੇਸ਼ ਸੈਨਾਂ ਨੂੰ ਪੂਰਨ ਜਵਾਬ ਦੇਨ ਵਿਚ ਰਤੀ ਭੀ ਫਰਕ ਨਹੀਂ ਕਰਦਾ ਬਹਾਦਰ ਹਨੂਮਾਨ ਜੋ ਨਿਕੁੰਭ ਨਾਲ ਲੜ ਰਿਹਾ ਸੀ ਅੰਗਦ ਤੇ ਸ਼ਤ੍ਰੂ ਨੂੰ ਪ੍ਰਬਲ ਦੇਖ

Original with:
Language Department Punjab
Digitized by:
Panjab Digital Library

ਅਤਿ ਕ੍ਰੋਧ ਹੋ ਗਇਆ ਸਾਮਵੰਤ ਨੂੰ ਇਸਦੇ ਸਾਮਨੇ ਛਡ ਨਲ ਅਰ ਨੀਲ ਨੂੰ ਨਾਲ ਲੈ ਕਾਲ ਭਗਵਾਨ ਦੀ ਨਿਆਈਂ ਮੇਘਨਾਦ ਆਦਿਕ ਤੇ ਜਾ ਟੁਟਿਆ । ਉਨਾਂ ਨੂੰ ਵਧ ਦਿਆਂ ਦੇਖ ਸਭ ਦੇ ਹੌਸਲੇ ਵਧ ਗਏ ਆਪ ਬਹਾਦਰੀ ਤੇ ਸੂਰਮਤਾਈ ਦੇ ਨਸ਼ੇ ਵਿਚ ਅਜਿਹੇ ਮਤੇ ਗਏ ਕਿ ਇਨਾਂ ਨੂੰ ਓਹ ਮੁਸ਼ਾਲਾਂ ਜੋ ਚਾਨਨ ਦਾ ਕੰਮ ਦੇ ਰਹੀਆਂ ਸਨ ਨੇਜੇ ਅਰ ਬਰਛੀਆਂ ਦਾ ਕੰਮ ਦੇਨ ਲਗੀਆਂ । ਸਾਡੇ ਨਾਵਲ ਦੇ ਅਗੂ ਮਹਾਂਬੀਰ ਹਨੁਮਾਨ ਨੇ ਇਨਾਂ ਦਾ ਐਨਾਂ ਵਿਧਿਆ ਹੋਇਆ ਜੋਸ਼ ਦੇਖ ਉਚੀ ਪੁਕਾਰ ਕੇ ਕਿਹਾ ਨਿਸੰਦੇਹ ਸਾਨੂੰ ਐਸ ਵੇਲੇ ਚਾਨਨ ਦੀ ਲੋੜ ਕੋਈ ਨਹੀਂ ਚਮਕਦਾਰ ਬੀਰਾਂ ਦੇ ਫਲਟੇ, ਬਾਨਾਂ ਦੀਆਂ ਮੁਖੀਆਂ, ਅਰ ਭਲਵਾਹਾਂ ਦੀਆਂ ਧਾਰਾਂ ਹੀ ਚਾਨਣ ਲਈ ਬਹੁਤ ਹਨ ਇਹੀ ਸਾਡੇ ਰਾਤ੍ਰੀ ਦੇ ਦੀਵੇ ਹਨ ਬਹਾਦਰੋ ! ਉਨਾਂ ਅਧਰਮੀਆਂ ਨਿਪੁੰਸਕਾਂ ਦੀ ਜੋ ਧਰਮ ਤੋਂ ਭਿਰੇ ਹੋਏ ਹਨ ਤੁਹਾਡੇ ਸਾਹਮਨੇ ਕੀ ਸ਼ਕਤੀ ਹੈ ਮਾਰੋ!ਮਾਰੋ !! ਇਨਾਂ ਨੇ ਬਾਨਰ ਲੋਗਾਂ ਵਿਚ ਇਕ ਨਵੀਨ ਅਤੀਵ ਸ਼ਕਤੀ ਉਤਪੰਨ ਕਰ ਦਿਤੀ ਅਰ ਓਹ ਅਗੇ ਵਧਕੇ ਮਹਾਂ ਭਯਾਨਕ ਸੰਗ੍ਰਾਮ ਕਰਨ ਲਗੇ। ਇਕ ਪਲ ਭਰ ਵਿਚ ਮ੍ਰਿਤ੍ਯੂ ਦੇ ਢੇਰਾਂ ਦੇ ਢੇਰ ਲਗ ਗਏ ਹਨੁਮਾਨ ਅਰ ਮੇਘਨਾਥ ਦੀ ਦੁ ਬਦੁ ਹਥੋਂ ਪਾਈ ਲੜਾਈ ਹੋਨ ਲਗ ਪਈ ਚਿਰ ਤੀਕ ਆਪਸ ਵਿਚ ਲੜਦੇ ਰਹੇ ਅਰ ਕੋਈ ਭੀ ਇਕ ਦੂਜੇ ਦੇ ਪ੍ਰਬਲ ਨਾ ਆ ਸਕਿਆ ਮੇਘਨਾਥ ਦੀ ਇਹ ਚਤ੍ਰਤਾ ਸੋਭਾ ਇਨੀਯ ਹੈ ਕਿ ਰਣਭੂਮੀ ਵਿਚ ਅਜੇ ਹੁਨ ਤਾਂ ਹਨੁਮਾਨ ਨਾਲ ਯੁਧ ਕਰ ਰਿਹਾ ਸੀ ਕਿ ਹੁਨ ਨਜਰੋਂ ਕਿਧੇ ਅਲੋਪ ਹੋਇਆ ਅਰ ਪ੍ਰਹਸਤ ਸਾਮਨਾ ਕਰਦਾ ਹੋਇਆ ਦਿਖਾਈ ਦਿਤਾ ਇਸ ਵੇਲੇ ਮੇਘਨਾਥ ਨੂੰ ਓਥੇ ਨਾ ਦੇਖ ਕੇ ਸਭ ਨੂੰ ਨਿਸ਼ਚਯ ਹੋ ਗਇਆ ਕਿ ਓਹ ਨਸ ਗਇਆ ਹੈ ਅਰ ਰਾਕਸ਼ਾਂ ਦੇ ਪੈਰ ਉਖੜ ਦੇ ਹੋਏ ਦਿਖਾਈ ਦੇਨ ਲਗੇ ਇਸ ਲਈ ਇਹ ਲੋਕ ਤਾਂ ਇਨਾਂ ਦਾ ਪਿਛਾ ਕਰਨ ਵਿਚ ਰਹੇ ਅਰ ਉਧਰ :-

ਮੇਘਨਾਥ ਨੇ ਅਜਿਹੀ ਚਲਾਕੀ ਕੀਤੀ ਕਿ ਬਿਵਾਨ ਵਿਚ

Original with
Language Department Punjab
Digitized by
Panjab Digital Library

ਬੈਠ ਉਸ ਜਗਾਂ ਤੇ ਪਹੁਚਾ ਜਿਥੇ ਮਹਾਰਾਜਾ ਰਾਮਚੰਦ੍ ਅਰ ਲਛਮਨ ਆਦਿਕ ਬਸ੍ ਦਰਿਸ਼ਟ ਨਾਲ ਜੋ ਰਾਵਨ ਦਾ ਇਕ ਮੁਖੀਆ ਸੈਨਾਂ ਪਤਿ ਲਡ਼ ਰਹੇ ਸੇ ਅਰ ਝਟਾ ਝਟ ਤੀਰਾਂ ਦੇ ਵਾਰ ਕਰਨ ਆਰੰਭ ਕਰ ਦਿਤੇ ਭਾਵੇ ਇਹ ਭ੍ਰਾਤਾ ਸੁਗ੍ਰੀਵ ਸੁਖੇਨ ਅਰ ਭਭੀਖਨ ਆਦਿਕ ਸਮੇਤ ਹਰ ਇਕ ਤੀਰ ਦਾ ਪੂਰਾ ਪੂਰਾ ਜਵਾਬ ਦੇ ਰਹੇ ਹਨ ਪ੍ਰੰਤੂ ਬਹਾਦਰ ਮੇਘਨਾਥ ਦਿਆਂ ਤੀਰਾਂ ਨੇ ਇਨਾਂ ਸਭਨਾਂ ਨੂੰ ਚਕ੍ਰਿਤ ਵਿਚ ਪਾ ਰਖਿਆ ਹੈ ਕਿਉ ਕਿ ਸ਼ਤ੍ਰੂ ਦਾ ਕੁਝ ਨਿਸ਼ਾਨ ਮਲੂਮ ਨਹੀ ਹੁੰਦਾ ਕਿ ਕਿਥੋਂ ਵਾਰ ਕਰ ਰਿਹਾ ਹੈ ਅੰਤ ਨੂੰ ਬਡ਼ੀ ਢੂਢਭਾਲ ਦੇ ਪਿਛੋਂ ਭਭੀਖਨ ਨੇ ਕਿਹਾ ॥

॥ ਚੌਪਈ ॥

ਮੇਘਨਾਥ ਕਪਟੀ ਬਹੁ ਭਾਰੀ ।
ਛਲੀ ਫਰੇਬੀ ਅਰ ਮਕਾਰੀ ॥
ਬਚਨਾ ਧੋਖੇ ਤੋਂ ਮਹਾਰਾਜ ।
ਜਾਦੂ ਟੂਨਾ ਕਰੇ ਅਕਾਜ ॥
ਸਮਝ ਸੋਚ ਕਰ ਚਲਨਾ ਪਿਆਰੈ ।
ਕੰਮ ਕਾਜ ਤਦ ਥਲਨਾ ਸਾਰੈ ।
ਇਹ ਧੋਕੇ ਬਾਜ ਛਲੀਆ ਅਤਿ ਰਾਜ ।
ਬਿਨਤੀ ਕਰੇ ਭਭੀਖਨ ਦਾਸ ॥

ਇਸ ਵਿਚ ਰਤੀ ਸੰਦੇਹ ਨਹੀਂ ਕਿ ਆਸ਼ਿਹੀ ਅਸਾਧਾਰਨ ਬੀਘ੍ਰਤਾ ਇਕ ਮਾਤ੍ਰ ਮੇਘਨਾਥ ਦਾ ਕ੍ਰੋਧ ਸੀ । ਮਹਾਰਾਜਾ ਰਾਮਚੰਦ੍ ਨੇ ਇਹ ਸੁਨਕੇ ਅਗਿਨ ਬਾਨ ਕਮਾਨ ਤਾਨ ਕੇ ਛਡਿਆਂ ਜੋ ਬਿਜਲੀ ਕੀ ਨਿਆਈ ' ਚਮਕ ਦਾ ਹੋਯਾ ਕਡ਼ ੨ ਕਰਦਾ ਧਨੁਖ

Original with:
Language Department Punjab
Digitized by:
Panjab Digital Library

ਤੋਂ ਨਿਕਲ ਅਰ ਉਚੇ ਪਹੁਚ ਦਿਨ ਪ੍ਰਕਾਸ਼ ਦੀ ਨਿਆਈ ਉਜਾ-
ਲਾ ਦਿਖਾਕੇ ਭਭੀਖਨ ਦੇ ਕਥਨਦੀ ਸਾਖੀ ਦੇ ਗਇਆ ਪਰ ਇਸ
ਵੇਲੇ ਵਿਚ ਮੇਘਨਾਥ ਨੇ ਦੋ *ਸਰਪ ਨਾਮੇ ਤੀਰ ਉਤੋ ਥਲੀ
ਧਨੁਖ ਤੋਂ ਛਡੇ ਭਾਵੇਂ ਇਨਾਂ ਸੁਰਮਿਆਂ ਨੇ ਅਪਨੇ ਬਚਾ ਲਈ
ਕਿਨੇ ਹੀ ਉਪਾਉ ਕੀਤੇ ਪਰ ਫੇਰ ਭੀ ਦੋਵੇਂ ਪਸਲੀਆਂ ਜਖਮੀ ਹੋ
ਹੀ ਗਈਆਂ ਅਰ ਥੋੜੇ ਹੀ ਚਿਰ ਵਿਚ ਬੇਸੁਧ ਹੋ ਗਏ ਇਨਾਂ ਨੂੰ
ਇਸ ਦਿਖਾ ਵਿਚ ਦੇਖੜੇ ਸੁਗ੍ਰੀਵ ਨੇ ਸਭ ਤੋਂ ਪਹਿਲਾਂ ਜੋ ਕੰਮਕੀਤਾ
ਓਹ ਇਹਸਾ ਕਿ ਇਨਾਂ ਨੂੰ ਵਿਸ਼੍ਰਮਸਥਾਨ ਵਿਚ ਲੈ ਗਇਆ
ਭਭੀਖਨ ਅਰ ਸੁਖੈਨ ਨੇ ਤੀਰ ਅੰਦਾਂਸੀ ਦੇ ਓਹ ਕਰਤਬ
ਦਿਖ਼ਾਏ ਕਿ ਜੇਕਰ ਮੇਘਨਾਥ ਓਥੋਂ ਨਸ ਨਾ ਜਾਂਦਾ ਤਾਂ ਇਸਦੀ
ਜਾਨ ਬਚਨੀ ਭੀ ਕਠਨਸੀ ਉਧਰ ਜਦ ਸਾਡਾ ਬਹਾਦਰ ਸਰਨੈਲ
ਨਲ ਅਰ ਨੀਲ ਆਦਿਕ ਰਾਵਨ ਦੀ ਫੌਜ ਨੂੰ ਹਰਾ ਕੇ ਮੁੜਕੇ
ਆਏ ਤਾਂ ਮਹਾਰਾਜਾ ਰਾਮਚੰਦ੍ ਲਛਮਨ ਜੀ ਦੀ ਇਹ ਦਿਸ਼ਾ
ਦੇਖ ਕੇ ਅਤਿ ਚਿੰਤਾਤੁਰ ਹੋਏ ਇਸ ਵੇਲੇ ਸਾਰੇ ਸਰਦਾਰ ਬਿਆਸ
ਦਿਸ਼ਾ ਵਿਚ ਚਿੰਤਾਵਾਨ ਮੁੰਹ ਬਨਾਏ ਘੇਰਾ ਪਾਈ ਮਹਾਰਾਜਾ
ਰਾਮਚੰਦ੍ ਅਰ ਲਛਮਨ ਦੇ ਆਲੇ ਦੁਆਲੇ (ਜੋ ਬੇਸੁਧ ਪਏ
ਹੋਏ ਹਨ) ਰੁਦਨ ਕਰਦੇ ਹੋਏ ਬੈਠੇ ਹਨ ਅਰ ਹਰ ਇਕ ਦੇ ਮੁਖ
ਤੋਂ ਉਦਾਸੀਨਤਾ ਪ੍ਰਕਾਸ਼ ਹੋ ਰਹੀ ਹੈ ॥

ਭਭੀਖਨ–(ਜਖਮ ਨੂੰ ਧਿਆਨ ਨਾਲ ਦੇਖਕੇ) "ਈਸ਼੍ਵਰ ਨੂ
ਥੜੀ ਕ੍ਰਿਪਾ ਕੀਤੀ ਹੈ ਕਿ ਇਨਾਂ ਦੇ ਜਖ਼ਮ ਕੁਝ ਅਜਿਹੇ ਗਹਿਰ
ਅਰ ਭਯਾਨਕ ਸੰਦੇਹ ਮਯ ਨਹੀਂ ਹਨ "

ਹਨੁਮਾਨ–ਮਹਾਰਾਜ ! " ਤਾਂ ਕੀ ਕਾਰਨ ਹੈ ਕਿ ਐਂਨੀ
ਬੇਦੋਸ਼ੀ ਅਰ ਬੇਸੁਧੀ ਪਈ ਹੋਈ ਹੈ "

ਭਭੀਖਨ–"ਇਹ ਕੇਵਲ ਤੀਰਾਂਦੇ ਜ਼ਹਰ ਦਾ ਫਲ ਹੈ

---

*ਇਕ ਪ੍ਰਕਾਰ ਦੇ ਤੀਰ ਸਨ ਜਿਨਾਂ ਦੇ ਫਲ ਸਪਾਂ ਦੇ
ਮੁਹਾਂ ਦੇ ਨਿਆਈ ਬਨੇ ਹੋਏ ਸਨ ॥

Original with
Language Department Punjab
Digitized by:
Panjab Digital Library

ਸੋ ਦੇਖੋ ! ਹੁਨੇ ਇਲਾਸ ਹੋ.ਜਾਂਦਾ ਹੈ ਇਹ ਕਿਹਾ ਅਰ ਅਪਨੇ ਮੰਤ੍ਰੀ ਨੂੰ ਨੁਝ ਸੈਨਤ ਕੀਤੀ ਸਿਸਨੇ ਛੇਤੀ ਨਾਲ ਇਕ ਬੂਟੀ ਲਿਆ ਦਿਤੀ। ਸੋ ਦੇਖੀਏ ! ਦੋਹਾਂ ਭਰਾਵਾਂ ਦੇ ਸਖਮਾਂ ਤੇ ਲਾ ਰਿਹਾ ਹੈ ਅਰ ਭਭੀਖਨ ਇਸਨੂੰ ਪਾਣੀ ਵਿਚ ਘੋਲ ਰਿਹਾ ਹੈ ਕਿ ਰੋਗੀਆਂ ਨੂੰ ਪਿਆਵੇ ਇਸ ਬੂਟੀ ਦੇ ਵਰਤਾਓ ਨਾਲ ਸਖ਼ਮਾਂ ਵਿਚ ਤਤਕਾਲ ਠੰਡਕ ਆ ਗਈ ਥੋੜੇ ਚਿਰ ਵਿਚ ਹੀ ਦੋਵੇਂ ਭਾਈ ਉਠਕੇ ਬਹ ਗਏ ਅਰ ਭਭੀਖਨ ਅਰ ਸੁਗ੍ਰੀਵ ਨੂੰ ਅਪਨੀ ਵਲ ਸਨਮੁਖ ਕਰਕੇ ਕਹਨ ਲਗੇ ॥

‘ ਆਹ ! ਮਲੂਮ ਨਹੀਂ ਇਸ ਤੀਰ ਵਿਚ ਕੀ ਜਾਦੂ ਸੀ ਕਿ ਲਗਦਿਆਂ ਹੀ ਸ਼ਰੀਰ ਵਿਚ ਜਲਨ ਹੋਨ ਲਗ ਪਈ ਅਰ ਬੇਹੋਸ਼ੀ ਤੇ ਏ ਸੁਧਤਾ ਉਤਪੰਨ ਹੋ ਗਈ ਮੈਂ ਬਤੇਰਾ ਅਪਨੇ ਆਪ ਨੂੰ ਸੰਭਾਲਿਆ ਪ੍ਰੰਤੂ ਸਭ ਬੇ ਅਰਥ–

ਭਭੀਖਨ–ਮਹਾਰਜਾ ! ਇਸ ਦੁਸ਼ਟ ਮੇਘਨਾਥ ਦਾ ਇਹੋ ਕੰਮ ਹੈ ਕਿ ਧਰਮ ਯੁਧ ਤਾਂ ਜਾਨਦਾ ਹੀ ਨਹੀਂ ਬਸ ! ਜਿਥੇ ਦੂਜੇ ਨੂੰ ਪ੍ਰਬਲ ਬੇਗ ਦੇਖਿਆ ਧੋਕੇ ਬਾਸੀ ਫਰੇਬ ਤੇ ਕਮਰ ਕਸ ਲਈ·

ਰਾਮਚੰਦ੍ਰ–“ ਬੜੇ ਸ਼ੋਕ ਦੀ ਗਲ ਹੈ ਕਿ ਇਹ ਲੋਕ ਗੱਲ ਗੱਲ ਵਿਚ ਆਧਰਮ ਕਰਦੇ ਹਨ ਇਨਾਂ ਨੂੰ ਪ੍ਰਲੋਕ ਦਾ ਕੁਝ ਭੀ ਖਿਆਲ ਨਹੀ”’

ਭਭੀਖਨ–ਜਦੋਂ ਮੰਦੇ ਭਾਗ ਹੁੰਦੇ ਹਨ ਤਾਂ ਇਹੋਗਲ ਹੁੰਦੀ ਹੈ ਅਰ ਬੁਧ ਮਲੀਨ ਹੋ ਜਾਂਦੀ ਹੈ ਧਰਮ ਆਧਰਮ ਦਾ ਕੁਝ ਵਿਚਾਰ ਨਹੀਂ ਰਹਿਦਾ ਕਿੰਉਂ ਕਿ ”

॥ ਦੋਹਰਾ ॥

ਮੰਦ ਭਾਗ ਹੋਵੈਂ ਜਭੀ ਬੁਧੀ ਹੋਤ ਮਲੀਨ। ਧਰਮ
ਅਧਰਮ ਨਾ ਜਨਤ ਹੈ ਮਦ ਮਾਤੇ ਜਿਓਂ ਦੀਨ ॥

Original with:
Language Department Punjab
Digitized by:
Panjab Digital Library

ਮਹਾਰਾਜਾ ਰਾਮਚੰਦ੍ ਅਰ ਲਛਮਨ ਨੰ ਆਰੋਗ੍ਯ ਵਿਅਸਥਾ ਵਿਚ ਦੇਖਕੇ ਸੈਨਾਂ ਪਤਿ ਅਰ ਹੋਰ ਸੈਨਾਂ ਆਦਿਕਦੀ ਜਾਨ ਵਿਚ ਜਾਨ ਆਗਈ ਅਰ ਸਾਰੀ ਛਾਉਨੀ ਵਿਚ ਖੁਸ਼ੀ ਦੇ ਨਾਰੇ ਵਜਨ ਲਗੇ ॥

(ਛਿਤਾਲੀਵਾਂ ਧਿਆਇ ॥)

ਤੀਜੀ ਲੜਾਈ !!! ਦੂਜਾ ਦਿਨ ! ਬਹਾਦਰ ਹਨੂਮਾਨ ਅਰ ਧੂਮਰ

ਦਿਨ ਦਾ ਪਹਿਲਾ ਪਹਿਰ ਬੀਤ ਚੁਕਾ ਹੈ ਧੁਪ ਦੀ ਤੇਜੀ ਹੌਲੀ ਹੌਲ ਵਧ ਰਹੀ ਹੈ ਸੂਰਜ ਦੀਆਂ ਛੀਖਨ ਕਿਰਨਾਂ ਇਨਾਂ ਬਹਾਦਰਾਂ ਦੀਆਂ ਤਲਵਾਰਾਂ ਤੇ ਜੋ ਮਦਾਨ ਜੰਗ ਵਿਚ ਬੜੀ ਬੇ ਦਰਦੀ ਨਾਲ ਇਕ ਦੂਜੇ ਤੇ ਵਾਰ ਕਰ ਰਹੇ ਹਨ ਪੈਕੇ ਅਤਿ ਭਜਾਨਕ ਦ੍ਰਿਸ਼ਜ ਪ੍ਰਗਟ ਕਰ ਰਹੀਆਂ ਹਨ ਦੋਵਾਂ ਪਾਸਿਆਂ ਦੀਆਂ ਸੈਨਾਂ ਇਸ ਵੇਲੇ ਕੁਝ ਅਜਿਹੇ ਜੋਸ਼ ਵਿਚ ਹਨ ਕਿ ਤਨ ਬਦਨ ਦੀ ਕੁਝ ਸੁਧ ਹੀ ਨਹੀ ਹਰ ਇਕ ਸਿਪਾਹੀ ਅਪਨੀ ਪ੍ਰੀਤ-ਗਜਾ ਪਾਲਨ ਲਈ ਲਗੇ ਹੋਏ ਹੋਏ ਹਨ-ਜੁਆਨ ਅਰ ਆਰੋਗਜ ਸੂਰਮਿਆਂ ਦੇ ਸ਼ੀਰ ਵਿਚੋਂ ਮੁੜਕਾ ਪਾਣੀ ਦੀ ਨਿਆਈਂ ਚਲ ਰਿਹਾ ਹੈ ਅਰ ਜਖਮੀਆਂ ਦੇ ਜਖਮ ਲਹੁ ਦੇ ਭੁਆਰੇ ਉਛਾਲ ਰਹੇ ਹਨ। ਪਰ ਇਹ ਲੋਕ ਸੰਗ੍ਰਾਮ ਕਰਨ ਦੀ ਧੁਨ ਵਿਚ ਅਜਿਹੇ ਤਤਪਰ ਹਨ ਕਿ ਇਨਾਂ ਗਲਾਂ ਦੀ ਕੁਝ ਭੀ ਪ੍ਰਵਾਹ ਨਹੀਂ ਕਰਦੇ ਅਰ ਬੜੀ ਸਾਵਧਾਨੀ ਨਾਲ ਇਕ ਦੂਜੇ ਤੇ ਵਾਰ ਕਰ ਰਹੇ ਹਨ ॥

ਬਹਾਦਰ ਹਨੂਮਾਨ ਅਪਨੀ ਫੌਜ ਦੀ ਕਮਾਨ ਬੜੀ ਬੁਧਮੰਤ

Original with:
Language Department Punjab
Digitized by:
Panjab Digital Library

ਨਾਲ ਕਰ ਰਿਹਾ ਹੈ। ਦਲੇਰੀ ਦਾ ਸਮੁੰਦ੍ਰ ਇਸਦੀ ਰਗ ਰਗ ਵਿਚ ਲਹਿਰਾਂ ਮਾਰ ਰਿਹਾ ਹੈ ਖੀਰਤਾ ਮੁੜਕਾ ਬਨਕੇ ਮਥੇ ਤੋਂ ਟਪਕ ਰਹੀ ਹੈ ਅਰ ਜੁਧ ਆਦਿਕ ਦ ਵਿਚਾਰ ਮਨ ਵਿਚ ਨਾਨਾ ਪ੍ਰਕਾਰ ਦੇ ਚਕਰ ਲਾ ਰਹੇ ਹਨ ਨਿਗਾਹ ਅਖਾਂ ਵਿਚੋਂ ਨਿਕਲ ਨਿਕਲ ਕੇ ਪਹਿਲੇ ਛਾਂ ਅਪਨੀ ਸੈਨਾਂ ਤੇ ਪੈਂਦੀ ਹੈ ਅਰ ਫੇਰ ਸ਼ਤ੍ਰੂ ਤੇ ਪੈਕੇ ਚਾਰੇ ਪਾਸੇ ਖਿਲਰ ਜਾਂਦੀ ਹੈ ॥

ਪਾਠਕ ਗਨ ! ਰਾਵਨ ਦੀ ਵਲੋਂ ਜਿਸ ਨੂੰ ਅਜ ਸੈਨਾਂ ਪਤਿ ਦਾ ਪਦ ਪ੍ਰਾਪਤ ਹੈ ਓਹ ਬਹਾਦਰ ਧੂਮਰ ਹੈ ਜੋ ਦੇਖੋ ! ਕਿਸ ਪ੍ਰਕਾਰ ਦਲੇਰੀ ਨਾਲ ਅਪਨੀ ਅਧੀਨ ਸੈਨਾਂ ਦਾ ਹੌਸਲਾਂ ਵਧਾ ਰਿਹਾ ਹੈ ਅਰ ਆਪ ਭੀ ਦੇਵਾਂਤਕ ਤੇ ਨਰਾਂਤਕ ਆਦਿਕ ਦੇ ਨਾਲ ਮਿਲਦਾ ਹੋਇਆ ਅਕਰਮਨ ਕਰ ਰਿਹਾ ਹੈ ਇਸ ਨੂੰ ਅਕਰਮਨ ਕਰਦਿਆਂ ਦੇਖਕੇ ਰਾਮਚੰਦ੍ਰ ਦੀ ਸੈਨਾਂ ਵਿਚ ਅਜਿਹਾ ਸ਼ੋਂਵਧ ਗਿਆ ਕਿ ਸਭਨੇ ਚੋਹਰੇ ਲਾਲੋ ਲਾਲ ਹੋ ਗਏ ਹਨ। ਇਹ ਦਿਸ਼ਾ ਦੇਖ ਕੇ ਸਾਡੇ ਬਹਾਦਰ ਨੇ ਇਸ ਜੋਰ ਨਾਲ ਨਾਰਾ ਮਾਰਿਆ ਕਿ ਆਕਾਸ਼ ਗੂੰਜ ਉਛਿਆ ਅਰ ਧਰਤੀ ਕੰਬਨ ਲਗ ਗਈ। ਓਧਰੋਂ ਜੰਗੀ ਵਾਜੇ ਬੜੇ ਜੋਰ ਸ਼ੋਰ ਨਾਲ ਸੁਰ ਮਧਰ ਨਾਲ ਵਜਨ ਲਗੇ ਅਰ ਦੇਖਦੇ ਦੇ ਦੇਖਦਿਆਂ ਅਜਿਹਾ ਘੋਰ ਜੁਧ ਹੋਨ ਲਗਾ ਕਿ ਅਜਤਕ ਦੇਖਨਾ ਤਾਂ ਇਕ ਪਾਸੇ ਰਿਹਾ ਕਦੀ ਕੰਨੀ ਭੀ ਨਹੀਂ ਸੁਨਿਆ ਸੀ ਸੂਰਮਿਆਂ ਦੀ ਹਲਜੁਲੀ ਨਾਲ ਅਜਿਹਾ ਮਹਾਂ ਭਯਨਕ ਅੰਧਘੋਰ ਛਾ ਗਿਆ ਕਿ ਅਪਨੀ ਤੇ ਖੜ੍ਹ ਦੀ ਪਹਿਚਾਨ ਭੀ ਨ ਹੋ ਸਕਦੀ ਸੀ ਅਤੇ ਅਜਹੀ ਨਿਰਦਈਤਾ ਨਾਲ ਤਲਵਾਰ ਚਲਨ ਲਗੀ ਕਿ ਛਿਨਮਾਤ੍ਰ ਵਿਚ ਕਈ ਸੂਰਮੇਆ ਨੇਖੇਦ ਵਿਚ ਆ ਤੜਪ ਤੜਪ ਕੇ ਪ੍ਰਾਨ ਦੇ ਦਿਤੇ ਹਜਾਰਾਂ ਧੜ ਬੇ ਸਿਰੇ ਵਖਰੇ ਪਏ ਹੋਏ ਹਨ ਅਰ ਸਿਰ ਖਿਦ੍ਰ ਦੀ ਨਿਆਈਂ ਏਧਰ ਓਧਰ ਰਿੜ ਰਹੇ ਹਨ ਧੂਮਰ ਸਾਂਡੇ ਬਹਾਦਰ ਦਾ, ਵਧਿਆ ਜੋਸ਼ ਦੇਖਕੇ ਕ੍ਰੋਧ ਵਿਚ ਮਤਨ ਹੋ ਉਸਤੇ ਆਕਰਮਨ ਦੋਹਾਂ ਨੇ ਇਕ ਦੂਜੇ ਤੇ ਅਨਗਿਨਤ ਤਲਵਾਰਾਂ ਦੇ ਵਾਰ ਕੀਤੇ ਇਥੋਂ ਤੀਕ ਕਿ ਦੋਹਾਂ ਦੇ ਸ਼ਰੀਰ ਲ=

Original with:
Language Department Punjab
Digitized by:
Panjab Digital Library

ਵਿਚ ਭਰ ਹੋ ਗਏ ਭਲਵਾਰਾਂ ਦੀਆਂ ਧਾਰਾਂ ਭੀ ਆਪੋ ਵਿਚ ਟਕਰਾਨ ਨਾਲ ਨਿਕੱਮੀਆਂ ਹੋ ਗਈਆਂ ਹੁਨ ਦੋਵੇਂ ਸੂਰਮੇ ਭਲਵਾਰਾਂ ਨੂੰ ਸੁਟ ਗੁਰਜਾਂ ਨਾਲ ਲੜਨ ਲਗ ਪਰ ਉਂਵੇ ਹੀ ਪੁਮਰਨੇ ਓਛਲ ਕੇ ਗੁਰਜ ਦਾ ਵਾਰ ਕਰਨਾ ਚਾਹਿਆ ਹਨੂਮਾਨ ਨੇ ਚਤੁਰਤਾ ਅਰ ਦਲੇਰੀ ਨਾਲ ਅਪਨੀ ਢਾਲ ਤੇ ਰੋਕ ਲਇਆ ਅਰ ਅਪਨਾ ਗੁਰਜ ਘੁਮਾ ਕੇ ਇਸ ਜੋਰ ਨਾਲ ਇਸ ਦੇ ਲੱਕ ਵਿਚ ਮਾਰਿਆ ਕਿ ਲੱਕ ਟੁਟ ਗਇਆਂ । ਹਡੀਆਂ ਚੂਰ ਚੂਰ ਹੋ ਗਈਆਂ ਅਰ ਓਹ ਬੇ ਸੁਧ ਹੋਕੇ ਪਟੜੇ ਦੀ ਨਿਆਈ ਧਰਤੀ ਤੇ ਡਿਗ ਪਇਆ ਅਰ ਅਜਿਹਾ ਡਿਗਾ ਕਿ ਦੁਬਾਰਾ ਉਠਨ ਦੀ ਅਵਸਰ ਨਾ ਮਿਲਿਆ ਨਿਰਾਂਤਕ ਅਰ ਦੇਵਾਂਤਕ ਆਦਿਕ ਬਹੁਤ ਸਾਰੇ ਪ੍ਰਿਥੀ ਇੰਦ੍ਰ ਜਾਨੋ ਅਰ ਗਵਾਚਾ ਦੇ ਹਥੋਂ ਪ੍ਰਲੋਕ ਗਮਨ ਹੋ ਕਾਲ ਭਗਵਾਨ ਦੀ ਭੇਟਾ ਹੋਏ ਬਸ ! ਫੇਰ ਕੀ ਸੀ ਰਾਵਨ ਦੀ ਸੈਨਾ ਦੇ ਹੌਸਲੇ ਟੁਟ ਗਏ ਅਰ ਬਿਨਾਂ ਪਿਠ ਦਿਖਾ ਜਾਨ ਤੋਂ ਹੋਰ ਕੋਈ ਵਸ ਨਾਂ ਚਲ ਸਕਿਆ ਅਰ ਮਹਾਰਾਜਾ ਰਾਮਚੰਦ੍ਰ ਜੀ ਦੀ ਸੈਨਾਂ ਖੁਸ਼ੀ ਦੇ ਨਾਰੇ ਮਾਰਦੀ ਮਾਰਦੀ ਛਾਉਨੀ ਨੂੰ ਮੁੜਕੇ ਆਈ ॥

(ਸੈਂਤਾਲੀਵਾਂ ਧਿਆਯ ॥)

---:o:---

ਤੀਜਾ ਦਿਨ ' ਜੁਧ ਬਹਾਦਰ ਹਨੂਮਾਨ ਅਰ ਬਜ੍ ਦਰੁਸ਼ਟ

ਸੂਰਜ ਦੇਵਤਾ ਦਾ ਆਗਮਨ ਸੁਨਕੇ ਚੰਦ੍ਰਮਾਂ ਮਹਾਰਾਜ ਸੈਸਾਰ ਨੂੰ ਸੋ ਰਾਜਪਦ ਦ੍ਰਿਸ਼ਟੀ ਨਾਲ ਦੇਖਦਾ ਹੋਇਆ ਚਲਿਆ। ਗਇਆਅਰ ਬਹਾਦਰ ਹਨੂਮਾਨ, ਅੰਗਦ,ਗਜ, ਗੋਈ ਅਰ ਜਾਮਵੰਤ

Original with:
Language Department Punjab
Digitized by:
Panjab Digital Library

ਆਦਿਕ ਅਪਨੀ ਅਧਨੀ ਅਪਨੀਸੇਨਾਂ ਦੇ ਨਾਲ ਰਣ ਭੂਮੀ ਵਿਚ ਆ ਬਿਰਾਜੇ। ਦੂਜੇ ਪਾਸਿਓਂ ਬਜ਼ਦਰੁਸ਼ਟ ਅਰ ਮਹਾਪਾਰਸ-ਮਹੋਦਰ-ਅਭਿਬੀਰ ਆਦਿਕ ਪਹੁੰਚ ਗਏ ਜੰਗਦਾ ਵਾਜਾ ਵਜਿਆ ਸੈਂਖ ਦੀਆਂ ਸੂਰਾਂ ਗੂੰਜਨ ਲਗੀਆਂ। ਜੰਗ ਦਿਆਂ ਵਜੰਤ੍ਰੀਆਂ ਨੇ ਜੋਸ਼ ਭਰੇ ਉਤਸਾਹ ਆਸਪਦ ਰਾਗ ਅਲਾਪਨੇ ਅਰੰਭ ਕਰ ਦਿਤੇ ਓਹੀ ਤਲਵਾਰਾਂ ਜੋ ਥੋੜਾ ਚਿਰ ਪਹਿਲੋਂ ਮਿਆਨਾਂ ਵਿਚ ਲੁਕੀਆਂ ਸਨ ਇਕ ਪਲ ਵਿਚ ਚਮਕ ਉਠੀਆਂ। ਧਨੁਖ ਤਨੇ ਗਏ ਨੇਜੇ ਨਿਊਂ ਗਏ ਸੂਰਮੇ ਅਗੇ ਵਧ ਵਧਕੇ ਇਕ ਦੂਜੇ ਤੇ ਹਮਲਾ ਕਰਨ ਲਗੇ ਅਰ ਬੜੇ ਜੋਰ ਸ਼ੋਰ ਨਾਲ ਯੁਧ ਹੋਨਾ ਆਰੰਭ ਹੋ ਗਇਆ ਸਾਡੇ ਮਹਾਂਬੀਰ ਸੈਨਾਪਤਿ ਬਹਾਦਰ ਦੀ ਸੈਨਾਂ ਅਗੇ ਤੋਂ ਵਧੀਕ ਹੌਸਲਾ ਦਿਖਾਨ ਲਗੀ। ਕੀ ਅਫਸਰ ਕੀ ਸਿਪਾਹੀ ਸਭ ਦੀਆਂ ਜੋਸ਼ ਭਰੀ ਦਲਰੀ ਨਾਲ ਲਾਲ ਹੋਈਆਂ ਹੋਈਆਂ ਦਿਸਨ ਲਗੀਆਂ ਖੂਨ ਰਗ ਰਗ ਵਿਚ ਜੋਸ਼ ਮਾਰ ਰਿਹਾ ਹੈ ਉਧਰ ਰਾਵਨ ਦੀ ਸੈਨਾਂ ਭੀ ਭਾਵੇਂ ਵਧ ਵਧਕੇ ਜੋਰ ਸ਼ੋਰਨਾਲ ਜੋਸ਼ ਮਾਰ ਦਿਖਾ ਰਹੀ ਹੈ ਅਰ ਛਾਤੀਆਂ ਵਧਾ ਵਧਾਕੇ ਸਾਮ੍ਹਨਾ ਕਰ ਰਹੀ ਹੈ ਪ੍ਰੰਤੂ ਇੰਨਾਂ ਵਿਚ ਓਹ ਤੇਜੀ ਫੁਰਤੀ ਚੁਸਤੀ ਅਰ ਚੜ੍ਹਤਾ ਕਦਾਚਿਤ ਨਹੀਂ ਪਾਈ ਜਾਂਦੀ ਜੋ ਇਕ ਸੂਰਮੇ ਸਿਪਾਹੀ ਵਿਚ ਹੋਨੀ ਚਾਹੀਦੀ ਹੈ ਇਸਤੇ ਇਨਾਂ ਦੇ ਦਿਲ ਮਾਰੇ ਭਜ ਦੇ ਦਬੇ ਹੋਏ ਅਰ ਸਰੀਰ ਢਿਲੇ ਪਏ ਗਏ ਹੋਏ ਹਨ। ਜ ਪ੍ਰਾਇਆ ਦੇ ਤਿੰਨਾਂ ਦਿਨਾਂ ਦੀ ਉਤੋਂ ਥਲੀ ਦੀ ਹਾਰ ਅਰ ਬਹਾਦਰ ਧੂਮਰ ਦਾ ਪ੍ਰਲੋਕ ਗਮਨ ਹੋ ਜਾਨੇਦਾ ਫਲਹੈ ਅਰ ਇਸੇ ਗਲਨੇ ਇਨਾਂ ਦੇ ਹੌਸਲਿਆਂ ਨੂੰ ਢਾਇਆ ਹੋਇਆ ਹੈ ਜਿਵੇਂ ਬਹਾਦਰ ਬਜ਼ਦਰੁਸ਼ਟ ਨੇ ਇਨਾਂ ਦੀ ਦਿਸ਼ਾਨੂੰ ਦੇਖਯਾ ਤਤਕਾਲ ਘੋੜੇ ਨੂੰ ਅਡੀ ਲਾਕੇ ਇਨਾਂ ਦੇ ਕੋਲ ਪਹੁੰਚਿਆ ਕੁਝ ਅਜਿਹੇ ਜੋਸ਼ ਭਰੇ ਸ਼ਬਦ ਜਬਾਨ ਤੇ ਲਿਆਯਾ ਕਿ ਉਨਾਂ ਦੀਆਂ ਤਲਵਾਰਾਂ ਜ ਲੁਕ ਰ ਕੇ ਚਲ ਰਹੀਆਂ ਸਨ ਬਿਜਲੀਆਂ ਬਨ ਬਨ ਕੜਕ ਕੇ ਸੂਰਮਿਆਂ ਦੇ ਸ਼ੀਰਾਂ ਤੇ ਪੈਨ ਲਗੀਆਂ ਪਲ ਦੀ ਪਲ ਵਿਚ ਲਹੂ ਦੀਆਂ ਨਦੀਆਂ ਵਗਨ ਲਗ ਪਈਆਂ ਮ੍ਰਿਤਕ ਯੋਧਿਆਂ ਦੇ ਢੇਰਾਂ ਦ ਢੇਰਾ ਲਗ ਗਏ ਇਕ ਪਲ ਵਿਚ ਪ੍ਰਲਜ ਦਾ ਭਜਾਨਕ

Original with:
Language Department Punjab
Digitized by:
Panjab Digital Library

ਦ੍ਰਿਸ਼ਯ ਦਿਖਾਈ ਦੇਨ ਲਗਾ ਆਹਾ! ਬਹਾਦੁਰ ਅੰਗਦ ਅਰ ਬਜ਼ ਦੂਸ਼ਟ ਦਾ ਸਾਮਨਾ ਹੋ ਪਇਆ ਚਿਰ ਕਾਲ ਤੀਕ ਇਕ ਦੂਜੇ ਤੋਂ ਤੀਰਾਂ ਦੀ ਵਰਖਾ ਕਰਦੇ ਰਹੇ ਇਥੋਂ ਤੀਕ ਕਿ ਦੋਹਾਂ ਦੇ ਸ਼ੀਰ ਛਾਨਨੀ ਦੀ ਨਿਆਈਂ ਹੋ ਗਏ ਤਰਕਸ਼ਾਂ ਨੇ ਜਵਾਬ ਦੇ ਦਿਤਾ ਤਾਂ ਭੀ ਇਨਾਂ ਸੂਰਮਿਆਂ ਨੇ ਹਠ ਨੂੰ ਨਾ ਛਡਿਆਂ ਹੁਨ ਤਲਵਾਰਾਂ ਸੂਤ ਸੂਭਕੇ ਇਕ ਦੂਜੇ ਤੇ ਵਾਰ ਕਰ ਰਹੇ ਹਨ ॥

ਉਫ਼ ! ਬਜ਼ਦੂਸ਼ਟ ਦੀ ਤਲਵਾਰ ਇਸ ਦਲੇਰੀ ਅਰ ਸੂਰਮਤਾਈ ਨਾਲ ਚਲ ਰਹੀ ਹੈ ਕਿ ਅੰਗਦ ਨੂੰ ਬਿਨਾਂ ਇਸਦੇ ਕਿ ਅਪਨੇ ਆਪਨੂੰ ਅਭਿਰਿਛਤ ਰਖੇ ਪਹਿਲੇ ਵਾਰ ਕਰਨ ਦਾ ਅਵਸਰ ਹੀ ਨਹੀਂ ਦੇਂਦਾ ਨੇੜੇ ਹੀਸੀ ਕਿ ਬੇਸੁਧ ਹੋ ਧਰਾਤਲ ਤੇ ਡਿਗ ਪਵੇ ਕਿ ਸਾਡੇ ਬਹਾਦਰ ਜਰਨੈਲ ਦੀ ਨਿਗਾਹ ਜੋ ਮਹਾਪਾਰਸ ਨਾਲ ਲੜ ਰਿਹਾ ਸੀ ਇਸ ਪਾਸੇ ਜਾ ਪਈ ਤਤਕਾਲ ਧਨੁਖਬਾਨ ਚੜ੍ਹਾ ਇਕ ਅਜਿਹਾ ਬਾਨ ਬਜ਼ਦੂਸ਼ਟ ਨੂੰ ਮਾਰਿਆ ਕਿ ਇਸ ਦੀਆਂ ਪਸਲੀਆਂ ਚੀਰਦਾ ਹੋਇਆ ਪਾਰ ਨਿਕਲ ਗਇਆ ਅਰ ਆਪ ਇਸ ਪ੍ਰਕਾਰ ਜੋਰ ਨਾਲ ਲਲਕਾਰਦਾ ਤੇ ਨਾਰੇ ਮਾਰਦਾ ਹੋਇਆ ਸ਼ਤ੍ਰੂ ਤੇ ਜਾ ਟੁਟਿਆ ਕਿ ਦੇਖਨ ਸੁਨਨ ਵਾਲਿਆਂ ਦੇ ਕਲੇਜੇ ਦਹਿਲ ਗਏ ਦਿਲ ਧੜਕ ਗਏ ਹਰਾਨ ਪਰੇਸ਼ਾਨ ਹੋਏ ਇਸਦੀ ਵਲ ਤਕ ਹੀ ਰਹੇ ਸਨ ਕਿ ਸਾਡੇ ਬਹਾਦਰ ਨੇ ਬੜੇ ਜੋਰ ਸਹਿਤ ਗੁਰਜ ਦਾ ਵਾਰ ਬਜ਼ਦਦੂਸ਼ਟ ਤੇ ਕੀਤਾ ਬਜ਼ਦੂਸ਼ਟ ਵਚਾਰਾ ਪਹਿਲੇ ਤੀਰ ਲਗਨ ਨਾਲ ਜ਼ਖਮੀ ਹੋਇਆ ਸੀ ਇਸਦੇ ਸਿਹਾਰਨ ਦੀ ਤਾਬ ਨਾ ਲਿਆ ਸਕਿਆ ਅਰ ਬੇਹੋਸ਼ ਹੋਕੇ ਘੋੜੇ ਤੋਂ ਡਿਗ ਪਇਆ। ਬਜ਼ਦੂਸ਼ਟ ਦੀ ਇਹ ਦਿਸ਼ਾ ਦੇਖਕੇ ਮਹਾਪਾਰਸ ਅਰ ਅਤਿਬੀਰ ਆਦਿਕ ਕ੍ਰੋਧ ਵਿਚ ਆਗਏ ਅਰ ਅਤਿਭਯਾਨਕ ਸੰਗ੍ਰਾਮ ਹੋਨ ਲਗੀ ਗੁਰਜ ਅਰ ਨੇਜਿਆਂ ਨੇ ਅਪੂਰਬਿਕ ਬੇਗ ਧਾਰਨ ਕੀਤਾ ਤਲਵਾਰਾਂ ਅਰ ਬਰਛੀਆਂ ਨ ਪੂਲਨ ਲਿਆ ਦਿਤੀ ਤੀਰਾਂ ਦੀ ਬਰਖਾਂ ਨਾਲ ਰਜ ਦੀਆਂ ਤੀਖਨ ਕ੍ਰਿਨਾਂ ਭ ਮਧਮ ਪਏ ਗਈਆਂ ਬਹਾਦਰ ਗੁ-ਗੋਈ ਅਰ ਜਾਮਵੰਤ ਲਲਕਾਰ

Original with:
Language Department Punjab
Digitized by:
Panjab Digital Library

Missing Page

Original with:
Language Department Punjab
Digitized by:
Panjab Digital Library

ਕਰ ਦਿਤੀ ਪ੍ਰਾਤਾਕਾਲ ਹੁੰਦਿਆਂ ਹੀ ਉਸਨੇ ਅਨੁਕੰਪਨ ਅਰ ਮਹਾਪਾਰਸ ਨੂੰ ਅਨਗਿਨਤ ਸੈਨਾਂ ਦੇਕੇ ਰਨਭੂਮੀ ਵਿਚ ਤੋਰਿਆ ਅਰ ਓਧੋਂ ਗੰਧਮਾਦਨ ਅਰ ਸੁਗ੍ਰੀਵ ਅਰ ਬਹਾਦਰ ਜਰਨੈਲ ਹਨੂਮਾਨ ਭੀ ਬੀਰ ਸੈਨਾਂ ਲੈ ਕਰਕੇ ਪਹੁੰਚ ਗਏ। ਯੁਧਦਾ ਫਰੇਰਾ ਪਵਨ ਵਿਚ ਉਡਦਾ ਦਿਖਾਈਦੇਨ ਲਗਾ ਜੰਗੀ ਵਾਜੇ ਦੀ ਜੋਸ਼ ਭਰੀ ਆਵਾਜ਼ ਗੂੰਜ ਕ ਕੇ ਸੂਰਮਿਆਂ ਦਾਜੋਸ਼ ਵਧਾਓ'ਨ ਲਗੀ ਜਿਸਨੂੰ ਸੁਨਕੇ ਅਧਿਕ ਧੀਰਜ ਵਿਲੰਬਨ ਦੀ ਸ਼ਕਤਿ ਨਾ ਰਖ ਕੇ ਦੋਹੀ ਪਾਸੀ ਲੜਾਈ ਸ਼ੁਰੂ ਹੋਗਈ ਕਰਤਬ ਦਾਰ ਤਲਵਾਰਾਂ ਬੜੀ ਫਰਤੀ ਤੁਰਤੀ ਨਾਲ ਚਮਕ ਚਮਕ ਕੇ ਲਹੂ ਨਾਲ ਭਰ ਹੋਗਈਆਂ ਜਾਨਮਾਰ ਲਹੂ ਤ੍ਰਿਖਾਵੰਤ ਨੇਜਿਆਂ ਨੇ ਸੂਰਮਿਆਂ ਦੇ ਸਿਰਾਂ ਨੂੰ ਉਛਾਲਨਾਂ ਆਰੰਭ ਕੀਤਾ ਅਰ ਬੇ ਤਰਸ ਬਰਛੀਆਂ ਉਨਾਂ ਦੀਆਂ ਪਕੀਆਂ ਹਡੀਆਂ ਨੂੰ ਵਿੰਨ ੨ ਚੂਰ ੨ ਕਰਨ ਲਗੀਆਂ ਆਹਾ! ਬਹਾਦੁਰ ਅਨੁਕੰਪਨ ਨੂੰ ਦੇਖੀਏ!! ਕਿਆ ਅਦਭੁਤ ਵਿਸਮਾਦਿਕ ਕਰਤਬ ਦਿਖਾ ਰਿਹਾ ਹੈ। ਕਿ ਇਸ ਦਾ ਇਕ ੨ ਤੀਰ ਭੀ ਸ਼ਤ੍ਰੂਆਂ ਦੇ ਬਹਾਦਰਾਂ ਨੂੰ ਜਖਮ ਕਰਦਾ ਹੋਇਆ ਪਾਰ ਹੋ ਰਿਹਾ ਹੈ। ਓਧਰੋਂ ਗੰਧਮਾਦਨ, ਸੁਖੈਨ ਅਰ ਹਨੂਮਾਨ ਨੇ ਭੀ ਇਨਾਂਦਾ ਪੂਰਨ ਪੂਰਨ ਉਤ੍ਰ ਦੇ ਕੇ ਜਾਨ ਨਕ ਵਿਚ ਲਿਆ ਦਿਤੀ ਹੋਈ ਹੈ। ਭਾਵ ਇਹ ਕਿ ਓਹ ਵੇਲਾ ਹੈ ਜਦ ਹਰ ਇਕ ਸਿਪਾਹੀ ਦੇ ਦਿਲ ਵਿਚ ਇਹੀ ਜੋਸ਼ ਉਤਪੰਨ ਹੋ ਰਿਹਾ ਹੈ ਕਿ ਜਿਸ ਪ੍ਰਕਾਰ ਹੋਵੇ ਅਜ ਸ਼ਤ੍ਰੂ ਨੂੰ ਹਰਾ ਦੇਵੀਏ ਅਰ ਜਗਤ ਵਿਚ ਜਸਦਾ ਟਿਕਾ ਲੁਆਈਏ। ਅਰ ਓਹ ਸਭ ਇਸੇ ਹੀ ਧੁਨ ਵਿਚ ਮਤੇ ਹੋਏ ਅਰ ਬਹਾਦਰੀ ਦੇ ਨਸ਼ੇ ਵਿਚ ਮਸਤ ਹੋਏ ਹੋਏ ਹਨ ਕਿ ਕਿਸੇ ਨੂੰ ਤਨ ਬਦਨ ਦੀ ਹੋਸ਼ ਨਹੀਂ ਇਨਾਂ ਦੇ ਪੈਰ ਵਧੇ ਹੋਏ ਸੂਰਮਿਆਂ ਦੀਆਂ ਛਾਤੀਆਂ ਤੇ ਪੈ ਰਹੇ ਹਨ ਅਰ ਇਹ ਉਨਾਂ ਨੂੰ ਲਤਾੜ ਦੇ ਮਤਾੜ ਦੇ ਹੋਇਆਂ ਅਗੇ ਵਧਕੇ ਤਲਵਾਰ ਦਾ ਵਾਰ ਕਰੀ ਜਾਂਦੇ ਹਨ ਬੜੇ ਚਿਰ ਤੀਕ ਮਹਾਂ ਘੋਰ ਸੰਗ੍ਰਾਮ ਹੁੰਦਾ ਰਿਹਾ ਇਥੋਂ ਤੀਕ ਕਿ ਰਾਵਨ ਦੀ ਸੈਨਾਂ ਘਬਰਾ ਉਠੀ ਅਰ ਜਰੀ ਰਸਾਲੇ ਆਦਿਕ ਚੀਕ ਉਠੇ ਹਜਾਰਾਂ ਸੂਰਮੇ ਅਪਨੇ ਸੰਗੀਆਂ ਨੂੰ ਨ੍ਰਿਆਸ ਭਰੀ ਨਿਗਾਹ ਨਾਲ ਦੇਖਦੇ ਹੋਏ ਮ੍ਰਿਤ੍ਯੂ ਸੇਜਾ ਤੇ

Original with:
Language Department Punjab
Digitized by:
Panjab Digital Library

ਲੇਟ ਗਏ ਬਹਾਦਰ ਅਨੁਕੰਪਨ ਭੀ ਜੋ ਸਾਂਛੇ ਬਹਾਦਰ ਨਾਲ ਲੜ ਰਿਹਾ ਸੀ ਨਾ ਬਚ ਸਕਿਆ ਅਰ ਇਕ ਹੀ ਤੀਰ ਦੇ ਲਗਨ ਨਾਲ ਨੀਵੇਂ ਝੁਕ ਧਰਤੀ ਤੇ ਡਿਗ ਸਦੀਵ ਲਈ ਮ੍ਰਿਤਯੂ ਸੇਜਾ ਤੇ ਲੇਟ ਗਇਆ ਅਰਗੰਧ ਮਾਦਨ, ਸੈਨਪਾਤੀ ਦੇ ਹਥੋਂ ਮਾਰਿਆ ਗਿਆ ਪਰ ਉਸੇ ਵੇਲੇ ਸੁਗ੍ਰੀਵ ਨੇ ਇਸ ਨੂੰ ਗੰਧਮਾਦਨ ਦੇ ਨਾਲ ਹੀ ਲਿਟਾਕੇ ਪ੍ਰਲੋਕ ਗਮਨ ਕਰਾ ਅਪਨੇ ਦਿਲ ਨੂੰ ਹੌਲਿਆਂ ਕੀਤਾ॥

ਪਾਠਕ ਗਨ ! ਅਜ ਭੀ ਜਿਸਨੂੰ ਜਿਤ ਪ੍ਰਾਪਤ ਹੋਈ ਓਹ ਮਹਾਰਾਜਾ ਰਾਮਚੰਦ੍ ਜੀਦਾ ਬਹਾਦਰ ਜਰਨੈਲ ਅਰ ਉਪਨਾਸ ਦਾ ਹੀਰੋ ਹਨੂਮਾਨ ਹੈ ਓਹ ਦੇਖੋ ! ਰਾਵਨ ਦੀ ਸੈਨਾਂ ਕਿਸ ਪ੍ਰਕਾਰ ਪਿਠ ਦੇਂਦੀ ਹੋਈ ਨਸੀ ਜਾ ਰਹੀ ਹੈ॥

(ਉਣਿਜਵਾਂ ਧਿਆਯ)

—:o:—

ਪੰਜਵਾਂ ਦਿਨ

ਜੁਧ ਬਹਾਦਰ ਹਨੂਮਾਨ ਅਰ ਕੁੰਭ ਕਰਨ

ਤਿਨਾ ਚਹੁੰ ਦਿਨਾਂ ਦੀ ਨਿਰੰਤਰ ਹਾਰ ਅਰ ਉਤੋਂ ਥਲੀ ਨਿਤਦੀ ਪਰਾਯ ਅਰ ਇਨਾਂ ਸੂਰਮੇ ਸੈਨਾਂ ਪਤਿਆਂ ਦੀ ਮ੍ਰਿਤਯੂ ਨੇ ਜੋ ਜੁਧ ਵਿਚ ਕੰਮ ਆਏ। ਰਾਵਨ ਨੂੰ ਅਤਯੰਤ ਦੁਰ ਮਨ ਅਰ ਚਿੰਤਾਤੁਰ ਬਨਾ ਦਿਤਾ ਰਾਤ ਭਾਂ ਜਿਉਂ ਤਿਉਂ ਕਰਕੇ ਕਟੀ ਦਿਨ ਚੜਦਿਆਂ ਹੀ ਕੁੰਭਕਰਨ ਨੂੰ ਸਦਕੇ ਕਹਿਨ ਲਗਾ॥

"ਖਿਮਾ ਕਰਨਾਂ ! ਆਪਦੇ ਵਿਸ਼੍ਰਾਮ ਵਿਚ ਵਿਘਨ ਹੋਯਾ ਕੁਵੇਲੇ ਵੇਲੇ ਆਉਨ ਦੀ ਖੇਚਲ ਦਿਤੀ ਪੁੱਤ੍ਰ ਕੀ ਕਰਾਂ ਬੇਵਸ ਹਾਂ ਬਿਨਾਂ ਤੇਰੇ ਹੋਰ ਕੋਈ ਨਹੀਂ ਦਿਸਦਾ ਜੋ ਰਾਮਚੰਦ੍ ਅਰ ਬਾਨਰੀ

Original with:
Language Department Punjab
Digitized by:
Panjab Digital Library

ਸੈਨਾਂ ਦਾ ਸਾਹਮਨਾਂ ਕਰੇ ਆਹ ! ਬੜੇ ਬੜੇ ਸੂਰਬੀਰ ਸਿਨਾਂ ਦ ਭਰੋਸੇ ਤੇ ਇਸ ਰਾਜਧਾਨੀ ਨੂੰ ਘੁਮੰਡ ਸੀ ਯੁਧ ਵਿਚ ਅਪਨਾ ਬਲ ਦਿਖਾ ਪ੍ਰਲੋਕ ਗਮਨ ਕਰ ਚੁਕੇ ਹਨ ਹਜਾਰਾਂ ਸੂਰਮੇ ਜਾਨਾਂ ਦੇ ਚੁਕੇ ਹਨ ਖਜਾਨਾਂ ਖਾਲੀ ਦਿਸਦਾ ਹੈ ਅਰ ਕਾਰਜ ਸਫਲਤਾ ਦੀ ਕੋਈ ਗਲ ਤੁਨ ਤਕ ਭਲੀ ਨਹੀਂ ਨਜਰ ਆਓਂਦੀ"

ਕੁੰਭਕਰਨ-"ਇਹ ਵੇਲਾ ਚਿੰਤਾਤੁਰ ਹੋਕੇ ਵਿਚਾਰਾਂ ਕਰਨ ਦਾ ਨਹੀਂ ਪ੍ਰੰਤੂ ਸਵਾਨ ਮਰਦੀ, ਸੂਰਮ ਭਾਈ ਅਰ ਦਲੇਰੀ ਨਾਲ ਕੰਮ ਕਢਨ ਦਾ ਹੈ ਭਾਈ !ਅਗਦੀ ਓਹ ਚਿੰਗਯਾੜੀ ਜੇ ਚਿਰ ਕਾਲ ਤੁੰ ਸ਼ਾਂਭੀ ਰੂਪੀ ਖਲਵਾੜੇ ਵਿਚ ਪਈ ਹੋਈ ਧੁਖ ਰਹੀ ਸੀ ਅੰਤ ਨੂੰ ਇਕ ਦਿਨ ਭਾਂਜ਼ੂਲਤ ਹੋ ਭਟਕਨੀ ਹੀ ਸੀ ਜੇਕਰ ਇਸ ਪ੍ਰਕਾਰ ਛਰਨਾਂ ਹੀ ਸੀ ਤਾਂ ਪਹਿਲੇ ਸੋਚ ਵਿਚਾਰ ਕਰ ਲੈਨੀ ਸੀ ਯਾ ਅਪਨੇ ਵਜੀਰਾਂ ਅਹਿਲਕਾਵਾਂ ਯਾ ਭਾਈ ਬੰਧੂਆਂ ਦੇ ਕਹ ਚਲਨਾ ਸੀ ਸ਼ੋਕ ! ਉਸ ਵੇਲੇ ਅਸਾਂ ਲੋਕਾਂ ਬਤੇਰਾ ਸਮਝਾਇਆ ਅਰ ਜਤਨ ਕੀਤਾ ਪਰ ਤੇਰੀ ਜਿਦ ਅਖ ਦੀ ਕਦਾਚਿਤ ਨਾਂ ਖੁਲੀ ਅਰ ਤੂੰ ਕਿਸੇ ਦਾ ਕਹਿਨਾ ਨਾ ਮੰਨਿਆਂ ਇਥੋਂ ਤੀਕ ਕਿ ਖਰ ਅਰ ਦੂਖਨ ਦੇ ਸਹਿਤ ਸਹੰਸ੍ਰ ਰਾਕਸ਼ਾਂ ਦੀ ਮ੍ਰਿਤਯੂ ਨੇ ਰਾਮ ਅਰ ਲਛਮਨ ਦੀ ਬਹਾਦਰੀ ਅਰ ਸੂਰਮਤਾਈ ਦੀ ਪੂਰੀ ਪੂਰੀ ਚਿਤ੍ਰ ਖਿਚਕੇ ਤੈਨੂੰ ਦਿਖਾ ਦਿਤੀ ਸੀ ਸਗੋ ਕਿ ਤੁਸੀ, ਸਾਡੀ ਸਲਾਹ ਨੂੰ ਮੰਨਦੇ ਅਰ ਸੋਚਦੇ ਉਲਟਾ ਇਸ ਬਿਪ੍ਰੀਤਾ ਚਰਨਾ ਪਰ ਦ੍ਰਿੜਤਾ ਪ੍ਰਤਗਯ ਹੋ ਗਏ । ਫੇਰ ਇਹ ਕਿ ਭਭੀਖਨ ਵਿਚਾਰੇ ਨੂੰ ਇਸ ਗਲ ਪਿਛੇ ਸ਼ਹਿਰੋਂ ਨਿਕਲਨਾ ਪਇਆ ਸੁਤੇ ਪਏ ਸ਼ੇਰ ਨੂੰ ਜਗਾਨਾ ਅਰ ਫੇਰ ਅਪਨੀ ਜਾਨਦੀ ਸਲਾਮਤੀ ਚਾਹਨਾ ਕਠਨ ਹੈ-

ਗ੍ਰੀਬ ਕਰਤਾ-"ਜਿਹੀ ਕੋਈ ਕਰੇਗਾ ਤਿਹੀ ਭਰੇਗਾ"

ਰਾਜਨ ! ਭਾਵੇਂ ਓਹ ਵੇਲਾ ਹਥੋਂ ਜਾਂਦਾ ਹੀ ਰਿਹਾ ਮੈ ਅਰ ਲੜਾਈ ਦੀ ਅਗ ਭੀ ਦੋਹੀਂ ਪਾਸੀਂ ਭੜਕੀ ਹੋਈ ਹੈ ਪਰ ਫੇਰ ਭੀ ਇਸਨੂੰ ਠੰਡਿਆਂ ਕਰਨ ਲਈ ਤੁਨ ਕੇਵਲ ਇਕ

Original with:
Language Department Punjab
Digitized by:
Panjab Digital Library

ਗਲ ਹੈ ਤਾਂ ਇਹੋ ਹੈ ਕਿ ਆਪ ਸੀਤਾ ਜੀ ਨੂੰ ਨਾਲ ਲੈਕੇ ਰਾਮ ਚੰਦ੍ਰ ਤੋਂ ਅਪਨੀ ਭੁਲ ਬਖਸ਼ਾ ਲੋ ਆਪ ਲੰਕਾ ਦੇ ਹਾਲ ਤੇ ਤਰਸ ਕਰੋ ਅਰ ਅਪਨੇ ਵੰਸ਼ ਦੀ ਜੜ੍ਹ ਨਾ ਪਟੋ ਅਰ ਬਚਾ ਨ ਦੀ ਤਦਬੀਰ ਕਰੋ ।

ਰਾਵਨ-(ਕ੍ਰੋਧ ਵਿਚ ਆਕੇ) ਬਸ ! ਬਸ ! ਮੈਂ ਹੋਰ ਜਿਆਦਾ ਸੁਨਨ ਦੀ ਸਮ੍ਰਥ ਨ ਹੀ ਰਖ ਸਕਦਾ ਮੈਂ ਕੋਈ ਪਾਠ-ਸ਼ਾਲਾ ਦਾ ਵਿਦਯਾ ਰਥੀ ਨਹੀ ਜੋ ਤੇ ੀ ਸਿਖ੍ਯਾ ਅਰ ਸੰਥਾ ਦ ਮੁਹਤਾਜ ਹੋਵਾਂ ਮੈਂ ਅਪਨੇ ਇਰਾਦੇ ਵਿਚ ਉਸੇ ਪ੍ਰਕਾਰ ਦ੍ਰਿੜ੍ਹ ਹਾਂ ਜਿਸ ਪਕਾਰ ਪਹਿਲੇ ਸਾਂ। ਅਰ ਭਵਿਖਯਤ ਭੀ ਰਹਾਂ ਗਾ, ਕੋਈਂ ਪ੍ਰਵਾਹ ਨਹੀ, ਜੇਕਰ ਤੁਸੀ ਲੋਗ ਰਾਮਚੰਦ੍ਰ ਤੋਂ ਡਰਕੇ ਲੜਾਈ ਤੋਂ ਨਸਦੇ ਹੋ ਤਾਂ ਮੈਂ ਆਪ ਅਕਲਾ ਉਸ ਨਾਲ ਅਪਨੇ ਸੁਰ-ਮਿਆਂ ਦਾ ਬਦਲਾ ਲੈਨ ਲਈ ਬਹੁਤ ਹਾਂ "ਇਹ ਕਿਹਾ ਅਰ ਝੁਨੀਵੇਂ ਸਿਰ ਢੁਕਾਕੇ ਕੁਝ ਸੋਚ ; ਲਗਾ"

ਇਧਰ ਕੁੰਭਕਰਨ ਦਿਲ ਹੀ ਦਿਲ ਵਿਚ ਇਸ ਪ੍ਰਕਾਰ ਕਹ ਰਿਹਾ ਸੀ—"ਆਹ ! ਮੈਂ ਬਤੇਰਾ ਚਾਇਆ ਅਰ ਬਹੁਤ ਜਤਨ ਕੀਤਾ ਕਿ ਕਿਸੇ ਤਰਾਂ ਇਹ ਭਾਰ ਟਲ ਜਾਏ ਪਰਾਏ ਪੁਤ੍ਰਾ ਦਾ ਵਿਅਰਥ ਖੂਨ ਅਰ ਵੰਸ਼ ਦਾ ਵਿਨਾਸ਼ ਨਾ ਹੋਵੇ, ਪੈਂਤ੍ਰ ਸ਼ੋਕ ! ਕਰਮਾਂ ਅਨੁਸਾਰ ਭਾਵੀ ਨਹੀਂ ਚਾਹੁੰਦੀ ਕਿ ਪੁਲਿਸਤ ਮਨਿ ਦੀ ਵੰਸ਼ ਹੁਨ ਚਿਰ ਕਾਲ ਤੀਕ ਸੰਸਾਰ ਵਿਚ ਸਿਥਤ ਰਹੇ, ਇੰਨੇ ਵਿਚ ਰਾਵਨ ਨੇ ਕੁੰਭਕਰਨ ਵਲ ਇਕ ਵਾਰੀ ਦੇਖਿਆ ਅਰ ਠੰਡਾ ਹਾਹਕਾ ਭਰਕੇ ਗਰਦਨ ਨੀਵੀਂ ਪਾ ਲਈ ਰਾਵਨ ਦੀ ਇਹ ਦਿਸ਼ਾ ਦੇਖਦਿਆਂ ਹੀ ਕੁੰਭਕਰਨ ਦਾ ਪ੍ਰੇਮ ਭਰਿਆ ਲਹੂ ਪੰਘਰ ਆਇਆ ਅਰ ਕਹਿਨ ਲਗਾ ॥

ਰਾਜਨ ! ਮੇਰਾ ਇਹ ਮਤਲਬ ਕਦਾਚਿਤ ਨਹੀਂ ਸੀ ਕਿ ਆਪ ਨੂੰ ਚਿੰਤਾਤੁਰ ਕਰਾਂ ਯਾ ਇਹ ਕਿ ਜੁਧ ਸੰਗ੍ਰਾਮ ਤੋਂ ਡਰ ਗਇਆ ਹਾਂ ਨਹੀਂ ! ਨਹੀ !! ਕਦਾਚਿੰਤ ਨਹੀਂ !!! ਮੈਂ ਆਪ ਦਾ ਸਚਾ ਸ਼ੁਭਚਿੰਤਕ ਹਿਤੈਸ਼ੀ ਅਰ ਆਗਿਆ ਕਾਰੀ ਹਾਂ ਸਦ

Original with:
Language Department Punjab
Digitized by:
Panjab Digital Library

ਤਕ ਮੈਂ ਸਿਉਂਦਾ ਹਾਂ ਆਪ ਕਿਸੇ ਗਲ ਦੀ ਚਿੰਤਾ ਨਾ ਕਰੋ ਜੇਕਰ ਆਕਾਸ ਦੇ ਤਾਰੇ ਭੀ ਧਰਤੀ ਤੇ ਆ ਜਾਨ ਤੇ ਆਜਾਨ ਸੂਰਜ ਭੀ ਏਧਰ ਦਾ ਏਕਰਹੋ ਜਾਏ ਤਾਂ ਹੋ ਸਕਦਾ ਹੇ ਪੁੱਤ੍ਰ ਮੇਰੇ ਹੁੰਦਿਆਂ ਆਪ ਦੀ ਵਲ ਕੋਈਭੀ ਤਿਖੀ ਨਜਰ ਨਹੀਂ ਦੇਖ ਸਕਦਾ ਇਹ ਸੰਭਵ ਨਹੀਂ।

ਰਾਵਨ ਨੇ ਪ੍ਰਸੰਨ ਹੋਕੇ ਕੁੰਭਕਰਨ ਨੂੰ ਗਲ ਨਾਲ ਲਾ ਲਇਆ ਅਰ ਕਹਿਨ ਲਗਾ "ਬੇਸ਼ਕ ਤੁਸੀਂ ਅਸਿਹੇ ਹੀ ਦਲੇਰ ਸੂਰਮੇ ਅਰ ਬਹਦਾਰ ਹੋ, ਮੈ ਨੂੰ ਪੂਰਾ ਨਿਸ਼ਚਯ ਹੈ ਕਿ ਤੇਰੇ ਹੁੰਦਿਆਂ ਮੈਂ ਨੂੰ ਕਿਸੇ ਗਲਾ ਦੀ ਚਿੰਤਾਂ ਨਹੀ। ਰਾਮ ਲਛਮਨ ਨੂੰ ਜਿਤਨਾ, ਅਰ ਬਾਨਰੀ ਸੈਨਾਂ ਨੂੰ ਹਾਰ ਦੇਨੀ ਤੇਰੇ ਹੀ ਭਾਗਾਂ ਵਿਚ ਲਿਖਿਆ ਹੋਇਆ ਹੈ ਲਖਾਂ ਬਹਾਦਰ ਸਹੀਸ੍ ਸੂਰਮੇ ਤੁਹਾਡੀ ਉਡੀਕ ਕਰ ਰਹੇ ਹਨ ਜਾਕੇ ਇਨਾਂ ਨੂੰ ਫਤੇ ਦਾ ਜਸ ਦੁਆਓ"

ਉਧਰ ਜਦੋਂ ਹੀ ਗੁਪਚਰਾਂ ਨੇ ਮਹਾਰਾਜਾ ਰਾਮਚੰਦ੍ ਜੀਨੂੰ ਖਵਰ ਦਿਤੀ ਕਿ ਕੁੰਭਕਰਨ ਅਸ ਬੜੇ ਪ੍ਰਿਤ ਸੂਦਾਰਾਂ ਅਰ ਸੈਨਾਂ ਪਤਿਆਂ ਸਹਿਤ ਬੜੇ ਜੋਰ ਸ਼ੋਰ ਨਾਲ ਜੁਧ ਦੀਆਂ ਤਿਆਰੀਆਂ ਕਰ ਰਿਹਾ ਹੈ ਤਾਂ ਉਹਾਂ ਭਭਕਾਲ ਭਭੀਖਨ ਅਰ ਦੂਸ੍ਰੇ ਨਾਮੀਆਂ ਨਾਲ ਸਲਾਹ ਕੀਤੀ ਅਰ ਆਪ * ਜਰਾ ਬੁਕਤਰ

* ਜਰਾ ਬੁਕਤਰ ਅਰ ਹੋਰ ਜੁਧ ਦਾ ਸਮਿਆਨ ਰਾਜਾ ਬਰਨ ਨੇ ਰਾਮਚੰਦ੍ ਦੀ ਭੇਟ ਕੀਤਾ ਸੀ (ਦੇਖੋ ਮਹਾ ਭਾਰਤ ਬਨ ਪਰਬ ਤ੍ਰਜਮਾ ਫੈਜੀ) ਇਹ ਜੋ ਇਕ ਕਹਾਵਤ ਹੈ ਅਰ ਕਈ ਵਾਰੀ ਰਾਮ ਲੀਲਾ ਵਿਚ ਦੇਖਿਆ ਜਾਂਦਾ ਹੈ ਕਿ ਜੁਧ ਦੇ ਵੇਲੇ ਰਾਮਚੰਦ੍ ਅਰ ਲਛਮਨ ਨੂੰ ਹਨੂਮਾਨ ਦੇ ਮੋਢਿਆਂ ਤੇ ਚੜਾਂਦੇ ਹਨ ਇਹ ਬੜੀ ਭਾਰੀ ਭੁਲ ਹੈ ਬਾਲਮੀਕੀ ਰਾਮਾਇਨ ਦੇ ਪੜਨ ਤੋਂ ਸਾਫ ਪ੍ਰਸਿਧ ਹੁੰਦਾ ਹੈ ਕਿ ਓਹ ਰਥਾਂ ਤੇ ਸਵਾਰ ਹੋਏ ਸਨ ਪ੍ਰਾਚੀਨ ਸਮਜ ਵਿਚ ਹਾਥੀ ਘੋੜੇ ਆਦਿਕ ਤੋਂ ਬਿਨਾਂ ਸਵਾਰੀ ਦੇ ਘੋੜਿਆਂ ਦਾ ਰਥ ਹੀ ਇਕ ਅਜਿਹੀ ਸਵਾਰੀ ਸੀ ਜੋ ਜੁਧ ਦੇ ਸਮਜ ਬਹੁਤ ਕੰਮ ਦੇਂਦੀ ਸੀ ਅਰ ਜੁਧ ਵਿਚ ਬਹੁਤ ਇਸੇ ਦਾ ਵਰਤਾਰਾ ਹੁੰਦਾ ਸੀ (ਦੇਖੋ ਬਾਲਮੀਕੀ ਰਾਮਾਇਣ ਪਤ੍ਰਾ ੧੨੬ ਸੁਰਗ ੧੦੮)

Original with:
Language Department Punjab
Digitized by:
Panjab Digital Library

ਧਾਰਨ ਕਰ ਹਨੂਮਾਨ, ਸੁਗ੍ਰੀਵ, ਸੁਖੈਨ, ਨਲ, ਨੀਲ ਅਰ ਸਾਮਵੰਤ ਨੂੰ ਨਾਲ ਲੈ ਲਾਲ ਫਰੇਰਾ ਹਵਾ ਵਿਚ ਉਡਾਂਦੇ ਹੋਏ ਰਨ ਭੂਮੀ ਵਿਚ ਆ ਬਿਰਾਜੇ।

ਆਹਾ ! ਇਸ ਵੇਲੇ ਮਹਾਰਾਜਾ ਰਾਮਚੰਦ੍ਰ ਦਾ ਦ੍ਰਿਸ਼ਯ ਸ਼ੋਭਾ ਯੋਗਯ ਹੈ ਅਗੇ ਅਗੇ ਅਨਗਿਨਤ ਪਿਆਦਾ ਸੈਨਾਂ ਅਰ ਇਸਦੇ ਪਿਛੇ ਅਸਵਾਰ ਅਰ ਰਥ ਹਨ। ਹਰ ਇਕ ਸੈਨਾਂਪਤਿ ਦਾ ਵਖਰਾ ਵਖਰਾ ਫਰੇਰਾ ਪਵਨ ਵਿਚ ਫਰ ਫਰ ਕਰਦਾ ਉਡ ਰਿਹਾ ਹੈ ਅਰ ਜੰਗੀ ਵਾਜਿਆਂ ਤੋਂ ਪ੍ਰਾਚੀਨ ਸਮਯ ਦੇ ਸੂਰਮਿਆਂ ਦੇ ਜੋਸ਼ ਭਰੇ ਉਤਸਾਹ ਦੇ ਰਾਗ ਨਿਕਲ ਨਿਕਲ ਕੇ ਜੰਗੀ ਸੂਰਮਿਆਂ ਅਰ ਬਹਾਦਰਾਂ ਦੇ ਜੋਸ਼ ਨੂੰ ਵਧਾ ਰਹੇ ਹਨ ਅਰ ਓਹ ਬਹਾਦਰੀ ਦੇ ਨਸ਼ੇ ਵਿਚ ਅਜਿਹੇ ਮੱਤੇ ਹੋਏ ਹਨ ਜਿਸ ਪ੍ਰਕਾਰ ਮਸਤ ਹਾਥੀ ਝੂਲ ਦਾ ਹੋਯਾ ਜਾਂਦਾ ਹੈ, ਜਾ ਰਹੇ ਹਨ ਜਿਨਾਂਨੂੰ ਵੇਖਕੇ ਬੇਵਸ ਕਹਿ ਪੈਂਦਾ ਹੈ ਕਿ ਅਜ ਬੜੀ ਘੋਰਸੰਗ੍ਰਾਮ ਹੋਵੇਗੀ, ਜਿਵੇਂ ਰਨਭੂਮੀ ਦੇ ਨੇੜੇ ਪਹੁੰਚੇ ਸਾਡਾ ਬਹਾਦਰ ਘੋੜਾ ਦੁੜਾਂਦਾ ਹੋਇਆ ਅਗੇ ਵਧਿਆ ਅਰ ਬੜੀ ਉਚੀ ਪੁਕਾਰ ਕੇ ਕੁਝ ਅਜਿਹੇ ਸ਼ਬਦ ਕਹੇ ਜਿਨਾਂ ਨੂੰ ਸੁਨਦੇ ਹੀ ਸੂਰਮਿਆਂ ਦੇ ਧਨੁਖ ਭਨੇ ਗਏ, ਚਿੱਲੇ ਚੜ੍ਹਗਏ ਅਰ ਪਅਨੀ ਅਪਨੀ ਜਗਾਂ ਸਥਿਤ ਹੋਕੇ ਜੁਧ ਕਾਲ ਦੀ ਪ੍ਰਤੀਖਯਾ ਕਰਨੇ ਲਗੇ। ਇੰਨੇ ਵਿਚ ਕੁੰਭਕਰਨ ਯੁਧ ਵੇਸ਼ਨ ਧਾਰਨ ਕੀਤੇ ਹੋਏ ਮਸਤ ਹਾਥੀ ਤੇ ਚੜ੍ਹਿਆ ਹੋਇਆ ਅਨਗਿਨਤ ਜੰਗੀ ਸੈਨਾਂ ਨਾਂਲ ਲਏ ਹੋਏ ਰਨ ਭੂਮੀ ਵਿਚ ਆ ਪਹੁੰਚਾ ਹਾਥੀ ਤੋਂ ਉਤਰ ਕੇ ਰਥ ਉਤੇ ਜਿਸਦੇ ਵਾਯੂ ਬੇਗ ਸਮਾਨ ਘੋੜਿਆਂ ਨੂੰ ਅਜ ਕਲ ਦੇ "ਵੇਲਰਾ" ਨਾਲ ਪ੍ਰਮਾਣਿਕ ਦੇਈਏ ਤਾਂ ਝੂਠ ਨਾ ਹੋਵੇਗਾ ਸਵਾਰ ਹੋ ਗਇਆ ਅਰ ਰਥ ਨੂੰ ਅਗੇ ਵਧਾ ਹੀ ਰਿਹਾ ਸਾ ਕਿ ਚੌਹੀਂ ਪਾਸਿਓਂ ਸੰਖ ਦੀ ਧੁਨਿਨੇ ਗੂੰਜ ਕੀਤੀ ਅਰ ਜੰਗੀ ਵਾਜੇ ਦੇ ਵਜਨੇ ਤੇ ਰਣ ਭੂਮੀ ਕੰਬ ਉਠੀ ਘੋੜਿਆਂ ਦੀਆਂ ਕਨੌਤੀਆਂ ਭਨ ਗਈਆਂ ਅਰ ਅਤਿ ਘੋਰ ਲੜਾਈ ਹੋਨ ਲਗ ਪਈ । ਕੁੰਭਕਰਨ ਦੇ ਸਾਮਨੇ ਵਿਚ ਮਹਾਰਾਜਾ ਰਾਮਚੰਦ੍ਰ ਦੀ ਵਲੋਂ ਜਿਸ ਪੁਰਖ ਨੂੰ ਨਵੀਨ ਸ਼ਤ੍ਰੂ ਦੇ ਸਾਮਨੇ ਹੋਨ ਦੀ ਜਿਸਨੂੰ ਪ੍ਰਤਿਸ਼ਟਾ ਪ੍ਰਾਪਤ ਹੋਈ ਓਹ ਸੋਭਾ

Original with:
Language Department Punjab
Digitized by:
Panjab Digital Library

ਬਹਾਦਰ ਨਰਨੈਲ ਹਨੂਮਾਨ ਹੈ ਜੋ ਦੇਖੀਏ ! ਮਹਾਰਾਜਾ ਰਾਮਚੰਦ੍ਰ ਦੇ ਚਰਨਾਂ ਵਿਚ ਅਸ਼ਟਾਂਗ ਪ੍ਰਨਾਮ ਕਰ ਸੁਖੈਨ, ਨਲ ਅਰ ਨੀਲ ਆਦਿਕ ਨੂੰ ਕਹ ਰਿਹਾ ਹੈ ਜਿਥੋਂ ਤਕ ਹੋ ਸਕੇ ਆਪ ਲੋਕ ਮਹਾਰਾਜਾ ਰਾਮਚੰਦ੍ਰ ਅਰ ਲਛਮਨ ਦੇ ਰਖਜਕ ਰਹੋ ਇਨਾਂ ਦੀ ਹੀ ਰਖਯਾ ਅਰ ਖਬਰਦਾਰੀ ਨੂੰ ਮੁਖਯ ਉਦੇਸ਼ ਸਮਜੋ ਮਤਾਂ ਕਿਧੇ ਨਤੁ ਦੇ ਧੋਖੇ ਮਕਰ ਤੋਂ ਇਨਾਂ ਨੂੰ ਕਲਸ਼ ਹੋਵੇ ਸਾਡੀਆਂ ਸਮਸਤ ਆਸ਼ਾਂ ਇਨਾਂ ਤੇ ਹੀ ਨਿਰਭੁੱਰ ਹਨ। ਇਹ ਕਿਹਾ ਅਰ ਛਾਤੀ ਕਢੇ ਹੋਏ ਧਨੁਖ ਖਿਚ ਕੇ ਘੋੜੇ ਨੂੰ ਚਕੱਰ ਦੇਂਦਾ ਹੋਇਆ ਹੁੰਭਕਰਨ ਦੇ ਨੇੜੇ ਜਾਕੇ ਉਚੀ ਪੁਕਾਰ ਕੇ ਕਹਿਨ ਲੱਗਾ ॥

"ਖਬਰਦਾਰ ! ਮੰਭਲ ਜਾ !! ਇਨਾਂ ਵਿਚਾਰੇ ਸਿਪਾਹੀਆਂ ਤੋਂ ਕਿਉਂ ਛੇੜਿਜਤ ਹੋ ਰਿਹਾ ਹੈਂ' ਇਹ ਕਿਹਾ ਅਰ ਇਕ ਤੀਰ ਅਪਨੇ ਧਨੁਖ ਨੂੰ ਤਾਨਕੇ ਛਡਿਆ ਜਿਸਨੂੰ ਉਸਨੇ ਅਪਨੇ ਤੀਰ ਨਾਲ ਕਟ ਦਿਤਾ ਅਰ ਅਤੀਵ ਕ੍ਰੋਧਵਾਨ ਹੋਕੇ ਹਨੂਮਾਨ ਤੇ ਤੀਰਾਂ ਦੀ ਵਰਖਾ ਕਰਨ ਲੱਗਾ ਜਿਨਾਂ ਦਾ ਇਹ ਬਹਾਦਰ ਭੀ ਪੂਰਨ ਜਵਾਬ ਦੇ ਰਿਹਾ ਹੈ । ਇਸੇ ਪ੍ਰਕਾਰ ਚਿਰ ਤੀਕ ਦੇਖਦਿਆਂ ਦ ਜੋਸ਼ ਭਰੀ ਲੜਾਈ ਹੁੰਦੀ ਰਹੀ ਸੋ ਭੇ ਬਹਾਦਰ ਦੀ ਬੀਰਤਾ ਅਰ ਸੂਰਮਤਾਈ ਦੇਖਕੇ ਹੁੰਭਕਰਨ ਕ੍ਰੋਧ ਵਿਚ ਆ ਗਿਆ ਅਰ ਕਾਲ ਭੁਗਵਾਨ ਦੀ ਨਿਆਈਂ' ਕ੍ਰੋਧ ਨਾਲ ਲਾਟਾਂ ਅੱਖਾਂ ਵਿਚੋਂ' ਕਢ ਦਿਆਂ ਹੋਇਆਂ ਵਾਰ ਕਰਨ ਲਗਾ ਓਹੋ ! ਐਨੀ ਤੀਰਾਂ ਦੀ ਵਰਖਾ ਹੋਈ ਕਿ ਦੋਹਾਂ ਸੂਰਮਿਆਂ ਦੇ ਸ਼ਰੀਰ ਛਾਨਨੀ ਹੋਗਏ ਅਰ ਲਹੂ ਦੇ ਭੁਆਰੇ ਉਛਲ ਲਗੇ ਚਾਹੇ ਸਾਡਾ ਬਹਾਦਰ ਇਸ ਵੇਲੇ ਸਿਰ ਤੋਂ ਪੈਰ ਤਕ ਜਖਮੀ ਹੋ ਗਇਆ ਹੈ ਪਰ ਅਤੀਵ ਚਤੁਰਤਾ ਨਾਲ ਸ਼ਤ੍ਰੂ ਦੇ ਅਕ੍ਰਮਨ ਦਾ ਉਤ੍ਰ ਦੇ ਰਿਹਾ ਹੈ ਅਰ ਘੜੀ ਮੁੜੀ ਅਜਿਹੇ ਭੈਨਾਕ ਨਾਰੇ ਮਾਰਦਾ ਹੈ ਕਿ ਸੁਨਨ ਵਾਲਿਆਂ ਦੇ ਕਲੇਜੇ ਦਹਲ ਜਾਂਦੇ ਹਨ ਉਛ ! ਘੋੜੇ ਨੂੰ ਤਾਂ ਦੇਖਏ ! ਕਿਸਾ ਅਰ ਤੇਜ਼ੀ ਨਾਲ ਫੁਰਤੀ ਚਕੱਰ ਲਾ ਰਿਹਾ ਹੈ ਕਿ ਸ਼ਤ੍ਰੂ ਦਾ ਨਿਸ਼ਾਨ ਮੁਸ਼ਕਲ ਟਕਾਨੇ ਲਗਦਾ ਹੈ ਇਹ ਭੁਯਾਨਕ ਦ੍ਰਿਸ਼ ਦੇਖ ਕੇ ਮਹਾਪਾਰਸ ਅਤਿਥੀਤ ਆਦਿ ਸਭ ਇੱਸੇਪਾਸੇ ਟੁਟ ਪਏ ਪ੍ਰਗਟ ਵਿਚ ਭਾਵੇਂ

Original with:
Language Department Punjab
Digitized by:
Panjab Digital Library

ਸਭਨਾਂ ਨੇ ਸਾਡੇ ਸੂਰਮੇ ਜਰਨੈਲ ਨੂੰ ਘੇਰ ਲਇਆ ਹੈ ਪ੍ਰੰਤੂ ਉਸ ਨੂੰ ਦੇਖੋ ! ਕਿਸ ਪ੍ਰਕਾਰ ਚਤੁਰਾਈ ਅਰ ਫੁਰਤੀ ਨਾਲ ਅਪਨੇ ਆਪ ਨੂੰ ਬਚਾਓਂਦਾ ਹੋਇਆ ਹਰ ਇਕ ਨੂੰ ਪੂਰਨ ੨ ਉੱਤਰ ਦੇ ਰਿਹਾ ਹੈ ਅਰ ਘੋੜੇ ਦੀ ਤੇਜ਼ੀ ਅਰ ਚਲਾਕੀ ਭੀ ਇਸ ਵੇਲੇ ਮੋਭਾ ਯੋਗਜ ਹੈ ਜਿਵੇਂ ਹਨੂਮਾਨ, ਮਰਾਪਾਹਸ ਤੇ ਆਕ੍ਰਮਨ ਦੋਕੇ ਅਪਨਾ ਰਸਤਾ ਸਾਫ਼ ਕਰਨ ਲੱਗਾ ਕੁੰਭ ਕਰਨ ਨੇ ਬੜੇ ਕ੍ਰੋਧ ਵਿਚ ਆਕੇ ਇਕ ਤੀਰ ਮਾਰਿਆ ਜੋ ਇਸ ਦੇ ਜ਼ਰਾਂ ਨੂੰ ਟੁਕੜੇ ੨ ਕਰ ਪਸਲੀ ਨੂੰ ਚੀਰਦਾ ਹੋਇਆ ਪਾਰ ਲੰਘ ਗਿਆ ਪਰ ਘੋੜੇ ਨੇ ਭੀ ਇਸ ਵੇਲੇ ਓਹ ਤੇਜੀ ਦਿਖਾਈ ਕਿ ਸ਼ਤ੍ਰੂ ਦੀ ਸੈਨਾਂ ਵਿਚੋਂ ਜੋ ਅਗੇ ਆਇਆ ਮਿਧਦਾ ਲਤਾੜਦਾ ਹੋਇਆ ਅਪਨੀ ਸੈਨਾਂ ਵਿਚ ਆ ਪਹੁੰਚਾ ॥ ਇਸ ਨੂੰ ਜਾਂਦੇ ਦੇਖਕੇ ਰਾਵਨ ਦੀ ਸੈਨਾਂ ਨੇ ਖੁਸ਼ੀ ਦੇ ਨਾਰੇ ਮਾਰਨੇ ਆਰੰਭ ਕੀਤੇ ਇਹ ਕਿ ਓਹ ਹਾਰ ਮੰਨਕੇ ਨਸ ਗਇਆ ਹੈ। ਇਧਰ ਸੁਖੈਨ ਨੇ ਤਤਕਾਲ ਪ੍ਰਬਲ ਕਟਕ ਸੂਟੀ ਜਖਮਾਂ ਤੇ ਲਾ ਥੋੜਾ ਚਿਰ ਵਿਸ੍ਰਾਮ ਕਟਕ ਲਈ ਆਖਿਆ ਅਰ ਸੁਗ੍ਰੀਵ ਕੁੰਭਕਰਨ ਦੇ ਸਾਹਮਨੇ ਤੇ ਜਾ ਡਟਿਆ ਭਾਂਵੇਂ ਸੁਗ੍ਰੀਵ ਅਰ ਇਸਦੀ ਅਧੀਨ ਸੈਨਾਂ ਸ਼ਤ੍ਰੂ ਤੋਂ ਵਧਕੇ ਹੌਸਲਾ ਦਿਖਾ ਰਹੀ ਹੈ ਪ੍ਰੰਤੂ ਸ਼ਤ੍ਰੂ ਨੂੰ ਦੇਖੀਏ ! ਕਿਸ ਜੋਸ਼ ਨਾਲ ਭੀੜਦਾਜੀ ਕਰ ਰਿਹਾ ਹੈ ਅਤ ਜਦ ਇਹ ਲੋਕ ਉਸਤੇ ਆਕ੍ਰਮਨ ਕਰਦੇ ਹਨ ਭਾਂ ਰਥ ਨੂੰ ਇਸ ਤੇਜੀ ਨਾਲ ਦੌੜਾ ਦੇਂਦਾ ਹੈ ਕਿ ਥਿਨਾਂ ਘੱਟਾ ਉਡੱਨ ਤੋਂ ਹੋਰ ਕੁਝ ਨਹੀਂ ਮਲੂਮ ਹੁੰਦਾ ਅਰ ਥੋੜੇ ਚਿਰ ਪਿਛੋਂ ਫੇਰ ਓਹੀ ਪ੍ਰਗਟ ਹੋ ਜਾਂਦਾ ਹ, ਇਸਦਾ ਇਕ ੨ ਵਾਰ ਪੰਜਾਂਦ ਦਸਾਂਦ ਸੂਰਮਿਆਂ ਲਈ ਜਮਪੁਰੀ ਦਾ ਸੰਦੇਸਾ ਸੁਨਾ ਜਾਂਦਾ ਹੈ ਅਰ ਓਹ ਵਿਚਾਰੇ ਦੇਖੀਏ ! ਕਿਸ ਦੀਨਤਾ ਦੀ ਨਿਰਾਸ ਨਿਰਾਸ ਨਾਲ ਦੇਖਦੇ ਹੋਏ ਪ੍ਰਿਥਵੀ ਤੇ ਭੜਪ ਰਹੇ ਹਨ। ਜਿਵੇਂ ਹੀ ਸੁਗ੍ਰੀਵ ਅੰਗਦ ਅਰ ਜਾਮਵੰਤ ਆਦਿਕ ਨ ਕ੍ਰੋਧ ਵਿਚ ਆਕੇ ਹਮਲਾ ਕੀਤਾ ਸਹੰਸ੍ਰ ਰਾਕਸ਼ ਭਲਵਾਨ ਦੀ ਮੇਦਾ ਹੋਏ ਕੁੰਭਕਰਨ ਅ- ਸੁਗ੍ਰੀਵ ਦਾ ਦ੍ਰੁ ਥਦੂਮਾਮਨਾ ਹੋ ਗਇਆ ਚਿਰ ਚੀਕ ਇਕ ਦੂਜ

Original with:
Language Department Punjab
Digitized by:
Panjab Digital Library

ਤੇ ਵਾਰ ਕਰਦੇ ਰਹੇ ਸੁਗ੍ਰੀਵ ਦੇ ਸਿਰ ਤੇ ਇਕ ਗੁਰਜ ਅਜਿਹੇ ਜੋਰ ਨਾਲ ਲੱਗਾ ਕਿ ਵਿਚਾਰਾ ਬੇਹੋਸ਼ ਹੋਕੇ ਪ੍ਰਿਥਵੀ ਤੇ ਡਿਗ ਪਇਆ ਅਰ ਕੁੰਭਕਰਨ ਨੇ ਛੇਤੀ ਨਾਲ ਉਸ ਨੂੰ ਦੁਤਾਂਹ ਚੁਕ ਲਿਆ, ਐ ਲੋ! ਸੁਗ੍ਰੀਵ ਨੂੰ ਸ਼ਤ੍ਰ ਦੇ ਪੰਜੇ ਵਿਚ ਫਸਿਆਂ ਦੇਖ ਜਾਮਵੰਤ ਅੰਗਦ ਆਦਿਕ ਦੇ ਹੌਸਹਵਾਸ ਉਡਗਏ ਇਧਰ ਰਾਵਨ ਦੀ ਸੈਨਾਂ ਨੇ ਖੁਸ਼ੀ ਦੇ ਨਾਰੇ ਉਚੀ ਉਚੀ ਮਾਰਕੇ "ਰਾਵਨ ਦੀ ਜੈ ਰਾਵਨ ਦੀ ਜੈ" ਆਵਾਜ ਕੀਤੀ ਪਰ ਜਿਵੇਂ ਇਹ ਆਵਾਜ ਸਾਡੇ ਬਹਾਦਰ ਦੇ ਕੰਨ ਵਿਚ ਪਈ ਅਰ ਸੁਗ੍ਰੀਵ ਨੂੰ ਸ਼ਤ੍ਰੂ ਦੇ ਕਾਬੂ ਦੇਖਿਆ ਤਤਕਾਲ ਘੋੜੇ ਤੇ ਅਸਵਾਰ ਹੋ ਲਲਕਾਰਦਾ ਹੋਇਆ ਸ਼ਤ੍ਰੂ ਵਲ ਜਾ ਟੁਟਿਆ ਅਰ ਉਚੀ ਆਵਾਜ ਨਾਲ ਬੋਲਿਆ ॥

ਧੋਖੇ ਫਰੇਬ ਨਾਲ ਵਾਰ ਕਰਨਾ ਅਰ ਇਕ ਬਿਹੋਸ਼ ਸਖਮੀ ਭਾਈ ਨੂੰ ਚੁਕਕੇ ਲੈਜਾਨਾ ਕੋਈ ਮਰਦਾਂ ਦਾ ਕੰਮ ਨਹੀਂ ਮਰਦ ਮਦਾਨ ਵਿਚ ਇਸ ਪ੍ਰਕਾਰ ਨਹੀਂ ਕੀਤਾ ਕਰਦੇ ਜੇਕਰ ਮੈਂ ਭੀ ਅਜਿਹਾ ਕਰਨਾ ਚਾਹੁੰਦਾ ਤਾਂ ਤੈਨੂੰ ਕਦੇ ਦਾ ਪਰਲੋਕ ਰਾਮਨਕਰਾ ਦਿੱਤਾ ਪਰ ਇਸ ਤਰਾਂ ਕਰਨਾ ਯੁਧ ਨਿਯਮਾਂ ਦੇ ਵਿਰੁਧ ਅਰ ਅਧਰਮ ਸਮਝ ਦਾ ਹਾਂ ॥

ਕੁੰਭਕਰਨ-"ਕਿੰਉਂ ਐਂਨੀ ਮਿਥਜ ਭਾਖਨ ਅਰ ਆਤਮ ਸ਼ਲਾਘਾ ਨਾਲ ਅਪਨਾ ਦਿਲ ਪ੍ਰਸੰਨ ਕਰਨਾ ਹੈਂ ਤੁਹਾਡੇ ਸਭਨਾਂ ਵਿਚੋਂ ਮੈਨੂੰ ਮਾਰਨ ਵਾਲਾ ਯਾ ਪਗਾੜਨ ਵਾਲਾ ਕੋਈ ਭੀ ਨਹੀਂ ਨਜਰ ਆਉਂਦਾ, ਮਲੂਮ ਹੁੰਦਾ ਹੈ ਤੂੰ ਅਪਨੇ ਪ੍ਰਾਨਾਂ ਤੋਂ ਤੰਗ ਆਇਆ ਹੋਇਆ ਹੈਂ ਯਾ ਤੈਨੂੰ ਉਸ ਦਲੇਰੀ ਅਰ ਹੌਸਲੇ ਦਾ ਘੁਮੰਡ ਹੈ ਜੋ ਮੇਰੇ ਸੁਭਿਆਂ ਹੋਇਆਂ ਕਰ ਗਇਓਂ ਪੁੱਤ੍ਰ ਯਾਦ ਰਖ ਹੁਨ ਮੇਰੇ ਹੱਥੋਂ ਬਚਨਾ ਕਠਨ ਹੈ ।

ਹਨੂਮਾਨ-ਮੈਂ ਤੁਹਾਡੇ ਲੋਕਾ ਦੀ ਜੜਦਾ ਦਾਂ ਵਾਕਬ ਹਾਂ ਅਰ ਤਹਾਡ ਹੌਸਲਿਆਂ ਨੂੰ ਭਲੀ ਪ੍ਰਕਾਰ ਜਾਨਦਾ ਹਾਂ ਤੁਹਾਡੀ ਫੌਜ ਦੀ ਜੋ ਤਾਕਤ ਹੈ ਓਹ ਮਹਾਰਾਜਾ ਵਰਨ ਦੀ ਲੜਾਈ ਵਿਚ ਦੇਖ ਚੁੱਕਾ ਹਾਂ ਜਰਾ ਗਿਰੇਬਾਨ ਵਿਚ ਮੂੰਹ ਪਾ ਅਰ ਧਿਆਨ ਲਾਕੇ ਸੋਚ ਕਿ ਮੈਂ ਕੌਨ ਹਾਂ ॥

Original with:
Language Department Punjab
Digitized by:
Panjab Digital Library

ਲੈ ਖਬਰਦਾਰ ! ਸੰਭਲ ਜਾ !! ਹੁਨ ਬਹੁਤੀਆਂ ਗੱਲਾਂ ਬਨਾਨ ਦਾ ਵੇਲਾ ਨਹੀਂ ਇਹ ਕਿਹਾ ਅਰ ਦੋਵੇਂ ਇਕ ਦੂਜੇ ਤੇ ਟੁਟ ਪਏ ਆਪਸ ਵਿਚ ਐਂਨੀ ਪ੍ਰਾਕਰਮੀ ਹੋਈ ਕਿ ਜਿਨਾਂ ਬਹਾਦਰਾਂ ਦਲਾਂ ਨੂੰ ਦਲੇਰੀ ਦੇ ਬੜੇ ਬੜੇ ਘੁਮੰਡ ਸਨ ਓਹ ਹਰਾਨ ਰਹ ਗਏ ਅਰ ਕਿਸੇ ਨੂੰ ਨੇੜੇ ਆਓਨ ਦੀ ਦਲੇਰੀ ਨ ਪਈ ਬਹਾਦਰ ਜਰਨੈਲ ਨੂੰ ਦੇਖੀਏ ! ਕਿਸ ਦਲੇਰੀ ਨਾਲ ਛਾਤੀ ਭਾਨੇ ਕੁੰਭਕਰਨ ਨੂੰ ਪੂਰਾ ਪੂਰਾ ਜਵਾਬ ਦੇ ਰਿਹਾ ਹੈ ਅਰ ਜੋ ਤੀਰ ਇਸਦਾ ਸ਼ਤ੍ਰੂ ਉਸਤੇ ਮਾਰਦਾ ਹੈ ਉਸਨੂੰ ਅਪਨ ਭੀਤ ਨਾਲ ਕਟ ਦੇਂਦਾ ਹੈ ਯਾ ਢਾਲ ਤੇ ਰੋਕ ਲੈਂਦਾ ਅੰਤ ਨੂੰ ਉਸ ਦਲੇਰ ਨੇ ਸ਼ੇਰ ਮਸਤ ਦੀ ਨਿਆਈਂ ਲਲਕਾਰਦਾ ਹੋਇਆ ਸ਼ਤ੍ਰੂ ਤੇ ਆਕ੍ਰਮਨ ਕੀਤਾ ਅਰ ਇਸਨੂੰ ਪ੍ਰਬਲ ਬੇਗ ਦੇਖਦਿਆਂ ਮਹੋਪਾਰਸ, ਅਤਿ-ਬੀਰ, ਅਰ ਨਿਕੁੰਭ ਆਦਿਕ ਇਸੇ ਪਾਸੇ ਆਨ ਟੁਟੇ ਓਧਰੋਂ ਮਹਾਰਾਜਾ ਰਾਮਚੰਦ੍ ਅਤ ਲਛਮਨ, ਅੰਗਦ, ਨਾਲ, ਨੀਲ ਆਦਿਕ ਭੀ ਕੁਮਕ ਅਰਥਾਤ ਸਹਾਇਤਾ ਲਈ ਪਹੁੰਚੇ ਰਥਾਂ ਅਰ ਘੋੜਿਆਂ ਦੀ ਹਲਜੁਲੀ ਨਾਲ ਧਰਤੀ ਕੰਪਾਇਮਾਨ ਹੋ ਗਈ ਭਲਵਾਰ ਭੇ ਭਲਵਾਰ ਚਲਨ ਲਗੀ ਰੁਰਜ ਤੇ ਗੁਰਜ ਨੇਜੇ ਤੇ ਨੇਜਾ ਪੈਨ ਲਗਾ ਇਹ ਸਭ ਸ਼ਸ਼ਤ੍ਰ ਚਮਤ੍ਰ ਪਥੱਰ ਦੀ ਨਿਆਈਂ ਬਨ ਗਏ ਜਿਨਾਂ ਵਿਚੋਂ ਅਗ ਦੇ ਚਿੰਗਜਾੜੇ ਉਡ ਉਡਕੇ ਅਕਾਸ ਨੂੰ ਜਾਨ ਲੱਗੇ ਜੋ ਸਿਪਾਹੀ ਦਲੇਰੀ ਅਰ ਸੂਰਮਤਾਈ ਵਿਚ ਅਦੁਤੀ ਹਨ ਓਹ ਝਾਂ ਪ੍ਰਾਨਾਂ ਨੂੰ ਭਲੀ ਤੇ ਰਖੇ ਹੋਏ ਅਗੇ ਅਗੇ ਵਧੀ ਜਾਂਦੇ ਹਨ ਅਰ ਇਕ ਹੀ ਵਾਰ ਨਾਲ ਸ਼ਤ੍ਰੂ ਦਾ ਕੰਮ ਭਹ ਛਰ ਦੇਂਦੇ ਹਨ ਅਰ ਖੁਸ਼ਦਿਲੇ ਤੇ ਨਮਰਦ ਮਾਰੇ ਭਰੇਂਦੇ ਬਹਾਨਾ ਲੋਚਦੇ ਹਨ ਅਰ ਇਸੇ ਲਗਨ ਵਿਚ ਹਨ ਕਿ ਕਿਧੇ ਚੂਹੇ ਦੀ ਖੁਡ ਹੀ ਮਿਲ ਜਾਏ ਝਾਂ ਓਸ ਵਿਚ ਹੀ ਸਮਾ ਜਾਈਏ ਮੂਲ ਸਾਡੇ ਬਹਾਦਰ ਜਰਨੈਲ ਦੀ ਅਧੀਨ ਸੈਨਾਂ ਨੇ ਦਿਲ ਖੋਲ ਕੇ ਹਥ ਦਿਖਾਏ ਬਹਾਦਰ ਲਛਮਨ ਅਰ ਅੰਗਦ ਨੇ ਉਤੋਂ ਥਲੀਂ ਤੀਰਾਂ ਦੀ ਵਰਖਾ ਕਰ ਸ਼ਤ੍ਰੂ ਦੀ ਜਾਨ ਨਕ ਵਿਚ ਲਿਆ ਦਿਤੀ ॥

Original with:
Language Department Punjab
Digitized by:
Panjab Digital Library

ਪਾਠਕ ਗਨ ! ਆਪਨੀ ਸੈਨਾਂ ਨੂੰ ਪਰਾਜਿਤ ਨਸਦਿਆਂ ਦੇਖ ਕੁੰਭਕਰਨ ਨੇ ਗੁਸੇ ਨਾਲ ਬੜੇ ਜੋਰਦੀ ਸੰਖ ਵਜਾਇਆ ਅਰ ਸਾਰੀ ਸੈਨਾਂ ਨੂੰ ਇਕੋ ਵਾਰੀ ਆਕ੍ਰਮਨ ਕਰਨ ਦਾ ਹੁਕਮ ਦੇ ਦਿਤਾ ॥

ਕੁੰਭਕਰਨ ਕ੍ਰੋਧ ਵਿਚ ਆਕੇ ਲਛਮਨ ਵਲ ਜਾ ਲਪਕਿਆ ਪਰ ਉਸੇ ਵੇਲੇ ਮਹਾਰਾਜਾ ਰਾਮਚੰਦ੍ ਨੇ ਸ਼ਤ੍ਰੂ ਦੀ ਸੇਵਾ ਅਰ ਖਾਤ੍ਰਦਾਰੀ ਲਈ ਕੜ ਕੜ ਕਰਦਾ ਬੜੇ ਜੋਰ ਨਾਲ ਇਕ ਤੀਰ ਛਡਿਆ ਜੋ ਉਸਦੀ ਸੰਗ੍ਰਾਮ ਵੇਸ੍ਰਨ ਨੂੰ ਲਗ ਛਾਤੀ ਨੂੰ ਚੀਰਦਾ ਹੋਇਆ ਦੂਜੇ ਪਾਸੇ ਨਿਕਲ ਗਇਆ ਅਤੇ ਕੁੰਭਕਰਨ ਬੇਹੋਸ਼ ਹੋਕੇ ਪ੍ਰਿਥਵੀ ਤੇ ਡਿਗ ਪਇਆ ਅਰ ॥

॥ ਦੋਹਰਾ ॥

ਅੰਤ ਸਮਾਂ ਪ੍ਰਲੋਕ ਕੋ ਭਇਓ ਆਨ ਤਤਕਾਲ।
ਗਿਰਿ ਓਧਰਾ ਤਲ ਕੁੰਭਕਰਨ ਲੀਓ ਸਾਂਸ ਅਤਿ ਸਾਲ ॥

ਕੁੰਭਕਰਨ ਨੂੰ ਮ੍ਰਿਤ੍ਯੂ ਸੇਜਾ ਤੇ ਡਿਗਜਾਂ ਦੇਖਕੇ ਰਾਕਸ਼ਾਂ ਵਿਚ ਹਲ ਜੁਲੀ ਮਚ ਗਈ ਲੜਾਈ ਬੰਦ ਕੀਤੀ ਗਈ ਅਰ ਬਾਕੀ ਬਚੀ ਹੋਈ ਸੈਨਾਂ ਅਤੀਵ ਚਿੰਤਾਤੁਰ ਨਿਰਾਸ਼ ਹੋਈ ਹੋਈ ਰਾਵਨ ਦੇ ਕੋਲ ਚਲੀ ਗਈ ॥

॥ ਚੌਪਈ ॥

ਲੰਕਾ ਰੁਤਬਾ ਦੂਟਿਓ ਆਨ ।
ਹੋਇ ਨਿਰਾਸ ਬੈਠੇ ਸਭ ਜਾਨ ॥
ਪਇਆ ਮਲ੍ਹੂਮ ਹੋਵੇ ਇਹ ਹਾਲ ।

Original with:
Language Department Punjab
Digitized by:
Panjab Digital Library

ਰਹੇ ਕਦਾਚਿਤ ਨਾ ਇਹ ਸ਼ਾਲ ॥
ਰਾਮ ਲਖਨ ਕਾ ਸ਼ਗਨ ਸ੍ਵਾਰਥ ।
ਦੀਖੇ ਮਮ ਕੋ ਇਹ ਪਰ ਮਾਰਥ ॥
ਰਾਕਸ਼ ਲੋਕ ਕਰੇਂ ਕਿਆ ਕਾਰਨ ।
ਦਾਸ ਕਹੇ ਲੇਖ ਜਦ ਮਾਰਨ ॥

(ਪੰਜਾਹਵਾਂ ਧਿਆਇ)

ਛੇਵਾਂ ਦਿਨ

ਜੁਧ ਬਹਾਦਰ ਲਛਮਨ ਅਰ ਮੇਘਨਾਥ ਦਾ

ਅਜ ਅਗੇ ਤੋਂ ਕੁਝ ਵਧਕੇ ਹਾਵਨ ਦੀ ਸੈਨਾਂ ਪ੍ਰਬਲ ਬੇਗ ਦਿਖਾ ਰਹੀ ਹੈ । ਬੜੇ ਨਾਮੀ ਅਰ ਬਹਾਦਰ ਜੁਧ ਕਰਨ ਲਈ ਉਦਿਤ ਹਨ ਇਨਾਂ ਦਾ ਚਿੰਨਾਂ ਅਰ ਸੈਨਤਾਂ ਦ੍ਵਾਰਾ ਕੰਮ ਅਰ ਵਾਰਤਾਲਾਪ ਕਰਨਾ ਅਰ ਕਿਦ ਦੂਜੇ ਦੇ ਹੌਸਲਿਆਂ ਨੂੰ ਵਧਾਨ ਲਈ ਸਾਡੀ ਚਕ੍ਰਿਤਾ ਨੂੰ ਹੋਰ ਭੀ ਵਧਾ ਰਹੀ ਹੈ ਕਿਥੇ ਇਨਾਂ ਦਾ ਉਤੋਥੱਲੀ ਘੜੀ ਮੁੜੀ ਦੀ ਹਾਰ ਖਾ ਚਿੰਤਾਤੁਰ ਹੋ ਸਿੰਘਾਸਨ ਲੰਕਾ ਤੋਂ ਨਿਰਾਸ ਹੋਨਾ ਅਰ ਕਿਥੇ ਇਸ ਵੇਲੇ ਇਸ ਪ੍ਰਕਾਰ ਹਾਸਾ ਅਰ ਖੁਸ਼ੀ ਭਰੀ ਬਾਤ ਚੀਤ ਕਰਨਾ ਅਵਸ਼ ਹੀ ਕੁਝ ਗੁਪਤ ਭੇਦ ਜਾਨ ਪੈਂਦਾ ਹੈ ॥

ਪਾਠਨ ਗਨ ! ਇਨਾਂ ਦੇ ਵਧੇ ਹੋਏ ਹੌਸਲੇ ਦੇਖਕੇ ਸ਼ਾਥੋਂ ਭੀ ਨਾ ਰਿਹਾ ਗਇਆ ਅਰ ਬੇ ਅਖਿਤਿਆਰ ਹਾਲ ਮਲੂਮ ਕਰਨ ਲਈ ਅਪਨੇ ਧਿਆਨ ਦੇਸ ਚਾਲ ਨੂੰ ਉਨਾਂ ਦੇ ਨੇੜੇ ਪੁਜਿਚਾਨਾ ਪਇਆ ਸੁਨੀਏ ! ਕੰਪਨ ਪਰਮੰਗ ਨੂੰ ਕੀ ਕਹ ਰਿਹਾ ਹੈ ।

Original with:
Language Department Punjab
Digitized by:
Panjab Digital Library

ਕੰਪਨ–" ਪਰਸੰਗ ! ਜਿਥੋਂ ਭੀਕ ਹੋ ਸਕੇ ਸ਼ਤ੍ਰੂਆਂ ਨੂੰ ਵਿਚਾਰ ਕਰਨ ਅਰ ਸੋਚਨ ਦਾ ਅਵਸਰ ਨਾ ਦਿਤਾ ਜਾਏ ਮਤਾਂ ਕਿਧੇ ਸਾਡੇ ਭੇਦ ਤੋਂ ਮਲੂਮੀ ਕਰਕੇ ਕ੍ਰਿਤਕਾਰਜਤਾ ਵਿਚ ਵਿਘਨ ਪਾਨ "

ਪਰਸੰਗ–"ਆਪ ਇਸ ਗਲ ਉਤੋਂ ਨਿੰਚਿੰਤ ਰਹੀਏ ਮੈਂ ਇਸ ਗਲ ਦਾ ਪੱਕਾ ਪੱਕਾ ਪ੍ਰਬੰਧ ਕੀਤਾ ਹੋਇਆ ਹੈ । ਪ੍ਰੰਤੂ ਹਰ ਇਕ ਸਰਦਾਰ ਕੋਲੋਂ ਬਚਨ ਅਰ ਪ੍ਰਨ ਕਰਾ ਲਿਆ ਹੈ ਕਿ ਅਜ ਓਹ ਅਜਿਹੀ ਬੀਰਤਾ ਅਰ ਦਲੇਰੀ ਨਾਲ ਜੁਧ ਕਰਨਗੇ ਕਿ ਸ਼ਤ੍ਰੂ ਨੂੰ ਸਾਹ ਲੈਨ ਦੀ ਵੇਹਲ ਹੀ ਨਾਂ ਮਿਲੇਗੀ ॥

ਕੰਪਨ–(ਪ੍ਰਸੰਨ ਹੋਕੇ) ਹਾਂ ! ਹਾਂ !! ਨਿਸੰਦੇਹ ਅਜਿਹਾ ਹੀ ਹੋਨਾ ਚਾਹੀਦਾ ਹੈ ਕਿਉਂਕਿ ਮਹਾਰਾਜ ਦੇ ਦੂਬਦੂ ਸਾਡੇ ਕੰਵਰ (ਮੇਘਨਾਥ) ਨੇ ਪ੍ਰਤਿਗਯਾ ਕੀਤੀ ਹੈ ਕਿ ਅਜ ਉਨਾਂ ਸਾਥਿਆਂ ਦਾ ਕਝਈ ਫੈਸਲਾ ਕਰ ਦਿਆਂ ਗਾ । ਸੋ ਹੁਨ ਸਾਨੂੰ ਭੀ ਇਹੋ ਹੀ ਚਾਹੀਦਾ ਹੈ ਕਿ ਅਜਿਹੇ ਕਰੜੇ ਵੇਲੇ ਵਿਚ ਸਾਡੀ ਵਲੋਂ ਕੋਈ ਫਰਕ ਨਾ ਰਹੇ ਅਰ ਜਿਥੋਂ ਤਕ ਹੋਸਕੇ ਇਸਨੂੰ ਪ੍ਰਤਿਗਯਾ ਪਾਲਨ ਵਿਚ ਸਹਾਇਤਾ ਦੇਈਏ "

ਪਰਸੰਗ–"(ਕੁਝ ਹੌਲੀ ਜਿਹੀ ਕਹਕੇ) ਕੀ ! ਇਸ ਵਿਚ ਕੁਝ ਹਰਜ ਹੈ ?"

ਕੰਪਨ–" ਹਾਂ ! ਹਰਜ ਦੀ ਕੀ ਗਲ !! ? ਸਰਾਸਰ ਨੁਕਸਾਨ ਪ੍ਰੰਤੂ ਸਭਨਾਂ ਜਤਨਾ ਦੇ ਵਿਅਰਥ ਜਾਨ ਦਾ ਖੜ੍ਹਾ ਹੈ ਅਰ ਐਵੇਂ ਮੁਖਤ ਵਿਚ ਸ਼ਰਮਿਦਿਆਂ ਹੋਨ ਦਾ ਡਰ ਹੈ ਕਿਉਂ ਕਿ ਰਾਮਚੰਦ੍ ਅਰ ਲਛਮਨ ਭੀਰੰਦਾਜੀ ਵਿਚ ਅਜਿਹੇ ਪੂਰਨ ਨਪੁਣ ਅਰ ਚਤ੍ਰਰ ਹਨ ਕਿ ਅਜ ਦੁਨੀਆਂ ਵਿਚ ਭਾਂ ਉਨਾਂ ਦੇ ਸਾਹਮਨੇ ਹੋਨ ਵਾਲਾ ਕੋਈ ਭੀ ਨਹੀ ਨਜਰ ਆਉਂਦਾ । ਅਰ ਹਨੂਮਾਨ ਅਜਿਹਾ ਸੂਰਮਾ ਅਰ ਦਲੇਰ ਸੈਨਾਂ ਪਤਿ ਹੈ ਕਿ ਉਸਦ ਵਿਪਰੀਤ ਕੋਈ ਕਾਮਨਾਂ ਪੂਰੀ ਕਰਨੀ ਅਤਿ ਕਠਨ ਪ੍ਰੰਤੂ ਅਸ਼ਭਵ ਹੈ "

Original with:
Language Department Punjab
Digitized by:
Panjab Digital Library

ਪਰਸੰਗ–"ਹਛਾ ! ਤੇ ਸਦ ਓਹ ਸਾਹਮਨੇ ਹੀ ਨਾਂ ਆਓਨ ਗੇ ਭਾਂ ਕ੍ਰਿਤਕਾਰਜ ਹੀ ਕਿਸ ਪ੍ਰਕਾਰ ਹੋ ਸਕਦੇ ਹਨ"

ਕੰਪਨ–(ਕੰਨ ਵਿਚ ਕੁਝ ਕਹਕੇ) "ਬਸ ਇਕ ਇਕ ਭੀਰ ਸ਼ਛਨਾਂ ਲਈ ਬਹੁਤ ਹੈ ਆਨੰਦ ਆਪ ਇਨਾਂ ਗਲਾਂ ਦੀ ਕੋਈ ਚਿੰਤਾ ਨਾ ਕਰੋ ਜਿਥੋਂ ਭੀਕ ਹੋ ਸਕੇ ਅਜਿਹੀ ਲੜਾਈ ਲੜਨ ਦਾ ਜਤਨ ਕਰੋ ਕਿ ਸ਼ਤ੍ਰੂ ਨੂੰ ਤਨ ਬਦਨ ਦੀ ਸੁਧਿ ਨਾ ਰਹੇ ਫੇਰ ਵੇਖਨਾਂ ਕਿ ਅਸੀ ਕਿਸ ਪ੍ਰਕਾਰ ਜਿਤ ਕਰਨੇ ਹਾਂ"

ਪਰਸੰਗ–(ਪ੍ਰਸੰਨ ਹੋਕੇ) "ਬਹੁਤ ਹਛਾ ਆਪ ਮੇਰੀ ਵਲੋਂ ਧੀਰਜ ਰਖੋ ।

ਇਹ ਕਿਹਾ ਅਰ ਅਪਨੀ ਅਧੀਨ ਸੈਨਾ ਨੂੰ ਜੋ ਇਸ ਕਾਲ ਵਿਚ ਕੁਝ ਦੂਰ ਅਗੇ ਚਲੀ ਗਈ ਸੀ ਜਾ ਮਿਲਿਆ । ਅਰ ਓਧਰੋਂ ਸੈਨਾਂਪਤਿ ਦੁਬਧ, ਮੈਂਦ, ਗਜ, ਜਾਮਵਾਨ, ਨਲ, ਸੁਗ੍ਰੀਵ, ਅੰਗਦ, ਅਰ ਸਾਡਾ ਬਹਾਦਰ ਜਰਨੈਲ ਅਨਗਿਨਤ ਸੈਨਾਂ ਲੈਕੇ ਪਹੁੰਚੇ ਅਰ ਦੋਵੇਂ ਫੌਜਾਂ ਆਮੋ ਸਾਮਨੇ ਖੜੋ ਗਈਆਂ ਆਹ ! ਇਸ ਵੇਲੇ ਦੇ ਦ੍ਰਿਸ਼ਜ ਨੂੰ ਦੇਖਕੇ ਬਿ ਅਖਿਤਿਆਰ ਕਹਿਨਾ ਪੈਂਦਾ ਹੈ ਕਿ ਅਜ ਜਰੂਰ ਹੀ ਬੜੀ ਭਾਰੀ ਲੜਾਈ ਹੋਵੇ ਗੀ ਸਹੰਸ੍ਰ ਜਾਨਾਂ ਵਿਅਰਥ ਮਾਰੀਆਂ ਜਾਨ ਗੀਆਂ ਜਿਥੋਂ ਭੀਕ ਨਿਗਾਹ ਕੰਮ ਦੇਂਦੀ ਹੈ ਬੀਰ ਸੈਨਾਂ ਖੜੋਤੀ ਦਿਸਦੀ ਹੈ । ਅਰ ਦੋਹਾਂ ਪਾਸਿਆਂ ਦੇ ਸੂਰਮੇ ਸਿਪਾਹੀ ਧਨੁਖ ਚਾੜੇ ਕਮਾਨਾਂ ਟੰਕਾਂਰੇ ਹੁਕਮ ਦੀ ਉਡੀਕ ਵਿਚ ਖੜੋਤੇ ਹਨ ਜਿਵੇਂ ਜੁਧ ਦਾ ਵਾਜਾ ਵਜਿਆ ਸੈਖਾਂ ਨੇ ਜੁਧ ਆਰੰਭ ਕਰਨ ਦੀ ਮਧਰ ਸੁਰ ਉਚੀ ਵਜਾਈ ਕਿ ਕਮਾਨਾਂ ਦੀਆਂ ਕੜਾ ਕੜ ਆਵਾਜਾਂ ਆਓਨ ਲਗੀਆਂ ਭੀਰ ਜੋ ਹੁਨੇ ਭਰਕਸ਼ਾਂ ਵਿਚ ਪਏ ਹੋਏ ਅਪਨੀਆਂ ਲਹੂ ਪ੍ਰਿਖਾਵੰਤ ਜੀਭਾ ਲੁਕਾਏ ਹੋਏ ਸਨ ਦਲੇਰ ਬਹਾਦਰ ਸਿਪਾਹੀਆਂ ਦੇ ਸ਼ੀਰਾਂ ਵਿਚ ਖਹਿੰਦੇ ਦਿਸਨ ਲਗੇ ਕਈ ਮਾਸ ਨੂੰ ਚੀਰ ਹਡੀਆਂ ਨੂੰ ਤੋੜਦੇ ਹੋਏ ਕਮਰ ਵਿਚੋਂ ਪਾਰ ਹੋ ਗਏ ਇਕ ਪਲ ਹੀ ਪਲ ਵਿਚ ਰਨਭੂਮੀ ਨੇ ਪ੍ਰਲਜ ਭੂਮੀ ਬਨ ਭਜਾਨਕ ਰੂਪ ਧਾਰਨ ਕਰ ਲਇਆ ਅਰ ਬਹਾਦਰਾਂ

Original with:
Language Department Punjab
Digitized by:
Panjab Digital Library

ਨੇ ਬੜੇ ਜੋਰ ਹੋਰ ਨਾਲ ਅਪਨੀ ਬੀਰਤਾ ਦਲੇਰੀ ਅਰ ਬਹਾਦਰੀ ਦੇ ਪ੍ਰਮਾਨ ਦੇਨੇ ਆਰੰਭ ਕੀਤੇ ਚਿਰ ਕਾਲ ਤੀਕ ਦੋਹਾਂ ਪਾਸਿਆਂ ਵਲੋਂ ਤੀਰਾਂ ਦੀ ਵਰਖਾ ਹੁੰਦੀ ਰਹੀ ਕਿ ਅਚਾਨਕ ਇਕੋ ਵਾਰੀ ਰਾਕਸ਼ੀ ਸੈਨਾਂ ਨੇ ਆਕ੍ਰਮਨ ਕਰ ਦਿਤਾ ਅਰ ਦੋਹਾਂ ਪਾਸਿਆਂ ਵਿਚ ਅੰਜਹਾ ਮਹਾਂ ਅੰਧਘੋਰ ਹੋ ਗਇਆ ਕਿ ਅਪਨੇ ਬਗਾਨੇ ਦੀ ਪਛਾਨ ਭੀ ਨਹੀਂ ਹੋਸਕਦੀ ਸੀ। ਨੇਜੇ ਬਰਛੀਆਂ ਅਰ ਭਲਵਾਰਾਂ ਨੇ ਉਤੋਂ ਥਲੀ ਦੇ ਵਾਰਾਂ ਨੇ ਕਈ ਥੇ ਸਿਰੇ ਕਰ ਦਿਤੇ। ਅਰ ਬਾਹਾਦਰਾਂ ਦਾ ਅਮੁਲ ਰੁਧਰ ਖਲ ਦੀ ਨਿਆਈਂ ਪ੍ਰਿਥਵੀ ਤੇ ਵਗਨ ਲਗਾ॥

॥ ਚੌਪਈ ॥

ਸੈਨ ਉਭਜ ਮੇਂ ਯੁਧ ਮਹਾਨਾ।
ਭਜੋ ਪਰਸਪਰ ਬਹੁ ਬਿਧਨਾਨਾ॥
ਲਾਲ ਗੁਲਾਲ ਭਜੋ ਬਹੁ ਧਰਤੀ।
ਹੁਈ ਰੁਧਰ ਸੇ ਅਤਿ ਕਰ ਜ੍ਦੀ॥
ਸ਼ਸ਼ਤ੍ ਅਸਤ੍ ਕੇ ਟਕਰਾਈ।
ਸਭ ਸੁਹਾਂ ਮਹਾਂ ਵਾਕੀ ਬਿਸਰਾਈ॥
ਸਹੰਸ੍ ਬੀਰ ਮੂਏ ਅਤਿ ਜਾਨੋ।
ਲਿਟੇ ਭੂਮ ਪਰ ਸਚ ਕਰ ਮਾਨੋ॥
ਚਲੇ ਗੁਰਜ ਅਰ ਤੀਰ ਭੁਫੰਗੇ।
ਨੇਜੇ ਬਰਛੀ ਭਾਲੇ ਦੰਗੇ॥
ਕਹੇ ਦਾਸ ਸੁਨੀ ਪਾਠਕ ਗਨ!

Original with:
Language Department Punjab
Digitized by:
Panjab Digital Library

ਰਹਾ ਕਾਲ ਬਹੁ ਹੋਤਾ ਵਹਾਂ ਜੰਗ ॥

ਜਰਾ ਮਾਡੇ ਬਹਾਦਰ ਜਰਨੈਲ ਦੀ ਭਲਵਾਰ ਵਲ ਭੀ ਭਾਂ ਦੇਖੋ ਕਿ ਕਿਸ ਪ੍ਰਕਾਰ ਸ਼ੀਘ੍ਰਤਾ ਅਰ ਚਤੁਰਤਾ ਨਾਲ ਚਲ ਰਹੀ ਹੈ ਕਿ ਸ਼ਤ੍ਰੂ ਨੂੰ ਵਾਰ ਕਰਨ ਦਾ ਅਵਸਰ ਹੀ ਨਹੀਂ ਲੈਨ ਦੇਂਦੀ ਅਰ ਨਾ ਓਹ ਅਭਾਰੀ ਅਪਨੀ ਰਖਜਾ ਹੀ ਕਰ ਸਕਦੇ ਹਨ ਓਧਰ ਅੰਗਦ ਅਰ ਸੁਗ੍ਰੀਵ ਆਦਿਕ ਪ੍ਰਕ੍ਰਿਤੀ ਬੀਰਤਾ ਆਦਿਕ ਦੇ ਰਹੇ ਹਨ ਸਹੰਸ੍ਰ ਜਾਨਾਂ ਵਿਅਰਥਾ ਚਲੀਆ ਗਈਆਂ ਅਨ-ਗਿਨਤ ਰਾਕਸ਼ ਅਰ ਇਨਾਂ ਦੇ ਸਹੰਸ੍ਰ ਸੂਦਾਰ ਅਰ ਸੂਰਮੇ ਜਖਮੀ ਅਧਮੋਏ ਰਨ ਭੂਮੀ ਵਿਚ ਡਿਗ ਪਏ, ਨੇੜੇ ਹੀ ਸੀ ਕਿ ਰਾਕਸ਼ੀ ਸੈਨਾਂ ਰਨਭੂਮੀ ਵਿਚੋਂ ਮੂੰਹ ਪਿਛੇ ਮੋੜੇ ਅਰ ਭਾਂਜ ਖਾ ਕੇ ਹਾਰ ਸਮਰਪਨ ਲਵੇ ਕਿ ਅਚਨਚੇਤ ਲਹੂ ਪਿਆਸੇ ਜਹਰ ਭਰੇ ਤੀਰਾਂ ਦੀ ਵਰਖਾ ਹੋਨ ਲਗ ਪਈ ਆਹ ! ਜਿਸਨੂੰ ਜਰਾ ਤੀਰ ਛੋਹ ਭੀ ਗਇਆ ਬੇਹੋਸ਼ ਹੋ ਪ੍ਰਿਥਵੀ ਤੇ ਡਿਗ ਪਇਆ ਐ ਲੌ ਦੇਖਨਾ ਨਲ, ਜਾਮਵੰਤ ਆਦਿਕ ਪ੍ਰਿਥਵੀ ਤੇ ਪ੍ਰਕ੍ਰਤੀ ਅਚੇਤਨ ਹੋਏ ? ਹਨ। ਇਨਾਂ ਨੂੰ ਇਸ ਦਿਸ਼ਾ ਵਿਚ ਦੇਖਕੇ ਸਾਡਾ ਬਹਾਦਰ ਸੁਗ੍ਰੀਵ ਦੇ ਪਾਸ ਗਇਆ ਪਰ ਓਹ ਅਜੇ ਇਸਨੂੰ ਦੇਖਹੀ ਰਿਹਾ ਸੀ ਕਿ ਇਕ ਬਾਨ ਰਨਭੂਮੀ ਵਿਚੋਂ ਹੁੰਦਾ ਹੋਇਆ ਇਸਦੇ ਪੈਰ ਤੇ ਲਗਾ ਅਰ ਥੋੜੇ ਚਿਰ ਵਿਚ ਹੀ ਇਹ ਭੀ ਬੇ ਹੋਸ਼ ਹੋਕੇ ਸੰਸਾਰ ਸੁਪਨੇ ਵਿਚ ਅਪਨੇ ਨਾਲ ਦਿਆਂ ਨੂੰ ਜਾ ਮਿਲਿਆ ਇਨਾਂ ਸਭਨਾਂ ਦੀ ਇਹ ਦਿਸ਼ਾ ਦੇਖਕੇ ਬਹਾਦਰ ਲਛਮਨ ਸ਼ੇਰ ਸੂਰਮੇ ਦੀ ਨਿਆਈਂ ਗੱਜਦਾ ਹੋਇਆ ਓਥੇ ਪੁੱਜਾ ਅਤੇ ਅਤਿ ਹਾ ਜੋਸ਼ ਭਰਿਆ ਆਕ੍ਰਮਨ ਕੀਤਾ ਕਿ ਰਾਕਸ਼ੀ ਸੈਨਾਂ ਸਾਮਨੇ ਦੀ ਭਾਖ ਨਾ ਰਖਕੇ ਨੇੜੇਹੀ ਸੀ ਕਿ ਪਿਠ ਦਿਖਾਏ ਅਰ ਬਹਾਦਰ ਲਛਮਨ ਬਿਜਯ ਪਤਾ ਦਾ ਨਿਸ਼ਾਨ ਝਲਾਓਂਦਾ ਆਵੇ ਕਿ ਇਕ* ਭਰਿ (ਅਰਥਾਤ ਸ਼ਕਤੀ ਰੂਪ ਆਵੇ-ਸ਼ਦਨ ਨੂੰ ਕਟਦਾ ਹੋਇਆ ਪਸਲੀ ਵਿਚ ਲਗਾ ਅਰ ਪਾਰ ਹੋ ਗਇਆ।

---

* ਜਿਸਦਾ ਫਲ ਬਰਛੀ ਦੇ ਫਲ ਨਾਲ ਮਿਲਦਾ ਜੁਲਦਾ ਹੈ ਪ੍ਰਾਚੀਨ ਹਿੰਦੁਸਤਾਨ ਵਿਚ ਹਥਿਆਰ ਰੂਪ ਦੇ ਅਨੇਕਾਂ

Original with:
Language Department Punjab
Digitized by:
Panjab Digital Library

ਮਹਾਰਾਜਾ ਰਾਮ ਚੰਦ੍ਰ ਨੇ ਜਿਨਾਂ ਦਾ ਰਥਵਾਹੀ ਦੇਖੀਏ
ਕਿਸ ਪ੍ਰਕਾਰ ਪਵਨ ਸਮਾਨ ਰਥ ਨੂੰ ਉਡਾਈ ਚਲਿਆ ਆ

ਪ੍ਰਕਾਰ ਦੇ ਹੁੰਦਾ ਕਰਦੇ ਸੇ। ਕਈ ਇਕ ਕਰਤਾਓਂ ਦੇ ਨਾਵਾਂ ਤੋ ਪ੍ਰਸਿਧ ਸਨ ਅਰਥਾਤ ਇੰਦ੍ਰਬਾਨ, ਬ੍ਰਹਮ ਅਸਤ੍ਰ ਆਦਿਕ ਪ੍ਰਾਯਾ ਬ੍ਰਹਮ ਅਸਤ੍ਰ ਜੋ ਅਜਿਹਾ ਭੀਤ ਸਾ ਕਿ ਇਸ ਵਿਚ ਵਿਹੁ ਅਰਥਾਤ ਜਹਿਰ ਭਰ ਦੇ'ਦੇ ਸਨ ਅਰਇਸਦੇਲਗਨ ਤੇ ਜੀਵਨ ਦੀ ਆਸ਼ਾ ਛੁਟ ਜਾਂਦੀ ਸੀ। ਸੁਨਣ ਵਿਚ ਆਇਆ ਹੈ ਕਿ ਅਸ ਕਲ ਭੀ ਪੂਰਬੀ ਅਫਰੀਕਾ ਵਿਚ ਜੰਗਲੀ (ਬਾਨੇ) ਲੋਕ ਇਸੇ ਪ੍ਰਕਾਰ ਦੇ ਭੀਤਾਂ ਨਾਲ ਸ਼ਿਕਾਰ ਆਦਿਕ ਕਰਦੇ ਹਨ ਅਰ ਕਈ ਇਕ ਹਥਿਆਰ ਜਿਸ ਚੀਜ ਨਾਲ ਮਿਲਦੇ ਜੁਲਦੇ ਹਨ ਉਸੇ ਦੇ ਨਾਓਂ ਤੇ ਮਸ਼ਹੂਰ ਹਨ ਅਰਥਾਤ ਹਲ, ਮਗਧ, ਪਰਯਗਜ ਆਦਿਕ ਇਸੇ ਪ੍ਰਕਾਰ ਇੰਗਲਸਤਾਨ ਵਿਚ ਐਡਵਰਡ ਪਹਿਲੇ ਦੇ ਰਾਜ ਵਿਚ ਇਕ ਹਥਿਆਰ ਸੀ ਜਿਸਦਾ ਨਾਓਂ ਲੜਾਈ ਦਾ ਬਘਿਆੜ ਸਾ (ਵਾਰ ਵਲਫ) ਅਰ ਐਡ ਵਰਡ ਤੀਜੇ ਦੇ ਰਾਜ ਵਿਚ ਬਿਲੀ ਦਾ ਘਰ ਕੈਟ ਹਾਊਸ ਅਰ ਆਰਾ ਸੀ ਜੋ ਵੀਮਜ ਦੀ ਲੜਾਈ ਵਿਚ ਵਰਤੇ ਗਏ ਸਨ ॥

ਕਈ ਕਵੀਸ਼ਰ ਰਾਮਾਇਣ ਕਰਥਾ ਲਿਖਦੇ ਹਨ ਕਿ ਲਛਮਨ ਜੀ ਨੂੰ ਸ਼ਕਤੀ (ਵਿਖਾ ਕ੍ਰਾਂਤ ਬਾਨ) ਦੇ ਲਗਨ ਵੇਲੇ ਹਨੁਮਾਨ ਓਥੇ ਨਹੀ ਸੀ ਓਹ ਉਸ ਵੇਲੇ 'ਨਾਰਦ' ਜੀ ਪਾਸੋਂ ਮਹਾਂਰਾਜਾ ਰਾਮਚੰਦ੍ਰ ਜੀ ਦੀ ਸ਼ੋਭਾ ਦੇ ਰਾਗ ਸੁਨ ਰਿਹਾ ਸੀ ਭਾਵੇਂ ਉਨਾਂ ਦੀ ਇਹ ਲਿਖਤ ਸਾਡੇ ਬਹਾਦਰ ਦੀ ਪ੍ਰਤਿਸ਼ਠਾ ਅਰ ਮਹਾਰਾਜਾ ਰਾਮਚੰਦ੍ਰ ਜੀ ਦੀ ਸਚੀ ਭਗਤੀ ਦੀ ਸਾਖੀ ਦੇਂਦੇ ਹੈ ਕਿਉਂ ਕਿ ਓਹ ਲਿਖਦ ਹਨ ਕਿ ਹਨੁਮਾਨ ਜੀ ਦੀ ਮਜੂਦਗੀ ਵਿਚ ਮੇਘਨਾਥ ਕੁਝ ਭੀ ਨਹੀਂ ਕਰ ਸਕਦਾ ਸੀ ਪ੍ਰੰਤੂ ਪਾਠਕ ਗਨ ! ਇਹ ਦਿਖਾ ਇਕ ਭਰਮ ਤੇ ਇਸਦੀ ਪ੍ਰਤਿਸ਼ਠਾ ਨਹੀ ਪ੍ਰਸਿਧ ਕਰਦੀ ਪ੍ਰੰਤੂ ਇਨਾਂ ਦੇ ਜੀਵਨ ਨੂੰ ਕਲੰਕ ਲਾਓਦੀ ਹੈ ਕਿ

Original with:
Language Department Punjab
Digitized by:
Panjab Digital Library

ਰਿਹਾ ਹੈ ਉਤਾਂ ਨੂੰ ਨਜਰ ਚੁਕੀ ਅਰ ਮੇਘਨਾਥ ਨੂੰ ਦੇਖਿਆ ਕਿ ਬਿਵਾਨ ਵਿਚ ਬੈਠਾ ਵਾਰ ਕਰ ਰਿਹਾ ਹੈ ਆਪਨੇ ਭਤੀਕਾਲ ਨਿਜ ਧਨੁਖ ਤੋਂ ਅਗਨ ਬਾਨ ਛਾਡਿਆ ਅਰ ਇਸੇ ਪ੍ਰਕਾਰ ਉਤੋ ਬਲੀ ਤਿੰਨ ਚਾਰ ਵਾਰ ਕੀਤੇ ਪ੍ਰਤੂ ਮੇਘਨਾਥ ਦੀ ਚਤੁਰਤਾ ਦੇਖੋ ਕਿਸ ਪ੍ਰਕਾਰ ਰਥ ਨੂੰ ਉਡਾਈ ਚਲਾ ਜਾਂਦਾ ਹੈ ਕਿ ਮੁਸ਼ਕਲ ਨਾਲ ਕਦੀ ਕਦੀ ਨਜਰੀਂ ਪੈਦਾ ਹੈ ਅਰ ਇਹੋ ਕਾਰਨ ਹੈ ਓਹ ਅਜੇ ਤੀਕਰ ਮਹਾਰਾਜਾ ਰਾਮਚੰਦ੍ ਜੀ ਦੇ ਖ਼ੜ੍ ਵਿਘਾਤਕ ਤੀਰਾਂ ਤੋਂ ਬਚਿਆ ਹੋਇਆ ਹੈ ਨਹੀਂ ਤਾਂ ਕਦੀ ਦਾ ਪ੍ਰਿਥਵੀ ਤੇ ਲੋਟਿਆ ਹੋਇਆ ਦਿਸਦਾ । ਮੇਘਨਾਥ ਦਾ ਬਿਵਾਨ ਜਦੋਂ ਤੀਕਰ ਰਨ-ਭੂਮੀ ਦੇ ਇਰਦ ਗਿਰਦ ਚਕ੍ਰਰ ਖਾਂਦਾ ਰਿਹਾ ਉਨਾਂ ਨੇ ਭੀ ਇਸਦਾ ਪਿਛਾ ਨ ਛਡਿਆ ਪਰ ਹਦ ਤੋਂ ਅਤੀਵ ਇਸਦਾ ਪਿਛਾ ਕੀਤਾ ਤਾਂ ਓਹ ਨਜਰੋਂ ਅਲੋਪ ਹੋ ਗਇਆ ਅਰ ਰਾਵਨ ਨੂੰ ਜਾਕੇ ਇਹ ਕਹਿਨ ਲਗਾ ॥

॥ ਚੌਪਈ ॥

ਆਜ ਪਿਤਾ ਮਮ ਦਿਹੋ ਵਧਾਈ।
ਲੈ ਬਦਲਾ ਮੈ ਲੀ ਵਡਿਆਈ ॥

ਅਜਿਹੇ ਮਹਾਂ ਅੰਧਘੋਰ ਜੁਧ ਦੇ ਵੇਲੇ ਇਕ ਸੈਨਾਂਪਤਿ ਦਾ ਅਰ ਓਹ ਭੀ ਕੇੜਾ ਜਿਸ ਉਤੇ ਜੁਧ ਦਾ ਜਿਮਾਦ ਪ੍ਰਭਸ਼ਟਾ ਹੋਵੇ ਰਨਭੂਮੀ ਤੋਂ ਮੁੰਹਮੋੜ ਤਾਗ ਦੰਗ ਵਿਚ ਲਗ ਜਾਵੇ ਅਤ ਅਜਿਹਾ ਲਗ ਕੇਮਤਿਆ ਜਾਏ ਕਿ ਓਹ ਨੂੰ ਅਗੇ ਪਿਛੇ ਦੀ ਭੀ ਖਵਰ ਨਾਂ ਰਹੇ ਕੋਈ ਥੋੜੀ ਜਿਹੀ 'ਗਲ ਨਹੀਂ' ਇਸ ਤੋਂ ਇਹ ਭਾਵ ਪਾਇਆ ਜਾਂਦਾ ਹੈ ਕਿ ਹਨੂਮਾਨ ਜੁਧ ਨਿਯਮ ਤੋਂ ਨਵਾਕਬ ਅਰ ਰਨਭੂਮੀ ਦਾ ਬੁਜਦਿਲ ਸਾ ਪ੍ਰੰਤੂ ਮੁਕਦਰ ਦੀ ਜਗਾ ਹੈ ਕਿ ਬਾਲਮੀਕੀ ਰਾਮਾਇਣ ਵਿਚ ਅਸੀ ਇਨਾਂ ਸ਼ਬਦਾਂ ਨੂੰ ਕਿਧੇ ਨਹੀਂ' ਦੇਖਦੇ ॥ (ਦੇਖੋ ਬਾਲਮੀਕੀ ਰਾਮਾਇਣ ਲੰਕਾ ਕਾਂਡ ਪੜ੍ਹਾ ੯੨, ੯੩)

Original with:
Language Department Punjab
Digitized by:
Panjab Digital Library

ਨੇ ਕੋ ਜੀਵਨ ਰਹਿਸੀ ਮੇਰਾ।
ਕਰੂੰ ਪ੍ਰਲੋਕ ਇਨ* ਦੋਹਨ ਡੇਰਾ ॥

ਇੰਨੇ ਵਿਚ ਰਾਵਨ ਦੀ ਬਾਕੀ ਸੇਨਾਂ ਭੀ ਖੁਸ਼ੀ ਦੇ ਨਾਹੇ ਮਾਰਦੀ ਮਾਰਦੀ ਰਾਵਨ ਦੇ ਨੇੜੇ ਜਾ ਪਹੁੰਚੀ ਓਧਰ ਜਦ ਮਹਾਰਾਜਾ ਰਾਮਚੰਦ੍ਰ ਨੇ ਸ਼ਤ੍ਰੂ ਨੂੰ ਨਾ ਦਖਿਆ ਤਾਂ ਸਭਨੂੰ ਦੇਖਦੇ ਹੋਏ ਲਛਮਨ ਦੇ ਨੇੜੇ ਪਹੁੰਚੇ ਜੋ ਇਸ ਵੇਲੇ ਬੇਹੋਸ਼ ਹੋਕੇ ਡਿਗਾ ਪਇਆ ਸੀ ਅਰ ਲਛਮਨ ਜੀ ਨੂੰ ਲਹੂ ਵਿਚ ਗੜੁਚ ਹੋਇਆ ਹੋਇਆ ਦੇਖਿਆ ਮਹਾਰਾਜਾ ਰਾਮਚੰਦ੍ਰ ਜੀ ਦੇਖਦੇ ਦੇਖਦੇ ਰਹ ਗਏ ਅਰ ਅਪਨੇ ਦਿਲ ਵਿਚ ਕਹਿਨ ਲਗੇ ॥

॥ ਦੋਹਰਾ ॥

ਭਾਵੀ ਅਟਲ ਧ੍ਰਬਲ ਹੈ ਧਾਰੇ ਅਤਿ ਬਹੁ ਰੁਪ।
ਖਿਨ ਪਲ ਮੇਂ ਓਹ ਅਵਰ ਹੀ ਕਰੇ ਸੋ ਰੂਪ ਕਰੂਪ।

ਇੰਨੇ ਵਿਚ ਸੁਖੈਨ ਅਰ ਗੁਵਾਰਾਂ ਭੀ ਆਗਏ ਅਰ ਉਨਾਂ ਬਹਾਦਹਾਂ ਨੂੰ ਜੋ ਬੇਹੋਸ਼ ਪਏ ਹੋਏ ਸੇ ਧਿਆਨ ਨਾਲ ਦੇਖਿਆ ਤਤਕਾਲ ਬਿਨਾ ਲਛਮਨ ਦੇ ਸਭ ਦੇ ਜਖਮਾਂ ਤੇ ਜੋ ਨਾਮ ਮਾਤ੍ਰ ਸਨ ਪ੍ਰੰਤੂ ਜਹਰ ਦੇ ਕਾਰਨ ਬੇਹੋਸ਼ ਪਏ ਹੋਏ ਸਨ ਸ੍ਵਰਨ ਕਰਨੀ ਬੂਟੀ ਕੰਮ ਵਿਚ ਲਿਆਏ ਜਿਸਦੇ ਲਾਂਦਿਆ ਸਾਰ ਹੀ ਸਬੇ ਸੂਰਮੇ ਹੋਸ਼ ਵਿਚ ਆ ਗਏ ਪ੍ਰੰਤੂ ਆਹ ! ਲਛਮਨ ਜੀ ਦਾ ਜਖਮ ਅਜਿਹਾ ਗਹਿਰਾ ਸਾ ਕਿ ਦੋ ਤਿੰਨ ਪ੍ਰਕਾਰ ਦੀਆ ਬੂਟੀਆਂ ਜੋ ਓਥੇ ਪਈਆਂ ਹੋਈਆਂ ਸਨ ਵਰਤਨ ਵਿਚ ਇਕ ਦੂਜੀ ਅੰਤ ਲਿਆਈਆਂ ਗਈਆਂ ਪਰ ਓਹ ਵਿਅਰਥ ! ਕੁਝ ਭੀ ਕੰਮ ਨਾ ਦੇ ਸਕੀਆਂ ਅਰ ਘਾਓ ਜਮਿਤ੍ਰ ਵਿਆਧੀ ਵਪਾਂਓਦੀ

* ਅਰਥਾਤ ਰਾਮਚੰਦ੍ਰ ਅਰ ਲਛਮਨ ਦਾ

Original with:
Language Department Punjab
Digitized by:
Panjab Digital Library

ਗਈ ਸਿਉਂ ਸਿਟ੍ਹ' ਦਵਾ ਕੀਤੀ ਘਾਓ ਗਹਿਰਾ ਹੁੰਦਾ ਚਲਿਆ ਗਇਆ ਅੰਤ ਨੂੰ ਓਨਾਂ ਨੂੰ ਚੁਕ ਕੇ ਡੇਰੇ ਵਚ ਲੈ ਆਏ ॥

(ਇਕਵਿਜਵਾਂ ਧਿਆਯ)

ਸੰਜੀਵਨੀ ਬੂਟੀ

ਕੀ ਭੁਨਵਾਸਾ ਸਮਜ ਕਾ ਸਿਖਜਾ ਕਾਅਸਥਾਨ।

ਦਮਮਾਰਨਕੀਜਾ ਨਹੀਂਰੇਖ ਨਾਮਿਟੈ ਸੁਜਾਨ।

ਪਾਨਕ ਗ! ਸੰਸਾਰ ਸਿਖਜਾ ਦਾ ਅਸਥਾਨ ਹੈ ਇਸ ਵਿਚ ਅਹੰਕਾਰ ਕਰਨਾ ਕਿਸੇ ਨੂੰ ਉਚਿਤ ਨਹੀਂ। ਮਨੁਖ ਸੋਚਦਾ ਕੁਝ ਹੈ ਭਾਵੀ ਕਰਦੀ ਕੁਝ ਹੈ ਆਹ! ਇਹ ਓਹੀ ਲਛਮਨ ਹੈ ਜੋ ਥੋੜਾ ਚਿਰ ਪਹਿਲਾਂ ਬੜੇ ਜੋਸ਼ ਨਾਲ ਕੇਸਰੀ ਸਿੰਘ ਸਮਾਨ ਗਜਦਾ ਹੋਇਆ ਰਨਭੂਮੀ ਵਿਚ ਸ਼ਤ੍ਰੂ ਨੂੰ ਪਿਛੇ ਹਟਾ ਰਿਹਾ ਸਾ ਅਰ ਹੁਨ ਅਚੇਤ ਹਥ ਪੈਰ ਢਿਲੇ ਛਡੇ ਧਰਤੀ ਤੇ ਲਹੂ ਵਿਚ ਤਰ ਹੋਇਆ ਹੋਇਆ ਪਇਆ ਹੈ ਇਸਦੇ ਇਕ ਪਾਸੇ † ਸੁਖੈਨ, ਸੁਗ੍ਰੀਵ, ਹਨੂਮਾਨ ਆਦਿਕ ਅਰ ਦੂਜੇ ਪਾਸੇ ਮਹਾਰਾਜਾ ਰਾਮਚੰਦ੍ ਸਿਰ ਨੀਵੇਂ ਸੁਟੇ ਹੋਏ ਬੈਠੇ ਹਨ ਇਨਾਂ ਸੂਰਬੀਰਾਂ ਦੇ ਕਲੇਸ਼ ਚਿੰਤਾ ਅਰ ਰੁਦਨ ਨੂੰ ਕੋਣ ਜਾਨ ਸਕਦਾ ਹੈ ਜੀਬਾ ਨੂੰ ਤਾਕਤ ਨਹੀਂ ਕਿ ਕਥਨ ਕਰ ਸਕੇ ਅਰ ਕਲਮ ਨੂੰ ਸ਼ਕਤੀ ਹੀ ਨਹੀਂ ਕਿ ਲਿਖ ਸਕੇ ॥

ਲਛਮਨ ਜੀ ਦੀ ਭੋਲੀ ਭਾਲੀ ਮੂਰਤ ਇਨਾਂ ਦੀਆਂ ਮਿਠੀਆਂ ੨ ਗਲਾਂ ਆਗਯਾ ਅਨੁਆਈ ਸੁਭਾਵ ਦੇਸ ਛਡਕੇ ਬਨਬਾਸ ਲਈ ਤਿਆਰ ਹੋਨਾਂ ਅਰ ਅਪਨੇ ਦੁਖਾਂ ਨੂੰ ਅਪਨੇ

†ਮਹਾਰਾਜਾ ਰਾਮਚੰਦ੍ ਦਾ ਸੈਨਾਪਤਿ ਅਰ ਧਰਮਰਾਜ ਦਾਸਪੁਤ ਸੀ (ਦੇਖੋ ਬਾਲਮੀਕੀ ਰਾਮਾਇਨ ਲੰਕਾ ਕਾਂਡ ਪਤ੍ਰਾ ੨੬ ਸੁਰਗ ੨੦)

Original with:
Language Department Punjab
Digitized by:
Panjab Digital Library

ਪਰਮ ਪ੍ਰੀਤਵਾਨ ਭ੍ਰਾਤਾ ਰਾਮਚੰਦ੍ਰ ਦੇ ਕਲੇਸ਼ ਅਰ ਗਮ ਤੋਂ ਵਾਰਨਾ ਇਹ ਸਭ ਗਲਾਂ ਚਿਤ੍ਰ ਬਨਕੇ ਮਹਾਰਾਜਾ ਰਾਮਚੰਦ੍ਰ ਜੀ ਦੀਆਂ ਅਖਾਂ ਦੇ ਅਗੇ ਫਿਰ ਗਈਆਂ ਬਿਅਖਿਤਿਆਰ ਕਲੇਜਾ ਧੜਕਨ ਲਗਾ ਦਿਲ ਘਬਰਾ ਗਿਆ ਅਰ ਅਖਾਂ ਵਿਚੋਂ ਅਥਰੂ ਨਿਕਲ ਪਏ ਸੁਖੈਨ ਨੇ ਜੋ ਸਾਮਨੇ ਹੀ ਬੈਠਾ ਸੀ ਕਿਹਾ—

ਇਸ ਵਿਚ ਸੰਦੇਹ ਨਹੀਂ ਕਿ ਭ੍ਰਾਤਾ ਭੁਜਾ ਬਲੀ ਆਪਤੀ ਕਾਲ ਦੇ ਸਹਾਇਤਾ ਕਾਰੀ ਅਰ ਕਠਿਨਤਾ ਦੇ ਸਮੇਂ ਦੇ ਸਹਾਰਾ ਹੁੰਦੇ ਹਨ ਲਛਮਨ ਜੀ ਦੀ ਆਪਤਿ ਦਾ ਗਮ ਕਲੇਸ਼ ਜਿੰਨਾ ਇਹ ਕਰਨ ਥੋੜਾ ਹੈ ਪੰਤੂ ਤਕਦੀਰ ਅਤਥਾਤ ਭਵੀ ਅਤਿ ਪ੍ਰਬਲ ਹੈ ਇਸਦੇ ਅਗੇ ਕਿਸੇ ਦੀ ਪੇਸ਼ ਨਹੀਂ ਜਾਂਦੀ ਹਾਂ ਪੁਰਖਾਰਥ ਕਰਨਾ ਮਨੁਖ ਦਾ ਧਰਮ ਹੈ ਦੇਵ ਅਵਸਰ ਸੰਗ੍ਰਾਮ ਵਿਚ ਦੋ ਚਾਰ ਨਹੀਂ ਦਸ ਨਹੀ ਕਿੰਤੂ ਸਹੰਸ੍ਰ ਸੂਰਮੇ ਇਨਾਂ ਅਭਿਯਾ ਚਾਰੀਆਂ ਦੇ ਹਥੋਂ ਇਸੇ ਪ੍ਰਕਾਰ ਛਲ ਵਿਚ ਆਕੇ ਘਾਇਲ ਹੋਏ ਪੰਤੂ "ਅੰਮ੍ਰਿਤ ਸੰਜੀਵਨੀ" ਦੇ ਜੀਵਨ ਨਾਲ ਥੋੜੇ ਚਿਰ ਵਿਚ ਹੀ ਆਰੋਗ੍ਯ ਹੋ ਰਾਜੀ ਬਾਜੀ ਹੋ ਗਏ ਹਾਇ ! * ਸ਼ੋਕ ! ਕਿ ਓਹ ਬ੍ਰਨੀ ਇਸ ਵੇਲ ਇਥੇ ਹੈ ਨਹੀਂ ਅਰ ਅਸੀ ਅਪਨੇ ਉਸ ਮੰਗਲ ਤੋਂ ਗੰਧਮ ਦਨਾ ਪਰਬਤ ਉਤੇ ਸਥਿਤ ਹੈ ਬਹੁਤ ਦੂਰਹਾਂ ਨਹੀਂ ਤਾਂ ਲਛਮਨ ਜੀ ਦਾ ਘਾਓ ਕੁਝ ਸ਼ੈ ਨਹੀ ਜੇਕਰ ਸਾਰਾ ਸ਼ੈਲ ਭੀ ਗਲ ਗਇਆ ਹੋਵੇ ਤਾਂ ਆਰੋਗ੍ਯ ਹੋਨਾ ਕੋਈ ਕਠਨ ਗਲ ਨਹੀਂ ਸੀ —

ਰਾਮਚੰਦ੍ਰ-"ਤਾਂ ਫੇਰ ਹੁਨ ਕੀ ਕਰਨਾ ਚਾਹੀਏ ?"

ਸੁਖੈਨ-"ਬਸ ਇਸਦੇ ਕੇ ਅੰਮ੍ਰਿਤ ਸੰਜੀਵਨੀ ਮਿਲ ਜਾਵੇ ਹੋਰ ਕੁਝ ਨਹੀਂ ਗਲ ਬਨਦੀ ਨਜਰ ਆਉਂਦੀ ਅਰ ਓਹ ਭੀ ਸੂਰਜ ਚੜਨ ਤੋਂ ਪਹਿਲਾਂ ਪਹਿਲਾਂ ਨਹੀਂ ਤਾਂ ਉਸ ਵੇਲੇ ਤੋਂ ਪਿਛੇ ਬਿਨਾਂ ਸ਼ੋਕ ਚਿੰਤਾਂ ਅਰ ਕਲੇਸ਼ ਦੇ ਕੁਝਨਾਂ ਹੋ ਸਕੇਗਾ"

ਰਾਮਚੰਦ੍ਰ-(ਹਨੁਮਾਨ ਵਲ ਦੇਖਕੇ)ਮੇਰੇ ਬਹਾਦਰ ਜਰਨੈਲ

---

* ਦੇਖੋ ਏਲੀਅਡਆਫ ਦੀ ਈਸਟ ਪਤ੍ਰਾ ੨੮੭ ਜੋ ਅਨੁਮਾਨਨ ੭੦੦ ਮੀਲ ਦੇ ਨੇੜੇ ਹੈ ॥

Original with:
Language Department Punjab
Digitized by:
Panjab Digital Library

ਬਿਨਾਂ ਤੁਹਾਡੇ ਹੋਰ ਕੋਈ ਨਹੀਂ ਦਿਸਦਾ ਜੋ ਇਸ ਕਠਿਨ ਕਾਰਜ ਨੂੰ ਪੂਰਾ ਕਰੇ ਲਛਮਨ ਜੀ ਦਾ ਜੀਵਨ ਤੁਹਾਡੇ ਹੀ ਹਥ ਹੈ ॥

ਹਨੂਮਾਨ-(ਹਥ ਜੋੜਕੇ) " ਮਹਾਰਾਜ ਆਪ ਧੀਰਜ ਰਖੋ ਜਿਥੋਂ ਜਿਥੋਂ ਤਕ ਹੋਵੇਗਾ "ਅੰਮ੍ਰਿਤ ਸੰਜੀਵਨੀ" ਲਿਆਉਨ ਲਈ ਘਟ ਨਾਂ ਕਰਾਂ ਗਾ (ਪਛਮ ਵਲ ਦੇਖਕੇ) ਸੂਰਜ ਡੁਬਨ ਤੇ ਤਿਆਰ ਹੈ ਹੁਨ ਆਗਿਆ ਦੀਜੀਏ ! "

ਮਹਾਰਾਜਾ ਰਾਮਚੰਦ੍ਰ-" ਸ਼ਾਬਾਸ਼ੇ ਬਹਾਦਰ ! ਤੇਰੇ ਉਤੇ ਅਜਿਹੀ ਹੀ ਆਸ਼ਾ ਸੀ (ਸੁਖੈਨ ਦੀ ਵਲ ਦੇਖਕੇ) ਬਹਾਦਰ ਸਰਨੈਲ ਨੂੰ ਸਭ ਹਾਲ ਦਸ ਦਿਓ ! "

ਸੁਖੈਨ-" ਅੰਮ੍ਰਿਤ ਸੰਜੀਵਨੀ" ਬੂਟੀ ਦਾ ਜਰਦ ਜਿਹਾ ‡ ਰੰਗ ਹੁੰਦਾ ਹੈ, ਹਰੇ ਫਲ, ਫੁਲ ਹਲਕੇ ਸੁਨਹਿਰੀ ਰੰਗ ਅਰ ਉਸ ਵਿਚੋਂ ਚੰਨਨ ਦੀ ਸੁਗੰਧਿਤਾ ਭੀ ਆਉਂਦੀ ਹੈ ਧਰਤੀ ਤੇ ਇਸ ਪ੍ਰਕਾਰ ਵਿਛਿਆ ਹੋਇਆ ਹੈ ਕਿ ਜਮੀਨ ਨਹੀਂ ਦਿਸਦੀ ਇਨਾਂ ਗਲਾਂ ਨੂੰ ਅਛੀ ਤਰਾਂ ਯਾਦ ਰਖਨਾਂ ਪਰ ਇਹ ਖਿਆਲ ਨਖਨਾਂ ਕਿ ਇਹ ਸਾਰਾ ਕੰਮ ਸੂਰਜ ਚੜਨ ਤੋਂ ਪਹਿਲਾਂ ਹੋ ਜਾਨਾ ਚਾਹੀਦਾ ਹੈ "

ਹਨੂਮਾਨ-"ਸਤ ਬਚਨ ! ਅਜਿਹਾ ਹੀ ਹੋਵੇਗਾ "

---

‡ਦੇਖੋ ਏਲੀਅਡ ਆਫ਼ਈਸਟ ੨੬੭

ਨੋਟ-: ਇਹ ਜੋ ਆਮ ਪ੍ਰਸਿਧ ਹੈ ਕਿ ਹਨੁਮਾਨ ਜੀ " ਸੁਖੈਨ,, ਵੈਦ ਨੂੰ ਜੋ ਲੰਕਾ ਵਿਚ ਰਹਿੰਦਾ ਸੀ ਜਾਕੇ ਲਿਆਏ ਅਰ ਸੰਜੀਵਨੀ ਬੂਟੀ ਦਾ ਲਿਆਓਨਾਂ ਉਸੇ ਦੀ ਰਸਨਾ ਦ੍ਵਾਰਾ ਕਥਨ ਦਾ ਫਲ ਹੈ ਪੰਨ ! ਸ਼ੁਕ ਬਾਲਮੀਕੀ ਰਾਮਾਇਨ ਇਸ ਗਲ ਦੀ ਕਿਧੇ ਭੀ ਸਾਖੀ ਨਹੀਂ ਦੇਂਦਾ ਕਿੰਤੂ ਇਸਦੇ ਪੜਨ ਤੋਂ ਸਾਫ ਪ੍ਰਸਿਧ ਹੁੰਦਾ ਹੈ ਕਿ ਸੁਖੈਨ ਮਹਾਰਾਜਾ ਰਾਮਚੰਦ੍ਰ ਜੀ ਦੀ ਸੈਨਾਂ ਦੇ ਸੈਨਾ ਪਤਿਆਂ ਵਿਚੋਂ ਸੀ ਨਾਂ ਕਿ ਲੰਕਾ ਦਾ ਹਕੀਮ ਦੇਖੋ ਬਾਲ ਮੀਕੀ ਰਾਮਾਇਣ ਲੰਕਾਂ ਕਾਂਡ ਪਤ੍ਰਾ-

Original with:
Language Department Punjab
Digitized by:
Panjab Digital Library

ਹਨੁਮਾਨ ਨੇ ਇਹ ਕਿਹਾ ਅਰ ਬਿਵਾਨ ਤੇ ਅਸਵਾਰ ਹੋਕ ਨਜਰੋਂ ਅਲੋਪ ਹੋ ਗਇਆ ਬਿਵਾਨ ਐਂਨਾਂ ਭੇਜ ਚਾਲਸੀ ਕੀ ਬੜੀ ਮੁਸ਼ਕਲ ਨਾਲ ਅਜੇ ਡੇੜ ਪਹਿਰ ਹਾਤਹੀ ਬੀਤੀ ਹੋਵੇਗੀ ਜਦੋਂ ਬਹਾਦਰ ਰੀਧ ਮਧਨਾ ਪਰਬਤ ਤੇ ਜੋ ਕਿਸ਼ਕਿੰਧਾ ਦੇ ਪੁਰ ਅਰ ਹਿੰਦੁਸਤਾਨ ਦੇ ਦਖਨ ਵਿਚ ਸ਼ਹਿਰ ਕਿਸਕਿੰਧਾ ਦੇ ਕੁਝ ਥੋੜੀ ਵਾਟ ਤੇ ਸਥਿਤ ਹੈ ਜਾ ਪਹੁੰਚਿਆ ਇਸ ਵੇਲੇ ਹਾਤ ਅਜਿਹੀ

ਨੋਟ:-ਪਾਠਕ ਗਨ ! ਸਾਡੀ ਇਹ ਲਿਖਤ ਕਿ ਹਨੁਮਾਨ ਜੀ ਅੰਮ੍ਰਿਤ ਸੰਜੀਵਨੀ ਦ੍ਰੋਣਾਗਰ ਪਰਬਤ ਤੋਂ ਨਹੀਂ ਲਿਆਏ ਅਰ ਨਾਂ ਹੀ ਭਰਤ ਜੀ ਨੂੰ ਮਿਲੇ ਕੀ ਜਾਨੀਏ ਆਪ ਲੋਕਾਂ ਨੂੰ ਇਸੇ ਲਈ ਹੀ ਪ੍ਰਤੀਤ ਹੋਵੇ ਕਿ ਅਸਾ ਨੇ ਗੁਸਾਂਈ ਤੁਲਸੀ ਦਾਸ ਜੀ ਦੀ ਰਵਿਤਾ ਦਾ ਖੰਡਨ ਕੀਤਾ ਹੈ ਪ੍ਰੰਤੂ ਆਪ ਇਸ ਗਲਨੂੰ ਹਿਰਦੇਵਿਚ ਨਿਸ਼ਚ ਕਰ ਲਓ ਕਿ ਉਨਾਂ ਨੇ ਜੋ ਕੁਝ ਲਿਖਿਆ ਹੈ ਭਗਤੀ ਭਾਵ ਯਾ ਮਹਾਰਾਜਾ ਰਾਮਚੰਦ੍ਰ ਜੀ ਦੇ ਸਚੇ ਪ੍ਰੇਮ ਦੇ ਕਾਰਨ ਲਿਖਿਆ ਹੈ ਨਾਂ ਕਿ ਇਤਹਾਸਕ ਰੀਤੀ ਤੇ ਪ੍ਰੰਤੂ ਅਸਾਂ ਨੇ ਇਤਹਾਸਕ ਬ੍ਰਿਤਾਂਤ ਲਿਖਨਵਿਚ ਯਕਤਿ ਅਰ ਪ੍ਰਮਾਨਕ ਕੰਮ ਕਰਨਾ ਹੈ ਇਸ ਲਈ ਜਦ ਸਭ ਤੋਂ ਪਹਿਲੇ ਬਾਲਮੀਕੀ ਰਾਮਾਇਣ ਲੰਕਾ ਕਾਂਡ ਪਤ੍ਰਾ ੯੫ ਨੂੰ ਦੇਖਦੇ ਹਾਂ ਤਾਂ ਇਸ ਗਲ ਦਾ ਬਿਧੇ ਭੀ ਪਤਾ ਨਹੀਂ ਲਗਦਾ ਅਰ ਨਾਂ ਹੀ ਅੰਗ੍ਰੇਜੀ ਇਤਹਾਸ ਕ੍ਰਿਤ ਮਿਸਟ੍ਰ ਰਿਚ੍ਰਡ ਸਨ ਸਾਹਿਬ ਜਿਨਾਂ ਨੇ ਅਤੀਵ ਜਤਨ ਅਰ ਮੇਹਨਤ ਕਰ ਸੰਸਾਕ੍ਰਿਤ ਰਾਮਾਇਨ ਦਾ ਤ੍ਰਜਮਾ ਬੜੇ ਬੜੇ ਗਿਆਨੀਆਂ ਅਰ ਵਿਦ੍ਵਾਨਾਂ ਪੰਡਿਤਾ ਦੀ ਸਹਾਇਤਾ ਨਾਲ ਅੰਗੇਜੀ ਵਿਚ ਕੀਤਾ ਇਸਦੀ ਸਾਖੀ ਦੇਂਦੇ ਹਨ ਹੁਨ ਅਸੀਂ ਦੇਖਦੇ ਹਾਂ ਕਿ ਦ੍ਰੋਣਾਗਰ ਪ੍ਰਬਤ ਜੋ ਹਿਮਾਲਯ ਪ੍ਰਬਤ ਤੇ ਸਥਿਤ ਹੈ ਲੰਕਾ ਤੋਂ ਕਿੰਨੀ ਵਟ ਤੇ ਹੈ । ਅਜ ਨਲ ਦੇ ਨਕਸ਼ਿਆਂ ਤੋਂ ਪਤਾ ਮਿਲਦਾ ਹੈ ਕਿ ਇਹ ਫਾਸਲਾ ਦੋ ਹਜਾਰ ਮੀਲ ਤੋਂ ਕੁਝ ਜਆਦਾ ਹੈ ਜੋ ਆਉਨ ਜਾਨ ਦੇ ਕਾਰਨ ਅੰਦਾਜਨ ਸਾਡੇ ਚਾਰ ਹਜਾਰ ਮੀਲ ਦੇ ਲਗ ਭਗ ਹੁੰਦਾ ਹੈ ਇੰਨੀ ਦੂਰ

Original with:
Language Department Punjab
Digitized by:
Panjab Digital Library

ਅੰਨੇਰੀ ਹੈ ਕਿ ਹਥਨੂੰ ਹਥ ਨਹੀਂ ਲਭਦਾ ਚਾਰੇ ਪਾਸਿਓਂ ਭਯਾਨਕ ਡਰਾਉਨੀਆਂ ਆਵਾਜਾਂ ਆ ਰਹੀ ਆਂ ਹਨ। ਘਾਤਕ ਪਸ਼ੂ ਅਰ ਜੰਗਲੀ ਜਨਾਵਰ ਡਕਾਰ ਰਹੇ ਹਨ। ਪਹਾੜਾਂ ਦੀਆਂ ਦੁਚੀਆਂ ਉਚੀਆਂ ਚੋਟੀਆਂ ਅਰ ਕਠਨ ਘਾਟੀਆਂ ਹੋਰ ਭੀ ਹਨੇਰ ਮਾਰ ਰਹੀਆਂ ਹਨ ਪਵਨ ਸ਼ਾਂ ਸ਼ਾਂ ਕਰਦੀ ਅਰ ਫਰ ਫਰ ਕਰਦੀ ਵਗ ਰਹੀ ਹੈ ਸਾਰ ਇਹ ਕਿ ਇਹ ਓਹ ਵੇਲਾ ਹੈ ਕਿ ਇਕ ਬਹਾਦਰ ਤੋਂ ਬਹਾਦਰ ਦੇ ਹਵਾਸ ਗੁਮ ਹੋ ਜਾਂਦੇ ਹਨ ਪ੍ਰੰਤੂ ਮਹਾਰਾਜਾ ਰਾਮਚੰਦ੍ਰ ਦਾ ਬਹਾਦਰ ਜਰਨੈਲ ਕਿਸੇ ਭਰਾਂ ਦੀਆਂ ਗਲਾਂ ਦੀ ਕੁਝ ਭੀ ਪ੍ਰਵਾਹ ਨਾ ਕਰਦਾ ਹੋਇਆਂ ਬਰਾਬਰ ਅਪਨੇ ਕੰਮ ਵਿਚ ਲਗਾ ਹੋਇਆ ਹੈ ਓਹ ਦੇਖੀਏ! ਮੁਸ਼ਾਲ ਹਥ ਵਿਚ ਲਈ ਹੋਈ ਹਰ ਇਕ ਬੂਟੇ ਨੂੰ ਦੇਖਦਾ ਹੋਇਆ ਅਰ ਢੂੰਢ ਭਾਲ ਕਰਦਾ ਹੋਇਆ ਪਰਬਤ ਦੀ ਉਚੀ ਚੋਟੀ ਤੇ ਸੋਚਦਾ ਹੋਯਾ ਕਾਰਜ ਸਿਧੀ ਦੀ ਆਸ਼ਾ ਵਿਚ ਪਇਆ ਜਾਂਦਾ ਹੈ। ਪਰੰਤੂ ਕੁਝ ਕਾਲ ਅਨੰਤ੍ ਨਿਹੈਤ ਏਅਾਸ ਹੋਕੇ ਮੁੜ ਆ ਜਾਂਦਾ ਹੈ ਅਰ ਕੁਝ ਸੋਚਨ ਲਗਦਾ ਹੈ ਅਰ ਫੇਰ ਕੁਝ ਵਿਚਾਰ ਕਰਕੇ ਕਿਸੇ ਦੂਜੇ ਪਾਸੇ ਚਲਿਆ ਜਾਂਦਾ ਹੈ ਜਦ ਕੁਝ ਸਮਾਂ ਇਸ ਪ੍ਰਕਾਰ ਬਤੀਤ ਹੋ ਗਇਆ ਅਰ ਰਾਮਚੰਦ੍ ਜੀਦੇ ਬਹਾਦਰ ਸੈਨਾਪਤਿ ਨੂੰ ਮੁਰਾਦ ਪੂਰੀ ਹੋਨ ਦੀ ਕੋਈ ਸਾਧਨਾ ਨਾ ਬਨ ਆਈ ਭਾਂ ਲਛਮਨ ਜੀ ਦੀ ਭਯਾਨਕ ਦਿਸ਼ਾ ਦੀ ਚਿਤ੍ ਅਖਾਂ ਅਗੇ ਆ ਗਈ ਅਤਿ ਬੇ ਚੈਨ ਚਿੰਤਾਤੁਰ ਹੋ ਸੋਚ ਵਿਚ ਪੈ ਗਇਆ ਪ੍ਰੰਤੂ ਸੁਰਮਤਾਈ ਅਰ ਹਠ ਨੇ ਇਸਦੇ ਟੂਟੇ ਹੋਏ ਦਿਲ ਨੂੰ ਧੀਰਜ ਦਿਤੀ ਅਰ ਕਿਹਾ ਕਿ ਕੋਈ

ਦਰਾਜ ਦੀ ਵਾਟ ਦਾ ਪੈਂਡਾ ਕਰਨ ਲਈ ਬਿਨਾਂ ਬਿਵਾਨਾਂ ਤੋ ਹੋਰ ਕੋਈ ਚੀਜ ਨਹੀਂ ਲਿਖੀ ਜਿਨਾਂ ਦੀ ਚਾਲ ਸਾਡੇ ਰਿਸ਼ੀਆਂ ਨੇ ਬਹੁਝ ਤੋਂ ਬਹੁਤ ਇਕ ਸੌ ਤੀਹ ੧੩੦ ਮੀਲ ਪ੍ਰਤਿ ਘੰਟੇ ਦੇ ਹਿਸਾਬ ਲਿਖੀ ਹੈ ਹੁਨ ਦੇਖਨਾ ਇਹ ਹੈ ਕਿ ਇਸ ਕੰਮ ਨੂੰ ਸਿਧ ਕਰਨ ਲਈ ਹਨੂਮਾਨ ਜੀ ਨੂੰ ਕਿੰਨਾ ਅਵਸਰ ਮਿਲਿਆ ਕਿੰਉ ਕਿ ਲੰਕਾ ਵਿਚ ਦਿਨ ਰਾਤ ਕੁਝ ੨ ਤੁਲਨ ਹੀ ਹੈ ਇਸ ਲਈ

Original with:
Language Department Punjab
Digitized by:
Panjab Digital Library

ਮੁਥਕਲ ਨਹੀਂ ਜੋ ਸੁਖਾਲੀ ਨਾਂ ਹੋਵੇ ਓਹ ਕੋਈ ਅਜਿਹਾ ਕੰਮ ਨਹੀਂ ਸਿਸਦੀ ਢੂੰਢ ਕੀਤੀ ਜਾਵੇ ਤੇ ਪ੍ਰਾਪਤ ਨਾ ਹੋਵੇ ਇਤਨਾ ਅਵਸ਼ਜ ਹੈ ਕਿ ਮਨਖ ਨਿਸਚਾ ਰਖੇ ਜੇਕਰ ਤੁਸੀ ਮਹਾਰਾਜਾ ਰਾਮਚੰਦ੍ਰ ਦੇ ਸਚੇ ਪ੍ਰੇਮੀ ਹਿਤੈਸ਼ੀ ਅਰ ਭਗਤ ਹੋ ਤਾਂ ਵੇਲੇ ਨੂੰ ਦਲੀਲਾਂ ਵਿਚ ਨ ਗੁਆਓ ਅਤ ਢੂੰਢ ਭਾਲ ਕਰੋ ਇਸ ਵਿਚਾਰ ਦੇ ਉਤਪੰਨ ਹੁੰਦਿਆਂ ਹੀ ਸਾਡਾ ਬਹਾਦਰ ਹਨੂਮਾਨ ਫੇਰ ਢੂੰਢਨ ਭਾਲਨ ਲਗਾ ਅਰ ਇਸ ਪਹਾੜੀ ਤੇ ਜੋ ਰੀਧ ਮਦਨਾ ਦੀ ਉਂਚੀ ਚੋਟੀ ਦੇ ਨੀਵੇਂ ਸਥਿਤ ਹੈ ਪਹੁੰਚਿਆ ਆਹਾ ! ਜਿਸ ਪ੍ਰਕਾਰ ਇਹ ਬਹਾਦਰ ਧਰਤੀ ਨਾਲ ਨਜਰ ਮਿਲਾਏ ਹਰ ਇਕ ਬੂਟੇ ਨੂੰ ਦੇਖਦਾ ਹੋਇਆ ਜਾ ਰਿਹਾ ਸਾ ਉਏਂ ਹੀ ਇਕ ਅਜਿਹਾ ਬੂਟਾ ਨਸਰੀਂ ਪਇਆ ਕੁਝ ਸੰਸਾ ਜਿਹੀ ਮਨ ਵਿਚ ਉਤਪੰਨ ਹੋਈ ਓਥੇ ਹੀ ਪੁਸ਼ਾਲ ਲੈਕੇ ਬੈਠ ਗਿਆ ਜਦ ਅਛੀ ਤਰਾਂ ਧਿਆਨ ਨਾਲ ਦੇਖਿਆ ਤਾਂ ਉਨਾਂ ਨਿਸ਼ਾਨੀਆਂ ਨੂੰ ਜੋ ਉਸਦੇ ਲਭਨ ਲਈ ਸੁਖੈਨ ਨੇ ਦਸੀਆਂ ਸਨ ਪਾਇਆ ਤਾਂ ਬੜੀ ਸਾਵਧਾਨੀ ਨਾਲ ਹਥ ਵਧਾਕੇ ਤੋੜਨਾ ਚਾਇਆ ਪਰ ਫੇਰ ਝਿਝਕ ਗਇਆ ਅਰ ਮਨ ਵਿਚ ਕਹਿਨ ਲਗਾ—

ਅਧਾ ਘੰਟਾ ਅਖੀਰੀ ਦਿਨ ਦਾ ਅਰ ਬਾਰਾਂ ਘੰਟੇ ਰਾਤ ਦੇ ਲਯੇ ਤਾਂ ਸਾਰੇ ਬਾਰਾਂ ਘੰਟੇ ਤੀਹ ਮਿੰਟ ਹੁੰਦੇ ਹਨ। ਇੰਨਾਂ ਵਿਚੋਂ ਘਟ ਤੋਂਘਟ ਅਧਾ ਘੰਟਾ ਬੂਟੀ ਦੀ ਢੂੰਢ ਭਾਲ ਵਿਚ ਅਰ ਦੋ ਘੰਟੇ ਬਾਕੀ ਰਾਤ ਦੇ ਜਦੋਂ ਕਿ ਹਨੂਮਾਨ ਜੀ ਮੁੜਕੇ ਆਏ ਘਟਾਂਦੇ ਹਾਂ ਤਾਂ ਕੇਵਲ ਦਸ ਹੀ ਘੰਟੇ ਬਾਕੀ ਰਹਿੰਦੇ ਹਨ ਪ੍ਰੰਤੂ ਜਦ ਇਨਾਂ ਬਾਕੀ ਦਿਆਂ ਘੰਟਿਆਂ ਨੂੰ ਸਾਡੇ ਚਹੁੰ ਹਜਾਰਾਂ ੪੫੦੦ ਮੀਲਾਂ ਤੇ ਵੰਡਨੇ ਹਾਂ ਤਾਂ ਬਾਕੀ ਵਿਭਕਤ ਪ੍ਰਤਿ ਘੰਟਾ ਸਾਡੇ ਚਾਰ ਸੌ ਮੀਲ ਹੁੰਦੇ ਹਨ ਇਸ ਲਈ ਪਾਠਕ ਗਨ ! ਆਪਹੀ ਦਿਲ ਵਿਚ ਸੋਚੋ ਕਿ ਓਹ ਅਜਿਹੇ ਕੇੜੇ ਸਾਧਨ ਸਨ ਜਿਨਾਂ ਦ੍ਵਾਰਾ ਹਨੂਮਾਨ ਨੇ ਇਹ ਪੈਂਡਾ ਮੁਕਾਇਆ ਹੋਵੇ ਜਿਥੋਂ ਤਕ ਖਿਆਲ ਹੁੰਦਾ ਹੈ ਬਿਨਾਂ ਬਿਵਾਨਾਂ ਦੇ ਹੋਰ ਕੋਈ ਕਾਰਨ ਨਹੀਂ ਦਿਸਦਾ ਜਿਨਾਂ ਦੀ ਗਤ ਦਾ ਵਰਨਨ ਅਸੀਂ ਅਗੇ ਕਰ ਆਏ ਹਾਂ ਜੇਕਰ ਹੋਰ

Original with:
Language Department Punjab
Digitized by:
Panjab Digital Library

"ਪਤਾ ਨਹੀਂ ਕਿ ਇਸ ਦੀ ਜੜ੍ਹ ਚਾਹੀਦੀ ਹੈ ਯਾ ਟਾਹਨੀਆਂ ਯਾ ਪਤ੍ਰ ਅਰ ਮਾਤ੍ਰਾ ਦਾ ਭੀ ਹਾਲ ਵਿਦਿਤ ਨਹੀਂ" ਪਾਠਕ ਗਨ ! "ਹਨੂਮਾਨ ਥੋੜੇ ਚਿਰ ਤੀਕਰ ਤਾਂ ਇਸੇ ਸੋਚ ਵਿਚ ਰਿਹਾ ਫੇਰ ਨਾ ਜਾਨੀਏ ਕੀ ਸੋਚਕੇ ਚਾਰ ਪੰਜ ਬੂਟੇ ਜੜਾਂ ਤੋਂ ਪੁਟ ਲਏ ਅਰ ਇਸੇ ਬਿਵਾਨ ਵਿਚ ਸਵਾਰ ਹੋਕੇ ਪਹਿਰ ਰਾਤ ਬਾਕੀ ਹੋਵੇਗੀ ਜਦੋਂ ਇਹ ਛਾਵਨੀ ਵਿਚ ਮੁੜਕੇ ਆ ਗਇਆ। ਆਹਾ ! ਇਸਨੂੰ ਦੇਖ ਦਿਆਂ ਹੀ ਸਭ ਦੀ ਜਾਨ ਵਿਚ ਜਾਨ ਆ ਗਈ ਬਹਾਦਰ ਹਨੂਮਾਨ ਰਾਮਚੰਦ੍ਰ ਜੀਦੇ ਚਰਨਾਂ ਤੇ ਡਿਗ ਪ੍ਰਨਾਮ ਕਰਨ ਹੀ ਲਗਾ ਸੀ ਕਿ ਰਾਮਚੰਦ੍ਰ ਨੇ ਤੜਕਾਲ ਗਲ ਨਾਲ ਲਾ ਲਇਆ ਅਰ ਸੁਖੈਨ ਨੇ ਛੇਤੀ ਨਾਲ ਬੂਟੀ ਲੈਕੇ ਨਿਯਮ ਅਨੁਸਾਰ ਘਾਓ ਤੇ ਥੈਨ ਦਿਤੀ ਅਰ ਕੁਝ ਬੂੰਦਾਂ ਸੰਘ ਵਿਚ ਪਾ ਦਿਤੀਆਂ ਉਸ ਬੂਟੀ ਦੀ ਅਦੁਤੀ ਰਲਤਾ ਨਾਲ ਅਖਾਂ ਖੋਲ ਦਿਤੀਆਂ। ਰਾਮਚੰਦ੍ਰ ਨੇ ਪ੍ਰਸੰਨਤਾ ਪੂਰਵਕ ਇਸਦੀ ਮਸਤਕ ਚਿਤ੍ਰਤਾ ਚੁੰਮਨਾਂ ਕੰਤਾ ਅਰ ਆਪ ਹਨੂਮਾਨ ਜੀ ਦੀ ਸ਼ੋਭਾ ਗੁਨ ਵਿਚ ਵਡਿਆਈ ਕਰ ਕਥਨ ਕਰ ਰਹੇ ਸਨ ਕਿ ਲਛਮਨ ਜੀ ਉਠਕੇ ਬਹ ਗਏ ਇਨਾਂ ਨੂੰ ਬੈਠਿਆਂ ਦੇਖਕੇ ਸਾਰੀ ਛਾਉਨੀ ਖੁਸ਼ੀ ਦੇ ਨਾਰੇ ਮਾਰਨ ਲਗੀ। ਹਰ ਇਕ ਨੇ ਸਾਡੇ ਬਹਾਦਰ ਦੀ ਵਡਿਆਈ ਕਰ ਇਸਦੀ ਸੂਰਮਤਾਈ ਅਰ ਬੀਰਤਾ ਦਾ ਧੰਨਜਵਾਦ ਕੀਤਾ ਮਹਾਰਾਜਾ ਰਾਮਚੰਦ੍ਰ ਨੇ ਸੈਨਾਪਤਿ ਨੂੰ ਮੇਘਨਾਥ ਦੇ ਛਲ ਫਰੇਬ ਤੋਂ ਵਿਦਿਤ ਕੀਤਾ ਅਰ ਭਵਿਖਤ ਲਈ ਸਾਵਧਾਨ ਰਹਿਨੇ ਦੀ ਪ੍ਰੇਰਨਾ ਕੀਤੀ ਅਰ ਸਭ ਨੂੰ ਕੁਝ ਚਿਰ ਆਰਾਮ ਕਰਨ ਲਈ ਹੁਕਮ ਦਿਤਾ ॥

(ਬਵਿੰਜਵਾਂ ਧਿਆਯ)
ਸਪਤਮ *ਸੰਗ੍ਰਾਮ

---

*ਇਹ ਜੁਧ ਦੋ ਤਿੰਨਾ ਦਿਨਾਂ ਪਿਛੋਂ ਹੋਇਆ ॥

Original with:
Language Department Punjab
Digitized by:
Panjab Digital Library

ਪਿਛਲੀ ਲੜਾਈ ਵਿੱਚ ਮੇਘਨਾਥ ਦਾ ਮਾਇਆ ਜਾਲ, ਛਲ ਅਰ ਧੋਕੇ ਬਾਜੀ ਨੇ ਅਜ ਮਹਾਰਾਜ ਰਾਮਚੰਦ੍ਰ ਦੇ ਹਰ ਇੱਕ ਸੈਨਾਪਤਿ ਨੂੰ ਸੁਚੇਤ ਕਰ ਦਿੱਤਾ ਹੈ ਓਹ ਦੇਖੀਏ! ਬਹਾਦਰ ਜਾਮਵੰਤ ਅਰ ਪਲੋਗਮ ਕਿਸ ਸਾਵਧਾਨੀ ਨਾਲ ਸ਼ਿਖਤ ਬੰਨੇ ਅਰ ਦੂਰਬੀਨ ਲਾਏ ਹੋਏ ਸਾਮਨੇ ਪਹਾੜ ਤੇ ਬੈਠੇ ਹਨ। ਜਿਸ ਨਾਲ ਕਿ ਸ਼ਤ੍ਰੂ ਦੇ ਵਿਪਰੀਤ ਆਕਰਮਨ ਇਨਾਂ ਤੋਂ ਲੁਕੇ ਨਾ ਰਹਨ ਅਰ ਉਧੈਰ ਮੈਦਾਨ ਵਿੱਚ ਬਹਾਦਰਾਂ ਨੂੰ ਪ੍ਰਾਤਾਕਾਲ ਤੋਂ ਲੜਦੇ ਲੜਦੇ ਦੁਪਹਿਰ ਹੁੰਦੀ ਚਾਂਹੁੰਦੀ ਹੈ ਸੂਰਜ ਦੀਆਂ ਤੀਖਨ ਕ੍ਰਿਨਾਂ ਤਲਵਾਰਾਂ ਅਰ ਨੇਜਿਆਂ ਦੇ ਤੀਖਨ ਚਮਕ ਦਾਰ ਫਲਾਂ ਤੇ ਪੈਕ ਏਧਰ ਓਧਰ ਖਿਲਰ ਰਹੀਆਂ ਹਨ ਪੂੰਛ ਇਨਾਂ ਦੇ ਵਧੇ ਹੋਏ ਜੋਸ਼ ਅਰ ਜਚੇ ਹੋਏ ਹਥ ਅਜੇ ਭੀ ਕਰ ਇਸ ਦਲੇਰੀ ਅਰ ਚਤੁਰਤਾ ਨਾਲ ਚਲ ਰਹੇ ਹਨ ਕਿ ਥਕਨ ਦਾ ਨਾਓਂ ਹੀ ਨਹੀਂ ਜਾਨਦੇ। ਆਕਰਮਨ ਤੇ ਆਕਰਮਨ ਹੋ ਰਿਹਾ ਹੈ। ਮਨੁੱਖਾਂ ਦਾ ਅਮੁਲਜ ਰੁਧਰ ਪਾਨੀ ਦੀ ਨਿਆਈਂ ਧਰਤੀ ਤੇ ਵਗ ਰਿਹਾ ਹੈ ਜਿਸ ਵਿਚ ਸੂਰਮਿਆਂ ਦੇ ਵੱਢੇ ਹੋਏ ਸਿਰ ਅਰ ਤੜਫਦੇ ਹੋਏ ਧੜ ਇਧਰ ਓਧਰ ਤਰ ਰਹੇ ਹਨ ਆ! ਘੋੜਿਆਂ ਦੇ ਸਖਤ ਸੁਮਾਂ ਦੀ ਠੋਕਰ ਲਗਨ ਤੇ ਸਿਰ ਏਧਰ ਓਧਰ ਲੁੜਕਦੇ ਪਏ ਹਨ ਪਰ ਢਿੱਡਾਂ ਤੇ ਪੈਨੇ ਏ ਫੁਧ ਦੀ ਆਵਾਜ ਹੁੰਦੇ ਹੀ ਆਂਦ੍ਰਾਂ ਬਾਹਰ ਨਿਕਲ ਆਓਂਦੀਆਂ ਹਨ:--

---

ਕੋਈ ਸਾਧਨ ਮੈਨ ਭੀ ਲਇਆ ਜਾਏ ਤਾਂ ਬੁਧਿ ਨਹੀ ਮੰਨਦੀ ਕਿ ਅੰਜਹੀ ਤੇਜ ਚਾਲ ਸਵਾਰੀ ਵਿਚ ਮਨੁਖ ਜਿੰਊਦਾ ਰਹੇ॥

ਦੂਜਾ--ਮਹਾਰਾਜਾ ਰਾਮਚੰਦ੍ਰ ਕਸ਼ਟਨੀ ਦੀ ਕਹਾਨੀ ਅਰ ਰੁਧਰ ਪ੍ਰਵਰਤਿਕ ਸੰਗ੍ਰਾਮ ਦਾ ਵਰਨਨ ਸੁਨਕੇ ਭਰਤ ਜੀ ਦਾ ਚੁਪ ਰਹਿਨਾ ਇਕ ਚਕ੍ਰਿਤਾ ਅਰ ਹਰਾਨੀ ਦੀ ਗਲ ਕਿਥੇ ਰਾਮ-ਚੰਦ੍ਰ ਜੀ ਦੇ ਵਿਛੋੜੇ ਵਿਚ ਰਾਜ ਸਿੰਘਾਸਨ ਤਿਆਗ ਮੁਨੀ ਵੇਸ ਧਾਰਨ ਕਰ ਗੁਜਾਰਾ ਕਰਨੇ ਜੇ ਚੌਦਾ ੧੪ ਵਰਿਆਂ ਦੀ ਪ੍ਰਤਗਜਾ ਕਰਨੀ ਅਰ ਕਿਥੇ ਅੰਜਹੇ ਕਰੜੇ ਵੇਲੇ ਸਹਾਇਤਾ ਲਈ ਨਾ

Original with:
Language Department Punjab
Digitized by:
Panjab Digital Library

॥ ਦੋਹਰਾ ॥

ਸਹੰਸ੍ ਬੀਰ ਸੁਬੀਰ ਬਰ ਛਿਨ ਮਾਤ੍ ਕੇ ਬੀਰ।
ਸਿਰਤਨ ਸੇਭਿਨਭਿਨਭਏਗਏਪ੍ਲੋਕ ਕੇ ਬੀਚ
ਬੀਰ ਬੀਰਤਾ ਮਧਸੇਜਿਉਂ ਗਜ ਮਸਤ ਅਨੂਪ
ਹੁਏ ਭੇਟਬਹੁਕਾਲ ਕੀ ਅਚਨਚੇਤ ਬਹੁਕੂਪ॥

ਪਰੰਤੂ ਇਸ ਭਯਾਨਕ ਦ੍ਰਿਸ਼ ਨੂੰ ਦੇਖਕੇ ਸੂਰਮਿਆਂ ਦੇ ਦਿਲ ਨਹੀਂ ਦਹਿਲ਼ ਦੇ ਅਰ ਨਾ ਓਹ ਲੜਾਈ ਹੀ ਬੰਦ ਕਰਨਾ ਚਾਹੁੰਦੇ ਹਨ। ਕਿੰਤੂ ਦੇਖੀਏ! ਕਿਸ ਪ੍ਰਕਾਰ ਛਾਤੀ ਤਾਨੇ ਤੀਰ ਕਮਾਨ ਛਡ ਨੇਜੇ ਬਰਛੀ ਅਰ ਭਲ਼ਵਾਰ ਨਾਲ਼ ਕੰਮ ਲੈ ਰਹੇ ਹਨ ਐ ਲੌ! ਰਾਕਸ਼ੀ ਸੈਨਾਂ ਨੇ ਆਕ੍ਰਮਣ ਕੀਤਾ ਐ ਹੈ! ਸੂਰਮਾਂ ਸੈਨਾਪਿਤ ਰਸਭ ਸੋ ਹੁਨੈ ਅਪਨੀ ਅਧੀਨ ਸੈਨਾਂ ਦਾ ਹੌਸਲਾ ਵਧਾਓਂ ਦਾ ਹੋਇਆ ਭਲ਼ਵਾਰ ਸੂਤਕੇ ਨਿਕ੍ਰੰਭ ਤੇਜਾ ਟੁਟਿਆ ਸੀ ਕਿਸ ਪ੍ਰਕਾਰ ਭੁਆਟਲੀ ਖਾ ਸਿਰ ਦੇ ਭਾਰ ਘੋੜੇ ਤੋਂ ਡਿਗੀ ਰਿਹਾ ਹੈ ਭਾਵੇਂ ਮੇਘਨਾਥ ਦੀ ਘਾਤਕ ਬਰਛੀ ਨੇ ਇਸਦੀ ਪਸਲ ਨੂੰ ਚੀਰਕੇ ਆਂਦ੍ਰਾਂ ਨੂੰ ਬਾਹਰ ਕਢ ਦਿਤਾ ਹੈ ਪ੍ਰੰਤੂ ਇਸ

ਪਹੁੰਚਨਾਂ ਇਹ ਦੋਵੇ ਗਲਾਂ ਮੈਨਨੇ ਯੋਗਜ ਨਹੀਂ ਪਾਠਕ ਗਨ! ਕੀ ਆਪ ਮੰਨ ਸਕਦੇ ਹੋ ਕਿ ਭਰਤ ਜੀ ਨੇ ਇਸ ਤਰਾਂ ਕੀਤ ਹੋਵੇ? ਕੀ ਉਨਾਂ ਦਾ ਜੀਵਨ ਇਤਿਹਾਸ ਅਰ ਮਹਾਰਾਜਾ ਰਾਮਚੰਦ੍ ਜੀ ਨਾਲ ਵਰਤਾਵ ਸਾਖੀ ਦੇਂਦਾ ਹੈ ਕਿ ਭਰਤ ਜੀ ਬੇ ਦਰਦ ਅਕ੍ਰਿਤਗ੍ਯ ਅਰ ਅਨਾਗਯਾਕਾਰੀ ਸਨ? ਨਹੀਂ! ਨਹੀਂ!! ਕਦਾ-ਚਿਤ ਨਹੀਂ!!! ਓਹ ਮਹਾਰਾਜਾ ਰਾਮਚੰਦ੍ ਜੀ ਦੇ ਅਤੀ ਕਰਕੇ ਪ੍ਰੇਮੀ ਹਿਤੈਸ਼ੀ ਸਹਾਇਕ ਅਰ ਆਗਿਆਕਾਰੀ ਭ੍ਰਾਤਾ ਸਨ ਜਰਾ ਰਾਮਾਇਣ ਦੇ ਅਜੁਧਿਆ ਕਾਂਡ ਨੂੰ ਪੜੀਏ ਅਰ ਦੇਖੀਏ ਕਿ ਭਰਤਜੀ ਕਿਸ ਸੁਭਾਵ ਅਰ ਕਿਸ ਵਿਚਾਰ ਦੇ ਪੁਰਖ ਸਨ ਇਹ ਕੇਵਲ ਅਲਪਗ੍ਯਫਲ ਹੈ ਜੋ ਅਜਿਹੇ ਮਹਾਤਮਾ ਦੇ ਮੀਨ ਤੇ

Original with:
Language Department Punjab
Digitized by:
Panjab Digital Library

ਦੇ ਹੌਸਲੇ ਨੂੰ ਦੇਖੀਏ ਕਿਸ ਫੁਰਤੀ ਨਾਲ ਅਪਨੇ ਆਪ ਨੂੰ ਸੰਭਾਲ ਕੇ ਖੜੇ ਗਇਆ ਹੈ ਇਕ ਹਥ ਜ਼ਖਮ ਤੇ ਹੈ ਅਰ ਦੂਜੇ ਨਾਲ ਤਲਵਾਰ ਚੁਕਨਾਂ ਚਾਹੁੰਦਾ ਹੈ ਪਰ ਇਸ ਵੇਲੇ ਵਿਚ ਮੇਘਨਾਥ ਨੇ ਇਕ ਹੋਰ ਵਾਰ ਬਰਛੀ ਦਾ ਇਸਦੇ ਮਥੇ ਉਤੇ ਕੀਤਾ ਅਰ ਨਿਕੁੰਭ ਨੇ ਤਲਵਾਰ ਨਾਲ ਇਸ ਦਾ ਸਿਰ ਧੜ ਤੋਂ ਵਖ ਕਰ ਦਿਤਾ। ਅਹ ਇਸਦੀ ਇਹ ਦਿਸ਼ਾ ਅਰ ਬਾਨਰੀ ਸੈਨਾਂ ਨੂੰ ਪਰਾਜਿਤ ਹੁੰਦਿਆਂ ਦੇਖ ਮਾਡੇ ਬਹਾਦਰ ਜਰਨੈਲ ਨੇ ਅਪਨੇ ਝੰਡੇ ਨੂੰ ਹਿਲਾ ਇਆ ਅਰ ਇਸ ਜੋਰ ਨਾਲ ਮੰਖ ਵਜਾਇਆ ਕਿ ਸੂਰਮਿਆਂ ਦੇ ਦਿਲ ਦਹਿਲ ਗਏ ਹਨੂਮਾਨ ਇਕ ਤਾਂ ਅਜੇ ਹੁਨੇ ਸ਼ਤ੍ਰੂ ਦੀ ਸੈਨਾਂ ਤੇ ਤੀਰਾਂ ਦੀ ਵਰਖਾ ਕਰ ਰਿਹਾ ਸੀ ਤੇ ਓਏਂਹੀ ਅਖੀਂ ਦੇ ਪਲਕਾਰੇ ਵਿਚੋ ਹੀ ਮੇਘਨਾਥ ਤੇ ਜਾ ਟੁਟਿਆ ਅਰ ਅਜਿਹੀ ਤੀਰਾਂ ਦੀ ਵਰਖਾ ਕੀਤੀ ਕਿ ਦੁਸ਼ਮਨ ਦੇ ਹੌਸਲੇ ਟੁਟ ਗਏ ਤੇ ਹਵਾਸ ਉਡ ਹਥ ਢਿਲੇ ਪੈਗਏ ਉਧਰ ਉਸਦੀ ਸੈਨਾਂਦੇ ਹੌਸਲੇ ਦੂਨੇ ਹੋ ਗਏ ਅਰ ਅਜਿਹੇ ਜੋਸ਼ ਵਿਚ ਆਏ ਕਿ ਆਕ੍ਰਮਤ ਸ਼ਤ੍ਰੂ ਦਲ ਇਕ ਪੈਰ ਭੀ ਅਗੇ ਨਾ ਵਧ ਸਕਿਆ ਬਲਕਿ ਇਕ-ਇਕ ਦੋ ਪੈਰ ਪਿਛੇ ਜੰਗੀ ਤਕੜੀ ਦਾ ਦੂਸਰਾ ਛਾਬਾ ਨਿਵਿੰਆਂ ਅਰ ਬਾਨਰੀ ਸੈਨਾਂ ਨੇ ਰਾਕਸ਼ਾਂ ਤੇ ਆਕ੍ਰਮਨ ਕੀਤਾ ਬਹਾਦਰਾਂ ਦਲੇਰਾਂ ਦੇ ਨੇਜੇ ਝੁਕ ਗਏ ਅਤ ਛਨਛਨਾਂ ਦੀਆਂ ਹੋਈ ਆਂ ਤਲਵਾਰਾਂ ਸੂਤੀਆਂ ਗਈਆਂ:--

॥ ਦੋਹਰਾ ॥

ਜਿਸ ਦਲ ਪਰ ਸੈਨਾਂ ਪੜੀ ਸੂਤ ਮਿਆਨ
ਸੇ ਤੇਗ। ਸਭ ਸੈਨਾਂ ਕੋ ਦਲਨ ਕਰ, ਅਤਿ
ਦਿਖਾਇਓ ਬੇਗ ॥ ਖੜਗ ਲਗੀ ਜਿਸ ਸੀਸ
ਪਰ ਹੁਆ ਬਿਨਾਸਨ ਭਿੰਨ। ਨਹ ਬਾਜੂ ਨਹ
ਧੜ ਰਹਾ ਭੁਨਕਾ ਰਹਾ ਨ ਚਿੰਨ ॥ ਇਕ ਛਿਨ

Original with:
Language Department Punjab
Digitized by:
Panjab Digital Library

ਭਰਕੇ ਬੀਚ ਮੈਂ ਸ਼ਤ੍ਰ ਸੈਨਾਂ ਕਿਓ ਨਾਸ। ਛਿਨ ਭਿੰਨ ਕਰ ਦਲ ਰਿਪੁਨੈ ਦ੍ਰਿਸ਼ਯ ਦਿਖਾਯੋ ਦਾਸ ॥

ਅਨਗਿਨਤ ਬਹਾਦਰ ਇਕ ਪਲ ਦੀ ਪਲ ਵਿਚ ਮ੍ਰਿਤਯੁ ਸੇਜਾ ਤੇ ਲੇਟ ਕੇ ਦੀਨ ਦ੍ਰਿਸ਼ਟੀ ਨਾਲ ਅਪਨੇ ਪਰਮ ਪ੍ਰੀਤਵਾਨ ਪਿਆਰੇ ਸਾਥੀਆਂ ਨੂੰ ਦੇਖਨ ਲਗੇ। ਇਸ ਦਿਸ਼ਾ ਨੂੰ ਦੇਖ ਕਰਕੇ ਮੇਘਨਾਥ ਦੀ ਕ੍ਰੋਧ ਅਗਨਿ ਭਭਕ ਉਠੀ ਅਰ ਮਕਰਾ ਕਛ ਝੇ ਸੂਈਨਾਕਛ ਆਦਿਕ ਸੈਨਾਪਤਿ ਇਸਦੀ ਸਹਾਇਤਾ ਨੂੰ ਆਪਹੁੰਚੇ ਅਰ ਅਤਿ ਮਹਾਂਘੋਰ ਸੰਗ੍ਰਾਮ ਹੋਨ ਲਗੀ ਆਹ ! ਇਕ ਪਾਸੇ ਛਾਂ ਲਹੂ ਦੇ ਪ੍ਰਵਾਹ ਵਿਚ ਸੂਰਜ ਦੀਆਂ ਤੀਬ੍ਰ ਕਿਰਨਾਂ ਅਪਨਾ ਬੇਗ ਦਿਖਾ ਰਹੀਆਂ ਹਨ ਅਰ ਦੂਜੇ ਪਾਸਿਓਂ ਭਾਲਵਾਰਾਂ ਅਰ ਬ੍ਰਛੀਆਂ ਵਿਚਾਰੇ ਛਤ੍ਰ ਸੈਨਾਂ ਦੇ ਮ੍ਰਿਤ੍ਯੂ ਮਨੁਖਾਂ ਦੀ ਗਿਨਤੀ ਵਧਾ ਰਹੀਆਂ ਹਨ ਪਾਠਕ ਗਨ ! ਜਿਸ ਸੂਰਮਤਾਈ ਅਰ ਬੀਰਤਾ ਨਾਲ ਸਾਡੇ ਬਹਾਦਰ ਜਰਨੈਲ ਨੇ ਮੇਘਨਾਥ ਅਰ ਉਸਦੀ ਸੈਨਾਂ ਦਾ ਸਾਮਨਾ ਕੀਤਾ ਹੈ ਉਸਦੀ ਸਾਖੀ ਲਈ ਬਿਨਾਂ ਰਾਮਾਇਨ ਦੇ ਪਤ੍ਰਿਆਂ ਅਰ ਸੂਰਜ ਭਗਵਾਨ ਦੇ ਹੋਰ ਕੋਈ ਨਹੀਂ ਅਜਿਹੀ ਸੂਰਮਤਾਈ ਦੇ ਵੇਲੇ ਜਦੋਂ ਕਿ ਚਾਰੇ ਪਾਸਿਓਂ ਭਲਵਾਰ ਚਲ ਰਹੀ ਹੈ ਨੇਜੇ ਤੇ ਨੇਜਾ ਅਰ ਬਰਛੀ ਤੇ ਬਰਛੀ ਪੈ ਰਹੀ ਹੈ ਬਹਾਦਰ ਲਛਮਨ ਦਾ ਰਥਵਾਹੀ ਭੀ ਰਥ ਨੂੰ ਇਸ ਤੇਜੀ ਨਾਲ

ਕਲੰਕ ਲਾਓਨੇ ਹਾਂ ਇਹ ਕਦੀ ਨਹੀਂ ਹੋ ਸਕਦਾ ਸੀ ਕਿ ਓਹ ਇਸ ਹਾਲ ਨੂੰ ਜਾਨਦੇ ਅਰ ਓਥੇ ਨਾ ਪਹੁੰਚਦੇ ਉਪ ਰੋਕਤ ਵਰਨਨ ਤੇ ਤਨਿਕ ਧਿਆਨ ਦੇਨ ਨਾਲ ਏ ਅਖਿਤਿਆਰ ਕਹਿਨਾ ਪੈਂਦਾ ਹੈ ਕਿ ਹਨੂਮਾਨ ਜੀ ਦੋਨਾਗਿਰ ਪਰਬਤ ਤੇ ਨਹੀਂ ਗਏ ਪ੍ਰੰਤੂ ਓਹ ਗੰਧਮਦਨ ਜਾਂ ਕੰਚਨ ਗਿਰ ਪਰਬਤਸੀ ਜੋ ਹੇਮਵਾਨ ਦੇ ਕਿਸੇ ਪਰਬਤ ਦੇ ਭਾਗ ਦਾ ਨਾਓਂ ਸੀ (ਦੇਖੋ ਬਾਲਮੀਕੀ ਰਾਮਾਇਣ ਲੰਕਾ ਕਾਂਡ ਪਤ੍ਰਾ ੨੮੫) ਅਰ ਦੇਖੋ ਰਾਮਾਇਣ ਅੰਗ੍ਰੇਜੀ ਕ੍ਰਿਤ ਮਿਸਟ੍ਰ ਆਰ ਗ੍ਰਿਫਿਸ ਸਾਹਿਬ ਪਤ੍ਰਾ ੮੩ ਢਾਲਮ ਪਹਿਲਾ ॥

Original with:
Language Department Punjab
Digitized by:
Panjab Digital Library

ਇਸੇ ਪਾਸੇ ਲਿਆਇਆ ਹੈ ਅਰ ਉਨ੍ਹਾਂ ਦੇ ਭੀਰ ਨੇ ਸਦ ਭੀਕਰ ਕਿ ਮੇਘਨਾਥ ਦੇ ਘੋੜਿਆਂ ਨੂੰ ਜਖ਼ਮੀ ਕਰਕੇ ਰਥ ਦਾ ਸਜਾ ਪਹੀਆ ਚੂਰ ਚੂਰ ਨ ਕਰ ਦਿਤਾ ਕਿਸੇ ਨੂੰ ਉਨਾਂ ਦਾ ਆਓਨਾਂ ਮਲੂਮ ਹੀ ਨਾ ਹੋਇਆ ਮੇਘਨਾਥ ਦੇ ਘੋੜਿਆਂ ਨੂੰ ਆਡ੍ ਦੇਖਕੇ ਅਰ ਰਥ ਨੂੰ ਨਿਕੰਮਿਆ ਪਾਕੇ ਸਮੂਮਾਲੀ ਨੇ ਝਟ ਦੂਜਾ ਰਥ ਲਿਆਕੇ ਖੜਾ ਦਿਤਾ ਓਹ ਦੇਖੀਏ ਜਿਸ ਉਤੇ ਮੇਘਨਾਥ ਚੜਕੇ ਲਛਮਨ ਮੀਦੇ ਸਾਮ੍ਹਨੇ ਹੋ ਇਸ ਪ੍ਰਕਾਰ ਕਹ ਰਿਹਾ ਹੈ—

ਮੇਘਨਾਥ—" ਕੀ ? ਕਲ ਦਾ ਬ੍ਰਹਮ ਅਸਤ੍ ਭੁਲ ਗਏ ! ਜੋ ਅਜ ਫੇਰ ਰਨਭੂਮੀ ਵਿਚ ਆਏ ਹੋ ਮੋਕ !! ਜਾਨ ਪੈਂਦਾ ਹੈ ਕਿ ਗੁਪਤ ਰੀਤ ਨਾਲ ਰਾਮਚੰਦ੍ ਤੇਰੀ ਜਾਨ ਦਾ ਵੈਰੀ ਹੈ ਭਲਾ ਇਹੋ ਹੈ ਕਿ ਰਨਭੂਮੀ ਵਿਚੋਂ ਨਸ ਜਾਓ ਅਰ ਅਪਨੀ ਪਿਆਰੀ ਜਾਨ ਤੇ ਤਰਸ ਕਰੋ ਨਹੀਂ ਭੁਂ ਤੇਰੇ ਪ੍ਰਾਨਾਂ ਦਾ ਬਚਨ ਬੜਾ ਕਠਨ ਹੈ " :—

ਲਛਮਨ—" ਕਿੰਉ ਬਕ ਬਕ ਕਰਨਾ ਹੈਂ ? ਬਹਾਦਰ ਸਾਮਨੇ ਹੋ ਕੇ ਲੜਿਆ ਕਰਦੇ ਹਨ ਨਾਂ ਕਿ ਲੁਕ ਕੇ ਕਾਇਰ ! ਕੇੜਾ ਮਰਦਪੁਨਾ ਸੀ ਜੋ ਤੂੰ ਕਲ ਕਰਕੇ ਦਿਖਾਇਆ ਬਸ। ਸਮਝਲੈ ਕਿ ਅਜ ਤੂੰ ਹੈਂ ਯਾ ਇਹ (ਧਨੁਖ ਨੂੰ ਠਨਕਾ ਕੇ) ਕਮਾਨ !

॥ ਦੋਹਰਾ ॥

ਲਿਟਾ ਕਰ ਮ੍ਰਿਤਜੂ ਸੇਜ,
ਪਹਿ ਕਹੂ ਵਿਦਾਰਕ ਖੇਦ ।
ਮਿਤ੍ ਤੇਰੇ ਕਰੇਂ ਰੁਦਨ,
ਸਭ ਜਾਇ ਅਕਾਸ ਤਕ ਭੇਦ ॥

ਮੇਘਨਾਥ ਹਸਕੇ ਕੁਝ ਕਹਿਨ ਨੂੰ ਹੀ ਸਾ ਕਿ ਲਛਮਨ ਨੇ ਕਿਹਾ "ਜਿਹ ਹਸਨ ਦੀ ਥਾਓਂ ਨਹੀਂ ਕਿੰਛੁ ਰਨਭੂਮੀ ਹੈ

Original with:
Language Department Punjab
Digitized by:
Panjab Digital Library

ਬਹੁਤੀਆਂ ਗਲ਼ਾਂ ਕਰਨ ਦਾ ਵੇਲਾ ਨਹੀਂ ਲੈ ਸੰਭਲ ਜਾ'' ਇਹ ਕਿਹਾ ਅਰ ਧੜ ਧੜ ਕਰਦਾ ਇਕ ਭੀਰ ਕਮਾਨ ਤੋਂ ਛਡਿਆ ਜਿਸਨੂੰ ਉਸਨੇ ਅਪਨੇ ਭੀਰ ਨਾਲ ਕਟ ਦਿਤਾ ਅਰ ਆਪ ਬਰਛੀ ਲੈਕੇ ਅਗੇ ਵਧਿਆ ਇਸਨੂੰ ਵਧਦਾ ਦੇਖ ਲਛਮਨ ਜੀ ਨੇ ਅਪਨੇ ਰਥ ਨੂੰ ਪਿਛੇ ਹਟਾ ਲਇਆ ਅਰ ਉਤੋਂ ਥਲੀ ਐਂਨੇਕੁ ਭੀਰ ਵਰਖਾਏ ਕਿ ਉਸਨੂੰ ਉਤ੍ਰ ਦੇਨ ਦਾ ਅਵਸਰ ਨਾ ਮਿਲਿਆ ਅਰ ਇਹ ਕਿ ਇਕ ਭੀਰ ਉਸਦੀ ਛਾਤੀ ਦੇ ਵਿਚ ਲਗਾ ਜੋ ਕਿ ਯੁਧ ਵੇਸ਼ਨ ਨੂੰ ਕਟ ਇਸ ਦੀਆਂ ਹਡੀਆਂ ਨੂੰ ਤੋੜਦਾ ਹੋਇਆ ਪਾਰ ਹੋ ਗਇਆ ਪਰ ਬਹਾਦਰ ਮੇਘਨਾਥ ਨੇ ਸੰਭਲ ਕੇ ਬ੍ਰਹਮ ਅਸਤ੍ਰ (ਸ਼ਹਿਰੀ ਭੀਰ) ਛਡਿਆ ਜੋ ਲਛਮਨ ਦੇ ਭੀਰ ਨਾਲ ਟਕਰ ਖਾ ਨਿਕਮਾ ਹੋ ਗਇਆ ਹੁਨ ਇਸ ਨੇ ਦੂਜਾ ਭੀਰ ਕਮਾਂਨ ਤੋਂ ਛਡਨਾਂ ਚਾਹਿਆ ਹੀ ਸੀ ਕਿ ਐਨੇ ਵਿਚ ਲਛਮਨ ਜੀ ਦਾ ਲਖਯ ਬੇਧੀ ਭੀਰ ਇਸਦੇ ਮੋਢੇ ਨੂੰ ਵਿੰਨ ਇਸਦੀ ਬਾਂਹ ਨੂੰ ਕਟ ਗਇਆ ਅਰ ਦੂਜੇ ਭੀਰ ਨੇ ਸਿਰ ਨੂੰ ਧੜੋਂ ਵਖ ਕਰ ਆਤਮਾ ਨੂੰ ਸ਼ਾਂਤੀ ਪਦ ਪ੍ਰਾਪਤ ਕਰਾ ਦਿਤਾ ਬਸ ਫੇਰ ਕੀ ਸੀ ਸਾਰੀ ਸੈਨਾਂ ਵਿਚ ਬਰਥਲੀ ਮਚ ਗਈ ਬਹਾਦਰਾਂ ਦੇ ਹੌਸਲੇ ਜੋ ਪਹਿਲਾਂ ਤੋਂ ਹੀ ਢਠੇ ਹੋਏ ਸਨ ਟੁਟ ਗਏ ਅਰ ਬਹੁਤ ਸਾਰੇ ਸੋਦਾਰਾਂ ਦੀ ਅਖੀਂ ਦੇਖੀ ਮੋਤ ਨੂੰ ਦੇਖਕੇ ਰਹ ਗਏ ਅਰ ਬਿਨਾਂ ਨਸ ਜਾਵਨ ਤੋਂ ਹੋਰ ਕੋਈ ਸਾਧਨ ਨਾ ਬਨ ਆਇਆ ਐ ਲੌ ਦੇਖੀਏ ! ਰਾਵਨ ਦੀ ਸੈਨਾਂ ਕਿਸ ਪ੍ਰਕਾਰ ਘਬਰਾਈ ਹੋਈ ਨਸੀ ਜਾਰਹੀ ਹੈ ਅਰ ਬਾਨਰੀ ਯੈਨ ਇਸਦਾ ਪਿਛਾ ਕਰ ਰਹੀ ਹੈ ॥

(ਤ੍ਰੈਵਿੰਜਵਾਂ ਧਿਆਯਾ)

ਅਸ਼ਟਮ ੮ ਦਿਵਸ ਸੰਗ੍ਰਾਮ

॥ ਦੋਹਰਾ ॥

ਰਖਯਕ ਲੰਕਾ ਨਗਰ ਜੋ ਰੋਵਤ ਦ੍ਵਾਰੇ ਠਾਨ

Original with:
Language Department Punjab
Digitized by:
Panjab Digital Library

ਜਾਤੀ ਦੀਖੇ ਆਜ ਸਭ ਸਕਲੀ ਸ਼ੋਭਾ ਭਾਨ ॥

ਰਾਕਸ਼ਾਂਨੇ ਪਰਾਜਿਤ ਰਾਤ੍ਰਿ ਪਾਸੇ ਮਾਰਦਿਆਂ ਮਾਰਦਿਆਂ ਅਖਾਂ ਵਿਚ ਬਿਤੀਤ ਕੀਤੀ। ਸਾਰੀ ਰਾਤ ਸੋਚਾਂ ਵਿਚਾਰਾਂ ਅਰ ਜੁਧ ਸਮਗ੍ਰੀ ਦੇ ਇਕਤ੍ਰ ਕਰਨ ਵਿਚ ਬਿਤਾ ਦਿਤੀ। ਓਹ ਬਾਨਰਦੀਪ ਦੇ ਬਹਾਦਰਾਂ ਨੂੰ ਭਾਂ ਯੁਧ ਦੇ ਆਰੰਭ ਹੋਨ ਤੇ ਹੀ ਨਮਸਕਾਰ ਕਰ ਚੁਕੇ ਸਨ। ਕਿਉਂ ਕਿ ਇਨਾਂ ਦੇ ਨੇੜੇ ਇਸ ਲੜਾਈ ਝਗੜੇ ਦੀ ਜੜ ਭਾਂ ਓਹੀ ਸਨ ॥ ਜੋ ਮਹਾਰਾਜਾ ਰਾਮਚੰਦ੍ ਜੀ ਵਲੋਂ ਸਾਹਮਨਾ ਕਰ ਰਹੇ ਸਨ। ਪੁੱਤ੍ਰ ਜਦ ਉਨਾਂ ਲੋਗਾਂ ਨਾਲ ਜਿਨਾਂ ਦੀ ਪ੍ਰਾਕਰਮੀ ਭੇ ਲੰਕਾ ਦੀ ਰਾਜਧਾਨੀ ਘੁਮੰਡ ਕਰਦੀ ਹੁੰਦੀ ਸੀ ਅਰ ਇਸਦਾ ਘੁਮੰਡ ਕਰਨਾ ਭੀ ਅਯੋਗਜ ਨਹੀਂ ਸੀ ਕਿਉਂ ਕਿ ਓਹ ਮਹਾਰਾਜਾ ਰਾਵਨ ਦੇ ਆਧੀਨ ਸਨ ਜਦ ਉਨਾਂ ਕੋਲ ਸਹਾਇਤਾ ਦੀ ਪ੍ਰਾਰਥਨਾ ਕੀਤੀ ਭਾਂ ਟਕੇ ਜਿਹਾ ਜ਼ਾਬ ਲਇਆ ਕਿ "ਅਸੀਂ ਲੋਕ ਨਹੀਂ ਆ ਸਕਦੇ" ਆਹ ! ਅਜਿਹੇ ਕਠਨ ਸਮਯ ਵਿਚ ਅਪਨੇ ਅਧੀਨ ਰਾਜਿਆਂ ਤੋਂ ਅਜਿਹਾ ਰੁਖਾ ਉਤ੍ਰ ਸੁਨਕੇ ਅਰ ਬਾਨਰਦੀਪ ਨਿਵਾਸੀਆਂ ਨੂੰ ਅਪਨਾ ਸ਼ਤ੍ਰੂ ਦੇਖ ਰਾਵਨ ਦਾ ਮਨ ਜੋ ਮਿਤ੍ਰ ਗਨਾਂ ਅਰ ਭਾਈ ਬੰਧੁਆਂ ਦੇ ਜੁਧ ਵਿਚ ਕੰਮ ਆਓਨੇ ਅਰਥਾਤ ਮਾਰੇ ਜਾਨੇ ਅਰ ਉਤੋਂ ਬਲੀ ਹਾਰਾਂ ਖਾਨ ਨਾਲ ਪਹਿਲਾਂ ਹੀ ਮੁਰਝਾਯਾ ਹੋਇਆ ਸੀ ਅਥਵਾ ਅਗਿਨ ਦੀ ਨਿਆਈ ਧੁਖ ਰਿਹ ਸੀ ਇਕੋ ਵਾਰੀ ਭੜਕ ਉਠਿਆ ਅਰ ਮਾਰੇ ਕ੍ਰੋਧਦੇ ਲਾਲੋ ਲਾਲ ਹੋ ਗਇਆ ਅਰ ਭਾਂਤਿ ੨ ਦੇ ਵਿਚਾਰ ਸ਼ਤ੍ਰੂ ਦੰਡ ਦੇਨ ਲਈ ਇਸਦੇ ਮਨ ਵਿਚ ਉਤਪੰਨ ਹੋਨ ਲਗੇ। ਕੁੰਝ ਚਿਰ ਭਾਂ ਇਸੇ ਤਰਾਂ ਸੋਚਾਂ ਹੀ ਵਿਚ ਰਿਹਾ ਪੁੱਤ੍ਰ ਜਦ ਅਪਨੀ ਦਿਸ਼ਾ ਤੇ ਨਜਰ ਪਈ ਅਰ ਦਿਨਾਂ ਦੇ ਚਕਰ ਅਥਵਾ ਨਿਜ ਮੰਦ ਭਾਗਯਤਾ ਨੂੰ ਸੋਚਿਆ ਭਾਂ ਆਪਨੀ ਹੀ ਦੁਰਵਿਹਾਰਤਾ ਅਹੰਕਾਰ ਇੰਦ੍ਰੀਆਂ ਸ਼ਕਤਿ ਆਦਿਕ ਮਾਨੋ ਸਭ ਰੂਪ ਧਾਰਨ ਕਰ ਸਾਮ੍ਹਨੇ ਅਖਾਂ ਅਗੇ ਫਿਰ ਗਈਆਂ ਅਰ ਇਸਦੇ ਦਿਲ ਨੂੰ ਫਿਟਕਾਂ ਲਾਨਤਾਂ ਕਰ ਨਲ਼ਕਾਰੀਆਂ। ਇਸ ਸਮਯ

Original with:
Language Department Punjab
Digitized by:
Panjab Digital Library

ਥਿਨਾਂ ਸ਼ੋਕ ਖੇਦ ਅਰ ਠੰਡੇ ਹਾਹੁਕੇ ਭਰ ਹਥ ਮਲਨ ਦੇ ਕੋਈ ਉਪਾਇ ਨਾ ਬਨਿਆ। ਲਾਚਾਰ ਰਥ ਤੇ ਸਵਾਰ ਹੋ ਅਨਗਿਨਤ ਸੈਨਾਂ ਨਾਲ ਲੈ (ਜਿਸ ਦੀ ਠੀਕ ਠੀਕ ਗਿਨਤੀ ਸਾਡੀ ਮਕਤੀ ਤੋਂ ਬਾਹਰ ਹੈ)ਰਨਭੂਮੀ ਵਿਚ ਆ ਪਹੁੰਚਿਆ ਅਰ ਓਥੇ ਪਹੁੰਚਾਦਿਆਂ ਹੀ ਮੇਘਨਾਥ ਦੇ ਮ੍ਰਿਤਯੁ ਸਰੀਰ ਦੀ ਚਿਤ੍ ਅਖਾਂ ਅਗੇ ਆ ਗਈ ਦਿਲ ਧੜਕ ਕਲੇਜਾ ਫੜਕ ਕੇ ਰਹ ਗਇਆ, ਅਰ ਮਨ ਹੀ ਮਨ ਵਿਚ ਕਹਿਨ ਲਗਾ ।

"ਹਾਇ ! ਮੇਰੇ ਬਹਾਦਰ ਅਰ ਪਿਆਰੇ ਪੁਤ੍ ! ਤੈਨੂੰ ਮਿਟੀ ਵਿਚ ਸੁਆਓਨ ਵਾਲੇ ਅਥਵਾ ਤੇਰੇ ਘਾਤਕ ਅਜੇ ਤੀਕਰ ਜਿਉ'ਦੇ ਹਨ ਜਦ ਤੀਕਰ ਮੈਂ ਉਨਾਂ ਤੋਂ ਬਦਲਾ ਨਹੀਂ ਲੈ ਲੈਂਦਾ ਮੈਨੂੰ ਚੈਨ ਨਹੀਂ ਆਓਂਦਾ ਉਫ਼ ! ਤੇਰੀ ਸੂਰਮਤਾਈ ਬੀਰਤਾ ਅਰ ਦਲੇਰੀ ਦੀ ਤਾਂ ਸਾਰੇ ਸੰਸਾਰ ਵਿਚ ਧਾਂਕ ਪਈ ਹੋਈ ਸੀ ਇੰਦ੍, ਯਮ, ਅਰ ਕੁਬੇਰ ਆਦਿਕ ਤਾਂ ਤੇਰੇ ਮੂੰਹ ਦੇਖਨ ਤੇ ਹੀ ਕੰਪਾਇਵਾਨ ਹੁੰਦੇ ਸਨ ਤੂੰ ਇਨਾਂ ਦੇ ਪੰਜੇ ਵਿਚ ਕਿਸ ਪ੍ਰਕਾਰ ਆ ਗਇਓਂ" ਇਸੀ ਪ੍ਰਕਾਰ ਦੇ ਵਿਚਾਰ ਉਤਪੰਨ ਹੋਕੇ ਇਸਦੇ ਦਿਲ ਨੂੰ ਕਮਜੋਰ ਕਰ ਰਹੇ ਸਨ। ਕਿ ਸਾਮਨਿਓਂ ਸ਼ਤ੍ਰੂ ਦੀ ਸੈਨਾਂ ਨਜਰ ਪਈ ਅਰ ਇਨਾਂ ਨੂੰ ਨਿਯਮ ਪੂਰਬਕ ਉਦਿਤ ਦੇਖਿਆ ਇੰਦ੍ * ਯਮ ਕੁਬੇਰ ਨੂੰ ਭੀ ਅਪਨੇ ਵਿਰੁਧ ਸ਼ਤ੍ਰੂ ਦੀ ਵਲੋਂ ਸੰਗ੍ਰਾਮ ਲਈ ਉਦਿਤ ਭਤ ਤੇ ਦੇਖਿਆ ਤਾਂ ਕ੍ਰੋਧ ਅਗਨਿ ਭੜਕ ਉਠੀ ਉਨਾਂ ਨੂੰ ਅਨਭਿਗਜਤਾ ਅਜਿਹੇ ਕਠਨ ਸਮਜ ਵਿਚ ਕਰਦਿਆਂ ਦੇਖ ਇਸਦਾ ਲਹੂ ਇਸਦੀ ਨਾੜ ਨਾੜ ਵਿਚ ਪੰਘਰ ਆਇਆਂ

---

* ਇਹ ਲੋਕ ਛੋਟੀਆਂ ੨ ਰਿਆਸਤਾਂ ਦੇ ਰਾਜੇ ਸਨ ਜਿਨ੍ਹਾਂ ਨੂੰ ਅਧੀਨ ਕਰਕੇ ਰਾਵਨ ਨੇ ਕਰ ਦਾਤਾ ਬਨਾਇਆ ਹੋਯਾ ਸੀ ਪ੍ਰੰਤੂ ਇਥੇ ਸਾਡਾ ਵਿਖਯ ਉਨਾਂ ਦਾ ਪੂਰਾ ੨ ਵਰਨਨ ਕਰਨ ਦੀ ਆਗਯਾ ਨਹੀਂ ਦੇਂਦਾ ਬਾਲਮੀਕੀ ਰਾਮਾਇਣ ਲੰਕਾ ਕਾਂਡ ਅਤ ਦੇਖੋ ਮਿਸਟ੍ ਗ੍ਰਫਥਸ ਸਾਹਿਬ ਦੀ ਪੰਜਵੀ ਜਿਲਦ ਪਤ੍ਰਾ ੨੩੨ ॥

Original with:
Language Department Punjab
Digitized by:
Panjab Digital Library

ਅਖਾਂ ਮਾਰੇ ਗੁਸੇਦੇ ਲਾਲ ਹੋ ਗਈਆਂ ਸ੍ਰੀਰ ਕੰਬਹੀ ਰਿਹਾ ਸੀ ਕਿ ਜੁਧ ਆਰੰਭ ਦੇ ਸੰਖ ਵਜਦੇ ਦੀ ਧੁਨਿ ਸੁਨਾਈ ਦਿਤੀ। ਜੋਸ਼ ਭਰੀ ਆਵਾਸ ਜੋਗੀ ਵਾਜਿਆਂ ਤੋਂ ਨਿਕਲ ਕੰਨਾਂ ਵਿਚ ਆ ਪਹੁੰਚੀ ਅਰ ਕਮਾਨਾਂ ਦੀ ਟੰਕਾਰ ਨਾਲ ਰਾਗਨ ਮੰਡਲ ਗ੍ਰੰਸ ਉਠਿਆ ਰਨਭੂਮੀ ਦੇ ਸੂਰਮੇ ਅਰ ਬਹਾਦਰ ਅਗੇ ਵਧ ਕੇ ਹਮਲਾ ਕਰਦੇ ਹੋਏ ਦਿਸੇ ਭਾਂ ਮਹਾਰਜਾ ਰਾਵਨ ਜੋ ਬੜੀ ਅਸਾਵਧਾਨੀ ਤੇ ਇਸ ਸਮਜ ਦੀ ਉਡੀਕ ਕਰ ਰਿਹਾ ਸੀ ਦੇਖੀਏ! ਹੁਨ ਇਕ ਬੀਰ ਦਲ ਲੈਕੇ ਕਿਸ ਪ੍ਰਕਾਰ ਰਥ ਨੂੰ ਉਡਾਂਦਾ ਹੋਇਆ ਉਸੇ ਪਾਸੇ ਨੂੰ ਜਾ ਰਿਹਾ ਹੈ ਜਿਥੇ ਮਹਾਰਾਜਾ ਰਾਮਚੰਦ੍ਰ, ਇੰਦ੍ਰਯਮ, ਕੁਬੇਰ, ਆਦਿਕ ਅਪਨੇ ਅਪਨੇ ਬਹਾਦਰਾਂ ਦੀ ਬੀਰਤਾਈ ਅਰ ਦਲੇਰੀ ਦੇਖ ਰਹੇ ਹਨ ਭਾਵੇਂ ਮਹਾਰਾਜਾ ਰਾਮਚੰਦ੍ਰ ਦੇ ਬਹਾਦਰਾਂ ਨੇ ਭੀ ਬੜੀ ਸ਼ੂਰ ਬੀਰਤਾ ਨਾਲ ਸਾਹਮਨਾ ਕੀਤਾ ਅਰ ਰਥ ਨੂੰ ਭੰਨਣ ਦਾ ਜਤਨ ਕੀਤਾ ਪ੍ਰੰਤੂ ਇਸ ਬਲਵਾਨ ਰਾਜਾ ਨੂੰ ਕੋਈ ਭੀ ਨਾ ਟੋਕ ਸਕਿਆ ਬਰੰਚ ਇਸ ਜਤਨ ਵਿਚ ਕਈ ਬੀਰ ਹਨਨ ਹੋ ਗਏ ॥

ਪਲ ਦੀ ਪਲ ਵਿਚ ਇਹ ਆਕ੍ਰਮਨ ਕਰਨ ਵਾਲਾ ਦਲ ਸਹੰਸ੍ਰਾਂ ਜੋਧਿਆਂ ਨੂੰ ਪ੍ਰਲੋਕ ਗਮਨ ਕਰਾਂਦਾ ਹੋਇਆ ਕੁਝ ਦੂਰ ਪਹੁੰਚਿਆ ਭਾਂ ਮਹਾਰਾਜਾ ਰਾਮਚੰਦ੍ਰ ਦੀ ਨਿਗਾਹ ਅਗੇ ਵਧੀ ਭਤਕਾਲ ਕਮਾਨ ਨੂੰ ਸੰਭਾਲ ਕੇ ਰਥ ਨੂੰ ਅਗੇ ਵਧਾਇਆ ਅਰ ਸਾਹਮ। ਨੇ ਛਟ ਕੇ ਅਜਿਹੀ ਤੀਰ ਵਰਖਾ ਕੀਤੀ ਕਿ ਆਕ੍ਰਮਨ ਸ਼ਤ੍ਰੂ ਦੇ ਬਲਵਾਨ ਹਥ ਪੁਰਬਸੀ ਸ਼ੀਘ੍ਰਤਾ ਬੇਗ ਦਿਖਾਉਨ ਤੋਂ ਰੁਕ ਗੋਏ ਬਹਾਦਰ ਇੰਦ੍ਰ, ਯਮ, ਕੁਬੇਰ ਅਰ ਹੋਰ ਸ਼ੂਰਬੀਰ ਸਿਪਾਹੀਆਂ ਨੇ ਅਗੇ ਵਧਦੇ ਹੋਏ ਸ਼ਤ੍ਰੂ ਨੂੰ ਇਕ ਪੈਰ ਭੀ ਅਗੇ ਨਾ ਵਧਨ ਦਿਤਾ ਮਾਨੋ ਪਰਸਪਰ ਸੰਗ੍ਰਾਮਿਤ ਦਲ ਸ਼ਕਤਿ ਨੂੰ ਇਕ ਰਸ ਕਰ ਦਿਤਾ ਹਾ! ਹਾ!! ਇਕ ਪਲ ਭਰ ਵਿਚ ਸੈਂਕੜੇ ਬੀਰ ਬਾਨਾਂ ਨਾਲ ਵਿੰਨੇ ਗਏ ਸਹੰਸ੍ਰ ਪੜ ਬੇ ਸਿਰੇ ਹੋ ਗਏ ਲਹੂ ਦੀਆਂ ਨਦੀਆਂ ਵਗਨ ਲਗੀਆਂ ਰਨਭੂਮੀ ਮੁਰਦਿਆਂ ਨਾਲ ਭਰ ਗਈ ॥

Original with:
Language Department Punjab
Digitized by:
Panjab Digital Library

॥ ਦੋਹਰਾ ॥

ਤਧਤ ਭਜੋ ਰਨਭੂਮ ਤਹਿੰ ਚਲਿਓ ਰੁਧਰ
ਤਹਿੰ ਆਨ ਨਦੀ ਮਾਹਿੰ ਜਿਉਂ ਜਲਚਲੈ
ਹੁਈ ਲਾਲ ਧੂਨਤ ਹਿੰਮਾਨ ॥ ਯੁਧ ਭਜੋ
ਤਹਿੰ ਪਰਸਪਰ ਅਤਿ ਘੋਰ ਸੰਗ੍ਰਾਮ। ਚਲੇ
ਗੁਰਜ ਬਰਛੀ ਅਤਿ ਨੇਜੇ ਭਾਲੇ ਆਮ ॥

ਪਾਠਕ ਗਨ! ਅਜ ਦੀ ਲੜਾਈ ਕੋਈ ਓਹੋ ਜਿਹੀ ਸਿਧੀ ਸਾਧੀ ਮਮੂਲੀ ਜਿਹੀ ਲੜਾਈ ਨਹੀਂ ਸੀ ਦੇਖੀਏ! ਰਾਵਨ ਦਾ ਹਥ ਕਿਸ ਪ੍ਰਕਾਰ ਤੇਜੀ ਅਰ ਫੁਰਤੀ ਨਾਲ ਚਲ ਕੇ ਹਨੇਰ ਮਾਰ ਰਿਹਾ ਹੈ ਅਰ ਹੁਨ ਸਮਸਤ ਸੈਨਾਂ ਇਧਰ ਨੂੰ ਹੀ ਝੁਕ ਪਈ ਹੈ ਦੋਹਾਂ ਪਾਸਿਆਂ ਦੇ ਯੋਧੇ ਭਲੀ ਭੁ ਜਾਨ ਰਖੀ ਹੋਏ ਅਗੇ ਵਧ ਕੇ ਵਾਰ ਕਰ ਰਹੇ ਹਨ। ਪਾਟ ਜਾਨ ਵਾਲੇ ਗੋਲੇ (ਬੰਬ) ਅਰ ਅਨੇਕਾਂ ਹੋਰ ਵਿਚਿਤ੍ਰ ਜੁਧ ਸ਼ਸਤ੍ਰ ਅਜ ਰਨਭੂਮੀ ਵਿਚ ਵਰਤੇ ਜਾ ਰਹੇ ਹਨ। ਮੁਰਦਿਆਂ ਦੇ ਢੇਰਾਂ ਦੇ ਢੇਰ ਜਗਾਂ ਜਗਾਂ ਤੇ ਪਏ ਹੋਏ ਹਨ। ਆਹ! ਇਕ ਹੀ ਤੀਰ ਲਗਨ ਨਾਲ ਮਹਾਰਾਜਾ ਰਾਮਚੰਦ੍ਰ ਜੀ ਦਾ ਰਥ ਨਿਕੰਮਾ ਹੋ ਗਇਆ ਪਰ ਰਾਜਾ ਇੰਦ੍ਰ ਨੇ ਤਤਕਾਲ ਦੂਜਾ ਰਥ ਲਿਆ ਖੜਵਾਇਆ ਜਿਸ ਉਤੇ ਅਸਵਾਰ ਹੋ ਹੁਨ ਮਹਾਰਾਜਾ ਰਾਮਚੰਦ੍ਰ ਰਾਵਨ ਵਲ ਵਧ ਰਹੇ ਹਨ ਅਜੇ ਥੋੜੀ ਹੀ ਦੂਰ ਗਏ ਸਨ ਕੇ ਰਾਵਨ ਨੇ ਧੜ ਧੜ ਕਰਦਾ ਹੋਇਆ ਇਕ ਤੀਰ ਕਮਾਨ ਤੋਂ ਛਡਿਆ ਜਿਸਨੂੰ ਉਨਾਂ ਨੇ ਬੜੀ ਸੂਰਬੀਰਤਾ ਅਰ ਦਲੇਰੀ ਨਾਲ ਰਸਤੇ ਵਿਚ ਹੀ ਕੱਟ ਦਿਤਾ ਬਸ ਫਰ ਕੀ ਸੀ ਦੋਵੇਂ ਬਹਾਦਰ ਆਮੋ ਸਾਮਨੇ ਡਟ ਗਏ ਅਰ ਬੜੇ ਚਿਰ ਤੀਕਰ ਦੋਵੇਂ ਤੀਰਾਂ ਦੀ ਵਰਖਾ ਕਰਦੇ ਰਹੇ ਕਿਸੇ ਦਾ ਹੌਂਸਲਾ ਨਾ ਪਇਆ ਕੇ ਇਨਾਂ ਦੋਹਾਂ ਜੋਧਿਆਂ ਵਿਚ ਹਸਤਖੇਪ ਕਰੇ

Original with:
Language Department Punjab
Digitized by:
Panjab Digital Library

ਸਦ ਭੀਰਾਂ ਨਾਲ ਕੰਮ ਨਿਕਲਦਾ ਨਾਂ ਦਿਸਿਆ ਤਾਂ ਕਰਤਬ ਦਾਰ ਭੁਲਵਾਹਾਂ ਬਿਜਲੀ ਦੀ ਨਿਆਈਂ ਚਮਕਦੀਆਂ ਹੋਈਆਂ ਮਿਆਨਾਂ ਵਿਚੋਂ ਨਿਕਲ ਪਈਆਂ ਚਿਰ ਤੀਕ ਸੂਰਮੇ ਇਨਾਂ ਨਾਲ ਲੜਦੇ ਰਹੇ ਅੰਤ ਨੂੰ ਇਕ ਗਹਿਰਾ ਜਖਮ ਲਗਨੇ ਤੇ ਰਾਵਨ ਘਬਰਾ ਗਇਆ ਅਰ ਭੁਲਵਾਰ ਸਟ ਬਰਛੀ ਪਕੜ ਰਾਮਚੰਦ੍ਰ ਜੀ ਤੇ ਆਕ੍ਰਮਨ ਕਰਨਾ ਚਾਹਯਾ ਪ੍ਰੰਤੂ ਇੰਨੇ ਵਿਚ ਮਹਾਰਾਜਾ ਰਾਮਚੰਦ੍ਰ ਜੀ ਦੇ ਸਾਰਥੀ ਨੇ ਘੋੜਿਆਂ ਨੂੰ ਇਸ ਤੇਜੀ ਨਾਲ ਪਿਛੇ ਹਟਾ ਲਇਆ ਕਿ ਰਾਵਨ ਦਾ ਵਾਰ ਖਾਲੀ ਗਇਆ ਅਰ ਇਸਦੇ ਉਤ੍ਰ ਵਿਚ ਰਾਮਚੰਦ੍ਰ ਜੀ ਨੇ ਇਕ ਤੀਰ ਮਾਰਿਆ ਜੋ ਸ਼ਤ੍ਰੂ ਦੇ ਕਲੇਜੇ ਨੂੰ ਚੀਰਦਾ ਹੋਇਆ ਪਾਰ ਹੋਇਆ ਅਰ ਓਹ ਰਥ ਤੋਂ ਨੀਵੇਂ ਭੁਗ ਪਇਆਂ :–

। ਚੌਪਈ ॥

ਹੁਏ ਮੌਨ ਅਤਿ ਕਰ ਸਮਪਾਦਿਕ।
ਸੰਖ ਨਗਾਰੇ ਬਾਜੇ ਆਦਿਕ ॥
ਪਵਨ ਸਮਾਨ ਅਤਿ ਉਡਯੋ ਤਾਜਾ ॥
ਨਸ਼ਟ ਭਯੋ ਭਸ ਰਾਜ ਸਮਾਜਾ ॥

ਓਹ ਦੇਖੀਏ ! ਰਾਵਨ ਧਰਤੀ ਤੇ ਪਇਆ ਹੋਇਆ ਤੜਪ ਰਿਹਾ ਹੈ ਅਰ ਥਕੀ ਸੈਨਾਂ ਜੋ ਇਸੇ ਰਨਭੂਮੀ ਦੀ ਉਤ੍ਰ ਦਿਸ਼ਾ ਵਲ ਛਟੀ ਹੋਈ ਸੀ ਅਜੇ ਭੀ ਕਰ ਯੁਧ ਕਰ ਰਹੀ ਹੈ ਕਿ ਇਧਰ ਖਿਭਦਾ ਫਰੇਰਾ ਪਵਨ ਵਿਚ ਫਰ ਫਰ ਕਰਦਾ ਨਜਰ ਆਇਆ ਮਹਾਰਾਜਾ ਰਾਮਚੰਦ੍ਰ ਜੀ ਦੀ ਜੈ ਜੈ ਕਾਰ ਦੀ ਅਵਾਜ ਗਗਨ ਮੰਡਲ ਸੁਰਗ ਤਕ ਗੂੰਜ ਉਠੀ ਖੁਸ਼ੀ ਦੇ ਨਾਦਿਆਂ ਦੀ ਪੁਕਾਰ ਚਾਰੇ ਪਾਸਿਓਂ ਆਉਨ ਲਗੀ ਅਰ ਸ਼ਤ੍ਰੂ ਦੀ ਸੈਨਾਂ ਨੇ ਹਥਿਆਰ ਸਟ ਦਿਤੇ ਅਰ ਰਾਮਚੰਦ੍ਰ ਜੀ ਦੀ ਸ਼ਰਨ ਮੰਗੀ ॥

ਪਾਠਕ ਜਨ ! ਰਵਾਨ ਨੂੰ ਧਰਤੀ ਤੇ ਜਾਨ ਖੁਸਦੀਂ ਪਛੋ

Original with:
Language Department Punjab
Digitized by:
Panjab Digital Library

ਦੀ ਦਿਸ਼ਾ ਵਿਚ ਦੇਖਕੇ ਭਭੀਖਨ ਦੀਆਂ ਭਰਾਤ੍ਰੀ ਆਂਦ੍ਰਾਂ ਦਾ ਲਹੂ ਪੰਘਰ ਆਇਆ ਛੇਤੀ ਨਾਲ ਉਠਕੇ ਰਥ ਤੇ ਚੜ੍ਹ ਉਸਦੇ ਕੋਲ ਜਾ ਪਹੁੰਚਿਆ ਪ੍ਰੰਤੂ ਸ਼ੋਕ ਇਸ ਅਵਸਰ ਵਿਚ ਇਸਦਾ ਜੀਵ ਆਤਮਾ ਸ਼ੀਰ ਵਿਚੋਂ ਨਿਕਲ ਗਿਆ ਹੋਇਆ ਸੀ ਅਰ ਮੌਤ ਨੇ ਠੰਢਿਆਂਕਰ ਪ੍ਰਲੋਕ ਭੇਜ ਦਿਤਾ ਹੋਇਆਸੀ ਹੁਨ ਰਾਵਨ ਹਥ ਪੈਰ ਖਿਲਾਰੇ ਮ੍ਰਿਤ੍ਯੂ ਸੇਜਾ ਤੇ ਲੇਟਿਆ ਪਇਆ ਹੈ ਸ਼ੀਰ ਲਹੂ ਵਿਚ ਗੜੁਚ ਹੋਇਆ ਹੋਇਆ ਹੈ ਅਰ ਮੋਟੀਆਂ ਮ੍ਰਿਗ ਸਮਾਨ ਅਖਾਂ ਉਸੇ ਭਰਾਂ ਹੀ ਖੁਲੀਆਂ ਹਨ ਜਿਸ ਪ੍ਰਕਾਰ ਕਿ ਪਹਿਲਾਂ ਹੀ ਸਨ ਭਭੀਖਨ ਨੂੰ ਭਰਾ ਦੀ ਇਹ ਦਿਸ਼ਾ ਦੇਖਦੇ ਹੀ ਇਸ ਦੀਆਂ ਵਿਦ੍ਵਾਨੀ ਗਲਾਂ ਸੂਰਮਤਾਈ ਦੀ ਬਾਤ ਚੀਤ ਅਰ ਜੋਸ਼ ਭਰੀ ਦਲੇਰੀ ਦੇ ਪੂਰਬ ਉਕਤ ਕਥਨ ਸਭ ਯਾਦ ਆਗਏ ਉਧਰ ਵੈਸ ਦੇ ਵਿਨਾਸ਼ ਦਾ ਅਰ ਆਪ ਨੇ ਇਕਲਿਆਂ ਰਹ ਜਾਨ ਦਾ ਖਿਆਲ ਅਰ ਮਿਤ੍ ਭਾਈ ਬੰਧੂਆਂ ਦੇ ਵਿਛੋੜੇ ਦੇ ਵਿਚਾਰ ਨੇ ਇਸ ਦੇ ਬੇਆਸ ਮਨ ਨੂੰ ਹੋਰ ਭੀ ਵਿਦਗਧ ਕਰਨਾ ਆਰੰਭ ਕਰ ਦਿਤਾ ਤਦੋਂ ਉਸਦੀ ਚਿੰਤਾ ਅਗਨਿ ਭੜਕ ਉਠੀ ਅਰ ਸਭ ਗਿਆਨ ਦੀਆਂ ਗਲਾਂ ਇਸੇ ਵੇਲੇ ਦੇ ਲਈ ਭਸਮ ਹੋ ਅਰ ਧੂਆਂ ਧਾਰ ਬਨਕੇ ਸਿਰ ਨੂੰ ਚੜ ਗਈਆਂ ਅਰ ਓਹ ਬੇਹੋਸ਼ ਹੋਕੇ ਪ੍ਰਿਥਵੀ ਤੇ ਡਿਗ ਪਇਆ ਜਦ ਕੁਝ ਹੋਸ਼ ਆਈ ਤਾਂ ਉਠਕੇ ਬਹ ਗਇਆ ਹੁਨ ਦੇਖੀਏ ! (ਦੋਵੇਂ ਹਥ ਧਰਤੀ ਤੇ ਰਖ ਹੋਏ ਰਾਵਨ ਦੇ ਮੁਖ ਨੂੰ ਦੇਖਕੇ) ਹਾਇ ਭ੍ਰਾਤਾ !! ਕਹਕੇ ਕਿਸ ਪ੍ਰਕਾਰ ਵਿਰਲਾਪ ਕਰ ਰਿਹਾ ਹੈ ਅਰ ਬਹੁਤ ਸਾਰੇ ਸ਼ੂਰਬੀਰ ਸਰਦਾਰ ਇਸ ਦੇ ਆਲੇ ਦੁਆਲੇ ਬੈਠੇ ਰੁਦਨ ਕਰ ਰਹੇ ਹਨ ਐ ਲੌ ! ਮੰਦੋਦਰੀ ਭੀ ਇਹ ਖਬਰ ਸੁਨ ਕੇ ਰੋਂਦੀ ਪਿਟਦੀ ਭਥਾ ਰੁੜ ਹੋ ਰਥ ਤੇ ਸਵਾਰ ਹੋ ਆ ਰਹੀ ਹੈ ਆਹ ! ਜਿਵੇਂ ਕਿ ਰਾਵਨ ਦੀ ਲਾਸ਼ ਦੇ ਨਿਕਟ ਪਹੁੰਚੀ ਪਤਿ ਨੂ ਤੁਧਨਾਕ੍ਰਾਂਤ ਅ ਹਥ ਪੈਰ ਫਲਾਏ ਹੋਏ ਪਇਆ ਹੋਇਆ ਦੇਖਯਾ ਓਥੇ ਹੀ ਬੇਵਸ ਹੋ ਡਿਗ ਪਈ ਜਦ ਕੁਝ ਹੋਸ਼ ਆਈ ਤਾਂ ਵਿਰਲਾਪ ਕਰ ਕਹਿਨ ਲਗੀ "ਹਾਇ ਸ੍ਵਾਮੀ ! ਤੇਰੀ ਇਹ ਦਿਸ਼ਾ ਕਿਸ ਪ੍ਰਕਾਰ ਹੋਈ ਤੈਥੋਂ ਤਾਂ ਇੰਦ੍ਰ, ਯਮ, ਵਰ , ਅਰ ਕੁਬੇਰ ਆਦਿਕ ਡਰਦੇ ਸਨ ਅਸ

Original with:
Language Department Punjab
Digitized by:
Panjab Digital Library

ਆਪ ਦੀ ਓਹ ਸ਼ਕਤਿ ਕਿਥੇ ਗਈ ਜੋ ਇਸ ਪ੍ਰਕਾਰ ਥੇ ਸੁਧ ਲੈਣੇ ਪਏ ਹੋ ? ਹਾਇ ! ਗਲ ਦਾ ਉਤ੍ਰ ਕਿੰਉ ਨਹੀਂ ਦੇਂਦੇ ਸ੍ਵਾਮਿਨ ! ਆਪ ਦੇ ਬਿਨਾਂ ਹੋਰ ਕੌਨ ਹੈ ਜੋ ਮੇਰੇ ਅਧੀਰਜ਼ਾ ਦਿਲ ਨੂੰ ਧੀਰਜ ਦੇਵੇ। ਪਿਆਰੇ ਪੁਤ੍ਰ ਸਨ ਓਹ ਪਹਿਲਾਂ ਹੀ ਸਿਧਾਰ ਗਏ ਦੋਤ੍ਰਿਆਂ ਪੜੋਤ੍ਰਿਆਂ ਨੇ ਭੀ ਉਤ੍ਰ ਦੇ ਪ੍ਰਲੋਕ ਗਮਨ ਕਰ ਦਿਤਾ ਆਹ ! ਬਹਾਦਰ ਕੁੰਭ ਕਰਨ ਸਿਹਾ ਦਿਓਰ ਭ ਇਸੇ ਜੁਧ ਦੀ ਭੇਟਾ ਹੋਇਆ ਹਾਇ ! ਹੁਨ ਮੈਂ ਕਿਧਰ ਜਾਵਾਂ ਆਪ ਨੂੰ ਬਤੇਰਾ ਸਮਝਾਇਆ ਲਖਾਂ ਜਤਨ ਕੀਤੇ ਕਿ ਇਸ ਹਠ ਨੂੰ ਜਾਨ ਦਿਓ ਪ੍ਰੰਤੂ ਹੇ!ਆਪਨੇ ਕੁਝ ਭੀ ਖਿਆਲ ਨਾ ਕੀਤਾ" ਇਸ ਪ੍ਰਕਾਰ ਕਹ ਹੀ ਰਹੀ ਸੀ ਕਿ ਰਾਮਚੰਦ੍ ਅਤ ਲਛਮਨ ਜੀ ਭੀ ਓਥੇ ਆ ਗਏ ਅਤ ਕਹਨ ਲਗੇ :-"ਮੰਦੋਦਰੀ ! ਤੂੰ ਆਪ ਅਕਲ ਵਾਲੀ ਅਰ ਸਿਆਨੀ ਹੈਂ ਜਰਾ ਨਿਆਇ ਪੂਰਬਿਕ ਸਹਿਤ ਕਹੋ ਖਾਂ ਕਿ ਜੋ ਕੁਝ ਤੇਰੇ ਪੁਤ੍ਰਾਂ ਅਰ ਭਾਈ ਬੰਧੂਆਂ ਦੀ ਗਤਿ ਹੋਈ ਉਸ ਵਿਚ ਕਿਸਦਾ ਅਪ੍ਰਾਧ ਹੈ ? ਦੇਵੀ ! ਤੂੰ ਸੂਝ ਦੂਰ ਦ੍ਰਸ਼ਨੀ ਅਰ ਨਜਾਇ ਕਾਰਨੀ ਹੈਂ ਤੂੰ ਧਰਮ ਨਾਲ ਨਿਆਓ ਕਰ ! ਤੇਰਾ ਪਤਿ ਜੋ ਅਤੀਵ ਅਭਮਾਨੀ ਆਤਮ ਸ਼ਲਾਘੀ ਅਰ ਕਿਸੇ ਦੀ ਗਲ ਨਹੀਂ ਮੰਨਨ ਵਾਲਾ ਸੀ ਇਥੋਂ ਤੀਕ ਕਿ ਤੂੰ ਆਪ ਉਸ ਨੂੰ ਕਿੰਨਾ ਸਮਝਾਇਆ ਅਰ ਅਸਾਂ ਭੀ ਬਤੇਰਾ ਜਤਨ ਕੀਤਾ ਪ੍ਰੰਤੂ ਉਸਨੇ ਤਨਿਕ ਭੀ ਧਿਆਨ ਨਾ ਕੀਤਾ ਤੂੰ ਆਪ ਹੀ ਦਸ ! ਕਿ ਫਰ ਇਸਦੀ ਇਹ ਦਿਸ਼ਾ ਹੋਨੀ ਅਰ ਤੈਨੂੰ ਇਹ ਦਿਨ ਦੇਖਨਾ ਪੈਨਾ ਸੀ ਕਿ ਨਹੀਂ ? ਮੰਦੋ ਦੀ ਦੇਖ !!

ਕਰਮ ਰੇਖ ਨਹੀਂ ਟਰੇ ਕਰੇ ਕੋਈ ਲਾਖੇਂ ਚਤ੍ਰਾਈ ॥

ਕਰਮ ਰੇਖ ਕਦੀ ਟਾਲੇ ਨਹੀਂ ਟਲਦੀ ਇਹ ਕਿਸੇ ਦਾ ਦੋਸ਼ ਨਹੀ ਇਹ ਉਸੇਦੇ ਅਪਨੇ ਹੀ ਕਰਮਾਂ ਦਾ ਫਲ ਹੈ ਹੁਨ ਤੇਰਾ ਰੁਦਨ ਅਰ ਵਿਰਲਾਪ ਕਰਨਾ ਵਿਅਰਥ ਅਰ ਨਿਸ਼ਫਲ ਹੈ ਅਰ ਬਿਨਾਂ ਇਸਦੇ ਕਿ ਵੈਰੀ ਪ੍ਰਸੰਨ ਅਰ ਸਜਨ ਚਿੰਤਾਤੁਰ ਹੋਨ ਕੀ ਹਾਸਲ ਹੋਵੇਗਾ ਇਹ ਸੰਸਾਰ ਅਸਾਰ ਝੂਠਾ ਹੈ ਕੋਈ ਨਹੀ ਥਿਰ ਰਹਿੰਦਾ ਸਭ ਅਥਿਰ ਹੈ ਹਾਂ ! ਕੋਈ ਦਸ ਦਿਨ ਅਗੋਂ ਕੋਈ ਚਾਰ ਦਿਨ ਪਿਛੋਂ ਪਮਰਨਾ ਸਭਨੇ ਹੈ।

Original with:
Language Department Punjab
Digitized by:
Panjab Digital Library

॥ ਦੋਹਰਾ ॥

ਜੈਸਾ ਸੁਪਨਾ ਰੈਨ ਕਾ ਤੈਸਾ ਸਭ ਇਹ ਮਾਨ। ਇਹ ਸੰਸਾਰ ਅਸਾਰ ਹੈ ਨਿਹਫਲ ਜਾਨ ਸੁਜਾਨ ॥ ਸਕਲ ਸੰਸਾਰ ਅਥਿਰਤ ਹੈ ਥਿਰ ਭੀ ਰਹੇ ਨ ਕੋਇ। ਜਿਉਂ ਪਾਨੀ ਕੇ ਬੁਦਬੁਦਾ ਉਪਜੈ ਬਿਨਸੇ ਜੋਇ ॥

ਸੋ ਤੁਨ ਤੈਨੂੰ ਉਚਿਤ ਹੈ ਕਿ ਧੀਰਜ ਅਰ ਸਬਰ ਕਰ ਅਰ ਇਸਦੇ ਮ੍ਰਿਤਕ ਸੰਸਕਾਰ ਦਾ ਜਤਨ ਕਰ ॥

(ਚੁਰੰਜਵਾਂ ਧਿਆਯ)

ਭਿਭੀਖਨ ਨੂੰ ਰਾਜ ਤਿਲਕ ਅਰ ਮਹਾ-ਰਾਜਾ ਰਾਮਚੰਦ੍ ਜੀ ਦਾ ਪਿਛੇ ਮੁੜਨਾ

॥ ਦੋਹਰਾ ॥

ਕਬੀ ਸ਼ੋਕ ਕੀ ਘੜੀ ਹੈ ਕਬੀ ਖੁਸ਼ੀ ਕੀ ਆਨ। ਇਕ ਉਤਪੰਨ ਇਕ ਬਿਨਸ ਹੈ ਇਹੀ ਖੇਲ ਸਭ ਜਾਨ ॥

ਆਹ ! ਸੰਸਾਰ ਸਿਖਯਾ ਗਾਰ ਹੈ। ਕਲ ਢਾਵਾਂ ਮਾਰ ਮਾਰ ਕੇ ਰੋਂਦਿਆਂ ਹੋਇਆਂ ਭਭੀਖਨ ਢਾਵਾ ਹੋ ਰਿਹਾ ਸੀ ਅਰ ਰਾਵਨ ਦੀ ਮ੍ਰਿਤ੍ਯੂ ਹੋਨੇ ਤੇ ਚਿੰਤਾਤੁਰ ਹੋ ਸ਼ੋਕਵਾਨ ਹੋ ਰਿਹਾ ਸੀ ਅਜ ਉਸੇ ਦੇ ਮੰਦਰ ਅਗੇ ਹਰਖ ਸੂਚਕ ਖੁਸ਼ੀ ਦੇ ਵਾਜੇ ਵਜ ਰਹੇ ਹਨ। ਜਗਾਂ ਦੇ

Original with:
Language Department Punjab
Digitized by:
Panjab Digital Library

ਖੁਸ਼ੀ ਅਰ ਪ੍ਰਸੰਨਤਾ ਪ੍ਰਗਟ ਹੋ ਰਹੀ ਹੈ ਅਮੀਰ ਵਜ਼ੀਰ ਰਈਸ ਆਦਿਕ ਸੁੰਦ੍ਰ ਸੁੰਦ੍ਰ ਪੁਸ਼ਾਕਾਂ ਪਾਏ ਹੋਏ ਝੁੰਡ ਕੇ ਝੁੰਡ ਰਾਜ ਦਰਬਾਰ ਨੂੰ ਆ ਰਾਹੇ ਹਨ ਆਹਾ ! ਅਜ ਕੀ ਹੈ ? ਜੋ ਲੰਕਾ ਦਾ ਵਡਾ, ਬੁਢਾ, ਜੁਆਨ, ਮਰਦ, ਤੀਮੀਆਂ, ਆਦਿਕ ਦੇ ਮੁਖਾਂ ਤੋਂ ਖ਼ੁਸ਼ੀ ਦੇ ਚਿੰਨ ਪਰਗਟ ਹੋ ਰਹੇ ਹਨ ਖੁਸ਼ੀ ਦੇ ਗਾਨਿਆਂ ਅਰ ਸਾਜਾਂ ਦੀ ਆਵਾਜ ਦਰਬਾਰ ਵਿਚੋਂ ਆ ਰਹੀ ਹੈ। ਪਾਠਕ ਗਨ ! ਆਪ ਹਰਾਨ ਕਿਉਂ ਹੋ ਗਏ। ਓਹ ਦੇਖੀਏ!!ਲਛਮਨ ਜੀ ਭਭੀਖਨ ਨੂੰ ਰਾਜ ਤਿਲਕ ਦੇਨ ਲਈ ਜਾ ਰਹੇ ਹਨ। ਹੈਂ ! ਇੰਨੀ ਛੇਤੀ !! ਅਜੇ ਕਲ ਤਾਂ ਭਭੀਖਨ ਰੋ ਰੋਕੇ ਹਾਲੋਂ ਬਿਹਾਲ ਹੋ ਰਿਹਾ ਸੀ ਅਰ ਅਜ ਏਡੀ ਖੁਸ਼ੀ ਮਨਾਈ ਜਾ ਰਹੀ ਹੈ ਸ਼ੋਕ ? ਪਰ ਮਹਾਰਾਜ ? ਸ਼ੋਕ ਕਿਸ ਗਲਦਾ । ਦੁਨੀਆਂ ਮਤਲਬੀ ਹੈ। ਇਹ ਧਨ ਪਦਾਰਥ ਆਦਿਕ ਸਭ ਮਿਥਯਾ ਹਨ। ਕਿਸੇ ਦੇ ਨਾਲ ਨਹੀਂ ਜਾਂਦੇ ਸਭਨਾਂ ਨੂੰ ਛਡ ਜੰਕਰ ਅਸੀਂ ਅਪਨੇ ਸ਼ਰੀਰ ਤੇ ਹੀ ਦ੍ਰਿਸ਼ਟੀ ਕਰੀਏ ਤਾਂ ਇਹਭੀ ਅਕ੍ਰਿਤਘਨ ਅਰ ਦੁਸ਼-ਮਨਾ ਦਾ ਘਰ ਦਿਸੇਗਾ ਅਰ ਦੁਸ਼ਮਨ ਭੀ ਕਿਹੋ ਜਿਹੇ ਜੋ ਲੋਕ ਪ੍ਰਲੋਕ ਨੂੰ ਵਿਗਾੜਨ ਵਾਲੇ ਓਹ ਕੌਨ ? ਕਰਮ ਇੰਦ੍ਰੀਆਂ ਜਿਨਾਂ ਦੀ ਪ੍ਰਬਲਤਾ ਤੋਂ ਅਨੁਚਿਤ ਵਾਸਨਾ ਸਾਡੇ ਮਨ ਵਿਚ ਉਤਪੰਨ ਹੋ ਜਾਂਦੀਆਂ ਹਨ ਅਰ ਉਸ ਵੇਲੇ ਭਲੇ ਬੁਰੇ ਦੀ ਵਿਚਾਰ ਨਹੀਂ ਰਹਿੰਦੀ। ਅਰ ਉਨਾਂ ਦੀਆਂ ਅਤਬਾਤ ਨਿਜ ਵਾਸ਼ਨਾਂ ਦੀ ਪੂਰਤੀ ਦੇ ਲਈ ਅਸੀ ਲੋਕ ਚੋਰੀ ਯਾਰੀ ਛਲ ਛਿਦ੍ ਮਕਰ ਫਰੇਬ ਆਦਿਕ ਇਨਾਂ ਸਭਨਾਂ ਦੇ ਚੇਲੇ ਬਨ ਜਾਨੇ ਹਾਂ ॥

ਅੰਤ ਨੂੰ ਜਿਸਦਾ ਫਲ ਇਹ ਹੁੰਦਾ ਹੈ ਕਿ ਪ੍ਰਲੋਕ ਵਿਗਾੜ ਜਾਂਦਾ ਹੈ ਅਰ ਲੋਕਾਂ ਦੀ ਦ੍ਰਿਸ਼ਟੀ ਤੇ ਪਤਤ ਹੋ ਜਾਂਦੇ ਹਨ ਭਾਈ ਦੂਰ ਕਿਉਂ ਜਾਂਦੇ ਹੋ ! ਜਰਾ ਰਾਵਨ ਵਲ ਹੀ ਧਿਆਨ ਕਰੋ ਥਾਂ ਕਿ ਚਾਰੇ ਦੇਦਾਂ ਛੀਏ ਸ਼ਾਸਤ੍ਰਾਂ ਦਾ ਗਿਆਤਾ ਅਰ ਔਨੇ ਰਾਜਨ ਦਾ ਮਾਲਕ ਹੋਨੇ ਤੇ ਭੀ ਇਕ ਦੁਸ਼ਟ ਕਾਮਦੇਵ ਦੀ ਪ੍ਰਬਲਤਾ ਨਾਲ ਸੰਸਾਰ ਦੀ ਦ੍ਰਿਸ਼ਟੀ ਤੋਂ ਅਜਿਹਾ ਪਤਿਤ ਹੋਇਆ ਕਿ ਅਸੀਂ ਅਜ ਉਸਦੀ ਵਿਦ੍ਵਾਨਤਾ ਦੀ ਸ਼ੋਭਾਕਰਨ ਦੇ ਬਦਲੇ ਅਰ ਬ੍ਰਹਮ ਵੈਸ਼ ਦੀ ਕੁਲ ਭੂਖਨ ਜਾਨਨ ਦੇ ਬਦਲੇ ਅਜ ਉਸ ਅਤਿ ਬੁਧੀ

Original with:
Language Department Punjab
Digitized by:
Panjab Digital Library

ਰਖਨ ਵਾਲੇ ਮਹਾਂ ਪੁਰਖ ਨੂੰ ਰਾਕਸ਼ ਅਤੇ ਖੋਤੇ ਦੇ ਸਿਰ ਵਾਲਾ ਜਾਨਨੇ ਹਾਂ ਪ੍ਰੰਤੂ ਇਸੇ ਨੂੰ ਨਹੀਂ ਉਸਦੀ ਪਰਜਾ ਨੂੰ ਭੀ ਇਸੇ ਦੀ ਬਦੌਲਤ ਰਾਕਸ਼ ਅਰ ਪਸ਼ੂ ਸਿੰਗਾ ਵਾਲੇ ਜਾਨਦੇ ਹਾਂ ਇਸ ਲਈ ਪੁਰਖ ਨੂੰ ਚਾਹੀਏ ਕਿ ਦਾਹਰੀ ਸ਼ਤ੍ਰੂਆ ਨੂੰ ਛਡ ਅਰ ਡੈੜੀਆਂ ਬਤਾ ਨੂੰ ਤਿਆਗ ਕੇ ਪਹਿਲੇ ਅਪਨੇ ਅੰਤ੍ਰੀ ਸ਼ਤ੍ਰੂਆਂ ਨੂੰ ਜਿਤੇ ਈਸ੍ਵਰ ਪ੍ਰਮਾਤਮਾ ਤੇ ਭਰੋਸਾ ਰਖਕੇ ਅਰ ਉਸ ਦੇ ਦਿਤੇ ਤੇ ਸੰਤੋਖੀ ਰਹੇ । ਇਹ ਸਭ ਦੌਲਤ ਆਦਿਕ ਧਨਪਦਾਰਥ ਭੋਗ ਵਿਲਾਸ ਵਿਨਾਸ਼ੀਹਨ ਦੇਖੀਏ ! ਕਲ ਰਾਵਨ ਦਾ ਡੰਕਾ ਬਜ ਰਿਹਾ ਸੀ ਅਜ ਭਭੀਖਨ ਦੇ ਰਾਜ ਤਿਲਕ ਅਰ ਸਿੰਘਾਸਨ ਚੜ੍ਹ ਦੀ ਖੁਸ਼ੀ ਮਨਾਈ ਜਾ ਰਹੀ ਹੈ ਓਹ ਲੌ ! ਭਭੀਖਨ ਭੇਟ ਲੈਕੇ ਮਹਾਰਾਜਾ ਰਾਮਚੰਦ੍ਰ ਜੀਕੋਲ ਜਾ ਰਿਹਾ ਹੈ ॥

ਓਹੋ ! ਕੀ ਜਾਨੀਏ ਸਾਡੇ ਪਾਠਕ ਗਨਾਂ ਦੇ ਵਿਚਾਰ ਸੀਤਾ ਜੀ ਦੇ ਦਰਸ਼ਨਾਰਥ ਅਸ਼ੋਕ ਬਾਟਿਕਾ ਵਿਚ ਭਟਕ ਰਹੇ ਹੋਨ ਮਹਾਰਾਜ ! ਓਹ ਓਥੇ ਨਹੀ ਹਨ । ਸੀਤਾ ਜੀ ਨੂੰ ਤਾਂ ਰਾਤੀ ਹੀ ਸਾਂਡਾ ਬਹਾਦਰ ਜਰਨੈਲ ਬੜੀ ਧੂਮ ਧਾਮ ਤੇ ਸਜ ਧਜ ਨਾਲ ਰਥ ਵਿਚ ਬਿਠਾ ਲੈ ਆਇਆ ਸਾ ॥

ਪ੍ਰਾਯਾ ! ਓਹ ਦੇਖੀਏ !! ਮਹਾਰਾਜਾ ਰਾਮਚੰਦ੍ਰ ਜੀ ਦੇ ਖਬੇ ਪਾਸੇ ਵਲ ਧਰਮਵਾਨ ਦੇਵੀ, ਸੁਸ਼ੀਲਤਾ, ਅਰ ਪਤਿਬ੍ਰਤ ਧਰਮ ਦੀ ਸਾਖਿਆਤ ਮੂਰਤੀ ਜਾਨਕੀ ਜੀ ਬਿਰਾਜਮਾਨ ਹਨ ! ਆਹਾ ! ਜਿਵੇਂ ਹੀ ਭਭੀਖਨ ਨੇ ਅਨਗਿਨਤ ਬਹੁਮੁਲ ਹੀਰੇ ਪੰਨੇ ਜ੍ਹਾਹਰਾਤਾਂ ਆਦਿਕ ਦੇ ਅਨਗਿਨਤ ਥਾਲ ਮਹਾਰਾਜਾ ਰਾਮਚੰਦ੍ ਸ

ਨੋਟ:-ਉਪ੍ਰੋਕਤ ਜੁਧ ਵਿਚ ਜਿਥੋਂ ਤੀਕ ਅਸੀ ਰਾਮਾਇਣ ਦੇਖੀ ਹੈ ਸਾਡੇ ਬਹਾਦਰ ਜਰਨੈਲ ਦਾ ਕਿਧ੍ਰੇ ਅਜਿਹਾ ਸੰਬੰਧ ਨਹੀਂ ਦਿਸਦਾ ਪ੍ਰੰਤੂ ਇਹਭੀ ਉਚਿਤ ਪ੍ਰਤੀਤ ਨਾ ਹੋਇਆ ਕਿ ਪਾਠਕ ਗਨਾਂ ਨੂੰ ਅਜਿਹੇ ਇੰਦ੍ਰੀ ਵਸ ਕਾਮ ਦੇਵ ਦੇ ਪੂਜੀ ਦੇ ਪਰਿਨਾਮ ਦਾ ਵਰਨਨ ਕੀਤਾ ਜਾਏ ਇਸ ਲਈ ਖੁਲਾਸਾ ਜਿਹਾ ਦਸਿਆ ਗਇਆ ਹੈ ।।

Original with:
Language Department Punjab
Digitized by:
Panjab Digital Library

ਦੀ ਭੇਟਾ ਕੀਤੇ ਉਨਾਂ ਨੇ ਕੇਵਲ ਇਕ ਵਾਰੀ ਉਨਾਂ ਬਾਲਾਂ ਦੀ ਵਲ ਅਖ ਚੁਕਕੇ ਦੇਖਿਆ ਅਰ ਫੇਰ ਭਭੀਖਨ ਨੂੰ ਕਿਹਾ "ਇਹ ਸਾਡੇ ਕਿਸੇ ਯੋਗਜ ਨਹੀਂ ਇਨਾਂ (ਸਿਪਾਹੀਆਂ ਵਲ ਦੇਖਕੇ) ਲੋਕਾਂ ਨੂੰ ਦੰਡ ਦੇਵੋ। ਇਸ ਆਗਿਆ ਨੂੰ ਤਤਕਾਲ ਭਭੀਖਨ ਨੇ ਪਾਲਨ ਕੀਤਾ ਜਦ ਪਰਤੋਖਿਕ ਸੂਰਮਿਆਂ ਨੂੰ ਵਿਭਕਤ ਹੋ ਗਏ ਤਾਂ ਮਹਾਰਾਜਾ ਰਾਮਚੰਦ੍ ਨੇ ਸਮਸਤਹਰ ਇਕ ਮੈਨਾਪਤਿ ਨੂੰ ਸਦਕੇ ਬੜੇ ਸ਼ੁਲਾਘਾ ਪੂਰਬਿਕ ਆਦਰ ਮਾਨ ਸਹਿਤ ਇਨਾਂ ਦਾ ਧੰਨਜਵਾਦ ਕਰ ਵਿਦਜਾ ਕੀਤਾ ਅਤ ਆਪ ਸ੍ਵਯੰ ਅਜੁਧਿਆ ਪ੍ਰਧਾਰਨ ਲਈ ਭਭੀਖਨ ਤੋਂ ਆਗਜਾ ਮੰਗੀ।

ਭਭੀਖਨ-''ਮਹਾਰਾਜਾ ! ਸ਼ਹਿਰ ਚਲਕੇ ਦੋ ਚਾਰ ਦਿਨ ਵਿਸ੍ਰਾਮ ਕਰੀਏ ਸਮਸਤ ਲੰਕਾ ਨਿਵਾਸੀ ਆਪਦੇ ਦਰਸ਼ਨ ਅਭਲਾਖੀ ਹਨ"

ਮਹਾਰਾਜਾ ਰਾਮਚੰਦ੍-"ਸਾਨੂੰ ਸ਼ਹਿਰ ਵਿਚ ਕੁਝ ਹੀਲ ਹੁਜਤ ਨਾਂ ਹੁੰਦੀ ਪ੍ਰੰਤੂ ਅਸੀਂ ਪੂਰਬਕ ਪ੍ਰਤਿਗਯਾ ਕੁਝ ਹੀਲ ਨੂੰ ਭੰਗ ਨਹੀਂ ਕਰ ਸਕਦੇ ਕਿਉਂ ਕਿ ਚੌਦਵੇਂ ਵਰੇ ਦਾ ਅਜ ਅੰਤਸ਼ ਦਿਨ ਹੈ ਅਰ ਨਾਹੀ ਕਲ੍ਹ ਦਾ ਦਿਨ ਠਹਿਰ ਸਕਦੇ ਹਾਂ। ਕਿਉਂ ਕਿ ਭਰਤ ਜੀ ਅਸਾਵਧਾਨੀ ਨਾਲ ਉਡੀਕ ਰਹੇ ਹੋਨਗੇ। ਜੇਕਰ ਇਕ ਦਿਨ ਵੀ ਬਨੁਬਾਸ ਕਾਲ ਤੋਂ ਵਧੀਕ ਹੋ ਗਇਆ ਤਾਂ ਨਾ ਜਾਨੀਏ ਉਨਾਂ ਦੇ ਮਨ ਵਿਚ ਕੀ ਕੀ ਵਿਚਾਰਾਂ ਹੋਨ ਮਾਤਾ ਕੌਸ਼ਲਜਾ ਮਤਾਂ ਨਾਂ ਜਾਨੀਏ ਕੁਝ ਕਰ ਨਾਂ ਬੈਠੇ ਭਲਾ ਇਹੋ ਹੈ ਕਿ ਹੁਨ ਸਾਨੂੰ ਵਿਦਜਾ ਹੀ ਕਰੋ ਕਿ ਅਪਨੇ ਦੇਸ ਨੂੰ ਜਾਈਏ ਮੈਂ ਆਪਦਾ ਧੰਨਵਾਦੀ ਹੋਵਾਂ ਗਾ"

ਭਭੀਖਨ-(ਹਥ ਜੋੜਕੇ) ਮਹਾਰਾਜਾ ! ਆਪ ਜਾਨਦੀ ਚਿੰਤਾ ਨ ਕਰੀਏ। ਪੁਸ਼ਪ ਬਿਵਾਨ ਅਜਿਹਾ ਭੇਜ ਚਾਲ ਹੈ ਕਿ ਕੇਵਲ ਇਕ ਦਿਨ ਵਿਚ ਹੀ ਆਪ ਨੂੰ ਅਜੁਧਿਆ ਪਹੁੰਚਾ ਦੇਵੇਗਾ ਅਰ ਮੈਂ ਸ੍ਵਯੰ ਆਪ ਨਾਲ ਅਜੁਧਿਆ ਜਾਵਾਂਗਾ"

ਮਹਾਰਾਜਾ ਰਾਮਚੰਦ੍-"ਜੀ ਕੁਝ ਤੁਸਾਂ ਕਿਹਾ ਹੈ ਸਭਨ

Original with:
Language Department Punjab
Digitized by:
Panjab Digital Library

ਹੈ ਪ੍ਰੰਤੂ ਅਸੀ ਹੁਨ ਕਿਸੇ ਪ੍ਰਕਾਰ ਨਹੀ ਠਹਿਰ ਸਕਦੇ ਜੇਕਰ ਕੋਈ ਹਰਜ ਨਾ ਹੋਵੇ ਤਾਂ ਪੁਸ਼ਪ ਬਿਵਾਨ ਮੰਗੀਏ ਅਰ ਆਪ ਚਲਨ ਦੀ ਤਿਆਰੀ ਕਰੀਏ !–"

ਭਭੀਖਨ–ਸਭਜ ਬਚਨ"

ਥੋੜੇ ਚਿਰ ਵਿਚ ਪੁਸ਼ਪ ਬਿਵਾਨ ਆ ਗਇਆ ਜਿਸ ਵਿਚ ਮਹਾਰਾਜਾ ਰਾਮਚੰਦ੍ਰ, ਸੀਤਾ ਜੀ, ਲਛਮਨ, ਭਭੀਖਨ ਨਲ਼, ਨੀਲ, ਸੁਗ੍ਰੀਵ, ਅੱਗਦ, ਅਰ ਸਾਡਾ ਬਹਾਦਰ ਜਟਨੈਲ ਉਪਨਾਸ ਦਾ ਹੀਰੋ (ਹਨੂਮਾਨ) ਅਸਵਾਰ ਹੋ ਗਏ ਅਰ ਵਿਸ਼ੇਸ਼ ਸਮਿਆਨ ਅਰ ਬਾਨਰ ਲੋਕ ਜਿਨਾਂ ਦਾ ਅਧਿਕ ਲਗਾਓ ਸੀ ਦੁਸ੍ਰਿਆਂ ਬਿਵਾਨਾ ਵਿਚ ਬੈਠ ਗਏ ਜਦ ਸ੍ਵਾਰ ਹੋ ਗਏ ਤਾਂ ਭਾਰਤ ਵਰਸ਼ਦੇ ਪ੍ਰਾਚੀਨ ਕਾਲ ਦਾ ਬਿਵਾਨ ਇਸ ਪ੍ਰਕਾਰ ਏਜੀ ਨਾਲ ਚਲਿਆ ਜਿਸਦੇ ਪ੍ਰਮਾਨ ਦੇਨ ਵਿਚ ਅਜਕੋਈ ਵਸਤ੍ਰ ਬਿਨਾਂ ਨਿਰਾਸਤਾ ਦੇ ਸਾਡੀ ਸਮਝ ਵਿਚ ਨਹੀਂ ਆਓਦੀ । ਮਹਾਰਾਜਾ ਰਾਮਚੰਦ੍ਰ ਜੀ ਸੀਤਾ ਜੀ ਨੂੰ ਹਰ ਇਕ ਨਗਰ, ਗ੍ਰਾਮ ਆਦਿਕ ਜੋ ਰਸਤ ਵਿਚ ਆਓਦੇ ਹਨ ਉਨਾਂ ਦਾ ਪ੍ਰਤਯੋਕ ਵਰਨਨ ਕਰਦੇ ਚਲੇ ਜਾ ਰਹੇ ਹਨ ਜਿਵੇਂ ਕਿਸ਼ਕਿੰਧਾਂ ਦੂਰੋ ਨਜਰ ਪਈ ਰਾਮਚੰਦ੍ਰ ਜੀ ਨੇ ਸੀਤਾ ਨੂੰ ਕਿਹਾ "ਓਹ ਦੇਖੋ ! ਕਿਸ਼ਕਿੰਧਾ ਦੇ ਮੰਦਿਰ ਦਿਸ ਰਹੇ ਹਨ ਅਰ ਇਹੋ ਅਸਥਾਨ ਹੈ ਜਿਥੇ ਸੁਗ੍ਰੀਵ ਦੀ ਸਾਡੇ ਨਾਲ ਮਿਤ੍ਰਤਾ ਹੋਈ ਸੀ ਅਰ ਬਾਲੀ ਮਾਰਿਆ ਗਿਆ ਸੀ"

ਸੀਤਾ–" ਮਹਾਰਾਜ ! ਕਿਆ ਅਛਾ ਕੰਮ ਹੋਵੇ !! ਜੇ ਕਰ ਆਪਰੋਮਾ, ਤਾਰਾ ਆਦਿਕ ਬਾਨਰਾਂ ਦੀਆਂ * ਇਸਤ੍ਰੀਆਂ ਜਿਨਾਂਨੂੰ

---

* ਕਿਉਂ ਮਿਤ੍ਰ ਗਨ ਪਾਠਕ ! ਆਪਨੂੰ ਅਜੇ ਭ ਹਨੂਮਾਨ ਸੁਗ੍ਰੀਵ ਆਦਿਕ ਦੇ ਮਨੁਖਜ ਹੋਨੇ ਵਿਚ ਸੰਸਾ ਹੈ ਤਾਂ ਦਸੀਏ। ਸੀਤਾ ਜੀਨੂੰ ਵਿਚਾਰੀਆਂ ਬਾਂਦ੍ਰੀਆ ਨਾਲ ਕੀ ਪੋਜਨ ਸੀ ਅਰ ਓਹ ਉਨਾਂ ਨਾਲ ਗਲ ਬਾਤ ਕਰਕੇ ਕੀ ਲਾਭ ਉਠਾ ਸਕਦੀਆਂ ਸਨ। ਪਾਠਕ ਗਨ ! ਇਹ ਸਮਸਤ ਮਿਥਯਾ ਭਰਮ ਹੈ ਜਿਸਦਾ ਸਭ ਵਸਤਾਰ ਪ੍ਰਥਮ ਭਾਗ ਵਿਚ ਕਰ ਆਏ ਹਾਂ (ਵੇਖੋ ਬਾਲਮੀਕੀ ਰਾਮਾਇਨ ਲੰਕਾ ਕਾਂਡ ਪੜਾ ੧੪੦ ਸੁਰਗ ੧੫੦)।

Original with:
Language Department Punjab
Digitized by:
Panjab Digital Library

ਆਪ ਭਲੀ ਪ੍ਰਕਾਰ ਜਾਨਦੇ ਹੋ ਅਰ ਕਿਸਕਿੰਧਾ ਵਿਚ ਵਿਦਯਮਾਨ ਭੀ ਹਨ ਅਪਨੇ ਨਾਲ ਸੁਧਿਆ ਨੂੰ ਲੈ ਚਲੀਏ ਜਿਸਤੇ ਮੈਂ ਭੀ ਉਨਾਂ ਨਾਲ ਵਾਰਤਾਲਾਪ ਦਾ ਲਾਭ ਉਠਾਵਾਂ " ਇਸ ਸੁਨਦੇ ਮਹਾਰਾਜਾ ਰਾਮਚੰਦ੍ ਨੇ ਸੁਗ੍ਰੀਵ ਵਲ ਦੇਖਿਆ ਅਰ ਉਸਨੇ ਸੀਤਾ ਜੀ ਦੇ ਕਥਨ ਦਾ ਅਨ ਮੋਦਨ ਕੀਤਾ ਅਰ ਜਿਵੇਂ ਹੀ ਬਿਵਾਨ ਕਿਸਕਿੰਧਾ ਦੇ ਨੇੜੇ ਪਹੁੰਚਿਆ ਅਰ ਉਸੇ ਵੇਲੇ ਧਰਤੀ ਤੇ ਉਤਾਰਿਆ ਤਤਕਾਲ ਸੁਗ੍ਰੀਵ ਜਾਕੇ ਸਭਨਾਂ ਇਸਤ੍ਰੀਆਂ ਨੂੰ ਨਾਲ ਲੈ ਆਇਆ ਅਰ ਓਥੋਂ ਤੁਰਕੇ ਭਾਰਦ੍ਵਾਜ ਰਿਸ਼ੀ ਦੇ ਆਸ਼੍ਰਮ ਤੇ ਪਹੁੰਚੇ। ਕਿਉਂ ਕਿ ਵਰਖ ਬੀ ਅੰਤਮ ਰਾਤ੍ਰੀ ਸੀ ਇਸ ਲਈ ਰਾਮਚੰਦ੍ ਨੇ ਇਹੀ ਉਚਿਤ ਜਾਨਿਆ ਕਿ ਹਨੂਮਾਨ ਨੂੰ ਪਹਿਲੇ ਭਰਤ ਜੀ ਕੋਲ ਭੇਜਿਆ ਜਾਏ ਜਿਸਤੇ ਓਹ ਚਿੰਤਾਸਾਗਰ ਤੋਂ ਵਿਮੁਕਤ ਹੋਨ ਅਰ ਪ੍ਰਸੰਨਚਾ ਪ੍ਰਾਪਤ ਕਰਨ ਅਰ ਆਪ ਓਥੇ ਰਾਤ ਵਿਤ ਕਰਨ ਦਾ ਨਿਸ਼ਚਯ ਕੀਤਾ ॥

(ਪਚਵਿੰਜਵਾਂ ਧਿਆਇ)

ਨੰਦੀ ਗ੍ਰਾਮ

ਦੋਹਰਾ

ਆਜ ਭਰਤ ਕੀ ਆਸ ਕੋ ਪੂਰਨ ਕੀਨੀ ਰਾਮ।
ਜੀਤ ਲੰਕਲੈ ਜਾਨਕੀ ਪਹੁੰਚੇ ਨੰਦੀ ਗ੍ਰਾਮ ॥

ਦੋਵੇਂ ਵੇਲੇ ਮਿਲਤਹੇ ਹਨ, ਪ੍ਰਕਾਸ਼ਤ ਦਿਨ ਵਿਦਮਾ ਹੋਰਹਾਹੈ, ਯਾ ਇਸ ਪ੍ਰਕਾਰ ਸਮਝੀਏ ਕਿ ਸੂਰਜ ਭਗਵਾਨ ਅਪਨ ਪ੍ਰਕਾਸ਼ ਦੀ ਗਠੜੀ ਬੰਨੇ ਹੋਏ ਪਛਮ ਨੂੰ ਜਾ ਰਿਹਾ ਹੈ, ਅਰ ਸੰਧਯਾ ਦੇਵੀ ਦੇ ਆਗਮਨ ਦਾ ਸਮਯ ਬਹੁਤ ਹੀ ਨੇੜੇ ਹੇ ਓਹ ਲੋਕ ਜਿਨਾਂ ਨੂੰ ਇਸ ਪ੍ਰਕਾਸ਼ ਯੁਕਤ ਵੇਲੇ ਦੀ ਚੁਝ ਕਦਰ ਹੈ। ਅਰ ਵਦ ਭਗਵਾਨ ਦੀਆਂ ਸ਼ਕ੍ਤੀਆਂ ਇਨਾਂ ਦੇ ਦਿਲਾਂ ਤੇ ਅੰਕਿਤ ਹਨ ਓਹ ਇਸ ਅਮੁਲਯ ਅਮੋਲਕ ਵਕਤ ਨੂੰ ਅਪਨੀ ਜਿੰਦਗੀ ਦੀਆਂ ਘੜੀਆਂ ਵਿਚ ਸ਼ੁਭ ਜਾਨ ਕੇ ਅਜੇ ਤੋਂ ਹੀ ਹਥ ਵਿਚ ਜਲ ਦੀ ਗੜਵੀ ਅਰ ਕਛ ਵਿਚ

Original with:
Language Department Punjab
Digitized by:
Panjab Digital Library

ਆਸਨ ਦਬਾਏ ਹੋਏ ਵਸਤੀ ਤੋਂ ਬਾਹਰ ਜਾ ਰਹੇ ਹਨ। ਅਰ ਕਈ ਇਕ ਗ੍ਰਿਹਸਤੀ ਜੋ ਦਿਨ ਭਰ ਕੰਮਾ ਧੰਧਿਆਂ ਵਿਚ ਲਗੇ ਹੋਏ ਸਨ ਅਰ ਉਨਾਂ ਨੂੰ ਏਨਾ ਅਵਕਾਸ਼ ਨਹੀਂ ਮਿਲਦਾ ਜੋ ਓਹ ਖੁਲੇ ਮਦਾਨ ਵਿਚ ਜਾਕੇ ਸੰਧਯਾ ਬੰਧਨ ਕਰ ਸਕਨ ਪ੍ਰੰਤੂ ਇਸ ਵੇਲੇ ਓਹ ਭੀ ਇਸੇ ਵਿਚਾਰ ਵਿਚ ਹਨ। ਕਿ ਘਰ ਵਿਚ ਕਿਧੇ ਇਕੰਤ ਅਸਥਾਨ ਮਿਲੇ ਤਾਂ ਅਪਨੇ ਧਰਮ ਬੰਧਨਾਂ ਨੂੰ ਅਰਥਾਤ ਨਿਤ੍ਯਨੇਮ ਪਾਲਨ ਕਰੀਏ ॥

ਅਜਿਹੇ ਵੇਲੇ ਵਿਚ ਜਿਥੇ ਸਾਡਾ ਧਿਆਨ ਪਹੁੰਚਦਾ ਹੈ ਓਹ ਅਜੁਧਿਆ ਦੇ ਨੇੜੇ ਹੀ ਨੰਦੀ ਗ੍ਰਾਮ ਇਕ ਅਸਥਾਨ ਹੈ ਜਿਸਦੇ ਉਤ੍ਰੀ ਪਾਸੇ ਵਲ ਇਕ ਅਛਾ ਜਿਹਾ ਮਕਾਨ ਹੈ ਅਰ ਇਸਦੇ ਅਗੇ ਕਈਕ ਸੁੰਦ੍ ਅਤੇ ਹਰੇ ਹਰੇ ਬਿ੍ਛ ਲਹਰਾ ਰਹੇ ਹਨ। ਇਸ ਮੰਦਿਰ ਦੇ ਦਾਲਾਨ ਵਿਚ ਇਕ ਸਾਧੂ ਲੰਮੇ ਕੱਦ ਵਾਲਾ, ਸੋਲਾ ਰੰਗ, ਸਿਰ ਤੇ ਜਟਾ ਜੂਟ ਹੋਈ ਹੋਈ ਜਿਸ ਦੇ ਮੁਖ ਤੋਂ ਇਸ ਵੇਲੇ ਉਦਾਸੀ ਨਭਾ ਟਪਕ ਰਹੀ ਹੈ ਬੈਠਾ ਹੋਇਆ ਸੰਧਯਾ ਕਰ ਰਿਹਾ ਅਰ ਜਲ ਦੀ ਗੜਵੀ ਸਾਮਨੇ ਧਰੀ ਪਈ ਹੈ ਕੁਝ ਚਿਰ ਤਾਂ ਅਖਾਂ ਮੂੰਦੇ ਹੋਏ ਈਸ਼ੁਰ ਜਾਨੇ ਕਿਸ ਸੋਚ ਵਿਚ ਬੈਠਾ ਰਿਹਾ ਅੰਤ ਨੂੰ ਇਸ ਪ੍ਰਕਾਰ ਕਹਿਨਾਂ ਆਰੰਭ ਕੀਤਾ ॥

"ਹੇ ! ਈਸ਼ੁਰ ਪ੍ਰਮਾਤਮਾ ਆਪ ਹੀ ਉਸ ਪ੍ਰਾਨਨਾਥ ਰਾਮਚੰਦ੍ ਜੀ ਦੇ ਹਿ੍ਦੇ ਵਿਚ ਪ੍ਰੇਰਨਾ ਕਰੋ, ਕਿ ਭਰਤ ਨਿਰਦੋਸ਼ ਹੈ ਹੁਨ ਛੇਤੀ ਇਸਨੂੰ ਦਰਸ਼ਨ ਦੀਜੀਏ। ਉਨਾਂਦਾ ਮੁਖਵਾਕ ਸੀ ਕਿ ਚੌਦਾ ੧੪ ਵਰੇ ਤੋਂ ਉਪ੍ਰੰਤ ਇਕ ਦਿਨ ਭੀ ਅਸੀ ਬਾਹਰ ਨਹੀ ਠਹਿਰਾਂ ਗੇ ਅਰ ਯਦਿ ਖੇਮ ਕੁਸ਼ਲਤਾ ਰਹੀ ਤਾਂ ਇਕ ਦਿਨ ਪਹਿਲੇ ਤੁਹਾਨੂੰ ਆਉਨ ਦਾ ਸਮਾਚਾਰ ਦੇਵਾਂ ਗੇ। ਹਾਇ ! ਓਹ ਸੁਖਦਾਇਕ ਦਿਨ ਅਜ ਦਾ ਹੀ ਸੀ ਜਿਸ ਉਤੇ ਮੇਰੇ ਜੀਵਨ ਦਾ ਨਿਰਭਰ ਸੀ ਅਰ ਜਿਸਦੇ ਆਵਨ ਦੀ ਆਸ਼ਾ ਲਗ ਰਹੀ ਸੀ ਆਹ ! ਉਸ ਚੰਦ੍ਮੁਖੀ ਦਿਵਸ ਨੂੰ ਮੇਰੇ ਨੈਨ ਚਕੋਰ ਕਟਾਖਜ ਦੇ ਤਰਸ ਰਹੇ ਸਨ ਨਾ ਜਾਨਾਂ ਕਿ ਸ੍ਰੀ ਰਾਮ੍ਚੰਦ੍ ਦਾ ਹਿਰਦਜ ਮੇਰੀ ਵਲੋਂ ਕਿਉਂ ਕਠੋਰ

Original with:
Language Department Punjab
Digitized by:
Panjab Digital Library

ਹੋ ਗਇਆ ਯਾ ਕੋਈ ਹੋਰ ਕਾਰਨ ਹੈ ਜੋ ਅਜੇ ਤੀਕ ਕੋਈ ਸਮਾਚਾਰ ਨਹੀਂ ਆਇਆ ਹਾਇ ! ਇਸ ਵਿਚ ਜਰੂਰ ਕੁਝ ਨਾਂ ਕੁਝ ਭੇਦ ਹੈ" ਇਹ ਕਿਹਾ ਅਰ ਗਰਦਨ ਨੀਵੇਂ ਪਾ ਈਸ਼ੁਰ ਜਾਨੇ ਕਿਸ ਵਿਚਾਰ ਵਿਚ ਮਜਾ ਗਿਆ ॥

ਪਾਠਕ ਗਨ ! ਜਿਸਨੂੰ ਅਸੀਂ ਸਾਧੂ ਸਮਝੇ ਹੋਏ ਹਾਂ ਓਹ ਅਸਲ ਵਿਚ ਭਰਤ ਹੈ ਜੋ ਰਾਮਚੰਦ੍ਰ ਜੀ ਦੀ ਵੈਰਾਗਤਾ ਵਿਚ ਕਿਸ ਪ੍ਰਕਾਰ ਚਿੰਤਾ ਤੁਰ ਹੋ ਹਾਲੋਂ ਬਿਹਾਲ ਹੋ ਰਿਹਾ ਹੈ । ਕੀ ? ਆਪ ਨਿਸ਼ਚਜ ਕਰ ਸਕਦੇ ਹੋ ਕਿ ਜੇਕਰ ਭਰਤ ਰਾਮਚੰਦ੍ਰ ਜੀ ਦੀ ਆਪਿਤ ਵਰਨਨ ਸੁਨਦਾ ਤਾਂ ਚੁਪ ਰੰਹਿਦਾ ਅਰ ਉਨਾਂ ਦੀ ਸਹਾਇਤਾ ਨੂੰ ਨਾ ਪਹੁੰਚਦਾ ? ਨਹੀਂ ! ਕਦਾਚਿਤ ਨਹੀਂ !! ਭਰਤਕਾਲ ਜਿਸ ਪ੍ਰਕਾਰ ਹੁੰਦਾ ਅਪਨੇ ਆਪ ਨੂੰ ਓਥੇ ਪਹੁੰਚਾਂਦਾ ਸ਼ੋਕ ! ਸਾਡੀ ਨਿਰਬੁਧਿਤਾ ਨੇ ਭਰਤ ਦੀ ਸ੍ਵਛਜ ਪਵਿਤ੍ਰ ਦੇ ਜੀਵਨ ਨੂੰ ਕਲੰਕਤ ਕਰ ਦਿਤਾ । ਆਹ ! ਇਕ ਅਨੁਪਮ ਪ੍ਰਮਾਣ ਨੂੰ ਅਪਵਿਤ੍ਰ ਦਿਸ਼ਾ ਵਿਚ ਬਦਲ ਦਿਤਾ ॥

ਪਾਠਕ ਗਨ ! ਜਿਵੇਂ ਭਰਤ ਜੀ ਨੇ ਸਿਰ ਉਤੇ ਨੂੰ ਦੁਖਿਆ ਹਨੂਮਾਨ ਜੀ ਜੋ ਕੁਝ ਰਿਖ ਤੋਂ ਉਨਾਂ ਦੀਆਂ ਗਲਾਂ ਸੁਨ ਰਹ ਸਨ ਅਪਨੇ ਚਰਨਾਂ ਤੇ ਪਾਇ ਆ ਛੇਤੀ ਨਾਲ ਉਨਾਂ ਦਾ ਸਿਰ ਚੁਕੇ ਬੋਲੇ "ਭਾਈ ਆਪ ਕਿਥੋਂ ਆਏ ਹੋ ਅਰ ਮੇਰੇ ਨਾਲ ਕੀ ਕੰਮ ਹੈ ?

ਹਨੂਮਾਨ—"ਮਹਾਰਾਜਾ ਰਾਮਚੰਦ੍ਰ ਜੀ ਦਾ ਸੇਵਕ ਹਾਂ ਅਰ ਉਨਾਂ ਦੇ ਆਓਨੇ ਦਾ ਸਮਾਚਾਰ ਲਿਆਇਆ ਹਾਂ ਕਿ ਕਲ੍ਹ ਪ੍ਰਾਤਾਂ ਕਾਲ ਹੀ ਓਹ ਸੁਖਸਾਂਦ ਨਾਲ ਸਭ ਇਥੇ ਪਹੁੰਚ ਜਾਵਨ ਗੇ"

ਆਹ ! ਇਸ ਪਵਿਤ੍ਰ ਸੰਦੇਸੇ ਦੇ ਸੁਨਦਿਆਂ ਹੀ ਭਰਤ ਜੀ ਦਾ ਮੁਖ ਮਾਰੇ ਖ਼ੁਸ਼ੀ ਦੇ ਲਾਲ ਹੋ ਗਇਆ ਕਲੇਜਾ ਪ੍ਰਫੁਲਤ ਹੋ ਉਛਲਨ ਲਗਾ ਕੁਝ ਚਿਰ ਤਾਂ ਅਤਿ ਚਕ੍ਰਿਤਾ ਭਰੀ ਨਜਰਾਂ ਨਾਲ ਹਨੂਮਾਨ ਜੀ ਨੂੰ ਦੇਖਦ ਰਹੇ ਅੰਤ ਨੂੰ ਕਹਿਨ ਲਗੇ "ਕੀ ਰਾਮਚੰਦ੍ਰ ਜੀ ਕਲ ਸਵੇਰੇ ਜਰੂਰ ਆ ਜਾਨ ਗੇ ਅਰ ਅਜ ਓਹਕਿਥੇ ਹਨ ?"

Original with:
Language Department Punjab
Digitized by:
Panjab Digital Library

ਹਨੂਮਾਨ–"ਮਹਾਰਾਜ ! ਓਹ ਭਭੀਖਨ, ਸੁਗ੍ਰੀਵ, ਅੰਗਦ ਆਦਿਕ ਬਾਨਰਾਂ ਸਮੇਤ ਅਜ ਰਾਤ ਭਾਰਦ੍ਵਾਜ ਰਿਖੀ ਦੇ ਅਸਥਾਨ ਤੇ ਰਹਿੰਨਗੇ ਅਰ ਕਲ ਸੂਰਜ ਉਦਜ ਦੇ ਅੰਤ ਇਥੇ ਪਹੁੰਚ ਜਾਨਗੇ "

ਭ-ਤ–(ਹਰਾਨੀ ਨਾਲ) "ਕੀ ਸਚ ਮੁਚ ਕਲ ਸਵੇਰੇ ਆ ਜਾਵਨ ਗੇ, ਅਰ ਅਜ ਭਾਰਦ੍ਵਾਜ ਦੇ ਠਹਿਰੇ ਹਨ "

ਹਨੂਮਾਨ–ਜੀ ਹਾਂ "

ਇਹ ਸੁਨਦਿਆਂਹੀ ਭਰਤਜੀ ਨੇ ਜੋ ਸਭਤੋਂ ਪਹਿਲਾਂ ਕਾਰਜ ਕੀਤਾ ਓਹ ਇਹ ਸੀ ਕਿ ਉਸੇ ਵੇਲੇ ਸ਼ਤ੍ਰੁਘਨ ਜੀ ਨੂੰ ਬੁਲਾਇਆ, ਰਨਵਾਸ ਵਿਚ ਖਵਰ ਭੇਜੀ ਅਰ ਸ਼ਹਿਰ ਵਿਚ ਖ਼ੁਸ਼ੀ ਮਨਾਓਨੇ ਅਰ ਸ਼ੁਭ ਸਗਨ ਕਰਨ ਦੀ ਆਗਯਾ ਦੇ ਦਿਤੀ । ਫੇਰ ਹਨੂਮਾਨ ਨੂੰ ਕਹਿਨ ਲਗੇ । "ਹੁਨ ਕਹੀਏ ! ਭਭੀਖਨ, ਅੰਗਦ, ਸੁਗ੍ਰੀਵ, ਕੌਨ ਹਨ ਅਤ ਰਾਮਚੰਦ੍ ਜੀ ਨਾਲ ਕੀ ਸੰਬੰਧ ਹੈ ? "

ਹਨੂਮਾਨ, ਭਰਤ ਜੀ ਨੂੰ ਮਹਾਰਾਜਾ ਰਾਮਚੰਦ੍ ਜੀ ਦੀ ਆਪਤਿ ਵਾਰਤਾ ਸੁਨਾ ਹੀ ਰਿਹਾ ਸੀ ਕਿ ਕੌਸ਼ਲਜਾ ਸੁਮਿਤ੍ਰਾ, ਕੈਕਈ ਮਹਾਰਾਜਾ ਦਸਰਤ ਦੀਆਂ ਤਿੰਨੇ ਰਾਨੀਆਂ ਭੀ ਆ ਗਈਆਂ ॥

ਆਹ ! ਜਰਾ ਕੌਸ਼ਲਯਾ ਨੂੰ ਤਾਂ ਦੇਖੀਏ ਕਿਹੀ ਦੁਰਬਲ ਹੋ ਰਹੀ ਹੈ। ਮੁਖਦਾ ਰੰਗ ਪੀਲਾ ਪੈ ਗਇਆ ਹੈ, ਸਰੀਰ ਵਿਚ ਲਹੂ ਦਾ ਨਾਓਂ ਨਿਸ਼ਾਨ ਨਹੀਂ ਦਿਸਦਾ ਉਫ਼ ! ਰਥ ਵਿਚੋਂ ਉਤ੍ਰ ਕੇ ਇਥੋ ਤੀਕ ਆਓਨ ਦੀ ਸ਼ਕਤਿ ਨਹੀਂ ਰਹੀ ਓਹ !! ਦੇਖ ਸੁਮਿਤ੍ਰਾ ਕਿ ਪੁਕਾਰ ਸਹਾਰਾ ਦਿਤੇ ਹੋਏ ਲਿਆ ਰਹੀ ਹੈ ਆਹ ! ਸਿਵੇਂ ਦਰਵਾਜੇ ਤ ਪਹੁੰਚੀ ਕਿਸੇ ਨੇ ਕਹ ਦਿਤਾ 'ਇਹ ਪੁਰਖ ਜੋ ਭਰਤ ਜੀ ਦੇ ਸਾਮ੍ਹਨੇ ਬੈਠਾ ਹੈ ਜਿਸ ਨੂੰ ਰਾਮਚੰਦ੍ ਜੀ ਨੇ ਭੇਜਿਆ ਹੈ ਸੀਤਾ ਜੀ ਦੇ ਗੁਪਤ ਹੋ ਜਾਨ ਦਾ ਸਨੇਹਾ ਦੇ ਰਿਹਾ ਹੈ ਆਹ ਗੁਪਤ ਹੋ ਜਾਨ ਦਾ ਸ਼ਬਦ ਸੁਨ ਦਿਆਂ ਹੀ ਸਰੀਰ ਵਿਚ ਹੌਲ ਜਿਹਾ ਪੈ ਗਿਆ ਅਰ ਅਖਾਂ ਅਗੇ ਅਨੇਰਾ ਆ ਗਿਆ

Original with:
Language Department Punjab
Digitized by:
Punjab Digital Library

ਅਰ ਬੇਵਸ ਹੋਕੇ ਡਿਗ ਪਈ ਕੌਸ਼ਲਯਾ ਨੂੰ ਡਿਗ ਦਿਆਂ ਦੇਖ ਹੁਨ ਸਭ ਲੋਗ ਧੀਰਜ ਦੇਕੇ ਉਠਾ ਰਹੇ ਹਨ ॥

ਹਨੂਮਾਨ ਜੀ ਜੋ ਅਜੇ ਤੀਕ ਭਰਤ ਜੀ ਵਲ ਹੀ ਮੁੰਹ ਕੀਤੇ ਬੈਠੇ ਸਨ ਛੇਤੀ ਨਾਲ ਆਕੇ ਕਿਹਾ "ਮਾਤਾ ਇਹ ਤਾਂ ਮੈ ਉਨਾਂ ਦੇ ਭੂਤ ਕਾਲ ਦਾ ਹਾਲ ਦਸ ਰਿਹ ਹਾਂ ਓਹ ਤਾਂ ਹੁਨ ਈਸ਼ੂਰ ਦੀ ਕ੍ਰਿਪਾ ਨਾਲ ਸੁਖ ਸਾਂਦ ਸਹਿਤ ਤਿੰਨੇ ਜਨ ਭਾਰਦ੍ਵਾਜ ਰਿਖੀ ਦੇ ਆਸ਼੍ਰਮ ਤੇ ਹਨ ਅਰ ਕਲ ਸਵੇਰੇ ਆਪ ਕੋਲ ਆ ਜਾਵਨਗੇ। ਘਬਰਾਓਨ ਦੀ ਕੋਈ ਗਲ ਨਹੀ,'

ਕੌਸ਼ਲਜਾ-"ਕੀ ਇਹ ਸਚ ਹੈ ਜੋ ਤੁਸੀਂ ਕਹ ਰਹੇ ਹੋ ? ਯਾ ਕੇਵਲ ਮੇਰੇ ਧੀਰਜ ਲਈ ਗਲਾਂ ਹਨ"

ਹਨੂਮਾਨ-"ਮਾਤਾ ਜੀ ਜੋ ਕੁਝ ਮੈਂ ਕਿਹਾ ਸਭ ਠੀਕ ਹੈ ਆਪ ਹੌਸਲਾ ਰਖੋ"

ਕੌਸ਼ਲਯਾ "ਤਾਂ ਫੇਰ ਓਹ ਕੀ ਗਲ ਹੈ । ਜੋ ਤੁਸਾਂ ਸੀਤਾ ਦੇ ਗੁਮ ਹੋ ਜਾਨ ਦੇ ਪਰਥਾਇ ਕਹ ਰਹੇ ਹੋ ?

ਹਨੂਮਾਨ ਨੇ ਫੋਰ ਨਵੇਂ ਸਿਰ ਰਾਮਚੰਦ੍ ਜੀ ਦੀ ਆਪਤਿ ਵਰਨਨ ਸੁਨਾਣੀ ਆਰੰਭ ਕੀਤੀ ਅਰ ਇਨਾਂ ਹੀ ਗਲਾਂ ਵਿਚ ਪ੍ਰਾਤਾਕਾਲ ਹੋ ਗਇਆ ਇਸ ਕਾਲ ਵਿਚ ਮਹਾਰਾਜਾ ਰਾਮਚੰਦ੍ ਦੇ ਆਗਮਨ ਦਾ ਸਮਾਚਾਰ ਸਭ ਅਜੁਧਿਆ ਵਿਚ ਖਿਲਰ ਗਇਆ ਦੇਖੀਏ ! ਅਜੇ ਹੁਨੇ ਤੋਂ ਹੀ ਲੋਕ ਝੰਡਾਂ ਦੇ ਝੁੰਡ ਔਨੇ ਆਰੰਭ ਹੋ ਗਏ ਸੂਰਜ ਚੜਨ ਭੀਕਰ ਇੰਨੀ ਭੀੜ ਭਾੜ ਅਕਠੀ ਹੋ ਗਈ ਕਿ ਜਿਸਦਾ ਅਜਾਦਾ ਕਰਨਾ ਸਾਡੀ ਕਲਮ ਤੋਂ ਬਾਹਰ ਹੈ ॥

ਪਾਠਕ ਗਨ ! ਜਰਾਂ ਧਿਆਨ ਨਾਲ ਸੋਚੋ ਤਾਂ ਸਹੀ ਕਿ ਜਦ ਕਿਸੇ ਦਾ ਪ੍ਰਿਯ ਸੰਬੰਧੀ ਦੋ ਚਾਰ ਦਿਨਾਂ ਦੇ ਅਨੰਤ੍ਰ ਕਿਧਰੇ ਬਾਹਰੋਂ ਆਉਂਦਾ ਹੈ ਤਾਂ ਕਿੰਨੀ ਕੁ ਖ਼ੁਸ਼ੀ ਹੁੰਦੀ ਹੈ ਇਹ ਅਜੁਧਿਆ ਨਰੇਸ਼ (ਰਾਜਾ) ਦਾ ਸਪੁਤ੍ਰ ਜਿਸਨੇ ਕੇਵਲ ਪਿਤਾ ਦੀ ਪ੍ਰਤਿਗਯਾ ਨੂੰ

Original with:
Language Department Punjab
Digitized by:
Panjab Digital Library

ਪੂਰਾ ਕਰਨ ਲਈ ਚੌਦਾਂ ਵਰਿਆਂ ਦਾ ਬਨੁਬਾਸ ਲਿਆ ਸੀ ਅਰ ਜੰਗਲ ਤੇ ਬਨਾਂ ਵਿਚ ਸੈਂਕੜੇ ਆਪਤੀਆਂ ਉਠਾਈਆਂ ਅਰ ਰਾਵਨ ਜਿਹੇ ਸੁਪ੍ਰਸਿਧ ਮਾਨਨੀਯ ਰਾਜਾ ਤੇ ਵਿਜਯ ਪਾ ਕੇ ਮੁੜ ਆਓ'ਦਾ ਹੈ ਕੀ ਇਹ ਸਭ ਗਲਾਂ ਕੋਈ ਅਜਿਹੀ ਕਿਹੀ ਖ਼ੁਸ਼ੀ ਦੀਆਂ ਹਨ ?ਨਹੀਂ' ਅਸੀਂ' ਛਾਤੀ ਠੋਕ ਕੇ ਕਹਿਨੇ ਹਾਂ ਕਿ ਅਜਿਹੀ ਖ਼ੁਸ਼ੀ ਕਿਸੇ ਨੂੰ ਭੀ ਨਹੀਂ ਪ੍ਰਾਪਤ ਹੋਈ । ਜੋ ਅਜ ਇਨਾਂਲੋਕਾਂ ਨੂੰ ਹੋ ਰਹੀ ਹੈ ਦੇਖੋ ਚਾਰੇ ਪਾਸੇ ਖ਼ੁਸ਼ੀ ਦੇ ਵਾਜੇ ਗਾਜੇ ਵਜ ਰਹੇ ਹਨ। ਪਲਟਨਾਂ ਪ੍ਰਸਨ੍ਨ ਹੋ ਪਲਾਂਘਾਂ ਬੰਨੇ ਖੜੋਤੀਆਂ ਹਨ ਨੰਦੀਗ੍ਰਾਮ ਦਾ ਓਹ ਲੰਮਾ ਚੌੜਾ ਮਦਾਨ ਜੋ ਇਸਦੇ ਦਖਨ ਵਲ ਸਿਥਤ ਹੈ ਆਦਮੀਆਂ ਨਾਲ ਭਰਪੁਰ ਹੈ। ਅਰ ਹਰ ਇਕ ਮਨੁਖ ਦੀ ਨਜਰ ਅੱਖਾਂ ਵਿੱਚੋ' ਨਿਕਲ ਨਿਕਲ ਕੇ ਆਕਾਸ ਦੀ ਵਲ ਜਾ ਰਹੀ ਹੈ ਐਲੋ ! ਬਾਹਵਾਂ ਝਨੀਆਂ ਗਈਆਂ ਉਗਲੀਆਂ ਸਿੱਧੀਆਂ ਹੋ ਗਈਆਂ ਖਵਰੇ ਬਿਵਾਨ ਦਿਖਾਈ ਦਿੱਤਾ ਹੈ ਆਹਾ ! ਠੀਕ ਹੈ ਓਹ ਦੇਖੀਏ ! ਹੁਨ ਤਾਂ ਬਿਵਾਨ ਅੱਛੀ ਪ੍ਰਕਾਰ ਦਿਸਦਾ ਹੈ ਇਨਾਂ ਲੋਕਾਂ ਦੇ ਕਦਮ ਭੀ ਬੇ ਵਸ ਹੋ ਅਗੇ ਨੂੰ ਵਧ ਰਹੇ ਹਨ ਜਿਵੇਂ ਹੀ ਬਿਵਾਨ ਜਿਮੀ ਤੇ ਪਹੁੰਚਾ। ਮਹਾ ਰਾਜਾ ਰਾਮਚੰਦ੍ ਨੇ ਛੇਤੀ ਨਾਲ ਉਤ੍ ਕੇ ਭਰਤ ਜੀ ਨੂੰ ਛਾਤੀ ਨਾਲ ਲਾਇਆ ਦੋਵਾਂ ਭਰਾਵਾਂ ਦੇ ਮਾਰੇ ਖ਼ੁਸ਼ੀ ਦੇ ਪ੍ਰੇਮ ਦ੍ਵਾਰਾ ਅੱਖਾਂ ਤੋਂ ਅਥਰੂ ਵਗ ਪਏ ਅਰ ਫੇਰ ਸ਼ਤ੍ਰੁਘਨ ਨੂੰ ਮਿਲੇ ਇਸਦੇ ਅੰਤ੍ ਕੇਕਈ ਦੇ ਚਰਨਾਂ ਤੇ ਪਰਨਾਮ ਕਰ ਸੁਮਿਤ੍ਰਾ ਦੇ ਪੈਰਾਂ ਤੇ ਸਿਰ ਰਖਿਆ ਅਰ ਹੁਨ ਕੌਸ਼ਲਯਾ ਦੀ ਮਨੋ ਕਾਮਨਾਂ ਪੂਰੀ ਕਰ ਰਹੇ ਹਨ ਆਹਾ ! ਸੀਤਾ ਜੀ ਨੂੰ ਦੇਖੀਏ ! ਕਿਸ ਪ੍ਰਕਾਰ ਖ਼ੁਸ਼ੀ ਨਾਲ ਸਭ ਨੂੰ ਮਿਲ ਰਹੀ ਹੈ । ਮੰਤ੍ਰੀਗਨ ਅਰਥਾਤ ਅੰਨਯਧਿ-ਕਾਰੀ ਪ੍ਰਜਾ ਆਦਿਕ ਤੇ ਅਮੀਰ ਰਈਸ ਆਦਿਕ ਸ਼ਹਰ ਦੇ ਇਨ ਸਭਨਾਂ ਤੇ ਪੁਸ਼ਪ ਵਰਖਾ ਕਰ ਕਰ ਪ੍ਰਸੰਨਤਾ ਪ੍ਰਮਾਨ ਪ੍ਰਗਟ ਕਰ ਰਹੇ ਹਨ। ਭਾਵ ਇਹ ਕਿ ਚਿਰ ਭੀਕਰ ਨੰਦੀਗ੍ਰਾਮ ਦੇ ਇਸ ਮਦਾਨ ਵਿਚ ਖ਼ੁਸ਼ੀ ਹੁੰਦੀ ਰਹੀ ਅੰਤ ਨੂੰ ਸਭ ਰਥਾਂ ਬਹਿਲਾਂ ਅਰ ਘੋੜਿਆਂ ਤੇ ਸਵਾਰ ਹੋ ਕੇ ਆਜੁਧਿਆ ਨੂੰ ਆਏ ਇਥੇ

Original with:
Language Department Punjab.
Digitized by:
Panjab Digital Library

ਆਕੇ ਦੋ ਤਿੰਨ ਦਿਨ ਨਿਰੰਭਰ ਪ੍ਰਤਿਯੁਕ ਘਰ ਵਿਚ ਨ੍ਯਾਦਯਾਨੇ ਵਜਦੇ ਰਹੇ ਅਰ ਘਰ ਘਰ ਅਨੰਦ ਮੰਗਲਾਚਾਰ ਹੁੰਦੇ ਰਹੇ ਅੰਤ ਨੂੰ ਮਹਾਰਿਖੀ ਵਸ਼ਿਸ਼ਟ ਜੀ ਨੇ ਇਕ ਦਿਨ ਨਿਯਤ ਕਰਕੇ ਮਹਾਰਾਜਾ ਰਾਮਚੰਦ੍ ਨੂੰ ਰਾਜ ਤਿਲਕ ਦਿੱਤਾ ਅਰ ਤਦਨੰਤਰ ਹਨੂਮਾਨ, ਭਭੀਖਨ, ਸੁਗ੍ਰੀਵ ਅੰਗਦ ਆਦਿਕ ਸਭ ਨੂੰ ਇਸ ਦੇਸ਼ ਦੀਆਂ ਅਮੁਲ ਸੌਗਾਤਾਂ ਤੇ ਅਪੂਰਬ ਪਦਾਰਥ ਦੇ ਕੇ ਵਿਦਾ ਕਰਨ ਲਗੇ ਤਾਂ ਸੀਤਾ ਜੀ ਨੇ ਅਪਨੇ ਪਵਿਤ੍ ਰਸਨਾਂ ਦ੍ਵਾਰਾ ਮਨੋਹਰ ਬਚਨਾਂ ਸਹਿਤ ਸਭ ਦਾ ਧੰਨਜਵਾਦ ਕੀਤਾ ਅਰ ਅਪਨੇ ਗਲ ਤੋਂ ਅਮੁਲ ਹੀਰੇ ਜਵਾਹਰਾਤ ਦੀ ਮਾਲਾ ਹਨੂਮਾਨ ਜੀ ਨੂੰ ਦੇ ਕੇ ਜਾਂਨ ਦੀ ਆਗਜਾ ਦਿਤੀ ਜਿਹਾ ਕਿ ਦੇਖੀਏ ਇਹ ਸਭ ਪੁਸ਼ਪ ਬਿਵਾਨ ਵਿਚ ਸਵਾਰ ਹੋਕੇ ਅਪਨੇ ਦੇਸ਼ ਨੂੰ ਜਾ ਰਹੇ ਹਨ ॥

(ਛਪਿੰਜਵਾਂ ਅਧਿਆਯ)

ਰਤਨਪੁਰ।

॥ ਦੋਹਰਾ ॥

ਬਸੰਤ ਰਿਤੂ ਪ੍ਰਵੇਸ਼ ਮੇਂ ਖਿੜ ਰਹਾ ਪੁਸ਼ਪ ਸਿੰਗਾਰ। ਬੁਲਬੁਲ ਚਹਕੇਂ ਮਧੁਰ ਸ੍ਵਰ ਹੋਤ ਸੁਗੰਧਿਤ ਸਾਰ ॥

ਸੰਧਯਾਂ ਦਾ ਵੇਲਾ ਹੈ। ਰਾਤ ਦਾ ਅੰਨੇਰਾ ਪਲ ਪਲ ਵਿੱਚ ਵਧ ਰਿਹਾ ਹੈ ਅਰ ਜਯੋਤਿ ਪ੍ਰਕਾਸ਼ ਘਰ ਘਰ ਹੋ ਰਿਹਾ ਹੈ ਇਸ ਵੇਲੇ ਵਿਚ ਸਾਡਾ ਧਿਆਨ ਜਿਥੇ ਪਹੁੰਚਦਾ ਹੈ ਓਹ ਰਤਨ ਪੁਰਦੇ ਰਾਜਾ ਪਵਨ ਦਾ ਓਹ ਅਤਿ ਸੁੰਦਰ ਰਾਜ ਭਵਨ ਦੇ ਉਚਤ

Original with:
Language Department Punjab
Digitized by:
Panjab Digital Library

ਦਾਲਾਨ ਦਾ ਹੈ ਜਿੱਥੇ ਸਾਡੇ ਪਠਕ ਗਨਾਂ ਨੇ ਪਹਿਲੇ ਭਾਗ ਵਿਚ ਦੇਖਿਆ ਹੋਵਗਾ ਕਿ ਡੋਲੀ ਦੇ ਆਉਨ ਵੇਲੇ ਇਸਤ੍ਰੀਆਂ ਨਾਲ ਭਰਪੂਰ ਹੋਇਆ ਹੋਇਆ ਸੀ । ਅਜ ਉਸ ਵਿਚ ਇਸ ਵੇਲੇ ਸੰਧਯਾ ਉਪਾਸਨਾ ਤੋਂ ਨਿਸ਼ਚਿੰਤਹੋ ਰਾਜਾ ਪਵਨ ਇਕ ਸੜਾਊ ਚੌਂਕੀ ਤੇ ਬੈਠਾ ਹੋਇਆ ਹੈ। ਅਰ ਉਸਦੇ ਸਨਮੁਖ ਅੰਜਨਾਂ ਦੇਵੀ ਫਰਸ਼ ਤੇ ਚਿੰਤਾਤੁਰ ਮੁਖ ਥਨਾਏ ਸਰਹਾਨੇ ਦਾ ਸਹਾਰਾ ਲਈ ਬੈਠੀ ਹੈ। ਅਰ ਇਸੇ ਦਾਲਾਨ ਦੇ ਉਤ੍ਰ ਵਾਲੇ ਪਾਸੇ ਦੀ ਕੰਧ ਵਿੱਚਇਕ ਦਰਵਾਜ਼ਾ ਦਿਖਾਈ ਦੇਂਦਾ ਹੈ । ਜਿਸ ਵਿੱਚੋਂ ਇਕ ਇਸਤ੍ਰੀ ਦੀ ਮਨਹਰਤਾ ਕਰੁਨਾਮਯ ਆਵਾਜ ਸਾਡੇ ਕੰਨਾਂ ਵਿਚ ਆ ਰਹੀ ਹੈ । ਭਾਵੇਂ ਇਹ ਆਵਾਜ ਕਿਸੇ ਜਾਨੂ ਪਛਾਨੂ ਦੀ ਮਲੂਮ ਹੁੰਦੀ ਹੈ । ਪ੍ਰੰਤੂ ! ਅਜੇ ਭੀਕ ਅਛੀ ਤਰਾਂ ਸਮਝ ਵਿਚ ਨਹੀਂ ਆਇਆ ਕਿ ਕਿਸਦੀ ਹੈ । ਹਾਂ ! ਕਦੀ ਕਦੀ ਪੱਦਮਰਾਗਾ ਦੀ ਆਵਾਜ ਦਾ ਸੰਦੇਹ ਹੁੰਦਾ ਹੈ । ਕਿਉਂਕਿ ਦਰਵਜੇ ਤੇ ਪੜਦਾ ਪਇਆ ਹੋਇਆ ਹੈ। ਇਸ ਲਈ ਨਾਂ ਤਾਂ ਅਸੀਂ ਹੀ ਦੇਖ ਸਕਨੇ ਹਾਂ ਅਰ ਨਾਂ ਕੁਝ ਅੱਛੀ ਤਰਾਂ ਸਮਝ ਵਿਚ ਆਉਂਦਾ ਹੈ । ਕਿ ਕੀ ਗਲ ਬਾਤ ਹੋ ਰਹੀ ਹੈ । ਪ੍ਰੰਤੂ ਹਾਂ ਇੰਨਾਂ ਅਵਸ਼ਜ ਹੈ ਕਿ ਵਾਰਤਾਲਾਪ ਸਿਖਜ ਜਨਕ ਹੈ । ਜਿਸਦੇ ਸੁਨਨ ਦੀ ਚਾਹ ਲਈ ਅੰਜਨਾਂ ਦੇਵੀ ਉਦਿਗਨਤਾ ਦਾ ਹਾਲ ਮਲੂਮ ਕਰਨੇ ਤੇ ਬਿਨਾ ਜੋ ਅਵਸ਼ਜ ਹਨੂਮਾਨ ਜੀ ਦੇ ਵਿਯੋਗ ਦਾ ਫਲ ਹੈ ਅਸਾਂ ਨੇ ਅਪਨੇ ਵਿਚਾਰ ਨੂੰ ਇਸ ਕਮਰੇ ਅੰਦਰੀ ਪਹੁੰਚਾ ਦਿੱਤਾ । ਆਹਾ ! ਸਾਡਾ ਵਿਚਾਰ ਠੀਕ ਨਿਕਲਜਾ ਦੇਖਏ ! ਪਦਮ ਰਾਗਾ ਨਿਭਜ ਕਰਮ ਤੋਂ ਨਿਵਰਤ ਹੋ ਮਨੋਹਰ ਲਭਾ-ਇੰਦ੍ਰਮੁਨੀ- ਅਰ ਦੋਹਨੀ ਆਦਿਕ ਨੂੰ ਜੋ ਇਸ ਵੇਲੇ ਇਸਦੇ ਕੋਲ ਬੈਠੀਆਂ ਹਨ । ਕਹ ਰਹੀ ਹੈ ।

"ਪਿਆਰੀ ਸਖੀ ! ਮਨ ਨੂੰ ਸਦਾ ਈਰਖਾ, ਦ੍ਵੇਖ, ਸ਼ਤ੍ਰੁਤਾ ਵਿਰੋਧ, ਅਰ ਪਰਸਪਰ ਦੀ ਫੁਟ ਪ੍ਰਕ੍ਰਤੀ ਆਦਿਕ ਤੋਂ ਬਚਾਏ ਰਖਨਾ ਚਾਹੀਏ । ਕਿਉਂਕਿ ਅਧਯਾਤਮਕ ਅਰ ਆਧਿਦੈਵਕ ਯੋਗਤਾ ਪ੍ਰਾਪਤੀ ਦੇ ਲਈ ਮਨ ਦੀ ਪਵਿਤ੍ਰਤਾ ਉਤਮ ਸਾਧਨ ਹੈ । ਮਨ ਨੂੰ ਸ਼ੀਸ਼ੇ ਨਾਲ ਉਪਮਾ ਦੇਂਦੇ ਹਨ । ਜੇਕਰ ਸ਼ੀਸ਼ਾ ਸਾਫ ਹੋਵੇ

Original with:
Language Department Punjab
Digitized by:
Panjab Digital Library

ਭਾਂ ਉਸ ਵਿੱਚੋਂ ਜੋ ਦੇਖੀਏ ਨਜਰ ਆਉਂਦਾ ਹੈ । ਜੇਕਰ ਇਸਤੇ ਜਰਾ ਭੀ ਕਿਸੇ ਪ੍ਰਕਾਰ ਜੰਗਾਲ ਘੱਟਾ ਮਿੱਟੀ ਪਇਆ ਹੋਇਆ ਹੋਵੇ ਤਾਂ ਬਿਨਾਂ ਸਾਫ ਕੀਤੇ ਤੋਂ ਕੁਝ ਭੀ ਨਜਰ ਨਹੀਂ ਆਉਂਦਾ ਭੈਨੋ ! ਅਜਿਹਾ ਹੀ ਹਾਲ ਮਨ ਦਾ ਹੈ ਇਹ ਦਿਲ ਹੀ ਹੈ ਜੋ ਭਲੇ ਬੁਰੇਦੀ ਪਛਾਨ ਕਰਦਾ ਹੈ। ਅਤੇ ਇਸ ਵਿਚ ਵਿਚਾਰ ਯਾ ਸਮਸਤੀ ਦ੍ਰਿੜ ਕੀਤੀ ਜਾਵੇ ਹੋ ਸਕਦੀ ਹੈ ਚਾਹੇ ਓਹ ਭਲਿਆਈ ਦੀ ਹੋਵੇ ਚਾਹੇ ਬੁਰਿਆਈ ਦੀ ਸਾਰ ਇਹ ਕਿ ਜਿਸ ਪਾਸੇ ਦੁੜਾਓ ਦੌੜਨ ਲਗ ਜਾਂਦਾ ਹੈ ਇਸ ਲਈ ਪਿਆਰੀ ! ਜੀਵਨ ਅਵਸਥਾ ਦੀਆਂ ਘੜੀਆਂ ਨੂੰ ਅਪੂਰਬ ਜਾਨਕੇ ਇਸਨੂੰ ਸੁਭ ਕਰਮਾਂ ਵਿਚ ਪ੍ਰਵਰਤ ਕਰ ਭਲੇ ਪਾਸੇ ਵਲ ਲਾਓ ਅਰ ਬੁਰੇ ਪਾਸਿਆਂ ਵਲੋਂ ਬਚਾਓ ਅਰ ਜੋ ਐਸੇ ਪੁਰਖ ਅਥਵਾ " ਮੁੰਹ ਵਿੱਚ ਰਾਮ ਰਾਮ ਕਛ ਵਿੱਚ ਇੱਟ" ਹੋਨ ਉਨਾਂ ਦੀਆਂ ਸੁਹਬਤਾਂ ਤੋਂ ਸਦੈਵ ਬਚੇ ਰਹਨਾ ਚਾਹੀਏ ਕਿਉਂਕਿ ਜਿਨਾਂ ਦੇ ਹਿਰਦੇ ਵਿੱਚ ਕੁਝ ਅਤੇ ਉੱਤੋ ਕੁਝ ਅਜਿਹੇ ਪੁਰਖ ਦੀ ਸੰਗਤ ਅਸ਼ੁਭ ਫਲ ਦਾਇਕ ਹੁੰਦੀ ਹੈ ।

ਪਾਠਕ ਗਨ ! ਪਦਮ ਰਾਗ ਦੀ ਵਾਰਤਾਲਾਪ ਅਜੇ ਸੰਪੂਰਨ ਨਹੀਂ ਹੋ ਚੁਕੀ ਸੀ ! ਕਿ ਦਲਾਨ ਵਿਚੋਂ ਸਾਡੇ ਉਪਨਜਾਸ ਦੇ ਬਹਾਦਰ ਦੀ ਆਵਾਜ ਇਸ ਕਮਰੇ ਵਿਚ ਪਹੁੰਚੀ । ਬਸ ! ਫੇਰ ਕੀ ਸੀ ਓਥੇ ਹੀ ਸਭ ਦੀਆਂ ਸਭ ਦਲਾਨ ਵਿਚ ਆ ਗਈਆਂ ਅਰ ਦੇਖਿਆ ਕਿ ਹਨੂਮਾਨ ਅੰਜਨਾ ਦੇਵੀ ਦੇ ਕੋਲ ਫਰਸ਼ ਤੇ ਬਠੇ ਹਨ ਅਰ ਓਹ ਕਹ ਰਹੀ ਹੈ ਕਿ "ਪੁਤ੍ਰ ਇੰਨਾਂ ਭੀ ਭਾਂ ਮਨ ਕਠੋਰ ਨਹੀਂ ਕਰ ਲੈਨਾਂ ਚਾਹੀਦਾ ਕਿ ਛੇ ਮਹੀਨੇ ਤੀਕਰ ਘਰ ਦੀ ਵਾਤ ਸਾਰ ਹੀ ਨਾ ਲੈਨੀ । ਤੁਧੀ ਤਾਂ ਥੋੜੇ ਦਿਨਾਂ ਦੇ ਲਈ ਸੁਗ੍ਰੀਵ ਅਰ ਬਾਲੀ ਦਾ ਨਿਬੇੜਾ ਨਿਬੇੜਨ ਲਈ ਕਹਕੇ ਗਏ ਸੋ"

ਹਨੂਮਾਨ-"ਮਾਤਾ ਜੀ ! ਕੀ ਨਹਾਂ ਪਹਿਲਾਂ ਭਾਂ ਬਾਲੀ ਨਾਲ ਝਗੜਾ ਹੁੰਦਾ ਰਿਹਾ । ਅਛਾ ਆਨੰਦ ! ਮਹਾਰਾਜਾ ਰਾਮਚੰਦ੍ਰ ਦੀ ਕ੍ਰਿਪਾ ਨਾਲ ਉਸ ਦੁਖਦ ਦਾ ਭਾਂ ਪੂਰਬੋਜ ਮੇਟ ਬਧ ਕੀਤਾ ਪੁੰਤ੍ਰੇ

Original with
Language Department Punjab
Digitized by:
Panjab Digital Library

ਮਹਾਰਾਜਾ ਰਾਮਚੰਦ੍ਰ ਜੀ ਦੀ ਬਿਪਤ ਕਹਾਨੀ ਜੋ ਆਪਨੇ ਸੁਨੀ ਹੋਵੇਗੀ ਕੀ ਉਸ ਤੋਂ ਘਟ ਦਰਦ ਭਰੀ ਅਧਿਕ ਜਨਕਭ ਨਹੀਂ ਸੀ ? ਭਲਾ ਆਪ ਹੀ ਨਿਆਓ' ਕਰੋ ਖਾਂ ਐਸੀ ਦਿਖਾ ਵਿਚ ਮੈਨੂੰ ਅਪੇਖਸ਼ਾ ਕਰਨੀ ਉਚਿਤ ਸੀ ?

ਅੰਜਨਾਦੇਵੀ–"ਨਹੀ ਪੁਤ੍ਰ ! ਕਦਾਚਿਤ ਨਹੀਂ !! ਇਹ ਜੀਵਨ ਖਿਨਮਾਤ੍ਰ ਹੈ ਇਸ ਵਿਚ ਓਹ ਦਿਨ ਜੋ ਉਪਕਾਰ ਵਿਚ ਵਿਚ ਲੰਘ ਜਾਏ ਓਹੀ ਅਛਾ ਹੈ ਵਿਸੇਸ਼ ਕਰਕੇ ਪਰਦੇਸੀ ਦੀ ਸਹਾਇਤਾ ਕਰਨੀ ਸਰਬ ਕਰਮਾਂ ਤੋਂ ਸ੍ਰੇਸ਼ਟ ਹੈ ਪ੍ਰੰਤੂ ਇਹ ਕਿ ਓਹ ਸਭਜ ਤੇ ਸਿਥਤ ਹੋਵੇ"

ਪਵਨ–(ਗੱਲ ਟੁੱਕ ਕੇ) ਰਾਵਨ ਨੂੰ ਕੀ ਹੋ ਗਿਆ ਸੀ ਜੋ ਇੰਨਾਂ ਸੜੀਅਲ ਅਰ ਐਨਾਂ ਵਿਭਕ੍ਰ ਹੋ ਗਇਆ ਜੋ ਥੋੜੀ ਜਿਹੀ ਗਲ ਪਿਛੇ ਅਪਨੇ ਸਰਬੰਸ ਦਾ ਨਾਸ਼ ਕਰਾ ਲਇਆ ?

ਹਨੂਮਾਨ–"ਮਹਾਰਾਜਾ ਅਸਾਂ ਲੋਕਾਂ ਨੇ ਕਿੰਨਾ ਸਮਝਾ– ਇਆ ਬਤੇਰਾ ਜਤਨ ਕੀਤਾ ਬਿਨਾਂ ਇਸਦੇ ਮਹਾਰਾਜਾ ਰਾਮਚੰਦ੍ਰ ਜੀ ਨੇ ਅੰਤ ਸਮਯ ਭੀਕਰ ਇਹੀ ਜਤਨ ਕੀਤਾ ਕਿ ਓਹ ਸੀਤਾ ਜੀ ਨੂੰ ਲਿਆ ਕੇ ਅਪਨੀ ਦੁਰਾਚਾਰ ਭੁਲ ਦੀ ਖਿਮਾ ਲਈ ਪ੍ਰਾਰਥਨਾ ਕਰੇ ਤਾਂ ਓਹ ਨੂੰ ਖਿਮਾ ਕੀਤੀ ਜਾਏ ਪ੍ਰੰਤੂ ਥੋਕ ਉਸ ਅਕਲ ਦੇ ਅੰਨੇ ਅਦੂਰਦਰਸ਼ਨੀ ਦੇ ਮਨ ਵਿਚ ਜਰਾ ਸਮਝ ਨਾ ਆਈ । ਜਿਸਦਾ ਫਲ ਇਹ ਹੋਇਆ ਕਿ ਅਸ ਭੂਅਮੰਡਲ ਤੋਂ ਉਸਦਾ ਨਾਮ ਮਾਤ੍ਰ ਸੇਖ ਥਾਕੀ ਨਾਂ ਰਿਹਾ"

ਪਵਨ–"ਹਾਂ ! ਹਾਂ !! ਇਕ ਓਹ ਸਮਾਂ ਸੀ ਕਿ ਜਦ ਵਡੇ ਵਡੇ ਰਾਜੇ ਮਹਾਰਾਜੇ ਇਸਦੇ ਅਗੇ ਸੀਸ ਨਿਵਾਓਂ ਦੇ ਸਨ ਓਹ ਬੜੀ ਅਭਮਾਨਤਾ ਅਰ ਨੇਖ ਦ੍ਰਿਸ਼ਟੀ ਨਾਲਓਨਾਂ ਨੂੰ ਦੇਖਦਾ ਸਾ ਸ਼ੇਰ ! ਜਦ ਤੋ ਇਸ ਅਤਜਾਚਾਰ ਕਾਮ ਨ ਉਸਦੇ ਮਨ ਵਿਚ ਅਪਨਾ ਘਰ ਬਨਾਇਆ ਤਦ ਤੋਂ ਪ੍ਰਤਿਸ਼ਟਾ ਭੰਗ

Original with:
Language Department Punjab
Digitized by:
Panjab Digital Library

ਹੋਨ ਲਗੀ ਅਰ ਦਿਨੋਂ ਦਿਨ ਉਸਦੇ ਰਾਜਜ ਏਸ਼ਰੀ ਵਿਚ ਛਰਕ ਪੈਂਦਾ ਚਲਿਆ ਗਇਆ।"

ਪਾਠਕ ਗਨ! ਜਦ ਤਕ ਰਵਿ ਪ੍ਰਕਾਸ਼ਤ ਨ ਹੋਇਆ ਬਦ ਛੀਕਰ ਇਨਾਂ ਲੋਕਾਂ ਵਿਚ ਇਸੇ ਪ੍ਰਕਾਰ ਗਲਾਂ ਥਾਂਤਾਂ ਹੁੰਦੀਆਂ ਰਹੀਆਂ ॥

(ਸਤਵਿੰਜਵਾਂ ਧਿਆਅ)

ਸਰਬ ਦੇਸ਼ਾਂ ਵਿਚੋਂ ਵਧ ਗਿਆ

॥ ਦੋਹਰਾ ॥

ਪਵਨਸਪੂਤੁ ਸੁ ਬੀਰ ਕਾ ਚਰਚ ਸ੍ਰਬ ਦੇਸ਼ਾਨ।
ਘਰਘਰ ਮੇਂ ਸਭਹੋ ਰਹਾ ਜੋਧੇਅਧਿਕਮਹਾਨ॥

ਹੁਨ ਓਹ ਸਮਾਂ ਹੈ ਕਿ ਹਨੁਮਾਨ ਜੀ ਦੀ ਸੂਰਮਾਈ ਅਰ ਸਵਾਨ ਮਰਦੀ ਦਾ ਚਰਚਾ ਘਰ ਘਰ ਹੋ ਰਿਹਾ ਹੈ। ਉਨਾਂ ਦੀ ਜਗਤ ਉਪਕਾਰੀ ਸਰਬ ਹਿਤ ਕਾਰਤਾ ਧੂੰਮ ਹਿਤੈਸ਼ੀ ਦੀ ਪ੍ਰਸਿਧਤਾ ਸਾਰੇ ਬਾਨਰ ਦੀਪ ਵਿਚ ਫੈਲ ਗਈ। ਭਾਵੇਂ ਪਵਨ ਜੀ ਨੇ ਬਤੇਰਾ ਜਤਨ ਕੀਤਾ ਅਰ ਅਤੀਵ ਕਰਕੇ ਚਾਹਿਆ ਕਿ ਰਾਜਜ ਸਿੰਘਾਸਨ ਦਾ ਭਾਰ ਉਨਾਂ ਦੇ ਹਥ ਦਿਤਾ ਜਾਏ। ਪੰਤੂ ਇਸ ਬਹਾਦਰ ਨੇ ਅਪਨੀ ਜਾਦੂ ਭਰੀ ਪ੍ਰਬਲ ਵਕ੍ਰਿਤਤਾ ਸ਼ਕਤਿ ਸਹਿਤ ਪਵ: ਜੀ ਨੂੰ ਇਸ ਗਲ ਤੇ ਰਾਜੀ ਕਰ ਲਇਆ ਕਿ ਓਹ ਸ੍ਰਤਤ੍ਰਤਾ ਪੂਰਬਕ ਜੀਵਨ ਬਿਤੀਤ ਕਰਨ ਅਰ ਵਿਸ਼ੇਸ਼ ਕਾਰਜ ਵਿਚ ਇਕ ਜਗਾ ਨ ਬਧੇ ਰਹਨ, ਪਾਠਕ ਗਨ। ਬਾਨਰ ਦੀਪ ਦੇਸ਼ ਦਾ ਕਣੀ ਭਾਗ ਭੀ ਅਜਿਹਾ ਨਾ ਹੋਵੇ ਗਾ ਜਿਥੇ ਸ ਤੇ ਬਹਾਦਰ ਦੇ ਛਯ ਦਾ ਸਿਕਾ ਨਾ ਜਮ ਗਇਆ ਹੋਵੇ। ਕਿਸਦੀ ਸਮ੍ਰਥਾ ਜੋ ਕਿਸੇ ਅਬੂਲ ਯਾ ਦੁਰਬਲ ਤੇ ਕੋਈ

Original with:
Language Department Punjab
Digitized by:
Panjab Digital Library

ਅਤਯਾਚਾਰ ਕਰ ਸਕੇ ਯਾ ਕਿਸੇ ਦੀਨ ਨੂੰ ਨਿਜ ਕਾਰਨ ਸਤਾਸਕੇ ।

॥ ਚੌਪਈ ॥

ਸਭ ਰਾਜੇ ਮਹਾਰਾਜੇ ਜਾਨ । ਹੂਏ ਦਾਸ ਅਰ ਆਗਜਾ ਵਾਨ ॥ ਸਰਬ ਦੇਸ਼ ਮੈਂ ਬਹੁ ਸੁਖ ਭਜੋ । ਮਾਨੋ ਸੁਰਗ ਦੀਹਾਂ ਬਨ ਗਜੋ ॥ ਕੋਈ ਪੁਰਸ਼ ਨ ਕਰੇ ਅਚਾਰ ॥ ਪ੍ਰੀਤ ਪ੍ਰੇਮ ਅਰ ਮਾਨ ਪ੍ਰਕਾਰ ॥ ਜਹ ਹੇਰੇ ਤਹ ਅਤਿ ਪ੍ਰਸੰਨ। ਚਿੰਤਾ ਨਾਓਂ ਕਹੀ ਮੰਨ॥

ਜੇਕਰ ਜਰਾ ਭੀ ਕਿਸੇ ਦੇ ਮਨ ਵਿਚ ਅਤਯਾਚਾਰ ਯਾ ਦੁਖ ਕਰਮਕ ਦਾ ਬੀਜ ਉਤਪੰਨ ਹੋਇਆ ਤਤਕਾਲ ਰਾਵਨ ਦੀ ਦੁਰਵਸਥਾ ਦੀ ਚਿਤ੍ਰ ਅਖਾਂ ਅਗੇ ਭਯਾਨਕ ਰੂਪ ਧਾਰਨ ਕਰ ਫਿਰ ਗਈ ਸ਼ੀਰ ਕੰਬ ਉਠਿਆ ਦਿਲ ਘਬਰਾ ਗਿਆ ਅਰ ਸਵਯੰ ਉਸ ਵਿਚਾਰ ਦਾ ਖੰਡਨ ਕਰਨਾਂ ਉਸ ਦੇ ਹਿਰਦੇ ਵਿਚ ਉਤਪੰਨ ਹੋਇਆ

॥ ਦੋਹਰਾ ॥

ਯਦਿ ਮੇਰੇ ਦੁਰਾਚਾਰ ਕੀ ਹੋਵੇ ਖਬਰ
ਕਿਹੀ ਆਨ । ਮੇਰੀ ਭੀ ਹੋਵੇ ਦਿਸ਼ਾ
ਲੰਕਾ ਪਤਿ ਸਮਾਨ ॥

ਭਾਵ ਇਹ ਹੈ ਕਿ ਸਾਡੇ ਉਪਨਯਾਸ ਦੇ ਹੀਰੋ ਦੇ ਸਮਯ ਵਿਚ ਬਾਰਦੀਪ ਦਾ ਸਰਬ ਬੇਸ਼ ਸਮਸਤ ਦਖਨੀ ਦੇਸ਼ਾਂ ਤੋਂ ਭੀ

Original with:
Language Department Punjab
Digitized by:
Panjab Digital Library

ਵਧ ਗਇਆ ਅਰ ਸਰਬ ਪਰਜਾ ਆਨੰਦ ਪੂਰਬਕ ਜੀਵਨ ਬਿਤੀਤ ਕਰ ਨਿਵਾਸ ਕਰਨ ਲਗੀ ॥

॥ ਦੋਹਰਾ ॥

ਸੁਖੀ ਦੇਸ਼ ਅਤਿ ਕਰ ਭਯੋ ਸ੍ਵਰਗਾ ਪੁਰੀ ਸਮਾਨ । ਪ੍ਰੀਤ ਪ੍ਰੇਮ ਅਰ ਸੁੰਦ੍ਰਤਾ ਸੁਖ ਸੰਭੋਗ ਕਰ ਮਾਨ ॥

॥ ਚੌਪਈ ॥

ਦਖਨੀ ਭਾਰਤ ਕੋ ਸੁਖ ਜਾਨ ॥
ਗਜਾਨ ਛਤ੍ ਤਹਿੰ ਝੂਲਤ ਆਨ ॥
ਗ੍ਰਹ ਗ੍ਰਹ ਕੌਤਕ ਕੋਟ ਅਨੂਪਾ ॥
ਬਾਗ ਤੜਾਗ ਸਲਲ ਕ੍ਰਰ ਕੂਪਾ ॥

ਪਾਠਕ ਗਨ ! ਦਖਨੀ ਭਾਰਤ ਦੀ ਤਾਂ ਇਹ ਦਿਸਾ ਸੀ ਅਰ ਉਤ੍ਰੀ ਭਾਰਤ ਵਿਚ ਮਹਾਰਾਜਾ ਰਾਮਚੰਦ੍ ਜੀ ਦੇ ਨਾਓਂ ਦਾ ਡੰਕਾ ਵਜ ਰਿਹਾ ਸੀ ਸਾਰ ਇਹ ਹੈ ਕਿ ਇਸ ਵੇਲੇ ਭਾਰਤ ਵਰਖ ਦੀ ਭਾਗਯਤਾ ਦਾ ਨਛਤ੍ ਪੂਰਨ ਰੂਪ ਸਹਿਤ ਮੂਰਜ ਸਮਾਨ ਪ੍ਰਕਾਸ਼ ਚਮਕ ਦਮਕ ਰਿਹਾ ਸੀ ਵੇਦ ਅਰ ਸ਼ਾਸਤ੍ਰਾਂ ਦੀ ਮ੍ਰਯਾਦਾ ਘਰ ੨ ਵਿਚ ਪ੍ਰਚਲਤ ਸੀ ਯਥਾ:—

॥ ਸ੍ਰੈਯਾ ॥

ਪੰਡਤ ਪੁੰਜ ਪੁਰਾਨ ਪੜੈ ਕਿਤ ਸੰਤ ਸੁਨੈ ਮਨ ਮੋਦ ਬਡ਼ਾਈ । ਗਾਵਤ ਹੈ ਕਿਤ ਗੀਤ

Original with:
Language Department Punjab
Digitized by:
Panjab Digital Library

ਸੁ ਗਾਇਕ ਨਾਇਕ ਬੀਰ ਸੁਨੈ ਚਿਤ ਲਾਈ ॥ ਹੋਵਤ ਹੈ ਕਿਤ ਕੋਟਕ ਕੌਤਕ ਬੀਰ ਕਰੈ ਗੁਨ ਆਯੁਧ ਰਾਈ । ਪਵਨ ਸੁਪੂਤ ਪੁਰੀ ਯੌ ਨਿਹਾਰ ਸੁ ਜਹਨ ਅਤਿ ਮਨ ਕਰ ਸੁਖਦਾਈ ॥

ਪਾਠਕ ਗਨ ! ਕਿਸੇ ਦੇ ਵਿਚਾਰ ਵਿਚ ਭੀ ਨਾ ਸੀ ਕਿ ਇਕ ਓਹ ਭੀ ਸਮਯ ਭਾਰਤ ਵਾਸੀਆਂ ਦੇ ਕਰਮਾਂ ਵਿਚ ਹੋਵੇਗਾ ਜਦ ਕਿ ਇਸ ਸਮਯ ਦੀ ਪ੍ਰਤਿਸ਼ਠਾ, ਬੀਰਤਾ ਅਤ ਸੂਰਮਤਾਈ ਨੂੰ ਸੁਨਕੇ ਅਨਯ ਦੇਸ਼ ਨਿਵਾਸੀ ਈਰਖਾ ਨਾਲ ਉਨਾਂ ਨੂੰ ਝੂਠੀ ਮਨ ਘੜਤ ਕਲਪਤ ਮੰਨਨਗੇ। ਅਰ ਭਾਰਤ ਵਾਸ਼ੀ ਧਰਮਨੂੰ ਅਧਰਮ ਤੇ ਅਧਰਮ ਨੂੰ ਧਰਮ ਮੰਨਨਗੇ। ਪਾਠਕ ਗਨ ! ਦੇਖੀਏ ਇਹ ਓਹੀ ਸੁਭਾਗਯ ਦਾ ਸਮਯ ਸੀ ਕਿ ਜਿਸ ਵਿਚ ਬਾਗ ਸੰਸਾਰ ਦੇ ਮਾਲੀ ਨੂੰ ਭੀ ਇਸ ਦੇਸ਼ ਵਿਚ ਅਜਿਹੇ ਬੂਟੇ ਲਾਓਨੇ ਸ੍ਵੀਕਾਰ ਹੋਏ ਜਿਨਾਂ ਦੇ ਫੁਲਾਂ ਦੀ ਸੁਗੰਧਿਤਾ ਤੋਂ ਅਜ ਲਖਾਂ ਵਰੇ ਬਿਤੀਤ ਹੋ ਜਾਨੇ ਤੇ ਭੀ ਭਾਰਤ ਵਰਖ ਮਹਕ ਰਿਹਾ ਹੈ ਅਰ ਉਨਾਂ ਫੁਲਾਂ ਦਾ ਵਿਚਾਰ ਕਰਨੇ ਤੇ ਸੇਵਤੀ ਦੇ ਸੁਗੰਧਿਤ ਪੁਸ਼ਪਾਂ ਦੀ ਗੰਧਿ ਦੇ ਸਮਾਨ ਆਤਮਾ ਨੂੰ ਪ੍ਰਸੰਨਤਾ ਪ੍ਰਾਪਤ ਹੋ ਜਾਂਦੀ ਹੈ ਉਪ੍ਰੋਕਤ ਲੇਖਕ ਫੁਲਾਂ ਨਾਲ ਜੋ ਸਾਡਾ ਤਾਤਪ੍ਰਯ ਹੈ ਓਹ ਸਾਡੇ ਪ੍ਰਾਚੀਨ ਰਿਸ਼ੀ, ਮੁਨੀ, ਸ਼ੂਰਬੀਰ ਅਰ ਮਹਾਤਮਾ ਲੋਗ ਹਨ ਜਿਨਾਂ ਨੇ ਸਾਡੀ ਮਾਰਜ ਦ੍ਰਿਸ਼੍ਟਤਾ ਅਰਥ ਇਕ ਤੋਂ ਇਕ ਵਧਕੇ ਕੰਮ ਕੀਤਾ ਅਰ ਆਪ ਲਖਯ ਬਨਕੇ ਦਿਖਾਯਾ ਤਾਂ ਪਿਆਰੇ ਭਾਈਓ ! ਸਾਡੀ ਕਲਮ ਦੀ ਕੀ ਸ਼ਕਤਿ ਹੈ ਕਿ ਅਸੀਂ ਉਨਾਂ ਫੁਲਾਂ ਦੀ ਮੁਰਝਾਈ ਹੋਈ ਮੂਰਤੀ ਆਪਨੂੰ ਯਥਾਵਤ ਰੂਪ ਵਿਚ ਦਿਖਾਨ ਦਾ ਜਤਨ ਕਰੀਏ ਅਰ ਨਾਂ ਹੀ ਅਸੀਂ ਇਸ ਗਲ ਦੇ ਕਹਨ ਦੀ ਸਮ੍ਰਥਾ ਰਖਨੇ ਹਾਂ ਕਿ ਓਹ ਪ੍ਰਕ੍ਰਿਤੀ ਨਿਯਮਾਂ ਨੂੰ ਜੋ ਹਸਤਾ ਖੇਪ ਤੋਂ ਬਾਹਰ

Original with:
Language Department Punjab
Digitized by:
Panjab Digital Library

ਸਨ ਨਹੀਂ ! ਕਦਾਚਿਤ ਨਹੀਂ !! ਓਹ ਭੀ ਇਸੇ ਪ੍ਰਕਾਰ ਪ੍ਰਕ੍ਰਿਤੀ ਨਿਯਮ ਬਧ ਸਨ ਜਿਸ ਪ੍ਰਕਾਰ ਅਸੀਂ ਤੁਸੀ ਹਾਂ । ਜੇਕਰ ਕੁਝ ਫਰਕ ਹੈ ਭਾਂ ਇਹ ਕਿ ਅਸੀਂ ਸ੍ਵਾਰਥੀ ਆਤਮ ਸ਼ਲਾਘੀ ਅਰ ਲੋਭੀ ਹਾਂ ਅਰ ਓਹ ਇਨਾਂ ਗਲਾਂ ਤੇ ਰਹਿਤ ਸਨ । ਅਤ ਇਹੀ ਕਾਰਨ ਹੈ ਕਿ ਅਜ ਲਖਾਂ ਵਰੇ ਬਿਤੀਤ ਹੋ ਜਾਨੇ ਤੇ ਭੀ ਭਾਰਤ ਵਾਸ਼ੀਆਂ ਨੂੰ ਇਨਾਂ ਦੇ ਨਾਉਂ ਨਾਲ ਅਪਨੇ ਪ੍ਰਿਆ ਬੰਧੂ ਵਰਗ ਤੋਂ ਭੀ ਅਧਿਕ ਪ੍ਰੇਮ ਹੈ ਉਨਾਂ ਦੇ ਜੀਵਨ ਬ੍ਰਿਤਾਂਤ ਸੁਨਕੇ ਰੁਧਰ ਖੌਲ ਪ੍ਰਵਿਰਤ ਹੋ ਜਾਂਦੇ ਹਨ ਭਾਂ ਆਪ ਹੀ ਕਹੀਏ ਕਿ ਇਹ ਦਾਸ ਕਿਸ ਪ੍ਰਕਾਰ ਉਨਾਂ ਦੇ ਅੰਤ ਸਮਜ ਦੀ ਚਿੜ੍ਹ ਖਿਚ ਸਕਦਾ ਹੈ ਜਿਨਾਂ ਦੀਆਂ ਪਵਿਤ੍ਰ ਆਤਮਾ ਅਜ ਭਕ ਸਾਡੇ ਮੁਰਝਾਏ ਹੋਏ ਦਿਲਾਂ ਨੂੰ ਧੀਰਜ ਦ ਨਿਸ਼ੁਧ ਕਰਾਂਦੀਆਂ ਹਨ ਕਿ ਭਾਰਤ ਵਰਸ਼ ਸਮਸਤ ਦੇਸਾਂ ਤੇ ਵਡਿਆਈ ਪਾਉਂਦਾ ਅਰ ਸਭ ਤੋਂ ਅਧਿਕ ਅਗ੍ਰਗਣਯ ਸਾ । ਅਰ ਹੁਨ ਭੀ ਰਹ 'ਸਕਦਾ ਹੈ ਜੇਕਰ ਅਸੀਂ ਉਨਾ ਰਿਖੀਆਂ ਅਰ ਮੁਨੀਆਂ ਦੇ ਸਚੇ ਅਨੁਆਈ ਬਨੀਏ । ਉਨਾਂ ਸ਼ੂਰਬੀਰਾਂ ਦੇ ਕਰਤਵਯਾਂ ਭਾਂ ਆਚਰਨ ਕਰੀਏ ਜਿਹਾ ਕਿ ਦੇਖੀਏ ! ਸਾਡੇ ਬਹਾਦਰ ਉਪਨਜਾਸ ਦਾ ਹੀਰੋ ਬਹਾਦਰ ਹਨੂਮਾਨ * ਭਾਵੇਂ ਇਸ ਵੇਲੇ ਬ੍ਰਿਧ ਪ੍ਰਤੀਤ ਹੁੰਦਾ ਹੈ ਤਥਾਪੀ ਇਸਦੇ ਪ੍ਰਤਾਪ ਅਰ ਮੁਖਜ ਸ਼ੋਭਾ ਵਿਚ ਕੋਈ ਅਜਿਹੀ ਪਰਿ ਵ੍ਰਤਨਾ ਨਹੀਂ ਹੋਈ ਉਸਦਾ ਚਿਹਰਾ ਉਸੇ ਭਰਾਂ ਕੁੰਨਨ ਦੀ ਨਿਆਈਂ ਚਮਕ ਦਮਕ ਰਿਹਾ ਹੈ ਦੇਖੀਏ ! ਕਿਸ ਪ੍ਰਕਾਰ ਛਾਤੀ ਤਾਨੇ ਬ੍ਰਿਧ

---

* ਨਾਂ ਜਾਨੀਏ ਕਈ ਇਕ ਪਾਠਕ ਬ੍ਰਿੰਦ੍ਰ ਸੰਸ਼ਾ ਕਰਨ ਕਿ ਅਸਾਂ ਨੇ ਹਨੂਮਾਨ ਜੀ ਦੀ ਸੰਤਾਨ ਦੀ ਵਿਅਸਥਾ ਨਹੀਂ ਕਹੀ ਉਨਾਂ ਦੀ ਸੰਤਾਨ ਵਾਸਤਵ ਵਿਚ ਸੀ ਪ੍ਰੰਤੂ ਇਸ ਦੀ ਸੰਖੇਪ ਵਰਨਨ ਕਰਨ ਲਈ ਹੋਰ ਭੀ ਵੇਲੇ ਦੀ ਲੋੜ ਹੈ ਅਰ ਇਹ ਭੀ ਕਿ ਓਹ ਕੋਈ ਅਜਿਹੀ ਪ੍ਰਸਿਧ ਨਹੀਂ ਹਨ ਇਸ ਲਈ ਅਸਾਂ ਨੇ ਭੀ ਉਸਦੇ ਕੋਈ ਖ਼ਾਸ ਵਰਨਨ ਤੋਂ ਪ੍ਰਗਟ ਨਹੀਂ ਕੀਤਾ ਅਰ ਪਾਠਕ ਗਨਾਂ ਦਾ ਸਮਯ ਲੈਨਾਂ ਠੀਕ ਨਹੀਂ ਸਮਝਿਆ ॥

Original with:
Language Department Punjab
Digitized by:
Panjab Digital Library

ਸੈਨਾਪਤਿ ਧੁੰਦ ਬੀਰ ਨਾਲ ਖੜੋਤਾ ਮੁਸਕੜਾਓਂਦਾ ਹੋਇਆ ਗਲਾਂ ਕਰ ਰਿਹਾ ਹੈ। ਇਕ ਹਥ ਨਾਲ ਸ਼ਤ੍ਰੂ ਹਿਰਦਯ ਵਿਦਾਰਕ ਗੁਰਜ ਨੂੰ ਲਈ ਹੋਏ ਹਿਲਾ ਰਿਹਾ ਹੈ ਅਰ ਦੂਸ੍ਰੇ ਨਾਲ ਮੁਛਾਂ ਨੂੰ ਤਾਉ ਦਈ ਜਾਂਦਾ ਹੈ ਜਿਸ ਨੂੰ ਦੇਖਕੇ ਸਾਡਾ ਹੌਸਲਾ ਭੀ ਨਹੀਂ ਪੈਂਦਾ ਕਿ ਇਨਾਂ ਗੁਪਤ ਗਲਾਂ ਦੇ ਭਾਗੀ ਹੋ ਕਿੰਚਤ ਮੁੰਹ ਖੋਲੀਏ ਇਸ ਲਈ ਦੂਰੋਂ ਹੀ ਪ੍ਰਨਾਮ ਕਰਦੇ ਹੋਏ ਆਗਜਾ ਮੰਗਦੇ ਹਾਂ ਅਰ ਅਪਨੇ ਪਰਮਵਾਨ ਪਾਠਕ ਜਨਾਂ ਨੂੰ ਵਿਨਜ ਪੂਰਬਿਕ ਪ੍ਰਾਰਥਨਾ ਕਰਦੇ ਹਾਂ ਕਿ ਜੇਕਰ ਕੋਈ ਭਲ ਇਸ ਤੁਛ ਬੁਧੀ ਕਵਿਤਾ ਦੀ ਨਸ੍ਵਰ ਪੈਜਾਏ ਤਾਂ ਦਾਸਨੂੰ ਸੂਚਿਤ ਕਰ ਅਨੁਗ੍ਰਹ ਕਰ ਦੇਨ ਜਿਸਤੇ ਦੂਜੀ ਵਾਰ ਛਪਨ ਤੇ ਸੁਧ ਕਰ ਦਿਤੀ ਜਾਏ ॥

॥ ਸਮਾਪਤਿ ॥

ਪਿਆਰੇ ਪਾਠਕ ਗਨ ! ਦਾਸ ਨੇ (ਜਿਥੋਂ ਤਕ ਇਸ ਦੀ ਤੁਛ ਬੁਧਿ ਨੇ ਸਹਾਇਤਾ ਕੀਤੀ ਯਾ ਬਾਲਮੀਕ ਜੀ ਦੀ ਪਵਿਤ੍ਰ ਕਵਿਤਾ ਨੇ ਸਹਾਇਤਾ ਕੀਤੀ ਹੈ) ਹਨੂਮਾਨ ਜੀਦੇ ਜੀਵਨ ਚਰਿਤ੍ਰ ਅਰ ਯੁਧ ਲੰਕਾ ਦੀ ਚਿਤ੍ਰ ਖਿਚ ਆਪ ਲੋਕਾਂ ਦੀ ਭੇਟ ਕੀਤੀ। ਹੁਨ ਨਿਆਓਂ ਆਪਦੇ ਹਥ ਹੈ ਯਾ ਤਾਂ ਅਧੁਨਿਕ ਪ੍ਰਚਲਿਤ ਰਾਮਾਇਨ ਦੇ ਆਸੁਧ ਹੋਨਦਾ ਦੋਖ ਵਰਨਨ ਕੀਜੀਏ ! ਕਿ ਇਕ ਪ੍ਰੇਮੀ ਦਾਸਨੇ ਇਕ ਪ੍ਰਾਚੀਨ ਬਹੁਮੂਲ ਰਤਨ ਨੂੰ ਸਾਫ ਕਰਕੇ ਮਿਟੀ ਵਿਚੋਂ ਕਢ ਆਪਦੇ ਪਵਿਤ੍ਰ ਹਥਾਂ ਤਕ ਅਰਪਨ ਕੀਤਾ ਜਿਸਦਾ ਤਾਤਪ੍ਰਯ ਹਨੂਮਾਨ ਜੀ ਦਾ ਜੀਵਨ ਚਰਿਤ੍ਰ ਹੈ ॥

ਆਪ ਦਾ ਦਾਸ

ਠਾਕਰ ਸੁਖਰਾਮ ਦਾਸ, ਚੋਹਾਨ

ਲਾਹੌਰ ॥

Original with:
Language Department Punjab
Digitized by:
Panjab Digital Library

(ਈਸ਼ੂਰ ਦਾ ਧੰਨਜਵਾਦ)

ਹਜ਼ਾਰ ਹਜ਼ਾਰ ਧਨਜਵਾਦ ਹੈ ਉਸ ਪਾਰ ਬ੍ਰਹਮ ਪ੍ਰਮਤਾਮਾ ਦਾ ਜਿਸ ਦੀ ਕ੍ਰਿਪਾ ਨਾਲ ਅਜ ਮੇਰੀ ਓਹ ਪ੍ਰਤਗਜਾ ਜੋ ਦੁਸੈਹਰਿਓਂ ਦੇ ਦਿਨ ਪਿੱਛੇ ਅਕਤੂਬਰ ੧੯੦੩ ਨੂੰ ਇਸ ਪੁਸਤਕ ਦਾ ਪੰਜਾਬੀ ਭਾਖਾ ਵਿੱਚ ਉਲਟ ਕਰਨੇ ਲਈ ਸ਼੍ਰੀਮਾਨ ਮਹਾਰਾਜਾ ਅਧਿਰਾਜ ਨਾਭਾ ਨਰੇਸ਼ ਦੇ ਸਨਮੁਖ ਕੀਤੀ ਸੀ ਪੂਰਨ ਹੋਈ ਹੈ ॥

ਠਾਕਰ ਸੁਖਰਾਮ ਦਾਸ ਦੌਹਾਨ,

ਲਾਹੌਰ ॥

੨੦ ਅਗਸਤ ੧੯੧੫

Original with:
Language Department Punjab
Digitized by:
Panjab Digital Library

Original with:
Language Department Punjab
Digitized by:
Panjab Digital Library

Original with:
Language Department Punjab
Digitized by:
Panjab Digital Library

Original with:
Language Department Punjab
Digitized by:
Panjab Digital Library



Digitized by
Punjab Digital Library, Department of Punjab
Digitized by
Panjab Digital Library